# ਧਰਤ ਪੁਆਧ

(ਪਰਾਗਾ ਦੂਜਾ)




ਸੰਪਾਦਕ : ਮਨਮੋਹਨ ਸਿੰਘ ਦਾਊਂ

# ਧਰਤ ਪ੍ਰਆਧ

(ਪਰਾਗਾ ਦੂਜਾ)

(ਖੋਜ ਪੁਸਤਕ)

ਸੰਪਾਦਕ : ਮਨਮੋਹਨ ਸਿੰਘ ਦਾਊਂ

ਪੰਜ ਨਦ ਪ੍ਰਕਾਸ਼ਨ
ਲਾਂਬੜਾ - ਜਲੰਧਰ (ਪੰਜਾਬ)

**Dharat Puadh** (A Research Book)
**Vol. II**
(Discriptive Fiction)

Edited By:
**MANMOHAN SINGH DAON**
# 280, Phase-6, S.A.S. Nagar- Mohali (Pb.)-160055
M: 9815123900

@Author
Edition-2016

Price : Rs. 400/-
10 £ (U.K)
20 $ ( U.S.A)

© ਪ੍ਰਕਾਸ਼ਨ ਦੇ ਸਭ ਹੱਕ ਰਾਖਵੇਂ ਹਨ।

ਡਾ. ਨਿਰਮਲ ਸਿੰਘ ਲਾਂਬੜਾ
ਸੇਵਾਦਾਰ : ਪੰਜਾਬੀ ਸੱਥ ਲਾਂਬੜਾ ( ਜਲੰਧਰ )
ਪ੍ਰਕਾਸ਼ਕ : ਪੰਜ ਨਦ ਪ੍ਰਕਾਸ਼ਨ, ਲਾਂਬੜਾ (ਜਲੰਧਰ) -144026
ਫ਼ੋਨ : 0181-2791036

ਮੋਤਾ ਸਿੰਘ ਸਰਾਏ
ਸੰਚਾਲਕ
ਯੂਰਪੀ ਪੰਜਾਬੀ ਸੱਥ ਵਾਲਸਾਲ (ਯੂ.ਕੇ)
Mota Singh Sarai
11 Queens Road, Wallsall West Midlands
WSS 3 NF U.K.

ਪ੍ਰਿੰ. ਕੁਲਵਿੰਦਰ ਸਿੰਘ ਸਰਾਏ
ਮੰਜਕੀ ਪੰਜਾਬੀ ਸੱਥ, ਭੰਗਾਲਾ
ਜਲੰਧਰ, ਪੰਜਾਬ-144033
Mobile : 9814160642

ਸਰਵਰਕ: ਦਰਿਆ ਸਤਲੁਜ ਦੇ ਖੱਬੇ ਕੰਢੇ 31 ਅਕਤੂਬਰ, 1831 ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਵਿਚਕਾਰ ਹੋਈ ਸੰਧੀ ਵਾਲੀ ਥਾਂ 'ਸ਼ਾਹੀ ਮੁਲਾਕਾਤ' (ਯਾਦਗਾਰੀ ਸਮਾਰਕ ਰੂਪਨਗਰ)

**Printed by :** Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com

# ਸਮਰਪਣ

ਬਾਬੇ ਨਾਨਕ ਦੇ ਬ੍ਰਹਿਮੰਡੀ

ਮਾਨਵ-ਕਲਿਆਣਕਾਰੀ

ਗੁਰਮਤਿ-ਦਰਸ਼ਨ

ਨੂੰ!

## ਮਨਮੋਹਨ ਸਿੰਘ ਦਾਊਂ ਦੀਆਂ ਕਾਵਿ-ਪੁਸਤਕਾਂ:

1. ਖ਼ਾਮੋਸ਼ ਚਸ਼ਮਾ (1971)
2. ਦਰਦ ਸੰਗ ਦੋਸਤੀ (1975)
3. ਮਿੱਟੀ ਦਾ ਰੁਦਨ (1986)
4. ਰਾਤਾਂ ਪ੍ਰਭਾਤਾਂ (1988)
5. ਅਗੰਮ ਅਗੋਚਰ (2003)
6. ਸ਼ਾਇਰੀ ਦਾ ਸਰਵਰ (2007)
7. ਸ਼ਾਇਰੀ ਸਾਗਰ (ਇਨਾਮੀ) (2011)
8. ਉਦਾਸੀਆਂ ਦਾ ਬੂਹਾ-ਸੁਲਖਣੀ (2014)
9. ਪੰਛੀ ਬਿਰਖ ਸੁਹਾਵੜਾ (2016)

## ਵਾਰਤਕ-ਪੁਸਤਕਾਂ

1. ਸਭਿਆਚਾਰਕ ਮੁਹਾਂਦਰੇ (ਇਨਾਮੀ)
2. ਬਾਲ ਝਰੋਖਾ (ਇਨਾਮੀ)
3. ਜ਼ਿੰਦਗੀ ਦਾ ਸੱਚ
4. ਚਾਚਾ ਨਹਿਰੂ
5. ਪੰਜਾਬ ਦਾ ਸੁਪਨ ਸਾਜ਼ - ਡਾ. ਐਮ.ਐਸ. ਰੰਧਾਵਾ
6. ਰੁੱਖਾਂ ਨਾਲ ਦੋਸਤੀ

## ਪੁਆਧ ਬਾਰੇ ਸੰਪਾਦਨਾ ਤੇ ਖੋਜ-ਕਾਰਜ

1. ਪੁਆਧ ਦਰਪਣ (ਸੰਪਾਦਨਾ)
2. ਮੇਰਾ ਪੁਆਧ (ਸੰਪਾਦਨਾ)
3. ਕਥਾ ਪੁਰਾਤਨ ਪੁਆਧ ਕੀ (ਸੰਪਾਦਨਾ)
4. ਚੰਡੀਗੜ੍ਹ ਲੋਪ ਕੀਤੇ - ਪੁਆਧੀ ਪਿੰਡ (ਖੋਜ ਪੁਸਤਕ)

## ਬਾਲ-ਸਾਹਿਤ

ਲਗਪਗ ਤਿੰਨ ਦਰਜਨ ਬਾਲ-ਸਾਹਿਤ ਪੁਸਤਕਾਂ

# ਧਰਤ ਪੁਆਧ (ਪਰਾਗਾ ਦੂਜਾ) ਤਿਆਰ ਕਰਦਿਆਂ

'ਪੁਆਧ ਦਰਪਣ' ਪੁਸਤਕ ਦੀ ਸੰਪਾਦਨਾ 2006 ਈ. 'ਚ ਕਰਨ ਨਾਲ ਪੁਆਧ ਖੇਤਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਹੁੰਗਾਰੇ ਨੇ ਮੈਨੂੰ ਹੋਰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ। ਲੇਖਕਾਂ, ਸਾਹਿਤਕਾਰਾਂ, ਵਿਦਵਾਨਾਂ, ਇਤਿਹਾਸਕਾਰਾਂ, ਖੋਜੀਆਂ ਤੇ ਆਮ-ਪਾਠਕਾਂ ਨੇ ਇਸ ਪੁਸਤਕ ਨੂੰ ਪਸੰਦ ਕੀਤਾ ਤੇ ਸਾਰੀਆਂ ਦੀਆਂ ਸਾਰੀਆਂ ਕਾਪੀਆਂ ਮੁੱਕ ਗਈਆਂ। ਦੂਜੀ ਐਡੀਸ਼ਨ ਲਈ ਕੋਈ ਮੌਕਾ-ਮੇਲ ਨਾ ਜੁੜਿਆ। ਕਾਲਜਾਂ, ਸਕੂਲਾਂ ਤੇ ਯੂਨੀਵਰਸਿਟੀਆਂ ਵਿੱਚ ਇਸ ਪੁਸਤਕ ਦੀ ਮੰਗ ਵਧਦੀ ਗਈ। ਐਮ.ਫਿਲ. ਅਤੇ ਪੀ.ਐਚ. ਡੀ. ਕਾਰਜਾਂ ਲਈ ਇਸ ਦਾ ਜ਼ਿਕਰ ਹੋਣ ਲੱਗਿਆ। ਦੂਜੇ ਪਾਸੇ ਪਰਾਗਾ ਦੂਜਾ ਤਿਆਰ ਕਰਨ ਦੀ ਇੱਛਾ ਹੋਰ ਵੀ ਪ੍ਰਬਲ ਹੋ ਗਈ। ਦੂਜੇ ਪਰਾਗੇ ਲਈ ਮੇਰਾ ਲੇਖਕਾਂ/ਖੋਜੀਆਂ ਨੂੰ ਖੁੱਲ੍ਹਾ ਸੱਦਾ ਸੀ ਕਿ ਜੋ ਵੀ ਕੋਈ ਪੁਆਧ ਖਿੱਤੇ ਬਾਰੇ ਜੋ ਕੁਝ ਵੀ ਲਿਖਣਾ ਚਾਹੁੰਦਾ ਹੈ, ਉਹ ਸਮੱਗਰੀ ਮੈਨੂੰ ਲਿਖ ਭੇਜੇ। ਇੱਕੜ-ਦੁੱਕੜ ਰਚਨਾਵਾਂ ਤੋਂ ਬਿਨਾਂ ਕੋਈ ਰਚਨਾ ਪ੍ਰਾਪਤ ਨਾ ਹੋ ਸਕੀ। ਕੁਝ ਇੱਕ ਰਚਨਾਵਾਂ ਕਹਿ ਕੇ ਲਿਖਵਾਈਆਂ। ਬਾਕੀ ਸਮੱਗਰੀ ਮੈਂ ਆਪਣੇ ਨਿੱਜੀ-ਸਾਧਨਾਂ, ਵਸੀਲਿਆਂ ਤੇ ਸ੍ਰੋਤਾਂ ਤੋਂ ਪ੍ਰਾਪਤ ਕਰਨ ਵਿੱਚ ਜੁਟਿਆ ਰਿਹਾ। ਇਨ੍ਹਾਂ ਦਸ ਸਾਲਾਂ ਦੇ ਦੌਰਾਨ ਪੁਆਧ ਦੇ ਰਹਿੰਦੇ ਮਹੱਤਵਪੂਰਨ ਪੱਖਾਂ ਬਾਰੇ ਜੋ ਵਿਸ਼ਾ-ਵਸਤੂ ਮੈਂ ਸੰਗ੍ਰਹਿ ਕਰ ਸਕਿਆ ਹਾਂ ਉਸ ਨੂੰ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਕੋਈ ਵੀ ਪੱਖ ਮੁਕੰਮਲ ਨਹੀਂ ਕਿਹਾ ਜਾ ਸਕਦਾ। ਮੈਂ ਤਾਂ ਅਤੀਤ ਦੀਆਂ ਗੁੰਮ-ਗੁਆਚ ਰਹੀਆਂ ਵਿਰਾਸਤੀ ਤੇ ਪੁਸ਼ਤੈਨੀ ਪੈੜਾਂ ਨੂੰ ਸੰਗ੍ਰਹਿਣ ਦਾ ਨਿਗੂਣਾ ਜਿਹਾ ਜਤਨ ਕੀਤਾ ਹੈ। ਭਵਿੱਖ ਵਿੱਚ ਅਗਲੇ ਪਰਾਗੇ ਲਈ ਜਤਨ ਜਾਰੀ ਰਹਿਣਗੇ ਤਾਂ ਜੋ ਪੁਆਧ ਦੇ ਵਿਸ਼ਾਲ ਖੇਤਰ ਦੇ ਅਮੀਰ ਵਿਰਸੇ ਦੀ ਵੰਨ-ਸਵੰਨਤਾ ਨੂੰ ਕਿਵੇਂ ਨਾ ਕਿਵੇਂ ਸਾਂਭਿਆ ਜਾ ਸਕੇ। ਪੁਸਤਕ ਦੀ ਤਰਤੀਬ ਨੂੰ ਜਾਨਣ ਲਈ ਅਧਿਆਇ-ਵੰਡ 'ਤੇ ਨਜ਼ਰ ਮਾਰਨੀ ਜ਼ਰੂਰੀ ਹੈ:

ਅਧਿਆਇ ਪਹਿਲਾ: ਇਸ ਭਾਗ ਵਿੱਚ ਪੁਆਧ ਦੇ ਭੂਗੋਲਿਕ ਖੇਤਰ ਦੇ ਪਸਾਰ, ਭਾਸ਼ਾ, ਸਭਿਆਚਾਰ, ਆਂਚਲਿਕਤਾ, ਆਰਥਿਕਤਾ ਤੇ ਸਮਾਜਿਕਤਾ ਦੇ ਪਹਿਲੂਆਂ ਬਾਰੇ ਖੋਜ ਵਿਧੀ ਰਾਹੀਂ-ਘੋਖਣ ਦੀ ਕੋਸ਼ਿਸ਼ ਕੀਤੀ ਗਈ ਹੈ।

ਅਧਿਆਇ ਦੂਜਾ: ਪੁਆਧ ਦੇ ਦਰਿਆਵਾਂ, ਨਦੀਆਂ ਤੇ ਚੋਆਂ ਦੇ ਪੁਰਾਤਨ ਇਤਿਹਾਸਕ ਸਬੰਧਾਂ ਤੇ ਕੁਦਰਤੀ ਤਬਦੀਲੀਆਂ ਦਾ ਵਿਵਰਣ ਹੈ।

ਅਧਿਆਇ ਤੀਜਾ: ਤਲਵੰਡੀ ਤੋਂ ਅਨੰਦਪੁਰ ਸਾਹਿਬ ਦੇ ਗੁਰਮਤਿ ਸਿਧਾਂਤ ਦੇ ਚਿੰਤਨ ਦੀ ਸਿਖਰ ਦਾ ਬਿਰਤਾਂਤ ਹੈ ਅਤੇ ਪੁਆਧ ਦੀ ਧਰਤੀ 'ਤੇ ਵਾਪਰੀਆਂ ਲਾਸਾਨੀ-ਸ਼ਹਾਦਤਾਂ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ।

ਅਧਿਆਇ ਚੌਥਾ: ਪੁਆਧ ਖੇਤਰ ਦੇ ਲੋਕ-ਮੇਲਿਆਂ ਦੀ ਵੰਨ-ਸਵੰਨਤਾ, ਲੋਕ-ਰੰਗ ਤੇ ਲੋਕ-ਵਿਸ਼ਵਾਸ ਨੂੰ ਅਭੀਵਿਕਅਤ ਕੀਤਾ ਗਿਆ ਹੈ। ਕੇਵਲ 10 ਮੇਲਿਆਂ ਬਾਰੇ ਹੀ ਸਾਡੇ ਕੋਲ ਜਾਣਕਾਰੀ ਪ੍ਰਾਪਤ ਹੋ ਸਕੀ ਹੈ ਬਾਕੀ ਮੇਲਿਆਂ ਬਾਰੇ ਅਗਲੇ ਪਰਾਗੇ ਵਿੱਚ ਸਭਿਆਚਾਰਕ ਜਾਣਕਾਰੀ ਦੇਣ ਦੀ ਸਾਡੀ ਕੋਸ਼ਿਸ਼ ਹੋਵੇਗੀ।

ਅਧਿਆਇ ਪੰਜਵਾਂ: ਹਿੰਦੁਸਤਾਨ ਦੀ ਆਜ਼ਾਦੀ ਲਈ ਗਦਰੀ ਬਾਬਿਆਂ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ ਅਤੇ ਭਾਰਤ ਦੀ ਸੁਤੰਤਰਤਾ ਲਈ ਪੰਜਾਬੀਆਂ ਦੀ ਕੁਰਬਾਨੀ ਅਦੁੱਤੀ ਹੈ। ਪੁਆਧ ਖੇਤਰ ਦੇ ਤਿੰਨ ਗਦਰੀ ਤੇ ਸੁਤੰਤਰਤਾ ਸੰਗਰਾਮੀਆਂ ਨੂੰ ਸਿਜਦੇ ਵੱਜੋਂ ਜਾਣਕਾਰੀ ਹਾਜ਼ਰ ਹੈ। ਹੋਰ ਖੋਜ ਤੇ ਵਿਸਥਾਰ ਲਈ ਸਾਡੇ ਜਤਨ ਜਾਰੀ ਹਨ।

ਅਧਿਆਇ ਛੇਵਾਂ: ਪੁਆਧ ਦੇ ਸਵਰਗੀ 9 ਮਹਾਨ ਸਾਹਿਤਕਾਰਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਨ੍ਹਾਂ ਨੇ ਆਪਣੇ -ਆਪਣੇ ਸਮਿਆਂ ਵਿੱਚ ਪੰਜਾਬੀ ਮਾਂ-ਬੋਲੀ, ਸਾਹਿਤ, ਸਭਿਆਚਾਰ ਤੇ ਸਮਾਜ-ਸੁਧਾਰ ਲਈ ਜੀਵਨ-ਲੇਖੇ ਲਾ ਕੇ ਨਾਮਣਾ ਖੱਟਿਆ। ਹੋਰ ਵਿਦਵਾਨਾਂ ਤੇ ਸਾਹਿਤਕਾਰਾਂ ਬਾਰੇ ਸਾਡੀ ਖੋਜ ਨਿਰੰਤਰ ਜਾਰੀ ਹੈ।

ਅਧਿਆਇ ਸੱਤਵਾਂ: ਕਲਾਕਾਰ ਕਿਸੇ ਸਮਾਜ ਦਾ ਸਰਮਾਇਆ ਹੁੰਦੇ ਹਨ। ਲੋਕ ਦਿਲਾਂ ਦੀ ਧੜਕਨ ਹੁੰਦੇ ਹਨ। ਪੁਆਧ ਦੇ ਅਜਿਹੇ ਛੇ ਲੋਕ-ਗਾਇਕਾਂ/ਕਲਾਕਾਰਾਂ ਨੂੰ ਇਸ ਖੰਡ ਵਿੱਚ ਸ਼ਾਮਲ ਕੀਤਾ ਗਿਆ ਹੈ ਤੇ ਕੁਝ ਹੋਰ ਕਲਾਕਾਰਾਂ ਬਾਰੇ ਵੇਰਵੇ ਇਕੱਤਰ ਕਰਨ ਦਾ ਜਤਨ ਜਾਰੀ ਹੈ।

**ਅਧਿਆਇ ਅੱਠਵਾਂ:** ਪੁਆਧ ਦੇ ਜੰਮੇ-ਜਾਇਆਂ ਦੀਆਂ ਸੇਵਾਵਾਂ 'ਤੇ ਸਾਨੂੰ ਮਾਣ ਹੈ। ਉਨ੍ਹਾਂ ਦੀ ਕੀਰਤੀ ਦੀਆਂ ਲੋਕ ਗੱਲਾਂ ਕਰਦੇ ਹਨ, ਜਸ ਗਾਉਂਦੇ ਹਨ। ਪੁਆਧ ਦੀਆਂ ਅਜਿਹੀਆਂ ਮਾਣ-ਮੱਤੀਆਂ ਛੇ ਸ਼ਖ਼ਸੀਅਤਾਂ ਨੂੰ ਚੁਣਿਆ ਗਿਆ ਹੈ। ਬਾਕੀਆਂ ਬਾਰੇ ਢੂੰਡ-ਭਾਲ ਜਾਰੀ ਹੈ।

**ਅਧਿਆਇ ਨੌਵਾਂ:** ਪੁਆਧ ਦੀਆਂ ਕੁੱਝ ਵਿਲੱਖਣ ਗੱਲਾਂ, ਪੁਰਾਤਨ ਇਤਿਹਾਸਕ ਘਟਨਾਵਾਂ, ਸਿੱਖ ਗੁਰੂ ਸਾਹਿਬਾਨ ਦੀਆਂ ਵਰੋਸਾਈਆਂ ਥਾਵਾਂ ਆਦਿ ਦੇ ਵੇਰਵੇ ਸ਼ਾਮਲ ਹਨ। ਇਤਿਹਾਸ ਨੂੰ ਪੜ੍ਹਨ ਦੀ ਚੇਟਕ ਲਾਉਂਣਾ ਤਾਂ ਜੋ ਅਸੀਂ ਆਪਣੀ ਵਿਰਾਸਤ ਦੇ ਵਾਰਸ ਕਹਾਉਣ ਦੇ ਹੱਕਦਾਰ ਬਣ ਸਕੀਏ।

**ਅਧਿਆਇ ਦਸਵਾਂ:** ਪੁਆਧ ਦੇ ਪ੍ਰਮੁੱਖ ਪਿੰਡ, ਨਗਰ ਤੇ ਸ਼ਹਿਰ ਸਾਨੂੰ ਬਹੁਤ ਕੁੱਝ ਦੱਸਦੇ ਹਨ। ਉਨ੍ਹਾਂ 'ਚੋਂ ਕੇਵਲ 10 ਮਹੱਤਵਪੂਰਨ ਥਾਵਾਂ ਨੂੰ ਜ਼ਿਕਰ ਯੋਗ ਕੀਤਾ ਗਿਆ ਹੈ। ਇਨ੍ਹਾਂ ਬਾਰੇ ਰੌਚਿਕ ਤੇ ਅਦਭੁਤ ਜਾਣਕਾਰੀ ਮਾਣੀ ਜਾ ਸਕਦੀ ਹੈ।

**ਅਧਿਆਇ ਗਿਆਰਵਾਂ:** ਇਸ ਭਾਗ ਵਿੱਚ ਪੁਆਧ ਖਿੱਤੇ ਦੀਆਂ ਉਪ-ਭਾਸ਼ਾਵਾਂ ਦੇ ਚਾਰ ਵੱਖੋ-ਵੱਖਰੇ ਰੰਗ, ਪੁਆਧੀ ਲੇਖਕਾਂ ਦੀਆਂ ਰਚਨਾਵਾਂ 'ਚੋਂ ਨਮੂਨੇ ਵੱਜੋਂ ਪੇਸ਼ ਕੀਤੇ ਗਏ ਹਨ। ਮੂਲ-ਪਾਠ ਦਾ ਅਨੰਦ ਆਪਣਾ ਹੀ ਹੁੰਦਾ ਹੈ।

**ਅਧਿਆਇ ਬਾਰ੍ਹਵਾਂ:** ਪੁਆਧ ਨੂੰ ਕਾਵਿ-ਰੰਗ ਰਾਹੀਂ ਪੇਸ਼ ਕਰਨ ਦਾ ਅੰਦਾਜ਼ ਇਸ ਦੀ ਬੋਲੀ ਤੇ ਮਹੱਤਤਾ ਨੂੰ ਹੋਰ ਗੂੜ੍ਹਾ ਕਰਦਾ ਹੈ। ਅੰਤਿਕਾ 'ਚ 'ਪੁਆਧ ਦਰਪਣ' (ਪਰਾਗਾ ਪਹਿਲਾ) ਬਾਰੇ ਲੋਕ-ਯਾਨ ਵਿਦਵਾਨ ਡਾ. ਕਰਨੈਲ ਸਿੰਘ ਥਿੰਦ ਨੇ ਉਚੇਚੇ ਤੌਰ 'ਤੇ ਆਪਣੇ ਵਿਚਾਰ ਸਾਨੂੰ ਭੇਜੇ ਸਨ ਪ੍ਰਕਾਸ਼ਿਤ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।

ਅੰਤ ਵਿੱਚ ਮੈਂ ਉਨ੍ਹਾਂ ਸਾਰੇ ਵਿਦਵਾਨ-ਰਚਨਕਾਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਮੁੱਲਵਾਨ ਲਿਖਤਾਂ ਇਸ ਪੁਸਤਕ ਦਾ ਸ਼ਿੰਗਾਰ ਬਣੀਆਂ।

ਮੈਂ ਵਿਸ਼ੇਸ਼ ਤੌਰ 'ਤੇ ਰਿਣੀ ਹਾਂ ਡਾ. ਨਿਰਮਲ ਸਿੰਘ (ਸੱਥਾਂ ਦੇ ਸੰਚਾਲਕ), ਪੰਜਾਬੀ ਸੱਥ ਲਾਂਬੜਾ (ਜਲੰਧਰ) ਤੇ ਸ. ਮੋਤਾ ਸਿੰਘ ਸਰਾਏ, ਸੰਚਾਲਕ, ਯੂਰਪੀ ਪੰਜਾਬੀ ਸੱਥ ਵਾਲਸਾਲ (ਯੂ.ਕੇ.-ਲੰਡਨ) ਦਾ ਜਿਨ੍ਹਾਂ ਨੇ ਇਸ ਪੁਸਤਕ ਬਾਰੇ ਆਪਦੇ ਵਿਚਾਰ ਅਭੀਵਿਅਕਤ ਕੀਤੇ ਤੇ ਇਸ ਪੁਸਤਕ ਦੀ ਪ੍ਰਾਕਸ਼ਨਾ ਲਈ ਹਰ ਪੱਖੋਂ ਮਦਦ ਕੀਤੀ।

ਪੁਸਤਕ 'ਚ ਰਹੀਆਂ ਤਰੁੱਟੀਆਂ ਅਤੇ ਖ਼ਾਮੀਆਂ ਲਈ ਖ਼ਿਮਾ ਕਰਨਾ।

ਆਪਣੀ ਕੀਮਤੀ ਰਾਏ ਦੇ ਕੇ ਕਿਰਤਾਰਥ ਕਰਨਾ।

ਮਨਮੋਹਨ ਸਿੰਘ ਦਾਊਂ
ਮੁਖੀ
ਪੁਆਧੀ ਪੰਜਾਬੀ ਸੱਥ
ਮੁਹਾਲੀ (ਪੰਜਾਬ)

ਸੰਪਰਕ ਲਈ: 9815123900

ਪਹਿਲੀ ਜੂਨ, 2016

# ਤਰਤੀਬ

## ਅਧਿਆਇ ਪਹਿਲਾ


| | | |
|---|---|---|
| 1. | ਪੁਆਧ ਵਿਭਿੰਨ-ਰੰਗਾਂ ਦੀ ਧਰਤੀ - ਮਨਮੋਹਨ ਸਿੰਘ ਦਾਊਂ | 20 |
| 2. | ਸਾਰਸਵਤ ਦੇਸ- ਪੁਆਧ ਦੀ ਧਰਤੀ - ਸਰੂਪ ਸਿਆਲਵੀ | 25 |
| 3. | ਪੁਆਧੀ ਖਿੱਤਾ-ਆਰਥਿਕ, ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ - ਡਾ. ਕੇਸਰ ਸਿੰਘ ਬਰਵਾਲੀ | 30 |
| 4. | ਪੰਜਾਬ ਦੀ ਉਪ-ਭਾਸ਼ਾ ਪੁਆਧੀ - ਡਾ. ਪ੍ਰੇਮ ਪ੍ਰਕਾਸ਼ ਸਿੰਘ | 36 |
| 5. | ਪੁਆਧ ਦਾ ਖਿੱਤਾ ਅਤੇ ਇਹਦੀ ਆਂਚਲਿਕ ਵਿਲੱਖਣਤਾ - ਡਾ. ਤਾਰਾ ਸਿੰਘ ਸੰਧੂ | 41 |
| 6. | ਡਾ. ਰੰਧਾਵਾ ਦਾ ਪੁਆਧੀਆਂ ਨਾਲ ਪਿਆਰ - ਅਵਤਾਰ ਭੰਵਰਾ | 44 |
| 7. | ਪੁਆਧ ਦੇ ਆਰਥਿਕ ਅਤੇ ਸਮਾਜਿਕ ਪੱਖ ਦਾ ਔਰਤ ਦੇ ਹਾਰ ਸ਼ਿੰਗਾਰ 'ਤੇ ਪ੍ਰਭਾਵ - ਦਲਜੀਤ ਕੌਰ ਦਾਊਂ | 47 |


## ਅਧਿਆਇ ਦੂਜਾ


| | | |
|---|---|---|
| 8. | ਸਤਲੁਜ ਦੀ ਦਾਸਤਾਨ-ਕਿਰਪਾਲ ਸਿੰਘ ਦਰਦੀ | 55 |
| 9. | ਪੁਆਧ ਦੀਆਂ ਨਦੀਆਂ 'ਚੋਂ ਲੰਘਦਿਆਂ - ਡਾ. ਐਸ.ਐਸ. ਕਿਸ਼ਨਪੁਰੀ | 60 |
| 10. | ਘੱਗਰ ਦੀ ਦਾਸਤਾਨ - ਕਿਰਪਾਲ ਸਿੰਘ ਦਰਦੀ | 63 |


## ਅਧਿਆਇ ਤੀਜਾ


| | | |
|---|---|---|
| 11. | ਗੁਰੂ ਸਾਹਿਬਾਨ ਦਾ ਆਨੰਦਪੁਰ ਸਾਹਿਬ ਨਾਲ ਰਿਸ਼ਤਾ - ਭਾਈ ਹਰਸਿਮਰਨ ਸਿੰਘ | 67 |
| 12. | ਆਨੰਦਪੁਰ ਸਾਹਿਬ ਦਾ ਅਧਿਆਤਮਕ ਫਲਸਫ਼ਾ - ਤਲਵਿੰਦਰ ਸਿੰਘ ਬੁਟਰ | 71 |
| 13. | ਪੁਆਧ ਦੀ ਹਿੱਕ 'ਤੇ ਉੱਕਰੀ ਸੱਤ ਰਾਤਾਂ ਦੀ ਦਾਸਤਾਨ - ਸ਼ਮਸ਼ੇਰ ਸਿੰਘ ਡੂਮੇਵਾਲ | 75 |


## ਅਧਿਆਇ ਚੌਥਾ


| | | |
|---|---|---|
| 14. | ਗੌਸਾਈਆਲੇ ਦਾ ਮੇਲਾ - ਡਾ. ਮਿਨਾਕਸ਼ੀ ਰਠੌਰ | 83 |
| 15. | ਮਾਤਾ ਸੀਤਲਾ ਦਾ ਮੇਲਾ - ਡਾ. ਮਿਨਾਕਸ਼ੀ ਰਠੌਰ | 85 |
| 16. | ਸਤੀ ਮਾਤਾ ਦਾ ਮੇਲਾ - ਡਾ. ਮਿਨਾਕਸ਼ੀ ਰਠੌਰ | 88 |

17. ਬਿੰਦਰਖ ਦਾ ਮੇਲਾ – ਬਲਦੇਵ ਸਿੰਘ ਕੋਰੇ 91
18. ਕਪੂਰੀ ਦਾ ਮੇਲਾ – ਨਿਰੰਜਣ ਸਿੰਘ ਸੈਲਾਨੀ 93
19. ਮੇਲਾ ਮਾਘੀ ਦਾਊਂ – ਮਨਮੋਹਨ ਸਿੰਘ ਦਾਊਂ 95
20. ਨਥਾਣੇ ਦੀ ਸਭਾ – ਨਿਰੰਜਣ ਸਿੰਘ ਸੈਲਾਨੀ 99
21. ਬਸੰਤ ਦਾ ਮੇਲਾ ਪਿੰਡ ਬੱਲੋਮਾਜਰਾ – ਡਾ. ਨਿਰਮਲ ਸਿੰਘ ਬਾਸੀ 102
22. ਮਨਸਾ ਦੇਵੀ ਦਾ ਨਵਰਾਤਰ ਮੇਲਾ – ਪੀ. ਪੀ. ਵਰਮਾ 104
23. ਮੇਲਾ ਮਾਤਾ ਜੈਅੰਤੀ ਦੇਵੀ – ਰਣਜੀਤ ਸਿੰਘ 106

ਅਧਿਆਇ ਪੰਜਵਾਂ

24. ਸ਼ਹੀਦ ਕਾਂਸ਼ੀ ਰਾਮ (ਮੜੌਲੀ-ਕਲਾਂ) – ਸ਼ਹੀਦ ਭਗਤ ਸਿੰਘ ਦੀ ਕਲਮ ਤੋਂ 111
25. ਬਾਬਾ ਪਿਰਥੀ ਸਿੰਘ ਆਜ਼ਾਦ – ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ 115
26. ਮਾਸਟਰ ਚਤਰ ਸਿੰਘ ਜੀ ਧਾਰਨੀ – (ਸਵੈ ਲਿਖਤ) 119
27. ਪੁਆਧ ਦੇ ਸੁਤੰਤਰਤਾ ਸੰਗਰਾਮੀ – ਡਾ. ਗੁਰਦੇਵ ਸਿੰਘ ਸਿੱਧੂ 123

ਅਧਿਆਇ ਛੇਵਾਂ

28. ਵਿਦਵਾਨ ਤੇ ਸਮਾਜ ਸੁਧਾਰਕ – ਗਿ. ਦਿੱਤ ਸਿੰਘ – ਡਾ. ਕਰਨੈਲ ਸਿੰਘ ਸੋਮਲ 129
29. ਸਾਹਿਤਕਾਰ ਗੁਰਬਖ਼ਸ਼ ਸਿੰਘ ਕੇਸਰੀ – ਡਾ. ਐਸ. ਐਸ. ਕਿਸ਼ਨਪੁਰੀ 132
30. ਗਲਪਕਾਰ ਸੋਹਨ ਸਿੰਘ ਹੰਸ– ਮਨਮੋਹਨ ਸਿੰਘ ਦਾਊਂ 136
31. ਕਹਾਣੀਕਾਰ ਨਵਤੇਜ ਪੁਆਧੀ – ਸੰਤਵੀਰ 139
32. ਲਾਲਾ ਬ੍ਰਿਜ ਲਾਲ ਸ਼ਾਸਤ੍ਰੀ – ਪ੍ਰੋ. ਮੇਹਰ ਸਿੰਘ 142
33. ਗਿਆਨੀ ਈਸ਼ਰ ਸਿੰਘ ਰਾਮਗੜ੍ਹੀਆ – ਗੁਰਇੰਦਰ ਸਿੰਘ ਪ੍ਰੀਤ 145
34. ਬੋਧੀ-ਵਿਦਵਾਨ ਹਰਿਨਾਮ ਦਾਸ – ਮਨਮੋਹਨ ਸਿੰਘ ਦਾਊਂ 147
35. ਭਾਸ਼ਾ ਵਿਗਿਆਨੀ ਡਾ. ਬਲਬੀਰ ਸਿੰਘ ਸੰਧੂ – ਡਾ. ਨਾਹਰ ਸਿੰਘ 149
36. ਆਧੁਨਿਕ ਅਚਾਰੀਆ – ਡਾ. ਕੇਸਰ ਸਿੰਘ ਕੇਸਰ– ਡਾ. ਸੁਖਦੇਵ ਸਿੰਘ ਸਿਰਸਾ 154

ਅਧਿਆਇ ਸੱਤਵਾਂ

37. ਲੋਕ-ਗਾਇਕ ਭਗਤ ਆਸਾ ਰਾਮ ਬੈਦਵਾਣ – ਡਾ. ਕਰਨੈਲ ਸਿੰਘ ਸੋਮਲ 159
38. ਧੂਮਾਂ ਪਾਉਣ ਵਾਲਾ ਰੱਬੀ ਬੈਰੋਂਪੁਰੀ – ਮਨਮੋਹਨ ਕੌਰ ਸੰਤੇਮਾਜਰਾ 163

39. ਈਦੂ ਸ਼ਰੀਫ਼-ਸਾਰੰਗੀ ਦਾ ਵਾਰਸ - ਮਲਕੀਤ ਸਿੰਘ ਔਜਲਾ 167
40. ਲੰਮੀ ਹੇਕ ਵਾਲਾ - ਸੁਰਜੀਤ ਬਿੰਦਰਖੀਆ - ਮਲਕੀਤ ਸਿੰਘ ਔਜਲਾ 171
41. ਬੀਰੂ ਭਰਿਆਈ-ਪੁਆਧੀ ਸਭਿਆਚਾਰ ਦਾ ਸ਼ੀਸ਼ਾ - ਕੋਮਲ ਸਿੰਘ 174
42. ਅਖਾੜਾ ਪਰੰਪਰਾ ਨੂੰ ਸਮਰਪਿਤ-ਕੇਸਰ ਸਿੰਘ ਸੋਹਾਣਾ- ਕਰਮਜੀਤ ਸਿੰਘ ਚਿੱਲਾ 176

## ਅਧਿਆਇ ਅੱਠਵਾਂ

43. ਸ. ਬਲਦੇਵ ਸਿੰਘ ਦੁਮਣਾ-ਪਹਿਲਾ ਪੁਆਧੀ - ਰੱਖਿਆ ਮੰਤਰੀ - ਮਨਮੋਹਨ ਸਿੰਘ ਦਾਊਂ 181
44. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਲੋਕਾਂ ਦਾ ਰਹਿਬਰ- ਬੀ. ਅਲੈਕਸੇਈ (ਡਾ.) 184
45. ਆਦਰਸ਼ਕ ਅਧਿਆਤਮਕ ਤੇ ਲੋਕ ਹਿਤੈਸ਼ੀ ਮਾ. ਸਰੂਪ ਸਿੰਘ ਨੰਬਰਦਾਰ - ਉੱਤਮਵੀਰ ਸਿੰਘ ਦਾਊਂ 186
46. ਚੰਡੀਗੜ੍ਹ ਦੇ ਪਿੰਡਾਂ ਦੀ ਧੜਕਨ ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ- ਤਰਲੋਚਨ ਸਿੰਘ ਚੰਡੀਗੜ੍ਹ 190
47. ਅਣਗੌਲਿਆ ਹੀਰਾ ਬਖਤਾਵਰ ਸਿੰਘ - ਦਲਜੀਤ ਕੌਰ ਦਾਊਂ 190
48. ਦੇਸ਼ ਭਗਤ ਜੱਥੇਦਾਰ ਚੰਨਣ ਸਿੰਘ - ਡਾ. ਗੁਰਬਚਨ ਸਿੰਘ ਮਾਵੀ 196
49. ਮਾਨਵਤਾ ਦੇ ਮੁਦਈ-ਸੰਤ ਬਾਬਾ ਲਾਭ ਸਿੰਘ ਜੀ - ਸੁਖਵਿੰਦਰ ਸਿੰਘ ਕਾਹਲੋਂ 198

## ਅਧਿਆਇ ਨੌਵਾਂ

50. ਰੋਪੜੀ ਜਿੰਦੇ ਕਾਰੀਗਰੀ ਦਾ ਕਮਾਲ - ਸਵਰਨ ਸਿੰਘ ਭੰਗੂ 203
51. ਅੰਬਾਲੇ ਜ਼ਿਲ੍ਹੇ ਦੇ ਕੰਧ ਚਿੱਤਰ - ਡਾ. ਕੰਵਰਜੀਤ ਸਿੰਘ ਕੰਗ 205
52. ਯਾਦਗਾਰ ਭਾਈ ਕੂਰਮ ਜੀ ਲੰਬਿਆਂ ਵਾਲੇ - ਗੁਰਪ੍ਰੀਤ ਸਿੰਘ ਨਿਆਮੀਆਂ 207
53. ਜੰਗ ਮਰਦਾਨਪੁਰ - ਨਿਰੰਜਣ ਸਿੰਘ ਸੈਲਾਨੀ 209
54. ਗੁਰੂ ਦਰਬਾਰ ਸਾਹਿਬ ਲਖਨੌਰ - ਮਨਜੀਤ ਕੌਰ ਅੰਬਾਲਵੀ 213
55. ਗੁਰਦੁਆਰਾ ਨਾਡਾ ਸਾਹਿਬ- ਡਾ. ਗੁਰਦਰਪਾਲ ਸਿੰਘ 218
56. ਮਨਸਾ ਦੇਵੀ ਦੇ ਮੰਦਰਾਂ ਦਾ ਇਤਿਹਾਸ - ਪੀ. ਪੀ. ਵਰਮਾ 220
57. ਸੁਖਨਾ ਝੀਲ ਦੇ ਪੁਰਾਤਨ ਪਿੱਪਲ ਦੀ ਆਤਮ ਕਥਾ - ਮਨਮੋਹਨ ਸਿੰਘ ਦਾਊਂ 222

ਅਧਿਆਇ ਦਸਵਾਂ

58. ਜ਼ਿਲ੍ਹਾ ਰੂਪਨਗਰ ਦੀ ਵਿਰਾਸਤ ਦਾ ਇਤਿਹਾਸਕ ਝਰੋਖਾ – ਬੀ. ਪੁਰੂਸ਼ਾਰਥਾ 227

59. ਖਰੜ ਇਲਾਕੇ ਦੇ ਇਤਿਹਾਸਕ ਪੰਨਿਆਂ ਦਾ ਸੱਚ – ਕੁਲਬੀਰ ਸਿੰਘ ਸਿੱਧੂ 230

60. ਕੁਰਾਲੀ ਦਾ ਇਤਿਹਾਸਕ ਪੱਖ-ਮਨਪ੍ਰੀਤ ਸਿੰਘ ਰੂਬੀ 235

61. ਇਤਿਹਾਸ ਨੂੰ ਬੁੱਕਲ 'ਚ ਸਮੋਈ ਬੈਠਾ ਮੋਰਿੰਡਾ – ਸੁਰਿੰਦਰ ਸਿੰਘ ਰਸੂਲਪੁਰ 237

62. ਪੁਆਧ ਦਾ ਸਿਰਮੌਰ ਪਿੰਡ ਸੁਹਾਣਾ - ਮਨਮੋਹਨ ਸਿੰਘ ਦਾਊਂ 239

63. ਇਤਿਹਾਸਕ ਪਿੰਡ ਬਨੂੜ – ਦਰਸ਼ਨ ਸਿੰਘ ਬਨੂੜ 245

64. ਰਾਇਪੁਰ ਰਾਣੀ ਦਾ ਇਤਿਹਾਸਕ ਪਿਛੋਕੜ – ਇਕਬਾਲ ਸਿੰਘ 249

65. ਪੁਆਧ ਦਾ ਪਿੰਡ ਮਸੌਲ - ਮਨਮੋਹਨ ਸਿੰਘ ਦਾਊਂ 252

66. ਪਿੰਡ ਲੇਦੀ ਦਾ ਬੋਲਦਾ ਇਤਿਹਾਸ - ਮਨਮੋਹਨ ਸਿੰਘ ਦਾਊਂ 256

67. ਪਿੰਡ ਘੜੂੰਆਂ ਦਾ ਅਤੀਤ ਅਤੇ ਵਰਤਮਾਨ – ਕੁਲਦੀਪ ਸਿੰਘ ਗਰੇਵਾਲ 261

ਅਧਿਆਇ ਗਿਆਰਵਾਂ

68. ਕਾਂਡ ਇੱਕੀਵਾਂ – ਜਸਬੀਰ ਮੰਡ 269

69. ਪੁਆਧ ਕੇ ਘਰਾਟਾਂ ਕਾ ਆਟਾ – ਭੁਪਿੰਦਰ ਸਿੰਘ ਮਟੌਰੀਆ 274

70. ਛੱਜੂ ਪੰਜੋਖਰੇ ਵਾਲਾ – ਗਿ. ਧਰਮ ਸਿੰਘ ਭੰਖਰਪੁਰ 279

71. ਬੰਤੋ ਨਾਵਲ 'ਚੋਂ – ਸੋਹਨ ਸਿੰਘ ਹੰਸ 281

ਅਧਿਆਇ ਬਾਰ੍ਹਵਾਂ

ਕਾਵਿ-ਰੰਗ 'ਚ ਪੁਆਧ

72. ਪੁਆਧ ਪਿਆਰਾ – ਮਨਮੋਹਨ ਸਿੰਘ ਦਾਊਂ 285

73. ਰੰਗਲਾ ਪੁਆਧ – ਚਰਨ ਪੁਆਧੀ 287


74. ਮਾਰ੍ਹੇ ਗਾਓਂ ਕੀ ਫਿਰਨੀ – ਮਨਦੀਪ ਸਿੰਘ ਬੱਲੋਪੁਰ 288

75. ਘੱਗਰ ਨਦੀ ਦਾ ਗੀਤ – ਹਰਵਿੰਦਰ 290

ਅੰਤਿਕਾ

76. ਪੁਆਧ ਦਰਪਣ – ਡਾ. ਕਰਨੈਲ ਸਿੰਘ ਥਿੰਦ 294

# ਪੁਆਧ ਖੇਤਰ ਉਡਦੀ ਨਜ਼ਰੇ




ਪੇਸ਼ਕਸ :

ਮਨਮੋਹਨ ਸਿੰਘ ਦਾਊਂ

# ਅਧਿਆਇ ਪਹਿਲਾ

## ਪੁਆਧ ਦੇ
## ਅਤੀਤ ਤੇ ਵਰਤਮਾਨ ਪੈਂਡੇ ਤੁਰਦਿਆਂ

1. ਪੁਆਧ ਵਿਭਿੰਨ ਰੰਗਾਂ ਦੀ ਧਰਤੀ
2. ਸਾਰਸਵਤ ਦੇਸ - ਪੁਆਧ ਦੀ ਧਰਤੀ
3. ਪੁਆਧੀ ਖਿੱਤਾ - ਆਰਥਿਕ, ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ
4. ਪੰਜਾਬ ਦੀ ਉਪਭਾਸ਼ਾ ਪੁਆਧੀ
5. ਪੁਆਧ ਦਾ ਖਿੱਤਾ ਅਤੇ ਇਹਦੀ ਆਂਚਲਿਕ ਵਿਲੱਖਣਤਾ
6. ਡਾ. ਰੰਧਾਵਾ ਦਾ ਪੁਆਧੀਆਂ ਨਾਲ ਪਿਆਰ
7. ਪੁਆਧ ਦੇ ਆਰਥਿਕ ਤੇ ਸਮਾਜਿਕ ਪੱਖ ਦਾ ਔਰਤ ਦੇ ਹਾਰ-ਸ਼ਿੰਗਾਰ 'ਤੇ ਪ੍ਰਭਾਵ

# ਪੁਆਧ ਦੀ ਸਥਾਨਕ ਲੋਕ-ਖੇਤਰੀ ਵੰਡ

ਭਾਸ਼ਾ ਦੇ ਆਧਾਰ 'ਤੇ ਪੁਆਧ ਦੇ ਦੋ ਮੁੱਖ ਭੂਗੋਲਕੀ ਖੇਤਰ ਮੰਨੇ ਜਾਂਦੇ ਹਨ:

1. ਦਰਿਆ ਸਤਲੁਜ ਤੋਂ ਪੂਰਬੀ ਦਰਿਆ ਘੱਗਰ ਵੱਲ ਦਾ ਖੇਤਰ ਨਿਰੋਲ ਪੁਆਧੀ ਭਾਸ਼ਾ ਵਾਲਾ ਅਖਵਾਉਂਦਾ ਹੈ।
2. ਦਰਿਆ ਘੱਗਰ ਤੋਂ ਪਾਰ ਅੰਬਾਲਾ ਵੱਲ ਦਾ ਖੇਤਰ ਭਾਵ ਹਰਿਆਣਵੀ/ਹਿੰਦੀ ਰੰਗਤ ਵਾਲਾ ਪੁਆਧ ਅਖਵਾਉਂਦਾ ਹੈ।

ਇਸ ਤੋਂ ਬਿਨਾਂ ਲੋਕ-ਬੋਲੀ 'ਚ ਪੁਆਧ ਖੇਤਰ ਦੀ ਵਰਗ ਵੰਡ ਇਸ ਤਰ੍ਹਾਂ ਵੀ ਕੀਤੀ ਜਾਂਦੀ ਹੈ:

(ੳ) ਉੱਤਰ-ਪੂਰਬ ਵੱਲ ਆਨੰਦਪੁਰ-ਕੀਰਤਪੁਰ ਤੋਂ ਲੈ ਕੇ ਪੰਜੌਰ ਤੋਂ ਅੱਗੇ ਤੱਕ ਦੇ ਖੇਤਰ ਨੂੰ ਜੋ ਛੋਟੇ ਪਹਾੜਾਂ ਵਿਚਕਾਰ ਵਸਿਆ ਹੋਇਆ ਹੈ ਨੂੰ ਦੂਨ ਖੇਤਰ ਪੁਕਾਰਿਆ ਜਾਂਦਾ ਹੈ।

(ਅ) ਥੱਲੇ ਨੀਵੀਆਂ ਸ਼ਿਵਾਲਿਕ ਪਹਾੜੀਆਂ ਰੋਪੜ ਤੋਂ ਦੱਖਣ-ਪੂਰਬ ਵੱਲ ਬਰਦਾਰ, ਹਿਰਦਾਪੁਰ, ਪਰਖਾਲੀ, ਸਿਆਲਬਾ, ਮਾਜਰਾ ਆਦਿ ਨੂੰ ਘਾੜ ਦਾ ਇਲਾਕਾ ਭਾਵ ਪਾਣੀ ਦੀ ਘਾਟ ਵਾਲਾ ਇਲਾਕਾ ਬੋਲਿਆ ਜਾਂਦਾ ਹੈ।

(ੲ) ਪੁਆਧ ਦੇ ਪੂਰਬੀ-ਖੇਤਰ ਮਨੀਮਾਜਰਾ ਪੰਚਕੂਲਾ ਤੇ ਚੰਡੀਗੜ੍ਹ ਦੇ ਦੱਖਣੀ ਪੂਰਬੀ ਇਲਾਕੇ ਨੂੰ ਨੈਲੀ ਕਿਹਾ ਜਾਂਦਾ ਹੈ।

(ਸ) ਘਾੜ ਦੇ ਇਲਾਕੇ ਦੇ ਨਾਲ-ਨਾਲ ਦਰਿਆ ਸਤਲੁਜ ਦੇ ਖੇਤਰ ਨੂੰ ਦਹੋਤਾ ਕਿਹਾ ਜਾਂਦਾ ਹੈ ਜਿਸ ਵਿੱਚ ਕੁਰਾਲੀ ਤੇ ਮੋਰਿੰਡਾ ਦੇ ਪਿੰਡ ਆਉਂਦੇ ਹਨ।

(ਹ) ਚੰਡੀਗੜ੍ਹ ਦੇ ਅਰਧ ਪੱਛਮ ਤੋਂ ਲੈ ਕੇ ਦੱਖਣ ਤੱਕ ਪੁਰਾਣੇ ਪਿੰਡ ਮੁਹਾਲੀ, ਕੁੰਭੜਾ, ਸੋਹਾਣਾ, ਮੌਲੀ, ਮਟੌਰ, ਬਨੂੜ ਤੇ ਚੂੰਨ੍ਹੀ ਦੀ ਪੱਟੀ ਨੂੰ ਬੈਦਵਾਣੀ ਪੱਟੀ ਕਿਹਾ ਜਾਂਦਾ ਹੈ।

(ਕ) ਰੋਪੜ ਦੇ ਪੱਛਮ ਤੋਂ ਜ਼ਿਲ੍ਹਾ ਫਤਹਿਗੜ੍ਹ ਤੇ ਕੁਝ ਭਾਗ ਨੂੰ ਢਾਹਾ ਕਿਹਾ ਜਾਂਦਾ ਹੈ।

(ਖ) ਸਰਹਿੰਦ ਤੋਂ ਖੰਨੇ ਤੱਕ ਦੀ ਪੱਟੀ ਨੂੰ ਸਥਾਨਕ ਭਾਸ਼ਾ ਵਿੱਚ ਚਰਖੀ ਕਿਹਾ ਜਾਂਦਾ ਹੈ।

ਡਾ: ਬਲਬੀਰ ਸਿੰਘ ਸੰਧੂ ਦੀ ਖੋਜ ਪੁਸਤਕ 'ਪੁਆਧੀ ਭਾਸ਼ਾ ਦਾ ਵਿਵਰਣਾਤਮਕ ਵਿਆਕਰਨ' (A Descriptive Grammar of Puadhi Language) ਦੇ ਆਧਾਰ 'ਤੇ।

# 1. ਪੁਆਧ ਵਿਭਿੰਨ ਰੰਗਾਂ ਦੀ ਧਰਤੀ

*ਮਨਮੋਹਨ ਸਿੰਘ ਦਾਊਂ*
*ਮੋਬਾ: 9815123900*

ਵਰਤਮਾਨ ਪੰਜਾਬ ਦੇ ਭਾਸ਼ਾਈ ਖਿੱਤੇ ਮਾਝਾ, ਦੁਆਬਾ, ਮਾਲਵਾ ਤੇ ਪੁਆਧ ਮੰਨੇ ਜਾਂਦੇ ਹਨ। ਪੁਆਧ ਜਾਂ ਪੁਆਤ ਬਾਰੇ ਜਾਨਣ ਲਈ ਕਈ ਸ੍ਰੋਤਾਂ ਤੋਂ ਜਾਣਕਾਰੀ ਮਿਲਦੀ ਹੈ। ਮਹਾਨ-ਕੋਸ਼ ਅਨੁਸਾਰ ਪਹਾੜ ਦੇ ਪੈਰਾਂ ਪਾਸ ਦਾ ਦੇਸ਼, ਦਾਮਨੇ ਕੋਹ ਜਾਂ ਉਹ ਦੇਸ਼ ਜੋ ਖੂਹ ਦੇ ਪਾਣੀ ਨਾਲ ਸਿੰਜਿਆ ਜਾਵੇ ਭਾਵ ਜ਼ਿਲ੍ਹੇ ਅੰਬਾਲੇ ਦੇ ਆਸ-ਪਾਸ ਦਾ ਦੇਸ਼। ਪਰੰਤੂ ਜੇਕਰ ਪੁਆਧ ਸ਼ਬਦ ਜੋ ਸੰਸਕ੍ਰਿਤ ਮੂਲ ਦਾ ਹੈ, ਉਸ ਦੇ ਅਰਥਾਂ ਦੀ ਗੱਲ ਕਰੀਏ ਤਾਂ ਪੂਰਬ-ਅਰਧ ਤੋਂ ਬਣਦਾ ਹੈ ਭਾਵ ਪੰਜਾਬ ਦੇ ਪੂਰਬ-ਅੱਧ ਦਾ ਖੇਤਰ। ਡਾ. ਬਨਾਰਸੀ ਦਾਸ ਜੈਨ ਵੀ ਪੁਆਧ ਸ਼ਬਦ ਨੂੰ ਪੂਰਬਾਰਧ ਦਾ ਰੂਪਾਂਤਰ ਮੰਨਦਾ ਹੈ। ਇਸ ਖੋਜ ਅਨੁਸਾਰ ਪੁਆਧ ਦਾ ਖੇਤਰ ਅੰਬਾਲਾ, ਕਲਸੀਆ, ਨਾਲਾਗੜ੍ਹ, ਪਟਿਆਲਾ, ਜ਼ਿਲ੍ਹਾ ਲੁਧਿਆਣਾ ਦਾ ਪੂਰਬੀ ਭਾਗ ਅਤੇ ਜ਼ਿਲ੍ਹਾ ਸੰਗਰੂਰ ਦਾ ਕੁਝ ਇਲਾਕਾ ਸ਼ਾਮਲ ਹੈ। ਪਰੰਤੂ ਭਾਸ਼ਾ ਵਿਗਿਆਨੀ ਗਰੀਅਰਸਨ ਅਨੁਸਾਰ ਰੋਪੜ ਤੋਂ ਹਰੀਕੇ ਪੱਤਣ ਤੱਕ ਸਤਲੁਜ ਦਰਿਆ ਪੂਰਬੋਂ-ਪੱਛਮ ਨੂੰ ਵਗਦਾ ਹੈ। ਜ਼ਿਲ੍ਹਾ ਲੁਧਿਆਣਾ ਦਾ ਉਹ ਇਲਾਕਾ ਜੋ ਸਤਲੁਜ ਦੇ ਨਾਲ-ਨਾਲ ਦੋਹੀਂ ਪਾਸੀਂ ਆਉਂਦਾ ਹੈ, ਪੁਆਧ 'ਚ ਸ਼ਾਮਲ ਹੈ। ਪੂਰਬ ਵਾਲੇ ਪਾਸੇ ਇਹ ਜ਼ਿਲ੍ਹਾ ਅੰਬਾਲਾ ਵਿਚਲੇ ਘੱਗਰ ਦਰਿਆ ਤੱਕ ਫੈਲਿਆ ਹੋਇਆ ਹੈ। ਘੱਗਰ ਤੋਂ ਪੂਰਬ ਵਾਲੇ ਪਾਸੇ ਹਰਿਆਣਵੀ ਬੋਲੀ ਦਾ ਰੰਗ ਹੈ ਅਤੇ ਦੱਖਣ ਵਿੱਚ ਪੁਆਧ ਦੇ ਇਲਾਕੇ 'ਚ ਪਟਿਆਲਾ ਨਾਭਾ ਤੇ ਜੀਂਦ ਦੇ ਕੁਝ-ਕੁਝ ਇਲਾਕੇ ਸ਼ਾਮਲ ਹਨ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਜ਼ਿਲ੍ਹਾ ਅੰਬਾਲਾ (ਹਰਿਆਣਾ ਬਣਨ ਤੋਂ ਪਹਿਲਾਂ) ਰੋਪੜ ਤੱਕ ਫੈਲਿਆ ਹੋਇਆ ਸੀ।

ਆਮ-ਪਾਠਕ ਦੀ ਜਾਣਕਾਰੀ ਲਈ ਇਸ ਵੇਲੇ ਅਨੰਦਪੁਰ ਸਾਹਿਬ, ਰੋਪੜ, ਕੁਰਾਲੀ, ਮੋਰਿੰਡਾ, ਖਰੜ, ਮੁਹਾਲੀ, ਚੰਡੀਗੜ੍ਹ, ਪੰਚਕੂਲਾ, ਅੰਬਾਲਾ, ਰਾਜਪੁਰਾ, ਪਟਿਆਲਾ ਤੇ ਕੁਝ ਹਿੱਸਾ ਫਤਿਹਗੜ੍ਹ ਸਾਹਿਬ ਪੁਆਧ ਖੇਤਰ ਦੀ ਹੱਦਬੰਦੀ 'ਚ ਆਉਂਦੇ ਹਨ। ਸ਼ਿਵਾਲਿਕ ਦੀਆਂ ਪਹਾੜੀਆਂ ਦੀ ਥੱਲੜੀ ਪੱਟੀ ਪੰਜੋਰ ਤੋਂ ਨਾਲਾਗੜ੍ਹ ਪੁਆਧੀ ਭਾਸ਼ਾ ਦੀ ਰੰਗਣ ਵਾਲੀ ਮੰਨੀ ਜਾਂਦੀ ਹੈ। ਮੋਟੇ ਤੌਰ 'ਤੇ ਦਰਿਆ ਸਤਲੁਜ ਦੇ ਪੂਰਬੀ ਪਾਸੇ ਤੋਂ ਲੈ ਕੇ ਦਰਿਆ ਘੱਗਰ ਦੇ ਪੂਰਬ-ਪੱਛਮ ਤੱਕ ਫੈਲੇ ਵੱਡ ਅਕਾਰੀ ਭੂ-ਖੰਡ ਦੇ ਵਿਭਿੰਨ ਰੰਗਾਂ ਦੀ ਧਰਤੀ ਪੁਆਧ ਅਖਵਾਉਂਦੀ ਹੈ। ਇੱਥੋਂ ਦੇ ਰਹਿਣ ਵਾਲਿਆਂ ਨੂੰ ਪੁਆਧੀਏ ਜਾਂ ਪੁਆਧੜੀਏ ਕਿਹਾ ਜਾਂਦਾ ਰਿਹਾ ਹੈ। ਇਸ ਖੇਤਰ ਦੀ ਭਾਸ਼ਾ ਨੂੰ ਪੁਆਧੀ ਕਿਹਾ ਜਾਂਦਾ ਹੈ। ਅੱਗੋਂ ਪੁਆਧੀ ਦੀਆਂ ਵੀ ਕਈ ਉਪ-ਬੋਲੀਆਂ ਦੇ ਰੰਗ ਮਿਲਦੇ ਹਨ।

ਪੁਰਾਣੀ ਕਹਾਵਤ ਹੈ ਕਿ ਦਸ ਕੋਹ 'ਤੇ ਬੋਲੀ ਬਦਲ ਜਾਂਦੀ ਹੈ। ਇੱਥੇ ਸਾਨੂੰ ਇਹ ਗੱਲ ਧਿਆਨ 'ਚ ਰੱਖਣੀ ਪਵੇਗੀ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਲਈ ਨਵੀਂ ਵੱਸੋਂ ਵੱਸਣ ਕਾਰਨ ਇਸ ਖੇਤਰ ਦੀ ਭਾਸ਼ਾ ਵਿੱਚ ਸਭ ਤੋਂ ਵੱਧ ਮਿਲ-ਗੋਭਾ ਹੋਣਾ ਸੁਭਾਵਕ ਸੀ। ਪੰਚਕੂੱਲਾ ਤੇ ਐਸ.ਏ.ਐਸ. ਨਗਰ (ਮੁਹਾਲੀ) ਦੀ ਨਵ-ਉਸਾਰੀ ਕਾਰਨ ਇੱਥੋਂ ਦੀ ਬੋਲੀ (ਭਾਸ਼ਾ) ਪੁਆਧੀ ਵਿੱਚ ਦੂਜੀਆਂ ਉਪ-ਭਾਸ਼ਾਵਾਂ ਰਲ-ਗੱਡ ਹੋ ਰਹੀਆਂ ਹਨ। ਪੁਆਧੀ ਭਾਸ਼ਾ ਦੀ ਹੋਂਦ ਬਰਕਰਾਰ ਤਦੇ ਰਹਿ ਸਕੇਗੀ ਜੇਕਰ ਇੱਥੋਂ ਦੇ ਸਭਿਆਚਾਰ ਤੇ ਵਿਰਸੇ ਨੂੰ ਸੰਭਾਲਿਆ ਜਾਵੇ।

ਇਤਿਹਾਸਕ ਪੱਖੋਂ ਇਸ ਦੀ ਮਹਾਨਤਾ ਜੰਗਾਂ-ਜੁੱਧਾਂ ਦੀ ਧਰਤੀ-ਕਰਕੇ ਬਹੁਤ ਮਹੱਤਤਾ ਰੱਖਦੀ ਹੈ। ਇਸ ਧਰਤੀ ਨੇ ਹੀ ਮੁਗਲ ਬਾਦਸ਼ਾਹ ਔਰੰਗਜੇਬ ਨਾਲ ਟੱਕਰ ਲੈਣ ਦੀ ਜੁਅੱਰਤ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਨੇ 1699 ਈ: ਨੂੰ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਿਰਜਣਾ ਕਰਕੇ ਜੂਝਣ ਦਾ ਇਤਿਹਾਸ ਪ੍ਰਾਰੰਭ ਕੀਤਾ ਤੇ ਸ੍ਰੀ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਹਿੰਦ ਦੀ ਚਾਦਰ ਬਣੀ। ਚਮਕੌਰ ਸਾਹਿਬ ਦੀ ਅਦੁੱਤੀ ਤੇ ਅਸੰਤੁਲਤ ਜੰਗ ਨੇ ਦਿੱਲੀ ਦੇ ਤਖ਼ਤ ਦਾ ਸਾਹਮਣਾ ਕੀਤਾ। ਦਸਮ ਗੁਰੂ ਦੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਨੇ ਸਿੱਖ-ਇਤਿਹਾਸ ਦੀਆਂ ਨੀਹਾਂ ਪੱਕੀਆਂ ਕੀਤੀਆਂ ਅਤੇ ਸੂਬਾ ਸਰਹੰਦ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਖਰੜ ਨੇੜੇ ਚੱਪੜਚਿੜੀ ਦੇ ਮੈਦਾਨ ਵਿੱਚ 12 ਮਈ, 1710 ਨੂੰ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਨੂੰ ਜੱਥੇਬੰਦ ਕਰ ਕੇ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰਿਆ। ਸਰਹੰਦ ਦੀ ਇੱਟ-ਇੱਟ ਕਰਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ।

ਇਤਿਹਾਸ ਦੇ ਪੰਨੇ ਗੁਆਹ ਹਨ ਕਿ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਭਾਰਤ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਨੇ ਦਰਿਆ ਸਤਲੁਜ ਦੇ ਪੂਰਬੀ ਕੰਢੇ ਇੱਕ ਪਿੱਪਲ ਥੱਲੇ ਬੈਠ ਕੇ 31 ਅਕਤੂਬਰ, 1831 ਨੂੰ ਸੰਧੀ ਕੀਤੀ ਤੇ ਅੰਗਰੇਜ਼-ਹਕੂਮਤ ਸਤਲੁਜ ਤੋਂ ਅੱਗੇ ਨਾ ਵੱਧਣ ਲਈ ਵਚਨ-ਬੱਧ ਹੋਈ। ਦੇਸ ਦੀ ਆਜ਼ਾਦੀ ਲਈ ਗਦਰ-ਪਾਰਟੀ ਦੇ ਸਿਰਕੱਢ ਕਾਰਕੁਨ ਕਾਂਸ਼ੀ-ਰਾਮ ਦੀ ਸ਼ਹੀਦੀ ਇਸ ਖੇਤਰ ਦਾ ਸਿਰ ਉੱਚਾ ਕਰਦੀ ਹੈ ਜਿਸ ਦਾ ਜੱਦੀ ਪਿੰਡ ਮੜੌਲੀ-ਕਲਾਂ (ਨਜ਼ਦੀਕ ਮੋਰਿੰਡਾ) ਹੈ। ਆਜ਼ਾਦ ਭਾਰਤ ਦਾ ਪਹਿਲਾ ਰੱਖਿਆ-ਮੰਤਰੀ ਸ.ਬਲਦੇਵ ਸਿੰਘ ਪਿੰਡ ਦੁਮਣਾ (ਨੇੜੇ ਚਮਕੌਰ ਸਾਹਿਬ) ਦਾ ਸੀ ਜਿਸ ਦੇ ਪਿਤਾ ਨੇ ਪੁਆਧ-ਖੇਤਰ ਵਿੱਚ ਸਿੱਖਿਆ ਦੇ ਪਸਾਰ ਲਈ ਖਰੜ, ਸੁਹਾਣਾ (ਲੰਬਿਆ ਸਾਹਿਬ), ਕੁਰਾਲੀ, ਚਮਕੌਰ ਤੇ ਰੋਪੜ ਥਾਵਾਂ ਤੇ ਖਾਲਸਾ ਸਕੂਲਾਂ ਦੀ ਸਥਾਪਨਾ ਕਰ ਕੇ ਜਸ ਖੱਟਿਆ। ਰਾਜਸੀ-ਨੇਤਾਵਾਂ ਵਿੱਚ ਸ. ਸਮਸ਼ੇਰ ਸਿੰਘ ਜੋਸ਼, ਸ੍ਰੀ ਪ੍ਰਿਥੀ ਸਿੰਘ ਅਜ਼ਾਦ, ਸ.ਬਚਿੱਤਰ ਸਿੰਘ, ਸ੍ਰੀ ਰਾਜਾ ਸਿੰਘ ਆਦਿ ਦੇ ਨਾਂ ਜ਼ਿਕਰਯੋਗ ਹਨ।

ਪੰਜਾਬੀ-ਸਹਿਤ ਦੇ ਖੇਤਰ ਵਿੱਚ ਗਿਆਨੀ-ਦਿੱਤ ਸਿੰਘ (ਨੰਦਪੁਰ ਕਲੌੜ), ਸ. ਗੁਰਬਖ਼ਸ਼ ਸਿੰਘ ਕੇਸਰੀ (ਹਸਨਪੁਰ), ਸ੍ਰੀ ਬ੍ਰਿਜ ਲਾਲ ਸਾਸ਼ਤ੍ਰੀ-(ਰੋਪੜ), ਸ੍ਰ. ਨੌਰੰਗ ਸਿੰਘ (ਸੁਆੜਾ), ਡਾ. ਮਹਿੰਦਰ ਸਿੰਘ ਰੰਧਾਵਾ (ਖਰੜ), ਸ੍ਰੀ ਨਵਤੇਜ ਪੁਆਧੀ, ਸੋਹਨ ਸਿੰਘ ਹੰਸ (ਜ਼ੀਰਕਪੁਰ), ਡਾ-ਬਲਬੀਰ ਸਿੰਘ ਸੰਧੂ, ਡਾ. ਕੇਸਰ ਸਿੰਘ ਕੇਸਰ ਆਦਿ ਨੂੰ ਭੁਲਾਇਆ ਨਹੀਂ ਜਾ ਸਕਦਾ। ਅਜੋਕੇ ਸਮੇਂ ਦੇ ਕਿੰਨੇ ਹੀ ਹੋਰ ਲੇਖਕਾਂ ਦੇ ਨਾਂਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਇਸ ਖੇਤਰ ਦਾ ਲੋਕ-ਪ੍ਰਿਯ ਅਖਾੜਾ-ਗਾਇਕ ਤੇ ਕਿੱਸਾਕਾਰ ਭਗਤ ਆਸਾ ਰਾਮ ਸੁਹਾਣਾ ਬਹੁਤ ਹੀ ਚਰਚਿਤ ਨਾਂ ਹੈ ਜਿਸ ਦੀ ਗੌਣ ਪਰੰਪਰਾ ਨੂੰ ਰੱਬੀ-ਬੈਰੋਂਪੁਰੀ, ਕਾਕਾ ਕਜਹੇੜੀ, ਨਛੱਤਰ ਸਿੰਘ ਸੋਹਾਣਾ, ਕੇਸਰ ਸਿੰਘ ਸੁਹਾਣਾ ਅਤੇ ਜੱਥੇਦਾਰ ਗੁਰਦੇਵ ਸਿੰਘ ਕੁੰਭੜਾ ਨੇ ਬਰਕਰਾਰ ਰੱਖਿਆ ਹੋਇਆ ਹੈ। ਸਭ ਤੋਂ ਲੰਬੀ ਹੇਕਦਾ ਗਾਇਕ ਮਰਹੂਮ ਸੁਰਜੀਤ ਬਿੰਦਰੱਖੀਆ ਨੇ ਲੋਕ ਦਿਲਾਂ ਤੇ ਰਾਜ ਕਰਕੇ ਸੰਸਾਰ ਭਰ ਵਿੱਚ ਮਹਿਮਾ ਖੱਟੀ ਤੇ ਆਪਣੇ ਪਿੰਡ ਬਿੰਦਰਖ ਦਾ ਨਾਮ ਉੱਚਾ ਕੀਤਾ।

ਦਰਿਆ ਸਤਲੁਜ 'ਤੇ ਭਾਖੜਾ ਡੈਮ ਦੀ ਉਸਾਰੀ ਇਸ ਖੇਤਰ ਦੀ ਅਜਿਹੀ ਵਿਲੱਖਣਤਾ ਹੈ ਜਿਸ ਨੇ ਪੰਜਾਬ ਦੀ ਆਰਥਿਕ ਖ਼ੁਸ਼ਹਾਲੀ ਵਿੱਚ ਸਭ ਤੋਂ ਵੱਧ ਹਿੱਸਾ ਪਾਇਆ ਤੇ ਗੁਆਂਢੀ ਰਾਜਾਂ ਨੂੰ ਵੀ ਪਾਣੀ ਅਤੇ ਬਿਜਲੀ ਪ੍ਰਦਾਨ ਕਰ ਕੇ ਦਾਨੀ ਹੋਣ ਦਾ ਪ੍ਰਮਾਣ ਦਿੱਤਾ। ਇਹ ਦੁੱਖ ਦੀ ਗੱਲ ਹੈ ਕਿ ਇਸ ਖੇਤਰ ਦੇ ਲੋਕਾਂ ਦੀਆਂ ਕੁਰਬਾਨੀਆਂ ਦਾ ਸਹੀ ਮੁੱਲ ਨਹੀਂ ਪੈ ਸਕਿਆ ਅਤੇ ਨਾ ਹੀ ਇੱਥੋਂ ਦੇ ਲੋਕਾਂ ਦੀ ਅਰਥਿਕ-ਮੰਦਹਾਲੀ ਨੂੰ ਦੂਰ ਕਰਨ ਲਈ ਕਿਸੇ ਸ਼ਕਤੀਸ਼ਾਲੀ ਰਾਜ਼ਸੀ-ਨੇਤਾ ਦੀ ਲੋਕ-ਪੱਖੀ ਅਗਵਾਈ ਨਸੀਬ ਹੋਈ।

ਪੁਆਧ ਖੇਤਰ ਦੀ ਕਿਸਾਨੀ ਬਹੁਤ ਪੱਛੜੀ ਰਹੀ। ਮਾਰੂ-ਖੇਤੀ ਹੋਣ ਕਾਰਨ ਕਿਸਾਨੀ-ਬਹੁਤੀ ਉਪਯੋਗੀ ਨਾ ਬਣ ਸਕੀ। ਆਜ਼ਾਦੀ ਤੋਂ ਬਾਅਦ ਹਲਟਾਂ ਤੇ ਟਿਊਬਵੈਲਾਂ ਦੀ ਸਿੰਜਾਈ ਨਾਲ ਕਿਸਾਨ ਜੂਝਦੇ ਰਹੇ। ਮੁੱਖ ਫ਼ਸਲਾਂ ਕਣਕ, ਝੋਨਾ, ਮੱਕੀ, ਛੋਲੇ, ਇੱਖ, ਮਾਂਹ, ਸਰੋਂ, ਤਾਰਾਮੀਰਾ ਤੇ ਚਰੀ ਹੁੰਦੀਆਂ ਸਨ। ਇੱਥੋਂ -ਦੀ ਰਮਣੀਕ ਪਹਾੜੀ-ਪੱਟੀ ਸੁੰਦਰ ਨਜ਼ਾਰਿਆਂ ਵਾਲੀ ਹੁੰਦੀ ਸੀ। ਅੰਬ, ਜਾਮਣ, ਜਮੋਏ, ਟਾਹਲੀ, ਕਿੱਕਰ, ਢੱਕ, ਪਿੱਪਲ, ਬੋਹੜ ਤੇ ਨਿੰਮ ਦੇ ਰੁੱਖ ਇੱਥੋਂ ਦੇ ਸਭਿਆਚਾਰਕ ਜੀਵਨ ਦੇ ਅੰਗ-ਸੰਗ ਰਹੇ ਹਨ। ਇੱਕ ਕਾਵਿ-ਟੁਕੜੀ ਸੁਣੋ:

ਸਾਵੇ ਰਹਿਣ ਅੰਬ, ਪਿੱਪਲ, ਬੋਹੜ, ਨਿੰਮਾਂ, ਬੇਰੀਆ,
ਜਾਮਣਾਂ, ਜਮੋਏ, ਕਿੱਕਰ, ਢੱਕ, ਟਾਹਲੀ ਤੇਰੀਆਂ।

ਪੁਆਧ-ਖੇਤਰ ਵਿੱਚ ਸਭ ਤੋਂ ਵੱਧ ਕ੍ਰਾਂਤੀ-ਤੇ ਤਬਦੀਲੀ-1950 ਦੇ ਨੇੜੇ-ਤੇੜੇ

ਹੋਣੀ ਸ਼ੁਰੂ ਹੋਈ ਜਦੋਂ ਇਸ ਖੇਤਰ ਦੇ 28 ਪਿੰਡ ਉਜਾੜ ਕੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਈ ਗਈ ਅਤੇ ਇਸ ਵੇਲੇ 22 ਪਿੰਡ ਯੂ.ਟੀ. ਚੰਡੀਗੜ੍ਹ ਵਿੱਚ ਸ਼ਾਮਲ ਕੀਤੇ ਗਏ ਜਿਨ੍ਹਾਂ ਦੀਆਂ ਜ਼ਮੀਨਾਂ ਤਾਂ ਕੌਡੀਆਂ ਦੇ ਭਾਅ ਸਰਕਾਰ ਨੇ ਲੈ ਲਈਆਂ ਤੇ ਪਿੰਡਾਂ ਨੂੰ ਨਰਕ ਭੋਗਣ ਲਈ ਮਜ਼ਬੂਰ ਕਰ ਦਿੱਤਾ ਗਿਆ। ਇਹ 22 ਪਿੰਡ ਆਪਣੀ ਮਾਂ-ਬੋਲੀ ਪੰਜਾਬੀ ਅਤੇ ਸਭਿਆਚਾਰ ਤੋਂ ਵਾਂਝੇ ਸੰਤਾਪ ਭੋਗ ਰਹੇ ਹਨ। ਵਿਰਸਾ, ਸਭਿਆਚਾਰ ਤੇ ਇਤਿਹਾਸ ਉਥਲ-ਪੁੱਥਲ ਦੀ ਲਪੇਟ ਵਿੱਚ ਬੇਬਸ ਜਾਪਦਾ ਹੈ। ਇਨ੍ਹਾਂ ਦੀ ਹੋਣੀ-ਕੇਂਦਰੀ ਸਰਕਾਰ ਦੇ ਵੱਸ ਪਈ ਹੋਈ ਹੈ। ਆਜ਼ਾਦੀ ਤੋਂ ਬਾਅਦ ਘਰ ਉਜੜਨ ਦੀ ਪੀੜਾ ਸਭ ਤੋਂ ਵੱਧ ਪੁਆਧ ਖੇਤਰ ਹੰਢਾਅ ਰਿਹਾ ਹੈ। 'ਪਿੰਡ ਬਚਾਓ ਕਮੇਟੀ' ਦੇ ਸਰਬਰਾਹ (ਬਾਨੀ) ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਦੀ ਜ਼ੁਬਾਨੀ-ਦਾਸਤਾਂ ਸੁਣੀ ਜਾ ਸਕਦੀ ਹੈ।

ਇਸ ਲੇਖ ਵਿੱਚ ਉਨ੍ਹਾਂ ਸਖ਼ਸ਼ੀਅਤਾਂ ਦਾ ਜ਼ਿਕਰ ਕਰਨਾ ਮੁਸ਼ਕਲ ਹੈ ਜ਼ਿਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਿਆ ਤੇ ਪੁਆਧ ਦਾ ਨਾਂ ਦੂਰ ਤੀਕਰ ਫੈਲਾਇਆ। ਦੇਸ਼ ਦੇ ਫੌਜੀ ਮਹਿਕਮੇ ਵਿੱਚ ਇਸ ਖੇਤਰ ਦੇ ਜੰਮੇ-ਜਾਇਆਂ ਨੇ ਬਹੁਤ ਸੇਵਾ ਕੀਤੀ ਹੈ ਤੇ ਦੇਸ ਦੀ ਰੱਖਿਆ ਲਈ ਸ਼ਹੀਦ ਹੋਏ। ਸੈਂਕੜਿਆਂ ਵਿੱਚ ਗਿਣਤੀ ਕੀਤੀ ਜਾ ਸਕਦੀ ਹੈ।

ਬਾਹਰਲੀਆਂ ਵਿੱਤੀ ਕੰਪਨੀਆਂ ਦੀ ਭਰਮਾਰ ਨੇ ਖਰੜ ਤੋਂ ਬਨੂੜ ਦੇ ਆਲੇ -ਦੁਆਲੇ ਆਪਣੇ ਵੱਖੋ-ਵੱਖਰੇ ਅਦਾਰਿਆਂ ਨਾਲ ਮੂੰਹੋਂ-ਮੂੰਹ ਇਮਾਰਤਾਂ ਦੀ ਉਸਾਰੀ ਨਾਲ ਹੈਰਾਨ-ਕੁਨ ਤਬਦੀਲੀ ਦਾ ਦੌਰ ਚੱਲਿਆ ਹੋਇਆ ਹੈ। ਪਿੰਡ ਅਲੋਪ ਹੋ ਰਹੇ ਹਨ ਅਤੇ ਸ਼ਹਿਰੀਕਰਨ ਜ਼ੋਰਾਂ 'ਤੇ ਹੈ। ਵਿਸ਼ਵੀਕਰਨ ਦੀ ਤੇਜ਼ ਉਪਭੋਗਤਾ ਤੇ ਬਸਤੀਵਾਦ ਵਚਿੱਤਰ ਪੜਾਅ ਤਹਿ ਕਰ ਰਹੀ ਹੈ। ਕਿਸਾਨੀ-ਖ਼ਤਮ ਹੋ ਰਹੀ ਹੈ।

ਇਸ ਖੇਤਰ ਦੀ ਹੋਂਦ ਤੇ ਵਿਭਿੰਨ-ਪਛਾਣ ਦੇ ਇਤਿਹਾਸ ਤੇ ਸਭਿਆਚਾਰ ਨੂੰ ਸੰਭਾਲਣਾ ਸਮੇਂ ਦੀ ਲੋੜ ਹੈ। ਹਨੇਰੀ ਵਾਂਗ ਆ ਰਹੀ ਤਬਦੀਲੀ ਨੂੰ ਰੋਕਿਆ ਨਹੀਂ ਜਾ ਸਕਦਾ। ਸਮੇਂ ਦੇ ਹਾਣੀ ਬਣਨ ਲਈ ਯਤਨ ਜੁਟਲਾਣੇ ਪੈਣਗੇ। ਵੰਨ-ਸਵੰਨਤਾ ਦੀ ਸੰਭਾਲ ਕਰਨੀ ਪਵੇਗੀ। ਕਾਦਰ ਦੀ ਕੁਦਰਤ ਦੇ ਵਿਗਸਣ, ਮੌਲਣ, ਪ੍ਰਫੁੱਲਤ ਹੋਣ ਤੇ ਅੱਗੇ ਵੱਧਣ ਦਾ ਮੂਲ-ਭੇਤ ਹੈ ਵੰਨ-ਸੁਵੰਨਤਾ ਤੇ ਅਪਣੱਤ ਭਰੀ ਭਿੰਨਤਾ। ਇਨ੍ਹਾਂ ਸੰਕਲਪਾਂ ਦੀ ਇੱਛਾ ਪੂਰਤੀ-ਲਈ 'ਪੁਆਧੀ ਪੰਜਾਬੀ ਸੱਥ ਮੁਹਾਲੀ' ਦਾ 2004 ਵਿੱਚ ਸੰਗਠਿਤ ਹੋਣਾ ਇਸ ਖੇਤਰ ਲਈ ਸੁਭਾਗ ਸਿੱਧ ਹੋਇਆ ਜਿਸ ਨੇ ਹੁਣ ਤੱਕ ਇਸ ਖੇਤਰ ਦੀਆਂ 60 ਉੱਘੀਆਂ ਸਖ਼ਸ਼ੀਅਤਾਂ ਨੂੰ ਵੱਖੋ-ਵੱਖਰੇ ਖੇਤਰਾਂ 'ਚ ਪਾਏ ਯੋਗਦਾਨ ਵੱਜੋਂ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਇਸ ਤੋਂ ਵੱਧ ਪੁਆਧ ਦੇ ਭੂਗੋਲਿਕ-ਖੰਡ, ਭਾਸ਼ਾ, ਸਾਹਿਤ, ਲੋਕ-ਯਾਨ, ਸਭਿਆਚਾਰ, ਪ੍ਰਕਿਰਤੀ, ਸੰਸਕ੍ਰਿਤੀ, ਇਤਿਹਾਸ ਆਦਿ

ਬਾਰੇ ਜਾਣਕਾਰੀ ਪ੍ਰਾਪਤ ਕਰਾਉਣ ਲਈ ਸੱਥ ਵੱਲੋਂ ਖੋਜ-ਭਰਪੂਰ ਪੁਸਤਕਾਂ ਵੀ ਪ੍ਰਕਾਸ਼ਿਤ ਕਰਵਾਈਆਂ ਗਈਆਂ ਹਨ ਜਿਨ੍ਹਾਂ 'ਚੋਂ ਪ੍ਰਮੁੱਖ ਹਨ:

'ਪੁਆਧ ਦਰਪਣ' (ਸੰਪਾਦਕ-ਮਨਮੋਹਨ ਸਿੰਘ ਦਾਊਂ), 'ਰੰਗ ਪੁਆਧ ਕੇ'- (ਡਾ. ਗੁਰਮੀਤ ਸਿੰਘ ਬੈਦਵਾਣ), 'ਮੇਰਾ ਪੁਆਧ' (ਡਾ. ਐਸ.ਐਸ. ਕਿਸ਼ਨਪੁਰੀ-ਸੰਪਾਦਕ ਸ੍ਰੀ ਦਾਊਂ), 'ਪੁਆਧੀ ਲੋਕ-ਗੀਤ' (ਡਾ. ਮੁਖਤਿਆਰ ਸਿੰਘ), 'ਪੁਆਧ ਦੇ ਸੰਸਕਾਰ ਲੋਕ-ਗੀਤ' (ਡਾ. ਚਰਨਜੀਤ ਕੌਰ) 'ਕਾਰੇ ਹੱਥੀ' (ਸੋਹਨ ਸਿੰਘ ਹੰਸ), 'ਆਖ਼ਰੀ ਪਿੰਡ ਦੀ ਕਥਾ' (ਜਸਬੀਰ ਮੰਡ), 'ਪੁਆਧੀ-ਸਭਿਅਤਾ ਦੀ ਪੈਂਡੂ ਵਿਰਾਸਤ' (ਗੁਰਦਾਸ ਸਿੰਘ ਨਿਰਮਾਣ) 'ਮੇਰੀਆਂ ਪੈੜਾਂ ਮੇਰਾ ਸਫ਼ਰ' (ਗੁਰਨਾਮ ਸਿੰਘ ਡੇਰਾਬਸੀ), 'ਕਥਾ ਪੁਰਾਤਨ ਪੁਆਧ ਕੀ' (ਗਿ.ਧਰਮ ਸਿੰਘ ਭੌਖਰਪੁਰ-ਸੰ:ਸ੍ਰੀ. ਦਾਊਂ) 'ਪੁਆਧ ਕੇ ਘਰਾਟਾਂ ਕਾ ਆਟਾ' (ਭੁਪਿੰਦਰ ਮਟੌਰੀਆ), ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ (ਮਨਮੋਹਨ ਸਿੰਘ ਦਾਊਂ) ਆਦਿਕ। ਲੋੜ ਹੈ ਕਿ ਪੁਆਧ ਦੇ ਅਮੀਰ ਵਿਰਸੇ, ਵਿਲੱਖਣ ਸਭਿਆਚਾਰ ਅਤੇ ਪੰਜਾਬ ਪ੍ਰਤੀ ਦੇਣ ਨੂੰ ਉਜਾਗਰ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਆਪਣੇ ਪਿਛੋਕੜ 'ਤੇ ਗੌਰਵ ਤੇ ਮਾਣ ਮਹਿਸੂਸ ਕਰ ਸਕਣ। ਪੁਆਧ ਦੇ ਭਾਗ ਜਾਗਣ ਤੇ ਕੋਈ ਮੁਟਿਆਰ ਪੁਆਧ ਬਾਰੇ ਪਹਿਲਾਂ ਵਾਲਾ ਸ਼ਿਕਵਾ ਨਾ ਕਰ ਸਕੇ:

ਮਾਝੇ ਦੀ ਮੈਂ ਜੰਮੀ ਜਾਈ, ਚੰਦਰੇ ਪੁਆਧ ਵਿਆਹੀ,<br>
ਹੱਥ ਵਿੱਚ ਖੁਰਪਾ ਮੋਢੇ ਖੇਸੀ ਮੱਕੀ ਗੋਡਣ ਡਾਹੀ।

# 2. ਸਾਰਸਵਤ ਦੇਸ਼.... ਪੁਆਧ ਦੀ ਧਰਤੀ

## (ਵੈਦਿਕ ਰਿਸ਼ੀਆਂ ਦੀ ਕਰਮ ਭੂਮੀ)

*ਸੂਰਪ ਸਿਆਲਵੀ*

*ਮੋਬਾ: 9888129977*

ਰਿਗ ਵੇਦ ਨੂੰ ਸੰਸਾਰ ਦੇ ਪ੍ਰਾਚੀਨ ਗ੍ਰੰਥਾਂ ਵਿਚੋਂ ਗਿਣਿਆ ਜਾਂਦਾ ਹੈ। ਜਿਸ ਕਾਲ ਵਿੱਚ ਰਿਗ ਵੇਦ ਦੀ ਰਚਨਾ ਹੋਈ, ਉਸ ਕਾਲ-ਖੰਡ ਨੂੰ 'ਵੈਦਿਕ ਕਾਲ' ਕਿਹਾ ਜਾਂਦਾ ਹੈ ਤੇ ਰਿਗ ਵੇਦ ਦੇ ਰਚਨਹਾਰੇ ਵਸ਼ਿਸ਼ਠ, ਵਿਸ਼ਵਾਮਿਤਰ, ਅਗਸਤ ਆਦਿ ਰਿਸ਼ੀਆਂ ਨੂੰ 'ਵੈਦਿਕ ਕਾਲ ਦੇ ਰਿਸ਼ੀ' ਕਿਹਾ ਜਾਂਦਾ ਹੈ। ਇਹ ਰਿਸ਼ੀ ਦੁਨੀਆ ਦੇ ਉਹ ਪਹਿਲੇ ਕਵੀ ਹੋਏ ਹਨ, ਜਿਨ੍ਹਾਂ ਨੇ ਭ੍ਰਮਣ ਕਰਦਿਆਂ ਰੰਗ-ਬਰੰਗੇ ਫੁੱਲਾਂ ਨਾਲ ਲੱਦੀਆਂ ਵਾਦੀਆਂ ਜੰਗਲ-ਬੇਲਿਆਂ, ਝੀਲਾਂ, ਕਲ-ਕਲ ਵਗਦੀਆਂ ਨਦੀਆਂ ਤੇ ਮਧੁਰ ਸੰਗੀਤ ਅਲਾਪਦਿਆਂ ਝਰਨਿਆਂ ਦੇ ਮਨ-ਮੋਹਕ ਦ੍ਰਿਸ਼ਾਂ ਦਾ ਆਨੰਦ ਮਾਣਦਿਆਂ.... ਇਹਨਾਂ ਮਨ-ਮੋਹਣੇ ਦ੍ਰਿਸ਼ਾਂ ਦੀ ਕਲਪਨਾ ਕਰਦਿਆਂ.... ਗੀਤ.... ਉਨ੍ਹਾਂ ਰਿਸ਼ੀਆਂ ਦੇ ਮੁਖਾਰਬਿੰਦ ਤੋਂ ਸੁਧੇ-ਸਿਧ ਅਲਾਪੇ ਗਏ ਤੇ ਰਿਸ਼ੀਆਂ ਨੇ ਇਹ ਗੀਤ, ਸੂਕਤ, ਰਿਗ ਵੇਦ ਵਿਚ ਲਿਖ ਦਿੱਤੇ।

ਰਿਗ ਵੇਦ ਦੇ ਰਚਨਾ ਕਾਲ ਤੱਕ, ਆਰੀਆ ਦੁਆਰਾ ਜਿੱਤੇ ਹੋਏ ਇਲਾਕੇ ਉੱਤੇ ਸਿੰਧ, ਜਿਹਲਮ, ਚਿਨਾਬ, ਰਾਵੀ, ਬਿਆਸ, ਸਤਲੁਜ ਤੇ ਸਰਸਵਤੀ ਨਾਂ ਦੇ ਸੱਤ ਦਰਿਆ ਵਗਦੇ ਸਨ। ਇਸ ਲਈ ਵੈਦਿਕ ਕਾਲ ਦੇ ਰਿਸ਼ੀਆਂ ਨੇ ਇਸ ਧਰਤੀ ਨੂੰ 'ਸਪਤ ਸਿੰਧੂ' (ਸੱਤ ਦਰਿਆਵਾਂ ਦੀ ਧਰਤੀ) ਕਿਹਾ ਹੈ। ਦੋ ਦਰਿਆਵਾਂ ਦੇ ਵਿਚਕਾਰਲੀ ਧਰਤੀ ਨੂੰ 'ਦੋਆਬਾ' ਕਿਹਾ ਜਾਂਦਾ ਹੈ। ਵੈਦਿਕ ਰਿਸ਼ੀਆਂ ਨੇ ਸੱਤ ਦਰਿਆਵਾਂ ਵਿਚਲੇ ਛੇ ਦੁਆਬਿਆਂ ਨੂੰ ਵੱਖਰੇ-ਵੱਖਰੇ ਨਾਂ ਦਿੱਤੇ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਸਤਲੁਜ ਤੇ ਸਰਸਵਤੀ ਨਦੀਆਂ ਵਿਚਕਾਰ ਵਸੇ ਹੋਏ ਇਸ ਇਲਾਕੇ ਨੂੰ 'ਸਾਰਸਵਤ ਦੇਸ਼' ਦਾ ਨਾਂ ਦੇ ਦਿੱਤਾ ਤੇ ਸਾਰਸਵਤ ਦੇਸ਼ ਦੇ ਪੂਰਬ ਵਿੱਚ ਵਸਿਆ ਹੋਣ ਕਰਕੇ, ਇਸ ਨੂੰ 'ਪੁਆਧ' ਕਿਹਾ ਜਾਣ ਲੱਗ ਪਿਆ।

ਲਗਭਗ 4000 ਸਾਲਾਂ ਤੋਂ ਆਰੀਆ, ਇੱਥੋਂ ਦੇ ਆਦਿਵਾਸੀ ਦ੍ਰਾਵਿੜਾਂ ਨਾਲ ਖ਼ੂਨ-ਖਰਾਬੇ ਵਾਲੀਆਂ ਲੜਾਈਆਂ ਲੜਦਿਆਂ ਅੱਗੇ ਤੋਂ ਅੱਗੇ ਵਧਦੇ ਚਲੇ ਜਾ ਰਹੇ ਸਨ। ਲਗਭਗ 3500 ਸਾਲ ਪਹਿਲਾਂ ਆਰੀਆ ਨੇ ਸਤਲੁਜ ਦਰਿਆ ਦੇ ਦੱਖਣੀ ਮੁਹਾਣੇ ਉੱਤੇ ਵਸੇ ਸਾਰਸਵਤ ਦੇਸ਼ ਦੇ ਸਮਰਿਧ ਨਗਰ, ਰੋਪੜ ਦੇ ਨਜ਼ਦੀਕ ਤੋਂ ਸਤਲੁਜ ਦਰਿਆ ਨੂੰ ਕਿਸ਼ਤੀਆਂ ਤੇ ਬੇੜੀਆਂ ਦੁਆਰਾ ਪਾਰ ਕੀਤਾ ਤੇ ਲਗਭਗ 500 ਸਾਲ

ਵਿੱਚ ਆਰੀਆ ਨੇ ਆਦਿਵਾਸੀਆਂ ਨਾਲ ਖ਼ੂਨੀ ਜੰਗਾਂ ਲੜਦਿਆਂ ਸਮੁੱਚੇ ਸਾਰਸਵਤ ਦੇਸ਼ ਉੱਤੇ ਆਪਣਾ ਅਧਿਕਾਰ ਜਮਾ ਲਿਆ ਸੀ।

ਪਰੰਤੂ ਸਰਸਵਤੀ ਤੋਂ ਪਰਲੇ-ਪਾਰ ਆਦਿਵਾਸੀ ਦ੍ਰਵਿੜ ਇਕੱਤਰ ਹੋ ਕੇ ਕੰਧ ਵਾਂਗ ਖੜ੍ਹੇ ਹੋ ਗਏ ਸਨ। ਉਹਨਾਂ ਨੇ ਆਰੀਆ ਨੂੰ ਢਾਈ-ਤਿੰਨ ਸਦੀਆਂ ਤੱਕ ਸਰਸਵਤੀ ਤੋਂ ਉਰੇ ਹੀ ਰੋਕ ਰੱਖਿਆ ਸਰਸਵਤੀ ਨੂੰ ਪਾਰ ਨਹੀਂ ਕਰਨ ਦਿੱਤਾ। ਵੈਦਿਕ ਕਾਲ ਦੇ ਰਿਸ਼ੀ ਸਪਤ-ਸਿੰਧੂ ਦੀ ਧਰਤੀ ਉੱਤੇ ਵਗਣ ਵਾਲੀਆਂ ਸੱਤ ਨਦੀਆਂ ਨੂੰ ਜੀਵਨ ਦਾਤੀਆਂ ਹੋਣ ਕਰਕੇ, 'ਸੱਤ ਭੈਣਾਂ' ਕਹਿੰਦੇ ਸਨ। ਸਰਸਵਤੀ ਨਦੀ ਨੇ ਢਾਲ ਬਣਕੇ ਢਾਈ-ਤਿੰਨ ਸਦੀਆਂ ਤੱਕ ਆਦਿਵਾਸੀਆਂ ਦੇ ਹਮਲਿਆਂ ਤੋਂ...... ਆਰੀਆ ਨੂੰ ਬਚਾ ਕੇ ਰੱਖਿਆ ਸੀ। ਇਸ ਲਈ ਵੈਦਿਕ ਰਿਸ਼ੀਆਂ ਨੇ ਰਿਗ ਵੇਦ ਵਿੱਚ ਸੱਤ ਭੈਣਾਂ (ਸੱਤ ਨਦੀਆਂ) ਵਿਚੋਂ ਸਰਸਵਤੀ ਦੀ ਦੂਸਰੀਆਂ ਭੈਣਾਂ ਨਾਲੋਂ ਵੱਧ ਮਹਿਮਾ ਗਾਈ ਹੈ।

ਸਾਰਸਵਤ ਦੇਸ਼ ਵਿੱਚ ਪਹੁੰਚ ਕੇ ਰਿਸ਼ੀ, ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚਲੀ ਰਮਣੀਕ ਧਰਤੀ ਉੱਤੇ ਦੂਰ-ਦੂਰ ਤੱਕ ਭ੍ਰਮਣ ਕਰਨ ਲੱਗੇ। ਸਾਰਸਵਤ ਦੇਸ਼ ਸਮਰਿਧ ਸੀ। ਇੱਥੋਂ ਦੀਆਂ ਗਾਵਾਂ ਮਟਕਾ-ਮਟਕਾ ਭਰ ਦੁੱਧ ਦਿੰਦੀਆਂ ਸਨ। ਘੋੜੇ, ਘੋੜੀਆਂ ਪੈਦਾ ਕਰਨ ਵਿੱਚ ਵੀ ਇਹ ਪ੍ਰਦੇਸ ਪਿੱਛੇ ਨਹੀਂ ਸੀ। ਅਸ਼ਵਤਯ (ਪਿੱਪਲ) ਖਾਦਿਰ (ਖੈਰ) ਕਿਸਕ (ਪਲਾਮ) ਆਦਿ ਅਨੇਕਾਂ ਭਾਂਤ ਦੇ ਬ੍ਰਿਛ ਤੇ ਮੁੰਜ, ਕਾਸ਼ਫ, ਕੁਸ਼ ਆਦਿ ਅਨੇਕ ਪ੍ਰਕਾਰ ਦੀ ਬਨਸਪਤੀ ਸੁਗੰਧਿਤ ਫੁੱਲਾਂ, ਫਲਾਂ ਦੇ ਬਾਗ, ਕਲ-ਕਲ ਵਰਗਦੀਆਂ ਨਦੀਆਂ ਨਾਲੇ ਉਹਨਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਰਹੇ ਸਨ।

ਆਦਿ ਕਾਲ ਤੋਂ ਜੰਗਲਾਂ-ਬੇਲਿਆਂ ਵਿੱਚ ਘੁੰਮਦੇ ਨਰ-ਨਾਰੀ ਪੈਲਾਂ ਪਾਉਂਦੇ ਮੋਰਾਂ, ਚੁੰਗੀਆਂ ਭਰਦੇ ਹਿਰਨਾਂ, ਅਕਾਸ਼ ਵਿੱਚ ਉਡਾਰੀਆਂ ਲਾਉਂਦੇ ਪੰਛੀਆਂ ਤੇ ਨਦੀਆਂ, ਝੀਲਾਂ, ਝਰਨਿਆਂ ਦੀ ਸੁੰਦਰਤਾ ਦਾ ਆਨੰਦ ਮਾਣਦੇ ਆ ਰਹੇ ਸਨ। ਪਰ ਉਹ ਆਪਣੀਆਂ ਭਾਵਨਾਵਾਂ ਨੂੰ ਮਨਾਂ ਵਿੱਚ ਸਮੋਈ ਤੁਰ ਗਏ। ਇਸ ਦਾ ਲਿਖਤੀ ਰੂਪ ਵਿਚ ਵਰਨ ਨਹੀਂ ਕਰ ਸਕੇ..... ਇਸ ਪੱਖੋਂ ਇਹ ਰਿਸ਼ੀ ਸੰਸਾਰ ਦੇ ਪਹਿਲੇ ਕਵੀ ਹੋਏ ਹਨ.... ਜਿਹਨਾਂ ਨੇ ਪ੍ਰਾਕਿਰਤੀ ਦੇ ਮਨ-ਮੋਹਕ ਦ੍ਰਿਸ਼ਾਂ ਦਾ ਆਨੰਦ ਮਾਣਦਿਆਂ ਇਹਨਾਂ ਦਾ ਵਰਨਣ ਆਪਣੇ ਰਿਗ ਵਿਚ ਰਚੇ ਸੂਕਤਾਂ (ਗੀਤਾਂ) ਵਿੱਚ ਕੀਤਾ ਹੈ। ਦਿਨ ਦਾ ਚੜ੍ਹਨਾ (ਊਸ਼ਾ), ਭੈਣ ਊਸ਼ਾ ਨੂੰ ਬਾਹਰ ਭਜਾਉਣ ਵਾਲੀ (ਰਾਤ), ਬੱਦਲਾਂ ਦਾ ਗਰਜਣਾ, ਬਿਜਲੀ ਦਾ ਲਿਸ਼ਕਣਾ, ਦਰਿਆਵਾਂ ਵਿੱਚ ਹੜ੍ਹਾਂ ਦਾ ਆਉਣਾ ਉਹਨਾਂ ਲਈ ਕੁਦਰਤ ਦਾ ਅਜਬ ਕ੍ਰਿਸ਼ਮਾ ਸੀ। ਕਦੇ ਮੀਂਹ ਪੈਣਾ, ਕਦੇ ਨਾ ਪੈਣਾ, ਕਦੇ ਦਰਿਆਵਾਂ ਵਿੱਚ ਹੜ੍ਹ ਦਾ ਆਉਣਾ ਆਦਿ ਕੁਦਰਤ ਦੇ ਭੇਤਾਂ ਨੂੰ ਉਹ ਆਪਣੇ ਲਿਖੇ ਸੂਕਤਾਂ ਵਿੱਚ ਇੰਦਰ ਤੇ ਵਰੁਣ ਦੇਵਤਿਆਂ ਦੀ ਕਿਰਪਾ ਤੇ ਕਰੋਪੀ ਨਾਲ ਜੋੜਦੇ ਸਨ।

ਸਾਰਸਵਤ ਦੇਸ਼ ਵਿੱਚ ਪਹੁੰਚਣ ਉੱਤੇ ਆਰੀਆ ਦਾ ਸਭ ਤੋਂ ਪਹਿਲਾ ਵਾਹ 'ਪਣੀ' ਵਪਾਰੀਆਂ ਨਾਲ ਪਿਆ। ਪਣੀਆਂ ਦੇ ਸਥਾਈ ਨਗਰ ਸਨ। ਉਹ ਮੌਸਮ ਅਨੁਸਾਰ ਕੱਪੜੇ ਪਹਿਨਦੇ ਸਨ। ਉਹ ਗਰਮੀਆਂ ਵਿੱਚ ਜੁਲਾਹੇ ਦੇ ਬੁਣੇ ਸੂਤੀ ਕੱਪੜੇ ਤੇ ਸਰਦੀਆਂ ਵਿੱਚ ਭੇਡਾਂ ਦੀ ਕੋਮਲ ਉੱਨ ਦੇ ਬੁਣੇ ਗਰਮ ਕੱਪੜੇ ਪਹਿਨਦੇ ਸਨ। ਪਣੀ ਵਪਾਰੀਆਂ ਦੀਆਂ ਇਸਤਰੀਆਂ ਸੋਨੇ, ਚਾਂਦੀ ਦੇ ਗਹਿਣੇ ਪਾਉਣ ਦੀਆਂ ਸ਼ੌਕੀਨ ਸਨ।

ਪਸ਼ੂ-ਪਾਲਕ ਕਿਸਾਨਾਂ ਤੇ ਸੈਨਿਕਾਂ ਤੋਂ ਬਿਨਾਂ ਸ਼ਿਲਪੀਆਂ ਦਸਤਕਾਰਾਂ ਦੀਆਂ ਅਲੱਗ-ਅਲੱਗ ਬਸਤੀਆਂ ਵਸੀਆਂ ਹੋਈਆਂ ਸਨ। ਲੁਹਾਰ ਭੱਠੀ ਉੱਤੇ ਧਾਤਾਂ ਨੂੰ ਗਾਲ ਕੇ ਹਥਿਆਰ ਔਜਾਰ ਤੇ ਬਰਤਨ ਬਣਾਉਂਦਾ ਸੀ। ਤਰਖਾਣ ਗੱਡਾ, ਰਥ, ਹਲ, ਪੰਜਾਲੀ ਤੇ ਘਰਾਂ ਵਿੱਚ ਵਰਤੋਂ ਯੋਗ ਵਸਤੂਆਂ ਬਣਾਉਂਦਾ ਸੀ। ਚਰਮਕਾਰ, ਚਮੜੇ ਨੂੰ ਤਿਆਰ ਕਰਕੇ ਮਸ਼ਕਾਂ, ਡੋਲ, ਜੁੱਤੀਆਂ ਆਦਿ ਬਣਾਉਂਦਾ ਸੀ। ਕੁਮਹਾਰ ਮਿੱਟੀ ਦੇ ਬਰਤਨ ਤੇ ਸੁਨਿਆਰ ਗਹਿਣੇ ਬਣਾਉਂਦੇ ਸਨ। ਜੁਲਾਹੇ ਸੂਤੀ ਤੇ ਊਨੀ ਕੱਪੜੇ ਬੁਣਦੇ ਸਨ।

ਸਾਰਸਵਤ ਦੇਸ਼ ਦੇ ਵਾਸੀ ਬਣਕੇ ਆਰੀਆ ਨੇ ਖੇਤੀ ਕਰਨੀ ਵੀ ਆਰੰਭ ਕਰ ਦਿੱਤੀ ਸੀ। ਸਾਰਸਵਤ ਦੇਸ਼ ਵਿੱਚ ਪਾਣੀ ਦੇ ਅਨੇਕ ਪ੍ਰਕਾਰ ਦੇ ਸ੍ਰੋਤ ਮੌਜੂਦ ਸਨ। ਸਤਲੁਜ, ਸਰਸਵਤੀ, ਸਤਲੁਜ ਤੇ ਘੱਗਰ ਦਰਿਆਵਾਂ ਵਿੱਚੋਂ ਪਾਣੀ ਦੇ ਛੋਟੇ-ਵੱਡੇ ਖਾਲੇ ਕੱਢਕੇ ਆਲੇ-ਦੁਆਲੇ ਦੇ ਖੇਤਾਂ ਦੀ ਸਿੰਜਾਈ ਕੀਤੀ ਜਾਣ ਲੱਗ ਪਈ ਸੀ ਉਂਝ ਤਾਂ ਸਾਰਸਵਤ ਦੇਸ਼ ਵਿੱਚ ਸਭ ਤੋਂ ਵੱਡੀ ਰੌ ਸਤਲੁਜ ਕੀ ਰੌ ਹੈ, ਜਿਸਦੇ ਉੱਤੇ ਵਸੇ ਸ਼ਹਿਰ ਦਾ ਨਾਂ, ਸਤਲੁਜ ਕੀ ਰੌ ਦੇ ਨਾਂ ਉੱਤੇ ਰੋਪੜ (ਰੌ+ਪੜ...... ਰੌ ਪਾਣੀ ਦੀ ਧਾਰਾ ਪੈਂਦੀ ਹੈ) ਹੈ। ਪਰ ਇਹਨਾਂ ਤਿੰਨ ਦਰਿਆਵਾਂ ਤੋਂ ਇਲਾਵਾ ਵੀ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਨਿਕਲਦੀਆਂ ਤੇ ਸਾਰਸ਼ਵਤ ਦੇਸ਼.... ਪੁਆਧ ਵਿੱਚ ਨੂੰ ਵਗਦੀਆਂ ਹੋਰ ਵੀ ਰੌਆਂ (ਬਰਸਾਤੀ) ਚੌਆਂ ਹਨ। ਜਿਨ੍ਹਾਂ ਨੂੰ ਇਲਾਕਾਈ ਬੋਲੀ ਵਿੱਚ 'ਨਦੀਆਂ' ਕਿਹਾ ਜਾਂਦਾ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਵਿਚੋਂ ਨਿਕਲਣ ਵਾਲੀਆਂ ਇਹ ਨਦੀਆਂ ਸਰਾਰਾਓ ਕੀ ਰਾਓ, ਬੁਧਕੀ ਕੀ ਰਾਓ, ਸਿਸਵਾਂ ਕੀ ਰਾਓ, ਜੈਨਤੀ ਕੀ ਰਾਓ, ਪਟਿਆਲਾ ਕੀ ਰਾਓ ਤੇ ਸੁਖਨਾ ਕੀ ਰਾਓ ਆਦਿ ਹਨ। ਇਹ ਚੌਆਂ, ਨਦੀਆਂ 25 ਤੋਂ 50 ਜੋਜਨ (ਇਕ ਜੋਜਨ = ਦੋ ਮੀਲ) ਦਾ ਪੁਆਧ ਦੇ ਖੇਤਰ ਵਿੱਚ ਨੂੰ ਸਫਰ ਤਹਿ ਕਰਕੇ ਸਤਲੁਜ ਤੇ ਘੱਗਰ ਦਰਿਆ ਵਿੱਚ ਜਾ ਡਿਗਦੀਆਂ ਹਨ। ਜਿਉਂ-ਜਿਉਂ ਆਰੀਆ ਦੀ ਪੀੜ੍ਹੀ-ਦਰ-ਪੀੜ੍ਹੀ ਆਬਾਦੀ ਵਧਦੀ ਗਈ ਜਾਂ ਆਰੀਆ ਦੇ ਪਿਛੋਂ ਹੋਰ ਕਬੀਲੇ ਸਾਰਸਵਤ ਦੇਸ਼ ਵਿੱਚ ਆਉਂਦੇ ਗਏ, ਉਹ ਇਹਨਾਂ ਨਦੀਆਂ ਰੌਆਂ ਦੁਆਲੇ ਆਬਾਦ ਹੁੰਦੇ ਗਏ ਅਤੇ ਆਪਣੇ ਖੇਤ ਬਣਾ ਕੇ ਖੇਤੀਬਾੜੀ ਕਰਨ ਲੱਗ ਪਏ ਸਨ। ਉਹ ਆਪਣੇ ਖੇਤਾਂ ਦੀ ਸਿੰਜਾਈ ਕਰਨ ਲਈ ਬਰਸਾਤੀ ਪਾਣੀ ਟੋਭਿਆਂ, ਜੋਹੜਾਂ ਵਿੱਚ ਇਕੱਠਾ ਕਰ ਲੈਂਦੇ

ਸਨ ਤੇ ਇਹਨਾਂ ਚੋਆਂ ਦੇ ਕਿਨਾਰੇ ਵਾਲੀ ਜ਼ਮੀਨ ਵਿੱਚ ਪਾਣੀ ਦਾ ਪੱਧਰ ਘਟ ਡੂੰਘਾ ਹੋਣ ਕਰਕੇ ਖੂਹ ਵੀ ਖੋਦੇ ਜਾਣ ਲੱਗ ਪਏ ਸਨ। ਉਂਝ ਇਹਨਾਂ ਚੋਆਂ ਵਿੱਚ ਸੇਮ ਦੇ ਪਾਣੀ ਦੀ ਬਰੀਕ ਧਾਰਾ ਸਾਰਾ ਸਾਲ ਚਲਦੀ ਰਹਿੰਦੀ ਸੀ। ਚਾਰਗਾਹਾਂ ਵਿੱਚ ਚਰਦੇ ਪਸ਼ੂ ਤੇ ਹਾਲੀ, ਪਾਲੀ ਸੇਮ ਦਾ ਨਿਰਮਲ ਜਲ ਪੀ ਕੇ ਆਪਣੀ ਪਿਆਸ ਬੁਝਾਉਂਦੇ ਰਹਿੰਦੇ ਸਨ।

ਆਰੀਆਂ ਰਿਸ਼ੀ ਨਗਰੀ ਜੀਵਨ ਨੂੰ ਬਹੁਤ ਨਫਰਤ ਕਰਦੇ ਸਨ। ਉਹ ਆਖਦੇ ਸਨ ਕਿ ਇਥੋਂ ਦੇ ਮੂਲ-ਵਾਸੀ ਦ੍ਰਾਵੜ ਨਗਰੀ ਜੀਵਨ ਜੀਣ ਕਰਕੇ ਹੀ ਆਲਸੀ ਤੇ ਸੁਸਤ ਹੋ ਗਏ ਸਨ। ਇਸੇ ਲਈ ਉਹ ਆਰੀਆ ਨੂੰ ਨਗਰੀ ਜੀਵਨ ਅਪਣਾਉਣ ਤੋਂ ਵਰਜਦੇ ਰਹਿੰਦੇ ਸਨ। ਤੇ ਆਦਿ-ਵਾਸੀ ਦ੍ਰਾਵੜਾ ਨੂੰ ਜਿੱਤ ਕੇ ਉਹਨਾਂ ਦੇ ਨਗਰਾਂ ਨੂੰ ਅਗਨ ਭੇਟ ਕਰ ਦਿੰਦੇ ਸਨ।

ਆਰੀਆ ਰਿਸ਼ੀਆਂ ਦਾ ਆਖਾ ਮੰਨਦਿਆਂ ਹੀ, ਆਰੀਆ ਨੇ ਨਗਰੀ ਜੀਵਨ ਨਹੀਂ ਅਪਣਾਇਆ ਤੇ ਨਵੀਆਂ ਚਾਰਗਾਹਾਂ ਦੀ ਖੋਜ ਵਿੱਚ ਅੱਗੇ ਹੀ ਅੱਗੇ ਵਧਦੇ ਚਲੇ ਗਏ। ਉਹ ਆਪਣਾ ਜੀਵਨ ਝੁੱਗੀਆਂ-ਝੌਂਪੜੀਆਂ ਵਿੱਚ ਰਹਿ ਕੇ ਗੁਜਾਰਦੇ ਸਨ।

ਸਾਰਸਵਤ ਦੇਸ਼ ਆਪਣੀਆਂ ਝੁੱਗੀਆਂ-ਝੌਂਪੜੀਆਂ ਨੂੰ ਇੱਕ, ਦੂਸਰੀ ਨਾਲ ਜੋੜ ਕੇ ਤਰਤੀਬ ਅਨੁਸਾਰ ਬਣਾਉਂਦੇ ਸਨ। ਵੀਹ, ਪੰਜਾਹ ਝੁਗੀਆਂ ਦੀ ਵਸੋਂ ਨੂੰ 'ਗ੍ਰਾਮ' ਕਿਹਾ ਜਾਂਦਾ ਸੀ। ਗਾਵਾਂ, ਘੋੜਿਆਂ, ਭੇਡਾਂ, ਬੱਕਰੀਆਂ ਆਦਿ ਪਸ਼ੂਆਂ ਦੇ ਅਲੱਗ-ਅਲੱਗ ਗ੍ਰਾਮ ਸਾਂਝੇ ਪਸ਼ੂ-ਵਾੜੇ ਬਣਾਏ ਜਾਂਦੇ ਸਨ। ਦੁੱਧ ਦੇਣ ਵਾਲੀਆਂ ਗਾਵਾਂ, ਵਛਰੂਆਂ ਨੂੰ ਰੱਖ ਕੇ, ਬਾਕੀ ਪਸ਼ੂਆਂ ਨੂੰ ਜੰਗਲ ਵਿੱਚ ਘਾਹ ਚੁਗਣ ਲਈ ਛੱਡ ਦਿੱਤਾ ਜਾਂਦਾ ਸੀ। ਪੁਰਸ਼ ਰਥਾਂ, ਘੋੜਿਆਂ ਉੱਤੇ ਦੌੜਾਂ ਲਾਉਣ ਦੇ ਸ਼ੌਕੀਨ ਸਨ। ਇਸਤਰੀਆਂ ਤਰ੍ਹਾਂ-ਤਰ੍ਹਾਂ ਦੇ ਨ੍ਰਿਤ ਕਰਕੇ ਤੇ ਗੀਤ ਗਾ ਕੇ ਮਨ-ਪ੍ਰਚਾਵਾ ਕਰਦੀਆਂ ਸਨ। ਸਾਜ਼ਾਂ ਵਿੱਚ ਢੋਲ, ਵੰਝਲੀ, ਵੀਣਾ ਪ੍ਰਮੁੱਖ ਸਾਜ਼ ਸਨ। ਨਾਰੀਆਂ ਗਹਿਣਿਆਂ ਦੀਆਂ ਸ਼ੌਕੀਨ ਸਨ। ਉਹ ਹੱਥਾਂ ਵਿੱਚ ਕੰਗਣ, ਪੈਰਾਂ ਵਿੱਚ ਝਾਜਰਾਂ, ਗਲ ਵਿੱਚ ਹਾਰ ਤੇ ਕੰਨਾਂ ਵਿੱਚ ਬੁੰਦੇ ਪਾਉਂਦੀਆਂ ਸਨ। ਮਰਦ ਕੰਨਾਂ ਵਿੱਚ ਮੁਰਕੀਆਂ ਪਾਉਂਦੇ ਸਨ। ਪੁਰਸ਼ ਆਮ ਤੌਰ 'ਤੇ ਦਾੜ੍ਹੀ ਰੱਖਦੇ ਸਨ। ਪਰ ਨੌਜਵਾਨ ਦਾੜ੍ਹੀ ਮੁੰਨ ਵੀ ਲੈਂਦੇ ਸਨ। ਨਰ-ਨਾਰੀ ਦੋ ਕੱਪੜੇ ਪਹਿਨਦੇ ਸਨ। ਇਕ ਤੇੜ ਤੇ ਦੂਸਰਾ ਉੱਤੇ ਲੈਣ ਵਾਲਾ ਉੱਤਰਾ ਸੰਗ।

ਪਾਸਿਆਂ ਨਾਲ ਜੂਆ ਖੇਡਣ ਦਾ ਆਮ ਰਿਵਾਜ ਸੀ। ਪੁਰਸ਼ ਜੂਏ ਵਿੱਚ ਘਰ, ਪਸ਼ੂ, ਗਹਿਣੇ ਤੇ ਕਈ ਵਾਰ ਘਰਦੀਆਂ ਇਸਤਰੀਆਂ ਵੀ ਹਾਰ ਜਾਂਦੇ ਸਨ। ਵੈਦਿਕ ਭਾਸ਼ਾ ਦੇ ਸ਼ਬਦ 'ਵਧੂ' ਦਾ ਅਰਥ ਬਹੂ ਜਾਂ ਪਤਨੀ ਨਹੀਂ, ਸਗੋਂ 'ਲੁੱਟ ਕੇ ਲਿਆਂਦੀ ਹੋਈ'

ਜਾਂ 'ਉਧਾਲੀ ਹੋਈ' ਇਸਤਰੀ ਜਾਂ ਦਾਸੀ ਹੈ। ਭਾਵ ਪਿਓ ਤੇ ਭਰਾਵਾਂ ਦਾ 'ਵੱਧ' ਕਰਕੇ ਲਿਆਂਦੀ ਹੋਈ 'ਵਧੂ' ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਮੱਧ ਕਾਲ ਤੱਕ ਰਾਜਿਆਂ ਸੈਨਾਪਤੀਆਂ ਵਿੱਚ ਇਹ ਰਵਾਇਤ ਚਲੀ ਆਉਂਦੀ ਰਹੀ ਕਿ ਜਦ ਵੀ ਕਿਸੇ ਰਾਜਾ ਦੀ ਸੁੰਦਰ ਭੈਣ ਜਾਂ ਧੀ ਜਵਾਨ ਹੁੰਦੀ ਸੀ ਤਾਂ ਨੇੜੇ-ਤੇੜੇ ਦੇ ਰਾਜਿਆਂ ਵਿੱਚ ਆਪਣੀ ਉੱਚਤਾ ਦਿਖਾਉਣ ਲਈ ਇਹ ਦੌੜ ਲੱਗ ਜਾਂਦੀ ਸੀ ਕਿ 'ਦੇਖੋ ਭਲਾ ਕਿਹੜਾ ਰਾਜਾ ਉਸ ਸੁੰਦਰੀ ਨੂੰ ਉਹਦੇ ਭਰਾ ਜਾਂ ਪਿਓ ਦਾ ਵਧ ਕਰਕੇ, ਉਹਨੂੰ ਜਿੱਤ ਕੇ ਲਿਆਉਂਦਾ ਹੈ। ਤੇ ਇਹਨੂੰ ਆਪਣੀ 'ਵਧੂ' ਬਣਾਉਂਦਾ ਹੈ। ਰਾਜਿਆਂ ਤੋਂ ਪੁਰਸਕਾਰ ਪ੍ਰਾਪਤ ਕਰਨ ਵਾਲੇ ਇਤਿਹਾਸਕਾਰ, ਅਜਿਹੀਆਂ ਮਾਪਿਆ ਦਾ ਵਧ ਕਰਕੇ ਲਿਆਂਦੀਆਂ ਔਰਤਾਂ, ਰਾਣੀਆਂ ਨੂੰ ਰਾਜਿਆਂ ਦੇ ਰਣਵਾਸ ਵਿੱਚ ਅਤਿਅੰਤ ਖੁਸ਼ ਤੇ ਸੰਤੁਸਟ ਦਿਖਾਉਂਦੇ ਆ ਰਹੇ ਹਨ। ਪਰ ਕੀ ਅਜਿਹੀਆਂ ਔਰਤਾਂ ਖੁਸ਼ ਰਹਿ ਸਕਦੀਆਂ ਹਨ। ਇਕ ਮਿਸਾਲ। ਮਹਾਂਭਾਰਤ ਦਾ ਵੀਰ, ਯੋਧਾ ਭੀਸ਼ਮ ਪਿਤਾਮਾ ਕਾਸ਼ੀ ਦੇ ਰਾਜੇ ਨਾਲ ਯੁੱਧ ਕਰਕੇ, ਉਹਨੂੰ ਮਾਰ ਕੇ ਉਹਦੀਆਂ ਤਿੰਨ ਪੁੱਤਰੀਆਂ ਅੰਬਾਂ, ਆਬਕਾ ਤੇ ਅੰਬਾਲਿਕਾਂ ਨੂੰ ਆਪਣੇ, ਰਥ ਵਿੱਚ ਬੰਨ੍ਹ ਕੇ ਬਿਠਾ ਕੇ ਲਿਆ ਰਿਹਾ ਸੀ। ਰਾਹ ਵਿੱਚ ਅੰਬਾ ਰਥ ਵਿਚੋਂ ਉਤਰਕੇ ਭੱਜ ਗਈ। ਤੇ ਭੱਜਣ ਲੱਗੀ ਭੀਸ਼ਮ ਪਿਤਾਮਾ ਨੂੰ ਲਲਕਾਰ ਕੇ ਕਹਿ ਗਈ, "ਹੇ ਭੀਸ਼ਮ! ਤੂੰ ਮੇਰੇ ਪਿਤਾ ਨੂੰ ਮਾਰ ਕੇ, ਸਾਨੂੰ ਚੁੱਕ ਕੇ ਲਿਆਇਆ ਹੈਂ। ਯਾਦ ਰੱਖੀਂ.... ਮੈਂ ਆਪਣੇ ਪਿਤਾ ਦਾ ਬਦਲਾ.... ਤੈਨੂੰ ਮੌਤ ਦੇ ਘਾਟ ਉਤਾਰ ਕੇ ਲਵਾਂਗੀ" (ਅੰਬਾ ਮਹਾਂਭਾਰਤ ਦੇ ਯੁੱਧ ਵਿੱਚ ਭੀਸ਼ਮ ਦੀ ਮੌਤ ਦਾ ਕਾਰਨ ਬਣੀ ਵੀ ਸੀ।)

ਮਹਾਂਭਾਰਤ ਕਾਲ ਤੋਂ ਬਾਦ, ਧਰਤੀ ਦੀ ਉਥਲ-ਪੁਥਲ ਹੋਣ ਕਰਕੇ, ਭੂਗੋਲਿਕ ਕਾਰਨਾਂ ਕਰਕੇ... ਸਾਰਸਵਤ ਦੇਸ਼ ਵਿਚੋਂ.....ਸਰਸਵਤੀ ਨਦੀ ਦੀ ਧਾਰਾ ਅਲੋਪ ਹੁੰਦੀ ਚਲੀ ਗਈ। (ਹੁਣ ਸਰਸਵਤੀ ਨਦੀ ਦੇ ਅਵਸ਼ੇਸਾਂ ਨੂੰ ਲੱਭਿਆ ਜਾ ਰਿਹਾ ਹੈ।) ਤੇ ਜੰਗਾਂ, ਯੁੱਧਾਂ, ਇਤਿਹਾਸਕ ਕਾਰਨਾਂ ਕਰਕੇ..... ਸਿੰਧੂ ਨਾਂ ਦਾ ਇਲਾਕਾ, 'ਸਿੰਧ' ਦਰਿਆ ਸਮੇਤ...... ਸਾਰਸਵਤ ਦੇਸ਼ ਨਾਲੋਂ ਅਲੱਗ ਹੋ ਗਿਆ ਸੀ।

ਸਾਰਸਵਤ ਦੇਸ ਵਿੱਚ ਦੋ ਦਰਿਆਵਾਂ, ਸਰਸਵਤੀ ਤੇ ਸਿੰਧ ਦੇ ਨਿਲਕ ਜਾਣ ਕਰਕੇ ਬਾਕੀ ਬਚਦੇ ਪੰਜ ਦਰਿਆਵਾਂ ਸਤਲੁਜ, ਬਿਆਸ, ਰਾਵੀ, ਚਿਨਾਬ ਤੇ ਜਿਹਲਮ ਦੇ ਇਲਾਕੇ ਨੂੰ ਪੰਜਾਬ (ਪੰਜ ਦਰਿਆਵਾਂ ਦੀ ਧਰਤੀ) ਕਿਹਾ ਜਾਣ ਲੱਗਿਆ। ਆਧੁਨਿਕ ਕਾਲ ਵਿੱਚ ਪੰਜਾਬ ਦੇ ਵੱਖ-ਵੱਖ ਦੋਆਬਿਆਂ ਵਿੱਚ ਬੋਲੀਆਂ ਜਾਣ ਵਾਲੀਆਂ ਪੰਜਾਬੀ ਦੀਆਂ ਵੱਖ-ਵੱਖ ਉਪ-ਭਾਸ਼ਾਵਾਂ ਦਾ ਅਧਿਐਨ ਕੀਤਾ ਜਾਣ ਲੱਗਿਆ। ਤਾਂ ਦਰਿਆ ਸਤਲੁਜ ਤੇ ਦਰਿਆ ਘੱਗਰ ਵਿਚਕਾਰਲੇ ਦੋਆਬੇ ਵਿੱਚ ਬੋਲੀ-ਜਾਣ ਵਾਲੀ ਪੰਜਾਬੀ ਦੀ ਉਪ-ਭਾਸ਼ਾ ਨੂੰ, ਪੰਜਾਬ ਦੇ ਪੂਰਵ-ਅਰਧ ਵਿੱਚ ਬੋਲੀ ਜਾਣ ਕਰਕੇ 'ਪੁਆਧੀ' ਦਾ ਨਾਂ ਦਿੱਤਾ ਗਿਆ। ਠੇਠ ਪੁਆਧੀ ਕੁੰਭੜਾ, ਸੁਹਾਣਾ, ਮੌਲੀ ਤੇ ਮਟੌਰ ਪਿੰਡਾਂ ਵਿੱਚ ਬੋਲੀ ਜਾਂਦੀ ਮੰਨੀ ਗਈ ਹੈ।

# 3. ਪੁਆਧੀ ਖਿੱਤਾ: ਆਰਥਿਕ, ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ

*ਡਾ. ਕੇਸਰ ਸਿੰਘ ਬਰਵਾਲੀ*

ਪੁਆਧ ਨੂੰ ਅਕਸਰ ਹੀ ਅੰਬਾਂ, ਖਜੂਰਾਂ, ਕਿੱਕਰਾਂ, ਕਾਹੀ ਅਤੇ ਥੋਹਰਾਂ ਦਾ ਦੇਸ ਆਖਿਆ ਜਾਂਦਾ ਰਿਹਾ ਹੈ। ਕਿਉਂਕਿ ਮਾਰੂ ਖੇਤੀ ਹੋਣ ਦੀ ਵਜ੍ਹਾ ਕਰਕੇ ਸਾਰੀ ਆਰਥਿਕਤਾ ਗਰੀਬੀ ਅਤੇ ਤੰਗੀ ਵਾਲੀ ਸੀ। ਲੋਕਾਂ ਨੂੰ ਆਪਣਾ ਗੁਜ਼ਰ ਬਸਰ ਬੜੀ ਕੰਜੂਸੀ ਨਾਲ ਕਰਨਾ ਪੈਂਦਾ ਸੀ।

ਅੰਗਰੇਜ਼ ਤੇ ਰਿਆਸਤੀ ਵਕਤ ਵੇਲੇ ਇਸ ਪੁਆਧੀ ਖੇਤਰ ਦੀ ਆਰਥਿਕ ਬਣਤਰ ਨੇ ਸਮਾਜਿਕ ਤੇ ਸਭਿਆਚਾਰਕ ਬਦਲਾਉ ਨੂੰ ਕਾਫੀ ਪ੍ਰਭਾਵਿਤ ਕੀਤਾ। ਵਸੇਬ ਦੇ ਪੱਧਰ ਉੱਤੇ ਸਿਰਜੇ ਗਏ ਪਿੰਡ ਦੀ ਬੁਨਿਆਦੀ ਸਮੁੱਚਤਾ ਵਿੱਚ ਪੰਜਾਬੀ ਪਿੰਡ ਵਰਗੀ ਹੀ ਸੀ ਪ੍ਰੰਤੂ ਜਿਵੇਂ ਕਿ ਨਾਂ ਤੋਂ ਸਪੱਸ਼ਟ ਹੈ ਪੂਰਬ ਅਰਧ ਦਾ ਖਿੱਤਾ ਹੋਣ ਕਰਕੇ ਗੰਗਾ ਜਮਨਾ ਦੇ ਦੁਆਬਿਆਂ ਦੀ ਸਮਾਜਿਕ ਬਣਤਰ ਨੇ ਵੀ ਇਸ ਖੇਤਰ ਦੇ ਪਿੰਡਾਂ ਨੂੰ ਕਾਫੀ ਪ੍ਰਭਾਵਿਤ ਕੀਤਾ। ਸ਼੍ਰੇਣੀ ਵੰਡ ਦੇ ਮੁਤਾਬਿਕ ਬਣਤਰ ਵਿੱਚ ਛੂਤ-ਛਾਤ ਦਾ ਪ੍ਰਗਟਾਵਾ ਕੇਂਦਰੀ ਪੰਜਾਬ ਨਾਲੋਂ ਇਹਨਾਂ ਖੇਤਰਾਂ ਵਿੱਚ ਕੁੱਝ ਜਿਆਦਾ ਸੀ। ਪ੍ਰੰਤੂ ਉਭਰਵੀਂ ਗੱਲ ਇਹ ਸੀ ਕਿ ਜਗੀਰਦਾਰਾਂ, ਸਰਦਾਰਾਂ ਜਾਂ ਚੌਧਰੀਆਂ ਨੂੰ ਛੱਡ ਕੇ ਸਮੁੱਚੀਆਂ ਸਵਰਨ ਜਾਤੀਆਂ ਅਤੇ ਨੀਵੀਆਂ ਜਾਤੀਆਂ ਸਮੁੱਚੇ ਤੌਰ ਤੇ ਆਰਥਿਕ ਮੰਦਹਾਲੀ ਦਾ ਸ਼ਿਕਾਰ ਸਨ। ਇਥੋਂ ਤੀਕ ਕਿ ਨੀਵੀਆਂ ਜਾਤੀਆਂ ਮੁਕਾਬਲਤਾਨ ਹਾਲਤ ਸਮਾਜੀ ਰੁਤਬੇ ਤੋਂ ਬੇ ਪ੍ਰਵਾਹ ਆਰਥਿਕਤਾ ਵਿੱਚ ਆਪਣੇ ਸਵਰਨ ਜਾਤੀ ਭਾਈਵੰਦਾਂ ਤੋਂ ਕਾਫੀ ਹੱਦ ਤੀਕ ਚੰਗੀ ਹੀ ਸੀ। ਜਿਸ ਦੀ ਮਿਸਾਲ ਨੀਵੀਆਂ ਜਾਤਾਂ ਵਿਚੋਂ ਖਾਸ ਕਰਕੇ ਰਵਿਦਾਸੀਆਂ ਵੱਲੋਂ ਸਿੱਖ ਫਲਸਫੇ ਨੂੰ ਤਰਜੀਹੀ ਤੌਰ ਤੇ ਲੈਣ ਦੇ ਪਿੱਛੇ ਸਿੱਖ ਸਿਧਾਂਤ ਵਿੱਚ ਅਗਾਂਹਵਧੂ ਵਿਕਾਸ ਪ੍ਰਕ੍ਰਿਆ ਦਾ ਹੋਣਾ ਵੀ ਸੀ। ਜਿਹਨਾਂ ਵਿੱਚ ਜਿਆਦਾਤਰ ਸਿੱਖ, ਮੁਸਲਿਮ ਅਤੇ ਹਿੰਦੂ ਜੱਟਾਂ ਦੀ ਅਬਾਦੀ ਕਰੀਬ-ਕਰੀਬ ਬਰਾਬਰ ਸੀ, ਦੂਜੇ ਨੰਬਰ ਤੇ ਰਾਜਪੂਤ ਆਉਂਦੇ ਸਨ। ਜਿਹਨਾਂ ਵਿੱਚ ਮੁਸਲਮਾਨ ਤੇ ਹਿੰਦੂ ਰਾਜਪੂਤਾਂ ਦੀ ਗਿਣਤੀ ਕਰੀਬ-ਕਰੀਬ 60-40 ਦੇ ਅਨੁਪਾਤ ਵਿੱਚ ਸੀ। ਸਵਰਨ ਜਾਤੀਆਂ ਵਿੱਚ ਬ੍ਰਾਹਮਣਾਂ ਦੀ ਤਾਦਾਦ ਵੀ ਕਾਫੀ ਗਿਣਤੀ ਵਿੱਚ ਸੀ। ਇਹਨਾਂ ਤੋਂ ਬਗੈਰ ਹਿੰਦੂ ਤੇ ਮੁਸਲਮਾਨ ਗੁੱਜਰ ਵੀ ਕਾਫੀ ਗਿਣਤੀ ਵਿੱਚ ਸਨ। ਨੀਵੀਆਂ ਸ਼੍ਰੇਣੀਆਂ ਵਿੱਚ ਹਿੰਦੂ ਚਮਾਰਾਂ ਦੀ ਰਾਮਦਾਸੀਏ ਅਤੇ ਸਿੱਖਾਂ ਦੀ ਤਾਦਾਦ ਪ੍ਰਭਾਵਸ਼ਾਲੀ ਸੀ। ਇਹਨਾਂ ਤੋਂ ਬਗੈਰ ਪ੍ਰਭਾਵਸ਼ਾਲੀ ਜਾਤਾਂ ਵਿੱਚ ਮੁਸਲਮਾਨਾਂ ਵਿੱਚ ਅਰਾਂਈ ਤੇ ਫਕੀਰ ਅਤੇ ਹਿੰਦੂਆਂ ਵਿੱਚ ਚੂਹੜੇ ਅਤੇ ਕਹਾਰ ਭਾਵ ਝਿਊਰ ਕਾਫੀ ਗਿਣਤੀ ਵਿੱਚ ਸਨ। ਜੇਕਰ ਅਸੀਂ ਕਹਿਣਾ ਹੋਵੇ ਕਿ ਇਸ ਖੇਤਰ ਦੀ

ਜਾਤੀ ਪ੍ਰਬੰਧ ਵਿੱਚ ਹਿੰਦੂਆਂ ਦੀਆਂ ਮੁੱਖ ਜਾਤਾਂ ਵਿੱਚ ਬਾਣੀਏ (ਅਗਰਵਾਲ) ਬ੍ਰਾਹਮਣ ਗੁੱਜਰ, ਜੱਟ, ਰਾਜਪੂਤ, ਚੂਹੜੇ, ਚਮਿਆਰ, ਕਹਾਰ, ਖੱਤਰੀ, ਕੰਬੋਜ, ਮਾਲੀ, ਨਾਈ, ਸੈਣੀ, ਸੁਨਿਆਰ, ਲੁਹਾਰ, ਕਨੇਤ ਅਤੇ ਤਰਖਾਣ ਸਨ। ਮੁਸਲਮਾਨਾਂ ਵਿੱਚ ਰਾਜਪੂਤ, ਸਈਅਦ, ਮੀਰ, ਅਰਾਂਈ, ਫਕੀਰ, ਗੁੱਜਰ, ਜੁਲਾਹੇ, ਕੰਬੋਜ, ਲੁਹਾਰ, ਮਿਰਾਸੀ, ਓਡ, ਪਠਾਨ, ਕਾਸਬ, ਸੇਖ, ਤੇਲੀ ਆਉਂਦੇ ਸਨ। ਸਿੱਖਾਂ ਵਿੱਚ ਜੱਟ, ਰਾਮਦਾਸੀਏ, ਕੰਬੋਜ, ਖੱਤਰੀ, ਘੁਮਿਆਰ, ਨਾਈ, ਸੈਣੀ ਆਉਂਦੇ ਸਨ। ਉਪਰੋਕਤ ਤੱਥਾਂ ਤੋਂ ਇੱਕ ਗੱਲ ਉਜਾਗਰ ਹੁੰਦੀ ਹੈ ਕਿ ਪੁਆਧੀ ਦਾ ਇਹ ਖਿੱਤਾ ਤਿੰਨਾਂ ਧਰਮਾਂ ਦੇ ਸੁਮੇਲ ਹੋਣ ਦੇ ਬਾਵਜੂਦ ਗਿਣਤੀ ਦੇ ਪੱਖੋਂ ਸਿੱਖਾਂ ਨਾਲੋਂ ਹਿੰਦੂ ਮਨੀ ਮਾਜਰੇ, ਸੰਘੋਲ, ਬਨੂੜ, ਘਨੌਰ, ਅੰਬਾਲਾ, ਰਾਜਪੁਰਾ ਆਦਿ ਦੇ ਮੁਕਾਬਲੇ ਜਿਆਦਾ ਸੀ। ਬੇਸ਼ਕ ਸਿੱਖਾਂ ਦੀ ਤਦਾਦ ਘੱਟ ਸੀ ਪਰ ਸਰਦਾਰੀ ਦੇ ਪੱਖੋਂ ਸਿੱਖ ਜਗੀਰਦਾਰਾਂ ਦਾ ਜਿਆਦਾ ਬੋਲਬਾਲਾ ਸੀ ਅਤੇ ਬਹੁਤੇ ਪਿੰਡਾਂ ਵਿੱਚ ਇਹਨਾਂ ਦੇ ਮੁਜਾਰੇ ਹਿੰਦੂ, ਮੁਸਲਿਮ, ਸਿੱਖ ਜੱਟਾਂ ਦੇ ਨਾਲੋ-ਨਾਲ ਮੁਸਲਿਮ ਅਤੇ ਹਿੰਦੂ ਧਰਮਾਂ ਦੀਆਂ ਦੂਸਰੀਆਂ ਜਾਤੀਆਂ ਵੀ ਸਨ ਅਤੇ ਨਾਲ ਹੀ ਖੇਤੀ ਕਰਨ ਵਾਲੀਆਂ ਜਾਤਾਂ ਕੋਲ ਜ਼ਮੀਨ ਦੀ ਮਾਲਕੀ ਵੀ ਸੀ। ਹਿੰਦੂ ਰਾਜਪੂਤ, ਬ੍ਰਾਹਮਣ ਅਤੇ ਮੁਸਲਿਮ ਪਠਾਨ ਅਤੇ ਸਯੀਅਦ ਜਗੀਰਦਾਰਾਂ ਜਾਂ ਚੌਧਰੀਆਂ ਦੇ ਮੁਜਾਰਿਆਂ ਜਾਂ ਕੰਮੀਆਂ ਵਰਗਾ ਹੀ ਸੀ। ਅੰਗਰੇਜ਼ੀ ਇਲਾਕੇ ਵਿੱਚ ਅੰਗਰੇਜ਼ਾਂ ਨਾਲ ਰਸਾਈ ਹੋਣ ਕਰਕੇ ਅਤੇ ਰਿਆਸਤੀ ਇਲਾਕਿਆਂ ਵਿੱਚ ਰਾਜਿਆਂ ਨਾਲ ਰਸਾਈ ਹੋਣ ਕਰਕੇ ਜਗੀਰਦਾਰਾਂ ਜਾਂ ਚੌਧਰੀਆਂ ਵੱਲੋਂ ਸਰਕਾਰ ਜਾਂ ਰਿਆਸਤ ਲੋੜ ਪੈਣ ਉੱਤੇ ਆਮ ਲੋਕਾਂ ਨੂੰ ਡਰਾ ਕੇ ਜਾਂ ਪ੍ਰੇਰ ਕੇ ਰਾਜ ਦੀ ਸੇਵਾ ਹਿਤ ਤੋਰਨ ਦੀ ਪ੍ਰਵਿਰਤੀ ਨੂੰ ਵੀ ਵੇਖਿਆ ਜਾ ਸਕਦਾ ਹੈ। ਇਹ ਹੀ ਵਜ੍ਹਾ ਹੈ ਕਿ ਫੌਜੀ ਭਰਤੀ ਦੇ ਮੌਕੇ ਜਾਂ ਰਾਜ ਲਈ ਲੋੜੀਂਦੀ ਕਿਸੇ ਵਕਤ ਸਿੱਖ ਹਿੰਦੂ ਅਤੇ ਮੁਸਲਿਮ ਜਗੀਰਦਾਰਾਂ ਤੇ ਚੌਧਰੀਆਂ ਦੀਆਂ ਸੇਵਾਵਾਂ ਦੀ ਲੋੜ ਅਕਸਰ ਹੀ ਪੈਂਦੀ ਰਹਿੰਦੀ ਸੀ ਅਤੇ ਇਹ ਸੇਵਾਵਾਂ ਨਿਭਾਉਣ ਦੇ ਇਵਜ਼ ਵਿੱਚ ਜੈਲਦਾਰੀਆਂ, ਸਫੈਦਪੋਸ਼ੀਆਂ ਅਤੇ ਨੰਬਰਦਾਰੀਆਂ ਇਹਨਾਂ ਵੱਡਿਆਂ ਦੀ ਝੋਲੀ ਵਿੱਚ ਪਾ ਦਿੱਤੀਆਂ ਜਾਂਦੀਆਂ ਸਨ।

ਪਹਿਲ ਦੇ ਆਧਾਰ 'ਤੇ ਵੱਖੋ-ਵੱਖਰੇ ਰੂਪਾਂ ਭਾਵ ਸਭਿਆਚਾਰਕ ਲੋਕ ਵਿਸ਼ਵਾਸਾਂ, ਲੋਕ ਗੀਤਾਂ, ਲੋਕ ਖੇਡਾਂ, ਰੀਤੀ ਰਿਵਾਜ਼ਾਂ, ਧਾਰਮਿਕ ਅਕੀਦਿਆਂ ਤੇ ਲੋਕ ਬੋਲੀ ਨੂੰ ਕਿਸੇ ਵੀ ਖਿੱਤੇ ਦੀ ਆਰਥਿਕਤਾ ਦੇ ਨਾਲ ਜੋੜ ਕੇ ਹੀ ਵੇਖਿਆ ਜਾ ਸਕਦਾ ਹੈ ਕਿਉਂਕਿ ਆਰਥਿਕਤਾ ਪਹਿਲੂਆਂ ਨੂੰ ਪ੍ਰਭਾਵਿਤ ਕਰਦੀ ਹੈ। ਜਿਹੜੇ ਰੂਪ ਵਿੱਚ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰਦੇ ਹਨ। ਪੁਆਧੀ ਸਭਿਆਚਾਰ ਵਿੱਚ ਧਰਮ ਦੀ ਵਰਤੋਂ ਨਿੱਜ ਨਾਲੋਂ ਸਮੂਹ ਦੇ ਰੂਪ ਵਿੱਚ ਵਿਚਰਦਿਆਂ ਵਧੇਰੇ ਅਕੀਦਤ ਨਾਲ ਕੀਤੀ ਗਈ ਹੈ। ਖਾਸ ਕਰਕੇ ਹਿੰਦੂ ਧਰਮ ਦੀਆਂ ਦੇਵੀਆਂ ਦੇ ਪ੍ਰਚੰਡ ਰੂਪ ਨੂੰ ਮੰਨਦਿਆਂ ਉਹਨਾਂ

ਤੋਂ ਲੋਕਾਈ ਦੀ ਭਲਾਈ ਦੀ ਉਮੀਦ ਰੱਖੀ ਗਈ ਹੈ। ਪੁਆਧੀ ਖੇਤਰ ਵਿੱਚ ਸਭ ਤੋਂ ਜਿਆਦਾ ਮਾਨਤਾ ਦੇਵੀਆਂ ਦੀ ਜੈਂਤੀ ਦੇਵੀ, ਮਨਸਾ ਦੇਵੀ, ਨੈਣਾਂ ਦੇਵੀ ਆਦਿ ਦੇ ਰੂਪ ਵਿੱਚ ਕਰਦਿਆਂ ਨਾਲ ਹੀ ਯੋਗੀਆਂ ਦੇ ਮੁੱਢ ਸ਼ਿਵ ਨੂੰ ਸਭ ਤੋਂ ਵੱਡੇ ਦੇਵਤੇ ਦੇ ਰੂਪ ਵਿੱਚ ਪੂਜਿਆ ਗਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼ਿਵ ਪਾਰਵਤੀ ਦਾ ਸੰਕਲਪ ਪੁਆਧੀ ਖੇਤਰ ਦੀ ਧਾਰਮਿਕ ਅਕੀਦਤ ਦਾ ਧੁਰਾ ਹੈ। ਹੈਰਾਨੀ ਦੀ ਗੱਲ ਹੈ ਕਿ ਸਿੱਖ ਧਰਮ ਦੇ ਅਨੁਆਈਆਂ ਅਤੇ ਮੁਸਲਿਮ ਧਰਮ ਦੇ ਪੈਰੋਕਾਰਾਂ ਵਿੱਚ ਵੀ ਹਿੰਦੂ ਦੇਵੀਆਂ ਸਤਿਕਾਰ ਦੀਆਂ ਪਾਤਰ ਰਹੀਆਂ ਹਨ। ਇਹ ਹੀ ਵਜ੍ਹਾ ਹੈ ਕਿ ਦੇਵੀਆਂ ਦੇ ਮੇਲਿਆਂ ਉੱਤੇ ਅਤੇ ਸ਼ਿਵਰਾਤਰੀ ਦੇ ਇਕੱਠਾਂ ਉੱਤੇ ਹਿੰਦੂ ਸਿੱਖ, ਮੁਸਲਿਮ ਸ਼ਰਧਾਲੂਆਂ ਤੇ ਭਗ਼ਤਾਂ ਦਾ ਇਕੱਠ ਪੁਆਧ ਖੇਤਰ ਦੇ ਧਾਰਮਿਕ ਉਦਾਰੀ ਕਰਨ ਉੱਤੇ ਝਾਤ ਪੁਆਉਂਦਾ ਹੈ। ਲੋਕ ਸੱਥਾਂ ਵਿੱਚ ਅਤੇ ਲੋਕ ਸਾਹਿਤ ਦੀਆਂ ਪੁਆਧੀ ਵੰਨਗੀਆਂ ਵਿੱਚ ਦੇਵੀ ਦੀ ਕਥਾ ਜਾਂ ਦੇਵੀ ਦੀ ਅਰਾਧਨਾਂ ਜਿਆਦਾ ਕੀਤੀ ਗਈ ਹੈ।

## ਪੁਆਧੀ ਖੇਤਰ ਦੀ ਪੁਰਾਤਤਵਤਾ

ਜਦੋਂ ਅਸੀਂ ਭਾਰਤੀ ਪੁਰਾਤਤਵ ਵੱਲ ਨਜ਼ਰ ਮਾਰਦੇ ਹਾਂ ਤਾਂ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਇਥੇ ਦਾ ਵਰਤਾਰਾ ਵੀ ਇਹੋ ਜਿਹਾ ਹੀ ਰਿਹਾ। ਸਾਡੇ ਕੋਲ ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਰਿਗ ਵੇਦ ਮੌਜੂਦ ਹੈ ਜੋ ਭਾਰਤੀ ਸਭਿਅਤਾ ਬਾਰੇ ਅੱਜ ਤੋਂ 4000 ਸਾਲ ਪਹਿਲਾਂ ਵਾਲੇ ਦੌਰ ਦੀ ਗੱਲ ਕਰਦਾ ਹੈ। ਬੇਸ਼ੱਕ ਇਸ ਦੇ ਸ਼ਲੋਕ ਸਮੁੱਚੇ ਢਾਂਚੇ ਉੱਤੇ ਨਜ਼ਰ ਨਹੀਂ ਪਾਉਂਦੇ ਪਰ ਇਹਨਾਂ ਵਿੱਚੋਂ ਸਾਨੂੰ ਉਸ ਵਕਤ ਦੇ ਸਭਿਆਚਾਰਕ ਮੁੱਲਾਂ, ਸਮਾਜਿਕ ਕਾਰਜਾਂ, ਧਾਰਮਿਕ ਵਿਸ਼ਵਾਸਾਂ, ਨੈਤਿਕ ਕਰਤੱਵਾਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਬਾਰੇ ਸਭ ਕੁਝ ਪ੍ਰਾਪਤ ਹੁੰਦਾ ਹੈ। ਵੇਦ, ਸ਼ਾਸਤਰ, ਪੁਰਾਣ, ਸਮ੍ਰਿਤੀਆਂ ਅਤੇ ਹੋਰ ਪੋਰਾਣਿਕ ਗ੍ਰੰਥ ਸਮੇਂ ਅਤੇ ਸਥਿਤੀਆਂ ਨੂੰ ਦ੍ਰਿਸ਼ਟੀਮਾਨ ਕਰਦੇ ਹਨ। ਪਿਛਲੇ ਪੰਜ ਹਜ਼ਾਰ ਸਾਲਾਂ ਵਿੱਚ ਭਾਰਤੀ ਉਪਮਹਾਂਦੀਪ ਵਿੱਚ ਬਹੁਤ ਸਾਰੀਆਂ ਕੌਮਾਂ ਜਾਂ ਜਾਤੀਆਂ ਆਉਂਦੀਆਂ ਰਹੀਆਂ। ਪਹਿਲਾਂ ਵਸਦੀਆਂ ਜਾਤੀਆਂ ਦੀ ਤਬਾਹੀ ਕਰਦੀਆਂ ਰਹੀਆਂ ਜਾਂ ਫਿਰ ਉਹਨਾਂ ਨੂੰ ਅਗਾਂਹ ਧੱਕਦੀਆਂ ਰਹੀਆ ਪਰ ਨਾਲ ਹੀ ਇਥੋ ਦੇ ਲੋਕਾਂ ਨਾਲ ਸਰੀਰਕ ਸਬੰਧ ਕਾਇਮ ਕਰਕੇ ਮਿਲੀ ਜੁਲੀ ਨਸਲੀ ਇਕਸੁਰਤਾ ਵਿੱਚ ਵੀ ਕਾਰਜ ਨਿਭਾਉਂਦੀਆਂ ਰਹੀਆਂ। ਪਦਾਰਥਕ ਤਬਦੀਲੀ ਰਾਹੀਂ ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਮੁੱਲਾਂ ਉੱਤੇ ਅਸਰ ਵੀ ਹੁੰਦਾ ਰਿਹਾ। ਭਾਰਤੀ ਉਪ ਮਹਾਂਦੀਪ ਵਿੱਚ ਇਸ ਸਮੇਂ ਦੌਰਾਨ ਆਰੀਆਂ, ਆਸਟਰਿਕ, ਮੰਗੋਲ, ਯੂਨਾਨੀ, ਸਿਥੀਅਨ, ਪਾਰਥੀਅਨ ਜਾਂ ਕੁਸ਼ਾਨ, ਅਫਗਾਨ, ਮੁਗਲ, ਪੁਰਤਗੇਜ਼, ਅੰਗਰੇਜ਼ ਆਦਿ ਕੌਮਾਂ ਸਮੇਂ ਸਮੇਂ ਤੇ ਆਈਆਂ। ਇਥੋਂ ਦੀ ਦਰਾਵੜ ਵੰਸ਼ ਦੀ ਸ਼ਹਿਰੀ ਜ਼ਿੰਦਗੀ ਦਾ ਸਮਤੋਲ ਵਿਗਾੜਨ ਦੀ ਗੱਲ ਅਸੀਂ ਅਕਸਰ ਹੀ ਇਤਿਹਾਸ ਵਿੱਚ ਪੜ੍ਹਦੇ ਹਾਂ। ਸਮੇਂ ਸਮੇਂ ਤੇ ਉਪਰੋਕਤ ਕੌਮਾਂ ਦੀ ਆਮਦ

ਨਾਲ ਇਥੋਂ ਦੀ ਸਭਿਅਤਾ ਅਤੇ ਸਭਿਆਚਾਰ ਅਸਰ ਅੰਦਾਜ਼ ਹੁੰਦੇ ਰਹੇ ਹਨ। ਮੁਹੰਜੋਦਾੜੋ, ਹੜੱਪਾ, ਸੰਘੋਲ, ਰੋਪੜ ਪੀਲੀਆਂ ਬੰਗਾ, ਹਸਤਨਾਪੁਰ ਅਤੇ ਹੋਰ ਬਹੁਤ ਸਾਰੀਆਂ ਪੁਰਾਤਤਵੀ ਥਾਵਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ।

ਪੰਜਾਬ ਹਮੇਸ਼ਾ ਹੀ ਭਾਰਤੀ ਉਪਮਹਾਂਦੀਪ ਦਾ ਮੁੱਖ ਦਰਵਾਜਾ ਰਿਹਾ ਹੈ। ਜਿਹੜਾ ਪੱਛਮੀ ਏਸ਼ੀਆ ਅਤੇ ਯੂਨਾਨ ਤੋਂ ਆਉਣ ਵਾਲੀਆਂ ਕੌਮਾਂ ਲਈ ਇਸ ਦੀ ਅਹਿਮੀਅਤ ਇਕ ਨਿੱਗਰ ਉਪਜਾਊ ਭੂਗੋਲਿਕ ਖੇਤਰ ਦੇ ਤੌਰ ਤੇ ਹੋਰ ਵੀ ਜਿਆਦਾ ਰਹੀ ਹੈ। ਕਿਉਂਕਿ ਭੂਗੋਲਿਕ ਤੌਰ ਤੇ ਇਹ ਇਕ ਅਜਿਹਾ ਖਿੱਤਾ ਸੀ ਜਿੱਥੇ ਖੇਤੀਬਾੜੀ ਲਈ ਵਧੀਆ ਜ਼ਮੀਨ, ਚਰਾਗਾਹਾਂ ਲਈ ਖੁੱਲ੍ਹੇ ਮੈਦਾਨ ਸਨ। ਰਿਹਾਇਸ਼ ਲਈ ਵਧੀਆ ਵਸੇਬਾ ਅਤੇ ਦਰਿਆਵਾਂ ਦੀ ਬਹੁਤਾਤ ਕਰਕੇ ਇਹ ਖਿੱਤਾ ਜ਼ਿੰਦਗੀ ਬਸਰ ਕਰਨ ਲਈ ਬਹੁਤ ਜਿਆਦਾ ਸਾਜ਼ਗਾਰ ਸੀ ਇਸ ਕਰਕੇ ਹੀ ਪੰਜਾਬ ਦਾ ਭੂਗੋਲਿਕ ਖੇਤਰ ਵਿਸ਼ੇਸ਼ ਅਹਿਮੀਅਤ ਰੱਖਦਾ ਹੋਇਆ ਹਮੇਸ਼ਾ ਹੀ ਲੜਾਈ ਦਾ ਮੈਦਾਨ ਬਣਿਆ ਰਿਹਾ ਅਤੇ ਨਾਲ ਹੀ ਇਥੋਂ ਦੀ ਅਬਾਦੀ ਵਿੱਚ ਨਸਲੀ ਤੌਰ ਤੇ ਸਭ ਤੋਂ ਜਿਆਦਾ ਰਲ ਗੱਡ ਰਹੀ ਹੈ। ਅੱਗੇ ਫਿਰ ਪੰਜਾਬ ਵਿੱਚ ਵੀ ਕੁਝ ਖਿਤੇ ਪੁਰਾਤਤਵੀ ਤੌਰ ਤੇ ਹੋਰ ਵੀ ਜਿਆਦਾ ਅਹਿਮ ਦਿਖਾਈ ਦਿੰਦੇ ਹਨ ਅਤੇ ਕੁਝ ਖਿਤੇ ਬਹੁਤ ਘੱਟ ਪ੍ਰਭਾਵਿਤ ਹੋਏ ਹਨ। ਕਿਉਂਕਿ ਕਿਸੇ ਵੀ ਨਵੀਂ ਕੌਮ ਨੂੰ ਅੱਗੇ ਵਧਣ ਵਕਤ ਰੋਕਾਂ ਦਾ ਟਾਕਰਾ ਕਰਨਾ ਪੈਂਦਾ ਸੀ। ਇੱਥੇ ਇਕ ਪਾਸੇ ਇਹ ਰੋਕਾਂ ਮਨੁੱਖੀ ਸਨ ਅਤੇ ਦੂਸਰੇ ਪਾਸੇ ਕੁਦਰਤੀ ਰੋਕਾਂ, ਜਿਵੇਂ ਦਰਿਆਵਾਂ ਨੂੰ ਪਾਰ ਕਰਨਾ, ਸਾਜ਼ਗਾਰ ਰਸਤੇ, ਫੌਜ ਲਈ ਅਤੇ ਜਾਨਵਰਾਂ ਲਈ ਖੁਰਾਕ ਆਦਿ ਦਾ ਪ੍ਰਬੰਧ ਆਦਿ, ਬਹੁਤ ਮੁਸ਼ਕਲਾਂ ਬਣ ਜਾਂਦੀਆਂ ਸਨ। ਇਸ ਲਈ ਹੀ ਆਮ ਕਰਕੇ ਬਾਹਰੋਂ ਆਉਣ ਵਾਲੀਆਂ ਹਮਲਾਵਰ ਕੌਮਾਂ ਅਕਸਰ ਹੀ ਦਰਿਆਵਾਂ ਨੂੰ ਉਥੋਂ ਪਾਰ ਕਰਦੀਆਂ ਸਨ ਜਿੱਥੇ ਉਹਨਾਂ ਦੀ ਚੌੜਾਈ ਬਹੁਤ ਘੱਟ ਹੁੰਦੀ ਸੀ। ਇਸ ਦੀ ਵਜ੍ਹਾ ਕਰਕੇ ਪਹਾੜਾਂ ਦੇ ਪੈਰਾਂ ਵਾਲੇ ਮੈਦਾਨੀ ਖੇਤਰ ਹਮੇਸ਼ਾਂ ਹੀ ਉਹਨਾਂ ਦੇ ਘੋੜਿਆਂ ਦੇ ਪੌੜਾਂ ਥੱਲੇ ਆਉਂਦੇ ਰਹਿੰਦੇ ਸਨ ਅਤੇ ਇਹਨਾਂ ਖੇਤਰਾਂ ਵਿੱਚ ਉਹਨਾਂ ਦੀ ਸਥਾਪਤੀ ਵੀ ਨਿਸ਼ਚਿਤ ਹੁੰਦੀ ਸੀ। ਪੰਜਾਬ ਦੇ ਭੂਗੋਲਿਕ ਖਿੱਤੇ ਵਿੱਚ ਪੈਂਦੇ ਮਾਝੇ, ਦੁਆਬੇ, ਮਾਲਵੇ, ਲਹਿੰਦੇ ਖੇਤਰਾਂ ਦੇ ਮੁਕਾਬਲੇ ਧਨ ਪੋਠੋਹਾਰ ਅਤੇ ਪੁਆਧ ਦੇ ਖੇਤਰ ਪੁਰਾਤਤਵੀ ਤੌਰ ਤੇ ਜਿਆਦਾ ਮਹੱਤਵਪੂਰਨ ਹਨ ਜਾਂ ਫਿਰ ਸਰਾਇਕੀ ਦੇ ਇਲਾਕੇ ਵਿਚਲੇ ਖੇਤਰ ਜਿਹੜੇ ਕਿ ਸਿੰਧ ਅਤੇ ਰਾਜਪੂਤਾਨੇ ਨਾਲ ਲਗਦੇ ਹਨ। ਪੰਜਾਬ ਵਿਚਲੇ ਮੁੱਖ ਪੁਰਾਤਤਵੀ ਕੇਂਦਰ ਧਨ ਪੋਠੋਹਾਰ ਵਿੱਚ ਤਕਸ਼ਲਾ ਅਤੇ ਮਹਿੰਜੋਦਾੜੋ ਅਤੇ ਸਰਾਇਕੀ ਵਿੱਚ ਹੜੱਪਾ, ਪੁਆਧ ਵਿੱਚ ਰੋਪੜ, ਸੰਘੋਲ ਅਤੇ ਕੋਟਲਾ ਨਿਹੰਗ ਹਨ। ਇਸ ਤੱਥ ਤੋਂ ਅਸੀਂ ਕਹਿ ਸਕਦੇ ਹਾਂ ਕਿ ਪੁਰਾਤਤਵੀ ਤੌਰ ਤੇ ਇਹ ਦੋਵੇਂ ਜਾਂ ਤਿੰਨੇ ਖਿੱਤੇ ਮਹੱਤਵਪੂਰਨ ਰਹੇ ਹਨ।

ਇੱਥੇ ਕਿਉਂਕਿ ਅਸੀਂ ਪੁਆਧੀ ਸਭਿਆਚਾਰਕ ਅਤੇ ਭੂਗੋਲਿਕ ਖਿੱਤੇ ਦੀ ਗੱਲ

ਕਰਦੇ ਹਾਂ ਇਸ ਲਈ ਅਸੀਂ ਦੂਸਰਿਆਂ ਖਿਤਿਆਂ ਬਾਰੇ ਗੱਲ ਨਹੀਂ ਕਰਾਂਗੇ। ਪੁਆਧ ਬਾਰੇ ਵਿਦਵਾਨਾਂ ਅਤੇ ਜੁਗਰਾਫਿਆਈ ਮਾਹਰਾਂ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਹੈ ਕਿ ਅਜੋਕੇ ਰੋਪੜ, ਅੰਬਾਲਾ, ਫਤਹਿਗੜ੍ਹ ਸਾਹਿਬ ਦਾ "ਉੱਤਰ ਪੂਰਬੀ ਖਿੱਤਾ ਅਤੇ ਪਟਿਆਲੇ ਜਿਲ੍ਹੇ ਦੇ ਰਾਜਪੁਰਾ, ਡੇਰਾਬਸੀ, ਸਨੌਰ, ਘੜਾਮ ਖੇਤਰਾਂ ਨੂੰ ਅਸੀਂ ਪੁਆਧ ਵਿੱਚ ਸ਼ਾਮਲ ਕਰਦੇ ਹਾਂ। ਭਾਈ ਕਾਹਨ ਸਿੰਘ ਨਾਭਾ ਨੇ ਪੁਆਧ ਨੂੰ ਪ੍ਰਭਾਸ਼ਿਤ ਕਰਦਿਆਂ ਕਿਹਾ ਹੈ ਕਿ ਉਹ ਇਲਾਕਾ ਜਿਹੜਾ ਅੰਬਾਲੇ ਜਿਲ੍ਹੇ ਦੇ ਆਸਪਾਸ ਪੈਂਦਾ ਹੈ ਜਿੱਥੇ ਖੂਹਾਂ ਨਾਲ ਸਿੰਜਾਈ ਹੁੰਦੀ ਹੈ ਅਤੇ ਜਿਹੜਾ ਪਹਾੜ ਦੇ ਪੈਰਾਂ ਵਿੱਚ ਵਸਦਾ ਹੈ, ਹੀ ਪੁਆਧ ਹੈ। ਅੰਬਾਲਾ, ਪਟਿਆਲਾ ਅਤੇ ਕਲਸੀਆਂ ਦੇ ਗਜ਼ਟੀਅਰਾਂ ਵਿੱਚ ਪੁਆਧ ਖਿੱਤੇ ਵਿੱਚ ਹੇਠ ਲਿਖੇ ਖੇਤਰ ਦਿੱਤੇ ਗਏ ਹਨ।

(ੳ) ਪਟਿਆਲਾ ਰਿਆਸਤ ਵਿੱਚ ਪਿੰਜੌਰ ਨਿਜ਼ਾਮਤ (ਹੈਡ ਕੁਆਟਰ ਬਸੀ) ਕਰਮਗੜ੍ਹ (ਭਵਾਨੀਗੜ੍ਹ) ਦੀ ਪਟਿਆਲਾ ਪੂਰਾ ਅਤੇ ਭਵਾਨੀਗੜ੍ਹ ਅੱਧਾ, ਨਿਜ਼ਾਮਤ ਅਨਾਹਦਗੜ੍ਹ (ਰਾਜਪੁਰਾ) ਅਤੇ ਫਤਿਹਗੜ੍ਹ (ਸਰਹਿੰਦ) ਅਤੇ ਸਾਹਿਬਗੜ੍ਹ (ਪੈਲ) ਤਹਿਸੀਲ ਜਿਹੜੇ ਕਿ ਅਮਰਗੜ੍ਹ ਨਿਜ਼ਾਮਤ ਵਿੱਚ ਆਉਂਦੇ ਸਨ ਪੁਆਧ ਖੇਤਰ ਹਨ। ਇਹਨਾਂ ਦਾ ਰਕਬਾ ਕਰੀਬ 3500 ਮੁਰੱਬਾ ਮੀਲ ਬਣਦਾ ਸੀ। ਤਹਿਸੀਲਾਂ ਦੇ ਹਿਸਾਬ ਨਾਲ ਰਾਜਪੁਰਾ, ਬਨੂੜ, ਪਿੰਜੌਰ, ਘਨੌਰ, ਸਰਹਿੰਦ, ਪੈਲ, ਪਟਿਆਲਾ ਅਤੇ ਅੱਧਾ ਭਵਾਨੀਗੜ੍ਹ, ਇਸ ਗਜ਼ਟੀਅਰ ਵਿੱਚ ਪੁਆਧ ਵਿਚਲੀ ਨੈਲੀ ਦੇ ਇਲਾਕੇ ਨੂੰ ਗਿਣਿਆ ਗਿਆ ਹੈ ਜਿਹੜਾ ਕਿ ਘੱਗਰ ਦੇ ਆਲੇ ਦੁਆਲੇ ਪੈਂਦਾ ਹੈ। ਇਸ ਖੇਤਰ ਵਿੱਚ ਕਰੀਬ 2000 ਪਿੰਡ ਪੈਂਦੇ ਹਨ।

(ਅ) ਅੰਬਾਲਾ ਦੇ ਗਜ਼ਟੀਅਰ ਮੁਤਾਬਿਕ ਪੂਰੀ ਰੋਪੜ, ਖਰੜ, ਅੰਬਾਲਾ ਅਤੇ ਨਰਾਇਣਗੜ੍ਹ ਤਹਿਸੀਲ ਦਾ ਖੇਤਰ ਪੁਆਧ ਵਿੱਚ ਪੈਂਦਾ ਹੈ ਜਿਸਦਾ ਖੇਤਰ ਕਰੀਬ 1450 ਵਰਗਮੀਲ ਬਣਦਾ ਹੈ।

(ੲ) ਇਸ ਤਰ੍ਹਾਂ ਕਲਸੀਆਂ ਰਿਆਸਤ ਦਾ ਬਸੀ, ਲਾਲੜੂ ਆਦਿ ਇਲਾਕਾ ਵੀ ਪੁਆਧ ਵਿੱਚ ਆਉਂਦਾ ਹੈ।

ਇਸ ਤਰ੍ਹਾਂ ਪੁਆਧ ਦਾ ਇਹ ਖਿੱਤਾ ਇਕ ਪਾਸੇ ਅਨੰਦਪੁਰ ਦੇ ਦੂਣ ਇਲਾਕੇ ਨੂੰ ਛੂੰਹਦਾ ਹੈ, ਥੱਲੜੇ ਪਾਸੇ ਦੁਆਬੇ ਨੂੰ ਛੂੰਹਦਾ ਹੈ, ਇਧਰ ਮਾਲਵੇ ਦੇ ਢਾਹੇ ਇਲਾਕੇ ਨੂੰ ਜਾ ਮਿਲਦਾ ਹੈ। ਪਟਿਆਲਾ ਖੇਤਰ ਵਿੱਚ ਬਾਂਗਰ ਦੇ ਜੀਂਦ ਨਰਵਾਣਾ, ਥਨੇਸਰ ਨਾਲ ਖਹਿੰਦਾ ਹੋਇਆ ਜਗਾਧਰੀ ਛਛਰੌਲੀ ਵਿੱਚ ਖੜੀ ਬੋਲੀ ਨਾਲ ਜਾ ਲਗਦਾ ਹੈ ਅਤੇ ਉਪਰ ਪਹਾੜੀ ਖਿੱਤੇ ਸੋਲਨ, ਕਸੌਲੀ ਨਾਲ ਜਾ ਟਕਰਾਉਂਦਾ ਹੈ। ਇਸ ਖੇਤਰ ਦੀ ਧੁੰਨੀ

ਘੱਗਰ ਦਰਿਆ ਹੈ। ਜਿਸਦੇ ਆਲੇ ਦੁਆਲੇ ਪਟਿਆਲਾ, ਸਰਹਿੰਦ ਚੋਅ ਅਤੇ ਜੈਂਤੀ ਦੇਵੀ ਦਾ ਰਾਓ ਅਤੇ ਸੁਖਨਾ ਨਦੀਆਂ ਅੱਗੇ ਜਾਕੇ ਘੱਗਰ ਵਿੱਚ ਜਾ ਡਿਗਦੀਆਂ ਹਨ ਅਤੇ ਰੋਪੜ ਤਹਿਸੀਲ ਦੀਆਂ ਬੁੱਢੀ ਨਦੀ ਸੀਸਵਾਂ ਆਦਿ ਸਤਲੁਜ ਵਿੱਚ ਜਾ ਡਿਗਦੀਆਂ ਹਨ। ਜਦੋਂ ਅਸੀਂ ਇਸ ਖਿੱਤੇ ਦੀ ਭੂਗੋਲਿਕ ਸਥਿਤੀ ਨੂੰ ਵਾਚਦੇ ਹਾਂ ਤਾਂ ਇਕ ਤਸਵੀਰ ਸਪੱਸ਼ਟ ਵਿਖਾਈ ਦਿੰਦੀ ਹੈ ਕਿ ਪੁਆਧ ਦਾ ਖਿੱਤਾ ਆਰਥਿਕ ਤੌਰ ਤੇ ਪਾਣੀ ਦੀ ਥੁੜ੍ਹ ਦਾ ਖੇਤਰ ਰਿਹਾ ਹੈ ਅਤੇ ਇਸ ਖਿੱਤੇ ਵਿੱਚ ਜਿਹੜੇ ਵੀ ਖੇਤਰ ਸਮੇਂ ਨਾਲ ਪਾਣੀ ਵਾਲੇ ਖੇਤਰ ਬਣ ਗਏ ਉਹਨਾਂ ਦੀ ਸਮਾਜਿਕ ਅਤੇ ਆਰਥਿਕ ਸੋਚ ਵਿੱਚ ਤਬਦੀਲੀ ਹੋਈ ਹੈ ਅਤੇ ਮੁਕਾਬਲਤਾਨ ਪੁਆਧ ਦੇ ਵੀ ਤਿੰਨ ਖੇਤਰ ਬਣ ਗਏ ਹਨ ਜਿਹਨਾਂ ਵਿੱਚ ਚਮਕੌਰ ਸਾਹਿਬ, ਰੋਪੜ, ਫਤਿਹਗੜ੍ਹ ਸਾਹਿਬ ਦੇ ਪਾਣੀ ਵਾਲੇ ਖੇਤਰ ਅਤੇ ਦੂਸਰੇ ਚੰਡੀਗੜ੍ਹ ਦੇ ਆਲੇ ਦੁਆਲੇ ਦੇ ਖੇਤਰ। ਅਜੋਕੇ ਸਮੇਂ ਵਿੱਚ ਪੁਆਧ ਦੀ ਧੁੰਨੀ ਬਨੂੜ, ਖਰੜ ਦਾ ਪੂਰਬੀ ਹਿੱਸਾ, ਲਾਲੜੂ, ਘਨੌਰ, ਦੇਵੀਗੜ੍ਹ ਆਦਿ ਹਨ ਜਾਂ ਫਿਰ ਅਸੀਂ ਆਖ ਸਕਦੇ ਹਾਂ ਕਿ ਘੱਗਰ ਦਰਿਆ ਦੇ ਆਲੇ ਦੁਆਲੇ ਦਾ 20 ਕਿਲੋਮੀਟਰ ਦਾ ਖੇਤਰ ਜਿਹੜਾ ਕਿ ਪੰਚਕੂਲੇ ਦੀਆਂ ਜੜ੍ਹਾਂ ਤੋਂ ਸ਼ੁਰੂ ਹੋ ਕੇ ਬਾਂਗਰ ਦੇਸ ਤੀਕ ਪੈਂਦਾ ਹੈ।

('ਸਾਨੂੰ ਕਿਹੜੀ-ਜੂਨੇ ਪਾਇਆ' 'ਚੋਂ ਧੰਨਵਾਦ ਸਹਿਤ)

# 4. ਪੰਜਾਬ ਦੀ ਉਪਭਾਸ਼ਾ ਪੁਆਧੀ

*ਡਾ. ਪ੍ਰੇਮ ਪ੍ਰਕਾਸ਼ ਸਿੰਘ*

**ਨਾਮਕਰਣ ਪਿੱਠ-ਭੂਮੀ:** ਡਾ. ਗ੍ਰੀਅਰਸਨ ਨੇ 'ਪੁਆਧ' ਦਾ ਅਰਥ ਪੂਰਬ, East (ਮਸ਼ਰਕ) ਲਿਖਿਆ ਹੈ। ਪਰ ਇਹ ਪੂਰਾ ਠੀਕ ਨਹੀਂ ਹੈ। ਪੁਆਧ ਦੀ ਵਿਉਤਪੱਤੀ ਸੰਸਕ੍ਰਿਤ ਸ਼ਬਦ 'ਪੂਰਵ-ਅਰਧ' ਤੋਂ ਸੰਭਵ ਹੈ ਜਿਸ ਦਾ ਅਰਥ ਹੈ 'ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ' ਅਰਥਾਤ ਪੂਰਬੀ ਪੰਜਾਬ਼ ਦਾ ਅੱਧ। ਡਾ. ਬਨਾਰਸੀ ਦਾਸ ਜੈਨ ਦਾ ਵੀ ਇਹੋ ਮਤ ਹੈ। 'ਪੁਆਧ' ਦੇ ਐਨ ਟਾਕਰੇ ਦਾ ਵਿਰੋਧਾਰਥਕ (antonyam) 'ਪੱਚਾਧ' ਹੈ ਜਿਸ ਵੱਲ ਇਸ਼ਾਰਾ ਡਾ. ਗ੍ਰੀਅਰਸਨ ਨੇ ਵੀ 'ਰਾਠੀ' ਦੇ ਪ੍ਰਸੰਗ ਵਿੱਚ ਕੀਤਾ ਹੈ। ਪੱਚਾਧੀ ਜਾਂ ਪੱਚਾਧਾ ਪੱਛਮੀ ਪੰਜਾਬ ਦੇ ਵਸਨੀਕ ਮੁਸਲਮਾਨਾਂ ਨੂੰ ਕਿਹਾ ਜਾਂਦਾ ਹੈ। ਪੱਚਾਧ ਦੀ ਨਿਰੁਕਤੀ (ਨਿਕਾਸ) ਸੰ. ਪਸ਼ਚ-ਅਰਧ (ਜੋਬੋਂ) ਤੋਂ ਸੰਭਵ ਹੈ ਅਰਥਾਤ ਪੱਛਮ ਦਾ ਅੱਧਾ ਹਿੱਸਾ, ਜਾਂ ਛਿਪਦੇ ਜਾਂ ਲਹਿੰਦੇ ਵਾਲੇ ਪਾਸੇ ਦਾ ਅੱਧਾ ਹਿੱਸਾ, ਇਸ ਤਰ੍ਹਾਂ ਪੁਆਧ (ਪਵਾਧ) ਤੇ ਪੱਚਾਧ ਇਕ ਦੂਜੇ ਦੇ ਐਨ ਸਮਾਨਾਂਤਰ ਸ਼ਬਦ ਹਨ। 'ਪੁਆਧ' ਪੰਜਾਬ ਦੇ ਪੂਰਬੀ ਭਾਗ ਨੂੰ ਕਿਹਾ ਜਾਂਦਾ ਹੈ ਅਤੇ ਪੱਚਾਧ ਸੰਯੁਕਤ ਪੰਜਾਬ ਦੇ ਪੱਛਮੀ ਭਾਗ ਨੂੰ ਕਿਹਾ ਜਾਂਦਾ ਹੋਵੇਗਾ ਜਿੱਥੇ ਅੱਜਕੱਲ੍ਹ ਪਾਕਿਸਤਾਨ ਵਿੱਚ ਲਹਿੰਦੀ ਪੰਜਾਬੀ, ਮੁਲਤਵੀ, ਝਾਂਗੀ ਤੇ ਸਿਰਾਇਕੀ ਪੰਜਾਬੀ ਬੋਲੀ ਜਾਂਦੀ ਹੈ। ਇਉਂ 'ਪੂਰਵਾਰਾ' ਤੋਂ ਹੀ ਪੁਆਧ/ਪਵਾਧ ਦਾ ਨਿਕਾਸ ਹੋਇਆ ਹੈ। ਸੋ ਪੁਆਧ ਦੇ ਲੋਕਾਂ ਨੂੰ 'ਪੁਆਧੀਏ' ਅਤੇ ਪੁਆਧ ਦੀ ਬੋਲੀ ਨੂੰ ਪੁਆਧੀ ਕਿਹਾ ਜਾਂਦਾ ਹੈ। **ਭਾਈ ਕਾਨ੍ਹ ਸਿੰਘ ਅਨੁਸਾਰ 'ਪੁਆਧ' ਪਹਾੜ ਦੇ ਪੈਰਾਂ ਦਾ ਦੇਸ਼, 'ਦਾਮਨੇ ਕੋਹ' ਹੈ (ਕੋਹ ਅਰਥਾਤ ਪਹਾੜ ਦਾ ਦਾਮਨ ਯਾਨੀ ਅੰਚਲ ਜਾਂ ਮੈਦਾਨ)।**

**ਪੁਆਧੀ ਦਾ ਖੇਤਰ:** ਪੰਜਾਬੀ ਭਾਸ਼ਾ ਦਾ ਪੂਰਬੀ ਸਿਰਾ ਪੁਆਧੀ ਦਾ ਇਲਾਕਾ ਹੈ। ਡਾ. ਗ੍ਰੀਅਰਸਨ ਨੇ ਪੁਆਧੀ ਦੇ ਖੇਤਰ ਬਾਰੇ ਕਾਫ਼ੀ ਅਨਿਸ਼ਚਿਤ ਗੱਲਾਂ ਕੀਤੀਆਂ ਹਨ। ਰੋਪੜ ਤੋਂ ਲੈ ਕੇ ਬਿਆਸ ਦਰਿਆ ਦੇ ਕੰਢਿਆਂ ਤੱਕ ਪੁਆਧੀ ਦਾ ਵਿਸਤਾਰ ਮੰਨਿਆ ਹੈ। ਪਰ ਪੁਆਧੀ ਏਨੀ ਦੂਰ ਨਹੀਂ ਮੰਨੀ ਜਾ ਸਕਦੀ। ਪੁਆਧੀ ਦੇ ਖੇਤਰ ਵਿਚ ਜ਼ਿਲਾ ਰੋਪੜ, ਜਿਲ੍ਹਾ ਪਟਿਆਲੇ ਦਾ ਪੂਰਬੀ ਹਿੱਸਾ, ਜ਼ਿਲਾ ਸੰਗਰੂਰ ਦੇ ਮਲੇਰਕੋਟਲਾ ਦੀ ਤਰਫ ਦਾ ਇਲਾਕਾ, ਸਤਿਲੁਜ ਦੇ ਨਾਲ ਲਗਦੀ ਜ਼ਿਲਾ ਲੁਧਿਆਣਾ ਦੀ ਗੁੱਠ, ਅੰਬਾਲੇ ਦਾ ਥਾਣਾ-ਸਦਰ ਵਾਲਾ ਪਾਸਾ, ਅਤੇ ਜ਼ਿਲਾ ਜੀਂਦ ਦੇ ਕੁਝ ਪਿੰਡ ਸ਼ਾਮਲ ਹਨ।

**ਪੁਆਧੀ ਦਾ ਅਧਿਐਨ:** ਜਾਰਜ ਗ੍ਰੀਅਰਸਨ, ਡਾ. ਬਨਾਰਸੀ ਦਾਸ ਜੈਨ, ਪੁਆਧੀ ਨਿਰਣਾਇਕ ਬੋਰਡ, ਭਾਸ਼ਾ-ਵਿਭਾਗ ਪੰਜਾਬ, ਪਟਿਆਲਾ, ਡਾ. ਬਲਦੇਵ ਰਾਜ ਗੁਪਤਾ, ਆਦਿ ਨੇ ਪੁਆਧੀ ਦਾ ਉਪਬੋਲੀ ਪਖੋਂ ਅਧਿਐਨ ਕੀਤਾ ਹੈ। ਪਰ ਡਾ. ਬਲਬੀਰ ਸਿੰਘ ਸੰਧੂ ਹੀ ਸ਼ਿਰੋਮਣੀ ਭਾਸ਼ਾ-ਵਿਗਿਆਨੀ ਸਨ ਜਿਨ੍ਹਾਂ ਨੇ ਪਹਿਲੀ ਵਾਰ

ਪੁਆਧੀ ਦਾ ਭਾਸ਼ਾ ਵਿਗਿਆਨਿਕ ਅਧਿਐਨ ਆਪਣੇ ਪੀ.ਐੱਚ.ਡੀ. ਥੀਸਿਸ (1968) A Descriptive Grammar of Puadhi ਵਿਚ ਬੜੇ ਅਧਿਕਾਰ ਸਹਿਤ ਪੇਸ਼ ਕੀਤਾ ਹੈ। ਡਾ. ਸੰਧੂ ਖੁਦ ਪੁਆਧ (ਨਰੜੂ ਪਿੰਡ) ਦੇ ਜੰਮਪਲ ਸਨ। ਇਸ ਲਈ ਉਨ੍ਹਾਂ ਨੇ ਪੁਆਧੀ ਦੇ ਵਿਆਕਰਣ ਅਤੇ ਭਾਸ਼ਾਈ ਸਰੰਚਨਾ ਉੱਤੇ ਬੜਾ ਪ੍ਰਮਾਣਿਕ ਚਾਨਣਾ ਪਾਇਆ ਹੈ।

**ਪੁਆਧੀ ਦੀਆਂ ਧੁਨੀਆਤਕ ਵਿਸ਼ੇਸ਼ਤਾਵਾਂ**: ਡਾ. ਸੰਧੂ ਅਨੁਸਾਰ ਪੁਆਧੀ ਵਿਚ 10 ਸ੍ਵਰ 24 ਵਿਅੰਜਨ ਹਨ। ਪੁਆਧੀ ਵਿਚ ਕੰਠੀ ਤੇ ਤਾਲਵੀ ਨਾਸਿਕੀ ਵਿਅੰਜਨ / ਙ, ਞ/ ਨਹੀਂ ਉਚਾਰੇ ਜਾਂਦੇ। ਤਾਲਵੀ ਸੰਘਰਸ਼ੀ ਵਿਅੰਜਨ /ਸ਼/ ਵੀ ਨਹੀਂ ਹੈ ਸਿਰਫ਼ ਦੰਤੀ /ਸ/ ਹੈ।

ਪੁਆਧੀ ਵਿਚ ਵੀ ਬਾਕੀ ਪੰਜਾਬੀ ਉਪਬੋਲੀਆਂ ਵਾਂਗ ਟੋਨ (ਸ੍ਵਰ) ਮਿਲਦੀ ਹੈ। ਜਿਸ ਨੂੰ ਡਾ. ਸੰਧੂ ਨੇ ਅਖੰਡੀ (Suprasegmental) ਵਰਗ ਅਧੀਨ low, high ਅਤੇ level ਤਿੰਨ ਕਿਸਮਾਂ ਵਿਚ ਵੰਡਿਆ ਹੈ। ਮਿਸਾਲ ਵਜੋਂ:

ਘੜ (chisel) : low tone (ਨੀਵੀਂ ਸੁਰ)

ਕੜ੍ਹ (boil) : high tone (ਉੱਚੀ ਸੁਰ)

ਕੜ (bottom) : level tone (ਸਾਂਵੀਂ ਸੁਰ)

ਪੁਆਧੀ ਵਿਚ ਨੀਵੀਂ ਸੁਰ ਦੀ ਵਰਤੋਂ ਤਾਂ ਮਾਝੀ ਆਦਿ ਪੰਜਾਬੀ ਉਪਬੋਲੀਆਂ ਦੀ ਤਰ੍ਹਾਂ ਹੈ, ਲੇਕਿਨ ਉੱਚੀ ਸੁਰ, ਮਲਵਈ ਦੀ ਤਰ੍ਹਾਂ ਹੈ ਜੋ ਕਿ ਮਾਝੀ ਨਾਲੋਂ ਘੱਟ ਹੈ। ਕਈਆਂ ਪ੍ਰਸੰਗਾਂ ਵਿਚ ਮਲਵਈ ਤੇ ਪੁਆਧੀ ਸ਼ਬਦਾਂ ਦਾ ਵਿਚਕਾਰਲਾ ਤੇ ਅੰਤਲਾ /ਹ/ ਸੁਰ ਵਿਚ ਨਹੀਂ ਬਦਲਦਾ, ਬਲਕਿ ਗਲੌਟ ਕੰਨਸੋਨੈਂਟ (glottal consonant) ਹੀ ਉਚਾਰਿਆ ਜਾਂਦਾ ਹੈ। ਜਿਵੇਂ ਕਹੀ, ਪਹਾੜ, ਕਿਹਾ, ਮਹੀਨਾ, ਅੰਦੋਹਾ, ਗੋਹਰ, ਖੂਹ, ਖੇਹ, ਚਾਹ, ਰਾਹ, ਘੋਹਾ, ਆਦਿ ਸ਼ਬਦਾਂ ਵਿਚ ਸੁਰ-ਧੰਤਰੀ /ਹ/ ਵਿਅੰਜਨ ਦੇ ਰੂਪ ਵਿਚ ਉਚਾਰਿਆ ਜਾਂਦਾ ਹੈ, ਜਦੋਂ ਕਿ ਮਾਝੀ ਵਿਚ ਇਨ੍ਹਾਂ ਸ਼ਬਦਾਂ ਵਿਚਲਾ 'ਹ' ਪੂਰੀ ਤਰ੍ਹਾਂ ਬਦਲ ਕੇ ਸੁਰਾਤਮਕ ਹੋ ਜਾਂਦਾ ਹੈ।

ਉਲਟਜੀਭੀ (ਮੂਰਧਨੀ) ਪਾਰਸ਼ਵਿਕ ਵਿਅੰਜਨ /ਲ/ ਤੇ ਦੰਤੀ ਪਾਰਸ਼ਵਿਕ ਪਾਸੇ ਦਾਰ ਵਿਅੰਜਨ /ਲ/ ਦੋਵੇਂ ਸਾਰਥਕ ਫੋਨੀਮਕ ਧੁਨੀਆਂ ਹਨ। ਪਰ ਬਾਂਗਰੂ-ਹਿੰਦੁਸਤਾਨੀ ਦੇ ਪ੍ਰਭਾਵ ਅਧੀਨ ਮੂਰਧਨੀ /ਲ/ ਘੱਟ ਰਿਹਾ ਹੈ।

ਪੁਆਧੀ ਵਿਚ 'ਵ' ਦਾ 'ਬ' ਤੇ 'ਮ' ਵਿਚ ਰੂਪਾਂਤਰਨ ਮਲਵਈ ਨਾਲੋਂ ਜ਼ਿਆਦਾ ਮਿਕਦਾਰ ਵਿਚ ਮਿਲਦਾ ਹੈ। ਦੋ ਸ੍ਵਰਾਂ ਵਿਚਕਾਰ 'ਵ' ਅਕਸਰ 'ਮ' ਵਿਚ ਬਦਲਦਾ ਹੈ। ਮਿਸਾਲਾਂ ਢੇਰ ਹਨ:

| ਪੁਆਧੀ | ਟਕਸਾਲੀ | ਪੁਆਧੀ | ਟਕਸਾਲੀ |
|---|---|---|---|
| ਸਬੇਰਾ | ਸਵੇਰਾ | ਐਮੇਂ | ਐਵੇਂ |
| ਸੰਬਾਰ ਕੇ | ਸੰਵਾਰ ਕੇ | ਸਮਗਾ | ਸਗਵਾਂ |
| ਸਬਾਰ | ਅਸਵਾਰ | ਸਿਰਨਾਮਾ | ਸਿਰਨਾਂਵਾ |
| ਕਾਮਾ ਰੌਲੀ | ਕਾਂਵਾਂ ਰੌਲੀ | ਜਮਾਈ | ਜਵਾਈ |
| ਕੈਮਾਂ | ਕੈਵਾਂ/ਕਿੰਨਵਾਂ | ਤੀਮੀ | ਤੀਵੀਂ |
| ਜਾਮਾਂਵਾ | ਜਾਵਾਂਗਾ | | |

**ਦੀਰਘਤਾ:** ਪੁਆਧੀ ਵਿਚ ਬਾਂਗਰੂ (ਹਰਿਆਣਵੀ) ਦੇ ਅਸਰ ਹੇਠ ਕੁੱਝ ਆਦਿ-ਸਥਿਤੀ ਹ੍ਰਸਵ ਸ੍ਵਰਾਂ ਵਿਚ ਦੀਰਘਤਾ ਮਿਲਦੀ ਹੈ। ਮਿਸਾਲ ਵਜੋਂ: ਖੂਣੋਂ (ਮਲਵਈ ਖੁਣੋਂ), ਝੂਲ (ਝੁੱਲ), ਊਸਾਰ, ਊਹਾਂ, ਈਹਾਂ (ਉਥੇ, ਇਥੇ)। ਗੁਰਬਾਣੀ ਵਿਚ ਈਹਾਂ, ਊਹਾਂ ਦੀ ਵਰਤੋਂ ਹੈ: "ਨਾਨਕ ਦਾਸ ਮੁਖਿ ਤੇ ਜੋ ਬੋਲੈ ਈਹਾਂ ਊਹਾਂ ਸਚੁ ਹੋਵੈ।"

## ਪੁਆਧੀ ਦੀਆਂ ਵਿਆਕਰਨਕ ਵਿਸ਼ੇਸ਼ਤਾਵਾਂ

**ਦੁਰਭਾਸ਼ਿਕ ਸੰਧੀ ਬਣਤਰ:** ਪੁਆਧੀ ਦੀਆਂ ਵਿਆਕਰਨਕ ਰਚਨਾ-ਵਿਉਤਾਂ ਬਾਕੀ ਪੰਜਾਬੀ ਉਪਬੋਲੀਆਂ ਨਾਲੋਂ ਵੱਖਰੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਪੁਆਧੀ ਇਕ ਤਰ੍ਹਾਂ ਦੀ ਪੂਰਬੀ ਸਰਹੱਦੀ ਪੰਜਾਬੀ ਹੈ। ਪੁਆਧੀ ਇੱਕ ਅਜੇਹੇ ਸਰਹੱਦੀ ਇਲਾਕੇ ਉੱਤੇ ਸਥਿਤ ਹੈ ਜਿੱਥੇ ਇੱਕ ਪਾਸਿਉਂ ਮਲਵਈ ਪੰਜਾਬੀ ਦੀ ਅਤੇ ਦੂਜੇ ਪਾਸਿਉਂ ਬਾਂਗਰੂ ਹਿੰਦੀ ਦੀ ਸੰਧੀ ਹੋਈ ਮਿਲਦੀ ਹੈ। ਇਸ ਲਈ ਪੁਆਧੀ ਦੀਆਂ ਰੂਪਾਤਮਕ ਤੇ ਵਾਕਾਤਮਕ ਬਣਤਰਾਂ (morphological and syntactical structures) ਵਿੱਚ ਪੰਜਾਬੀ ਤੇ ਹਿੰਦੀ ਦੇ ਰਚਨਾਤਮਕ ਅੰਸ਼ਾਂ ਦੀ ਸੰਧੀ ਕਾਰਜਸ਼ੀਲ ਹਨ। ਮਸਲਨ: ਪੁਆਧੀ ਦਾ 'ਹਮਾਨੂੰ, ਮ੍ਹਾਨੂੰ' ਪੜਨਾਂਵ ਹੈ। ਇਸ ਪੜਨਾਵੀਂ ਬਣਤਰ ਵਿੱਚ ਹਮ ਬਾਂਗਰੂ-ਹਿੰਦੀ ਦਦਾ ਅੰਸ਼ ਹੈ ਅਤੇ ਕਾਰਕੀ ਸਬੰਧਕ 'ਨੂੰ' ਪੰਜਾਬੀ ਦਾ ਅੰਸ਼ ਹੈ। ਇਸੇ ਤਰ੍ਹਾਂ 'ਬਿੱਚਮਾਂ' ਪੁਆਧੀ ਸਬੰਧਕ ਹੈ। ਇਸ ਬਣਤਰ ਵਿੱਚ 'ਬਿਚ' (ਵਿੱਚ) ਪੰਜਾਬੀ ਦਾ ਅਤੇ 'ਮਾਂ' (ਮੇਂ) ਹਿੰਦੀ ਦਾ ਅੰਸ਼ ਹੈ। ਪੁਆਧੀ ਦੀ ਭਾਸ਼ਾਈ ਸੰਰਚਨਾ ਵਿੱਚ ਅਜੇਹੀਆਂ ਦੁਭਾਸ਼ਿਕ ਵਿਉਂਤਾਂ ਦੇ ਹੋਰ ਵੀ ਨਮੂਨੇ ਮਿਲਦੇ ਹਨ। ਪਰ ਜਾਪਦਾ ਹੈ ਕਿ ਅਜੇਹੀ ਦੁਭਾਸ਼ਕ ਸੰਧੀ, ਕੋਸ਼ੀ ਮਦਾਂ (lexical items) ਨਾਲੋਂ ਵਿਆਕਰਨ ਮਦਾਂ ਵਿੱਚ ਕਰਮਸ਼ੀਲ ਹੈ। ਇਉਂ ਪੁਆਧੀ ਦਾ ਦੋਸੰਧੀ ਸ਼ਬਦ-ਵਿਧਾਨ ਬਿਲਕੁੱਲ ਵੱਖਰਾ ਪ੍ਰਪੰਚ ਹੈ:

### ਪੜਨਾਂਵ:

ਪੁਆਧੀ ਦੇ ਪੜਨਾਵਾਂ ਵਿੱਚ ਵੀ ਦੁਭਾਸਿਕਤਾ ਮਿਲਦੀ ਹੈ। ਇਕ ਪਾਸੇ ਸ਼ੁੱਧ ਪੰਜਾਬੀ ਰੂਪ 'ਸਾਨੂੰ' 'ਤੈਨੂੰ' ਹਨ ਅਤੇ ਕੁੱਝ ਇਲਾਕਿਆਂ ਵਿੱਚ 'ਹਮਾਨੂੰ, ਮਾਨੂੰ, ਤੁਮ੍ਹਾਨੂੰ' ਵੀ ਬੋਲੇ ਜਾਂਦੇ ਹਨ। ਕੁੱਝ ਹੋਰ ਪੜਨਾਂਵੀ ਰੂਪ ਇਹ ਹਨ:

ਹਮ/ਹਮੇਂ (ਅਸੀਂ), ਤੋਂ, ਥਮ/ਥਮੇ (ਤੂੰ, ਤੁਸੀਂ), ਮ੍ਹਾਰੇ, ਥਾਰੇ (ਸਾਡੇ, ਤੁਹਾਡੇ) ਹਮਾਨੂੰ, ਮ੍ਹਾਨੂੰ, ਥਮਾਨੂੰ, ਥਾਨੂੰ, ਤੈਨੂੰ (ਸਾਨੂੰ, ਮੈਨੂੰ, ਤੈਨੂੰ, ਤੁਹਾਨੂੰ), ਇਯੋ, ਇਯੇ (ਇਹ, ਇਹ), ਸਾਤੋਂ, ਸਾਤੇ (ਸਾਥੋਂ)।

**ਸਬੰਧਕ (ਪਰਸਰਗ):** ਪੁਆਧੀ ਦੇ ਸਬੰਧਕ ਵੀ ਖਾਸ ਹਨ ਜੋ ਬਾਕੀ ਪੰਜਾਬੀ ਉਪਬੋਲੀਆਂ ਨਾਲੋਂ ਬਿਲਕੁਲ ਹੀ ਵੱਖਰੇ ਹਨ;

**ਗੈਲ (ਨਾਲ):** 'ਨਾਲੇ ਕੇ ਗੈਲ ਗੈਲ', ਬਿੱਚਮਾ (ਵਿੱਚ): 'ਪਟਿਆਲੇ ਕੇ ਬਿੱਚਮਾ', ਲਵੇ (ਨੇੜੇ, ਲਾਗੇ, ਕੋਲੇ) 'ਕਸਬੇ ਕੇ ਲਵੇ ਜਾਹਾਂ'। ਕੰਨੀਓ (ਪਾਸਿਓ), ਓੜੀ (ਤਰਫ)।

**ਕਾਰਕੀ ਸੰਬੰਧਕ:** ਕਾਸ ਮਾਂ (ਕਿਸ ਵਿੱਚ), ਕਾ ਤੇ (ਕਿਸ ਕਰਕੇ, ਕਿਉਂ), ਕਿੱਕਾ/ਕਿਸ ਕਾ (ਕਿਸ ਦਾ), ਘਰ ਮਾਂ (ਵਿੱਚ) ਜਾਸ ਨੂੰ (ਜਿਸ ਨੂੰ) ਪਰ (ਉੱਤੇ), ਕਿਨੂੰ (ਕਿਸ ਨੂੰ) ਕ੍ਹੀਨੂੰ (ਕਿਨ੍ਹਾਂ ਨੂੰ)।

**ਕ੍ਰਿਆ-ਵਿਸ਼ੇਸ਼ਣ:** ਪੁਆਧੀ ਦੇ ਕਿਰਿਆ ਵਿਸ਼ੇਸ਼ਣ ਵੀ ਕਾਫ਼ੀ ਵੱਖਰੇ ਹਨ ਜੋ ਤਿੰਨ ਤਰ੍ਹਾਂ ਦੇ ਹਨ (i) ਪੰਜਾਬੀ, (ii) ਹਿੰਦੀ-ਨੁਮਾ ਅਤੇ (iii) ਸਥਾਨਕ (local): ਇਬ (ਹੁਣ, ਹਿੰਦੀ ਅਬ), ਇਬਕੇ (ਐਤਕਾਂ), ਇਬੀ (ਅਬ) ਈਹਾਂ, ਊਹਾਂ (ਹਿੰਦੀ ਨੁਮਾਂ)। ਇਕਣ, ਈਕਣ, ਜੀਕਣ/ਜਿਕਣ, ਕਿਕੂ, ਕੀਕਣ (ਪੰਜਾਬੀ)। ਓਗਲ (ਉਦੋਂ), ਕੋਗਲ (ਕਦੋਂ) ਜੋਗਲ (ਜਦੋਂ) ਤੋਂਗਲ (ਤਦੋਂ) ਇਕੀਂ (ਐਤਕੀਂ) ਏਕਣ, ਇਕਰਾਂ, ਇਕੁਣ, ਇਥੈ, ਜਿਥੈ, ਕਿਥੈ, ਉਥੈ, ਇਊ, ਨਿਊ, ਜਿਊਂ, ਕਿਉਂ (ਸਥਾਨਕ)

### ਸਹਾਇਕ ਕਿਰਿਆਵਾਂ

ਪੁਆਧੀ ਦੀਆਂ ਭੂਤਕਾਲੀ ਸਹਾਇਕ-ਕਿਰਿਆਵਾਂ ਬਿਲਕੁਲ ਵਖਰੇਵੇਂ ਵਾਲੀਆਂ ਹਨ ਜਿਵੇਂ ਤੀ, ਤੀਆਂ, ਤਾ ਤੇ। ਕਈਆਂ ਪੁਆਧੀ ਇਲਾਕਿਆਂ ਵਿੱਚ ਥੀ, ਥੀਆਂ, ਥਾ, ਥੇ ਵੀ ਉਚਾਰਦੇ ਹਨ। ਇਨ੍ਹਾਂ ਦੋਵੇਂ ਜੁਟਾਂ ਦਾ ਮੂਲ-ਆਧਾਰ ਹਿੰਦੀ ਦੀਆਂ 'ਥੀ, ਥਾ, ਥੇ' ਸਹਾਇਕ ਕਿਰਿਆਵਾਂ ਹਨ ਪਰੰਤੂ ਰੂਪਾਂਤਰ 'ਥੀਆਂ' ਦਾ ਬਹੁਵਚਨੀ ਪਿਛੇਤਰ ਪੰਜਾਬੀ 'ਦੀਆਂ' ਦੀ analogy (ਸਦ੍ਰਿਸ਼ਤਾ) ਤੇ ਸਿਰਜਿਆ ਗਿਆ ਹੈ। ਇਨ੍ਹਾਂ ਸਹਾਇਕ ਕਿਰਿਆਵਾਂ ਵਿੱਚ ਲਿੰਗ-ਵਚਨ ਦਾ ਭੇਦ ਵੀ ਪ੍ਰਗਟ ਹੁੰਦਾ ਹੈ।

ਰੂਪਾਵਲੀ ਇਹ ਹੈ:

| ਪੁਲਿੰਗ | ਇਸਤ੍ਰੀ ਲਿੰਗ |
|---|---|
| ਮੈਂ, ਤੋਂ, ਔ ਆਇਆ ਤਾ/ਤੀ (ਸੀ) | ਉਹ ਆਈ ਤੀ (ਸੀ) |

| | |
|---|---|
| ਹਮ, ਥਮ, ਔ੍ਹ ਆਏ ਤੇ (ਸਨ) | ਉਹ ਆਈਆਂ ਤੀਆਂ (ਸਨ) ਉਹ ਕਿੱਥੇ ਗਈ ਤੀ (ਸੀ) |
| ਔ ਕੰਮ ਕਰੇ ਤਾ(ਇ,ਵਚਨ) | ਔ੍ਹ ਛੋਕਰੀ ਕੰਮ ਕਰੇ ਤੀ (ਇ.ਵ.) |
| ਔਂ ਕੰਮ ਕਰੈ ਤੇ (ਬਹੁਵਚਨ) | ਔਂ੍ਹ ਛੋਕਰੀਆਂ ਕੰਮ ਕਰੇ ਤੀਆਂ (ਬ.ਵ.) |

**ਕਿਰਿਆ ਰੂਪ:** ਪੁਆਧੀ ਦੀਆਂ ਕਿਰਿਆਵਾਂ ਕਾਫ਼ੀ ਵੱਖਰੀਆਂ ਹਨ। ਜਿੱਥੇ ਟਕਸਾਲੀ ਪੰਜਾਬੀ ਵਿੱਚ 'ਜਾਂਦਾ ਹੈ, ਖਾਂਦਾ ਹੈ, ਦੇਂਦਾ ਹੈ', ਉਥੇ ਪੁਆਧੀ ਵਿੱਚ ਜਹਾ (ਬੰਤਾ ਜਾਹਾ), ਖਾਹਾ (ਬੰਤਾ ਰੋਟੀ ਖਾਹਾ), ਦੇਹਾ (ਬੰਤਾ ਸੰਤੇ ਨੂੰ ਅੰਬ ਦੇਹਾ) ਰੂਪ ਮਿਲਦੇ ਹਨ। 'ਬੰਤਾ ਲਾਠੀ ਤੋੜਾ' ਬੰਤਾ ਲਾਠੀ ਤੋੜਦਾ ਹੈ।

ਪੁਆਧੀ ਦੇ ਭਵਿਖਤ ਕਾਲ ਲਈ ਦੋ ਪਿਛੇਤਰ '-ਗ-' ਅਤੇ '-ਐਂ-' ਵਰਤੇ ਜਾਂਦੇ ਹਨ। ਮਿਸਾਲ ਵਜੋਂ 'ਬੰਤਾ ਖੇਤ ਬਾਹੇ ਗਾ' ਅਤੇ 'ਬੰਤਾ ਖੇਤ ਨਾ ਬਾਹੈ'।

**ਪੁਆਧੀ ਦੀ ਵੰਨਗੀ: ਗੱਲਬਾਤ:**

"ਰੈ ਬਲਦੇਬ ਤੌਂ ਕਿਥੈ ਜਾਹਾਂ"
"ਕਿਤੇ ਬੀ ਨੀਂ"
"ਤੌਂ ਝੂਠ ਕਦ ਤੇ ਬੋਲਣ ਲਗ ਗਿਆ"
"ਕਿਉਂ ਇਸ ਮਾਂ ਝੂਠ ਕੀ ਕੇੜ੍ਹੀ ਬਾਤ ਐ"
"ਰੈਂ ਅੱਜ ਮ੍ਹਾਰੀ ਮਰਬੇ ਬੰਦੀ ਕੀ ਪੇਸੀ ਐ"
"ਕਿਉਂ ਥਾਰੋ ਪਰ ਕਿਸੇ ਨੈਂ ਦਾਬਾ ਕਰ ਦੇਆ"
"ਆ ਹੋ"

**ਵਾਕ ਦੇ ਨਮੂਨੇ**

ਇਬੀ ਜਾ, ਝੱਟ ਦੇ ਕੈ ਆ।
ਮੈ ਜਾਹਾਂ ਅਕ ਤੌਂ ਜਾਹਾਂ (ਅਕ=ਕਿ)

**ਪੁਆਧੀ ਦੀ ਨਿਵੇਕਲੀ ਸ਼ਬਦਾਵਲੀ-ਨਮੂਨੇ ਦੇ ਨਿਤ-ਵਰਤੀਂਦੇ ਸ਼ਬਦ**

ਸਿੰਘ ਜੀ (ਸਹੁਰਾ), ਗੋਰੂ (ਡੰਗਰ), ਗੰਠ/ਗੱਠ (ਗੰਢ), ਚਤੌਲੀਆਂ (ਨਵਾਂ ਜੰਮਿਆ ਬੱਚਾ) ਛੋਕਰੀ (ਕੁੜੀ), ਭਲ੍ਹੇਟ (ਚਿਰਾਂ ਦੀ ਸੂਈ ਮੱਝ), ਮ੍ਹੈਂਸ (ਮੱਝ, ਮਹਿ), ਘਰੜ (ਅਧਰਿੜਕਾ ਲੱਸੀ), ਚਾਸਣੀ (ਕੜਾਹੀ), ਗੈਂ (ਗਊ), ਉਗਣ-ਆਥਨ (ਸਵੇਰ-ਸ਼ਾਮ), ਊਂਜਲ (ਓਕ, ਬੁੱਕ), ਕਚਰਾ (ਖਰਬੂਜਾ) ਬਾਸਣ (ਭਾਂਡਾ), ਭੱਤ (ਚੌਲ), ਥੌੜ (ਥਾਂ, ਸਥਾਨ), ਬਿਆਈ (ਸੂਈ-ਮੱਝ), ਗੌਂਗਟੀਆਂ (ਅਰਬੀ ਸਬਜ਼ੀ) ਓੱਟਾ (ਕੰਧੋਲੀ)

('ਪੰਜਾਬ ਦੀਆਂ ਉਪਭਾਸ਼ਾਵਾਂ' 'ਚੋਂ ਧੰਨਵਾਦ ਸਹਿਤ)

# 5. ਪੁਆਧ ਦਾ ਖਿੱਤਾ ਅਤੇ ਇਹਦੀ ਆਂਚਲਿਕ ਵਿਲੱਖਣਤਾ

*ਡਾ. ਤਾਰਾ ਸਿੰਘ ਸੰਧੂ*
*ਮੋਬਾ: 9781384776*

ਪੰਜਾਬ ਵਿੱਚ ਮਾਝਾ, ਮਾਲਵਾ ਅਤੇ ਦੁਆਬਾ ਤਿੰਨੇ ਖਿੱਤੇ ਆਪਣੀ ਆਂਚਲਿਕ ਵਿਸ਼ੇਸ਼ਤਾਈਆਂ ਲਈ ਪ੍ਰਸਿੱਧ ਹਨ ਪ੍ਰੰਤੂ ਚੌਥਾ ਖਿੱਤਾ ਪੁਆਧ ਹਮੇਸ਼ਾ ਹੀ ਅਣਗੌਲਿਆਂ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹਦਾ ਆਰਥਿਕ, ਸਭਿਆਚਾਰਕ ਅਤੇ ਭੂਗੋਲਿਕ ਪਛੜੇਵਾਂ ਹੈ। ਮਾਲਵੇ ਦੇ ਅਤਿ ਪਛੜੇ ਇਲਾਕੇ ਬਠਿੰਡਾ, ਫਿਰੋਜ਼ਪੁਰ, ਫਰੀਦਕੋਟ ਨੂੰ ਮਾਲਵੇ ਦੇ ਅੰਤਰਗਤ ਦੇ ਇਲਾਕੇ ਨੂੰ ਪੁਰਾਤਨ ਸਮਿਆਂ ਵਿੱਚ ਜੰਗਲ ਕਿਹਾ ਜਾਂਦਾ ਸੀ ਅਤੇ ਇਸ ਜੰਗਲ ਦੇ ਲੋਕ ਲੁਧਿਆਣਾ, ਪਟਿਆਲਾ ਨੂੰ ਪੁਆਧ ਕਹਿੰਦੇ ਸਨ। ਪੰਜਾਬ ਵਿੱਚ ਹਰੇ ਇਨਕਲਾਬ ਤੋਂ ਬਾਅਦ ਮਾਲਵੇ ਦੇ ਸਰਵਪੱਖੀ ਵਿਕਾਸ ਨਾਲ 'ਜੰਗਲ' ਵਾਲੀ ਅੱਲ ਤਾਂ ਖਤਮ ਹੋ ਗਈ ਅਤੇ ਇਸ ਨੇ ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਜੀਵਨ ਵਿੱਚ ਆਪਣਾ ਨਿਵੇਕਲਾ ਸਥਾਨ ਹਾਸਲ ਕਰ ਲਿਆ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਬਣਨ, ਸੈਰ-ਸਪਾਟਾ ਵਿਕਸਤ ਹੋਣ ਨਾਲ, ਇਸ ਖਿੱਤੇ ਵਿੱਚ ਨਹਿਰਾਂ ਤੇ ਸਨਅਤ ਦੇ ਵਿਕਸਤ ਹੋਣ ਨਾਲ ਪੁਆਧ ਦੇ ਇਲਾਕੇ ਦੇ ਲੋਕਾਂ ਵਿੱਚ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਪੱਖੋਂ ਹੁਲਾਰਾ ਆਇਆ ਹੈ ਅਤੇ ਹੁਣ ਇਹ ਖਿੱਤਾ ਨਵੀਂ ਅੰਗੜਾਈ ਲੈ ਰਿਹਾ ਹੈ।

ਇਸ ਖਿੱਤੇ ਦੀ ਭੂਗੋਲਿਕ, ਭਾਸ਼ਾਈ ਤੇ ਸਭਿਆਚਾਰਕ ਹੁਣ ਪੰਜਾਬ ਦੇ ਦੂਸਰੇ ਖਿੱਤਿਆਂ ਵਾਂਗ ਕਰਨੀ ਅਸਾਨ ਨਹੀਂ। ਪ੍ਰਸਿੱਧ ਇਤਿਹਾਸਕਾਰ ਗਰੀਮਾਨ ਨੇ ਅੱਜ ਦੇ ਇਲਾਕੇ ਦੀ ਨਿਸ਼ਾਨਦੇਹੀ ਬਹੁਤ ਪੱਧਰੀ ਕੀਤੀ ਹੈ। ਉਸ ਨੇ ਲਿਖਿਆ ਕਿ "ਜਿੱਥੇ ਗੰਨਾ ਸਭ ਤੋਂ ਜ਼ਿਆਦਾ ਬੀਜਿਆ ਜਾਂਦਾ ਹੈ ਉਹ ਪੁਆਧ ਦਾ ਇਲਾਕਾ ਹੈ।" ਗੰਨੇ ਦੀ ਕਾਸ਼ਤ ਨੂੰ ਆਧਾਰ ਬਣਾ ਕੇ ਇਲਾਕਾਈ ਵੰਡ ਨਾ ਤਾਂ ਵਿਗਿਆਨਕ ਹੈ ਅਤੇ ਨਾ ਹੀ ਬਾਹਰ ਮੁਖੀ। ਪ੍ਰਾਚੀਨ ਸਮਿਆਂ ਵਿੱਚ ਭੂਗੋਲਿਕ ਵੰਡਾਂ ਲਈ ਦਰਿਆਵਾਂ ਦੀ ਹੱਦਬੰਦੀ ਅਤੇ ਭਾਸ਼ਾਈ ਵਖਰੇਵਾਂ ਫਸਲਾਂ ਦੀ ਕਾਸ਼ਤਕਾਰੀ ਨਾਲੋਂ ਵਧੇਰੇ ਅਤੇ ਮੁਕਾਬਲਤਨ ਦਰੁਸਤ ਹੈ। ਇਸ ਲਈ ਸਤਲੁਜ ਅਤੇ ਘੱਗਰ ਦਰਿਆ ਦੇ ਵਿਚਕਾਰਲਾ ਇਲਾਕਾ ਪ੍ਰਮੁੱਖ ਰੂਪ ਵਿੱਚ ਪੁਆਧ ਦਾ ਇਲਾਕਾ ਕਿਹਾ ਜਾ ਸਕਦਾ ਹੈ ਕਿਉਂਕਿ 1782 ਤੋਂ ਪਹਿਲਾਂ ਸਤਲੁਜ ਦਰਿਆ ਪੁਆਧ ਦੀ ਪੂਰਬੀ ਹੱਦ ਵੱਲ ਵਗਦਾ ਸੀ ਜਿਸ ਦਾ 200 ਸਾਲ ਪਹਿਲਾਂ ਵਹਿਣ ਕੋਰਸ ਤਬਦੀਲ ਹੋ ਗਿਆ। ਸਤਲੁਜ ਦਰਿਆ ਦੇ ਇਸ ਵਹਿਣ ਕੋਰਸ ਦੇ ਬਦਲਣ ਨਾਲ ਮਾਲਵੇ ਦੇ ਖਿੱਤੇ ਦਾ ਇਸ ਪੁਆਧ ਦੇ ਹਿੱਸੇ 'ਤੇ ਪ੍ਰਭਾਵ ਵੱਧ ਗਿਆ ਅਤੇ 'ਢਾਹਾਂ' ਕਹਾਉਂਦੇ ਇਲਾਕੇ ਨੂੰ ਮਿਲਗੋਭੇ ਦੀ ਪਿਓਂਦ ਚੜ੍ਹਾ ਦਿੱਤਾ।

ਸਤਲੁਜ ਦੇ ਘੱਗਰ ਦਰਿਆ ਦੇ ਆਸ-ਪਾਸ ਦੇ ਇਲਾਕੇ ਦੀ ਮੂਲ ਵੰਡ ਅਨੁਸਾਰ ਰੋਪੜ, ਫਤਿਹਗੜ੍ਹ ਸਾਹਿਬ, ਅੰਬਾਲਾ ਜ਼ਿਲ੍ਹਾ ਸਮੁੱਚੇ ਤੌਰ 'ਤੇ ਅਤੇ ਪਟਿਆਲਾ ਦੀ ਰਾਜਪੁਰਾ ਤਹਿਸੀਲ, ਹਿਮਾਚਲ ਪ੍ਰਦੇਸ਼ ਦੀ ਨਾਲਾਗੜ੍ਹ ਤਹਿਸੀਲ, ਮੋਰਨੀ ਹਿੱਲ, ਪਿੰਜੌਰ ਦਾ ਇਲਾਕਾ ਅਤੇ ਚੰਡੀਗੜ੍ਹ ਅਤੇ ਇਸ ਨਾਲ ਸਬੰਧਤ 22 ਪਿੰਡ ਪੁਆਧ ਦੇ ਖਿੱਤੇ ਵਿੱਚ ਆ ਜਾਂਦੇ ਹਨ। ਉਪਜਾਊ ਜ਼ਮੀਨ ਦੀ ਘਾਟ ਤੇ ਪਾਣੀ ਦੀ ਸਮੱਸਿਆ ਕਰ ਕੇ ਇਸ ਖਿੱਤੇ ਦਾ ਬਹੁਤਾ ਇਲਾਕਾ ਮਾਰੂ ਸੀ ਜਿਸ ਕਰ ਕੇ ਲੋਕ ਸਭਿਆਚਾਰਕ ਤੌਰ 'ਤੇ ਵੀ ਪਛੜੇਵੇਂ ਦਾ ਸ਼ਿਕਾਰ ਸਨ। ਆਰਥਿਕ ਤੌਰ ਤੇ ਪਛੜਿਆ ਹੋਣ ਕਰ ਕੇ ਪੰਜਾਬ ਦੇ ਰਾਜਨੀਤਕ ਚਿਤਰਪਟ 'ਤੇ ਵੀ ਕੋਈ ਭੂਮਿਕਾ ਨਹੀਂ ਅਦਾ ਕਰਦਾ ਸੀ। ਪ੍ਰੰਤੂ ਜੇਕਰ ਇਤਿਹਾਸ 'ਤੇ ਪਿੱਛਲਖੁਰੀ ਝਾਤ ਮਾਰੀਏ ਤਾਂ ਇਹ ਇਲਾਕਾ ਪ੍ਰਾਚੀਨ ਸਮਿਆਂ ਵਿੱਚ ਜ਼ਰੂਰ ਸਭਿਅਤਾ ਵਿੱਚ ਬੁਲੰਦੀ ਰੱਖਦਾ ਹੋਵੇਗਾ ਕਿਉਂਕਿ ਰੋਪੜ, ਉਚਾ ਪਿੰਡ ਸੰਘੋਲ ਅਤੇ ਖਰੜ ਵਿੱਚ ਹੋਈ ਖੁਦਾਈ ਨਾਲ ਸਿੰਧੂ ਘਾਟੀ ਦੀ ਸਭਿਅਤਾ ਵਿਚੋਂ ਅਵਸ਼ੇਸ਼ ਮਿਲੇ ਹਨ ਜੋ ਇਸ ਖਿੱਤੇ ਦੇ ਪ੍ਰਾਚੀਨ ਅਤੇ ਵਿਕਸਤ ਗੌਰਵ ਦੀ ਨਿਸ਼ਾਨਦੇਹੀ ਕਰਦੇ ਹਨ।

ਇਸ ਖਿੱਤੇ ਦਾ ਸਿੱਖ ਇਤਿਹਾਸ ਵਿੱਚ ਵੀ ਵਿਸ਼ੇਸ਼ ਸਥਾਨ ਹੈ। ਸ੍ਰੀ ਗੁਰੂ ਤੇਗ ਬਹਾਦਰ, ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਇਸ ਖਿੱਤੇ ਵਿੱਚ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਦਸਮ ਗ੍ਰੰਥ' ਦੀ ਰਚਨਾ ਨੰਗਲ ਦੇ ਨੇੜੇ ਭੋਰਾ ਸਾਹਿਬ ਵਿੱਚ 13 ਮਹੀਨੇ ਰਹਿ ਕੇ ਕੀਤੀ। ਖਾਲਸਾ ਪੰਥ ਦੀ ਸਾਜਣਾ ਵੀ ਆਨੰਦਪੁਰ ਸਾਹਿਬ ਵਿਖੇ ਹੋਈ। ਸ੍ਰੀ ਗੁਰੂ ਗੋਬਿੰਦ ਦੇ ਚਾਰ ਸਾਹਿਬਜ਼ਾਦੇ (ਦੋ ਚਮਕੌਰ ਸਾਹਿਬ ਵਿਖੇ ਜੰਗ 'ਚ ਸ਼ਹੀਦ ਹੋਏ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੀਆਂ ਨੀਂਹਾਂ ਵਿੱਚ ਚਿਣਵਾ ਦਿੱਤਾ ਅਤੇ ਮਾਤਾ ਗੁਜਰੀ ਸ਼ਹਾਦਤ ਪ੍ਰਾਪਤ ਕਰ ਗਏ) ਸ਼ਹੀਦ ਹੋਏ। ਬੰਦਾ ਸਿੰਘ ਬਹਾਦਰ ਵਲੋਂ ਸਰਹੰਦ ਦੇ ਨਵਾਬ 'ਤੇ ਜਿਸ ਮੈਦਾਨ ਵਿੱਚ ਜਿੱਤ ਪ੍ਰਾਪਤ ਕੀਤੀ ਉਹ ਚੱਪੜਚਿੜੀ ਦਾ ਮੈਦਾਨ ਵੀ ਇਸ ਇਲਾਕੇ ਵਿੱਚ ਹੈ। ਸੰਸਾਰ ਦਾ ਪਹਿਲਾ ਗ੍ਰੰਥ ਰਿਗਵੇਦ ਵੀ ਆਰੀਆਂ ਨੇ ਇਸ ਇਲਾਕੇ ਵਿੱਚ ਹੀ ਸਿਰਜਿਆ। ਸ੍ਰੀ ਗੁਰੂ ਹਰਿ ਕ੍ਰਿਸ਼ਨ ਨੇ ਪੰਜੋਖਰਾ ਸਾਹਿਬ ਵਿਖੇ ਇਕ ਮਰਾਸੀ ਦੇ ਸਿਰ 'ਤੇ ਛੜੀ ਰੱਖ ਕੇ ਸੰਸਕ੍ਰਿਤ ਦੇ ਸ਼ਲੋਕਾਂ ਦਾ ਅਰਥ ਕਰਵਾਇਆ ਸੀ ਤੇ ਪੰਡਤਾਂ ਦੀ ਪ੍ਰਖਿਆ ਨੂੰ ਝੂਠ ਕਰ ਕੇ ਵਿਖਾਇਆ ਸੀ।

ਸੈਰਗਾਹ ਦੇ ਨਜ਼ਰੀਏ ਤੋਂ ਇਸ ਇਲਾਕੇ ਵਿੱਚ ਇਕ ਪਾਸੇ ਸ਼ਾਂਤ ਸੁਭਾਅ ਖੜ੍ਹੀ ਮੋਰਨੀ ਹਿੱਲ ਹੈ ਅਤੇ ਦੂਸਰੇ ਪਾਸੇ ਪਿੰਜੌਰ ਗਾਰਡਨ ਹੈ। ਰੋਪੜ ਸਤਲੁਜ ਦਰਿਆ ਦੇ ਕਿਨਾਰੇ ਪਿੰਕਾਸ਼ੀਆਂ, ਕੌਮਾਂਤਰੀ ਪੰਛੀਆਂ ਦਾ ਵਸੇਬਾ ਚੰਡੀਗੜ੍ਹ ਦਾ ਰਾਕ ਗਾਰਡਨ ਅਤੇ ਸੁਖਨਾ ਝੀਲ ਹੈ। ਹਿੰਦੂ ਧਰਮ ਦੇ ਪੱਖ ਤੋਂ ਨੈਣਾ ਦੇਵੀ ਅਤੇ ਮਨਸਾ ਦੇਵੀ ਦੇ

ਇਤਿਹਾਸਕ ਮੰਦਰ ਹਨ। ਪੰਜਾਬ ਦਾ ਪ੍ਰਸਿੱਧ ਡਾਕੂ ਜਿਉਣਾ ਮੌੜ ਵੀ ਨੈਣਾ ਦੇਵੀ ਵਿਖੇ ਹੀ ਸ਼ਹੀਦ ਹੋਇਆ। ਇਸ ਇਲਾਕੇ ਦਾ ਹੈਰਾਨੀਜਨਕ ਪਹਿਲੂ ਹੈ ਕਿ ਸਿੱਖ ਗੁਰੂ ਅਤੇ ਸਿੱਖਾਂ ਦੇ ਧਾਰਮਿਕ ਅਸਥਾਨ ਸਭ ਤੋਂ ਵੱਧ ਇਸ ਇਲਾਕੇ ਵਿੱਚ ਹਨ ਪ੍ਰੰਤੂ ਸਿੱਖ ਧਰਮ ਤੇ ਸਿੱਖੀ ਦਾ ਪ੍ਰਭਾਵ ਪੰਜਾਬ ਦੇ ਹੋਰ ਇਲਾਕਿਆਂ ਦੇ ਮੁਕਾਬਲੇ ਇਥੇ ਸਭ ਤੋਂ ਘੱਟ ਹੈ। ਇਹ ਹੈਰਾਨੀਜਨਕ ਤੱਥ ਵੱਖਰੇ ਖੋਜ-ਕਾਰਜ ਦੀ ਮੰਗ ਰੱਖਦਾ ਹੈ।

ਸਾਹਿਤਕ ਖੇਤਰ ਵਜੋਂ ਇਸ ਖਿੱਤੇ ਨੇ ਹੁਣ ਆਪਣਾ ਸਥਾਨ ਨਿਸ਼ਚਿਤ ਕਰਨਾ ਆਰੰਭ ਕਰ ਦਿੱਤਾ ਹੈ। ਗਿਆਨੀ ਦਿੱਤ ਸਿੰਘ (ਨੰਦਪੁਰ ਕਲੌੜ), ਪ੍ਰਸਿੱਧ ਕਿੱਸਾਕਾਰ ਆਸਾ ਰਾਮ, ਕਹਾਣੀਕਾਰ ਨਵਤੇਜ ਪੁਆਧੀ, ਜਸਬੀਰ ਮੰਡ, ਮਨਮੋਹਨ ਸਿੰਘ ਦਾਊਂ, ਡਾ. ਕੇਸਰ ਸਿੰਘ ਕੇਸਰ, ਡਾ. ਬਲਬੀਰ ਸਿੰਘ ਸੰਧੂ, ਗੁਰਬਖਸ਼ ਸਿੰਘ ਕੇਸਰੀ, ਸੋਹਣ ਸਿੰਘ ਹੰਸ (ਕਾਰੇ ਹੱਥੀ) ਡਾ. ਕਰਨੈਲ ਸਿੰਘ ਸੋਮਲ ਆਦਿ ਪ੍ਰਮੁੱਖ ਸਾਹਿਤਕ ਸ਼ਖਸੀਅਤਾਂ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਝੋਲੀ ਵਿੱਚ ਵਡਮੁੱਲਾ ਯੋਗਦਾਨ ਪਾਇਆ। ਪੰਜਾਬ ਦੀ ਪ੍ਰਸਿੱਧ ਸਾਹਿਤਕ, ਸਭਿਆਚਾਰਕ ਹਸਤੀ ਡਾ. ਐਮ. ਐਸ. ਰੰਧਾਵਾ ਵੀ ਇਸ ਇਲਾਕੇ ਦੇ ਹੀ ਅੰਤ ਹੋ ਕੇ ਰਹਿ ਗਏ।

ਆਰਥਿਕ ਵਿਕਾਸ ਦੇ ਪੱਖੋਂ ਹੁਣ ਇਸ ਇਲਾਕੇ ਦੀ ਸੁਣੀ ਗਈ ਹੈ। ਨਵੀਂ ਸਨਅਤ, ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ। ਰੋਪੜ ਦਾ ਥਰਮਲ ਪਲਾਂਟ ਵੱਡੀ ਸਨਅਤ ਹੈ।

ਸ਼ਹਿਰੀ ਵਿਕਾਸ ਨਾਲ ਇਸ ਇਲਾਕੇ ਦੀ ਜ਼ਮੀਨ ਮਹਿੰਗੀ ਹੋ ਗਈ ਹੈ ਅਤੇ ਪਿੰਡਾਂ ਦੇ ਲੋਕਾਂ ਨੇ ਸਬਜ਼ੀਆਂ, ਚਾਰਾ, ਮੱਝਾਂ, ਦੁੱਧ, ਮੁਰਗੀਖਾਨੇ ਆਦਿ ਦਾ ਕੰਮ ਪ੍ਰਮੁੱਖ ਬਣਾ ਲਿਆ ਹੈ ਜਿਸ ਨਾਲ ਲੋਕਾਂ ਨੂੰ ਆਰਥਿਕ ਤੌਰ 'ਤੇ ਸਾਹ ਮਿਲਣਾ ਸ਼ੁਰੂ ਹੋਇਆ ਹੈ। ਸਿੱਖਿਆ ਦੇ ਖੇਤਰ ਵਿੱਚ ਵੀ ਹੁਣ ਇਹ ਇਲਾਕਾ ਨਵੇਂ ਦੌਰ ਵਿੱਚ ਦਾਖਲ ਹੋ ਗਿਆ ਹੈ। ਇਹੀ ਕਾਰਨ ਹੈ ਕਿ ਸਾਹਿਤਕ ਸੰਸਥਾਵਾਂ ਤੇ ਸਭਿਆਚਾਰਕ ਕੇਂਦਰ ਖੁੰਬਾਂ ਵਾਂਗ ਉਠ ਰਹੇ ਹਨ।

# 6. ਡਾ. ਰੰਧਾਵਾ ਦਾ ਪੁਆਧੀਆਂ ਨਾਲ ਪਿਆਰ

*ਅਵਤਾਰ ਭੰਵਰਾ*

*ਮੋਬਾ: 9872661281*

ਡਾਕਟਰ ਮਹਿੰਦਰ ਸਿੰਘ ਰੰਧਾਵਾ ਦਾ ਪੁਆਧ ਖੇਤਰ ਦੇ ਲੋਕਾਂ ਨਾਲ ਅਥਾਹ ਪਿਆਰ ਤੇ ਸਨੇਹ ਸੀ। ਦੁਆਬੇ ਦੇ ਪਿੰਡ ਬੋਦਲ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਜੰਮਪਲ ਡਾ. ਰੰਧਾਵਾ ਨੂੰ ਕੇਂਦਰ ਸਰਕਾਰ ਦੀ ਨੌਕਰੀ ਹੋਣ ਕਾਰਨ ਵੱਖ-ਵੱਖ ਥਾਵਾਂ 'ਤੇ ਉੱਚੇ ਅਹੁਦੇ 'ਤੇ ਸੇਵਾਵਾਂ ਨਿਭਾਉਣੀਆਂ ਪਈਆਂ ਪ੍ਰੰਤੂ ਪੁਆਧ ਦੇ ਸਮੁੱਚੇ ਖੇਤਰ ਤੇ ਚੰਡੀਗੜ੍ਹ ਨਾਲ ਵੀ ਉਨ੍ਹਾਂ ਨੂੰ ਵਿਸ਼ੇਸ਼ ਲਗਾਓ ਸੀ। ਆਜ਼ਾਦੀ ਤੋਂ ਬਾਅਦ ਜਦੋਂ ਪੰਜਾਬ ਦੇ ਪਿੰਡਾਂ ਵਿੱਚ ਵਿਕਾਸ ਯੋਜਨਾਵਾਂ ਸ਼ੁਰੂ ਹੋਈਆਂ ਤਾਂ ਉਨ੍ਹਾਂ ਨੇ ਪਿੰਡਾਂ ਵਿੱਚ ਲਾਇਬਰੇਰੀਆਂ ਦਾ ਜਾਲ ਵਿਛਾਉਣ ਲਈ ਪੁਆਧ ਖੇਤਰ ਦੇ ਪਿੰਡ ਲਾਂਡਰਾਂ (ਉਦੋਂ ਜ਼ਿਲ੍ਹਾ ਅੰਬਾਲਾ) ਅਤੇ ਖਾਲਸਾ ਹਾਈ ਸਕੂਲ ਖਰੜ ਵਿਖੇ ਆਦਰਸ਼ ਲਾਇਬਰੇਰੀਆਂ ਦਾ ਮੁੱਢ ਬੰਨ੍ਹਿਆ। ਖਰੜ ਸਕੂਲ ਦੀ ਲਾਇਬਰੇਰੀ ਤੇ ਆਰਟ ਗੈਲਰੀ ਉਨ੍ਹਾਂ ਸਮਿਆਂ ਵਿੱਚ ਲੋਕਾਂ ਦੀ ਖਿੱਚ ਦਾ ਕੇਂਦਰ ਰਹੀ ਹੈ। ਇਸ ਸਕੂਲ ਦੀ ਆਰਟ ਗੈਲਰੀ ਵਿੱਚ ਅਜੇ ਵੀ ਦੁਰਲੱਭ ਫੋਟੋਆਂ ਚਿੱਤਰ (ਪੇਂਟਿੰਗਜ਼) ਵੇਖੀਆਂ ਜਾ ਸਕਦੀਆਂ ਹਨ।

ਇਹ ਗੱਲ ਤਾਂ ਸਭ ਜਾਣਦੇ ਹਨ ਕਿ ਪੁਆਧ ਦੇ ਪਿੰਡਾਂ ਨੂੰ ਉਜਾੜ ਕੇ ਚੰਡੀਗੜ੍ਹ ਵਸਾਇਆ ਗਿਆ ਤੇ ਡਾ. ਰੰਧਾਵਾ ਚੰਡੀਗੜ੍ਹ ਦੇ ਪਹਿਲੇ ਚੀਫ਼ ਕਮਿਸ਼ਨਰ ਸਨ। ਉਨ੍ਹਾਂ ਇਥੋਂ ਦੇ ਮੂਲਵਾਸੀਆਂ ਨੂੰ ਮੁੜ ਵਸਾਉਣ ਲਈ ਚੰਡੀਗੜ੍ਹ ਵਿੱਚ ਇੰਡਸਟਰੀਅਲ ਪਲਾਟ ਅਲਾਟ ਕਰਕੇ ਉਨ੍ਹਾਂ ਨੂੰ ਮੁੜ ਪੈਰਾਂ 'ਤੇ ਕੀਤਾ। ਡਾ. ਰੰਧਾਵਾ ਆਪਣੀ ਸਵੈ-ਜੀਵਨੀ 'ਆਪ ਬੀਤੀ' ਵਿੱਚ ਲਿਖਦੇ ਹਨ ਕਿ ਜਦੋਂ ਬਜਵਾੜੇ (ਹੁਣ ਸੈਕਟਰ-35-36) ਤੋਂ ਲੁਹਾਰਾਂ ਤੇ ਹੋਰ ਦਸਤਕਾਰਾਂ ਨੂੰ ਉਠਾਇਆ ਗਿਆ ਤਾਂ ਉਨ੍ਹਾਂ ਦੇ ਪਰਿਵਾਰ ਅਫਸਰਾਂ ਨੂੰ ਗਾਲ੍ਹਾਂ ਕੱਢਦੇ ਸਨ। ਪਰ ਡਾ. ਰੰਧਾਵਾ ਆਪ ਉਨ੍ਹਾਂ ਕੋਲ ਜਾ ਕੇ ਉਨ੍ਹਾਂ ਨੂੰ ਸਮਝਾਉਂਦੇ ਰਹੇ ਸਨ ਕਿ ਉਨ੍ਹਾਂ ਨੂੰ ਰੰਬੇ ਚੰਡਣ ਤੋਂ ਵੱਡੇ ਕਾਰਖਾਨੇਦਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੂੰ ਇਨ੍ਹਾਂ ਦੀਆਂ ਬਹੁਤ ਸਾਰੀਆਂ ਤਿੱਖੀਆਂ ਗੱਲਾਂ ਸੁਣਨੀਆਂ ਪਈਆਂ (ਮਾਹਨੂੰ ਕਿਆ ਕਰਨੈ ਕਾਰਖਾਨੇ ਜਦ ਮਾਹਨੂੰ ਉਜਾੜ ਦਿੱਤੈ)।

ਪੰਜਾਬ ਵਿੱਚ ਜਦੋਂ ਮੁਰੱਬੇਬੰਦੀ ਦਾ ਕੰਮ ਸ਼ੁਰੂ ਹੋਇਆ, ਉਸ ਵਿੱਚ ਡਾ. ਰੰਧਾਵਾ ਦੀ ਅਹਿਮ ਭੂਮਿਕਾ ਰਹੀ ਹੈ। ਪੁਆਧ ਖੇਤਰ ਨੂੰ ਪਿਆਰਨ ਦੇ ਫਲ-ਸਰੂਪ ਉਨ੍ਹਾਂ ਨੇ ਮਾਡਰਨ ਕਲੋਨੀਆਂ ਦਾ ਸੰਕਲਪ ਦੇ ਕੇ ਆਪਣੀ ਜ਼ਮੀਨ ਪਿੰਡ ਖਾਨਪੁਰ (ਖਰੜ ਦੀ ਹੱਦਬੰਦੀ) ਵਿੱਚ ਲਗਭਗ 15 ਏਕੜ ਅਲਾਟ ਕਰਵਾਈ ਤੇ ਆਪਣੇ ਗੁਆਂਢੀ ਜਿਮੀਂਦਾਰਾਂ ਮਾਸਟਰ ਮੋਹਨ ਸਿੰਘ, ਚੌਧਰੀ ਹਰੀ ਸਿੰਘ ਤੇ ਮੁਨਸ਼ੀ ਸੰਪੂਰਨ ਸਿੰਘ ਨਾਲ ਸਾਂਝਾ

ਟਰੈਕਟਰ ਲੈ ਕੇ ਸਾਂਝੀ ਖੇਤੀ ਦੀ ਨਵੀਂ ਸਕੀਮ ਸ਼ੁਰੂ ਕੀਤੀ। ਖਰੜ ਤੋਂ ਪਿੰਡਾਂ ਨੂੰ ਸੜਕ ਨਾਲ ਜੋੜਨ ਲਈ ਰੰਧਾਵਾ ਰੋਡ ਨਾਂ ਵਾਲੀ ਸੜਕ ਤੋਂ ਅਗਲੇ ਪਿੰਡਾਂ ਪੀੜ ਸੁਆਣਾ ਤੇ ਬਜਹੇੜੀ ਤੋਂ ਅੱਗੇ ਤੱਕ ਲੋਕਾਂ ਨੂੰ ਪ੍ਰੇਰਨਾ ਦੇ ਕੇ ਮਿੱਟੀ ਪੁਆਈ ਤੇ ਪੱਕੀ ਸੜਕ ਬਣਵਾਈ। ਪਿੰਡਾਂ ਦੇ ਲੋਕਾਂ ਦੀ ਬੋਲੀ ਪੁਆਧੀ ਵਿੱਚ ਗੱਲਾਂ ਸੁਣਨ/ਕਰਨ ਦਾ ਉਨ੍ਹਾਂ ਨੂੰ ਬਹੁਤ ਸ਼ੌਕ ਸੀ। ਉਹ ਕਹਿੰਦੇ ਸਨ ਕਿ ਪੁਆਧੀ ਤਿੰਨ ਭਾਸ਼ਾਵਾਂ ਦੀ ਰਲਵੀਂ ਮਿਠਾਸ ਹੈ। ਆਪਣੇ ਗੁਆਂਢੀ ਮੁਨਸ਼ੀ ਸੰਪੂਰਨ ਸਿੰਘ ਦੀ ਜ਼ਮੀਨ ਲਈ ਉਨ੍ਹਾਂ ਨੇ ਬਾਗਾਂ ਦੀ ਖੇਤੀ ਪ੍ਰਫੁੱਲਤ ਕਰਾਉਣ ਲਈ ਸਹਾਰਨਪੁਰ ਤੋਂ ਅੰਬਾਂ ਤੇ ਮਾਲਟਿਆਂ ਦੇ ਚੰਗੀ ਕਿਸਮ ਦੇ ਪੌਦੇ ਲਿਆ ਕੇ ਦਿੱਤੇ। ਉਹ ਆਪਣੀ ਸਵੈ-ਜੀਵਨੀ ਵਿੱਚ ਇੱਕ ਵਿਅਕਤੀ ਦਾ ਵਿਸ਼ੇਸ਼ ਜ਼ਿਕਰ ਕਰਦੇ ਹਨ ਜੋ ਖਰੜ ਵਿੱਚ ਚਾਹ ਦੀ ਦੁਕਾਨ ਕਰਦਾ ਸੀ। ਉਹ ਸੀ ਭੂਰੂ ਚਾਹ ਵਾਲਾ। ਉਸ ਨੇ ਰੰਧਾਵਾ ਰੋਡ 'ਤੇ ਆਪਣਾ ਮਕਾਨ ਬਣਾਇਆ। ਉਸ ਨੂੰ ਆਪਣਾ ਘਰ ਸਾਫ ਤੇ ਸੁੰਦਰ ਰੱਖਣ ਦਾ ਬਹੁਤ ਸ਼ੌਕ ਸੀ। ਭੂਰੂ ਦੇ ਇਸ ਸ਼ੌਕ ਦੀ ਕਦਰ ਕਰਦਿਆਂ ਉਨ੍ਹਾਂ ਉਸ ਦੇ ਘਰ ਨੂੰ ਹੋਰ ਖ਼ੂਬਸੂਰਤ ਬਨਾਉਣ ਲਈ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਫੁੱਲਾਂ ਦੇ ਬੂਟੇ ਆਪ ਲਿਆ ਕੇ ਦਿੱਤੇ। ਇਹ ਗੱਲ ਵੀ ਲੋਕੀਂ ਯਾਦ ਕਰਦੇ ਹਨ ਕਿ ਰੰਧਾਵਾ ਰੋਡ 'ਤੇ ਸ਼ਾਮ ਨੂੰ ਜਦੋਂ ਉਹ ਸੈਰ ਕਰਨ ਨਿਕਲਦੇ ਸਨ ਤਾਂ ਉਹ ਇਸ ਰਸਤੇ 'ਚ ਮਿਲਣ ਵਾਲੇ ਜਿਮੀਂਦਾਰਾਂ ਨੂੰ ਖੇਤੀ ਦੇ ਅਹਿਮ ਨੁਕਤੇ ਵੀ ਦੱਸਦੇ ਰਹਿੰਦੇ ਸਨ। ਇਲਾਕੇ ਦੇ ਬਹੁਤ ਸਾਰੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਉਨ੍ਹਾਂ ਨੇ ਸਰਕਾਰੀ ਨੌਕਰੀਆਂ 'ਤੇ ਲਾਇਆ।

ਇੱਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਕਰਨੀ ਬਣਦੀ ਹੈ ਕਿ 'ਟ੍ਰਿਬਿਊਨ ਟਰੱਸਟ' ਦੇ ਮੈਂਬਰ ਹੋਣ ਸਮੇਂ ਉਨ੍ਹਾਂ 'ਪੰਜਾਬੀ ਟ੍ਰਿਬਿਊਨ' ਸ਼ੁਰੂ ਕਰਵਾ ਕੇ ਪੁਆਧ ਖੇਤਰ ਲਈ ਬਹੁਤ ਵੱਡਾ ਕੰਮ ਕੀਤਾ ਹੈ ਕਿਉਂਕਿ ਇਸ ਖੇਤਰ ਵਿੱਚ ਅੰਗਰੇਜ਼ੀ ਘੱਟ ਲੋਕ ਜਾਣਦੇ ਸਨ। ਉਨ੍ਹਾਂ ਦਾ ਸੁਪਨਾ ਸੀ ਕਿ ਇਸ ਅਖ਼ਬਾਰ ਰਾਹੀਂ ਪੁਆਧ ਖੇਤਰ ਦੀਆਂ ਸਮੱਸਿਆਵਾਂ ਉਭਾਰ ਕੇ ਸਰਕਾਰਾਂ ਦੇ ਕੰਨਾਂ ਤੱਕ ਪਹੁੰਚਾਈਆਂ ਜਾਣ ਤੇ ਵਿਕਾਸ ਕਰਵਾਇਆ ਜਾਵੇ।

ਡਾ. ਰੰਧਾਵਾ ਨੇ ਚੰਡੀਗੜ੍ਹ ਦੇ ਚੀਫ ਕਮਿਸ਼ਨਰ ਹੁੰਦੇ ਹੋਏ ਪੰਜਾਬੀ ਦੇ ਕਈ ਲੇਖਕਾਂ, ਕਲਾਕਾਰਾਂ, ਰੰਗਕਰਮੀਆਂ ਤੇ ਵਿਦਵਾਨਾਂ ਨੂੰ ਵਾਜਬ ਦਰਾਂ 'ਤੇ ਰਿਹਾਇਸ਼ੀ ਪਲਾਟ ਅਲਾਟ ਕਰਵਾਏ। ਖਰੜ ਇਲਾਕੇ ਦੇ ਵਿਦਿਆਰਥੀਆਂ, ਕਰਮਚਾਰੀਆਂ ਤੇ ਲੋਕਾਂ ਨੂੰ ਚੰਡੀਗੜ੍ਹ ਆਉਣ ਦੀ ਸਹੂਲਤ ਲਈ ਲੋਕਲ ਬੱਸ ਚਲਾਉਣ ਦਾ ਸਿਹਰਾ ਵੀ ਡਾ. ਰੰਧਾਵਾ ਨੂੰ ਜਾਂਦਾ ਹੈ। ਉਨ੍ਹਾਂ ਮੁੰਡੀ ਖਰੜ, ਦੇਸੂਮਾਜਰਾ, ਦਾਊਂ, ਬਲੌਂਗੀ ਤੇ ਮੁਹਾਲੀ ਪਿੰਡਾਂ ਵਿੱਚ ਲੋਕਾਂ ਦੀ ਸਹੂਲਤ ਲਈ ਬੱਸ ਸਟੈਂਡਾਂ 'ਤੇ ਸ਼ੈੱਡ ਬਣਵਾਏ। ਚੰਡੀਗੜ੍ਹ ਵਿੱਚ ਗੁਲਾਬ ਬਾਗ਼ (ਰੋਜ਼ ਗਾਰਡਨ), ਕਲਾ ਪ੍ਰੀਸ਼ਦ ਦੀ ਇਮਾਰਤ ਦੀ ਉਸਾਰੀ ਕਰਾਉਣੀ, ਦੋ ਮਿਊਜ਼ੀਅਮ, ਸੜਕਾਂ ਦੇ ਨਾਲ-ਨਾਲ ਸੁੰਦਰ ਸ਼ਿੰਗਾਰ ਰੁੱਖ ਤੇ

ਫੁੱਲ ਲਗਵਾਉਣੇ ਡਾ. ਰੰਧਾਵਾ ਦਾ ਪੁਆਧ ਦੇ ਇਲਾਕੇ ਨੂੰ ਖ਼ੂਬਸੂਰਤੀ ਪ੍ਰਦਾਨ ਕਰਨ ਦਾ ਸੁਪਨਾ ਸੀ। ਚੰਡੀਗੜ੍ਹ ਦਾ 'ਸਿਟੀ ਬਿਊਟੀਫੁੱਲ' ਵਜੋਂ ਨਾਮਕਰਨ ਕਰਾਉਣਾ ਉਨ੍ਹਾਂ ਦੀ ਹੀ ਸੋਚ ਦਾ ਸਬੂਤ ਹੈ। 1967 ਵਿੱਚ ਬਣੀ ਪੰਜਾਬੀ ਸਾਹਿਤ ਸਭਾ ਖਰੜ ਦੇ ਡਾ. ਰੰਧਾਵਾ ਸਰਪ੍ਰਸਤ ਸਨ। 1967 ਵਿੱਚ ਖਰੜ ਵਿਖੇ ਡਾ. ਹਰਚਰਨ ਸਿੰਘ ਵੱਲੋਂ ਖੇਡਿਆ ਗਿਆ ਨਾਟਕ 'ਇਤਿਹਾਸ ਜਵਾਬ ਮੰਗਦਾ' ਅਜੇ ਵੀ ਖਰੜ ਇਲਾਕੇ ਦੇ ਲੋਕਾਂ ਦੇ ਮਨਾਂ 'ਤੇ ਉਕਰਿਆ ਹੋਇਆ ਹੈ। ਇਹ ਨਾਟਕ ਹਰਪਾਲ ਟਿਵਾਣਾ ਦੀ ਮੰਡਲੀ ਵੱਲੋਂ ਖੇਡਿਆਂ ਗਿਆ ਸੀ। ਉਘੇ ਲੇਖਕ ਮਨਮੋਹਨ ਸਿੰਘ ਦਾਊਂ (ਪ੍ਰਧਾਨ, ਪੰਜਾਬੀ-ਸਾਹਿਤ ਸਭਾ ਖਰੜ) ਦੀ ਉਹ ਬਹੁਤ ਕਦਰ ਕਰਦੇ ਸਨ ਤੇ ਉਸ ਦੇ ਉੱਦਮ ਨਾਲ ਹੀ ਇਹ ਨਾਟਕ-ਸਮਾਗਮ ਆਯੋਜਿਤ ਕਰਵਾਇਆ ਗਿਆ ਸੀ।

ਇਸੇ ਤਰ੍ਹਾਂ ਹੀ ਉਨ੍ਹਾਂ ਨੇ ਪੁਆਧ ਦੇ ਸ਼ਹਿਰ ਅੰਬਾਲਾ ਵਿੱਚ ਬਹੁਤ ਵੱਡਾ ਸਭਿਆਚਾਰਕ ਮੇਲਾ ਕਰਵਾਇਆ ਸੀ ਜਿਸ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਉਚੇਚੇ ਤੌਰ 'ਤੇ ਸੱਦਿਆ ਗਿਆ ਸੀ। ਡਾ. ਰੰਧਾਵਾ ਪੁਆਧ ਇਲਾਕੇ ਦੇ ਕਮਿਊਨਿਸਟ ਲੀਡਰ ਸ਼ਮਸ਼ੇਰ ਸਿੰਘ ਜੋਸ਼ (ਵਿਧਾਇਕ), ਹੈੱਡ ਮਾਸਟਰ ਸਮੁੰਦ ਸਿੰਘ, ਮਾਸਟਰ ਸਰੂਪ ਸਿੰਘ, ਸੇਵਾ ਸਿੰਘ (ਬਡਾਲਾ) ਦੇ ਗੁਣਾਂ ਤੇ ਸੇਵਾ ਭਾਵਨਾ ਦੀ ਬਹੁਤ ਕਦਰ ਕਰਦੇ ਸਨ। ਉਨ੍ਹਾਂ ਦੀ ਰਿਹਾਇਸ਼ ਖਰੜ ਹੋਣ ਕਾਰਨ ਉੱਚ ਸ਼ਖ਼ਸੀਅਤਾਂ ਲਈ ਇਹ ਖਿੱਚ ਦਾ ਕੇਂਦਰ ਰਿਹਾ ਹੈ। ਪੁਆਧੀਆਂ ਨੂੰ ਡਾਕਟਰ ਰੰਧਾਵਾ ਦੇ ਇਸ ਮੋਹ 'ਤੇ ਹਮੇਸ਼ਾ ਮਾਣ ਰਹੇਗਾ।

# 7. ਪੁਆਧ ਦੇ ਆਰਥਿਕ ਅਤੇ ਸਮਾਜਿਕ ਪੱਖ ਦਾ ਔਰਤ ਦੇ ਹਾਰ ਸ਼ਿੰਗਾਰ 'ਤੇ ਪ੍ਰਭਾਵ

*ਦਲਜੀਤ ਕੌਰ ਦਾਊਂ*
*ਮੋਬਾ: 9915560280*

ਪੁਆਧ ਖੇਤਰ ਦੇ ਆਰਥਿਕ ਅਤੇ ਸਮਾਜਿਕ ਜੀਵਨ ਨੂੰ ਦੋ ਭਾਗਾਂ ਵਿੱਚ ਵੰਡ ਕੇ ਦੇਖਿਆ ਜਾ ਸਕਦਾ ਹੈ।

(1) ਦੇਸ਼ ਦੀ ਵੰਡ ਅਤੇ ਚੰਡੀਗੜ੍ਹ ਰਾਜਧਾਨੀ ਬਣਨ ਤੋਂ ਪਹਿਲਾਂ ਦੇ ਹਾਲਾਤ।
(2) ਦੇਸ਼ ਦੀ ਵੰਡ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਨ ਤੋਂ ਬਾਅਦ ਦੇ ਹਾਲਾਤ।

ਹਰ ਕਾਲ ਵਿੱਚ ਔਰਤ ਅਤੇ ਉਸਦੇ ਸ਼ਿੰਗਾਰ ਦੀ ਚਰਚਾ ਸਮਾਜ ਦੇ ਮੇਲਿਆਂ, ਸੱਥਾਂ, ਗੌਣਾ ਅਤੇ ਵਿਆਹ-ਸ਼ਾਦੀਆਂ ਵਿੱਚ ਹੁੰਦੀ ਰਹੀ ਹੈ। ਔਰਤ ਦਾ ਸ਼ਿੰਗਾਰ ਕਿਸੇ ਵੀ ਖੇਤਰ ਦੀ ਆਰਥਿਕ ਵਿਵਸਥਾ ਤੇ ਦੂਜਾ ਸਮਾਜਿਕ ਸਰੋਕਾਰਾਂ ਅਤੇ ਰੀਤੀ ਰਵਾਜਾਂ 'ਤੇ ਨਿਰਭਰ ਕਰਦਾ ਹੈ। ਖਾਸ ਤੌਰ ਤੇ ਵੰਡ ਤੋਂ ਪਹਿਲਾਂ ਇੱਥੋਂ ਦੇ ਲੋਕਾਂ ਦਾ ਕਿੱਤਾ ਖੇਤੀਬਾੜੀ ਅਤੇ ਡੰਗਰ ਪਸ਼ੂ ਪਾਲਣੇ ਹੀ ਸੀ। ਦੂਸਰਾ ਅੰਗਰੇਜ਼ ਦੀ ਫੌਜ ਵਿੱਚ ਸਿਪਾਹੀ ਭਰਤੀ ਹੋ ਜਾਣਾ ਸੀ। ਤੀਸਰਾ ਕਿੱਤਾ ਵਣਜ ਵਪਾਰ ਦੁਕਾਨਦਾਰੀ ਉਹ ਵੀ ਸਥਾਨਕ ਚੀਜ਼ਾਂ ਦੀ ਇੱਕ ਥਾਂ ਤੋਂ ਦੂਜੀ ਥਾਂ ਪੁੱਜਦਾ ਕਰਨਾ ਅਤੇ ਵਟਾਂਦਰਾ ਕਰਨਾ ਹੀ ਹੁੰਦਾ ਸੀ। ਵਪਾਰ ਬੈਲ ਗੱਡਿਆਂ ਰਾਹੀਂ ਹੁੰਦਾ ਸੀ। ਇਸ ਨੂੰ ਭਾੜਾ ਬਹੁਣਾ ਜਾਂ ਗੱਡਾ ਬਹੁਣਾ ਕਿਹਾ ਜਾਂਦਾ ਸੀ।

ਮੁੱਖ ਸ਼ਹਿਰ ਰੋਪੜ, ਕੁਰਾਲੀ, ਮੋਰਿੰਡਾ, ਮਨੀਮਾਜਰਾ, ਕਾਲਕਾ, ਅੰਬਾਲਾ, ਨਰਾਇਣਗੜ੍ਹ ਹੁੰਦੇ ਸਨ। ਘੜੂੰਆਂ ਪਟਿਆਲਾ ਰਿਆਸਤ ਦਾ ਆਖਰੀ ਪਿੰਡ ਸੀ ਤੇ ਇਹ ਮਾਲਵਾ ਪੱਟੀ ਅਤੇ ਪੁਆਧ ਖੇਤਰ ਦੇ ਬਾਰਡਰ 'ਤੇ ਪੈਂਦਾ ਹੋਣ ਕਾਰਨ ਵਟਾਂਦਰੇ ਦਾ ਵੱਡਾ ਕੇਂਦਰ ਸੀ। ਸੜਕਾਂ ਅੱਧ ਕੱਚੀਆਂ, ਕੁੱਝ ਪੱਕੀਆਂ ਅਤੇ ਰੋੜਾਂ ਵਾਲੀਆਂ ਹੁੰਦੀਆਂ ਸਨ, ਰੇਲਵੇ ਲਾਈਨ ਵੀ ਸੀ। ਮੁੱਖ ਸਟੇਸ਼ਨ ਅਤੇ ਜੰਕਸ਼ਨ ਸਰਹਿੰਦ ਹੁੰਦਾ ਸੀ ਜਾਂ ਫੇਰ ਅੰਬਾਲਾ।

ਭਾੜਾ ਵਾਹੁਣ ਵਾਲੇ ਪੁਆਧ ਵਿਚੋਂ ਸੱਠੀ ਦੇ ਚੌਲ ਜੋ ਇੱਧਰ ਬਹੁਤ ਹੁੰਦੇ ਸਨ ਅਤੇ ਅੰਬ ਗੱਡਿਆਂ ਵਿੱਚ ਲੱਦ ਕੇ ਲੈ ਜਾਂਦੇ ਸਨ। ਮੁਰਿੰਡੇ ਨੂੰ ਤਾਂ ਕਿਹਾ ਹੀ ਬਾਗਾਂ ਵਾਲਾ ਜਾਂਦਾ ਸੀ। ਉੱਥੇ ਬਾਗ ਬਹੁਤ ਹੁੰਦੇ ਸਨ। ਘੜੂੰਏ ਪਿੰਡ ਤੋਂ ਅਤੇ ਢਾਹੇ ਤੋਂ ਮੱਕੀ ਆ ਜਾਂਦੀ ਸੀ। ਇਹ ਮੱਕੀ ਵੱਟੇ ਅੰਬ ਅਤੇ ਸੱਠੀ ਦੇ ਚੌਲ ਦੇ ਆਉਂਦੇ ਸਨ ਜੋ ਉਧਰ ਨਹੀਂ ਸਨ ਹੁੰਦੇ। ਇੱਕ ਹੋਰ ਚੀਜ਼ ਘੜੂੰਏ ਲੋਹੇ ਦੇ ਭਾਂਡੇ - ਕੜ੍ਹਾਈਆਂ, ਮਾਮ-ਜਿਸਤੇ,

ਤਵੇ, ਤਵੀਆਂ, ਲੋਹੇ ਦੇ ਬਾਟੇ ਅਤੇ ਕਿਰਪਾਨਾਂ ਬਣਦੀਆਂ ਸਨ। ਆਪਣੀ ਲੋੜ ਅਨੁਸਾਰ ਉੱਥੋਂ ਇਹ ਸਮਾਨ ਵੀ ਲੈ ਆਉਂਦੇ ਸਨ।

ਉਧਰ ਮਨੀਮਾਜਰਾ ਅਤੇ ਕਾਲਕਾ ਤੋਂ ਮੁੰਜ ਬੱਬੜ ਦਾ ਬਾਣ ਲੈ ਆਉਂਦੇ ਸਨ। ਗੁੜ ਦੇ ਆਉਂਦੇ ਸਨ। ਨਾਲੇ ਮਨਸਾ ਦੇਵੀ ਦੇ ਮੇਲੇ (ਚਾਲੇ) ਤੇ ਜਾ ਆਉਂਦੇ ਸਨ। ਇਸ ਬਾਰੇ ਇੱਕ ਲੋਕ ਬੋਲੀ ਵੀ ਪ੍ਰਚੱਲਤ ਸੀ।

ਮੁੰਜ ਬੱਬੜ ਦਾ ਮੇਲਾ,
ਦਰਸ਼ਨ ਦੇਵੀ ਦੇ।

ਕਣਕ, ਕਪਾਹ, ਮੱਕੀ, ਥੋੜ੍ਹੀ ਹੁੰਦੀ ਸੀ। ਕਮਾਦ ਬਹੁਤ ਹੁੰਦਾ ਸੀ। ਦਾਲਾਂ ਵਿਚੋਂ ਮਾਂਹ ਦੀ ਦਾਲ ਅਤੇ ਮੂੰਗੀ ਹੁੰਦੀ ਸੀ। ਮਾਰੂ ਖੇਤੀ ਹੁੰਦੀ ਸੀ ਜਿਸ ਕਰਕੇ ਚਰੀ ਕਾਫੀ ਹੋ ਜਾਂਦੀ ਸੀ। ਨੀਮ ਪਹਾੜੀ ਭਾਗ ਹੋਣ ਕਾਰਨ ਸੌਕਾ ਤੇ ਡੀਲਾ ਹੁੰਦਾ ਸੀ। ਇਸੇ ਕਰਕੇ ਡੰਗਰ ਪਸ਼ੂ ਜ਼ਿਆਦਾ ਰੱਖੇ ਜਾਂਦੇ ਸਨ। ਰੋਪੜ ਦੀ ਮੰਡੀ ਬਲਦਾਂ ਤੇ ਗਾਵਾਂ ਲਈ ਮਸ਼ਹੂਰ ਸੀ। ਲੋਕੀ ਇਨਾਮੀ ਚੰਗੀ ਨਸਲ ਦੇ ਬਲਦ ਪਾਲਦੇ ਸਨ। ਮਾਝੇ, ਮਾਲਵੇ, ਦੁਆਬੇ ਦੇ ਲੋਕ ਦੂਰ-ਦੂਰ ਤੋਂ ਬਲਦ ਲੈਣ ਲਈ ਰੋਪੜ ਆਉਂਦੇ ਸਨ। ਧਰਤੀ ਹੇਠਲਾ ਪਾਣੀ ਬਹੁਤ ਘੱਟ ਸੀ। ਜਿਸ ਥਾਂ ਮਿਲਦਾ ਸੀ ਤਾਂ ਬਹੁਤ ਡੂੰਘਾ ਹੁੰਦਾ ਸੀ। ਸੋ ਟਾਵੇਂ-ਟਾਵੇਂ ਖੂਹ ਹੁੰਦੇ ਸਨ ਜਿਥੋਂ ਪੀਣ ਲਈ ਪਾਣੀ ਲਿਆਉਣਾ ਪੈਂਦਾ ਸੀ। ਕਿਤੇ-ਕਿਤੇ ਕੱਸੀਆਂ ਹੁੰਦੀਆਂ ਸਨ। ਬਾਰਸ਼ ਦੇ ਪਾਣੀ ਦੀਆਂ ਕੂਲ੍ਹਾਂ ਹੁੰਦੀਆਂ ਸਨ ਉਥੋਂ ਪਾਣੀ ਲਿਆਉਣਾ ਪੈਂਦਾ ਸੀ। ਇਹੀ ਕਾਰਨ ਹੈ ਕਿ ਲੋਕਾਂ ਦੀ ਆਰਥਿਕ ਹਾਲਤ ਪਤਲੀ ਸੀ। ਮਾਝੇ ਤੇ ਦੁਆਬੇ ਦੇ ਲੋਕ ਤਾਂ ਆਪਣੀ ਧੀ ਦਾ ਰਿਸ਼ਤਾ ਵੀ ਇਧਰ ਕਰਨਾ ਪਸੰਦ ਨਹੀਂ ਸੀ ਕਰਦੇ। ਜੇਕਰ ਕਿਸੇ ਨੇ ਕੀਤਾ ਵੀ ਹੋਵੇਗਾ ਤਾਂ ਇੱਕ ਲੋਕ ਬੋਲੀ ਪ੍ਰਚਲਤ ਹੈ।

"ਮਾਝੇ ਦੀ ਮੈਂ ਜੰਮੀ ਜਾਈ,
ਚੰਦਰੇ ਪੁਆਧ ਵਿਆਹੀ,
ਹੱਥ ਵਿੱਚ ਖੁਰਪਾ ਮੋਢੇ ਚਾਦਰ,
ਮੱਕੀ ਗੋਡਣ ਲਾਈ,
ਗੋਡਦੀ ਗੋਡਦੀ ਦੇ ਪੈ ਗਏ ਛਾਲੇ,
ਆਥਣ ਨੂੰ ਘਰ ਆਈ।
ਘਰ ਆਉਂਦੀ ਨੂੰ ਸੱਸ ਦੇਵੇ ਗਾਲ੍ਹਾਂ
ਘਾਹ ਦੀ ਪੰਡ ਨਾ ਲਿਆਈ
ਵੱਛੇ ਕੱਟੇ ਵੱਗ ਰਲਾਵਾਂ
ਮੈਂਹ ਨੂੰ ਲੈਣ ਕਸਾਈ।
ਗਾਲ੍ਹ ਭਰਾਵਾਂ ਦੀ
ਕੀਹਨੇ ਕੱਢਣ ਸਿਖਾਈ।

ਇਸੇ ਲਈ ਪੁਆਧ ਦੀਆਂ ਔਰਤਾਂ ਦਾ ਜੀਵਨ ਬਹੁਤ ਕਠਨ ਸੀ। ਖੇਤਾਂ ਵਿੱਚ ਮਰਦਾਂ ਨਾਲ ਕੰਮ ਕਰਨਾ ਪੈਂਦਾ ਸੀ। ਉਨ੍ਹਾਂ ਦੇ ਪਹਿਰਾਵੇ ਅਤੇ ਗਹਿਣੇ ਹੋਰ ਹਾਰ ਸ਼ਿੰਗਾਰ 'ਤੇ ਆਰਥਿਕ ਮੰਦਹਾਲੀ ਦਾ ਪ੍ਰਭਾਵ ਸਾਫ-ਸਾਫ ਨਜ਼ਰ ਆਉਂਦਾ ਰਿਹਾ। ਸਮਾਜਿਕ ਪੱਖੋਂ ਵੀ ਚੇਤਨਾ ਪਛੜੀ ਹੋਈ ਸੀ। ਬਹੁਤ ਲੰਮੇ ਸਮੇਂ ਤੀਕ ਉਹ ਲੰਮੇਂ-ਲੰਮੇਂ ਘੁੰਡ ਕਢਦੀਆਂ ਤੇ ਘਗਰੀਆਂ ਹੀ ਪਾਉਂਦੀਆਂ ਰਹੀਆਂ। ਸਿਰ ਨਹਾਉਣ ਲਈ ਖੱਟੀ-ਲੱਸੀ ਦੀ ਵਰਤੋਂ ਕਰਦੀਆਂ ਸਨ। ਵਾਲਾਂ ਨੂੰ ਵਾਹ ਕੇ ਮਿੰਢੀਆਂ ਕਰਦੀਆਂ, ਬਹੁਤੀਆਂ ਤਾਂ ਪੀੜ ਗੁੰਦ ਲੈਂਦੀਆਂ ਸਨ। ਗੁੰਦੇ ਹੋਏ ਸਿਰ ਨੂੰ ਕਈ-ਕਈ ਦਿਨ ਉਵੇਂ ਰੱਖਿਆ ਜਾਂਦਾ ਸੀ। ਹਰ ਰੋਜ਼ ਕੰਘੀ ਕਰਨ ਦੀ ਲੋੜ ਨਹੀਂ ਸੀ ਪੈਂਦੀ।

## ਪੀੜ੍ਹ ਗੁੰਦਣਾ:-

ਖਾਸ ਤੌਰ ਤੇ ਵਿਆਹ ਸਮੇਂ ਤਾਂ ਨੈਣਾਂ ਹੀ ਸਿਰ ਗੁੰਦਦੀਆਂ ਸਨ। ਸਿਰ ਗੁੰਦਣ ਲਈ ਗਿੱਚੀ ਵੱਲ ਦੇ ਪਾਸੇ ਚਾਲੀ-ਪੰਜਾਹ, ਕਈ ਵਾਰ ਸੌ ਤੱਕ ਵੀ ਮਿੰਢੀਆਂ ਗੁੰਦੀਆਂ ਜਾਂਦੀਆਂ ਸਨ। ਬਰੀਕ ਮੀਢੀਆਂ ਦਾ ਸਿਰ ਵਧੀਆ ਗੁੰਦ ਹੁੰਦਾ ਸੀ। ਇਸਦੀ ਗੁੰਦਾਈ ਮੰਜੇ ਦੀ ਬੁਣਤੀ ਵਾਂਗ ਹੀ ਹੁੰਦੀ ਸੀ। ਕੁਝ ਮਿੰਢੀਆਂ ਦੱਬੀਆਂ ਜਾਂਦੀਆਂ ਸਨ ਤੇ ਕੁਝ ਚੁੱਕੀਆਂ ਜਾਂਦੀਆਂ ਸਨ। ਦੋ ਮਿੰਢੀਆਂ ਦੋਨਾਂ ਪਾਸਿਆਂ ਤੋਂ ਕੰਨਾਂ ਉਪਰ ਨੂੰ ਗੁੰਦੀਆਂ ਜਾਂਦੀਆਂ ਸਨ। ਇਨ੍ਹਾਂ ਮਿੰਢੀਆਂ ਵਿੱਚ ਹੀ ਸੋਨੇ ਜਾਂ ਚਾਂਦੀ ਦੇ ਫੁੱਲ ਪਰੋ ਦਿੱਤੇ ਜਾਂਦੇ ਸਨ। ਇਨ੍ਹਾਂ ਸਾਰੀਆਂ ਮਿੰਢੀਆਂ ਨੂੰ ਇੱਕ ਗੁੱਤ ਵਿੱਚ ਬੰਨ੍ਹ ਦਿੱਤਾ ਜਾਂਦਾ ਸੀ। ਫਿਰ ਗੁੱਤ ਵਿੱਚ ਫੁੰਮਣਾ ਵਾਲਾ ਵੱਡਾ ਤੇ ਭਾਰੀ ਪਰਾਂਦਾ ਜਾਂ ਪਰਾਂਦੀ ਪਾ ਦਿੱਤੀ ਜਾਂਦੀ ਸੀ।

## ਉੱਚਾ ਸਿਰ ਗੁੰਦਣਾ:-

ਵਾਲਾਂ ਦੇ ਤਿੰਨ ਹਿੱਸੇ ਕਰਕੇ ਗੁੰਦੇ ਜਾਂਦੇ ਸਨ। ਪਿਛਲੇ ਹਿੱਸੇ ਦੇ ਵਾਲਾਂ ਨੂੰ ਗੁੰਦ ਕੇ ਅੱਗੇ ਨੂੰ ਲਿਆ ਕੇ ਸਿਰ ਦੇ ਅਗਲੇ ਹਿੱਸੇ ਵਿੱਚ ਸੱਗੀ ਪਰੋ ਦਿੱਤੀ ਜਾਂਦੀ ਸੀ। ਦੋਨੋਂ ਸਾਈਡਾਂ ਦੇ ਵਾਲਾਂ ਦੀਆਂ ਮਿੰਢੀਆਂ ਕਰਕੇ ਉਨ੍ਹਾਂ ਵਿੱਚ ਫੁੱਲ ਪਰੋ ਕੇ, ਸੱਗੀ ਦੇ ਆਲੇ -ਦੁਆਲੇ ਬੰਨ੍ਹ ਦਿੱਤੇ ਜਾਂਦੇ ਸਨ। ਭਾਵ ਇਸ ਤਰ੍ਹਾਂ ਆਦਮੀਆਂ ਦੇ ਜੂੜੇ ਵਾਲੀ ਥਾਂ 'ਤੇ ਵਿਚਕਾਰ ਸੱਗੀ ਤੇ ਆਲੇ-ਦੁਆਲੇ ਫੁੱਲ ਪਾ ਦਿੱਤੇ ਜਾਂਦੇ ਸਨ। ਇਸਨੂੰ ਉੱਚਾ ਸਿਰ ਗੁੰਦਣਾ ਕਿਹਾ ਜਾਂਦਾ ਸੀ। ਕਈ ਪਿੱਛੇ ਪਰਾਂਦੀ ਵੀ ਗੁੰਦ ਦਿੰਦੇ ਸਨ। ਕਈ ਪਿਛੇ ਪੀੜ ਗੁੰਦ ਕੇ ਸਾਈਡਾਂ ਤੇ ਫੁੱਲ ਪਾ ਕੇ ਤਾਲੂਏ ਤੇ ਸੱਗੀ ਵੀ ਪਰੋ ਦਿੰਦੇ ਸਨ। ਇਸਨੂੰ ਨੀਵਾਂ ਸਿਰ ਗੁੰਦਣਾ ਕਿਹਾ ਜਾਂਦਾ ਸੀ। ਸਿਰ ਦੇ ਵਾਲਾਂ ਦਾ ਸ਼ਿੰਗਾਰ ਜ਼ਿਆਦਾਤਰ ਨੈਣਾਂ ਨੂੰ ਹੀ ਗੁੰਦਣਾ ਆਉਂਦਾ ਸੀ ਤੇ ਉਹੀ ਗੁੰਦਦੀਆਂ ਸਨ।

ਇਸ ਬਾਰੇ ਇੱਕ ਲੋਕ ਬੋਲੀ ਵੀ ਪ੍ਰਚੱਲਤ ਹੈ:

'ਸਿਰ ਗੁੰਦਦੇ ਕੁਪੱਤੀਏ ਨੈਣੇ,
ਨੀ ਉੱਤੇ ਪਾ ਦੇ ਡਾਕ ਬੰਗਲਾ।'

ਅੰਗਰੇਜ਼ਾਂ ਦੇ ਆਉਣ ਨਾਲ ਉਨ੍ਹਾਂ ਦੇ ਰਿਹਾਇਸ਼ੀ ਬੰਗਲੇ ਅਤੇ ਡਾਕਖਾਨੇ ਦੇ ਬੰਗਲਿਆਂ ਦਾ ਜ਼ਿਕਰ ਬੋਲੀਆਂ ਤੇ ਗੀਤਾਂ ਵਿੱਚ ਵੀ ਆਉਣ ਲੱਗ ਪਿਆ ਸੀ।

**ਬੰਬੂ ਕਾਟ:-**

ਸਿਰ ਵਿੱਚ ਵਿਚਕਾਰ ਚੀਰ ਕੱਢ ਕੇ ਵਾਲਾਂ ਨੂੰ ਦੋ ਥਾਂ ਕਰਕੇ ਅੱਧੇ ਵਾਲਾਂ ਦੀਆਂ ਮੋਟੀਆਂ-ਮੋਟੀਆਂ ਕੁਝ ਮਿੱਢੀਆਂ ਕਰਕੇ ਤੇ ਦੂਜੇ ਪਾਸੇ ਦੀਆਂ ਵੀ ਮਿੱਢੀਆਂ ਕਰਕੇ ਇੱਕ ਵਿਚਕਾਰ ਵਾਲੀ ਮੋਟੀ ਮਿੱਢੀ ਵਿੱਚ ਪਰੋ-ਪਰੋ ਕੇ ਉਪਰੋਂ ਸ਼ੁਰੂ ਕਰਕੇ ਹੇਠਾਂ ਨੂੰ ਗੁਤ ਵਾਂਗ ਗੁੰਦੀ ਹੁੰਦੀ ਸੀ। ਇਸ ਨੂੰ ਬੰਬੂ ਕਾਟ ਕਹਿੰਦੇ ਸਨ। ਇਹ ਅੱਜ ਕੱਲ੍ਹ ਦੀ ਫਰੈਂਚ ਗੁੱਤ ਨਾਲ ਮੇਲ ਖਾਂਦੀ ਹੈ। ਵਿਆਹ ਦੇ ਸਮੇਂ ਪੀੜ ਅਤੇ ਮਿੱਢੀਆਂ ਵਿੱਚ ਛੋਟੇ-ਛੋਟੇ ਰੰਗ ਬਿਰੰਗੇ ਮਣਕੇ ਵੀ ਗੁੰਦ ਦਿੰਦੀਆਂ ਸਨ। ਜਿਵੇਂ ਹੁਣ ਕਈ ਅਫਰੀਕਨ ਕੁੜੀਆਂ ਦੇ ਗੁੰਦੇ ਹੁੰਦੇ ਹਨ। ਉਨ੍ਹਾਂ ਦਾ ਵੀ ਇਹ ਵਿਰਾਸਤੀ ਸਟਾਈਲ ਹੀ ਹੈ।

ਮਿੱਢੀਆਂ ਬਾਰੇ ਇੱਕ ਹੋਰ ਲੋਕ ਬੋਲੀ ਵੀ ਪ੍ਰਚਲੱਤ ਹੈ:

ਅੱਜ ਗੁੰਦਾਈਆਂ ਨੀ ਮੈਂ ਮਿੱਢੀਆਂ
ਪਿੜੀਆਂ ਤੇ ਵਾਲੇ ਡੱਬੇ ਖੇਸ ਨੀ,
ਰੱਖ ਲੈ ਅੱਜ ਦੀ ਰਾਤ ਨੀ ਮਾਏ,
ਮੈਂ ਤਾਂ ਚੱਲੀ ਬਿਗਾਨੜੇ ਦੇਸ ਨੀ।

**ਡਰੈਸ:-**

ਘੱਗਰੀ ਤੇ ਕੁੜਤੀ ਦਾ ਹੀ ਰਿਵਾਜ ਸੀ। ਆਮ ਲੋਕ ਸੂਟ ਵੀ ਪਾ ਲੈਂਦੇ ਸਨ। ਸੂਟ ਪਜਾਮੇ ਮਲੇਸ਼ੀਏ ਦੇ ਜੋ ਸਲੇਟੀ, ਭੂਰੇ ਤੇ ਜਹਿਰ-ਮੋਹਕੇ ਰੰਗ ਵਿੱਚ ਹੁੰਦੇ ਸਨ। ਇਨ੍ਹਾਂ ਦੀ ਬੁਣਤੀ ਇਕੋ ਰੰਗ ਦੇ ਗਾੜ੍ਹੇ ਤੇ ਫਿੱਕੇ ਰੰਗ ਨਾਲ ਬੁਣੀ ਹੁੰਦੀ ਸੀ। ਲੂੰਗੀ ਬਰੀਕ ਡੱਬੀ ਦੀ ਕਈ ਰੰਗਾਂ ਨੂੰ ਮਿਲਾ ਕੇ ਬਣੀ ਹੁੰਦੀ ਸੀ। ਇਸਨੂੰ ਸੂਸੀ ਵੀ ਕਹਿੰਦੇ ਸਨ। ਔਰਤਾਂ ਲੂੰਗੀ ਦੀਆਂ ਘਗਰੀਆਂ ਪਜਾਮੀਆਂ ਤੇ ਸਲਵਾਰਾਂ ਪਹਿਨਦੀਆਂ ਸਨ। ਆਦਮੀ ਵੀ ਲੂਗੀ ਦੀ ਤਹਿਮਤ ਲਾ ਲੈਂਦੇ ਸਨ। ਆਮ ਸਮੇਂ ਤਾਂ ਸਾਦੇ ਕੱਪੜੇ ਹੀ ਪਾਉਂਦੇ ਸਨ। ਪਰ ਵਿਆਹ ਸ਼ਾਦੀ ਵੇਲੇ ਔਰਤਾਂ ਘੱਗਰੀ ਨੂੰ ਬਰੀਕ ਜਿਹੀ ਸਫੀਲ ਲਾ ਲੈਂਦੀਆਂ ਸਨ। ਟੂੱਲ ਦੀ ਕੁੜਤੀ ਉੱਤੇ ਰੰਗ ਬਿਰੰਗੇ ਬਟਨ ਸਜਾ ਕੇ ਲਾਏ ਜਾਂਦੇ ਸਨ। ਟੂੱਲ ਦੀਆਂ ਜੈਕਟਾਂ ਵੀ ਬਣਾਈਆਂ ਜਾਂਦੀਆਂ ਸਨ। ਲਹਿੰਗਾ ਤੇ ਲਹਿੰਗੇ ਤੇ ਮਖਮਲ ਦੀ ਕੁੜਤੀ ਜਾਂ ਬਨਾਰਸੀ-ਸਿਲਕ ਦੀ ਜਰੀ ਬਾਦਲੇ ਵਾਲੀ ਕੁੜਤੀ ਤੇ ਬਨਾਰਸੀ ਦੁਪੱਟਾ ਤਾਂ ਕੋਈ ਕੋਈ ਘਰ ਹੀ ਪਹਿਨਦਾ ਸੀ ਜਾਂ ਤਾਂ ਜਿਨ੍ਹਾਂ ਦੇ ਘਰ ਦਾ ਕੋਈ ਬਰ੍ਹਮਾ, ਚੀਨ ਗਿਆ

ਹੁੰਦਾ ਸੀ ਜਾਂ ਜਿਨ੍ਹਾਂ ਦਾ ਬਲਦਾਂ ਦਾ ਵਪਾਰ ਚੱਲਦਾ ਸੀ। ਸਰਦੀਆਂ ਵਿੱਚ ਫਲਾਲੈਨ ਦੇ ਕੱਪੜੇ ਵੀ ਸੁਆ ਲੈਂਦੇ ਸਨ। ਇਹ ਵੀ ਖਾਂਦੇ ਪੀਂਦੇ ਘਰ ਹੀ ਸੁਆਂਦੇ ਸਨ।

### ਫੁੱਲਕਾਰੀ:-

ਲਾਲ, ਨੀਲੇ, ਆਬੀ ਰੰਗ ਦਾ ਖੱਦਰ ਰੰਗ ਕੇ ਉੱਤੇ ਰੇਸ਼ਮ ਦੇ ਪੱਟ ਦੀਆਂ ਜਾਂ ਨਸੁਕੜੇ ਦੇ ਧਾਗੇ ਦੀਆਂ ਟਾਵੀਆਂ-ਟਾਵੀਆਂ ਬੂਟੀਆਂ ਪਾਈਆਂ ਹੁੰਦੀਆਂ ਸਨ। ਬਰੀਕ ਜਿਹੀ ਕਿਨਾਰੀ ਜਾਂ ਬਾਡਰ ਵੀ ਕੱਢ ਲੈਂਦੀਆਂ ਸਨ। ਉਹ ਵੀ ਬਹੁਤ ਘੱਟ ਕੁੜੀਆਂ ਕੱਢਦੀਆਂ ਸਨ। ਬਾਗ ਤਾਂ ਕੋਈ ਦਿਸਦਾ ਵੀ ਨਹੀਂ ਸੀ ਪੁਆਧ ਦੀਆਂ ਔਰਤਾਂ ਦੇ ਸਿਰ 'ਤੇ। ਕਾਰਨ ਉਹੀ ਆਰਥਿਕਤਾ ਦਾ ਸੀ। ਬਾਗ ਨੂੰ ਬਹੁਤ ਧਾਗਾ ਲੱਗਦਾ ਹੈ ਤੇ ਪੱਟ ਦਾ ਧਾਗਾ ਮਹਿੰਗਾ ਵੀ ਹੁੰਦਾ ਸੀ। ਇਸ ਲਈ ਨਾ ਕੋਈ ਬਾਗ ਕੱਢਦੀ ਨਾ ਹੀ ਸਿਰ ਤੇ ਲੈਂਦੀ ਸੀ। ਬੱਸ ਛਿੱਦੀ-ਛਿੱਦੀ ਬੂਟੀ ਦੀ ਫੁੱਲਕਾਰੀ ਹੀ ਕੱਢਦੀਆਂ ਤੇ ਉਹੀ ਸਿਰਾਂ 'ਤੇ ਲੈਂਦੀਆਂ ਸਨ।

### ਗਹਿਣੇ:-

ਸਿਰ 'ਤੇ ਸੱਗੀ ਫੁੱਲ, ਗਲ ਵਿੱਚ ਨਾਮ ਨਾਮੀਆਂ ਤੇ ਛਿੰਗ ਤਬੀਤ ਜਾਂ ਤਬੀਤ ਤੇ ਤਬੀਤੜੀ ਹੀ ਪਾਏ ਜਾਂਦੇ ਸਨ। ਕਿਉਂਕਿ ਇਨ੍ਹਾਂ ਨੂੰ ਸੋਨਾ ਬਹੁਤ ਘੱਟ ਲੱਗਦਾ ਹੈ। ਆਮ ਤੌਰ ਤੇ ਇਹ ਗਹਿਣੇ ਵੀ ਚਾਂਦੀ ਦੇ ਹੀ ਬਣਵਾ ਲਏ ਜਾਂਦੇ ਸਨ। ਚਾਂਦੀ ਦੀਆਂ ਵਾਲਾਂ ਦੀਆਂ ਸੂਈਆਂ ਪੈਰਾਂ ਨੂੰ ਪਟੜੀਆਂ ਜਾਂ ਝਾਂਜਰਾਂ। ਗਲ ਨੂੰ ਤੰਦੀਰਾ ਜਾਂ ਤੰਦੀਰੀ ਹੱਥਾਂ ਨੂੰ ਬਾਜੂ ਬੰਦ ਬਾਹਾਂ ਨੂੰ ਚੂੜਾ ਸਭ ਚਾਂਦੀ ਦੇ ਗਹਿਣੇ ਹੀ ਪਾਏ ਜਾਂਦੇ। ਕੰਨਾਂ ਵਿੱਚ ਸੋਨੇ ਦੀਆਂ ਡੰਡੀਆਂ, ਪਿੱਪਲ-ਪੱਤੀਆਂ, ਮੁਰਕੀਆਂ ਪਾਉਂਦੀਆਂ ਸਨ।

### ਸੁਹਾਗ ਦਾ ਸ਼ਿੰਗਾਰ:-

ਕੇਸੂ ਦੇ ਫੁੱਲਾਂ ਨੂੰ ਸੁਕਾ ਕੇ ਪੀਸ ਲੈਂਦੀਆਂ ਸਨ। ਫਿਰ ਉਸਨੂੰ ਕੱਪੜਛਾਣ ਕਰਕੇ ਸੁੱਕੇ ਪਾਊਡਰ ਨੂੰ ਤਾਂ ਸੰਧੂਰ ਲਈ ਸ਼ੀਸ਼ੀ 'ਚ ਪਾ ਲੈਂਦੀਆਂ ਸਨ। ਉਸੇ ਪਾਊਡਰ ਨੂੰ ਕੌਲੀ (ਕਟੋਰੀ) ਵਿੱਚ ਪਾ ਕੇ ਥੋੜ੍ਹਾ ਜਿਹਾ ਦੇਸੀ ਘਿਓ ਪਾ ਦਿੰਦੀਆਂ ਸਨ। ਫਿਰ ਉਸ ਕੌਲੀ ਨੂੰ ਅੱਗ ਦੀ ਅੰਗਿਆਰੀ ਉੱਤੇ ਰੱਖ ਕੇ ਕਾੜ-ਕਾੜ ਕੇ ਲੇਪ ਬਣਾ ਲੈਂਦੀਆਂ ਸਨ। ਸੂਹਣ ਦੀ ਤੀਲੀ ਉੱਤੇ ਰੂੰ ਲਪੇਟ ਕੇ ਕੌਲੀ ਵਿੱਚ ਵੀ ਘੁਮਾਈ ਜਾਂਦੀਆਂ ਸਨ। ਜਦੋਂ ਉਸਦਾ ਗਾੜ੍ਹਾ (ਖਿੱਕ) ਲੇਪ ਬਣ ਜਾਂਦਾ ਤਾਂ ਬੁਲ੍ਹਾਂ 'ਤੇ ਲਾ ਲੈਂਦੀਆਂ ਸਨ। ਇਸਨੂੰ ਵੀ ਲਿਪਸਟਿਕ ਵਾਂਗ ਸਾਂਭ ਕੇ ਰੱਖ ਲੈਂਦੀਆਂ ਸਨ। ਰੰਗਲੀ ਦਾਤਣ, ਸੱਕ ਜਾਂ ਦੰਦਾਸਾ ਵੀ ਕਰਦੀਆਂ ਸਨ। ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਨੂੰ ਪਾਣੀ ਵਿੱਚ ਕਾੜ-ਕਾੜ ਕੇ ਪਤਲਾ ਜਿਹਾ ਸੈਂਟ ਬਣਾ ਕੇ ਕਿਸੇ ਅਧੀਏ ਪਊਏ ਵਿੱਚ ਪਾ ਕੇ ਰੱਖ ਲੈਂਦੀਆਂ ਸਨ। ਉਸਨੂੰ ਆਪਣੇ ਸਰੀਰ ਤੇ ਕੱਪੜਿਆਂ 'ਤੇ ਛਿੜਕ ਲੈਂਦੀਆਂ ਸਨ।

## ਕੱਜਲ:-

ਬਦਾਮ ਦੇ ਛਿਲਕਿਆਂ ਨੂੰ ਅੱਗ ਲਾ ਕੇ ਛਾਲਣੀ ਨੂੰ ਦੇਸੀ ਘਿਓ ਲਾ ਕੇ ਉੱਤੇ ਮੂਧਾ ਮਾਰ ਦਿੰਦੀਆਂ। ਛਾਲਣੀ ਨੂੰ ਲੱਗੀ ਲਾਟ ਦਾ ਕੱਜਲ ਬਣਾ ਲੈਂਦੀਆਂ ਜਾਂ ਥਾਲੀ ਨੂੰ ਘਿਓ ਲਾ ਕੇ ਹੇਠਾਂ ਦੇਸੀ ਘਿਓ ਦਾ ਦੀਵਾ ਬਾਲ ਦਿੰਦੀਆਂ। ਦੀਵੇ ਦੀ ਲਾਟ ਜੋ ਥਾਲੀ ਹੇਠਾਂ ਲੱਗ ਜਾਂਦੀ ਉਸਦਾ ਵੀ ਕੱਜਲ ਬਣ ਜਾਂਦਾ ਜੋ ਅੱਖੀਆਂ ਵਿੱਚ ਪਾ ਲੈਂਦੀਆਂ।

## ਮਹਿੰਦੀ:-

ਮਹਿੰਦੀ ਦੇ ਬੂਟੇ ਤੋਂ ਹਰੀਆਂ ਪੱਤੀਆਂ ਤੋੜ ਕੇ ਕੂੰਡੀ ਸੋਟੇ ਨਾਲ ਕੁੱਟ ਕੇ ਬਰੀਕ ਕਰ ਲੈਂਦੀਆਂ ਸਨ। ਇਸ ਵਿੱਚ ਤੇਲ ਦੀਆਂ ਇੱਕ ਦੋ ਬੂੰਦਾਂ ਪਾ ਕੇ ਗਰਮ ਕਰਕੇ ਫਿਰ ਠੰਢਾ ਕਰਕੇ ਹੱਥਾਂ ਤੇ ਪੈਰਾਂ 'ਤੇ ਲਾ ਲੈਂਦੀਆਂ ਸਨ। ਪੱਕਾ ਕਰਨ ਲਈ ਉੱਤੇ ਸ਼ੱਕਰ ਭੁੱਕ ਲੈਂਦੀਆਂ ਸਨ ਤਾਂ ਜੋ ਰੰਗ ਗੂੜ੍ਹਾ ਤੇ ਪੱਕਾ ਚੜ੍ਹੇ। ਚਿਹਰੇ ਅਤੇ ਹੱਥਾਂ ਪੈਰਾਂ ਦਾ ਰੰਗ ਸਾਫ਼ ਕਰਨ ਲਈ ਜੌਆਂ ਦੇ ਆਟੇ ਵਿੱਚ ਜੌਂ ਸਮਾਨ ਹਲਦੀ ਤੇ ਅੱਧਾ ਚਮਚ ਸਰੋਂ ਦੇ ਤੇਲ ਦਾ ਪਾ ਕੇ ਬਟਨਾ ਤਿਆਰ ਕਰਕੇ ਸਾਰੇ ਸਰੀਰ ਤੇ ਮਲ-ਮਲ ਕੇ ਮੈਲ ਉਤਾਰ ਦੇ ਂਦੀਆਂ ਸਨ।

## ਵੰਡ ਤੋਂ ਬਾਅਦ ਦੇ ਹਾਲਾਤ:-

ਵੰਡ ਤੋਂ ਬਾਅਦ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਬਣਾਉਣ ਦੀ ਯੋਜਨਾ ਬਣੀ। ਇਹ ਪੁਆਧ ਖੇਤਰ ਵਿੱਚ ਹੀ ਪੈਂਦੀ ਹੈ। ਇਸ ਦੇ ਆਲੇ-ਦੁਆਲੇ ਦੇ ਲੋਕਾਂ ਨੇ ਬੱਚਿਆਂ ਨੂੰ ਪੜ੍ਹਾਇਆ। ਕੁਝ ਬੱਚੇ ਨੌਕਰੀ ਕਰਨ ਲੱਗ ਪਏ ਬਹੁਤੇ ਤਾਂ ਚੰਡੀਗੜ੍ਹ ਹੀ ਛੋਟੀਆਂ ਮੋਟੀਆਂ ਨੌਕਰੀਆਂ ਕਰਨ ਲਗ ਪਏ। ਕੁਝ ਲੋਕਾਂ ਨੇ ਦੁਧਾਰੂ ਪਸ਼ੂਆਂ ਦੀ ਗਿਣਤੀ ਵਧਾ ਲਈ। ਉਹ ਲੋਕ ਚੰਡੀਗੜ੍ਹ ਦੇ ਬਾਬੂਆਂ ਦੇ ਘਰਾਂ ਵਿੱਚ ਦੁੱਧ ਪਾਉਣ ਲੱਗ ਪਏ। ਇਸ ਤਰ੍ਹਾਂ ਇਨ੍ਹਾਂ ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਪਹਿਲਾਂ ਨਾਲੋਂ ਕੁਝ ਬੇਹਤਰ ਹੋ ਗਿਆ। ਔਰਤਾਂ ਵੀ ਪਸ਼ੂਆਂ ਦਾ ਕੰਮ ਨਾਲ ਕਰਵਾਉਂਦੀਆਂ ਤੇ ਦੁੱਧ ਤੋਂ ਆਮਦਨ ਹਾਸਲ ਕਰਦੀਆਂ। ਇਸ ਤਰ੍ਹਾਂ ਉਨ੍ਹਾਂ ਪਾਸ ਪਹਿਲਾਂ ਨਾਲੋਂ ਜ਼ਿਆਦਾ ਪੈਸਾ ਧੇਲਾ ਹੋਣ ਕਾਰਨ ਉਹ ਕੁਝ ਪੈਸਾ ਆਪਣੇ ਸ਼ਿੰਗਾਰ 'ਤੇ ਵੀ ਖਰਚ ਕਰ ਦਿੰਦੀਆਂ। ਇਸ ਲਈ ਉਨ੍ਹਾਂ ਦੇ ਕੱਪੜੇ ਲੱਤੇ ਤੇ ਗਹਿਣਿਆਂ ਵਿੱਚ ਫਰਕ ਪੈਣ ਲੱਗਿਆ। ਸਿਰ ਵੀ ਸਾਬਣ ਨਾਲ ਨਾਹੁਣ ਲੱਗੀਆਂ ਤੇ ਹਰ ਰੋਜ਼ ਕੰਘੀ ਕਰਨ ਲੱਗੀਆਂ। ਹੁਣ ਪੀੜ ਗੁੰਦਣ ਦਾ ਰਿਵਾਜ ਵੀ ਨਹੀਂ ਰਿਹਾ। ਉਹ ਮੇਕ-ਅੱਪ ਦਾ ਸਮਾਨ ਲਿਪਸਟਿਕ, ਗਲਾਲੀ, ਕਰੀਮ, ਪਾਊਡਰ ਦੁਕਾਨ ਤੋਂ ਲੈਣ ਲੱਗ ਪਈਆਂ। ਇਸ ਤਰ੍ਹਾਂ ਹੁਣ ਪੁਆਧ ਦੀਆਂ ਔਰਤਾਂ ਦੇ ਸ਼ਿੰਗਾਰ ਵਿੱਚ ਵੀ ਨਿਖਾਰ ਆ ਗਿਆ ਹੈ। ਦੇਖੋ ਅੱਗੇ-ਅੱਗੇ ਕੀ ਹੁੰਦਾ ਹੈ।

# ਅਧਿਆਇ ਦੂਜਾ

## ਪੁਆਧ ਦੀ ਚੋਆਂ, ਨਦੀਆਂ ਤੇ ਦਰਿਆਵਾਂ ਨਾਲ ਦੋਸਤੀ

1. ਸਤਲੁਜ ਦੀ ਦਾਸਤਾਨ
2. ਪੁਆਧ ਦੀਆਂ ਨਦੀਆਂ 'ਚੋਂ ਲੰਘਦਿਆਂ
3. ਘੱਗਰ ਦੀ ਦਾਸਤਾਨ

# 8. ਸਤਲੁਜ ਦੀ ਦਾਸਤਾਨ

*ਕਿਰਪਾਲ ਸਿੰਘ ਦਰਦੀ*

*ਸੰ: 0181-2253171*

ਸੌ ਧਾਰਾਵਾਂ ਵਿੱਚ ਵਗਣ ਵਾਲੇ ਇਸ ਦਰਿਆ ਦਾ ਵੈਦਿਕ ਸਾਹਿਤ ਅਨੁਸਾਰ ਨਾਂਅ ਸਤੁਦਰੀ ਹੈ। ਯੂਨਾਨੀ ਇਤਿਹਾਸਕਾਰ ਤਾਲਮੀ ਇਸ ਨੂੰ ਜ਼ਰਾਡੋਸ ਕਹਿੰਦਾ ਹੈ। ਪੁਰਾਣਾ ਅਨੁਸਾਰ ਵਸ਼ਿਸ਼ਟ ਰਿਸ਼ੀ ਨੇ ਆਪਣੇ ਪੁੱਤਰਾਂ ਦੇ ਵਿਯੋਗ ਵਿੱਚ ਦਰਿਆ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰਨੀ ਚਾਹੀ। ਦਰਿਆ ਨੇ ਆਪਣੇ ਪ੍ਰਵਾਹ ਨੂੰ ਸੌ ਧਰਾਵਾਂ (ਦ੍ਰਵ) ਵਿੱਚ ਵੰਡ ਕੇ ਰਿਸ਼ੀ ਦੀ ਜਾਨ ਬਚਾ ਲਈ। ਇਸ ਲਈ ਇਸ ਨੂੰ ਸਤਦ੍ਰਵ (ਸੌ ਧਾਰਾਵਾਂ ਵਾਲਾ) ਕਿਹਾ ਜਾਣ ਲੱਗ ਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਨੂੰ ਸਤਦ੍ਰਵ ਲਿਖਿਆ ਹੈ, ਜਿਵੇਂ 'ਤੀਰਸਤਦ੍ਰਵ ਗ੍ਰੰਥ ਸੁਧਾਰਾ'।

ਤਿੱਬਤ ਪਹਾੜੀ ਸਿਲਸਿਲੇ ਸਤਦ੍ਰਵਦਰੀ ਤੋਂ 15200 ਫੁੱਟ ਦੀ ਉਚਾਈ ਤੋਂ ਮਾਨਸਰੋਵਰ ਝੀਲ ਦੇ ਪੱਛਮੀ ਕਿਨਾਰੇ ਤੋਂ 30 ਡਿਗਰੀ 20 ਮਿੰਟ ਉੱਤਰ ਅਤੇ 81 ਡਿਗਰੀ 25 ਮਿੰਟ ਪੂਰਬ ਤੋਂ ਨਿਕਲ ਕੇ ਇਹ ਦਰਿਆ ਕੈਲਾਸ਼ ਪਰਬਤ ਦੀਆਂ ਢਲਵਾਨਾਂ ਥਾਣੀ ਲੰਘ ਕੇ ਚੀਨੀ ਚੌਕੀ ਸ਼ਿਪਕੀ ਪਹੁੰਚਦਾ ਹੈ। ਇਥੇ ਇਸ ਦੀ ਸਮੁੰਦਰ ਦੀ ਸਤਹ ਤੋਂ 10,000 ਫੁੱਟ ਉਚਾਈ ਹੈ। ਦੱਖਣ ਪੱਛਮੀ ਮੋੜ ਕੱਟਦਾ ਹੋਇਆ ਇਹ ਕਟਾਵਰ ਵਾਦੀ ਵਿੱਚ ਦਾਖਲ ਹੁੰਦਾ ਹੈ। ਸਪਿਤੀ ਦੀ ਲੀ ਨਦੀ ਦਾ ਦਾਹਲਾਂਗ ਨੇੜੇ ਪਾਣੀ ਲੈਂਦਾ ਹੋਇਆ ਅਤੇ ਹੋਰ ਖੱਡਾਂ ਅਤੇ ਧਾਰਾਵਾਂ ਦਾ ਪਾਣੀ ਲੈ ਕੇ ਰਾਮਪੁਰ ਅਤੇ ਬਸ਼ਹਿਰ ਦੇ ਲਾਗਿਉਂ ਲੰਘਦਾ ਹੈ। ਬਿਲਾਸਪੁਰ ਦੀ ਪੁਰਾਣੀ ਰਿਆਸਤ ਦੇ ਖੇਤਰ ਵਿੱਚ ਘੁੰਮਦਾ ਹੋਇਆ ਇਹ ਜਸਵਾਨ ਦੂਨ ਵਿੱਚ ਦਾਖਲ ਹੁੰਦਾ ਹੈ। ਬਿਲਾਸਪੁਰ ਤੋਂ ਥੱਲੇ ਇਕ ਭਾਖੜਾ ਨਾਂਅ ਦਾ ਵੱਡਾ ਡੈਮ ਪਿਛਲੀ ਸਦੀ ਦੇ ਪੰਜਵੇਂ ਅਤੇ ਛੇਵੇਂ ਦਹਾਕੇ ਵਿੱਚ ਉਸਾਰਿਆ ਗਿਆ ਸੀ ਅਤੇ ਥੋੜ੍ਹਾ ਥੱਲੇ ਨੰਗਲ ਡੈਮ ਦੀ ਉਸਾਰੀ ਕੀਤੀ ਗਈ, ਜਿਸ ਵਿਚੋਂ ਨੰਗਲ ਹਾਈਡਲ ਨਹਿਰ ਅਤੇ ਆਨੰਦਪੁਰ ਹਾਈਡਲ ਨਹਿਰਾਂ ਕੱਢੀਆਂ ਗਈਆਂ ਸਨ।

ਇਥੋਂ ਸਤਲੁਜ ਦੱਖਣ-ਪੂਰਬ ਵੱਲ ਨੂੰ ਮੋੜ ਲੈਂਦਾ ਹੈ ਤੇ ਕੁਝ ਕਿਲੋਮੀਟਰ ਦੂਰ ਇਸ ਦੇ ਖੱਬੇ ਪਾਸੇ ਆਨੰਦਪੁਰ ਸਾਹਿਬ ਦਾ ਇਤਿਹਾਸਕ ਨਗਰ ਪੈਂਦਾ ਹੈ, ਜਿੱਥੇ 1699 ਈ: ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਸਿੱਖਾਂ ਨੂੰ ਇੱਕ ਇਨਕਲਾਬੀ ਦਿਖ ਦਿੱਤੀ ਸੀ। ਕੁਝ ਕਿਲੋਮੀਟਰ ਹੋਰ ਥੱਲੇ ਕੀਰਤਪੁਰ ਦਾ ਨਗਰ ਪੈਂਦਾ ਹੈ, ਜਿੱਥੇ ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਨਿਵਾਸ ਰੱਖਦੇ ਸਨ ਅਤੇ ਇਥੇ ਹੀ ਪਾਤਾਲਪੁਰੀ ਗੁਰਦੁਆਰਾ ਸਾਹਿਬ ਵਿਖੇ ਸਿੱਖ ਆਪਣੇ ਵਿਛੜੇ ਰਿਸ਼ਤੇਦਾਰਾਂ ਦੀਆਂ

ਅਸਥੀਆਂ ਸਤਲੁਜ ਦੀ ਧਾਰਾ ਵਿੱਚ ਜਲ ਪ੍ਰਵਾਹ ਕਰਦੇ ਹਨ। ਉੱਤਰ ਵੱਲੋਂ ਵਗਦੀ ਆਉਂਦੀ ਸਵਾਂ ਨਦੀ ਪਿੰਡ ਸੈਦਪੁਰ ਨੇੜੇ ਇਸ ਵਿੱਚ ਆ ਮਿਲਦੀ ਹੈ। ਪਿੰਡ ਸਿਰਸਾ ਨੰਗਲ ਨੇੜੇ ਇੱਕ ਹੋਰ ਪਹਾੜੀ ਨਦੀ ਸਰਸਾ ਵੀ ਮਿਲ ਜਾਂਦੀ ਹੈ। ਇਹ ਉਹੋ ਸਰਸਾ ਨਦੀ ਹੈ ਜਿਸ ਦੇ ਕੰਢੇ 21 ਦਸੰਬਰ 1704 ਨੂੰ ਦਸਵੇਂ ਗੁਰੂ ਸਾਹਿਬ ਨੇ ਮੁਗਲ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਖ਼ੂਨੀ ਲੜਾਈ ਲੜੀ ਸੀ ਅਤੇ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਤੋਂ ਵਿਛੜ ਗਿਆ ਸੀ। ਇਥੇ ਦਰਿਆ ਦੇ ਖੱਬੇ ਕੰਢੇ ਇਕ ਉੱਚੇ ਟਿੱਲੇ 'ਤੇ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਸਥਿਤ ਹੈ। ਥੋੜ੍ਹਾ ਥੱਲੇ ਰੋਪੜ ਨਾਂਅ ਦਾ ਥਰਮਲ ਪਲਾਂਟ ਹੈ, ਜਿਥੇ ਭਾਰੀ ਮਾਤਰਾ ਵਿੱਚ ਬਿਜਲੀ ਦਾ ਉਪਤਾਦਨ ਹੁੰਦਾ ਹੈ। ਇਸ ਥਰਮਲ ਪਲਾਂਟ ਦਾ ਨਾਂਅ ਬਦਲ ਕੇ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਰੱਖਿਆ ਗਿਆ ਹੈ। ਰੋਪੜ ਦੇ ਸਥਾਨ 'ਤੇ ਦਰਿਆ ਦੇ ਖੱਬੇ ਕੰਢੇ ਤੋਂ ਸਰਹਿੰਦ ਨਹਿਰ ਨਿਕਲਦੀ ਹੈ, ਜਿਸ ਦਾ ਉਦਘਾਟਨ 1882 ਈ. ਵਿੱਚ ਕੀਤਾ ਗਿਆ ਸੀ। ਰੋਪੜ ਤੋਂ ਹੀ ਦਰਿਆ ਦੇ ਸੱਜੇ ਕਿਨਾਰੇ ਤੋਂ 1947 ਤੋਂ ਪਿੱਛੋਂ ਬਿਸਤ ਦੁਆਬ ਨਾਂਅ ਦੀ ਨਹਿਰ ਕੱਢੀ ਗਈ। ਇਸ ਥਾਂ ਬੈਰਿਜ ਅਤੇ ਦਰਿਆ 'ਤੇ ਪੁਲ ਬਣਿਆ ਹੋਇਆ ਹੈ। ਇਥੇ ਹੀ 31 ਅਕਤੂਬਰ, 1831 ਨੂੰ ਭਾਰਤ ਦੇ ਵਾਇਸ ਰਾਏ ਵਿਲੀਅਮ ਬੈਂਟਿੰਗ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਸੰਧੀ 'ਤੇ ਦਸਤਖਤ ਕੀਤੇ ਸਨ। ਹੜੱਪਾ ਸੱਭਿਅਤਾ ਦੇ ਰੋਪੜ ਵਿੱਚ ਕੁਝ ਆਸਾਰ ਮਿਲਦੇ ਹਨ। 1929 ਵਿੱਚ ਕੋਟਲਾ ਨਿਹੰਗ ਪਿੰਡ ਅਤੇ ਰੋਪੜ ਸ਼ਹਿਰ ਵਿੱਚ ਮਿੱਟੀ ਦੇ ਭਾਂਡੇ 2000 ਪੂ. ਮਸੀਹ ਅਤੇ 1400 ਪੂਰਬ ਮਸੀਹ ਦੇ ਮਿਲੇ ਹਨ। ਚੂੜੀਆਂ, ਮਾਲਾਵਾਂ ਅਤੇ ਮੋਹਰਾਂ ਵੀ ਮਿਲੀਆਂ ਹਨ।

ਰੋਪੜ ਤੋਂ ਥੱਲੇ ਦਰਿਆ ਵਿਚ ਪਾਣੀ ਬਹੁਤ ਥੋੜ੍ਹਾ ਰਹਿ ਜਾਂਦਾ ਹੈ। 19ਵੀਂ ਸਦੀ ਵਿੱਚ ਰੋਪੜ ਵਿਖੇ ਦਿਓਦਾਰ ਦੀ ਲੱਕੜੀ ਦਾ ਇੱਕ ਡੀਪੂ ਵੀ ਰਿਹਾ ਹੈ ਅਤੇ ਬਹੁਤੀ ਲੱਕੜ ਦਰਿਆ ਰਾਹੀਂ ਫਿਲੌਰ ਭੇਜੀ ਜਾਂਦੀ ਸੀ।

ਰੋਪੜ ਤੋਂ ਥੱਲੇ ਸਤਲੁਜ ਯਕਦਮ ਕੂਹਣੀ ਮੋੜ ਕੱਟਦਾ ਪੱਛਮ ਵੱਲ ਨੂੰ ਮੁੜਦਾ ਹੈ। ਕੁਝ ਥੱਲੇ ਇਸ ਵਿੱਚ ਸੀਸਵਾਂ ਅਤੇ ਬੁਦਕੀ ਨਦੀਆਂ ਖੱਬੇ ਪਾਸਿਉਂ ਆ ਰਲਦੀਆਂ ਹਨ। ਸੱਜੇ ਪਾਸੇ ਕੁਝ ਨੀਵੀਂ ਪਹਾੜੀ ਤੋਂ ਅਤੇ ਨੂਰਪੁਰ ਬੇਦੀ ਦੀਆਂ ਪਹਾੜੀਆਂ ਤੋਂ ਕੁਝ ਚੋਅ ਇਸ ਵਿੱਚ ਆ ਡਿਗਦੇ ਹਨ।

ਫਿਲੌਰ ਦੇ ਸਥਾਨ 'ਤੇ ਦਿੱਲੀ-ਅੰਮ੍ਰਿਤਸਰ ਡਬਲ ਰੇਲਵੇ ਲਾਈਨ ਦਾ ਪੁਲ ਹੈ ਅਤੇ ਸਮਨਾਂਤਰ ਦਿੱਲੀ-ਲਾਹੌਰ ਜੀ.ਟੀ. ਰੋਡ ਦਾ ਚਾਰ ਮਾਰਗੀ ਪੁਲ ਹੈ। ਰੇਲਵੇ ਪੁਲ 5193 ਫੁੱਟ ਲੰਬਾ ਅਤੇ 1870 ਈ. ਵਿੱਚ ਬਣਿਆ ਸੀ। ਫਿਲੌਰ ਸ਼ਹਿਰ ਜਿਹੜਾ ਦਰਿਆ ਦੇ ਸੱਜੇ ਕੰਢੇ 'ਤੇ ਸਥਿਤ ਹੈ, ਵਿਖੇ ਇੱਕ ਸਰਕਾਰੀ ਸ਼ਾਹੀ ਸਰਾਂ ਸ਼ਾਹਜਹਾਂ

ਬਾਦਸ਼ਾਹ ਦੇ ਵੇਲੇ ਬਣਾਈ ਗਈ ਸੀ। ਮਹਾਰਾਜਾ ਰਣਜੀਤ ਸਿੰਘ ਵੇਲੇ ਇਸ ਸਰਾਂ ਨੂੰ ਕਿਲ੍ਹੇ ਵਿਚ ਤਬਦੀਲ ਕੀਤਾ ਗਿਆ ਸੀ ਕਿਉਂਕਿ ਲੁਧਿਆਣਾ ਵਿਖੇ ਅੰਗਰੇਜ਼ ਛਾਉਣੀ ਸੀ ਅਤੇ ਵਿਚਕਾਰ ਦਰਿਆ ਬਾਰਡਰ ਦਾ ਕੰਮ ਕਰਦਾ ਸੀ। ਸਿੱਖ ਰਾਜ ਦੇ ਖਾਤਮੇ ਮਗਰੋਂ ਅੰਗਰੇਜ਼ ਸਰਕਾਰ ਨੇ ਫਿਲੌਰ ਕਿਲ੍ਹੇ ਨੂੰ ਛਾਉਣੀ ਬਣਾ ਲਿਆ। 1857 ਦੇ ਗ਼ਦਰ ਤੋਂ ਪਿੱਛੋਂ ਇਸ ਨੂੰ ਅੰਗਰੇਜ਼ਾਂ ਨੇ ਨਹੀਂ ਵਰਤਿਆ ਸੀ। 1891 ਈ. ਵਿਚ ਕਿਲ੍ਹਾ ਪੁਲਿਸ ਮਹਿਕਮੇ ਨੂੰ ਦੇ ਦਿੱਤਾ ਗਿਆ, ਜਿੱਥੇ ਪੁਲਿਸ ਟ੍ਰੇਨਿੰਗ ਸਕੂਲ ਸਥਾਪਤ ਹੋ ਗਿਆ ਅਤੇ ਨਾਲ ਹੀ ਸੈਂਟਰਲ ਬਿਊਰੋ ਆਫ਼ ਕ੍ਰਿਮੀਨਲ ਆਈਡੈਂਟੀਫੀਕੇਸ਼ਨ ਦਾ ਮਹਿਕਮਾ ਕੰਮ ਕਰਦਾ ਰਿਹਾ। ਇੱਥੇ ਵਰਤਮਾਨ ਸਮੇਂ ਪੁਲਿਸ ਅਕੈਡਮੀ ਹੈ। ਹੋਰ ਥੱਲੇ ਜਾ ਕੇ ਪਿੰਡ ਅੰਦਰੀਸਾ ਪਾਸ ਦਰਿਆ ਵਿਚ ਪੂਰਬੀ ਜਾਂ ਚਿੱਟੀ ਵੇਈਂ ਜਿਹੜੀ ਨਵਾਂਸ਼ਹਿਰ ਖੰਡ ਮਿੱਲ ਦੇ ਲਾਗਿਉਂ ਸ਼ੁਰੂ ਹੋ ਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਚੋਆਂ ਦਾ ਪਾਣੀ ਲੈਂਦੀ ਹੋਈ ਇਸ ਵਿਚ ਆ ਡਿਗਦੀ ਹੈ। ਪਿੰਡ ਹਰੀਕੇ ਦੀ ਥਾਂ 'ਤੇ 1947 ਪਿਛੋਂ ਇਕ ਬੈਰਜ ਦੀ ਉਸਾਰੀ ਕੀਤੀ ਗਈ, ਜਿਥੇ ਥੋੜ੍ਹਾ ਲਾਗੇ ਦਰਿਆ ਬਿਆਸ ਵੀ ਇਸ ਵਿਚ ਆ ਰਲਦਾ ਹੈ। ਇਸ ਬਣੇ ਬੈਰਜ ਤੋਂ ਦੋ ਸਮਾਨਾਂਤਰ ਵੱਡੀਆਂ ਪੱਕੀਆਂ ਨਹਿਰਾਂ, ਰਾਜਸਥਾਨ ਨਹਿਰ ਅਤੇ ਫਿਰੋਜ਼ਪੁਰ ਫੀਡਰ ਨਿਕਲਦੀਆਂ ਹਨ, ਜਿਨ੍ਹਾਂ ਦੀ ਕ੍ਰਮਵਾਰ ਸਮਰੱਥਾ 18500 ਕਿਊਸਿਕਸ ਅਤੇ 11500 ਕਿਊਸਿਕਸ ਹੈ। ਰੋਪੜ ਤੋਂ ਲੈ ਕੇ ਹਰੀਕੇ ਤੱਕ ਦਰਿਆ ਦੇ ਦੋਵੇਂ ਪਾਸਿਆਂ 'ਤੇ ਹੜ੍ਹ ਰੋਕੂ ਬੰਨ੍ਹ ਲੱਗੇ ਹੋਏ ਹਨ ਅਤੇ ਇਸ ਤਰ੍ਹਾਂ ਦਰਿਆ ਦਾ ਨਹਿਰੀਕਰਨ ਹੋ ਗਿਆ ਹੈ। ਇਹ ਬੰਨ੍ਹ ਪਿਛਲੀ ਸਦੀ ਦੇ 7ਵੇਂ ਦਹਾਕੇ ਪਾਣੀਆਂ ਦੇ ਵਿਗਿਆਨੀ ਡਾਕਟਰ ਹਰਬੰਸ ਲਾਲ ਉੱਪਲ ਨੇ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਕਹਿਣ 'ਤੇ ਬਣਵਾਏ ਸਨ। ਹਰੀਕੇ ਤੋਂ ਅੱਗੇ ਸਤਲੁਜ ਦੱਖਣ-ਪੱਛਮ ਦਾ ਮੋੜ ਕੱਟਦਾ ਹੋਇਆ ਕਈ ਥਾਈਂ ਭਾਰਤ ਤੇ ਪਾਕਿਸਤਾਨ ਦੀ ਅੰਤਰਰਾਸ਼ਟਰੀ ਹੱਦ ਵਜੋਂ ਕੰਮ ਕਰਦਾ ਹੈ। ਫਿਰੋਜ਼ਪੁਰ ਦੇ ਸਾਹਮਣੇ ਪਹੁੰਚਣ 'ਤੇ ਅੰਗਰੇਜ਼ੀ ਰਾਜ ਸਮੇਂ ਹੁਸੈਨੀਵਾਲਾ ਤੋਂ ਦਰਿਆ ਦੇ ਖੱਬੇ ਪਾਸਿਉਂ ਦੋ ਨਹਿਰਾਂ ਗੰਗ ਕੈਨਾਲ ਅਤੇ ਈਸਟਰਨ ਕੈਨਾਲ ਕੱਢੀਆਂ ਗਈਆਂ ਸਨ, ਜੋ ਕ੍ਰਮਵਾਰ ਬੀਕਾਨੇਰ ਰਿਆਸਤ ਦੇ ਗੰਗਾ ਨਗਰ ਖੇਤਰ ਅਤੇ ਫ਼ਿਰੋਜ਼ਪੁਰ ਦੇ ਖੇਤਰਾਂ ਦੀ ਸਿੰਚਾਈ ਲਈ ਸਨ ਜਦਕਿ ਸੱਜੇ ਪਾਸੇ ਤੋਂ ਦੀਪਾਲਪੁਰ ਨਹਿਰ ਨਿਕਲਦੀ ਸੀ, ਜੋ ਲਾਹੌਰ ਅਤੇ ਮਿੰਟਗੁੰਮਰੀ ਜ਼ਿਲ੍ਹਿਆਂ ਦੀ ਆਬਪਾਸ਼ੀ ਲਈ ਸੀ। ਇਥੇ ਬੈਰਜ ਤੇ ਪੁਲ ਬਣਿਆ ਹੋਇਆ ਹੈ। ਇਸ ਥਾਂ ਨੂੰ ਹੁਸੈਨੀਵਾਲਾ ਹੈੱਡ ਵਰਕਸ ਜਾਂ ਗੰਡਾ ਸਿੰਘ ਵਾਲਾ ਹੈਡਵਰਕਸ ਕਿਹਾ ਜਾਂਦਾ ਹੈ। ਬੈਰਜ 'ਤੇ ਬਣਿਆ ਪੁਲ ਫਿਰੋਜ਼ਪੁਰ ਨੂੰ ਲਾਹੌਰ ਨਾਲ ਮੇਲਦਾ ਸੀ। ਇਹ ਤਿੰਨੇ ਨਹਿਰਾਂ ਸਤਲੁਜ ਵੈਲੀ ਪ੍ਰਾਜੈਕਟ (Sutluj Valley Project) ਅਧੀਨ ਬਣਾਈਆਂ ਗਈਆਂ ਸਨ। ਇਸ ਤੋਂ ਥੱਲੇ 105 ਕਿਲੋਮੀਟਰ, ਦਰਿਆ ਹਿੰਦ ਪਾਕਿ ਦਾ ਬਾਰਡਰ ਬਣਿਆ ਰਹਿੰਦਾ ਹੈ ਤੇ ਫਿਰ ਇਹ ਸੁਲੇਮਾਨਕੀ ਪਾਸ

ਭਾਰਤੀ ਪੰਜਾਬ ਦਾ ਬਾਰਡਰ ਛੱਡ ਕੇ ਪਾਕਿਸਤਾਨੀ ਪੰਜਾਬ ਵਿਚ ਵਗਦਾ ਹੈ, ਜਿਥੋਂ ਦੋ ਨਹਿਰਾਂ ਈਸਟ ਸਦੀਕੀਆ ਅਤੇ ਫੋਰਡਵਾਹ ਨਿਕਲਦੀਆਂ ਹਨ ਅਤੇ ਸੱਜੇ ਪਾਸੇ ਤੋਂ ਪਾਕਪਟਨ ਨਹਿਰ। ਇਸਲਾਮ ਪਹੁੰਚ ਕੇ ਖੱਬੇ ਪਾਸੇ ਤੋਂ ਬਹਾਵਲ ਨਹਿਰ ਅਤੇ ਕਾਇਮਪੁਰ ਨਹਿਰਾਂ ਨਿਕਲਦੀਆਂ ਹਨ ਅਤੇ ਸੱਜੀ ਬਾਹੀ ਤੋਂ ਮੈਲਸੀ ਕੈਨਾਲ ਅਤੇ ਇਸ ਤਰ੍ਹਾਂ ਪੰਜ ਨੰਦ ਪਹੁੰਚ ਕੇ ਖੱਬੇ ਪਾਸੇ ਤੋਂ ਅਬਾਸੀਆ ਕੈਨਾਲ ਅਤੇ ਸੱਜੇ ਪਾਸਿਉਂ ਪੰਜ ਨੰਦ ਨਹਿਰਾਂ ਨਿਕਲਦੀਆਂ ਹਨ। ਇਹ ਅੱਠ ਨਹਿਰਾਂ ਵੀ ਸਤਲੁਜ ਵੈਲੀ ਪ੍ਰਾਜੈਕਟ ਅਧੀਨ 1932 ਵਿਚ ਬਣੀਆਂ ਸਨ। ਹੁਸੈਨੀਵਾਲਾ ਤੋਂ ਥੱਲੇ ਸਤਲੁਜ ਨੂੰ ਘਾਰਾ ਦਰਿਆ ਵੀ ਕਿਹਾ ਜਾਂਦਾ ਹੈ ਅਤੇ ਮਿੰਟਗੁੰਮਰੀ ਜ਼ਿਲ੍ਹੇ ਵਿਚ ਇਸ ਦੇ ਕੁਝ ਹਿੱਸੇ ਨੂੰ ਨੀਲੀ ਵੀ ਕਿਹਾ ਜਾਂਦਾ ਰਿਹਾ ਹੈ, ਜਿਸ ਸ਼ਬਦ ਤੋਂ ਨੀਲੀਬਾਰ ਇਸ ਖੇਤਰ ਦਾ ਨਾਂਅ ਪ੍ਰਚਲਤ ਹੋਇਆ। ਅੱਗੇ ਕੁਝ ਹੋਰ ਵਗ ਕੇ ਸਤਲੁਜ ਪੰਜ ਨਦ ਦੀ ਥਾਂ 'ਤੇ ਦੂਜੇ ਦਰਿਆਵਾਂ ਰਾਵੀ, ਚਨਾਬ, ਜਿਹਲਮ ਦੇ ਇਕੱਠੇ ਹੋਏ ਪਾਣੀਆਂ ਨਾਲ ਮਿਲ ਜਾਂਦਾ ਹੈ।

## ਪ੍ਰਾਚੀਨ ਇਤਿਹਾਸ

ਭੂਚਾਲ ਅਤੇ ਹੋਰ ਕਈ ਕੁਦਰਤੀ ਕਾਰਨਾਂ ਕਰਕੇ ਪੰਜਾਬ ਦੇ ਦਰਿਆਵਾਂ ਦਾ ਉੱਤਰੀ ਰਸਤਾ ਬੜਾ ਪ੍ਰਭਾਵਿਤ ਹੋਇਆ ਹੈ। ਵੀ.ਏ. ਸਮਿਥ (ਅਰਲੀ ਹਿਸਟਰੀ ਆਫ਼ ਇੰਡੀਆ ਪੰ: 25-26) ਅਨੁਸਾਰ ਸਾਰਾ ਸਿੰਧ ਸਿਸਟਮ ਪਹਾੜਾਂ ਵਿਚ ਅਤੇ ਮੈਦਾਨਾਂ ਵਿਚ ਬੜੀ ਵੱਡੀ ਤਬਦੀਲੀ ਵਿਚੋਂ ਲੰਘਿਆ ਹੈ। ਦਰਿਆਵਾਂ ਦੇ ਉਤਰਲੇ ਵਹਿਣਾਂ ਨੂੰ ਭੁਚਾਲਾਂ, ਧਰਤੀ ਦਾ ਉੱਪਰ ਉਠਣਾ, ਧਸਣਾ, ਭੂਮੀ ਦਾ ਸਿਰਕਣਾ ਅਤੇ ਮੈਦਾਨਾਂ ਦੀ ਨਰਮ ਧਰਤੀ ਵਿਚ ਕਈ ਤਬਦੀਲੀਆਂ ਕਾਰਨ ਜੋ ਅਜੇ ਵੀ ਹੋ ਰਹੀਆਂ ਹਨ, ਨੇ ਵੱਡੇ ਪੈਮਾਨੇ 'ਤੇ ਪ੍ਰਭਾਵਿਤ ਕੀਤਾ ਹੈ। ਕੁਝ ਦਰਿਆ ਖਾਸ ਕਰਕੇ ਹਕੜਾ ਜਾਂ ਵਾਹਿੰਸਾ, ਜਿਹੜਾ ਕਦੇ ਸਿੰਧੂ ਜਾਂ ਹਿੰਦ ਵਿਚ ਹੱਦ ਦਾ ਕੰਮ ਕਰਦਾ ਸੀ, ਦੀ ਹੋਂਦ ਹੀ ਖ਼ਤਮ ਹੋ ਗਈ ਹੈ। ਹੋਰ ਪੱਛਮ ਵਿਚ ਕੁਰਮ ਅਤੇ ਪੂਰਬ ਵਿਚ ਸਰਸਵਤੀ ਜਿਹੜੇ ਕਦੇ ਪ੍ਰਚੰਡ ਅਤੇ ਵੇਗਵਾਨ ਸਨ, ਹੁਣ ਦੁਰਬਲ ਦਰਿਆ ਹਨ। ਸਿੰਧ ਅਤੇ ਗੰਗਾ ਦੇ ਸਿਸਟਮਾਂ ਦੇ ਸੰਗਮਾਂ ਦੀ ਦਸ਼ਾ ਕਈ ਮੀਲਾਂ ਤੱਕ ਤਬਦੀਲ ਹੋਈ ਹੈ। ਸਿੰਧ ਦਾ ਹੁਣ ਦਾ ਮੁਹਾਣਾ (Delta) ਸਿਕੰਦਰ ਦੇ ਵੇਲੇ ਦਾ ਬਣਿਆ ਹੈ। ਸਤਲੁਜ ਅਤੇ ਇਸ ਨਾਲ ਸਬੰਧਤ ਸਾਰੇ ਦਰਿਆਵਾਂ ਵਿਚ ਪੂਰਨ ਤੌਰ 'ਤੇ ਇਕ ਵਾਰ ਤੋਂ ਵੱਧ ਬਦਲਾਓ ਹੋਏ ਹਨ। ਸਤਲੁਜ ਆਮ 85 ਮੀਲ (136 ਕਿਲੋਮੀਟਰ) ਦੀ ਚੌੜਾਈ ਵਿਚ ਏਧਰ-ਉਧਰ ਘੁੰਮਦਾ ਰਿਹਾ।

ਵੈਦਿਕ ਕਾਲ, ਉੱਤਰ ਵੈਦਿਕ ਕਾਲ ਦੇ ਰਾਮਾਇਣ ਸਮੇਂ ਸਤਲੁਜ ਸਿੱਧਾ ਰਣ ਕੱਛ (ਗੁਜਰਾਤ) ਵਿਚ ਡਿਗਦਾ ਸੀ। ਕੱਛ ਦੀ ਦਲਦਲੀ ਧਰਤੀ ਇਸ ਦੇ ਪੁਰਾਣੇ ਡੈਲਟਾ ਕਾਰਨ ਹੀ ਹੈ। ਯੂਨਾਨੀ ਇਤਿਹਾਸਕਾਰ ਅਰੀਅਨ ਸਮੇਂ ਵੀ ਇਹ ਇਕੱਲਾ

ਸਿੱਧਾ ਰਣ ਕੱਛ ਵਿਚ ਪੈਂਦਾ ਸੀ ਅਤੇ ਸਿੰਧ ਦੀ ਸਹਾਇਕ ਨਦੀ ਨਹੀਂ ਸੀ। ਅਲਬੀਰੂਨੀ ਵੇਲੇ (ਦਸਵੀਂ ਸਦੀ ਦਾ ਅਖੀਰ ਅਤੇ 1125 ਤੱਕ) ਬਿਬਾਹ (ਬਿਆਸ), ਮੁਲਤਾਨ ਦੇ ਪੂਰਬ ਵੱਲ ਵਗਦਾ ਸੀ ਤੇ ਫਿਰ ਇਸ ਦਾ ਸੰਗਮ ਬਿਆਤਾ (ਜਿਹਲਮ) ਅਤੇ ਚੰਦਰਾਹਾ (ਚਨਾਬ) ਨਾਲ ਸੀ। ਇਸ ਦਾ ਅਰਥ ਇਹ ਹੀ ਹੈ ਕਿ ਬਿਆਸ 1125 ਦੇ ਲਾਗੇ ਸਤਲੁਜ ਦੀ ਸਹਾਇਕ ਨਦੀ ਹੀਂ ਸੀ। ਸਤਲੁਜ ਹਕੜਾ ਅਤੇ ਪੂਰਬੀ ਨਾੜਾ ਵਿਚ ਵਗਦਾ ਸੀ। ਇਸ ਦਾ ਰਸਤਾ ਸਿਰਸਾ ਦੇ ਟੋਹਾਣਾ ਤੱਕ ਦਿੱਸਦਾ ਹੈ। ਟੋਹਾਣਾ ਤੋਂ ਰੋਪੜ ਤੱਕ ਇਸ ਦੇ ਰਸਤੇ ਦਾ ਪਤਾ ਨਹੀਂ ਚਲਦਾ ਪਰ ਇਹ ਪਤਾ ਚਲਦਾ ਹੈ ਕਿ ਰੋਪੜ ਤੋਂ ਸਤਲੁਜ ਨੇ ਆਪਣਾ ਰਸਤਾ ਦੱਖਣ ਦਿਸ਼ਾ ਵੱਲ ਅਪਣਾ ਲਿਆ ਸੀ। ਇਸ ਤਰ੍ਹਾਂ ਸਤਲੁਜ ਜਾਂ ਹਕੜਾ ਇਕ ਵਹਿਣ ਵਿਚ ਵਗਦੇ ਰਹੇ। 1245 ਈ. ਵਿਚ ਹਕੜਾ ਨਾਲੋਂ ਅੱਡ ਹੋ ਕੇ ਸਤਲੁਜ ਘੱਗਰ ਨਾਲ ਰਲ ਕੇ ਵਗਣ ਲੱਗ ਪਿਆ। ਫਿਰ ਹਕੜਾ ਸੁੱਕ ਗਿਆ ਅਤੇ ਵਰਤਮਾਨ ਸਮੇਂ ਦੇ ਰਾਜਸਥਾਨੀ ਮਾਰੂਥਲ ਤੋਂ ਆਬਾਦੀ ਦਾ ਬਹੁਤ ਵੱਡਾ ਹਿੱਸਾ ਪਲਾਇਨ ਹੋਇਆ ਕਿਉਂਕਿ ਪਾਣੀ ਬਿਨਾਂ ਜਿਊਣਾ ਦੁਭਰ ਹੋ ਗਿਆ ਸੀ। ਇਸ ਕਰਕੇ ਪੰਜਾਬ, ਹਰਿਆਣਾ ਅਤੇ ਹਿਮਾਚਲ ਅਤੇ ਪਾਕਿਸਤਾਨ ਦੇ ਬਹੁਤੇ ਲੋਕ ਆਪਣੇ -ਆਪ ਨੂੰ ਰਾਜਸਥਾਨ ਤੋਂ ਆਏ ਦੱਸਦੇ ਹਨ ਤੇ ਆਪਣਾ ਮੂਲ ਰਾਜਪੂਤ। 1593 ਦੇ ਨੇੜੇ ਸਤਲੁਜ ਨੇ ਘੱਗਰ ਨੂੰ ਵੀ ਛੱਡ ਦਿੱਤਾ ਤੇ ਉੱਤਰ ਦਿਸ਼ਾ ਵੱਲ ਮੁੜ ਗਿਆ। ਬਿਆਸ ਨੇ ਦੱਖਣ ਦਿਸ਼ਾ ਅਪਣਾ ਲਈ ਤੇ ਸਤਲੁਜ ਨਾਲ ਮਿਲ ਗਿਆ। ਮਿਲਣ ਪਿਛੋਂ ਇਕ ਬਣੇ ਵਹਿਣ ਨੂੰ ਕਈ ਥਾਵਾਂ ਨਾਲ ਪੁਕਾਰਿਆ ਜਾਂਦਾ ਸੀ, ਜਿਵੇਂ ਮਛੂ, ਵਾਹ, ਹਰਿਆਨੀ, ਡੰਡ, ਨੂਰਨੀ ਅਤੇ ਨੀਲੀ। ਸਤਲੁਜ ਇਕ ਵਾਰ ਬਿਆਸ ਨੂੰ ਛੱਡ ਕੇ ਫਿਰ ਘੱਗਰ ਨਾਲ ਵਗਣ ਲੱਗਾ। 1796 ਈ. ਵਿਚ ਸਤਲੁਜ ਨੇ ਫਿਰ ਘੱਗਰ ਨੂੰ ਛੱਡ ਦਿੱਤਾ ਤੇ ਬਿਆਸ ਨਾਲ ਹਰੀ ਕੇ ਆਣ ਮਿਲਿਆ। ਜੇ ਸਤਲੁਜ ਵਿਚੋਂ ਜਿਵੇਂ ਕਿ ਬਾਅਦ ਵਿਚ ਨਹਿਰਾਂ ਕੱਢੀਆਂ ਗਈਆਂ, ਭਾਖੜਾ ਤੇ ਨੰਗਲ ਡੈਮ ਬਣੇ ਅਤੇ ਇਸ ਦੁਆਲੇ ਬੰਨ੍ਹ ਨਾ ਲਗਦੇ ਤਾਂ ਸ਼ਾਇਦ ਇਸ ਨੇ ਕਿਸੇ ਹੋਰ ਦਿਸ਼ਾ ਵਿਚ ਵਗਦੇ ਹੋਣਾ ਸੀ।

# ੭. ਪੁਆਧ ਦੀਆਂ ਨਦੀਆਂ 'ਚੋਂ ਲੰਘਦਿਆਂ

*ਡਾ. ਐਸ.ਐਸ. ਕਿਸ਼ਨਪੁਰੀ*
*ਸੰ: 0175-2222177*

ਬਰਸਾਤੀ ਨਦੀਆਂ ਨਾਲਿਆਂ ਦੀ ਗੱਲ ਕੀਤੇ ਬਿਨਾਂ ਪੁਆਧ ਦਾ ਜ਼ਿਕਰ ਬਿਲਕੁਲ ਅਧੂਰਾ ਰਹਿ ਜਾਵੇਗਾ। ਕਿਉਂ ਜੋ ਇਹ ਕੁਦਰਤੀ ਫਾਲਤੂ (ਬਰਸਾਤੀ) ਜਲ ਨਿਕਾਸ ਪ੍ਰਬੰਧ ਨਾ ਕੇਵਲ ਇਸ ਇਲਾਕੇ ਦੀ ਸਥਲ ਆਕ੍ਰਿਤੀ (ਟੌਪੋਗ੍ਰਾਫੀ) ਦਾ ਇਕ ਵਿਸ਼ੇਸ਼ ਅਤੇ ਸ਼ਨਾਖ਼ਤੀ ਚਿੰਨ੍ਹ ਹੈ ਸਗੋਂ ਸਾਡੇ ਲੋਕਾਂ ਦੀ ਜੀਵਨ ਤੋਰ ਦਾ ਇਕ ਮਹੱਤਵਪੂਰਨ ਪ੍ਰੇਰਕ ਰਿਹਾ ਹੈ। ਬਰਸਾਤੀ ਨਦੀ ਨਾਲਿਆਂ ਦੀ ਗਿਣਤੀ ਤਾਂ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਹੈ, ਪਰ ਪੁਆਧ ਵਿੱਚ ਵੀ ਇਹਨਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਅਸੀਂ ਮਾਸਟਰ ਮਦਨ ਗੋਪਾਲ ਅੰਬਾਲਾ ਸ਼ਹਿਰ ਦੁਆਰਾ ਰਚਿਤ 'ਜ਼ਿਲ੍ਹਾ ਅੰਬਾਲਾ ਦਾ ਜੁਗਰਾਫੀਆ' ਵਿੱਚ ਪੜ੍ਹਿਆ ਸੀ ਕਿ ਇਸ ਜ਼ਿਲ੍ਹੇ ਵਿੱਚ ਨਿੱਕੀਆਂ ਵੱਡੀਆਂ 13 ਬਰਸਾਤੀ ਨਦੀਆਂ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਇਹਨਾਂ ਨੂੰ 'ਚੋਅ' ਕਹਿੰਦੇ ਹਨ ਪਰ ਪੁਆਧ ਵਿਚ ਇਹਨਾਂ ਨੂੰ ਸਾਈਜ਼ ਅਨੁਸਾਰ 'ਚੋਈ', 'ਚੋਅ' ਜਾਂ 'ਨਦੀ ਕਹਿੰਦੇ ਹਨ। ਇਸ ਤੋਂ ਇਲਾਵਾ ਸਥਾਨਕ ਤੌਰ ਤੇ ਵੀ ਇਹ ਕਿਤੇ ਨਦੀ ਤੇ ਕਿਤੇ ਚੋਆ ਬਣ ਜਾਂਦੇ ਹਨ। ਜਿਵੇਂ ਸੀਸਵਾਂ ਨਦੀ ਕੁਰਾਲੀ ਤੇ ਬੰਨ੍ਹ ਮਾਜਰੇ ਕੋਲ 'ਨਦੀ' ਹੈ ਅਤੇ ਦੁਲਚੀ ਮਾਜਰੇ ਤੇ ਬੂਰ ਮਾਜਰੇ ਕੋਲ ਪਹੁੰਚ ਕੇ ਸਾਈਜ਼ ਸੁੰਗੜ ਜਾਣ ਕਾਰਨ 'ਚੋਅ' ਬਣ ਕੇ ਰਹਿ ਜਾਂਦੀ ਹੈ।

ਰੋਪੜ ਤੋਂ ਅੰਬਾਲੇ ਨੂੰ ਤੁਰ ਪਈਏ (ਅੱਜ ਕੱਲ੍ਹ ਨਹੀਂ ਬਲਕਿ ਪੰਜਾਹ ਕੁ ਵਰ੍ਹੇ ਪਹਿਲਾਂ) ਤਾਂ ਗੁਰਦੁਆਰਾ ਭੱਠਾ ਸਾਹਿਬ ਤੋਂ ਦੋ ਕੁ ਕਿਲੋਮੀਟਰ ਦੀ ਵਿੱਥ 'ਤੇ (ਪੁਲਿਸ ਲਾਈਨ ਰੋਪੜ ਦੇ ਲਾਗੇ) ਭਿਉਰੇ ਵਾਲੀ ਨਦੀ ਹੈ ਜਿਹੜੀ ਥੋੜ੍ਹੀ ਦੂਰ ਅੱਗੇ ਜਾ ਕੇ ਬੁਧਕੀ ਰੌ (ਰੰਗੀਲਪੁਰ ਵਾਲੀ ਨਦੀ) ਵਿੱਚ ਮਿਲ ਕੇ ਆਪਣੀ ਅੱਡਰੀ ਪਛਾਣ ਖੋ ਬੈਠਦੀ ਹੈ। ਜੋੜੀਆਂ ਨਹਿਰਾਂ ਪੱਕੀ ਤੇ ਐਸ.ਵਾਈ.ਐੱਲ. ਪਹਿਲਾਂ ਨਹੀਂ ਸੀ ਹੁੰਦੀਆਂ। ਪੱਕੀ ਨਹਿਰ ਤਾਂ 1954 ਵਿੱਚ ਚਾਲੂ ਹੋਈ ਹੈ। ਬੁਧਕੀ ਰੌ ਰੰਗੀਲਪੁਰ ਅਤੇ ਬਹਿਰਾਮਪੁਰ ਦੇ ਵਿਚਾਲੇ ਦੀ ਲੰਘਦੀ ਹੈ। ਪੱਕੀ ਨਹਿਰ ਇਸ ਨਦੀ ਦੇ ਉੱਤੋਂ ਦੀ ਲੰਘਾਈ ਗਈ ਹੈ ਇਕ ਪੱਕਾ ਖਾਲ (ਐਕੁਇਡਕਟ) ਬਣਾ ਕੇ, ਮੁਗ਼ਲ ਮਾਜਰੀ ਦਾ ਗੈਪ (ਡੂੰਘੀ ਛੋਟੀ ਚੋਈ) ਆਉਂਦਾ ਸੀ। ਹੈ ਤਾਂ ਇਹ ਬਹੁਤ ਛੋਟੀ ਜਿਹੀ ਸੀ ਪਰ ਬਰਸਾਤੀ ਪਾਣੀ ਨਾਲ ਭਰ ਕੇ ਆਵਾਜਾਈ ਨੂੰ ਰੋਕ ਦੇਣ ਦੇ ਸਮਰੱਥ ਸੀ। ਅੱਗੇ ਕਿਲੋਮੀਟਰ ਕੁ ਚੱਲ ਕੇ ਬੰਨ੍ਹ ਮਾਜਰੇ ਦੀ ਨਦੀ (ਸੀਸਵਾਂ ਨਦੀ ਜਾਂ ਰੁਹਗਰੋ) ਆ ਜਾਂਦੀ ਹੈ। ਕੁਰਾਲੀ ਤੋਂ ਅੱਗੇ ਖਰੜ ਦੇ ਲਾਗੇ ਖਾਨਪੁਰ ਦੀ ਨਦੀ ਹੁੰਦੀ ਸੀ। ਸੀਸਵਾਂ ਨਦੀ ਤੱਕ ਸਾਰੀਆਂ ਨਦੀਆਂ ਦਾ

ਵਹਾਉ ਉੱਤਰ-ਪੱਛਮ ਵਲ ਰਿਹਾ ਹੈ ਤੇ ਇਹ ਆਪਣੀ ਜਲ ਨਿਧੀ ਸਤਲੁਜ ਦੀ ਭੇਟਾ ਕਰਦੀਆਂ ਆ ਰਹੀਆਂ ਹਨ। ਪਰ ਖਾਨਪੁਰ ਵਾਲੀ ਨਦੀ ਸਰਹੰਦ ਵੱਲ ਨੂੰ ਵਗਦੀ ਹੈ ਅਤੇ ਖੇਤਾਂ ਵਿੱਚ ਹੀ ਕਿਧਰੇ ਗੁੰਮ ਹੋ ਜਾਂਦੀ ਹੈ। ਅੱਗੇ ਆਉਂਦੀ ਸੀ ਬਲੌਂਗੀ (ਮੁਹਾਲੀ) ਵਾਲੀ ਨਦੀ। ਇਹ ਵੀ ਚੁੰਨੀ ਕਲਾਂ ਤੋਂ ਅੱਗੇ ਜਾ ਕੇ ਖੇਤਾਂ ਵਿੱਚ ਹੀ ਆਪਾ ਮਿਟਾ ਦਿੰਦੀ ਹੈ। ਅੱਗੇ ਆਉਂਦੀ ਸੀ ਮਨੀਮਾਜਰੇ ਵਾਲੀ ਨਦੀ (ਸੁਖਨਾ ਨਦੀ) ਜੀਹਨੂੰ ਬੰਨ੍ਹ ਮਾਰਕੇ ਇੱਕ ਝੀਲ (ਸੁਖਨਾ ਝੀਲ) ਦਾ ਰੂਪ ਦਿੱਤਾ ਗਿਆ ਹੈ। ਅੱਗੇ ਵਗਦੀਆਂ ਸਨ ਪੰਚਕੂਲੇ ਦੀਆਂ ਕੂਲ੍ਹਾਂ ਜਿਨ੍ਹਾਂ ਦਾ ਪਾਣੀ ਕਈ ਘਰਾਟਾਂ ਨੂੰ ਚਲਾਉਂਦਾ ਸੀ ਅਤੇ ਮੱਕੀ ਦਾ ਆਟਾ ਪੀਂਹਦਾ ਹੋਇਆ ਹੌਲੀ ਹੌਲੀ ਆਪਣੀ ਮਸਤ ਚਾਲ ਚਲਦਾ ਹੋਇਆ ਢਕੌਲੀ ਲਾਗੇ ਘੱਗਰ ਦਰਿਆ ਵਿੱਚ ਸਮਾ ਜਾਂਦਾ ਸੀ। ਅੱਜ ਕੱਲ੍ਹ ਤਾਂ ਕੇਵਲ ਨਾਂ ਹੀ ਰਹਿ ਗਿਆ ਹੈ। ਪੰਜ ਕੂਲ੍ਹਾਂ ਇੱਕ ਪਾਸੇ ਹੁਣ ਤਾਂ ਇਸ ਇਲਾਕੇ ਵਿਚ ਇੱਕ ਕੂਲ੍ਹ ਵੀ ਦਿਖਾਈ ਨਹੀਂ ਦਿੰਦੀ ਤੇ ਨਾ ਹੀ ਕੋਈ ਘਰਾਟ ਏ। ਢਕੌਲੀ ਤੇ ਮੁਬਾਰਕਪੁਰ ਨੂੰ ਘੱਗਰ ਜੁਦਾ ਕਰਦਾ ਹੈ। ਇਹ ਤਕਰੀਬਨ ਸਾਰਾ ਸਾਲ ਵਗਣ ਵਾਲਾ ਦਰਿਆ ਹੈ। ਬਰਸਾਤ ਵਿੱਚ ਇਸ ਵਿੱਚ ਬਹੁਤ ਜ਼ਿਆਦਾ ਪਾਣੀ ਆ ਜਾਂਦਾ ਹੈ। ਹੜ੍ਹ ਦਾ ਪਾਣੀ ਕੰਢੇ ਤੋੜ ਕੇ ਜਾਂ ਕੰਢੇ ਟੱਪ ਕੇ ਖੇਤਾਂ ਤੇ ਘਰਾਂ ਵਿੱਚ ਫੈਲ ਜਾਂਦਾ ਹੈ ਅਤੇ ਖਨੌਰੀ ਮੰਡੀ ਤੱਕ ਪਟਿਆਲੇ ਜ਼ਿਲ੍ਹੇ ਦੇ ਪਿੰਡਾਂ ਵਿੱਚ ਬਹੁਤ ਤਬਾਹੀ ਮਚਾਉਂਦਾ ਹੈ।

ਘੱਗਰ ਦੀ ਚੜ੍ਹਾਈ ਇਸ ਇਲਾਕੇ ਦੇ ਲੋਕਾਂ ਦੇ ਜੀਵਨ ਦੀ ਇਕ ਕਠੋਰ ਸਚਾਈ ਬਣ ਗਈ ਹੈ। ਇਸ ਕਰਕੇ ਸਾਰੇ ਪੁਆਧ ਵਿੱਚ "ਕਿਉਂ ਘੱਗਰ ਚੜ੍ਹਾਇਐ" ਇਕ ਆਮ ਵਰਤੋਂ ਦਾ ਮੁਹਾਵਰਾ ਬਣ ਗਿਆ ਹੈ। ਘੱਗਰ ਵਿਚ ਹਰ ਵਰਖਾ ਰੁੱਤੇ ਹੜ੍ਹ ਆਉਂਦੇ ਹਨ। ਪ੍ਰਸ਼ਾਸਨ ਤੇ ਲੋਕ ਹੜ੍ਹਾਂ ਤੋਂ ਬਚਾਉ ਲਈ ਹਰ ਵਰ੍ਹੇ ਸਕੀਮਾਂ ਬਣਾਉਂਦੇ ਹਨ ਪਰ ਇਹ ਸਭ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ ਤੇ ਘੱਗਰ ਆਪਣੀ ਵਿਨਾਸ਼ਕਾਰੀ ਕਾਰਵਾਈ ਕਰੀ ਜਾਂਦਾ ਹੈ। ਡੇਰਾ ਬੱਸੀ ਤੇ ਲਾਲੜੂ ਦੇ ਵਿਚਕਾਰ ਵੀ 'ਝਰਮਲ' ਤੇ ਇੱਕ ਨਿੱਜੀ ਜਿਹੀ ਚੋਈ ਆਉਂਦੀ ਹੈ। ਅੰਬਾਲੇ ਜ਼ਿਲ੍ਹੇ ਦੇ ਕੁਝ ਪਿੰਡ ਲੰਘ ਕੇ ਪਟਿਆਲੇ ਜ਼ਿਲ੍ਹੇ ਦਾ ਮਸ਼ਹੂਰ ਪਿੰਡ ਹੰਡੇਸਰਾ ਆਉਂਦਾ ਹੈ ਜਿਸ ਤੋਂ ਥੋੜ੍ਹੀ ਦੂਰ ਪ੍ਰਸਿੱਧ ਨਦੀ ਟਾਂਗਰੀ ਆਉਂਦੀ ਹੈ ਜਿਸ ਬਾਰੇ ਪੜ੍ਹਿਆ ਕਰਦੇ ਸਾਂ ਕਿ ਇਸਦਾ ਵਹਾਉ ਬੜਾ ਤੇਜ਼ ਹੁੰਦਾ ਹੈ। ਬਰਸਾਤ ਵਿਚ ਆਵਾਜਾਈ ਦੇ ਵਿੱਚ ਸਭ ਤੋਂ ਪਹਿਲੀ ਤੇ ਸਖਤ ਰੁਕਾਵਟ ਟਾਂਗਰੀ ਹੈ। ਇਹ ਵੀ ਪਟਿਆਲੇ ਜ਼ਿਲ੍ਹੇ ਤੇ ਹਰਿਆਣੇ ਦੇ ਕਈ ਪਿੰਡਾਂ ਵਿਚ ਤਬਾਹੀ ਦਾ ਕਾਰਨ ਬਣਦੀ ਹੈ। ਦੋ ਕੁ ਕਿਲੋਮੀਟਰ ਅੱਗੇ 'ਪਟਵੀ' ਦੀ ਨਦੀ ਹੈ ਜਿਹੜੀ ਸਥਾਨਕ ਖੇਤਾਂ ਦੇ ਬਰਸਾਤੀ ਪਾਣੀ ਦਾ ਨਿਕਾਸ ਕਰਦੀ ਹੈ। ਸ਼ਾਹਿਜ਼ਾਦਪੁਰ ਤੋਂ ਕੁਝ ਕੁ ਪਹਿਲਾਂ ਇਕ ਨਿੱਕੀ ਜਿਹੀ ਪਰ ਡੂੰਘੀ ਸਥਾਨਕ ਚੋਈ ਹੈ ਜਿਹੜੀ ਬਰਸਾਤ ਵਿਚ ਸੜਕੀ ਆਵਾਜਾਈ ਨੂੰ ਰੋਕਦੀ ਰਹੀ ਹੈ। ਸ਼ਹਿਜ਼ਾਦਪੁਰ ਦੇ ਨਾਲ ਲੱਗਦੀ ਇੱਕ ਬਰਸਾਤੀ ਚੋਈ ਵਗਦੀ ਹੈ ਜਿੱਥੋਂ 3-4

ਕਿਲੋਮੀਟਰ ਤੇ 'ਬੇਗਨਾ' ਦੀ ਵੱਡੀ ਨਦੀ ਆਉਂਦੀ ਹੈ। ਨਰਾਇਣਗੜ੍ਹ ਤੋਂ ਕਾਲੇ ਅੰਬ ਨੂੰ ਜਾਂਦਿਆਂ 3 ਕੁ ਕਿਲੋਮੀਟਰ ਤੋਂ ਹਮੀਦਪੁਰਾ ਪਿੰਡ ਦੇ ਲਾਗੇ 'ਰੁਣ' ਨਾਂ ਦੀ ਬਰਸਾਤੀ ਨਦੀ ਵਗਦੀ ਹੈ। ਜਿਹੜੀ ਥੋੜ੍ਹੀ ਦੂਰ ਤੇ ਵਗਦੇ 'ਮਾਰਕੰਡਾ' ਦਰਿਆ ਵਿੱਚ ਜਾ ਸਮਾਉਂਦੀ ਹੈ।

ਜਿਸ ਸਮੇਂ ਦੀ ਮੈਂ ਗੱਲ ਕਰ ਰਿਹਾ ਹਾਂ ਉਦੋਂ ਇਹਨਾਂ ਚੋਆਂ ਤੇ ਨਦੀਆਂ ਉਤੇ ਪੁਲ ਨਹੀਂ ਸਨ ਹੁੰਦੇ। ਬਰਸਾਤ ਵਿਚ ਆਵਾਜਾਈ ਬਹੁਤ ਔਖੀ ਹੋ ਜਾਂਦੀ ਸੀ। ਸਵਾਰੀਆਂ ਨੂੰ ਬਹੁਤ ਖੱਜਲ ਹੋਣਾ ਪੈਂਦਾ ਸੀ। ਪਰ ਕਈ ਵਾਰ ਬੱਸਾਂ ਵਾਲੇ ਵੀ ਫਸ ਜਾਂਦੇ ਸਨ। ਇਕ ਵਾਰ ਮੈਂ ਅੰਬਾਲੇ ਤੋਂ ਆਖਰੀ ਬੱਸ ਤੇ ਪਿੰਡ ਨੂੰ ਆ ਰਿਹਾ ਸਾਂ। ਕੁਰਾਲੀ ਅੱਡੇ ਤੇ ਉਤਰਨ ਦੀ ਥਾਂ ਮੈਂ ਕੰਡਕਟਰ ਕੋਲੋਂ ਸਿੰਘ ਭਗਵੰਤਪੁਰ ਤੱਕ ਦੀ ਟਿਕਟ ਲੈ ਲਈ ਅਤੇ ਉਸ ਨੂੰ ਬੰਨ੍ਹ ਮਾਜਰੇ ਦੀ ਨਦੀ ਟਪਾ ਕੇ ਉਤਰਨ ਲਈ ਮਨਾ ਲਿਆ। ਅੰਬਾਲੇ ਤੋਂ ਕੁਰਾਲੀ ਤੱਕ ਸਾਰੀਆਂ ਨਦੀਆਂ ਸੁੱਕੀਆਂ ਪਈਆਂ ਸਨ ਤੇ ਮੀਂਹ ਵੀ ਕਿਤੇ ਨਹੀਂ ਸੀ ਪਿਆ। ਪਰ ਬੰਨ੍ਹ ਮਾਜਰੇ ਪਹੁੰਚ ਕੇ ਦੇਖਿਆ ਕਿ ਨਦੀ ਵਿਚ ਪਾਣੀ ਵਗ ਰਿਹਾ ਹੈ। ਬੱਸ ਰੁਕ ਗਈ ਕੰਡਕਟਰ ਨੇ ਪਾਣੀ ਦੇ ਕੰਢੇ ਤੇ ਇੱਕ ਡੱਕਾ ਗੱਡ ਦਿੱਤਾ। ਘੰਟੇ ਕੁ ਪਿੱਛੋਂ ਪਾਣੀ ਕਾਫ਼ੀ ਉਤਰ ਗਿਆ ਸੀ। ਡਰਾਈਵਰ ਤੇ ਕੰਡਕਟਰ ਰੋਪੜ ਰਹਿੰਦੇ ਸਨ। ਉਹ ਤੇ ਕੁਝ ਹੋਰ ਸਵਾਰੀਆਂ ਰਾਤ ਤੱਕ ਰੋਪੜ ਪਹੁੰਚ ਜਾਣਾ ਚਾਹੁੰਦੀਆਂ ਸਨ। ਸੋ ਵਾਹਿਗੁਰੂ ਦਾ ਨਾਂ ਲੈ ਕੇ ਡਰਾਈਵਰ ਨੇ ਬੱਸ ਨੂੰ ਪਹਿਲੇ ਗੇਅਰ ਵਿਚ ਪਾ ਕੇ ਅੱਗੇ ਤੋਰ ਦਿੱਤਾ। ਕੁਝ ਦੂਰ ਤਾਂ ਸਭ ਠੀਕ ਠਾਕ ਰਿਹਾ। ਪਰ ਇਕ ਥਾਂ ਜਾ ਕੇ ਬੱਸ ਫਸ ਗਈ। ਸਾਰੀਆਂ ਸਵਾਰੀਆਂ ਨੇ ਹੇਠਾਂ ਉਤਰ ਕੇ ਧੱਕਾ ਮਾਰ ਕੇ ਬੱਸ ਨੂੰ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ ਪਰ ਸਭ ਵਿਅਰਥ। ਥੱਕ ਹਾਰ ਕੇ ਸਵਾਰੀਆਂ ਨੇ ਬੱਸ ਨੂੰ ਪਾਣੀ ਵਿੱਚ ਹੀ ਛੱਡ ਦਿੱਤਾ ਤੇ ਰਾਤ ਕਟੀ ਦਾ ਪ੍ਰਬੰਧ ਕਰਨ ਲੱਗੇ। ਅਗਲੇ ਦਿਨ ਪਤਾ ਲੱਗਿਆ ਕਿ ਸਾਰੀ ਰਾਤ ਨਦੀ ਵਿੱਚ ਖੜ੍ਹੀ ਬੱਸ ਸਾਰੀ ਦੀ ਸਾਰੀ ਪਾਣੀ ਵਿੱਚ (ਰੇਤ ਵਿੱਚ) ਖੁਭ ਗਈ। ਉਸਦੀ ਕੇਵਲ ਛੱਤ ਹੀ ਦਿਖਾਈ ਦਿੰਦੀ ਸੀ।

ਹੁਣ ਇਸ ਖੇਤਰ ਦੇ ਅਤੀਤ ਨੂੰ ਯਾਦ ਕਰਦਿਆਂ, ਵਰਤਮਾਨ ਤਬਦੀਲੀ ਤੇ ਹੈਰਾਨੀ ਹੁੰਦੀ ਹੈ।

# 10 ਘੱਗਰ ਦੀ ਦਾਸਤਾਨ

*ਕਿਰਪਾਲ ਸਿੰਘ ਦਰਦੀ*
*ਮੋ: 98140-74901*

ਘੱਗਰ ਦਰਿਆ ਯਮੁਨਾ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਪੈਂਦੀਆਂ ਨੀਵੀਆਂ ਹਿਮਾਲੀਆਈ ਢਲਵਾਨਾਂ ਜੋ ਨਾਹਨ ਦੇ ਖੇਤਰ ਵਿਚ ਪੈਂਦੀਆਂ ਹਨ, 'ਚੋਂ ਨਿਕਲਦਾ ਹੈ। ਕੁਝ ਮੀਲ ਚੱਲ ਕੇ ਇਹ ਮਨੀਮਾਜਰਾ ਪਾਸ ਪਹਾੜਾਂ ਨੂੰ ਛੱਡ ਮੈਦਾਨਾਂ ਵਿਚ ਵੀ ਵਗਦਾ ਹੋਇਆ ਅੰਬਾਲਾ ਤੋਂ 4.5 ਕਿਲੋਮੀਟਰ ਪੱਛਮ ਵੱਲ ਵਗਦਾ ਹੋਇਆ ਪਟਿਆਲਾ ਦੇ ਖ਼ੇਤਰ ਵਿਚ ਪ੍ਰਵੇਸ਼ ਕਰਦਾ ਹੈ ਅਤੇ ਦੱਖਣ-ਪੱਛਮੀ ਰਸਤਾ ਧਾਰਨ ਕਰਦਾ ਹੋਇਆ 112 ਕਿਲੋਮੀਟਰ ਦਾ ਫ਼ਾਸਲਾ ਤੈਅ ਕਰਦਾ, ਪੱਛਮ ਵੱਲ ਨੂੰ ਮੋੜ ਕੱਟਦਾ ਹੋਇਆ, ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਵਿਚ ਪ੍ਰਵੇਸ਼ ਕਰਦਾ ਹੈ।

19ਵੀਂ ਸਦੀ ਵਿਚ ਮਨੀਮਾਜਰਾ ਦੇ ਨੇੜੇ ਬਨਾਉਟੀ ਕੂਲ੍ਹਾਂ ਤੇ ਕਟਾਂ ਰਾਹੀਂ ਕੁਝ ਖ਼ੇ ਤਰਾਂ ਦੀ ਸਿੰਚਾਈ ਹੁੰਦੀ ਸੀ। ਇਥੇ ਦਰਿਆ ਦੇ ਬੈੱਡ ਵਿਚ ਵੱਡੇ-ਵੱਡੇ ਪੱਥਰ ਹਨ ਅਤੇ ਇਸ ਤੋਂ ਥੱਲੇ ਇਕ ਚੌੜੇ ਖ਼ੇਤਰ ਵਿਚ ਰੇਤ ਖਿਲਰੀ ਹੋਈ ਹੈ। ਇਸ ਦਰਿਆ ਵਿਚ ਉਪਰਲੇ ਭਾਗ ਵਿਚ ਗਰਮੀਆਂ ਵਿਚ ਲਗਭਗ ਇਕ ਫੁੱਟ ਡੂੰਘਾ ਪਾਣੀ ਵਗਦਾ ਹੈ, ਜੋ ਬਰਸਾਤਾਂ ਵਿਚ ਛੇ ਫੁੱਟ ਡੂੰਘਾਈ ਤੱਕ ਪਹੁੰਚ ਜਾਂਦਾ ਹੈ ਤੇ ਹੜ੍ਹਾਂ ਵੇਲੇ ਇਸ ਨੂੰ ਪਾਰ ਕਰਨ੍ਹਾ ਬੜਾ ਖ਼ਤਰਨਾਕ ਹੈ। ਭੂਤਕਾਲ ਵਿਚ ਅੰਬਾਲਾ ਤੇ ਕਾਲਕਾ ਵਿਚਕਾਰ ਰੇਲਵੇ ਪੁਲ ਦੀ ਉਸਾਰੀ ਤੋਂ ਪਹਿਲਾਂ ਬਾਰਸ਼ਾਂ ਵਿਚ ਡਾਕ ਹਾਥੀਆਂ ਰਾਹੀਂ ਜਾਂਦੀ ਸੀ। ਬਨੂੜ ਨਹਿਰ ਸਿਸਟਮ ਜੋ ਕਿ ਬਰਸਾਤੀ ਕਿਸਮ ਦਾ ਹੈ, ਛੱਤਬੀੜ ਲਾਗੇ 19ਵੀਂ ਸਦੀ ਵਿਚ ਸਥਾਪਤ ਕੀਤਾ ਗਿਆ ਸੀ ਤਾਂ ਕਿ ਬਨੂੜ ਦੇ ਲਾਗਲੇ ਕੁਝ ਖ਼ੇਤਰ ਨੂੰ ਪਾਣੀ ਦਿੱਤਾ ਜਾ ਸਕੇ। ਇਹ ਨਹਿਰੀ ਸਿਸਟਮ ਅਜੇ ਵੀ ਚਲ ਰਿਹਾ ਹੈ। ਇਸੇ ਤਰ੍ਹਾਂ ਦੇਵੀਗੜ੍ਹ ਲਾਗੇ ਕੁਝ ਬਰਸਾਤੀ ਨਹਿਰਾਂ ਘੱਗਰ ਵਿਚੋਂ ਕੱਢੀਆਂ ਗਈਆਂ ਸਨ, ਜਿਨ੍ਹਾਂ ਨੂੰ 'ਖੱਡ' ਕਿਹਾ ਜਾਂਦਾ ਸੀ।

ਪਟਿਆਲਾ ਜ਼ਿਲ੍ਹੇ ਦੇ ਸ਼ਤਰਾਣਾ ਨਗਰ ਲਾਗੇ ਇਸ ਨਾਲ ਸਰਸਵਤੀ ਅਤੇ ਮਾਰਕੰਡਾ ਨਦੀਆਂ ਦਾ ਸਾਂਝਾ ਵਹਾ ਆ ਰਲਦਾ ਹੈ। ਇਥੇ ਬੜਾ ਲੰਬਾ ਤੇ ਚੌੜਾ ਨੀਵਾਂ ਖੇਤਰ ਵੇਖਿਆ ਜਾ ਸਕਦਾ ਹੈ, ਜਿਥੇ ਪੁਰਾਣੇ ਸਮਿਆਂ ਵਿਚ ਸਰਸਵਤੀ ਦਰਿਆ ਵੱਡਾ ਰੂਪ ਧਾਰ ਲੈਂਦਾ ਸੀ। ਸਮਾਣਾ ਦੇ ਦੱਖਣ ਵਿਚ ਘੱਗਰ (ਪੁਰਾਣੀ ਸਰਸਵਤੀ) ਪਿੰਡ ਸਪਰਹੇੜੀ, ਉਸਮਾਨਪੁਰ, ਰਤਨਹੇੜੀ, ਨਲਹੇੜਾ, ਹਰਚੰਦਪੁਰਾ, ਗੁਰਦਿਆਲਪੁਰਾ ਆਦਿ ਦੇ ਪਾਸ ਦੀ ਲੰਘਦਾ ਹੈ, ਜਿਥੇ 1947 ਤੋਂ ਪਹਿਲਾਂ ਜੀਂਦ ਰਿਆਸਤ ਦੀ ਤਹਿਸੀਲ ਸੰਗਰੂਰ ਵਿਚ ਇਹ ਪਿੰਡ ਪੈਂਦੇ ਸਨ। ਪਿੰਡ ਸਪਰਹੇੜੀ ਅਤੇ ਰਤਨਹੇੜੀ ਪਾਸ ਬਰਸਾਤ ਦੇ ਦਿਨਾਂ ਵਿਚ ਦਰਿਆ ਦੀ ਚੌੜਾਈ 4.8 ਕਿਲੋਮੀਟਰ ਬਣ ਜਾਂਦੀ ਹੈ।

ਦਰਿਆ ਸਤਲੁਜ 1245 ਵਿਚ ਰੋਪੜ ਤੋਂ ਦੱਖਣ ਵੱਲ ਨੂੰ ਮੋੜ ਕੱਟਦਾ ਸੀ ਅਤੇ ਇਸ ਦਾ ਰਸਤਾ ਵਰਤਮਾਨ ਘੱਗਰ ਦਰਿਆ ਦਾ ਹੀ ਸੀ। 1593 ਦੇ ਨੇੜੇ-ਤੇੜੇ ਸਤਲੁਜ ਨੇ ਘੱਗਰ ਦਰਿਆ ਦੇ ਰਾਹ ਨੂੰ ਛੱਡ ਦਿੱਤਾ ਅਤੇ ਉੱਤਰ ਦਿਸ਼ਾ ਵੱਲ ਮੁੜ ਗਿਆ। ਸਤਲੁਜ ਇਕ ਵਾਰ ਫਿਰ ਘੱਗਰ ਨਾਲ ਆ ਮਿਲਿਆ ਅਤੇ ਫਿਰ 1796 ਵਿਚ ਘੱਗਰ ਨੂੰ ਛੱਡ ਕੇ ਹਰੀਕੇ ਬਿਆਸ ਨਾਲ ਜਾ ਮਿਲਿਆ।

ਜਾਖਲ ਦੇ ਨੇੜੇ ਰੰਗੋਈ ਨਾਂਅ ਦੀ ਇਕ ਨਹਿਰ ਘੱਗਰ ਵਿਚੋਂ 19ਵੀਂ ਸਦੀ ਦੇ ਸ਼ੁਰੂ ਵਿਚ ਕੱਢੀ ਗਈ ਸੀ, ਜਿਹੜੀ ਲਗਭਗ 12000 ਏਕੜ ਖ਼ੇਤਰ ਨੂੰ ਸਿੰਜਦੀ ਸੀ ਪਰ ਕਈ ਵਾਰ ਰੀਮਾਡਲ ਕਰਨ ਦੇ ਬਾਵਜੂਦ ਚੰਗੀ ਤਰ੍ਹਾਂ ਨਾਲ ਨਾ ਚੱਲ ਸਕੀ ਅਤੇ 1912 ਵਿਚ ਇਸ ਨੂੰ ਡਿਟ੍ਰਿਕਟ ਬੋਰਡ ਨੇ ਆਪਣੇ ਅਧੀਨ ਕਰ ਲਿਆ। ਓਟੂ ਦੇ ਸਥਾਨ 'ਤੇ ਇਕ ਬੰਨ੍ਹ ਬਣਾ ਕੇ ਘੱਗਰ ਵਿਚੋਂ ਦੋ ਨਹਿਰਾਂ ਇਕ ਉੱਤਰ ਵਾਲੇ ਪਾਸੇ ਅਤੇ ਇਕ ਦੱਖਣ ਵਾਲੇ ਪਾਸੇ ਕੱਢੀਆਂ ਗਈਆਂ ਹਨ।

ਘੱਗਰ ਨੂੰ ਪਹਾੜਾਂ ਵਿਚ ਪੈਂਦੀ ਬਰਫ਼ ਦਾ ਪਾਣੀ ਨਹੀਂ ਮਿਲਦਾ ਅਤੇ ਕੇਵਲ ਬਾਰਸ਼ਾਂ ਦੇ ਪਾਣੀ 'ਤੇ ਨਿਰਭਰ ਕਰਦਾ ਹੈ, ਜਿਸ ਕਰਕੇ ਬਰਸਾਤੀ ਮੌਸਮ ਵਿਚ ਇਸ ਵਿਚ ਹੜ੍ਹ ਆਉਣ ਕਾਰਨ ਪਾਸਿਆਂ 'ਤੇ ਬਣੇ ਬੰਨ੍ਹਾਂ ਨੂੰ ਤੋੜ ਕੇ ਪਾਣੀ ਪਟਿਆਲੇ ਜ਼ਿਲ੍ਹੇ ਵਿਚ ਚੋਖਾ ਨੁਕਸਾਨ ਕਰਦਾ ਹੈ।

ਓਟੂ ਦੇ ਥੱਲੇ ਰਾਜਸਥਾਨ ਵਿਚ ਅਨੂਪਗੜ੍ਹ ਤੱਕ ਘੱਗਰ ਨੂੰ ਨਾਲੀ ਕਿਹਾ ਜਾਂਦਾ ਹੈ। ਬਰਸਾਤਾਂ ਵਿਚ ਇਸ ਵਿਚ ਕਾਫ਼ੀ ਪਾਣੀ ਹੋਣ ਕਾਰਨ ਆਲੇ-ਦੁਆਲੇ ਦੇ ਲੋਕ ਇਸ ਨੂੰ ਖੇਤਾਂ ਦੀ ਸਿੰਚਾਈ ਲਈ ਵਰਤਦੇ ਹਨ।

ਘੱਗਰ ਅਨੂਪਗੜ੍ਹ ਤੋਂ ਅੱਗੇ ਮਾਰੂਥਲ ਵਿਚ ਸਮਾ ਜਾਂਦਾ ਹੈ। ਇਸ ਦਾ ਰਸਤਾ ਬਹਾਵਲਪੁਰ ਵਿਚ ਮੀਰਗੜ੍ਹ ਤੱਕ ਮਿਲਦਾ ਹੈ ਅੱਗੇ ਨਹੀਂ। ਪੁਰਾਣੇ ਸਮੇਂ ਵਿਚ ਘੱਗਰ ਸਰਸਵਤੀ ਦੇ ਸੰਗਮ ਤੋਂ ਥੱਲੇ ਸਰਸਵਤੀ ਹੀ ਜਾਣਿਆ ਜਾਂਦਾ ਸੀ ਅਤੇ ਇਹ ਗੁਜਰਾਤ ਵਿਖੇ ਰਣ ਕੱਛ ਵਿਚ ਜਾ ਡਿਗਦਾ ਸੀ, ਜੋ ਸਮੁੰਦਰ ਦਾ ਇਕ ਹਿੱਸਾ ਹੈ। ਅਰੀਅਨ ਦੇ ਵੇਲੇ ਸਤਲੁਜ ਵੀ ਰਣ ਕੱਛ ਵਿਚ ਆਜ਼ਾਦਾਨਾ ਤੌਰ 'ਤੇ ਡਿਗਦਾ ਸੀ। ਅਰੀਅਨ ਸਿਕੰਦਰ ਵੇਲੇ ਹੋਇਆ ਇਕ ਇਤਿਹਾਸਕਾਰ ਹੈ। ਜੇ ਲਗਭਗ 2340 ਸਾਲ ਪਹਿਲਾਂ ਦਰਿਆ ਸਤਲੁਜ ਰਣ ਕੱਛ ਵਿਚ ਸਮੁੰਦਰ 'ਚ ਡਿਗਦਾ ਸੀ ਤਾਂ ਘੱਗਰ ਵੀ (ਸਰਸਵਤੀ) ਜਿਹੜਾ ਸਤਲੁਜ ਦੇ ਖੱਬੇ ਪਾਸੇ ਹੈ, ਅਵੱਸ਼ ਹੀ ਰਣ ਕੱਛ ਵਿਚ ਡਿਗਦਾ ਸੀ। ਸੋ, ਉਸ ਵੇਲੇ ਨਾ ਹੀ ਸਤਲੁਜ ਅਤੇ ਨਾ ਹੀ ਘੱਗਰ ਸਿੰਧ ਬੇਸਨ ਵਿਚ ਪੈਂਦੇ ਸਨ, ਜਾਂ ਉਸ ਦਾ ਹਿੱਸਾ ਸਨ।

# ਅਧਿਆਇ ਤੀਜਾ

# ਤਲਵੰਡੀ ਤੋਂ ਆਨੰਦਪੁਰ ਦੇ ਪੈਂਡਿਆਂ ਤੱਕ ਸਿੱਖ ਗੁਰਮਤਿ-ਦਰਸ਼ਨ ਦੇ ਸਿਖਰ ਦਾ ਪੜਾਅ ਪੁਆਧ ਦੀ ਧਰਤ ਸ੍ਰੀ ਆਨੰਦਪੁਰ ਸਾਹਿਬ

1. ਗੁਰੂ ਸਾਹਿਬਾਨ ਦਾ ਆਨੰਦਪੁਰ ਸਾਹਿਬ ਨਾਲ ਰਿਸ਼ਤਾ
2. ਆਨੰਦਪੁਰ ਸਾਹਿਬ ਦਾ ਅਧਿਆਤਮਕ ਫਲਸਫ਼ਾ
3. ਪੁਆਧ ਦੀ ਹਿੱਕ 'ਤੇ ਉੱਕਰੀ ਸੱਤ ਰਾਤਾਂ ਦੀ ਦਾਸਤਾਨ

# 11 ਗੁਰੂ ਸਾਹਿਬਾਨ ਦਾ ਆਨੰਦਪੁਰ ਸਾਹਿਬ ਨਾਲ ਰਿਸ਼ਤਾ

*ਭਾਈ ਹਰਿਸਿਮਰਨ ਸਿੰਘ*

*ਮੋਬਾ: 9872591713*

ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸੇ ਆਨੰਦਪੁਰ ਸਾਹਿਬ ਦੀ ਸਿੱਖ ਪੰਥ ਅਤੇ ਮਾਨਵ ਜਾਤੀ ਨੂੰ ਖੇੜੇ ਭਰਪੂਰ ਆਨੰਦਿਤ ਜੀਵਨ ਦੇਣ ਲਈ ਲੋੜੀਂਦੀ ਸਮਾਜ ਵਿਵਸਥਾ ਸਿਰਜਣ ਦੇ ਸੰਦਰਭ ਵਿੱਚ ਸਿਧਾਂਤਕ ਅਤੇ ਇਤਿਹਾਸਕ ਮਹੱਤਤਾ ਹੈ। ਆਨੰਦਪੁਰ ਸਾਹਿਬ ਦਾ ਨਾਂ ਲੈਂਦਿਆਂ ਹੀ ਇਸ ਸਥਾਨ ਪਿੱਛੇ ਕੰਮ ਕਰ ਰਹੀ 'ਆਨੰਦਾਂ ਦੀ ਪੁਰੀ' ਦਾ ਉਹ ਸਿਧਾਂਤਕ ਬਿੰਬ ਅਤੇ ਫ਼ਲਸਫ਼ਾ ਮਨ ਮਸਤਕ ਵਿੱਚ ਪ੍ਰਗਟ ਹੁੰਦਾ ਹੈ ਜੋ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋਈ ਸਿੱਖ ਦਾਰਸ਼ਨਿਕ ਪਰੰਪਰਾ ਦਾ ਇਤਿਹਾਸ ਵਿੱਚ ਮੂਲ ਯਤਨ ਰਿਹਾ ਹੈ। ਆਨੰਦਪੁਰ ਸਾਹਿਬ ਦੀ ਸਥਾਪਨਾ ਗੁਰੂ ਸਾਹਿਬਾਨ ਵੱਲੋਂ ਆਪਣੇ ਜੀਵਨ ਵਿੱਚ ਸਿੱਖ ਧਰਮ ਅਤੇ ਪੰਥ ਦੀ ਪ੍ਰਫੁੱਲਤਾ ਲਈ ਵਸਾਏ ਗਏ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ, ਤਰਨਤਾਰਨ ਅਤੇ ਕੀਰਤਪੁਰ ਸਾਹਿਬ ਨਗਰਾਂ ਦੀ ਸਥਾਪਨਾ ਦੀ ਚਲਾਈ ਗਈ ਲੜੀ ਦਾ ਵੀ ਇੱਕ ਸਿਖ਼ਰ ਹੈ। ਆਨੰਦਪੁਰ ਸਾਹਿਬ ਦੀ ਨੀਂਹ 19 ਜੂਨ, 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਭੋਰਾ ਸਾਹਿਬ ਦੇ ਸਥਾਨ' ਤੇ ਸਮੇਂ ਦੀ ਪਰੰਪਰਾ ਅਨੁਸਾਰ ਮੋੜ੍ਹੀ ਗੱਡ ਕੇ ਰੱਖੀ ਗਈ ਸੀ। ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਆਨੰਦਪੁਰ ਸਾਹਿਬ ਦੀ ਧਰਤੀ ਨਾਲ ਸਥਾਪਤ ਹੋਇਆ ਡੂੰਘਾ ਰੂਹਾਨੀ, ਸੰਸਾਰਕ, ਜ਼ਾਤੀ ਅਤੇ ਇਤਿਹਾਸਕ ਰਿਸ਼ਤਾ ਸਿੱਖ ਪੰਥ ਹੁਣ ਵੀ ਪੂਰੀ ਤਨਦੇਹੀ ਨਾਲ ਨਿਭਾ ਰਿਹਾ ਹੈ। ਕਿਸੇ ਵੀ ਧਰਮ, ਫ਼ਲਸਫ਼ੇ ਅਤੇ ਨਵੀਂ ਜੀਵਨ ਧਾਰਾ ਦੀ ਪ੍ਰਫੁੱਲਤਾ ਵਿੱਚ ਮੁੱਢਲੇ ਦੌਰ 'ਤੇ ਕੇਂਦਰ ਬਣਾਉਣੇ ਪਹਿਲਾਂ ਮਹੱਤਵਪੂਰਨ ਕਾਰਜ ਹੁੰਦਾ ਹੈ। ਧਰਮਾਂ ਦੇ ਬਾਨੀਆਂ-ਰਹਿਬਰਾਂ ਵੱਲੋਂ ਨਗਰਾਂ ਦੇ ਰੂਪ ਵਿੱਚ ਬਣਾਏ ਜਾਂਦੇ ਅਜਿਹੇ ਕੇਂਦਰ ਉਨ੍ਹਾਂ ਦੇ ਵਿਚਾਰਾਂ ਅਤੇ ਸੁਪਨਿਆਂ ਦਾ ਮੌਲਿਕ ਅਤੇ ਵਿਵਹਾਰਕ ਮਾਡਲ ਹੁੰਦੇ ਹਨ। ਅਜਿਹੇ ਨਗਰ ਵਿਸ਼ੇਸ਼ ਤਰ੍ਹਾਂ ਦੀ ਜੀਵਨ ਜੁਗਤਿ ਅਤੇ ਹੋਰ ਵਿਚਾਰਾਂ ਦਾ ਆਦਰਸ਼ਕ ਰੂਪ ਸਾਹਮਣੇ ਲਿਆਉਂਦੇ ਹਨ। ਇਨ੍ਹਾਂ ਨੂੰ ਵਿਵਹਾਰਕ ਰੂਪ ਦੇਣ ਲਈ ਨਵੇਂ ਸਮਾਜ ਦੀ ਸਿਰਜਣਾ, ਸਮਾਜਿਕ ਰਿਸ਼ਤੇ ਬਣਾਉਣਾ, ਭਾਈਚਾਰਕ ਸਾਂਝ ਪੈਦਾ ਕਰਨ ਲਈ ਜੀਵਨ ਦੀ ਸਮੁੱਚੀ ਸੁਰੱਖਿਆ ਤੇ ਸਫ਼ਲਤਾ ਹਿੱਤ ਗੰਭੀਰ ਯਤਨ ਕਰਨੇ ਪੈਂਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਜਨਮ ਪਾਕਿਸਤਾਨ ਵਿੱਚ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਹੋਇਆ ਸੀ, ਪਰ ਉਨ੍ਹਾਂ ਨੇ ਆਦਰਸ਼ਕ ਸਮਾਜਿਕ ਰਿਸ਼ਤਿਆਂ ਅਤੇ ਸਫ਼ਲ ਜੀਵਨ ਦਿਸ਼ਾ ਦੇਣ ਵਾਲਾ ਪਹਿਲਾ ਨਗਰ ਕਰਤਾਰਪੁਰ ਵਸਾਇਆ ਸੀ।

ਇਨ੍ਹਾਂ ਹੀ ਲੀਹਾਂ ਉੱਤੇ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ, ਤਰਨ ਤਾਰਨ, ਕੀਤਰਪੁਰ ਸਾਹਿਬ ਅਤੇ ਆਨੰਦਪੁਰ ਸਾਹਿਬ ਨਗਰਾਂ ਦੀ ਸਥਾਪਨਾ ਕੀਤੀ ਗਈ। ਇਸ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਨਾਲ ਗੁਰੂ ਸਾਹਿਬਾਨ ਦੇ ਬਹੁਪਰਤੀ ਰਿਸ਼ਤਿਆਂ ਦੀ ਸਾਂਝ ਅਤੇ ਪੰਥ ਤੇ ਮਨੁੱਖਤਾ ਨੂੰ ਇਨ੍ਹਾਂ ਨਗਰਾਂ ਰਾਹੀਂ ਦਿੱਤਾ ਜਾਣ ਵਾਲਾ ਵਿਸ਼ਵਵਿਆਪੀ ਸੰਦੇਸ਼ ਅਤੇ ਉਸ ਅਨੁਸਾਰ ਹੀ ਪੰਥ ਦਾ ਭਵਿੱਖ ਦਾ ਕਾਰਜ ਏਜੰਡਾ ਉਲੀਕਣਾ ਮਹੱਤਵਪੂਰਨ ਬਣ ਜਾਂਦਾ ਹੈ।

ਸਿੱਖ ਲਹਿਰ ਦੀ ਪ੍ਰਫੁੱਲਤਾ ਲਈ ਮੁੱਖ ਤੌਰ ਤੇ ਦੋ ਖੇਤਰ ਮਾਝਾ ਅਤੇ ਸਤਲੁਜ ਦੀ ਬਾਹੀ ਵਿੱਚ ਸਥਿਤ ਕੀਰਤਪੁਰ ਸਾਹਿਬ, ਆਨੰਦਪੁਰ ਸਾਹਿਬ ਰਹੇ ਹਨ। ਮਾਝਾ ਖੇਤਰ ਛੱਡ ਕੇ ਕੀਰਤਪੁਰ ਸਾਹਿਬ ਨੂੰ ਸਿੱਖ ਸਰਗਰਮੀਆਂ ਦਾ ਖੇਤਰ ਬਣਾਉਣਾ ਗੁਰੂ ਹਰਿਗੋਬਿੰਦ ਸਾਹਿਬ ਦਾ ਆਪਣੇ ਆਪ ਵਿੱਚ ਇੱਕ ਸੁਚੇਤ ਫ਼ੈਸਲਾ ਸੀ। ਕੀਰਤਪੁਰ ਸਾਹਿਬ ਨੂੰ ਹੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਤੇ ਬਾਬਾ ਗੁਰਦਿੱਤਾ ਜੀ ਨੇ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਈ ਰੱਖਿਆ। ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ 1665 ਵਿੱਚ ਆਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ ਸੀ।

ਆਨੰਦਪੁਰ ਸਾਹਿਬ ਦੀ ਸਥਾਪਨਾ ਸਿੱਖੀ ਦੇ ਵੱਡੇ ਮਕਸਦਾਂ ਦੀ ਪੂਰਤੀ ਲਈ ਆਪਣੇ ਆਪ ਵਿੱਚ ਇੱਕ ਮੀਲ ਪੱਥਰ ਸੀ। ਸਮਾਜ ਦੇ ਹਰ ਵਰਗ ਅਤੇ ਕਿੱਤੇ ਨਾਲ ਸਬੰਧਿਤ ਲੋਕਾਂ ਦਾ ਇੱਥੇ ਆ ਕੇ ਵੱਸਣਾ, ਘਰਾਂ ਦੀ ਉਸਾਰੀ, ਬਾਜ਼ਾਰ, ਗਲੀਆਂ, ਧਾਰਮਿਕ ਸਰਗਰਮੀਆਂ ਲਈ ਭੋਰਾ ਸਾਹਿਬ ਸਮੇਤ ਹੋਰ ਸਥਾਨਾਂ ਦੀ ਉਸਾਰੀ, ਸਿੱਖ ਸੰਗਤਾਂ ਦਾ ਆਨੰਦਪੁਰ ਸਾਹਿਬ ਗੁਰੂ ਦਰਸ਼ਨਾਂ ਲਈ ਆਉਣਾ, ਗੁਰੂ ਪਰਿਵਾਰ ਦੇ ਮਹਿਲਾਂ ਅਤੇ ਮਾਤਾ ਗੁਜਰੀ ਜੀ ਦਾ ਆਈ ਸੰਗਤ ਦੀ ਟਹਿਲ ਸੇਵਾ ਕਰਨਾ, ਧਰਮ ਪ੍ਰਚਾਰ ਲਈ ਗੁਰੂ ਸਾਹਿਬ ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਲੰਮੇ ਪ੍ਰਚਾਰ ਦੌਰਿਆਂ ਤੇ ਜਾਣਾ ਆਦਿ ਸਭ ਇੱਥੋਂ ਦੇ ਇਤਿਹਾਸ ਦੇ ਰੌਸ਼ਨ ਪਹਿਲੂ ਹਨ। ਇੱਥੋਂ ਹੀ ਗੁਰੂ ਤੇਗ ਬਹਾਦਰ ਸਾਹਿਬ ਧਰਮ ਹੇਤ ਮਜ਼ਲੂਮਾਂ ਦੀ ਰਾਖੀ ਲਈ ਸ਼ਹਾਦਤ ਪ੍ਰਾਪਤ ਕਰਨ ਵਾਸਤੇ ਦਿੱਲੀ ਗਏ ਸਨ। ਸਿੱਖ ਲਹਿਰ ਨੂੰ ਵਿਸ਼ੇਸ਼ ਦਿਸ਼ਾ ਦੇਣ ਵਾਲਾ ਇਹ ਇਤਿਹਾਸਕ ਘਟਨਾਕ੍ਰਮ ਹੈ। ਉਹ ਕਿਹੋ ਜਿਹਾ ਮੰਜ਼ਰ ਹੋਵੇਗਾ ਜਦੋਂ ਮਾਤਾ ਗੁਜਰੀ ਜੀ, ਬਾਲਕ ਗੋਬਿੰਦ ਰਾਏ ਅਤੇ ਸਿੱਖ ਸੰਗਤ ਨੇ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰਾਖੀ ਲਈ ਆਨੰਦਪੁਰ ਸਾਹਿਬ ਤੋਂ ਵਿਦਾ ਕੀਤਾ ਹੋਵੇਗਾ। ਉਨ੍ਹਾਂ ਦੇ ਸੀਸ ਦਾ ਸਸਕਾਰ ਆਨੰਦਪੁਰ ਸਾਹਿਬ ਵਿਖੇ ਹੀ ਹੋਇਆ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ ਵਿਖੇ 1666 ਵਿੱਚ ਹੋਇਆ

ਸੀ। ਆਨੰਦਪੁਰ ਸਾਹਿਬ ਉਨ੍ਹਾਂ ਦੀ ਕਰਮ ਭੂਮੀ ਸੀ। ਆਪਣੀ ਰਚਨਾ 'ਬਚਿੱਤਰ ਨਾਟਕ' ਵਿੱਚ ਉਹ ਆਨੰਦਪੁਰ ਸਾਹਿਬ ਨੂੰ 'ਮਦ੍ਰ ਦੇਸ਼' ਦੇ ਰੂਪ ਵਿੱਚ ਬਿਆਨ ਕਰਦੇ ਹਨ। ਆਪਣੀ ਇਸ ਰਚਨਾ ਵਿੱਚ ਗੁਰੂ ਸਾਹਿਬ ਦਾ ਇਸ ਸਬੰਧੀ ਉਲੇਖ ਹੈ:

ਤਹੀ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸ਼ਹਿਰ ਬਿਖੈ ਭਵ ਲਯੋ॥
ਮਦ੍ਰ ਦੇਸ਼ ਹਮ ਕੋ ਲੇ ਆਏ॥ ਭਾਂਤਿ ਭਾਂਤਿ ਦਾਈਅਨਿ ਦੁਲਰਾਏ॥
ਕੀਨੀ ਅਨਿਕ ਭਾਂਤਿ ਤਨ ਰੱਛਾ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ॥
ਜਬ ਹਮ ਧਰਮ ਕਰਮ ਮੋ ਆਏ॥ ਦੇਵ ਲੋਕ ਤਬ ਪਿਤਾ ਸਿਧਾਏ॥

ਸਪੱਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਬਾਲਕ ਗੋਬਿੰਦ ਰਾਏ ਨੂੰ ਆਨੰਦਪੁਰ ਸਾਹਿਬ ਵਿਖੇ ਹਰ ਪ੍ਰਕਾਰ ਦੀ ਲੋੜੀਂਦੀ ਸਿੱਖਿਆ ਦੇਣ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ। ਫਿਰ ਜਦੋਂ 'ਧਰਮ ਕਰਮ' ਯਾਨੀ ਮਜ਼ਲੂਮਾਂ ਦੀ ਰਾਖੀ ਲਈ ਨੌਵੇਂ ਗੁਰੂ ਸਾਹਿਬ ਲਈ ਕੁਰਬਾਨੀ ਦੇਣ ਦਾ ਸਮਾਂ ਆਇਆ ਤਾਂ ਉਨ੍ਹਾਂ ਨੂੰ ਆਨੰਦਪੁਰ ਸਾਹਿਬ ਤੋਂ ਖ਼ੁਦ ਬਾਲਕ ਗੋਬਿੰਦ ਰਾਏ ਨੇ ਵਿਦਾ ਕੀਤਾ ਸੀ। ਭੋਰਾ ਸਾਹਿਬ ਦਾ ਸਥਾਨ ਅਤੇ ਆਨੰਦਪੁਰ ਸਾਹਿਬ ਦੀਆਂ ਜੂਹਾਂ ਅੱਜ ਵੀ ਇਸ ਮਹਾਨ ਘਟਨਾ ਦੀ ਗਵਾਹੀ ਭਰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਮਕਸਦ ਇਉਂ ਸਪੱਸ਼ਟ ਕੀਤਾ ਹੈ: 'ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥' ਜਿਸ ਮਕਸਦ ਦੀ ਪੂਰਤੀ ਲਈ ਆਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਸਾਜਿਆ ਗਿਆ ਸੀ, ਉਸ ਦੀ ਪੂਰਨਤਾ ਵਿੱਚ ਆਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਅਤੇ ਇਸ ਦੇ ਇਲਾਹੀ ਯੋਗਦਾਨ ਦੇ ਵੱਖ-ਵੱਖ ਪੱਧਰ ਅਤੇ ਨਕਸ਼ ਖ਼ਾਲਸਾ ਪੰਥ ਦੀ ਚੇਤਨਾ ਵਿੱਚ ਹਰ ਪਲ ਵੱਸੇ ਰਹਿੰਦੇ ਹਨ। ਇਸੇ ਲਈ ਆਨੰਦਪੁਰ ਸਾਹਿਬ ਨੂੰ ਸਿੱਖ ਬੌਧਿਕਤਾ, ਵਿਦਵਤਾ ਅਤੇ ਵਕਤ ਦੇ ਵਿਦਵਾਨਾਂ ਦਾ ਕੇਂਦਰ ਬਣਾਉਣਾ ਅਤੇ ਇਸ ਨਗਰ ਨੂੰ 'ਮਾਡਲ ਸਿਟੀ ਸਟੇਟ' ਵਾਂਗ ਵਿਕਸਤ ਕਰਨਾ, ਇਸ ਸ਼ਹਿਰ ਦੀ ਰੱਖਿਆ ਲਈ ਅਪਣਾਏ ਗਏ ਯੁੱਧਨੀਤਕ ਪੈਂਤੜੇ, ਪੰਜ ਕਿਲ੍ਹਿਆਂ ਦੀ ਉਸਾਰੀ, ਆਨੰਦਪੁਰ ਸਾਹਿਬ ਨੂੰ ਇੱਕ ਸ਼ਕਤੀਸ਼ਾਲੀ ਵਪਾਰਕ- ਆਰਥਿਕ-ਸਭਿਆਚਾਰਕ-ਰਾਜਨੀਤਿਕ ਅਤੇ ਨਵੀਂ ਕ੍ਰਾਂਤੀ ਦੇ ਕੇਂਦਰ ਵਜੋਂ ਵਿਕਸਿਤ ਕਰਨਾ ਅਤੇ ਇਸ ਸਬੰਧੀ ਤਿਆਰੀ ਲਈ ਹੋਲੇ ਮੁਹੱਲੇ ਦੀ ਪਰੰਪਰਾ ਨੂੰ ਸ਼ੁਰੂ ਕਰਨਾ, ਸਿੱਖੀ ਧਰਮ ਪ੍ਰਚਾਰ ਕੇਂਦਰ ਵੱਜੋਂ ਸਿੱਖ ਚੇਤਨਾ ਨੂੰ ਤਿਆਰ ਕਰਨਾ, ਖੇੜੇ ਭਰਪੂਰ ਅਨੰਦਿਤ ਜੀਵਨ ਵਿਵਸਥਾ ਸਿਰਜਣ ਲਈ ਆਨੰਦਪੁਰ ਸਾਹਿਬ ਨੂੰ ਸੱਚਮੁੱਚ ਰੂਪ ਵਿੱਚ 'ਆਨੰਦਾਂ ਦੀ ਪੁਰੀ' ਬਣਾਉਣਾ ਅਤੇ ਖ਼ਾਲਸਾ ਪੰਥ ਦੀ ਚੇਤਨਾ ਵਿੱਚ ਆਨੰਦਪੁਰ ਸਾਹਿਬ ਨੂੰ ਨਵੀਂ ਵਿਸਮਾਦੀ ਵਿਸ਼ਵ ਕ੍ਰਾਂਤੀ ਦਾ ਇੱਕ ਆਧਾਰ ਤਿਆਰ ਕਰਨਾ ਆਦਿ ਅਜਿਹੇ ਕਰਮ ਅਤੇ ਜੀਵਨ ਦਿਸ਼ਾਵਾਂ ਹਨ, ਜਿਨ੍ਹਾਂ ਨੂੰ ਖ਼ਾਲਸਾ

ਪੰਥ ਨੇ ਆਪਣੇ ਚੇਤੇ ਵਿੱਚ ਵਸਾਇਆ ਹੋਇਆ ਹੈ। ਅਪਰੈਲ 1999 ਵਿੱਚ ਖ਼ਾਲਸਾ ਪੰਥ ਦੀ ਸਾਜਨਾ ਦੇ 300 ਵੇਂ ਵਰ੍ਹੇ ਨੂੰ ਪੰਥ ਨੇ ਪੂਰੇ ਖ਼ਾਲਸਾਈ ਜਲੌਅ ਵਿੱਚ ਮਨਾਇਆ ਸੀ। ਇਸ ਤੋਂ ਪੰਥ ਨੂੰ ਸਿੱਖੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਨਵੀਂ ਪ੍ਰੇਰਨਾ ਮਿਲੀ ਸੀ।

'ਆਨੰਦਪੁਰ ਸਾਹਿਬ ਦੇ ਫ਼ਲਸਫ਼ੇ' ਤੋਂ ਨਾ ਕੇਵਲ ਸਿੱਖ ਪੰਥ ਸਗੋਂ ਵਿਸ਼ਵ ਦੀ ਨਵੀਂ ਪ੍ਰੇਰਨਾ ਲੈਂਦਾ ਰਹੇਗਾ। ਇਸ ਨਗਰ ਨੂੰ ਸਥਾਪਤ ਹੋਇਆਂ 350 ਸਾਲ ਬੀਤ ਚੁੱਕੇ ਹਨ। ਭਵਿੱਖ ਵਿੱਚ ਹੋਰ ਸਦੀਆਂ ਵੀ ਬੀਤ ਜਾਣਗੀਆਂ, ਪਰ ਇਸ ਨਗਰ ਦਾ ਨਵੀਂ ਵਿਸ਼ਵ ਚੇਤਨਾ ਦਾ ਕੇਂਦਰ ਬਣਨਾ ਜ਼ਰੂਰੀ ਹੈ। ਗੁਰੂ ਸਾਹਿਬਾਨ ਦੇ ਆਨੰਦਪੁਰ ਸਾਹਿਬ ਨਾਲ ਜੁੜੇ ਬਹੁ-ਪਰਤੀ ਰਿਸ਼ਤਿਆਂ ਦਾ ਸੁਨੇਹਾ ਠੀਕ ਪ੍ਰਸੰਗ ਵਿੱਚ ਸਮਝ ਕੇ ਉਸੇ ਅਨੁਸਾਰ ਕਾਰਜ ਕਰਦਿਆਂ ਖ਼ਾਲਸਾ ਪੰਥ ਨੂੰ ਵੀ ਨਵੀਂ ਵਿਸਮਾਦੀ ਵਿਸ਼ਵ ਵਿਵਸਥਾ ਦੀ ਸਥਾਪਨਾ ਲਈ ਵਚਨਬੱਧ ਹੋਣਾ ਪਵੇਗਾ। 'ਆਨੰਦਾਂ ਦੀ ਪੁਰੀ' ਅਖਵਾਉਣ ਦਾ ਮਾਣ ਪੁਆਧ ਦੀ ਧਰਤੀ ਨੂੰ ਨਸੀਬ ਹੋਇਆ।

# 12 ਆਨੰਦਪੁਰ ਸਾਹਿਬ ਦਾ ਅਧਿਆਤਮਕ ਫ਼ਲਸਫ਼ਾ

*ਤਲਵਿੰਦਰ ਸਿੰਘ ਬੁਟਰ*

*ਮੋਬਾ: 9878070008*

ਆਨੰਦਪੁਰ ਸਾਹਿਬ ਨਾ ਸਿਰਫ਼ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਧਰਤੀ ਹੋਣ ਕਾਰਨ ਹੀ ਸਿੱਖਾਂ ਲਈ ਪੂਜਣਯੋਗ ਹੈ ਸਗੋਂ ਇਹ ਸਿੱਖੀ ਦਾ ਬੁਲੰਦ ਸੰਕਲਪ, ਇੱਕ ਵਿਚਾਰ ਅਤੇ ਸਿੱਖ ਦਰਸ਼ਨ ਦਾ ਸਥੂਲ ਅਮਲ ਵੀ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ, 'ਖ਼ਾਲਸੇ ਨੂੰ ਸਦਾ ਹੀ ਆਨੰਦਪੁਰ ਦਾ ਵਾਸੀ ਰਹਿਣਾ ਹੀ ਉਚਿੱਤ ਹੈ। ਉਸ ਨੂੰ ਛੱਡਿਆਂ ਧੱਕੇ, ਧੇੜੇ, ਠੇਡੇ, ਠੋਕਰਾਂ, ਮੁਸੀਬਤਾਂ ਤੇ ਮੁਸ਼ਕਿਲਾਂ ਹੀ ਹਨ।"

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ:

> ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥
> ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥ ੨॥ ੫॥ ੧੦॥
> (ਟੋਡੀ ਮਹਲਾ 5, ਅੰਗ 714)

ਗੁਰੂ ਸਾਹਿਬ ਮਨੁੱਖ ਨੂੰ ਸਦੀਵੀ ਆਨੰਦ, ਜਿਸ ਨੂੰ ਵਿਸਮਾਦੀ ਅਵਸਥਾ ਵੀ ਆਖਿਆ ਗਿਆ ਹੈ, ਦੀ ਪ੍ਰਾਪਤੀ ਦਾ ਤਰੀਕਾ ਦੱਸਦਿਆਂ ਫ਼ੁਰਮਾਉਂਦੇ ਹਨ, 'ਹੇ ਭਾਈ! ਜੇ ਤੇਰੀ ਇੱਛਾ ਸਦੀਵੀ ਅਨੰਦ ਤੇ ਖ਼ੁਸ਼ੀ ਦੀ ਅਵਸਥਾ ਵਿੱਚ ਰਹਿਣ ਦੀ ਹੈ ਤਾਂ ਸਦਾ ਪਰਮਾਤਮਾ ਦਾ ਸਿਮਰਨ ਕਰ, ਭਾਵ ਸਦਾ ਸਰਬ-ਵਿਆਪਕ ਸ਼ਕਤੀ ਦੀ ਚੇਤਨਾ ਵਿੱਚ ਭਿੱਜਿਆ ਰਹਿ।"

ਇਸੇ ਰੱਬੀ ਫ਼ੁਰਮਾਨ ਦਾ ਅਮਲੀ ਪ੍ਰਗਟਾਵਾ ਕਰਨ ਲਈ ਗੁਰੂ ਤੇਗ ਬਹਾਦਰ ਜੀ ਨੇ ਕੀਰਤਪੁਰ ਸਾਹਿਬ ਤੋਂ 9 ਕਿਲੋਮੀਟਰ ਦੂਰ ਪਹਾੜਾਂ ਵੱਲ ਆਨੰਦਪੁਰ ਸਾਹਿਬ ਵਸਾਇਆ ਸੀ। ਜਿਸ ਪਾਵਨ ਜ਼ਰਖੇਜ਼ ਭੂਮੀ 'ਤੇ ਅੱਜ ਆਨੰਦਪੁਰ ਸਾਹਿਬ ਵੱਸਿਆ ਹੋਇਆ ਹੈ, ਇਸ ਦਾ ਪਹਿਲਾ ਨਾਮ ਮਾਖੋਵਾਲ ਸੀ। ਦੰਦਕਥਾ ਮੁਤਾਬਕ ਇੱਥੇ ਮਾਖੋ ਨਾਮ ਦਾ ਡਾਕੂ ਰਹਿੰਦਾ ਸੀ, ਜਿਹੜਾ ਇੱਥੇ ਕਿਸੇ ਨੂੰ ਵੱਸਣ ਨਹੀਂ ਦਿੰਦਾ ਸੀ। ਗੁਰੂ ਤੇਗ ਬਹਾਦਰ ਸਾਹਿਬ ਨੇ ਜਦੋਂ ਇਹ ਧਰਤੀ ਰਿਆਸਤ ਕਹਿਲੂਰ ਦੇ ਰਾਜੇ ਦੀਪ ਚੰਦ ਦੀ ਵਿਧਵਾ ਰਾਣੀ ਚੰਪਾ ਤੋਂ ਮੁੱਲ ਖ਼ਰੀਦ ਕੇ ਇੱਥੇ ਆਪਣੀ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਂ 'ਤੇ ਚੱਕ ਨਾਨਕੀ ਨਾਮੀ ਨਗਰ ਵਸਾਇਆ ਤਾਂ ਇੱਥੇ ਇਲਾਹੀ ਨਦਰਿ ਪਈ ਅਤੇ ਮਾਖੋ ਡਾਕੂ ਭੱਜ ਗਿਆ। ਮਾਖੋਵਾਲ ਵੀਰਾਨ ਧਰਤੀ ਨਹੀਂ ਰਿਹਾ ਸਗੋਂ ਸੁਹਾਵਣਾ ਨਗਰ ਬਣ ਗਿਆ। ਆਤਮਿਕ ਜਗਿਆਸੂਆਂ ਲਈ ਇਸ ਦੀ ਮਹੱਤਤਾ ਦਾ ਵਰਣਨ ਕਰਦਿਆਂ 'ਗੁਰ ਸੋਭਾ ਗ੍ਰੰਥ' ਦਾ ਕਰਤਾ ਲਿਖਦਾ ਹੈ, 'ਮਾਖੋਵਾਲ ਸੁਹਾਵਣਾ ਸਤਿਗੁਰ

ਕੇ ਅਸਥਾਨ।" ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਤੁਅੱਸਬ ਦੀ ਅੱਗ ਨੂੰ ਬੁਝਾਉਣ ਲਈ ਜਿੱਥੇ 9 ਸਾਲ ਦੀ ਉਮਰ ਵਿੱਚ ਚੱਕ ਨਾਨਕੀ ਤੋਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤ ਦੇਣ ਲਈ ਆਪਣੇ ਹੱਥੀਂ ਦਿੱਲੀ ਵੱਲ ਤੋਰਿਆ ਸੀ, ਇਸ ਦੇ ਨਾਲ ਹੀ ਉਨ੍ਹਾਂ ਨੇ ਜਬਰ-ਜ਼ੁਲਮ ਦੀ ਅੱਗ ਵਿੱਚ ਸੜ ਰਹੀ ਲੋਕਾਈ ਨੂੰ ਧਰਮ ਤੇ ਧੀਰਜ ਦੀ ਠੰਢੀ ਛਾਂ ਦੇਣ ਲਈ ਚੱਕ ਨਾਨਕੀ ਨੂੰ ਆਨੰਦਪੁਰ ਬਣਾ ਦਿੱਤਾ।

ਆਨੰਦਪੁਰ ਸਾਹਿਬ ਦੀ ਭੂਗੋਲਿਕ ਤੇ ਅਧਿਆਤਮਕ ਸੰਦਰਭ 'ਚ ਅਗੰਮੀ ਮਹਿਮਾ ਦਾ ਵਰਨਣ ਕਰਦਿਆਂ ਦਰਬਾਰੀ ਕਵੀ ਹੰਸ ਰਾਮ ਦੇ ਪੋਤਰੇ ਹਿੰਦੀ ਦੇ ਪ੍ਰਸਿੱਧ ਕਵੀ ਚੰਦਰ ਸ਼ੇਖਰ ਬਾਜਪਾਈ ਲਿਖਦੇ ਹਨ, 'ਆਨੰਦਪੁਰ, ਆਨੰਦ ਦੀ ਜੜ੍ਹ, ਆਨੰਦ ਦਾ ਸ਼ਹਿਰ। ਜਿੱਥੇ ਚਾਰ ਵਰਣ, ਚਾਰ ਆਸ਼ਰਮ ਹੀ ਆਨੰਦ ਪਾਉਂਦੇ ਹਨ।" ਆਨੰਦਪੁਰ ਸਾਹਿਬ ਅਧਿਆਤਮਕ ਦੇ ਨਾਲ ਨਾਲ ਰਾਜਨੀਤਕ ਤੌਰ 'ਤੇ ਵੀ ਦੇਸ਼ ਦੀ ਤਕਦੀਰ ਬਦਲਣ ਵਾਲਾ ਸਿਧਾਂਤ ਬਣ ਕੇ ਦੁਨੀਆਂ ਦੇ ਨਕਸ਼ੇ 'ਤੇ ਆਇਆ। ਇਤਿਹਾਸਕਾਰ ਆਰਚਰ ਲਿਖਦਾ ਹੈ, "ਆਨੰਦਪੁਰ ਵਸਾਉਣਾ ਇੱਕ 'ਲੰਮੀ ਨਦਰ' ਦਾ ਰਾਜਨੀਤਕ ਕਰਮ ਵੀ ਸੀ।" ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿੱਚ ਜਬਰ-ਜ਼ੁਲਮ ਖ਼ਿਲਾਫ਼ ਸੱਚ ਦੀ ਜੰਗ ਦੌਰਾਨ ਪੰਜ ਕਿਲੇ ਬਣਾਏ। ਇਹ ਕਿਲੇ ਆਨੰਦਪੁਰ ਸਾਹਿਬ ਦੀ ਦੁਸ਼ਮਣ ਦੇ ਹਮਲਿਆਂ ਤੋਂ ਰੱਖਿਆ ਕਰਦੇ ਸਨ। ਆਤਮਿਕ ਦ੍ਰਿਸ਼ਟੀ ਤੋਂ ਵੀ ਇਨ੍ਹਾਂ ਦੀ ਅਹਿਮੀਅਤ ਘੱਟ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਨੂੰ ਕੇਂਦਰ ਵਿੱਚ ਰੱਖ ਕੇ ਇਸ ਦੇ ਆਲੇ-ਦੁਆਲੇ ਪੰਜ ਕਿਲੇ ਉਸਾਰੇ। ਕੇਸਗੜ੍ਹ ਦੇ ਅਸਥਾਨ 'ਤੇ ਹੀ ਉੱਚੀ ਪਹਾੜੀ ਉੱਤੇ ਤੰਬੂ ਲਾ ਕੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਦਸਮ ਪਿਤਾ ਨੇ ਜਬਰ-ਜ਼ੁਲਮ ਦੇ ਨਾਸ਼ ਲਈ ਜਾਤ-ਪਾਤ, ਵਰਣ-ਵੰਡ ਦਾ ਭੇਦ ਮਿਟਾਉਣ ਹਿੱਤ ਦੁਨੀਆਂ ਦੇ ਇਤਿਹਾਸ 'ਚ ਅਦੁੱਤੀ ਕੌਤਕ ਵਰਤਾਉਂਦਿਆਂ ਪੰਜ ਪਿਆਰਿਆਂ ਦੀ ਚੋਣ ਕਰ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਸਨਮਾਨ ਲਈ ਇਹ ਦੁਨੀਆਂ ਦਾ ਸਭ ਤੋਂ ਅਹਿਮ ਅਤੇ ਵੱਡਾ ਇਨਕਲਾਬ ਸੀ। ਪੰਡਿਤ ਤਾਰਾ ਸਿੰਘ ਨਰੋਤਮ ਇਸ ਜਗ੍ਹਾ ਦਾ ਨਾਂ ਕੇਸਗੜ੍ਹ ਰੱਖੇ ਜਾਣ ਦਾ ਕਾਰਨ ਲਿਖਦੇ ਹਨ, 'ਇੱਥੇ ਗੁਰੂ ਸਾਹਿਬ ਨੇ ਕੇਸਾਂ ਵਿੱਚ ਅੰਮ੍ਰਿਤ ਦੇ ਛਿੱਟੇ ਮਾਰੇ ਸਨ, ਇਸ ਕਰਕੇ ਇਸ ਨੂੰ ਕੇਸਗੜ੍ਹ ਆਖਦੇ ਹਨ।' ਭਾਈ ਨੰਦ ਲਾਲ ਜੀ ਮੁਤਾਬਕ: 'ਇਹ ਸਿੱਖ ਫ਼ਲਸਫ਼ੇ ਦਾ ਮੂਲ ਕੇਂਦਰ ਹੈ, ਇਸ ਕਰਕੇ ਇਸ ਨੂੰ ਕੇਸਗੜ੍ਹ ਆਖਿਆ ਜਾਂਦਾ ਹੈ।"

'ਕੇਸ' ਸ਼ਬਦ ਫ਼ਾਰਸੀ ਵਿੱਚ ਰੱਬੀ ਅਸੂਲ, ਅਕਾਲ ਦੀ ਪ੍ਰਭੁਸੱਤਾ ਲਈ ਵਰਤਿਆ ਜਾਂਦਾ ਹੈ। ਕੇਸਗੜ੍ਹ ਦਾ ਭਾਵ ਹੈ, ਕੇਸਾਂ ਨੂੰ ਸੁਰੱਖਿਅਤ ਰੱਖਣ ਵਾਲਾ ਕਿਲ੍ਹਾ। ਕੇਸਗੜ੍ਹ 'ਚ ਖ਼ਾਲਸੇ ਦਾ ਫ਼ਲਸਫ਼ਾ ਮਹਿਫ਼ੂਜ਼ ਕੀਤਾ ਗਿਆ। 'ਖੰਡੇ ਦੀ ਪਾਹੁਲ' ਉਸ ਹਿਫ਼ਾਜ਼ਤ

ਦੀ ਗਾਰੰਟੀ ਹੈ। ਕੇਸਗੜ੍ਹ ਸਾਹਿਬ ਦੀ ਤਾਮੀਰ 1699 ਈਸਵੀ ਵਿੱਚ ਹੋਈ ਸੀ। ਇਸ ਤੋਂ ਪਹਿਲਾਂ ਇਸ ਦੀਆਂ ਉੱਚੀਆਂ ਪਹਾੜੀਆਂ 'ਤੇ ਦੀਵਾਨ ਸਜਦੇ ਸਨ। ਆਨੰਦਪੁਰ ਸਾਹਿਬ ਉੱਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਵੱਲੋਂ ਜਿੰਨੇ ਵੀ ਹਮਲੇ ਕੀਤੇ ਗਏ, ਉਨ੍ਹਾਂ ਵਿੱਚ ਬਾਕੀ ਦੇ ਪੰਜ ਕਿਲਿਆਂ ਤੱਕ ਦਾ ਦੁਸ਼ਮਣ ਫ਼ੌਜਾਂ ਪਹੁੰਚ ਜਾਂਦੀਆਂ ਰਹੀਆਂ, ਪਰ ਕੇਸਗੜ੍ਹ ਸਾਹਿਬ ਤੱਕ ਦੁਸ਼ਮਣ ਦਾ ਪੁੱਜਣਾ ਅਸੰਭਵ ਸੀ। ਇਸ ਤੋਂ ਪਹਿਲਾਂ ਆਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਤਾਰਾਗੜ੍ਹ ਅਤੇ ਫ਼ਤਹਿਗੜ੍ਹ ਨੂੰ ਸਰ ਕਰਨਾ ਜ਼ਰੂਰੀ ਸੀ। ਜਿੰਨੀ ਦੇਰ ਕਲਗੀਧਰ, ਆਨੰਦਪੁਰ ਸਾਹਿਬ ਦੀ ਧਰਤੀ 'ਤੇ ਰਹੇ, ਓਨੀ ਦੇਰ ਅਜਿਹਾ ਮੌਕਾ ਕਦੇ ਨਹੀਂ ਆਇਆ ਕਿ ਦੁਸ਼ਮਣ ਫ਼ੌਜ ਪੰਜ ਕਿਲ੍ਹੇ ਸਰ ਕਰ ਸਕਦੀ ਤੇ ਫਿਰ ਕੇਸਗੜ੍ਹ ਤਕ ਪਹੁੰਚਦੀ। ਦਸਮ ਪਾਤਸ਼ਾਹ ਵੱਲੋਂ ਦਸੰਬਰ 1705 ਵਿੱਚ ਆਨੰਦਪੁਰ ਨੂੰ ਛੱਡ ਕੇ ਚਲੇ ਜਾਣ ਤੋਂ ਬਾਅਦ ਹੀ ਕੇਸਗੜ੍ਹ ਤੱਕ ਪਹਾੜੀ ਫ਼ੌਜਾਂ ਪਹੁੰਚੀਆਂ।

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿੱਚ ਸਭ ਤੋਂ ਪਹਿਲਾਂ ਕਿਲਾ ਆਨੰਦਪੁਰ ਸਾਹਿਬ ਹੀ ਉਸਾਰਿਆਂ ਸੀ। ਇਹ ਅਪਰੈਲ 1689 ਵਿੱਚ ਬਣਨਾ ਸ਼ੁਰੂ ਹੋਇਆ ਸੀ। ਇਹ ਕਿਲ੍ਹਾ ਸਭ ਤੋਂ ਮਜ਼ਬੂਤ ਅਤੇ ਉੱਚਾ ਮੰਨਿਆ ਜਾਂਦਾ ਸੀ, ਜਿਹੜਾ ਸ਼ਹਿਰ ਤੋਂ ਦੱਖਣ ਵੱਲ ਅੱਧ ਕੁ ਮੀਲ ਪਹਾੜੀ ਨੂੰ ਕੱਟ ਕੇ 150 ਫੁੱਟ ਦੇ ਕਰੀਬ ਉਚਾਈ 'ਤੇ ਬਣਾਇਆ ਗਿਆ ਸੀ। ਆਨੰਦਪੁਰ 'ਤੇ ਫ਼ਤਹਿ ਪਾਉਣ ਲਈ ਮੁਗਲਾਂ ਅਤੇ ਪਹਾੜੀ ਰਾਜਿਆਂ ਦਾ ਸਭ ਤੋਂ ਵੱਧ ਜ਼ੋਰ ਇਸ ਕਿਲੇ ਨੂੰ ਕਬਜ਼ੇ ਵਿੱਚ ਲੈਣ 'ਤੇ ਹੀ ਲੱਗਾ ਰਿਹਾ। ਪੰਜ ਕਿਲ੍ਹਿਆਂ ਦਾ ਫ਼ਲਸਫ਼ਾ ਦੱਸਦਾ ਹੈ ਕਿ ਕਿਸੇ ਸਿੱਖ ਨੂੰ ਜਿੱਤਣ (ਉਸ ਦੀ ਆਤਮਕ ਅਡੋਲਤਾ ਤੇ ਸਰੀਰਕ ਨਿਰਮੋਹਤਾ ਨੂੰ ਖ਼ਤਮ ਕਰਨ) ਤੋਂ ਪਹਿਲਾਂ ਵੈਰੀ ਨੂੰ ਉਸ ਦੇ ਪੰਜ ਗੁਣ ਮੁਕਾਉਣੇ ਪੈਣਗੇ, ਜਿਹੜੇ ਪ੍ਰਤੀਕ ਰੂਪ ਵਿੱਚ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੰਜ ਕੱਕਿਆਂ ਵਜੋਂ ਦਿੱਤੇ ਹਨ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਵਾਏ ਪੰਜ ਕਿਲ੍ਹਿਆਂ ਵਿੱਚੋਂ ਕਿਲ੍ਹਾ ਲੋਹਗੜ੍ਹ ਖ਼ਾਸ ਅਹਿਮੀਅਤ ਰੱਖਦਾ ਸੀ। ਇਹ ਕਿਲ੍ਹਾ ਸਤਲੁਜ ਦਰਿਆ ਦੇ ਕੰਢੇ 'ਤੇ ਸੀ। ਕਿਲ੍ਹਾ ਆਨੰਦਗੜ੍ਹ ਤੋਂ ਬਾਅਦ ਸਭ ਤੋਂ ਸੁਰੱਖਿਅਤ ਤੇ ਮਜ਼ਬੂਤ ਇਹ ਦੂਜਾ ਕਿਲ੍ਹਾ ਸੀ। ਇੱਥੇ ਹੀ ਸਿੱਖ ਫ਼ੌਜਾਂ ਦਾ ਹਥਿਆਰ ਬਣਾਉਣ ਦਾ ਕਾਰਖਾਨਾ ਲੱਗਾ ਹੋਇਆ ਸੀ। ਇਸ ਕਿਲ੍ਹੇ ਦਾ ਦਰਵਾਜ਼ਾ ਬਹੁਤ ਮਜ਼ਬੂਤ ਸੀ, ਜਿਸ ਨੂੰ ਤੋੜਨਾ ਦੁਸ਼ਮਣ ਫ਼ੌਜਾਂ ਲਈ ਵੱਡੀ ਚੁਣੌਤੀ ਸੀ। ਇਸੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਪਹਾੜੀ ਫ਼ੌਜਾਂ ਨੇ ਸ਼ਰਾਬ ਪਿਲਾ ਕੇ ਇੱਕ ਮਸਤ ਹਾਥੀ ਨੂੰ ਭੇਜਿਆ ਸੀ, ਜਿਸ ਨੂੰ ਭਾਈ ਬਚਿੱਤਰ ਸਿੰਘ ਨੇ ਨਾਗਣੀ ਬਰਛਾ ਮਾਰ ਕੇ ਮੋੜਿਆ ਸੀ। ਇਹ ਕਿਲ੍ਹਾ ਸਿੱਖ ਫ਼ਲਸਫੇ ਨੂੰ ਰੂਪਮਾਨ ਕਰਦਾ ਹੈ ਕਿ ਆਪਣੇ ਅਨੰਦਗੜ੍ਹ ਨੂੰ ਕਾਇਮ ਰੱਖਣ ਅਤੇ ਕੇਸਗੜ੍ਹ ਦੀ ਪ੍ਰਭੁਸੱਤਾ ਤੱਕ ਦੁਸ਼ਮਣ ਫ਼ੌਜ ਨੂੰ ਪਹੁੰਚਣ ਤੋਂ ਰੋਕਣ ਲਈ ਸਿੱਖ ਨੇ 'ਸਰਬ ਲੋਹ ਦੀ ਰਛਿਆ' ਦਾ ਭਰੋਸਾ ਨਹੀਂ ਛੱਡਣਾ। ਸਿੱਖ ਨੇ ਸਰਬਲੋਹ ਨੂੰ 'ਅਕਾਲ' ਦਾ ਪ੍ਰਤੀਕ ਸਮਝ ਕੇ ਅੰਗ-ਸੰਗ ਰੱਖਣਾ ਹੈ।

ਤੀਜੇ ਕਿਲ੍ਹੇ ਹੋਲਗੜ੍ਹ ਦਾ ਫ਼ਲਸਫ਼ਾ ਸਦਾ ਕਿਰਿਆਸ਼ੀਲ ਰਹਿਣ ਦਾ ਸੁਨੇਹਾ ਦਿੰਦਾ ਹੈ। 'ਹੋਲ' ਮੂਲ ਰੂਪ ਵਿੱਚ 'ਹੂਲ' ਸ਼ਬਦ ਤੋਂ ਬਣਿਆ ਹੈ ਜਿਸ ਦਾ ਭਾਵ ਹੈ ਨੇਕ ਅਤੇ ਭਲੇ ਕੰਮ ਲਈ ਜੂਝਣਾ, ਜਾਨ ਤਲੀ 'ਤੇ ਰੱਖਣਾ, ਤਲਵਾਰ ਦੀ ਧਾਰ 'ਤੇ ਚੱਲਣਾ ਆਦਿ। ਸਿੱਖ ਨੇ ਜਿੱਥੇ ਰਾਜਨੀਤਕ ਤੌਰ 'ਤੇ ਸੁਚੇਤ ਹੋ ਕੇ ਜਬਰ-ਜ਼ੁਲਮ ਖਿਲਾਫ਼ ਜੰਗ ਲੜਨੀ ਹੈ, ਉੱਥੇ ਆਤਮਿਕ ਤੌਰ 'ਤੇ ਵੀ ਆਨੰਦ ਦੀ ਸਦੀਵੀ ਅਵਸਥਾ ਵਿੱਚ ਬਣੇ ਰਹਿਣ ਲਈ ਬੇਲੋੜੇ ਦੁਨਿਆਵੀ ਪਦਾਰਥਾਂ ਦੇ ਸੁਆਦਾਂ ਤੋਂ ਬਚਣਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਗੜ੍ਹ ਦੇ ਸਥਾਨ ਤੋਂ 'ਹੋਲੇ' ਦੀ ਰੀਤ ਆਰੰਭ ਕੀਤੀ।

ਚੌਥਾ ਕਿਲ੍ਹਾ ਫ਼ਤਹਿਗੜ੍ਹ ਸਾਹਿਬ ਆਸ਼ਾਵਾਦੀ ਅਤੇ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦਾ ਹੈ। ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਨਾਲ ਸਹੋਟਾ ਪਿੰਡ ਦੀ ਹੱਦਬੰਦੀ ਅੰਦਰ ਚਰਨ ਗੰਗਾ ਨਦੀ ਦੇ ਇੱਕ ਕਿਨਾਰੇ ਇਹ ਕਿਲ੍ਹਾ ਤਾਮੀਰ ਹੋ ਰਿਹਾ ਸੀ ਤਾਂ ਉਸ ਵੇਲੇ ਗੁਰੂ ਮਹਿਲਾਂ ਵਿਖੇ ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ ਹੋਇਆ, ਜਿਸ ਕਰਕੇ ਇਸ ਕਿਲ੍ਹੇ ਦਾ ਨਾਂ ਫ਼ਤਹਿਗੜ੍ਹ ਰੱਖਿਆ ਗਿਆ। ਉਂਜ ਸਿੱਖ ਫ਼ਲਸਫ਼ੇ ਦੀ ਅਗੰਮੀ ਸਥਿਰਤਾ ਤੇ ਬੁਲੰਦੀ 'ਫ਼ਤਹਿ' ਵਿੱਚ ਹੀ ਹੈ।

ਪੰਜਵਾਂ ਕਿਲ੍ਹਾ ਆਨੰਦਪੁਰ ਸਾਹਿਬ ਤੋਂ ਤਕਰੀਬਨ 5 ਕਿਲੋਮੀਟਰ ਦੂਰ ਤਾਰਾਗੜ੍ਹ ਵੀ ਸਿੱਖ ਨੂੰ ਭਗਤੀ-ਸ਼ਕਤੀ ਦੇ ਸੁਮੇਲ ਦੀ ਜਾਚ ਸਿੱਖਣ ਦਾ ਫ਼ਲਸਫ਼ਾ ਦਿੰਦਾ ਹੈ। ਇਸ ਕਿਲ੍ਹੇ ਦਾ ਨਿਰਮਾਣ ਗੁਰੂ ਗੋਬਿੰਦ ਸਿੰਘ ਜੀ ਨੇ ਬਿਲਾਸਪੁਰ ਰਿਆਸਤ ਵਾਲੇ ਪਾਸੇ ਤੋਂ ਹੋਣ ਵਾਲੇ ਹਮਲਿਆਂ ਨੂੰ ਰੋਕਣ ਲਈ ਕੀਤਾ ਸੀ। ਇਸ ਕਿਲ੍ਹੇ ਵਿੱਚ ਅਨੇਕਾਂ ਆਤਮ ਜਗਿਆਸੂ ਬ੍ਰਹਮ ਅਵਸਥਾ ਵਿੱਚ ਲੀਨ ਰਹਿੰਦੇ ਸਨ। ਇਹ ਕਿਲ੍ਹਾ ਸਿੱਖ ਨੂੰ ਸੰਤ-ਸਿਪਾਹੀ ਬਣਨ ਦਾ ਸੰਕਲਪ ਵੀ ਦਿੰਦਾ ਹੈ। ਧੰਨ ਪੁਆਧ ਦੀ ਧਰਤੀ ਜਿੱਥੇ ਇਨ੍ਹਾਂ ਕਿਲ੍ਹਿਆਂ ਦੀ ਉਸਾਰੀ ਹੋਈ।

# 13 ਪੁਆਧ ਦੀ ਹਿੱਕ 'ਤੇ ਉੱਕਰੀ ਸੱਤ ਰਾਤਾਂ ਦੀ ਦਾਸਤਾਨ

*ਸ਼ਮਸ਼ੇਰ ਸਿੰਘ ਡੂਮੇਵਾਲ*
*ਮੋ: 98723-31999*

ਜਦੋਂ ਕਦੇ ਪੁਆਧ ਦੇ ਖਿੱਤੇ ਅੰਦਰ ਦਸਮੇਸ਼ ਪਿਤਾ ਦੀ ਜਗੀਰ 'ਤੇ ਡਾਕਾ ਮਾਰਨ ਵਾਲੀਆਂ ਪੋਹ ਦੀਆਂ ਸੱਤ ਕਕਰੀਲੀਆਂ ਤੇ ਲਹੂ ਨੁਚੜਦੀਆਂ ਰਾਤਾਂ ਦਾ ਜ਼ਿਕਰ ਛਿੜਦਾ ਹੈ ਤਾਂ ਤਵਾਰੀਖ ਦਾ ਇਹ ਬੇਦਰਦ ਤੇ ਸੰਗੀਨ ਪੱਖ ਮਾਨਵਤਾ ਨੂੰ ਸ਼ਾਹਰਗ ਤੱਕ ਜ਼ਖ਼ਮੀ ਕਰ ਸੁੱਟਦਾ ਹੈ। ਐਨ ਉਦੋਂ ਜਦੋਂ ਨੀਲੇ ਸ਼ਾਹ ਅਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਦੀ ਆਗੰਮੀ ਰਜ਼ਾ ਨੂੰ ਸਜ਼ਦਾ ਕਰਦਿਆਂ ਛੇ-ਸੱਤ ਪੋਹ ਦੀ ਦਰਮਿਆਨੀ ਰਾਤ ਦੇ ਆਲਮ ਵਿੱਚ ਕਿਲ੍ਹਾ ਆਨੰਦਗੜ੍ਹ ਨੂੰ ਆਖਰੀ ਫਤਹਿ ਬੁਲਾ ਕੇ ਮਾਲਵੇ ਵੱਲ ਨੂੰ ਤੁਰ ਪਏ। ਜ਼ਿੰਦਗੀ ਦੀ ਅਜ਼ੀਮ ਤੇ ਕਠਿਨ ਪ੍ਰੀਖਿਆ ਭਵਿੱਖ ਦੀਆਂ ਸੱਤ ਰਾਤਾਂ ਦੇ ਰੂਪ ਵਿੱਚ ਆਦਮਖੋਰ ਡੈਣ ਵਾਂਗੂੰ ਬਾਹਾਂ ਉਲਾਰ ਖੜ੍ਹੀ ਸੀ। ਗੁਰੂ ਤੇ ਗੁਰੂਕਿਆਂ ਲਈ ਇਸ ਤੋਂ ਪਹਿਲਾਂ ਬੀਤੀਆਂ ਰਾਤਾਂ ਵੀ ਡਾਹਢੀਆਂ ਜ਼ੋਖ਼ਮਗ੍ਰਸਤ ਹੋ ਨਿੱਬੜੀਆਂ ਸਨ। ਭੁੱਖ, ਪਿਆਸ ਤੇ ਕੜਾਕੇਦਾਰ ਸਰਦੀ ਦਾ ਆਲਮ ਜਿੱਥੇ ਜਿਸਮਾਨੀ ਕਹਿਰ ਵਰਸਾ ਰਿਹਾ ਸੀ, ਉੱਥੇ ਵਫ਼ਾਦਾਰੀ ਵੱਟੇ ਮਿਲੀ ਗ਼ਦਾਰੀ ਰੂਹਾਨੀ ਫੱਟ ਬਣ ਕੇ ਰਿਸ ਰਹੀ ਸੀ ਪਰ ਇਸ ਦੇ ਬਾਵਜੂਦ ਮੁਗਲ ਸਲਤਨਤ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੇ ਮੌਕਾਪ੍ਰਸਤ ਗਠਜੋੜ ਨਾਲ ਜ਼ਿੰਦਾਦਿਲੀ, ਸਿਦਕ ਤੇ ਸਿਰੜ ਦੀ ਜੰਗ ਲੜਨ ਲਈ ਸਿੰਘਾਂ ਦੇ ਡੌਲੇ ਫਰਕ ਰਹੇ ਸਨ। ਜਦੋਂ ਗੁਰੂ ਜੀ ਤੋਂ ਕਿਲ੍ਹਾ ਛੁਡਵਾਉਣ ਖ਼ਾਤਰ ਇਸ ਗਠਜੋੜ ਦੀ ਸਾਜ਼ਿਸ਼ ਕੁਰਾਨ-ਏ-ਪਾਕ ਤੇ ਮੁਕੱਦਸ ਗੀਤਾ ਦੀਆਂ ਕਸਮਾਂ ਤੱਕ ਆ ਪਹੁੰਚੀ ਤਾਂ ਗੁਰੂ ਜੀ ਨੇ ਮਾਤਾ ਗੁਜਰੀ ਜੀ ਦੀਆਂ ਨਸੀਹਤਾਂ ਤੇ ਨੀਤੀਵਾਨ ਸਿੰਘਾਂ ਦੀ ਰਾਇ ਵਿਚਾਰਨ ਉਪਰੰਤ ਕਿਲ੍ਹਾ ਛੱਡਣ ਦਾ ਫ਼ੈਸਲਾ ਤਸਦੀਕ ਕਰ ਦਿੱਤਾ।

ਜ਼ਿੰਦਾਦਿਲੀ, ਵਤਨਪ੍ਰਸਤੀ ਤੇ ਈਮਾਨਪ੍ਰਸਤੀ ਦੇ ਕਾਫ਼ਲੇ ਨਾਲ ਗੁਰੂ ਜੀ ਅਜੇ ਬਹੁਤੀ ਦੂਰ ਨਹੀਂ ਸੀ ਪਹੁੰਚੇ ਕਿ ਕੂੜ, ਫਰੇਬ, ਛੱਲ ਤੇ ਕੱਟੜਪ੍ਰਸਤੀ ਦੀ ਭਰੀ ਗਾਗਰ ਚੌਰਾਹੇ ਭੁੱਟ ਗਈ। ਬੇਅਸੂਲਾ ਗਠਜੋੜ ਸਵੈ-ਸਿਰਜਿਆਂ ਕੁਰਾਨ-ਏ-ਪਾਕ ਤੇ ਗੀਤਾ ਦੀਆਂ ਕਸਮਾਂ ਨੂੰ ਸਿਰੋਂ ਕਲਮ ਕਰ ਕੇ ਤੇ ਕਮੀਨਗੀ ਦੀ ਹੱਦ ਤੋੜ ਕੇ ਗੁਰੂ ਜੀ ਦੇ ਕਾਫ਼ਲੇ 'ਤੇ ਟੁੱਟ ਪਿਆ। ਵਿਸ਼ਵਾਸਘਾਤ ਦੀ ਹਨੇਰੀ ਝੁੱਲੀ ਪਰ ਪੰਥ ਦੇ ਪਿਤਾ ਦਾ ਉੱਚਾ-ਸੁੱਚਾ ਵਿਸ਼ਵਾਸ ਉਸ ਪਿਤਾ ਨਾਲ ਜੁੜਿਆ ਸੀ, ਜਿਸ ਨੇ ਉਸ ਨੂੰ ਕਦੇ ਆਪਣਾ ਸੁੱਤ (ਸਪੂਤ) ਕਹਿ ਕੇ ਨਿਵਾਜਿਆ ਸੀ। ਦੁਸ਼ਟਾਂ ਦਾ ਨਾਸ਼ ਕਰਨ ਤੇ ਸੱਚ 'ਤੇ ਪਹਿਰਾ ਦੇਣ ਲਈ ਡਿਊਟੀ ਪਾਬੰਦ ਕੀਤੀ ਸੀ। ਇੱਥੇ ਹੀ ਦੁਸ਼ਟ ਦਮਨ ਪਾਤਸ਼ਾਹ ਦਾ

ਉਹ ਤਜਰਬਾ ਵੀ ਪੱਥਰ 'ਤੇ ਲਕੀਰ ਸਾਬਤ ਹੋ ਗਿਆ ਜੋ ਉਨ੍ਹਾਂ ਚੰਦ ਕੁ ਦਿਨ ਪਹਿਲਾਂ ਕਿਲ੍ਹਾ ਛੱਡਣ ਦਾ ਫਰਜ਼ੀ ਪ੍ਰਪੰਚ ਰਚ ਕੇ ਕੀਤਾ ਸੀ।

ਕਾਲੀਆਂ ਰਾਤਾਂ ਵਿੱਚ ਮੌਸਮੀ ਤੇ ਜੰਗਜੂ ਪ੍ਰਸਥਿਤੀਆਂ ਨੂੰ ਘੋੜਿਆਂ ਦੇ ਪੌੜਾਂ ਹੇਠ ਲਿਤਾੜ ਕੇ ਸਰਸਾ ਨਦੀ ਕਿਨਾਰੇ ਅੱਪੜੇ ਸਿੰਘਾਂ ਨੇ ਨਾ ਸਿਰਫ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਏ, ਬਲਕਿ ਧੋਖਾਧੜੀ ਦੀ ਗ੍ਰਿਫ਼ਤ ਵਿੱਚ ਜਕੜੇ ਇਸਲਾਮ ਦੇ ਅਖੌਤੀ ਠੇ[illegible] ਦੇ ਲਹੂ ਦੀਆਂ ਤੇਗਾਂ ਦੀਆਂ ਬੁੱਲ੍ਹੀਆਂ ਨੂੰ ਕਦੇ ਨਾ ਲੱਥਣ ਵਾਲੀ ਸੁਰਖੀ [illegible] ਕੇ ਸੂਰਮਗਤੀ ਦੀ ਮਿਸਾਲ ਪੈਦਾ ਕੀਤੀ। ਅਫਸੋਸ! ਅਨੇਕਾਂ ਜਾਂਬਾਜ਼ ਯੋਧਿਆਂ ਨਾਲ ਸਰਸਾ ਦੀਆਂ ਛੱਲਾਂ ਕਲਗੀਧਰ ਦੀ ਕਲਮ 'ਚੋਂ ਉਪਜੀ ਉਸ ਆਲਮੀ ਲੋਅ ਨੂੰ ਵੀ ਖਾਮੋਸ਼ ਕਰ ਗਈਆਂ, ਜਿਸ ਨੇ ਸਦੀਵ ਕਾਲ ਲਈ ਨਸਲਾਂ ਦੇ ਰਾਹ ਰੁਸ਼ਨਾਉਣੇ ਸਨ। ਸਰਸਾ ਦੇ ਰੋੜ੍ਹ ਵਿੱਚ ਗੁਆਚੇ ਗੁਰੂ ਜੀ ਦੇ ਰਚਿਤ ਸਾਹਿਤ ਅਤੇ ਪੁਰਾਤਨ ਗ੍ਰੰਥਾਂ ਜਾਂ ਹੋਰ ਦਸਤਾਵੇਜ਼ਾਂ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ।

ਸਰਸਾ ਕਿਨਾਰੇ ਹੋਏ ਘਮਾਸਾਨ ਯੁੱਧ 'ਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਤਕਸੀਮ ਹੋ ਗਿਆ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਣੇ ਸਰਸਾ ਦੇ ਕਿਨਾਰੇ ਤੁਰੇ ਜਾਂਦੇ ਅੰਤ ਗੰਗੂ ਦੇ ਪਿੰਡ ਸਹੇੜੀ ਪੁੱਜ ਗਏ। ਗੁਰੂ ਕੇ ਮਹਿਲ ਭਾਈ ਮਨੀ ਸਿੰਘ ਨਾਲ ਦਿੱਲੀ ਵੱਲ ਰਵਾਨਾ ਹੋ ਗਏ। ਜਦਕਿ ਗੁਰੂ ਸਾਹਿਬ ਖੁਦ ਵੱਡੇ ਸਾਹਿਬਜ਼ਾਦਿਆਂ ਤੇ ਗਿਣਤੀ ਦੇ ਸਿੰਘਾਂ ਸਣੇ ਰੋਪੜ ਵੱਲ ਹੋ ਤੁਰੇ। ਕਵੀ ਨੇ ਲਿਖਿਆ–

ਸਰਸਾ ਕੰਢੇ ਘਮਸਾਨ ਦਾ ਯੁੱਧ ਹੋਇਐ, ਕਲਗੀ ਕਿਸੇ ਪਾਸੇ ਤੋੜਾ ਕਿਸੇ ਪਾਸੇ।<br>
ਭੇਟਾ ਨਦੀ ਦੇ ਕੀਮਤੀ ਗ੍ਰੰਥ ਹੋ ਗਏ, ਬਾਜ ਕਿਸੇ ਪਾਸੇ ਘੋੜਾ ਕਿਸੇ ਪਾਸੇ।<br>
ਜਿਹੜਾ ਚਾਵਾਂ ਨਾਲ ਮਹਿਲ ਉਸਾਰਿਆ ਸੀ, ਇੱਟ ਕਿਸੇ ਪਾਸੇ ਰੋੜਾ ਕਿਸੇ ਪਾਸੇ।<br>
ਕੰਵਲ ਚੰਨ ਤੇ ਸੂਰਜ ਜਹੇ ਪੁੱਤਰਾਂ ਦਾ, ਜੋੜਾ ਕਿਸੇ ਪਾਸੇ, ਜੋੜਾ ਕਿਸੇ ਪਾਸੇ।

ਰੋਪੜ ਦੀ ਧਰਤੀ 'ਤੇ ਨੀਲੇ ਦੇ ਪੌੜਾਂ ਨਾਲ ਤਪਦਾ ਭੱਠਾ ਸੀਤ ਕਰਨ ਦਾ ਆਲੌਕਿਕ ਜਲਵਾ ਵਿਖਾਉਣ ਤੋਂ ਬਾਅਦ ਨਿਹੰਗ ਖਾਨ ਨੇ ਗੁਰੂ ਜੀ ਨਾਲ ਰੂਹਾਨੀ ਵਫ਼ਾ ਨਿਭਾਉਂਦਿਆਂ ਅੱਲਾ ਦਾ ਸੱਚਾ-ਸੁੱਚਾ ਤੇ ਹਕੀਕੀ ਇਸਲਾਮਪ੍ਰਸਤ ਹੋਣ ਦਾ ਸਬੂਤ ਦਿੱਤਾ। ਉਪਰੰਤ ਗੁਰੂ ਜੀ ਨੇ 22 ਦਸੰਬਰ ਨੂੰ ਸਵੇਰੇ ਵੱਡੇ ਸਾਹਿਬਜ਼ਾਦਿਆਂ ਤੇ 40 ਸਿੰਘਾਂ ਨਾਲ ਚੌਧਰੀ ਬੁਧੀ ਚੰਦ ਦੀ ਕੱਚੀ ਗੜ੍ਹੀ 'ਚ ਜਾ ਮੋਰਚੇ ਲਾਏ। ਗੜ੍ਹੀ ਦੀਆਂ ਕੰਧਾਂ ਕੱਚੀਆਂ ਸਨ ਪਰ ਸਿੰਘਾਂ ਦੇ ਇਰਾਦੇ ਮਜ਼ਬੂਤ। ਗਿਣਤੀ ਨਾਮਾਤਰ ਸੀ ਪਰ ਸਮਰੱਥਾ ਤੇ ਸੰਕਲਪ ਲੱਖਾਂ ਦਾ ਮੁਕਾਬਲਾ ਕਰਨ ਲਈ ਤਤਪਰ ਸੀ। ਸਿੰਘਾਂ ਦੇ ਚਟਾਨ ਵਰਗੇ ਫੌਲਾਦ ਇਰਾਦਿਆਂ ਦੀ ਤਰਜਮਾਨੀ ਕਰਦਾ ਸੰਤ ਰਾਮ ਉਦਾਸੀ ਲਿਖਦਾ ਹੈ।

'ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ, ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ
ਟੁਭੀ ਮਾਰ ਕੇ ਸਰਸਾ ਦੇ ਰੋੜ ਵਿੱਚੋਂ, ਲੱਭ ਲਵਾਂਗੇ ਸਾਰੇ ਹੀ ਗੀਤ ਤੇਰੇ।
ਏਸ ਕੱਚੀ ਚਮਕੌਰ ਦੀ ਗੜ੍ਹੀ ਅੱਗੇ, ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ,
ਝੋਰਾ ਕਰੀਂ ਨਾ ਕਿਲ੍ਹੇ ਆਨੰਦਗੜ੍ਹ ਦਾ, ਕੁੱਲੀ-ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਆਖਿਰ ਉਸ ਘੜੀ ਨੇ ਬਰੂਹਾਂ 'ਤੇ ਆ ਦਸਤਕ ਦਿੱਤੀ, ਜਿਸ ਦਾ ਤੀਬਰ ਇੰਤਜ਼ਾਰ ਗੁਰੂ ਜੀ ਨੂੰ ਲੰਮੇ ਸਮੇਂ ਤੋਂ ਸੀ। ਸ਼ਹੀਦ ਪਿਤਾ ਦੇ ਪੁੱਤਰ ਨੇ ਆਪਣੇ ਪੁੱਤਰਾਂ ਨੂੰ ਲਾੜੀ ਮੌਤ ਮਰਨ ਲਈ ਤੋਰਨ ਮੌਕੇ ਸਿਰਾਂ 'ਤੇ ਹੱਥੀਂ ਕਲਗੀਆਂ ਸਜਾਈਆਂ। ਲਹੂ ਵੀਟਵੀਂ ਜੰਗ ਤੋਂ ਬਾਅਦ ਵੀਰਗਤੀ ਪ੍ਰਾਪਤ ਕਰਨ 'ਤੇ ਖੁਸ਼ੀਆਂ ਦੇ ਜੈਕਾਰੇ ਗਜਾ ਕੇ ਚੜ੍ਹਦੀ ਕਲਾ ਦਾ ਸਬੂਤ ਦਿੱਤਾ। ਚਾਰ ਤੀਰਾਂ ਨਾਲ ਚਾਰ ਚਿੱਠੀਆਂ ਬੰਨ੍ਹ ਚਾਰ ਮੁਗਲ ਜਰਨੈਲਾਂ ਨੂੰ ਮੌਲਿਕ ਹਸਤੀ ਦਾ ਅਹਿਸਾਸ ਕਰਵਾਉਂਦਿਆਂ ਮੁਗਲ ਸਲਤਨਤ ਚਾਰੇ ਪਾਵੇ ਹਿਲਾ ਦਿੱਤੇ। ਲੋਕਾਈ ਦੀਆਂ ਚਾਰੇ ਕੂੰਟਾਂ ਗੁਰੂ ਸਤਿਕਾਰ 'ਚ ਝੁਕ ਗਈਆਂ। ਸਿੰਘਾਂ ਨੇ ਗੜ੍ਹੀ ਛੱਡਣ ਦੀ ਨਸੀਹਤ ਦਿੱਤੀ, ਗੁਰੂ ਜੀ ਦੀ ਅਸੂਲਪ੍ਰਸਤੀ ਨੇ ਰੱਦ ਕਰ ਦਿੱਤੀ। ਸਿੰਘਾਂ ਨੇ ਗੜ੍ਹੀ ਛੱਡਣ ਦਾ ਹੁਕਮ ਲਗਾਇਆ, ਗੁਰੂ ਜੀ ਦੇ ਸਿਦਕ ਨੇ ਸੀਸ ਨਿਭਾ ਕੇ ਸਵੀਕਾਰ ਕਰ ਲਿਆ। 'ਸਵਾ ਲਾਖ ਸੇ ਏਕ ਲੜਾਊਂ' ਦਾ ਕਥਨ ਸੱਚ ਸਾਬਤ ਕਰਨ ਉਪਰੰਤ ਭਾਈ ਸੰਗਤ ਜੀ ਦੇ ਸੀਸ ਕਲਗੀ ਸਜਾ ਕੇ 'ਆਪੇ ਗੁਰੂ ਆਪੇ ਚੇਲਾ' ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾ ਦਿੱਤਾ।

ਕਾਲੀ ਬੋਲੀ ਰਾਤ ਦੇ ਆਲਮ ਵਿੱਚ ਜੰਗੀ ਅਖਾੜੇ ਨੂੰ ਤਿੰਨ ਵਾਰੀ ਤਾੜੀ ਮਾਰ, ਜਦੋਂ ਚੁਣੌਤੀ ਦੇ ਕੇ ਨਿਕਲੇ ਤਾਂ ਮੌਤ ਦੇ ਤਾਂਡਵ ਨਾਚ ਦੇ ਨਿਸ਼ਾਨ ਗੁਰੂ ਜੀ ਦੀਆਂ ਅੱਖਾਂ ਸਾਹਵੇਂ ਝੂੰਮਰ ਪਾਉਣ ਲੱਗੇ। ਪੁੱਤਰਾਂ ਦੀਆਂ ਲਹੂ-ਲਬਰੇਜ ਤੇ ਸਿੰਘਾਂ ਦੀਆਂ ਬਿਨਾਂ ਸਿਰੋਂ ਲਾਸ਼ਾਂ ਨੂੰ ਅੱਖੀਂ ਤੱਕਿਆ ਪਰ ਉਹ ਇਹੋ ਆਖਦੇ ਮਾਛੀਵਾੜੇ ਵੱਲ ਹੋ ਤੁਰੇ।

ਮੈਂ ਨਹੀਂ ਹੋਰ ਬਹਾਰਾਂ ਨੂੰ ਸੜਨ ਦਿੱਤਾ,
ਭਾਵੇਂ ਆਪਣੇ ਬਾਗ ਵੀਰਾਨ ਹੋ ਗਏ।
ਹੱਥੀਂ ਛਾਂ ਕੀਤੀ ਲੱਖਾਂ ਪੁੱਤਰਾਂ ਨੂੰ,
ਮੇਰੇ ਚਾਰੇ ਦੇ ਚਾਰੇ ਕੁਰਬਾਨ ਹੋ ਗਏ।

ਦੂਜੇ ਪਾਸੇ ਸਹੇੜੀ ਪਹੁੰਚੇ ਮਾਤਾ ਗੁਜਰੀ ਜੀ ਤੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਨੂੰ ਨਮਕ ਹਰਾਮ ਹੋਏ ਗੰਗੂ ਬ੍ਰਾਹਮਣ ਨੇ 21 ਸਾਲ ਦੇ ਵਫ਼ਾਦਾਰੀਆਂ ਦੇ ਜ਼ਿਹਨ ਵਿੱਚ ਡੂੰਘਾ ਖੰਜਰ ਖੋਭ ਕੇ ਮੁਗਲ ਹਕੂਮਤ ਕੋਲ ਫੜਾ ਦਿੱਤਾ।

ਕੁੱਲ ਹਿੰਦ ਨੂੰ ਸਰ ਕਰਨ ਤੋਂ ਬਾਅਦ ਸਰਹਿੰਦ ਬਣੀ ਧਰਤੀ 'ਤੇ ਮੁਗਲ ਸਲਤਨਤ ਵੱਲੋਂ ਕੱਟੜਤਾ ਦੇ ਚਿੱਟੇ ਦਿਨ ਕੱਢੇ ਜ਼ਨਾਜੇ 'ਤੇ ਸਬਰ ਹੱਥੋਂ ਜਬਰ ਦੀ ਹੋਈ ਕਰਾਰੀ ਹਾਰ ਅੱਜ ਜਿੱਥੇ ਬੇਨਜ਼ੀਰ ਤੇ ਦਿਲ ਕੰਬਾਊ ਤਵਾਰੀਖ ਦਾ ਅਤੁੱਟ ਅੰਗ ਬਣ ਚੁੱਕੇ ਹਨ, ਉਥੇ ਬਾਬਾ ਮੋਤੀ ਰਾਮ ਮਹਿਰਾ ਦਾ ਗੁਰੂਕਿਆਂ ਪ੍ਰਤੀ ਬੇਜੋੜ ਸੁਨੇਹ, ਦੀਵਾਨ ਟੋਡਰ ਮੱਲ ਦਾ ਸਿਦਕ ਤਤਕਾਲੀ ਸਿਆਸੀ ਪੱਖਾਂ ਤੋਂ ਉੱਚੇ ਉੱਠ ਕੇ ਨਵਾਬ ਸ਼ੇਰ ਮੁਹੰਮਦ ਮਾਲੇਰਕੋਟਲਾ ਵੱਲੋਂ ਮਾਰਿਆ ਹਾਅ ਦਾ ਨਾਅਰਾ ਤਮਾਮ ਕੌਮ ਦੇ ਜ਼ਿਹਨ ਵਿੱਚ ਅੱਜ ਪੀੜ ਉਤੇ ਟਕੋਰ ਬਣੇ ਹੋਏ ਹਨ। ਆਨੰਦਗੜ੍ਹ ਸਾਹਿਬ ਤੋਂ ਫਤਹਿਗੜ੍ਹ ਸਾਹਿਬ ਦੇ ਬਿਖੜੇ ਅਤੇ ਜ਼ੋਖ਼ਮਗ੍ਰਸਤ ਪੰਧ ਦੀਆਂ ਇਹੋ ਖ਼ੂਨੀ ਸੱਤ ਰਾਤਾਂ ਸਨ, ਜੋ ਸਦੀਵੀ ਕਾਲ ਲਈ ਕੌਮੀ ਮਾਰਗ ਲਈ ਰਾਹ-ਦਸੇਰਾ ਹੋ ਨਿੱਬੜੀਆਂ।

# ਅਧਿਆਇ ਚੌਥਾ

## ਪੁਆਧ ਦੇ ਮੇਲਿਆਂ ਦੀ ਵੰਨ-ਸਵੰਨਤਾ

### ਪੁਆਧ ਦੇ ਕੁਝ ਪ੍ਰਮੁੱਖ ਮੇਲੇ

1. ਗੌਸਾਈਆਂਲੇ ਦਾ ਮੇਲਾ
2. ਮਾਤਾ ਸੀਤਲਾ ਦਾ ਮੇਲਾ
3. ਸਤੀ ਮਾਤਾ ਦਾ ਮੇਲਾ
4. ਬਿੰਦਰਖ ਦਾ ਮੇਲਾ
5. ਕਪੂਰੀ ਦਾ ਮੇਲਾ
6. ਮੇਲਾ ਮਾਘੀ ਦਾਊਂ
7. ਨਥਾਣੇ ਦੀ ਸਭਾ
8. ਬਸੰਤ ਦਾ ਮੇਲਾ ਪਿੰਡ ਬੱਲੋਮਾਜਰਾ
9. ਮਨਸਾ ਦੇਵੀ ਦਾ ਨਵਰਾਤਰ ਮੇਲਾ
10. ਮੇਲਾ ਮਾਤਾ ਜੈਅੰਤੀ ਦੇਵੀ

# ਪੁਆਧ ਦੇ ਇਲਾਕੇ ਦੇ ਪ੍ਰਮੁੱਖ ਮੇਲੇ

*ਡਾ. ਮਿਨਾਕਸ਼ੀ ਰਾਠੌਰ*
*ਮੋਬਾ: 9872022268*

ਪੁਆਧ ਦਾ ਇਲਾਕਾ ਪ੍ਰਮੁੱਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ। ਜਿਸ ਵਿਚ ਘੱਗਰ ਦਾ ਇਲਾਕਾ, ਘਾੜ ਜਾਂ ਘਾਟ ਦਾ ਏਿਕਾ ਅਤੇ ਮੈਦਾਨੀ ਇਲਾਕੇ ਆਉਂਦੇ ਹਨ। ਘੱਗਰ ਦੇ ਇਲਾਕੇ ਵਿਚ ਡੇਰਾ ਬੱਸੀ, ਲਾਲੜੂ, ਦੱਪਰ, ਜ਼ੀਰਕਪੁਰ ਅਤੇ ਕੁਝ ਇਲਾਕਾ ਬਨੂੜ ਦਾ ਆਉਂਦਾ ਹੈ। ਘਾੜ ਦੇ ਇਲਾਕੇ ਵਿਚ ਰੰਗੀਲਪੁਰ ਤੋਂ ਲੈ ਕੇ ਮੀਆਂਪੁਰ, ਪੁਰਖਾਲੀ, ਖ਼ਿਜ਼ਰਾਬਾਦ, ਟਿੱਬਾ ਟੱਪਰੀਆਂ, ਮੁੱਲਾਂਪੁਰ, ਧਨਾਸ, ਖੁੱਡਾ ਅਲੀਸ਼ੇਰ ਅਤੇ ਨਵਾਂ ਗਰਾਉਂ ਤੱਕ ਦਾ ਹਿੱਸਾ ਆਉਂਦਾ ਹੈ। ਇਸ ਦੇ ਨਾਲ ਮੈਦਾਨੀ ਇਲਾਕੇ ਵਿਚ ਕੁਰਾਲੀ ਤੋਂ ਲੈ ਕੇ ਕਕਰਾਲੀ, ਪਪਰਾਲੀ, ਧਨੌਰੀ, ਬੂਰ ਮਾਜਰਾ, ਸਲੇਮਪੁਰ, ਉੱਚਾ ਪਿੰਡ, ਡੂਮਛੇੜੀ, ਮੋਰਿੰਡਾ, ਰਤਨਗੜ੍ਹ, ਗੜਾਂਗਾ, ਜ਼ਿਲ੍ਹਾ ਮੁਹਾਲੀ (ਸਾਰਾ ਹਿੱਸਾ), ਹਰਿਆਣੇ ਵਿਚ ਪੰਚਕੂਲਾ ਤੇ ਅੰਬਾਲੇ ਤੱਕ ਦਾ ਪੂਰਾ ਭਾਗ ਆਉਂਦਾ ਹੈ। ਪੁਆਧ ਨੂੰ ਬਾਗਾਂ ਤੇ ਫ਼ਲਾਂ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। 'ਅੰਬ' ਇਸ ਧਰਤੀ ਦੀ ਸ਼ਾਨ ਬਣਿਆ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਕੁਰਾਲੀ, ਮੋਰਿੰਡਾ ਤੇ ਰੋਪੜ ਨੂੰ ਜਾਂਦੇ ਰਸਤੇ ਵਿਚ ਬੀਆਬਾਨ ਜੰਗਲ ਹੁੰਦਾ ਸੀ। ਇਥੇ ਇੰਨੇ ਅੰਬਾਂ ਦੇ ਦਰਖ਼ਤ ਹੁੰਦੇ ਸਨ ਕਿ ਦਿਨ ਵਿਚ ਵੀ ਰਾਤ ਵਰਗਾ ਗੂੜ੍ਹਾ ਹਨੇਰਾ ਹੁੰਦਾ ਸੀ ਤੇ ਅਕਸਰ ਹੀ ਜੰਗਲੀ ਜਾਨਵਰ ਉਤਰ ਆਉਂਦੇ ਸਨ। ਇਸੇ ਕਰਕੇ ਇਸ ਦੇ ਲਾਗਲੇ ਕਸਬੇ, ਜਿਸ ਨੂੰ ਮੋਰਿੰਡਾ ਕਿਹਾ ਜਾਂਦਾ ਹੈ, ਪਹਿਲਾਂ ਬਾਗਾਂਵਾਲੇ ਦੇ ਨਾਂ ਨਾਲ ਪ੍ਰਚਲੱਤ ਸੀ।

ਕੁਦਰਤੀ ਅਮੀਰੀ ਦੇ ਨਾਲ ਇਥੋਂ ਦਾ ਇਤਿਹਾਸਕ ਤੇ ਸਭਿਆਚਾਰਕ ਖ਼ਾਸਾ ਵੀ ਬਹੁਤ ਮਹੱਤਵਪੂਰਨ ਹੈ। ਜਿਥੇ ਕਈ ਤਰ੍ਹਾਂ ਦੇ ਸਭਿਆਚਾਰਕ ਮੇਲੇ ਲੱਗਦੇ ਹਨ ਤੇ ਜਿਹਨਾਂ ਦੀ ਪ੍ਰਸਿੱਧੀ ਦੂਰ-ਦੂਰ ਦੇ ਇਲਾਕਿਆਂ ਤੱਕ ਹੈ। ਪੂਰਵਲੇ ਸਮੇਂ ਵਿਚ ਇਹ ਸਭਿਆਚਾਰਕ ਮੇਲੇ ਮਨਪ੍ਰਚਾਵੇ ਦਾ ਸਾਧਨ ਵੀ ਹੁੰਦੇ ਸਨ। ਕਿਉਂਕਿ ਉਸ ਵੇਲੇ ਨਵੇਂ ਕੱਪੜੇ ਪਾਉਣ ਤੇ ਪਕਵਾਨ ਆਦਿ ਖਾਣ ਦਾ ਪੱਜ ਇਹ ਮੇਲੇ ਮੁਸਾਹਬੇ ਤੇ ਤਿੱਥ-ਤਿਉਹਾਰ ਹੀ ਸਨ। ਖ਼ਾਸ ਕਰਕੇ ਔਰਤਾਂ ਦੇ ਸੰਦਰਭ ਵਿਚ ਜੋ ਵਧੇਰੇ ਕਰਕੇ ਘਰ ਦੀ ਚਾਰ ਦੀਵਾਰੀ ਵਿਚ ਹੀ ਰਹਿੰਦੀਆਂ ਸਨ। ਉਹਨਾਂ ਨੂੰ ਇਹਨਾਂ ਮੇਲਿਆਂ ਤੇ ਤਿਉਹਾਰਾਂ ਤੇ ਹੀ ਹਾਰ-ਸ਼ਿੰਗਾਰ ਕਰਨ, ਨਵੇਂ ਕੱਪੜੇ ਤੇ ਗਹਿਣੇ ਪਾਉਣ ਦਾ ਮੌਕਾ ਮਿਲਦਾ ਸੀ। ਇਸ ਲਈ ਮੇਲਿਆਂ ਵਿਚ ਜਾਣ ਦੀ ਤਿਆਰੀ ਕਈ-ਕਈ ਦਿਨ ਪਹਿਲਾਂ ਹੀ ਆਰੰਭ ਹੋ ਜਾਂਦੀ। ਔਰਤਾਂ ਤੇ ਬੱਚਿਆਂ ਲਈ ਨਵੇਂ ਕੱਪੜੇ ਬਣਵਾਏ ਜਾਂਦੇ। ਉਸ ਵੇਲੇ ਆਵਾਜਾਈ ਦੇ ਸਾਧਨ ਵੀ ਕੋਈ ਬਹੁਤੇ ਨਹੀਂ ਸਨ ਹੁੰਦੇ। ਲੋਕ ਪੈਦਲ ਜਾਂ ਗੱਡਿਆਂ ਆਦਿ ਤੇ ਇਕ

ਥਾਂ ਤੋਂ ਦੂਜੀ ਥਾਂ ਜਾਂਦੇ ਮਨ। ਇਸ ਲਈ ਮੇਲਿਆਂ ਵਿਚ ਜਾਣ ਲਈ ਗੱਡੇ ਤੇ ਬਲਦ ਵੀ ਸ਼ਿੰਗਾਰੇ ਜਾਂਦੇ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਵਿਚ ਇਹਨਾਂ ਮੇਲਿਆਂ ਲਈ ਉਤਸ਼ਾਹ ਵੇਖਿਆ ਜਾਂਦਾ। ਬਿਨਾਂ ਕਿਸੇ ਧਾਰਮਿਕ ਤੇ ਜਾਤੀਗਤ ਵਿਤਕਰੇ ਦੇ ਹਰ ਵਰਗ ਦੇ ਲੋਕ ਹੁੰਮ-ਹੁੰਮਾ ਕੇ ਇਹਨਾਂ ਮੇਲਿਆਂ ਵਿਚ ਪਹੁੰਚਦੇ। ਇਸੇ ਤਰ੍ਹਾਂ ਦੇ ਬਹੁਤ ਸਾਰੇ ਮੇਲੇ ਪੁਆਧ ਦੀ ਧਰਤੀ ਉੱਤੇ ਵੀ ਲੱਗਦੇ ਹਨ। ਜਿਹਨਾਂ ਦੀ ਚਰਚਾ ਇਲਾਕੇ ਦੇ ਲੋਕਾਂ ਵਿਚ ਆਮ ਹੀ ਰਹਿੰਦੀ ਹੈ ਤੇ ਲੋਕ ਬੜੀ ਤੀਬਰਤਾ ਨਾਲ ਇਹਨਾਂ ਮੇਲਿਆਂ ਦੀ ਉਡੀਕ ਕਰਦੇ ਹਨ।

# 14 ਗੌਂਸਾਈਂਆਲੇ ਦਾ ਮੇਲਾ

ਡਾ. ਮਿਨਾਕਸ਼ੀ ਰਠੌਰ

ਗੌਂਸਾਈਂਆਲੇ ਦਾ ਮੇਲਾ ਜੋ ਸਰਵਧਰਮ, ਸਦਭਾਵਨਾ ਦਾ ਪ੍ਰਤੀਕ ਹੈ, ਡੇਰਾ ਬਾਬਾ ਗੌਂਸਾਈਂਆਲੇ ਦੀ ਪਵਿੱਤਰ ਯਾਦ ਵਿਚ ਲੱਗਦਾ ਹੈ। ਇਹ ਡੇਰਾ ਕੁਰਾਲੀ ਰੇਲਵੇ ਸਟੇਸ਼ਨ ਤੋਂ ਸੌ ਗਜ਼ ਦੀ ਦੂਰੀ ਤੇ ਸਥਿਤ ਹੈ। ਇਸ ਥਾਂ ਤੇ ਕਦੇ ਝਾੜੀਆਂ ਤੇ ਬੀਆਬਾਨ ਜੰਗਲ ਹੁੰਦਾ ਸੀ। ਜਿਸ ਕਰਕੇ ਇਸ ਸਥਾਨ ਦਾ ਨਾਂ 'ਝਿੜੀ ਆਲਾ ਬਾਬਾ' ਪੈ ਗਿਆ। ਇਸੇ ਲਈ ਪੁਰਾਣੇ ਵੇਲਿਆਂ ਦੀ ਇਕ ਅਖ਼ਾਣ ਵੀ ਇਸ ਡੇਰੇ ਨਾਲ ਜੁੜੀ ਹੋਈ ਹੈ 'ਟੰਗਾਂ ਤੋੜ ਗੁਆਈਂਆਲਾ'। ਲੋਕ ਦੂਰੋਂ ਦੂਰੋਂ ਭੱਜੇ ਇਥੇ ਆਉਂਦੇ ਪਰ ਵੇਖਣ ਨੂੰ ਅੱਗੇ ਕੁਝ ਵੀ ਨਾ ਮਿਲਦਾ। ਇਸ ਲਈ ਇਹ ਅਖ਼ਾਣ ਇਸ ਸਥਾਨ ਨਾਲ ਜੁੜ ਗਈ। ਅੱਜ ਵੀ ਪੁਰਾਣੇ ਬਜ਼ੁਰਗ ਇਸ ਨੂੰ 'ਝਿੜੀ ਵਾਲਾ ਬਾਬਾ' ਹੀ ਕਹਿੰਦੇ ਹਨ। ਅੱਜ ਇਥੇ ਇਕ ਵਿਸ਼ਾਲ ਡੇਰਾ ਤੇ ਮੰਦਰ ਵਿਧਮਾਨ ਹੈ। ਹੁਣ ਭਾਵੇਂ ਇਸ ਡੇਰੇ ਦੇ ਦੁਆਲੇ ਕਾਫ਼ੀ ਸੰਘਣੀ ਅਬਾਦੀ ਹੋ ਗਈ ਹੈ ਪਰ ਫ਼ਿਰ ਵੀ ਕੁਝ ਝਾੜੀਆਂ ਦੇ ਝੁੰਡ ਅੱਜ ਵੀ ਵੇਖਣ ਨੂੰ ਮਿਲਦੇ ਹਨ। ਜਿਸ ਵਿਚ ਕਈ ਤਰ੍ਹਾਂ ਦੇ ਪੰਛੀ-ਮੋਰ, ਪਪੀਹੇ, ਬਾਂਦਰ ਝੁੰਡਾਂ ਦੇ ਰੂਪ ਵਿਚ ਦਿਖਾਈ ਦੇਂਦੇ ਹਨ। ਇਸ ਸਥਾਨ ਦਾ ਇਤਿਹਾਸਕ ਮਹੱਤਵ ਇਥੋਂ ਦੇ ਪਵਿੱਤਰ ਸਰੋਵਰ ਨਾਲ ਹੈ। ਇਸ ਸਰੋਵਰ ਵਿਚ ਹੀ ਬਾਬਾ ਝਿੜੀ ਵਾਲੇ ਨੇ ਜਲ ਸਮਾਧੀ ਲਈ ਸੀ। ਕਿਹਾ ਜਾਂਦਾ ਹੈ ਕਿ ਬਾਬਾ ਝਿੜੀ ਵਾਲੇ ਦੀਆਂ ਸੁਨਹਿਰੀ ਜਟਾਂ ਵਿਚੋਂ ਅਲੌਕਿਕ ਪ੍ਰਕਾਸ਼ ਨਿਕਲਦਾ ਸੀ। ਪਹਿਲਾਂ ਇਹ ਸਰੋਵਰ ਕੱਚਾ ਹੁੰਦਾ ਸੀ ਤੇ ਇਸ ਦੇ ਵਿਚਕਾਰ ਇਕ ਖ਼ੂਹੀ ਹੁੰਦੀ ਸੀ। ਪਰ ਹੁਣ ਇਹ ਸਰੋਵਰ ਪੱਕਾ ਬਣਾ ਦਿੱਤਾ ਗਿਆ ਹੈ ਤੇ ਇਸ ਦੇ ਵਿਚ ਬਹੁਤ ਹੀ ਸੁੰਦਰ ਤੇ ਆਕਰਸ਼ਕ ਬਾਬਾ ਝਿੜੀ ਵਾਲੇ ਦੇ ਮੰਦਰ ਦੀ ਉਸਾਰੀ ਕੀਤੀ ਗਈ ਹੈ। ਸਰੋਵਰ ਵਿਚਲਾ ਜਲ ਵੀ ਹੁਣ ਬਹੁਤ ਡੂੰਘਾ ਨਹੀਂ ਰਿਹਾ।

ਇਸ ਇਤਿਹਾਸਕ ਸਥਾਨ ਨਾਲ ਸੰਬੰਧਤ ਬਹੁਤ ਹੀ ਦਿਲਚਸਪ ਇਕ ਕਥਾ ਵੀ ਪ੍ਰਚੱਲਤ ਹੈ। ਕਹਿੰਦੇ ਹਨ ਕਿ ਲਗਭਗ ਹਜ਼ਾਰ ਸਾਲ ਪਹਿਲਾਂ ਬਾਬਾ ਝਿੜੀ ਵਾਲੇ ਨੇ ਇਥੇ ਤਪੱਸਿਆ ਕੀਤੀ ਸੀ। ਇਹ ਕੋਈ 1150 ਦੇ ਨੇੜੇ-ਤੇੜੇ ਦੀ ਗੱਲ ਮੰਨੀ ਜਾਂਦੀ ਹੈ। ਇਕ ਵਾਰ ਬਾਬਾ ਝਿੜੀ ਵਾਲੇ ਤੀਰਥ ਯਾਤਰਾ ਤੇ ਚਲੇ ਗਏ। ਉਸ ਵੇਲੇ ਆਵਾਜਾਈ ਦੇ ਕੋਈ ਸਾਧਨ ਤਾਂ ਹੁੰਦੇ ਨਹੀਂ ਸਨ ਤੇ ਪੈਦਲ ਹੀ ਇਕ ਥਾਂ ਤੋਂ ਦੂਜੀ ਥਾਂ ਜਾਣਾ ਪੈਂਦਾ ਸੀ। ਇਸ ਲਈ ਸੰਤਾਂ ਨੂੰ ਵਾਪਸ ਪਰਤਣ ਵਿਚ ਕਾਫ਼ੀ ਸਮਾਂ ਲੱਗ ਗਿਆ। ਉਹਨਾਂ ਦੀ ਗੈਰਹਾਜ਼ਰੀ ਵਿਚ ਇਸ ਇਕਾਂਤ ਤੇ ਸੁੰਦਰ ਸਥਾਨ ਨੂੰ ਵੇਖ ਕੇ ਇਕ ਹੋਰ ਸੰਤ ਬਾਬਾ ਫ਼ਰੀਦ ਇਥੇ ਆ ਕੇ ਰਹਿਣ ਲੱਗ ਪਏ। ਲੰਮੇ ਸਮੇਂ ਬਾਅਦ ਜਦੋਂ ਬਾਬਾ ਝਿੜੀ ਵਾਲੇ ਇਸ ਸਥਾਨ ਤੇ ਵਾਪਸ ਆਏ ਤਾਂ ਉਹਨਾਂ ਨੇ ਵੇਖਿਆ ਕਿ ਉਹਨਾਂ ਦੇ ਸਥਾਨ ਤੇ ਕੋਈ ਹੋਰ ਸੰਤ ਬਿਰਾਜਮਾਨ ਹਨ। ਇਸ ਤੇ ਬਾਬਾ ਝਿੜੀ ਵਾਲੇ ਨੇ ਸੰਤ ਫ਼ਰੀਦ ਨੂੰ ਅਰਜ਼ ਕੀਤੀ ਕਿ ਇਹ ਸਥਾਨ ਉਹਨਾਂ ਦਾ ਹੈ ਤੇ ਉਹ ਕੁਝ ਸਮਾਂ ਪਹਿਲਾਂ ਤੀਰਥ ਯਾਤਰਾ ਤੇ ਚਲੇ ਗਏ

ਸਨ। ਪਰ ਫ਼ਰੀਦ ਜੀ ਕਿਸੇ ਤਰੀਕੇ ਨਾਲ ਵੀ ਇਹ ਗੱਲ ਮੰਨਣ ਲਈ ਤਿਆਰ ਨਾ ਹੋਏ ਤੇ ਇਸ ਦੇ ਲਈ ਉਹਨਾਂ ਨੇ ਬਾਬਾ ਝਿੜੀ ਵਾਲੇ ਤੋਂ ਸਬੂਤ ਮੰਗਿਆ। ਕਹਿੰਦੇ ਹਨ ਕਿ ਉਸੇ ਵੇਲੇ ਬਾਬਾ ਝਿੜੀ ਵਾਲੇ ਨੇ ਆਪਣਾ ਚਿਮਟਾ ਧਰਤੀ ਵਿਚ ਮਾਰਿਆ ਤੇ ਉਸ ਵਿਚੋਂ ਚਮਤਕਾਰਕ ਰੂਪ ਵਿਚ ਬਲਦਾ ਧੂਣਾ ਬਾਹਰ ਆ ਗਿਆ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਧੂਣਾ ਚੇਤੰਨ ਅਵਸਥਾ ਵਿਚ ਅੱਜ ਵੀ ਉਸੇ ਤਰ੍ਹਾਂ ਨਿਰੰਤਰ ਚੱਲਦਾ ਆ ਰਿਹਾ ਹੈ। ਡੇਰੇ ਵਿਚ ਆਉਣ ਵਾਲੇ ਸ਼ਰਧਾਲੂ ਉਸ ਦੀ ਰਾਖ਼ ਨੂੰ ਮੱਥੇ ਨਾਲ ਲਗਾ ਕੇ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦੇ ਹਨ। ਲੋਕ ਵਿਸ਼ਵਾਸ ਹੈ ਕਿ ਇਸ ਧੂਣੇ ਦੀ ਪਵਿੱਤਰ ਧੂੜ ਮੱਥੇ ਨੂੰ ਲਗਾਉਣ ਨਾਲ ਸੁੱਖ, ਸਮਰਿੱਧੀ ਤੇ ਅਲੌਕਿਕ ਸ਼ਾਂਤੀ ਮਿਲਦੀ ਹੈ।

ਹੁਣ ਇਸ ਡੇਰੇ ਵਿਚ ਬਾਬਾ ਝਿੜੀ ਵਾਲੇ ਦੀ ਗੱਦੀ ਸਥਾਪਤ ਕੀਤੀ ਹੋਈ ਹੈ, ਜਿਸ ਦੇ ਨਾਲ ਇਕ ਹੋਰ ਕ੍ਰਿਸ਼ਮਾ ਵੇਖਣ ਨੂੰ ਮਿਲਦਾ ਹੈ। ਉਹ ਹੈ ਮਾਂ ਗੰਗਾ ਦਾ ਹਮੇਸ਼ਾ ਉਥੇ ਵਾਸ ਕਰਨਾ। ਬਾਬਾ ਝਿੜੀ ਵਾਲੇ ਦੀ ਗੱਦੀ ਦੇ ਨਾਲ ਹੀ ਮਾਂ ਗੰਗਾ ਦਾ ਇਕ ਛੋਟਾ ਜਿਹਾ ਮੰਦਰ ਬਣਿਆ ਹੋਇਆ ਹੈ। ਡੇਰੇ ਅੰਦਰ ਹੁੰਦੇ ਪੂਜਾ-ਪਾਠ ਵਿਚ ਇਸ ਗੰਗਾ ਦਾ ਹੀ ਪਵਿੱਤਰ ਜਲ ਵਰਤਿਆ ਜਾਂਦਾ ਹੈ। ਡੇਰੇ ਦੇ ਅੰਦਰ ਇਕ ਵਿਸ਼ਾਲ ਗਊਸ਼ਾਲਾ ਵੀ ਬਣਾਈ ਗਈ ਹੈ, ਜਿਸ ਵਿਚ ਬੀਮਾਰ, ਲਾਚਾਰ ਤੇ ਭੁੱਖੀਆਂ ਤ੍ਰਿਹਾਈਆਂ ਘੁੰਮਦੀਆਂ ਗਊਆਂ ਨੂੰ ਰੱਖਿਆ ਜਾਂਦਾ ਹੈ। ਇੱਥੇ ਸਮੇਂ-ਸਮੇਂ ਵਿਸ਼ਾਲ ਸੰਤ ਸੰਮੇਲਨ ਵੀ ਲੱਗਦੇ ਰਹਿੰਦੇ ਹਨ।

ਇਸ ਪਵਿੱਤਰ ਧਰਤੀ ਤੇ ਭਾਦੋਂ ਮਹੀਨੇ ਦੀ ਕੁਸ਼ਲ ਪੱਖ ਦੀ ਦੂਸਰੀ ਤਿਥੀ (ਦੂਜ) ਨੂੰ ਹਰ ਸਾਲ ਬਹੁਤ ਭਾਰੀ ਤੇ ਵਿਸ਼ਾਲ ਮੇਲਾ ਲੱਗਦਾ ਹੈ। ਇਸ ਦਿਨ ਮਿੱਠੇ ਪੂੜੇ, ਗੁੱਲਗਲਿਆਂ ਤੇ ਖਿੱਲਾਂ ਪਤਾਸਿਆਂ ਦਾ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ। ਸ਼ਰਧਾਲੂ ਮੰਦਰ ਦੇ ਅੰਦਰ ਮੱਥਾ ਟੇਕਣ ਤੋਂ ਪਹਿਲਾਂ ਸਰੋਵਰ ਤੇ ਮੱਥਾ ਟੇਕਦੇ ਹਨ। ਲਗਭਗ 52 ਪਿੰਡਾਂ ਦੇ ਲੋਕ ਬਿਨਾਂ ਕਿਸੇ ਧਾਰਮਿਕ ਵਿਤਕਰੇ ਤੋਂ ਇਥੇ ਆਉਂਦੇ ਹਨ। ਮੇਲੇ ਤੋਂ ਕਈ ਦਿਨ ਪਹਿਲਾਂ ਚਾਰੇ ਪਾਸੇ ਰੌਣਕ ਲੱਗਣੀ ਸ਼ੁਰੂ ਹੋ ਜਾਂਦੀ ਹੈ। ਦੁਕਾਨਦਾਰ ਕਈ-ਕਈ ਦਿਨ ਪਹਿਲਾਂ ਇੱਥੇ ਆ ਕੇ ਆਪਣੀਆਂ ਦੁਕਾਨਾਂ ਸਜਾਉਣ ਲਈ ਨਿਸ਼ਾਨੀਆਂ ਲਗਾਉਣ ਲੱਗ ਪੈਂਦੇ ਹਨ। ਮੇਲੇ ਵਿਚ ਵੰਨ-ਸੁਵੰਨੀਆਂ ਚੀਜ਼ਾਂ ਵਿਕਣ ਲਈ ਆਉਂਦੀਆਂ ਹਨ। ਖਾਣ-ਪੀਣ ਦੀਆਂ ਚੀਜ਼ਾਂ ਦਾ ਵੀ ਕੋਈ ਅੰਤ ਨਹੀਂ ਹੁੰਦਾ। ਬੱਚਿਆਂ ਲਈ ਚੰਡੋਲ ਲਗਾਏ ਜਾਂਦੇ ਹਨ। ਇਥੇ ਆਏ ਸ਼ਰਧਾਲੂਆਂ ਦੇ ਆਕਰਸ਼ਣ ਦਾ ਮੁੱਖ ਆਧਾਰ ਮੇਲੇ ਵਿਚ ਪੈਂਦੀ ਛਿੰਜ ਵੀ ਹੈ। ਜਿਸ ਵਿਚ ਪਹਿਲਵਾਨ ਦੂਰੋਂ-ਦੂਰੋਂ ਆ ਕੇ ਇਸ ਛਿੰਜ ਵਿਚ ਹਿੱਸਾ ਲੈਂਦੇ ਹਨ। ਇਸ ਦਿਨ ਇਲਾਕੇ ਦੇ ਕਈ ਰਾਜਨੀਤਿਕ ਆਗੂ ਤੇ ਲੋਕ ਗਾਇਕ ਵੀ ਡੇਰੇ ਵਿਚ ਪਹੁੰਚਦੇ ਹਨ। ਜਿਸ ਨਾਲ ਲੋਕਾਂ ਨੂੰ ਮਨੋਰੰਜਨ ਦੇ ਨਾਲ ਵੱਖੋ-ਵੱਖਰੀਆਂ ਪਾਰਟੀਆਂ ਦੇ ਰਾਜਨੀਤਿਕ ਨੇਤਾਵਾਂ ਦੀਆਂ ਤਕਰੀਰਾਂ ਵੀ ਸੁਣਨ ਨੂੰ ਮਿਲਦੀਆਂ ਹਨ।

# 15 ਮਾਤਾ ਸੀਤਲਾ ਦਾ ਮੇਲਾ

*ਡਾ. ਮਿਨਾਕਸ਼ੀ ਰਠੌਰ*

ਕੁਰਾਲੀ ਦਾ ਸੀਤਲਾ ਮਾਤਾ ਦਾ ਮੇਲਾ ਵੀ ਬੜਾ ਪ੍ਰਚੱਲਤ ਹੈ। ਉਂਜ ਤਾਂ ਇਹ ਮੇਲਾ ਹੁਣ ਕਾਫ਼ੀ ਥਾਵਾਂ ਤੇ ਲੱਗਣ ਲੱਗ ਪਿਆ ਹੈ ਪਰ ਕੁਰਾਲੀ ਵਿਚ ਲੱਗਣ ਵਾਲੇ ਇਸ ਮੇਲੇ ਦਾ ਆਪਣਾ ਹੀ ਇਕ ਮਹੱਤਵ ਹੈ। ਇਸ ਮੇਲੇ ਵਿਚ ਬਾਗਾਂ ਵਾਲੇ (ਹੁਣ ਮੋਰਿੰਡਾ ਦੇ ਨਾਂ ਪ੍ਰਚੱਲਤ) ਤੋਂ ਲੈ ਕੇ ਮੰਦਵਾੜਾ, ਮੀਆਂਪੁਰ, ਰੰਗੀਲਪੁਰ, ਮਾਂਦਪੁਰ, ਖਰੜ ਤੇ ਇਸ ਦੇ ਆਸ ਪਾਸ ਦੇ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿਚ ਸ਼ਿਰਕਤ ਕਰਦੇ ਹਨ। ਇਹ ਮੇਲਾ ਚੇਤਰ ਦੇ ਮਹੀਨੇ ਵਿਚ ਹੋਲੀ ਤੋਂ ਬਾਅਦ ਆਉਂਦੇ ਮੰਗਲਵਾਰ ਤੇ ਵੀਰਵਾਰ ਨੂੰ ਲੱਗਦਾ ਹੈ ਤੇ ਚਾਰ ਬਾਸੜੇ ਪੂਜੇ ਜਾਂਦੇ ਹਨ। ਰਵਾਇਤ ਅਨੁਸਾਰ ਹਫ਼ਤੇ ਦੇ ਪਹਿਲੇ ਮੰਗਲਵਾਰ ਤੇ ਵੀਰਵਾਰ ਨੂੰ ਕੁਰਾਲੀ ਦੇ ਲੋਕ ਮਾਤਾ ਪੂਜਦੇ ਹਨ ਤੇ ਦੂਸਰੇ ਹਫ਼ਤੇ ਦੇ ਮੰਗਲਵਾਰ ਤੇ ਵੀਰਵਾਰ ਨੂੰ ਬਾਹਰ ਦੇ ਪਿੰਡਾਂ ਦੇ ਕਸਬਿਆਂ ਦੇ ਲੋਕ ਇਥੇ ਪਹੁੰਚਦੇ ਹਨ। ਇਸ ਦਿਨ ਮਾਤਾ ਤੇ ਠੰਡਾ ਪਕਵਾਨ ਚੜ੍ਹਦਾ ਹੈ। ਇਕ ਰਾਤ ਪਹਿਲਾਂ ਗੁਲਗੁਲੇ, ਮਿੱਠੀਆਂ ਰੋਟੀਆਂ ਤੇ ਕਚੋਰੀਆਂ ਆਦਿ ਬਣਾ ਕੇ ਰੱਖੀਆਂ ਜਾਂਦੀਆਂ ਹਨ। ਇਹ ਪਕਵਾਨ ਸਰੋਂ ਦੇ ਤੇਲ ਵਿਚ ਬਣਾਇਆ ਜਾਂਦਾ ਹੈ। ਜਿਸ ਨੂੰ 'ਬਾਸੜੀਆ ਤੇ ਬਾਸੜਾ' ਵੀ ਕਹਿੰਦੇ ਹਨ। ਪੁਰਾਣੇ ਬਜ਼ੁਰਗ ਇਸ ਪਕਵਾਨ ਨੂੰ ਹੀ ਅਗਲੇ ਦਿਨ ਖਾਂਦੇ ਹੁੰਦੇ ਸਨ ਤੇ ਘਰ ਵਿਚ ਤਵਾ ਨਹੀਂ ਚੜ੍ਹਦਾ। ਬਾਸੜੀਏ ਵਾਲੀ ਥਾਲੀ ਵਿਚ ਹਰੇ ਛੋਲਿਆਂ ਦੀਆਂ ਟਾਟਾਂ, ਬਸੂਟੇ ਦੇ ਪੱਤੇ, ਹਲਦੀ, ਪਾਣੀ ਦੀ ਗੜਵੀ ਆਦਿ ਵੀ ਰੱਖੇ ਜਾਂਦੇ ਹਨ। ਇਹ ਥਾਲੀ ਵੀ ਰਾਤ ਨੂੰ ਹੀ ਤਿਆਰ ਕਰਕੇ ਰੱਖੀ ਜਾਂਦੀ ਹੈ। ਫ਼ਿਰ ਅਗਲੇ ਦਿਨ ਮੂੰਹ ਨ੍ਹੇਰੇ ਹੀ ਨਿਆਣੇ ਸਿਆਣੇ ਇਕੱਠੇ ਹੋ ਸੁੱਚੇ ਮੂੰਹ ਮਾਤਾ ਦਾ ਮੱਥਾ ਟੇਕਣ ਜਾਂਦੇ ਹਨ।

ਬੱਸ ਸਟੈਂਡ ਤੋਂ ਕੁਝ ਦੂਰੀ ਤੇ ਸੀਤਲਾ ਮਾਤਾ ਦੇ ਦੋ ਮੰਦਰ ਬਣੇ ਹੋਏ ਹਨ। ਇਕ ਨੂੰ ਬੜੀ ਮਾਤਾ ਤੇ ਦੂਜੀ ਨੂੰ ਛੋਟੀ ਮਾਤਾ ਕਿਹਾ ਜਾਂਦਾ ਹੈ। ਪਹਿਲਾਂ ਇਹ ਮੰਦਰ ਛੋਟੇ-ਛੋਟੇ ਹੁੰਦੇ ਸਨ ਤੇ ਨਾਲ ਇਕ ਛੋਟਾ ਜਿਹਾ ਮਿੱਟੀ ਦਾ ਟੋਆ ਪੁੱਟਿਆ ਹੁੰਦਾ ਸੀ। ਘਰ ਦੀ ਸੁਆਣੀ ਨਿਆਣਿਆਂ ਨੂੰ ਮੱਥਾ ਟਿਕਾਉਣ ਤੋਂ ਬਾਅਦ ਇਸ ਕੱਚੇ ਟੋਏ ਵਿਚੋਂ ਮਿੱਟੀ ਕੱਢਵਾਉਂਦੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਿੱਟੀ ਕੱਢਣ ਨਾਲ ਬੱਚਿਆਂ ਦੀਆਂ ਅੱਖਾਂ ਠੰਡੀਆਂ ਰਹਿੰਦੀਆਂ ਹਨ ਤੇ ਉਹ ਕਿਸੇ ਕਿਸਮ ਦੀ ਰਿਹਾੜ ਆਦਿ ਨਹੀਂ ਕਰਦੇ। ਉਸ ਤੋਂ ਬਾਅਦ ਮੁਰਗੀ ਛੁਹਾਈ ਜਾਂਦੀ। ਘਰ ਦੀ ਜਮਾਂਦਾਰਨੀ ਮੰਦਰ ਕੋਲ ਪਰਿਵਾਰ ਦੇ ਸਾਰੇ ਜੀਆਂ ਨੂੰ ਬਿਠਾ ਕੇ ਉਹਨਾਂ ਤੋਂ ਮੁਰਗੀ ਛੁਹਾਂਦੀ। ਜਿਸ ਦੇ ਬਦਲੇ ਵਿਚ ਘਰ ਦੀ ਸੁਆਣੀ ਉਸ ਨੂੰ ਵਿੱਤ ਮੁਤਾਬਿਕ ਪੈਸੇ ਦੇਂਦੀ ਹੈ। ਆਯੂਰਵੇਦ ਦੇ

ਅਨੁਸਾਰ ਇਹ ਸਾਰਾ ਕੁਝ ਐਂਟੀ ਵਾਈਰਸ ਤੇ ਐਂਟੀ ਵਾਈਰਲ ਹੈ। ਜਦੋਂ ਅਸੀਂ ਸਰੋਂ ਦੇ ਤੇਲ ਵਿਚ ਪਕਵਾਨ ਬਣਾਉਂਦੇ ਹਾਂ ਉਦੋਂ ਇਕ ਖ਼ਾਸ ਕਿਸਮ ਦੇ ਜੀਵਾਣੂੰ ਵਾਤਾਵਰਣ ਨੂੰ ਸ਼ੁੱਧ ਕਰਦੇ ਹਨ। ਜਿਹੜੇ ਕਿ ਐਂਟੀ ਪੋਕਸ (anti pocs) ਹੁੰਦੇ ਹਨ। ਇਸੇ ਤਰ੍ਹਾਂ ਹੀ ਮੁਰਗੀ ਛੁਹਾਉਣ ਵੇਲੇ ਉਹਨਾਂ ਦੇ ਖੰਭਾਂ ਦੀ ਫ਼ੜਫ਼ੜਾਹਟ ਵਿਚੋਂ ਨਿਕਲੀਆਂ ਤਰੰਗਾਂ (waves) ਐਂਟੀ ਵਾਈਰਸ ਅਤੇ ਐਂਟੀ ਵਾਈਰਲ ਹੁੰਦੀਆਂ ਹਨ। ਇਹਨਾਂ ਦਿਨਾਂ ਵਿਚ ਮੌਸਮ ਦੇ ਤਬਦੀਲ ਹੋਣ ਕਾਰਨ ਚੇਚਕ ਦੀ ਬਿਮਾਰੀ ਦੀ ਮਾਰ ਬੱਚਿਆਂ ਉੱਤੇ ਆਮ ਹੀ ਹੁੰਦੀ ਹੈ। ਜਿਸ ਕਰਕੇ ਲੋਕ ਇਹਨਾਂ ਦਿਨਾਂ ਵਿਚ ਅਹਿਤਿਆਤ ਵਜੋਂ ਸੀਤਲਾ ਮਾਤਾ ਦੀ ਮਾਨਤਾ ਕਰਦੇ ਹਨ। ਵੈਸੇ ਵੀ ਜਦੋਂ ਅਜੇ ਸਾਇੰਸ ਨੇ ਇੰਨੀ ਤਰੱਕੀ ਨਹੀਂ ਸੀ ਕੀਤੀ, ਇਸ ਬਿਮਾਰੀ ਦੀ ਮਾਰ ਬਹੁਤ ਜ਼ਿਆਦਾ ਸੀ। ਇਸ ਲਈ ਮਾਤਾ ਰਾਣੀ ਨੂੰ ਖੁਸ਼ ਕਰਨ ਲਈ ਲੋਕ ਇਸ ਦਿਨ ਮੱਥਾ ਜ਼ਰੂਰ ਟੇਕਦੇ ਤਾਂ ਕਿ ਉਹ ਘਰ ਦੇ ਜੀਆਂ ਤੇ ਆਪਣੀ ਮਿਹਰ ਰੱਖੇ। ਕਈ ਸ਼ਰਧਾਲੂ ਇਸ ਦਿਨ ਮਾਤਾ ਰਾਣੀ ਦਾ ਥਾਨ ਵੀ ਲਗਵਾਉਂਦੇ ਹਨ। ਘਰ ਦੀ ਸੁਆਣੀ ਜਦੋਂ ਨਵਵਿਆਹੀਆਂ ਧੀਆਂ ਨੂੰਹਾਂ ਨੂੰ ਲੈ ਕੇ ਮਾਤਾ ਸ਼ੀਤਲਾ ਦੇ ਮੱਥਾ ਟੇਕਣ ਜਾਂਦੀ ਤਾਂ ਉਥੇ ਸੁੱਖਣਾ ਸੁੱਖ ਲੈਂਦੀ। ਹੇ ਮਾਤਾ ਰਾਣੀਏ! ਆਉਂਦੇ ਸਾਲ ਬਹੂ ਦੀ ਗੋਦ ਭਰ ਦੇ (ਗੋਦ ਭਰਨ ਤੋਂ ਭਾਵ ਮੁੰਡਾ ਹੋਣ ਤੋਂ ਹੁੰਦਾ), ਮੈਂ ਤੇਰਾ ਥਾਨ ਲਗਬਾਉਂਗੀ ਤੇ ਨਾਲੇ ਬਾਜਿਆਂ ਗਾਜਿਆਂ ਨਾਲ ਮੱਥਾ ਟੇਕਣ ਆਮਾਂਗੇ। ਇਸ ਤਰ੍ਹਾਂ ਸੁੱਖ ਵਰ ਆਉਣ ਤੇ ਚੜ੍ਹਦੇ ਸਾਲ ਸਾਰਾ ਟੱਬਰ ਢੋਲ ਤੇ ਬਾਜੇ ਗਾਜੇ ਨਾਲ ਮਾਤਾ ਰਾਣੀ ਦੇ ਥਾਨਾਂ ਤੇ ਮੱਥਾ ਟੇਕਣ ਜਾਂਦਾ।

ਦੂਸਰੇ ਮੰਗਲਵਾਰ ਤੇ ਵੀਰਵਾਰ ਨੂੰ ਬਾਹਰਲੇ ਪਿੰਡਾਂ ਤੇ ਕਸਬਿਆਂ ਤੋਂ ਲੋਕ ਮਾਤਾ ਰਾਣੀ ਦਾ ਮੱਥਾ ਟੇਕਣ ਆਉਂਦੇ ਹਨ। ਪੁਰਾਣੇ ਸਮੇਂ ਵਿਚ ਜਦੋਂ ਆਵਾਜਾਈ ਦੇ ਸਾਧਨ ਨਹੀਂ ਹੁੰਦੇ ਸਨ। ਅੱਧੀ ਰਾਤ ਨੂੰ ਹੀ ਘਰ ਦੇ ਬਜ਼ੁਰਗ ਗੱਡੇ ਤੋਰ ਲੈਂਦੇ ਤੇ ਪਹਿਰ ਦੇ ਤੜਕੇ ਹੀ ਮਾਤਾ ਰਾਣੀ ਦੇ ਥਾਨਾਂ ਤੇ ਆ ਪਹੁੰਚਦੇ। ਲੋਕ ਭੀੜ-ਭੜੱਕੇ ਤੋਂ ਪਹਿਲਾਂ ਹੀ ਧੀਆਂ ਨੂੰਹਾਂ ਨੂੰ ਮੱਥਾ ਟਿਕਵਾਉਣਾ ਠੀਕ ਸਮਝਦੇ ਸਨ। ਇਸ ਤਰ੍ਹਾਂ ਮਾਤਾ ਰਾਣੀ ਤੋਂ ਡਰਦਿਆਂ ਨਿਆਣਿਆਂ ਸਿਆਣਿਆਂ ਸਭ ਨੂੰ ਮੱਥਾ ਟਿਕਵਾਇਆ ਜਾਂਦਾ। ਘਰ ਦੀ ਸਿਆਣੀ ਅੱਗੇ ਹੋ ਕਹਿੰਦੀ ਭਾਈ ਚੰਗੀ ਤਰ੍ਹਾਂ ਮਾਤਾ ਰਾਣੀ ਦਾ ਮੱਥਾ ਟੇਕ ਲੋ। ਮਾਤਾ ਰਾਣੀ ਸਭ ਨੂੰ ਠੰਡੇ ਝੌਲੇ ਦੇਵੇ। ਇਹਨੇ ਤਾਂ ਭਾਈ ਰੱਬ ਨੀ ਤਾ ਬਖਸਿਆ। ਕਹਿੰਦੇ ਨੇ ਬਈ ਏਹ ਤਾਂ ਇਕ ਬਾਰੀ ਰੱਬ ਦੀ ਜੀਭ ਤੇ ਵੀ ਨਿਕਲ ਆਈ ਤੀ। ਇਸ ਤਰ੍ਹਾਂ ਨਿਆਣੇ ਸਿਆਣੇ ਡਰਦੇ ਮਾਰੇ ਝੁਕ-ਝੁਕ ਮੱਥੇ ਟੇਕਦੇ। ਭਾਵੇਂ ਅੱਜ ਚੇਚਕ ਦੇ ਇਲਾਜ ਲਈ ਡਾਕਟਰੀ ਦੇ ਖੇਤਰ ਵਿਚ ਬਹੁਤ ਤਰੱਕੀ ਹੋ ਚੁੱਕੀ ਹੈ। ਲੋਕਾਂ ਦੇ ਮਨਾਂ ਅੰਦਰ ਇਸ ਬਿਮਾਰੀ ਲਈ ਪਹਿਲੇ ਵਰਗਾ ਡਰ ਤੇ ਸਹਿਮ ਨਹੀਂ ਰਿਹਾ ਪਰ ਫ਼ਿਰ ਵੀ ਗੁਲਗਲੇ, ਕਚੋਰੀਆਂ ਤੇ ਮਿੱਠੀ ਰੋਟੀ ਦਾ ਬਾਸੜੀਆ ਬਣਾ ਕੇ ਮਾਤਾ ਤੇ ਮੱਥਾ ਟੇਕਣ ਦੀ ਪਰੰਪਰਾ ਉਸੇ ਤਰ੍ਹਾਂ

ਚੱਲੀ ਆ ਰਹੀ ਹੈ। ਅੱਜ ਵੀ ਲੋਕ ਦੂਰੋਂ-ਦੂਰੋਂ ਇੱਥੇ ਮੱਥਾ ਟੇਕਣ ਆਉਂਦੇ ਹਨ। ਦੋ ਹਫ਼ਤੇ ਕੁਰਾਲੀ ਵਿਚ ਪੂਰੀ ਰੌਣਕ ਦੇਖਣ ਨੂੰ ਮਿਲਦੀ ਹੈ। ਚਾਰੇ ਪਾਸੇ ਬੜੀ ਗਹਿਮਾ ਗਹਿਮੀ ਹੁੰਦੀ ਹੈ ਤੇ ਮੇਲੇ ਵਿਚ ਤਿੱਲ ਸੁੱਟਣ ਨੂੰ ਥਾਂ ਨਹੀਂ ਹੁੰਦੀ।

ਸੀਤਲਾ ਮਾਤਾ ਦਾ ਇਹ ਮੰਦਰ ਪਹਿਲਾਂ ਦੂਰੋਂ ਹੀ ਨਜ਼ਰ ਆਉਂਦਾ ਸੀ ਪਰ ਹੁਣ ਇਹ ਚਾਰੇ ਪਾਸੇ ਤੋਂ ਹੀ ਸੰਘਣੀ ਆਬਾਦੀ ਵਿਚ ਘਿਰ ਗਿਆ ਹੈ। ਜਿਥੇ ਪਹਿਲਾਂ ਕੱਚਾ ਟੋਭਾ ਹੁੰਦਾ ਸੀ, ਟੋਭੇ ਦੇ ਕਿਨਾਰੇ ਧੋਬੀ ਘਾਟ ਲੱਗਦਾ ਸੀ। ਉਥੇ ਹੁਣ ਸਰਕਾਰੀ ਸਕੂਲ ਤੇ ਹਸਪਤਾਲ ਬਣ ਗਿਆ ਹੈ। ਪਰ ਇਹ ਚੌਕ ਅੱਜ ਵੀ ਮਾਤਾ ਰਾਣੀ ਚੌਕ ਕਰਕੇ ਹੀ ਜਾਣਿਆ ਜਾਂਦਾ ਹੈ।

# 16 ਸਤੀ ਮਾਤਾ ਦਾ ਮੇਲਾ

*ਡਾ. ਮਿਨਾਕਸ਼ੀ ਰਠੌਰ*

ਸਤੀ ਮਾਤਾ, ਜਿਸ ਨੂੰ ਮਾਤਾ ਕੈਲਮ ਦੇਵੀ ਵੀ ਕਿਹਾ ਜਾਂਦਾ ਹੈ, ਰਾਠੌਰ ਗੌਤ ਦੇ ਰਾਜਪੂਤਾਂ ਦੀ ਕੁਲ ਦੇਵੀ ਹੈ। ਮਾਤਾ ਕੈਲਮ ਦੇਵੀ ਦਾ ਮੰਦਰ ਕੁਰਾਲੀ ਤੋਂ ਲਗਭਗ 15 ਕਿਲੋਮੀਟਰ ਦੂਰੀ ਤੇ ਖ਼ਿਜ਼ਰਾਬਾਦ ਦੇ ਕੋਲ ਇਕ ਖੁੱਲ੍ਹੇ ਜੰਗਲ ਵਿਚ ਛੋਟੇ ਜਿਹੇ ਟਿੱਬੇ ਤੇ ਬਣਿਆ ਹੋਇਆ ਹੈ। ਜਿਥੇ ਹਰ ਸਾਲ ਜਨਵਰੀ ਮਹੀਨੇ ਦੀ ਚੌਦਸ ਨੂੰ ਬੜਾ ਭਾਰੀ ਮੇਲਾ ਲੱਗਦਾ ਹੈ। ਆਸ ਪਾਸ ਦੇ ਸਤਾਈ – ਅਠਾਈ ਪਿੰਡਾਂ ਦੇ ਰਾਠੌਰ ਰਾਜਪੂਤ ਇਸ ਮੇਲੇ ਵਿਚ ਵੱਡੀ ਗਿਣਤੀ ਵਿਚ ਇਕੱਤਰ ਹੁੰਦੇ ਹਨ। ਇਸ ਸਥਾਨ ਨਾਲ ਰਾਠੌਰ ਰਾਜਪੂਤਾਂ ਦਾ ਇਕ ਲੰਮਾ ਇਤਿਹਾਸ ਜੁੜਿਆ ਹੋਇਆ ਹੈ। ਜਿਸ ਨੂੰ ਪੁਰਾਣੇ ਬਜ਼ੁਰਗ ਕੁਝ ਇਸ ਤਰ੍ਹਾਂ ਦੱਸਦੇ ਹਨ। ਕਿਹਾ ਜਾਂਦਾ ਹੈ ਕਿ 11ਵੀਂ ਸਦੀ ਵਿਚ ਬਰਦਾਰ ਰਿਆਸਤ ਤੇ ਰਾਜਾ ਠੁਲ੍ਹੀ ਦਾ ਰਾਜ ਸੀ। ਇਕ ਵਾਰ ਇਕ ਪੰਡਤ ਤੇ ਪੰਡਤਾਣੀ ਰਾਜਸਥਾਨ ਤੋਂ ਨੈਣਾ ਦੇਵੀ ਦੇ ਦਰਸ਼ਨਾਂ ਨੂੰ ਜਾ ਰਹੇ ਸਨ। ਰਸਤੇ ਵਿਚ ਪੰਡਤਾਣੀ ਦੀ ਤਬੀਅਤ ਖ਼ਰਾਬ ਹੋ ਗਈ। ਮਜ਼ਬੂਰੀ ਵੱਸ ਪੰਡਤ ਨੂੰ ਆਪਣੀ ਪੰਡਤਾਣੀ ਦਾ ਇਲਾਜ ਕਰਵਾਉਣ ਦੀ ਖ਼ਾਤਰ ਰਾਜੇ ਠੁਲ੍ਹੀ ਦੀ ਰਿਆਸਤ ਵਿਚ ਛੱਡਣੀ ਪਈ। ਰਾਜੇ ਦੇ ਹਕੀਮਾਂ ਨੇ ਪੰਡਤਾਣੀ ਦਾ ਇਲਾਜ ਕੀਤਾ। ਇਸ ਦੌਰਾਨ ਪੰਡਤ ਆਪ ਨੈਣਾ ਦੇਵੀ ਦੇ ਦਰਸ਼ਨਾਂ ਨੂੰ ਚਲਾ ਗਿਆ। ਜਦੋਂ ਉਹ ਮਾਤਾ ਦੇ ਦਰਸ਼ਨ ਕਰਕੇ ਵਾਪਸ ਆਇਆ ਤਾਂ ਰਾਜੇ ਨੇ ਪੰਡਤ ਨੂੰ ਪੰਡਤਾਣੀ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਪੰਡਤ ਲਾਚਾਰ ਹੋ ਖ਼ਾਲੀ ਹੱਥ ਆਪਣੇ ਰਾਜ ਨੂੰ ਵਾਪਸ ਚਲਾ ਗਿਆ। ਦੁਖੀ ਪੰਡਤ ਨੇ ਆਪਣੀ ਸਾਰੀ ਵਿੱਥਿਆ ਰਾਜ ਵਿਚ ਵਾਪਸ ਜਾ ਰਾਜਾ ਗੋਪਾਲ ਸਿੰਘ (ਜੋਧਪੁਰ ਦੇ ਕੋਲ ਵਿਜੈ ਨਗਰ ਦਾ ਰਾਜਾ) ਨੂੰ ਦੱਸੀ। ਰਾਜੇ ਨੇ ਪੰਡਤ ਨੂੰ ਮੱਦਦ ਕਰਨ ਦਾ ਵਚਨ ਦੇ ਆਪਣੇ ਸਿਪਾਹੀਆਂ ਨੂੰ ਨਾਲ ਲੈ ਗਵਾਲਿਆਂ ਦੇ ਭੇਸ ਵਿਚ ਬਰਦਾਰ ਰਿਆਸਤ ਵੱਲ ਨੂੰ ਕੂਚ ਕਰ ਦਿੱਤਾ। ਰਸਤੇ ਵਿਚ ਉਹਨਾਂ ਨੇ ਆਪਣਾ ਪੜਾਅ ਬਰਦਾਰ ਦੇ ਜੰਗਲਾਂ ਵਿਚ ਆ ਕੀਤਾ। ਜਿਥੇ ਅੱਜ ਕੱਲ੍ਹ ਗੋਪਾਲਪੁਰ ਪਿੰਡ ਵਸਿਆ ਹੋਇਆ ਹੈ। ਉਸ ਦੇ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਗਊਆਂ ਵੀ ਸਨ। ਉਧਰ ਰਾਜੇ ਠੁਲ੍ਹੀ ਦੀ ਵੱਡੀ ਬੇਟੀ ਦਾ ਵਿਆਹ ਰੱਖਿਆ ਹੋਇਆ ਸੀ। ਮੰਤਰੀਆਂ ਨੇ ਰਾਜੇ ਠੁਲ੍ਹੀ ਦੇ ਅੱਗੇ ਦਹੀਂ ਜਮਾਣ ਦੇ ਲਈ ਦੁੱਧ ਦੀ ਕਮੀ ਹੋ ਜਾਣ ਦੀ ਗੱਲ ਕਹੀ। ਉਦੋਂ ਇਕ ਮੰਤਰੀ ਨੇ ਸੁਝਾਅ ਦਿੱਤਾ ਕਿ ਮਹਾਰਾਜ ਸਾਡੇ ਰਾਜ ਦੇ ਪਾਸ ਵਾਲੇ ਜੰਗਲ ਵਿਚ ਗਵਾਲੇ ਬਹੁਤ ਹੀ ਤਾਇਦਾਦ ਵਿਚ ਗਊਆਂ ਲੈ ਕੇ ਉਤਰੇ ਹੋਏ ਹਨ। ਕਿਉਂ ਨਾ ਕੁਝ ਦੁੱਧ ਉਹਨਾਂ ਤੋਂ ਮੰਗਵਾ ਲਿਆ ਜਾਵੇ। ਰਾਜਾ ਠੁਲ੍ਹੀ ਤੋਂ ਆਗਿਆ ਲੈ ਕੁਝ ਸਿਪਾਹੀ ਗਵਾਲਿਆਂ ਤੋਂ ਦੁੱਧ ਲੈਣ ਚੱਲ ਪਏ। ਰਾਜਾ ਗੋਪਾਲ ਨੇ ਕਿਹਾ ਕਿ ਤੁਸੀਂ ਦੁੱਧ ਦੇ ਬਰਤਨ ਏਥੇ ਈ ਰੱਖ ਜਾਵੋ, ਦਿਨ ਚੜ੍ਹਦੇ ਹੀ ਦਹੀਂ ਜਮਾਂ

ਕੇ ਰਾਜਦਰਬਾਰ ਵਿਚ ਪਹੁੰਚਾ ਦਿਆਂਗੇ। ਰਾਜਾ ਗੋਪਾਲ ਪਹਿਲੇ ਹੀ ਯੁੱਧ ਛੇੜਨ ਦੀ ਤਿਆਰੀ ਵਿਚ ਸੀ। ਉਸ ਨੇ ਇਕ ਸ਼ਰਾਰਤ ਕੀਤੀ। ਦੁੱਧ ਦੇ ਬਰਤਨਾਂ ਵਿਚ ਨੀਚੇ ਗਊਆਂ ਦਾ ਗੋਹਾ ਅਤੇ ਉੱਪਰ ਦਹੀਂ ਭਰ ਕੇ ਤੜਕਸਾਰ ਈ ਰਾਜੇ ਠੁਲ੍ਹੀ ਦੇ ਦਰਬਾਰ ਵਿਚ ਭੇਜ ਦਿੱਤੀ। ਰਾਜੇ ਦੇ ਦਰਬਾਰੀ ਇਹ ਸਭ ਕੁਝ ਵੇਖ ਕੇ ਭੌਂਚੱਕੇ ਰਹਿ ਗਏ। ਖ਼ਬਰ ਮਿਲਦਿਆਂ ਹੀ ਰਾਜਾ ਠੁਲ੍ਹੀ ਨੇ ਗਵਾਲਿਆਂ ਨੂੰ ਦਰਬਾਰ ਵਿਚ ਹਾਜ਼ਰ ਹੋਣ ਦਾ ਹੁਕਮ ਦੇ ਦਿੱਤਾ। ਰਾਜਾ ਗੋਪਾਲ ਨੇ ਆਪਣੇ ਬੇਟੇ ਰਾਣਾ ਆਸਰੇ ਨੂੰ ਸਭ ਹਦਾਇਤਾਂ ਦੇ ਕੇ ਰਾਜੇ ਠੁਲ੍ਹੀ ਦੇ ਦਰਬਾਰ ਵਿਚ ਭੇਜ ਦਿੱਤਾ। ਕਿਹਾ ਜਾਂਦਾ ਹੈ ਕਿ ਜਦੋਂ ਰਾਣਾ ਆਸਰੇ ਨੇ ਕਿਲ੍ਹੇ ਵਿਚ ਪ੍ਰਵੇਸ਼ ਕੀਤਾ ਰਾਜੇ ਠੁੱਲ੍ਹੀ ਦੀ ਛੋਟੀ ਬੇਟੀ ਜੋ ਅੱਖਾਂ ਤੋਂ ਅੰਨ੍ਹੀ ਸੀ, ਉਸੇ ਵੇਲੇ ਸੰਜਾਖ਼ੀ ਹੋ ਗਈ। ਰਾਜਾ ਆਸਰੇ ਬੜਾ ਹੀ ਪਰਾਕਰਮੀ ਤੇ ਤਪੱਸਵੀ ਕਿਸਮ ਦਾ ਰਾਜਾ ਸੀ। ਪਰ ਤਾਕਤ ਦੇ ਨਸ਼ੇ ਵਿਚ ਚੂਰ ਰਾਜਾ ਠੁੱਲ੍ਹੀ ਨੇ ਰਾਣਾ ਆਸਰੇ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਸੁਣਾ ਦਿੱਤਾ। ਇਸ ਵਿਚ ਰਾਣਾ ਆਸਰੇ ਤੇ ਰਾਜਾ ਠੁੱਲ੍ਹੀ ਦੀ ਸੈਨਾ ਵਿਚ ਟਕਰਾਅ ਹੋ ਗਿਆ। ਰਾਜਾ ਆਸਰੇ ਦੀ ਸਾਰੀ ਸੈਨਾ ਕਿਲ੍ਹੇ ਵਿਚ ਪ੍ਰਵੇਸ਼ ਕਰ ਗਈ ਤੇ ਰਾਜਾ ਠੁੱਲ੍ਹੀ ਨੂੰ ਗ੍ਰਿਫਤਾਰ ਕਰ ਬਰਦਾਰ ਦਾ ਕਿਲ੍ਹਾ ਆਪਣੇ ਅਧੀਨ ਕਰ ਲਿਆ। ਰਾਜਾ ਗੋਪਾਲ ਸਿੰਘ ਨੇ ਆਪਣੇ ਪੁੱਤਰ ਰਾਣਾ ਆਸਰੇ ਦਾ ਵਿਆਹ ਰਾਜ ਕੁਮਾਰੀ ਕੈਂਲਮ ਦੇਵੀ ਨਾ ਕਰ ਰਾਜੇ ਠੁੱਲ੍ਹੀ ਨੂੰ ਦਰਿਆ ਤੋਂ ਪਾਰ ਰਹਿਣ ਦਾ ਹੁਕਮ ਸੁਣਾ ਦਿੱਤਾ। ਕਿਹਾ ਜਾਂਦਾ ਹੈ ਕਿ ਰਾਜਾ ਠੁੱਲ੍ਹੀ ਦੇ ਵੰਸ਼ਜ ਹੀ ਇਸ ਇਲਾਕੇ ਵਿਚ ਘੋੜੇਵਾਹਿਆਂ ਦੇ ਨਾਂ ਨਾਲ ਜਾਣੇ ਜਾਂਦੇ ਹਨ।

ਉਸ ਵੇਲੇ ਦੀ ਪ੍ਰਥਾ ਦੇ ਅਨੁਸਾਰ ਯੁੱਧ ਜਿੱਤਣ ਤੋਂ ਬਾਅਦ ਰਾਜਾ ਆਸਰੇ ਰਾਣੀ ਕੈਲਮ ਦੇਵੀ ਨੂੰ ਮਹਿਲਾਂ ਵਿਚ ਛੱਡ ਕੇ ਤੀਰਥ ਯਾਤਰਾ ਨੂੰ ਚਲਾ ਗਿਆ। ਤੀਰਥ ਯਾਤਰਾ ਕਰਦਿਆਂ ਕਰਦਿਆਂ ਜਦ ਰਾਜਾ ਹਰਦੁਆਰ ਪਹੁੰਚਿਆ ਤਾਂ ਰਾਜੇ ਕੋਲ ਧਨ ਦੀ ਕੁਝ ਕਮੀ ਆ ਗਈ। ਉਸ ਨੇ ਆਪਣੇ ਕੁਲ ਪੁਰੋਹਿਤ ਨੂੰ ਬੇਨਤੀ ਕੀਤੀ ਕਿ ਜੋ ਮੇਰੇ ਕੋਲ ਥੋੜ੍ਹਾ ਜਿਹਾ ਧਨ ਬਚਿਆ ਹੈ, ਉਸ ਨੂੰ ਮੈਂ ਇੱਥੇ ਦੇ ਪਾਂਡਿਆਂ ਨੂੰ ਦਾਨ ਕਰ ਦੇਣਾ ਚਾਹੁੰਦਾ ਹਾਂ ਤੇ ਤੁਹਾਡੀ ਦਾਨ ਦਰਸ਼ਣਾ ਰਾਜ ਦਰਬਾਰ ਵਿਚ ਪਹੁੰਚ ਕੇ ਦੇ ਦੇਵਾਂਗਾ। ਪਾਂਡਿਆਂ ਨੂੰ ਦਾਨ ਦਕਸ਼ਣਾ ਦੇਣ ਤੋਂ ਬਾਅਦ ਰਾਜੇ ਆਸਰੇ ਨੇ ਬਰਦਾਰ ਵੱਲ ਨੂੰ ਚਾਲੇ ਪਾ ਲਏ। ਵਾਪਸ ਆਉਂਦਿਆਂ ਉਹਨਾਂ ਨੇ ਆਪਣਾ ਪੜਾਅ ਬਨੂੜ ਦੇ ਕੋਲ ਆ ਕੀਤਾ। ਕੁਲ ਪ੍ਰੋਹਿਤ ਤੇ ਪਹਿਲੇ ਹੀ ਇਸ ਗੱਲ ਤੋਂ ਨਰਾਜ਼ ਸੀ ਕਿ ਰਾਜੇ ਨੇ ਉਸ ਨੂੰ ਹਰਦੁਆਰ ਦੇ ਪਾਂਡਿਆਂ ਦੇ ਸਾਹਮਣੇ ਨੀਚਾ ਦਿਖਾਇਆ ਹੈ। ਉਸ ਨੇ ਰਾਜੇ ਤੋਂ ਬਦਲਾ ਲੈਣ ਦੀ ਠਾਨ ਲਈ। ਬਦਲੇ ਦੀ ਅੱਗ ਵਿਚ ਸੜਦਾ ਪੰਡਤ ਬਨੂੜ ਪਹੁੰਚਣ ਤੇ ਕਾਫ਼ਲੇ ਵਿਚੋਂ ਗ਼ਾਇਬ ਹੋ ਬਰਦਾਰ ਆ ਪਹੁੰਚਿਆ ਤੇ ਇਸ਼ਨਾਨ ਕਰਦਿਆਂ ਰਾਜੇ ਦੇ ਗੰਗਾ ਵਿਚ ਡੁੱਬ ਜਾਣ ਦੀ ਝੂਠੀ ਖ਼ਬਰ ਰਾਣੀ ਕੈਲਮ ਦੇਵੀ ਨੂੰ ਆ ਦੱਸੀ। ਇੰਨਾ ਸੁਣ

ਰਾਣੀ ਕੈਲਮ ਦੇਵੀ ਉਸੇ ਸਮੇਂ ਖੜੀ ਹੋ ਗਈ ਅਤੇ ਸਤੀ ਹੋਣ ਦੀ ਤਿਆਰੀ ਕਰ ਚਿਤਾ ਲਗਾਉਣ ਦਾ ਹੁਕਮ ਸੁਣਾ ਦਿੱਤਾ। ਉਸ ਵੇਲੇ ਕਿਸੇ ਸਿਆਣੇ ਬੰਦੇ ਨੇ ਪੰਡਤ ਦੀ ਚਾਲ ਭਾਂਪ ਲਈ ਤੇ ਹਰਦੁਆਰ ਵੱਲ ਨੂੰ ਰਵਾਨਾ ਹੋ ਗਿਆ। ਰਸਤੇ ਵਿਚ ਉਸ ਨੂੰ ਰਾਜਾ ਆਸਰਾ ਫ਼ੌਜ ਸਮੇਤ ਆਉਂਦਾ ਮਿਲ ਗਿਆ। ਉਸ ਬੰਦੇ ਨੇ ਰਾਜੇ ਨੂੰ ਕੁਲ ਪ੍ਰੋਹਿਤ ਦੀ ਸਾਰੀ ਗੱਲ ਸੁਣਾਂਦਿਆਂ ਰਾਣੀ ਕੈਲਮ ਦੇਵੀ ਦੇ ਸਤੀ ਹੋਣ ਦੀ ਖ਼ਬਰ ਜਾ ਦੱਸੀ। ਰਾਜਾ ਆਸਰਾ ਨੇ ਉਸੇ ਵੇਲੇ ਆਪਣਾ ਘੋੜਾ ਬਰਦਾਰ ਵੱਲ ਨੂੰ ਭਜਾਇਆ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਰਾਣੀ ਆਪਣਾ ਪੂਰਾ ਹਾਰ ਸ਼ਿੰਗਾਰ ਕਰ ਸਤੀ ਹੋਣ ਦਾ ਪ੍ਰਣ ਲੈ ਚਿਤਾ ਵਿੱਚ ਬੈਠ ਚੁੱਕੀ ਸੀ।

ਅੱਜ ਉਸੇ ਕੈਲਮ ਦੇਵੀ ਦੀ ਯਾਦ ਵਿਚ ਇਹ ਮੇਲਾ ਲੱਗਦਾ ਹੈ। ਪੂਰਾ ਰਾਠੌਰ ਵੰਸ਼ ਮਾਤਾ ਕੈਲਮ ਦੇਵੀ ਨੂੰ ਆਪਣੀ ਕੁਲ ਦੇਵੀ ਦੇ ਰੂਪ ਵਿਚ ਪੂਜਦਾ ਹੈ। ਇਸ ਦਿਨ ਨਵਵਿਆਹੇ ਜੋੜਿਆਂ ਦੀਆਂ ਸੁੱਖਾਂ ਉਤਰਦੀਆਂ ਹਨ। ਸੁੱਖਣਾ ਵਰ ਆਉਣ ਦਾ ਲੋਕ ਵਿਸ਼ਵਾਸ ਪ੍ਰਚਲੱਤ ਹੈ। ਪਹਿਲਾਂ ਇਥੇ ਉਜਾੜ ਬੀਆਬਾਨ ਜੰਗਲ ਹੁੰਦਾ ਸੀ। ਪਰ ਮਾਤਾ ਦਾ ਮੰਦਰ ਬਣਨ ਨਾਲ ਜੰਗਲ ਵਿਚ ਮੰਗਲ ਲੱਗ ਗਿਆ ਹੈ। ਪੁਰਾਣੀਆਂ ਬਜ਼ੁਰਗ ਔਰਤਾਂ ਸਤੀ ਮਾਤਾ ਦੇ ਦਰਬਾਰ ਵਿਚ ਆ ਕੇ ਹੀ ਖਿੱਚੜੀ ਬਣਾਉਂਦੀਆਂ ਸਨ ਤੇ ਉਸ ਦਾ ਹੀ ਕੁਲ ਦੇਵੀ ਨੂੰ ਭੋਗ ਲਗਾਇਆ ਜਾਂਦਾ ਸੀ। ਪਰ ਹੁਣ ਤਾਂ ਮੇਲੇ ਤੇ ਵੱਡੇ -ਵੱਡੇ ਲੰਗਰ ਲੱਗਦੇ ਹਨ। ਜਿਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਵੀ ਬਣਦੇ ਹਨ। ਸਟੇ ਜਾਂ ਲੱਗਦੀਆਂ ਹਨ। ਬਹੁਤ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਇਸ ਦਿਨ ਮਾਤਾ ਕੈਲਮ ਦੇਵੀ ਦੇ ਦਰਸ਼ਨਾਂ ਨੂੰ ਪਹੁੰਚਦੇ ਹਨ।

# 17 ਬਿੰਦਰਖ ਦਾ ਮੇਲਾ

*ਬਲਦੇਵ ਸਿੰਘ ਕੋਰੇ*

*ਮੋਬਾ: 9417583141*

ਬਿੰਦਰਖ ਦਾ ਮੇਲਾ ਲੋਹੜੀ ਵਾਲੇ ਦਿਨ ਭਰਦਾ ਹੈ। ਇਸ ਮੇਲੇ ਵਿਚ ਦੂਰ-ਦੁਰਾਡੇ ਤੋਂ ਤੀਵੀਆਂ, ਮਰਦ ਅਤੇ ਬੱਚੇ ਭਾਰੀ ਸੰਖਿਆ ਵਿਚ ਮੇਲਾ ਵੇਖਣ ਆਉਂਦੇ ਹਨ। ਇਹ ਪਿੰਡ ਰੋਪੜ ਤੋਂ 15 ਕਿਲੋਮੀਟਰ ਤੇ ਘਾੜ ਦੇ ਇਲਾਕੇ ਵਿਚ ਹੈ। ਇਹ ਮੇਲਾ ਲੋਹੜੀ ਤੋਂ ਦੋ ਦਿਨ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਅਤੇ ਲੋਹੜੀ ਵਾਲੇ ਦਿਨ ਅਖੰਡ ਪਾਠ ਦੇ ਭੋਗ ਉਪਰੰਤ ਖਤਮ ਹੋ ਜਾਂਦਾ ਹੈ। ਇਹਨਾਂ ਤਿੰਨਾਂ ਦਿਨਾਂ ਵਿਚ ਰਾਤ ਨੂੰ ਦੀਵਾਨ ਲਗਦੇ ਹਨ। ਬਾਹਰੋਂ ਆਈਆਂ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਹੁੰਦਾ ਹੈ। ਜਿਸ ਵਿਚ ਲੋਕੀਂ ਸ਼ਰਧਾ ਨਾਲ ਕਵੀਸ਼ਰਾਂ ਅਤੇ ਢਾਡੀਆਂ ਦੀਆਂ ਵਾਰਾਂ ਸੁਣਦੇ ਹਨ। ਇਹ ਮੇਲਾ ਘਾੜ ਦੇ ਇਲਾਕੇ ਦਾ ਪ੍ਰਸਿੱਧ ਮੇਲਾ ਹੈ। ਇਸ ਮੇਲੇ ਵਿਚ ਸਿਰਫ ਧਾਰਮਿਕ ਗੱਲਾਂ-ਬਾਤਾਂ ਹੀ ਹੁੰਦੀਆਂ ਹਨ। ਸਿਆਸੀ ਲੋਕ ਕੋਈ ਲੈਕਚਰ ਨਹੀਂ ਕਰਦੇ। ਘਾੜ ਦੇ ਇਲਾਕੇ ਦੇ ਲੋਕ ਇਕ ਮਹੀਨਾ ਪਹਿਲਾਂ ਹੀ ਮੇਲਾ ਵੇਖਣ ਦੀਆਂ ਤਿਆਰੀਆਂ ਕਰਨ ਲਗ ਪੈਂਦੇ ਹਨ ਅਤੇ ਮੇਲਾ ਵੇਖਣ ਲਈ ਬੜੀ ਸੱਜ-ਧਜ ਨਾਲ ਆਉਂਦੇ ਹਨ।

ਇਹ ਮੇਲਾ ਬਾਬਾ ਅਮਰ ਨਾਥ ਜੀ ਦੀ ਯਾਦ ਵਿਚ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁਜਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਹੈ। ਬਾਬਾ ਅਮਰ ਨਾਥ ਜੀ ਇਕ ਸਾਧੂ ਹੋਏ ਹਨ। ਕਹਿੰਦੇ ਹਨ ਕਿ ਇਸ ਪਿੰਡ ਵਿਚ ਕੋਈ ਖੂਹ ਨਹੀਂ ਹੁੰਦਾ ਸੀ। ਸੰਨ 1917 ਵਿਚ ਪਿੰਡ ਸਿੱਸਵਾਂ ਦੇ ਇਕ ਸ਼ਾਹੂਕਾਰ ਨੇ ਲੋਕਾਂ ਨੂੰ ਕਿਹਾ ਕਿ ਉਹ ਪਿੰਡ ਵਿੱਚ ਖੂਹ ਪੁੱਟਣ ਅਤੇ ਪੈਸੇ ਉਹ ਦੇ ਦੇਵੇਗਾ। ਇਸ ਤੇ ਲੋਕਾਂ ਪਿੰਡ ਦੇ ਬਾਹਰ ਜਿਥੇ ਜੰਗਲ ਸੀ, ਖੂਹ ਪੁੱਟਣਾ ਸ਼ੁਰੂ ਕੀਤਾ ਤਾਂ ਖੂਹ ਪੁਟਣ ਵੇਲੇ ਇਕ ਮੋਟੀ ਗੋਲੀ ਦੀ ਜ਼ਰੂਰਤ ਪੈ ਗਈ ਤਾਂ ਲੋਕਾਂ ਨੇ ਇਕ ਵੱਡੀ ਸਾਰੀ ਲਕੜ ਨੇੜੇ ਤੋਂ ਹੀ ਪੁਟ ਲਈ ਅਤੇ ਉਹ ਖੂਹ ਪੁੱਟਣ ਲਗ ਪਏ ਅਤੇ ਇਕ ਆਦਮੀ ਗੋਲੀ ਤੇ ਬਹਿ ਗਿਆ ਤਾਂ ਗੋਲੀ 'ਤੇ ਬੈਠਣ ਦੀ ਹੀ ਦੇਰੀ ਸੀ ਕਿ ਗੋਲੀ ਵਿਚਕਾਰੋਂ ਟੁੱਟ ਗਈ ਅਤੇ ਆਦਮੀ ਹੇਠਾਂ ਖੂਹ ਵਿਚ ਗਿਰ ਗਿਆ ਪਰ ਉਸ ਆਦਮੀ ਦੇ ਭੋਰਾ ਸੱਟ ਨਾ ਵੱਜੀ, ਸਗੋਂ ਹੇਠੋਂ ਆਵਾਜ਼ ਆਈ ਕਿ ਤੁਸੀਂ ਮੇਰੀ ਝੁਗੀ ਦੀ ਲੱਕੜ ਵੱਢ ਲਈ ਹੈ ਇਸ ਲਈ ਪਹਿਲਾਂ ਮੇਰੀ ਸਮਾਧ ਬਣਾਓ, ਫਿਰ ਖੂਹ ਪੁੱਟਣਾ ਸ਼ੁਰੂ ਕਰੋ। ਫਿਰ ਲੋਕਾਂ ਨੂੰ ਸਮਝ ਆਈ ਕਿ ਜੋ ਖੂਹ ਪੁਟਣ ਵੇਲੇ ਜਲੇ ਹੋਏ ਕੋਲੇ ਅਤੇ ਸੁਆਹ ਨਿਕਲੀ ਹੈ ਤਾਂ ਇਥੇ ਕੋਈ ਮਹਾਂ ਪੁਰਸ਼ ਸਾਧੂ ਮਹਾਤਮਾ ਦਾ ਡੇਰਾ ਜੰਗਲ ਵਿਚ ਹੋਵੇਗਾ, ਜਿਸ ਦੀ ਕਿ ਅਸੀਂ ਲੱਕੜੀ ਵੱਢ ਲਈ ਹੈ। ਫਿਰ ਪਿੰਡ ਦੇ ਲੋਕਾਂ ਨੇ ਜਿਥੋਂ ਲਕੜੀ ਵੱਢੀ ਸੀ ਉੱਥੇ ਸਮਾਧ ਬਣਾ ਦਿੱਤੀ ਅਤੇ ਫਿਰ ਖੂਹ ਸੰਪੂਰਨ ਕੀਤਾ। ਇਹ ਖੂਹ ਅੱਜ ਭੀ

ਸਕੂਲ ਦੇ ਕੋਲ ਹੈ ਪਰ ਸਰਕਾਰ ਵੱਲੋਂ ਪਿੰਡ ਵਿਚ ਟੂਟੀਆਂ ਆਉਣ ਕਰਕੇ ਇਸ ਖੂਹ ਨੂੰ ਹੁਣ ਨਹੀਂ ਵਰਤਿਆ ਜਾਂਦਾ। ਇਸ ਸਮਾਧ ਪਾਸ ਇਕ ਇਤਿਹਾਸਕ ਗੁਰਦੁਆਰਾ ਭੀ ਹੈ। ਕਹਿੰਦੇ ਹਨ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਰਾਏਪੁਰ ਰਾਣੀ ਅਤੇ ਖਿਜ਼ਰਾਬਾਦ ਤੋਂ ਵਾਪਸ ਆਉਂਦੇ ਹੋਏ ਇਧਰ ਨੂੰ ਲੰਘੇ ਤਾਂ ਇਸ ਪਿੰਡ ਦੀ ਇਕ ਬੁੱਢੀ ਝਿੰਗੜ ਗੋਤ ਵਾਲੀ ਨੂੰ ਪੁਛਿਆ ਕਿ ਸਾਡੇ ਸੇਵਕ ਕਿਥੇ ਹਨ ਤਾਂ ਉਸ ਨੇ ਕਿਹਾ ਕਿ ਝਿੰਗੜ ਗੋਤ ਵਾਲੇ ਸਾਰੇ ਪਿੰਡ ਖਿੰਡ-ਪੁੰਡ ਗਏ ਹਨ ਤਾਂ ਗੁਰੂ ਜੀ ਨੇ ਕਿਹਾ ਕਿ ਇਹ ਸਾਰੇ ਖਿੰਡੇ ਰਹਿਣਗੇ ਪਰ ਜਦੋਂ ਲੋਕਾਂ ਨੂੰ ਪਤਾ ਲਗਾ ਕਿ ਗੁਰੂ ਜੀ ਨਿਰਾਜ਼ ਹੋ ਗਏ ਹਨ ਤਾਂ ਉਹਨਾਂ ਮੂਹਰੇ ਹੋ ਕੇ ਕਿਹਾ ਕਿ ਮਹਾਰਾਜ ਜੀ ਅਸੀਂ ਹਾਜ਼ਰ ਹਾਂ ਤਾਂ ਗੁਰੂ ਜੀ ਨੇ ਕਿਹਾ ਕਿ ਭਾਈ ਇਥੇ ਹੀ ਟਿਕੇ ਰਹਿਣਾ। ਹੁਣ ਭੀ ਝਿੰਗੜ ਗੋਤ ਇਸ ਪਿੰਡ ਵਿੱਚ ਕਾਫੀ ਹਨ। ਫਿਰ ਲੋਕਾਂ ਨੇ ਬੇਨਤੀ ਕੀਤੀ ਕਿ ਇਥੇ ਬਿਰਾਜਮਾਨ ਹੋਵੋ ਤਾਂ ਗੁਰੂ ਜੀ ਨੇ ਕਿਹਾ ਕਿ ਭਾਈ ਹੁਣ ਚਲਣਾ ਹੀ ਠੀਕ ਹੈ। ਇਸ ਲਈ ਪਿੰਡ ਵਾਸੀਆਂ ਨੇ ਉਹਨਾਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਬੜੀ ਸੁੰਦਰ ਬਣਾ ਦਿੱਤੀ ਹੈ।

ਲੋਹੜੀ ਦੇ ਮੇਲੇ ਬਾਰੇ ਇਕ ਹੋਰ ਦੰਦ ਕਥਾ ਹੈ ਕਿ ਪਿੰਡ ਤੋਂ ਥੋੜ੍ਹੀ ਦੂਰ ਚੜ੍ਹਦੇ ਪਾਸੇ ਬਾਬਾ ਖਤਾਬ ਸਿੰਘ ਦਾ ਡੇਰਾ ਹੈ। ਬਾਬਾ ਖਤਾਬ ਸਿੰਘ ਨੇ ਜਿੱਥੇ ਬਾਬਾ ਅਮਰ ਨਾਥ ਜੀ ਦੀ ਸਮਾਧ ਹੈ, ਉਥੋਂ ਇਕ ਵੱਡੀ ਸਾਰੀ ਲੱਕੜ ਵੱਢ ਲਈ ਅਤੇ ਆਪਣੇ ਡੇਰੇ ਵਿੱਚ ਲਾ ਲਈ। ਜਿਸ ਤੇ ਬਾਬਾ ਜੀ ਨੂੰ ਸਰਾਫ਼ ਪੈ ਗਿਆ ਅਤੇ ਉਥੋਂ ਲੋਹੜੀ ਦਾ ਮੇਲਾ ਘਟਦਾ ਘਟਦਾ ਘਟ ਗਿਆ ਤੇ ਬਾਬਾ ਅਮਰ ਨਾਥ ਜੀ ਦੀ ਸਮਾਧ 'ਤੇ ਭਰਨ ਲਗ ਪਿਆ। ਹੁਣ ਭੀ ਬਾਬਾ ਖਤਾਬ ਸਿੰਘ ਦਾ ਡੇਰਾ ਸੁੰਨਸਾਨ ਨਜ਼ਰ ਆਉਂਦਾ ਹੈ ਅਤੇ ਕੋਈ ਰੌਣਕ ਨਹੀਂ ਹੈ।

ਬਾਬਾ ਅਮਰ ਨਾਥ ਜੀ ਦੀ ਸਮਾਧ ਤੇ ਲੋਕ ਆਪੋ ਆਪਣੀਆਂ ਸੁਖਾਂ ਦੀ ਮੰਨਤਾਂ ਕਰਦੇ ਹਨ। ਕਹਿੰਦੇ ਹਨ ਕਿ ਜੇਕਰ ਕਿਸੇ ਡੰਗਰ ਦਾ ਕੱਟਰੂ ਨਾ ਬਚੇ ਜਾਂ ਕਿਸੇ ਦੀ ਮੱਝ ਆਸ ਨਾ ਰਹੇ ਤਾਂ ਬਾਬਾ ਜੀ ਦੀ ਸਮਾਧੀ ਤੋਂ ਰੱਸੀ ਬਣਾਈ ਜਾਂਦੀ ਹੈ ਅਤੇ ਉਹ ਕੱਟਰੂ ਦੇ ਗਲ ਵਿੱਚ ਪਾ ਦਿੱਤੀ ਜਾਂਦੀ ਹੈ ਅਤੇ ਕੱਟਰੂ ਨਹੀਂ ਮਰਦਾ। ਇਸੇ ਤਰ੍ਹਾਂ ਡੰਗਰ ਭੀ ਸਹੀ ਰਹਿੰਦੇ ਹਨ। ਇਸ ਤੋਂ ਇਲਾਵਾ ਹੋਰ ਭੀ ਸੁਖਾਂ ਵਰ ਆਉਂਦੀਆਂ ਹਨ ਅਤੇ ਹਾਜ਼ਰੀ ਭਰ ਕੇ ਜਾਂਦੀਆਂ ਹਨ। ਉਂਝ ਤਾਂ ਇੱਥੇ ਹਰ ਐਤਵਾਰ ਨੂੰ ਲੋਕੀਂ ਆਪੋ ਆਪਣੀਆਂ ਸੁਖਾਂ ਉਤਾਰਨ ਆਉਂਦੇ ਹਨ ਅਤੇ ਬੈਠ ਕੇ ਦੀਵਾਨ ਸੁਣਦੇ ਹਨ ਪਰ ਲੋਹੜੀ ਦਾ ਮੇਲਾ ਇਕ ਵੇਖਣ ਵਾਲਾ ਹੁੰਦਾ ਹੈ, ਜੋ ਇਸ ਇਲਾਕੇ ਵਿੱਚ ਮਸ਼ਹੂਰ ਹੈ।

# 18 ਕਪੂਰੀ ਦਾ ਮੇਲਾ

*ਨਿਰੰਜਣ ਸਿੰਘ ਸੈਲਾਨੀ*

*ਮੋਬਾ: 9876228703*

ਪੁਆਧ ਦੀ ਧਰਤੀ ਮੇਲਿਆਂ ਦੀ ਧਰਤੀ ਹੈ। ਇਥੇ ਸਾਰਾ ਸਾਲ ਥਾਂ-ਥਾਂ ਮੇਲੇ ਲੱਗਦੇ ਹੀ ਰਹਿੰਦੇ ਹਨ। ਇਨ੍ਹਾਂ ਮੇਲਿਆਂ ਵਿਚੋਂ 'ਕਪੂਰੀ ਦਾ ਮੇਲਾ' ਬਹੁਤ ਮਸ਼ਹੂਰ ਮੇਲਾ ਹੈ। ਕਪੂਰੀ ਸਦੀਆਂ ਪੁਰਾਣਾ ਪਿੰਡ ਹੈ, ਪਰ ਇਸ ਪਿੰਡ ਨੂੰ ਮਸ਼ਹੂਰੀ ਉਦੋਂ ਹੀ ਨਸੀਬ ਹੋਈ ਜਦੋਂ ਐਮਰਜੈਂਸੀ ਦੇ ਸਮੇਂ ਇੱਥੇ ਮੋਰਚਾ ਲਾਇਆ ਗਿਆ।

ਇਹ ਪਿੰਡ ਪੰਜਾਬ ਦੀ ਹਰਿਆਣੇ ਨਾਲ ਲੱਗਦੀ ਸਰਹੱਦ ਦੇ ਬਿਲਕੁਲ ਨੇੜੇ ਸਥਿਤ ਹੈ। ਜਦੋਂ ਘਨੌਰ ਤੋਂ ਅੰਬਾਲੇ ਨੂੰ ਜਾਈਏ ਤਾਂ ਪਿੰਡ ਸਰਾਲ੍ਹਾ ਕਲਾਂ ਤੋਂ ਅੱਗੇ ਅੰਬਾਲੇ ਵੱਲ ਨੂੰ ਜਾਂਦਿਆਂ ਇਹ ਪਿੰਡ ਆਉਂਦਾ ਹੈ। ਇਸ ਪਿੰਡ ਦੇ ਇੱਕ ਪਾਸੇ ਥੋੜ੍ਹੀ ਦੂਰ ਘੱਗਰ ਦਰਿਆ ਵਹਿੰਦਾ ਹੈ। ਘੱਗਰ ਤੋਂ ਪਾਰ ਚਮਾਰੂ ਤੇ ਕਾਮੀ ਖ਼ੁਰਦ ਨਾਂ ਦੇ ਪਿੰਡ ਵਸੇ ਹੋਏ ਹਨ। ਘੱਗਰ ਤੋਂ ਉਰਲੇ ਪਾਸੇ ਇਸ ਦੇ ਗੁਆਂਢ ਰਾਮਪੁਰ ਨਾਂ ਦਾ ਪਿੰਡ ਹੈ। ਸਰਾਲ੍ਹਾ ਕਲਾਂ ਤੇ ਕਪੂਰੀ ਵਿਚਕਾਰ ਨਰਵਾਣਾ ਬਰਾਂਚ ਨਹਿਰ ਵਹਿੰਦੀ ਹੈ।

ਪਿੰਡ ਦੇ ਬਜ਼ੁਰਗਾਂ ਦੇ ਦੱਸਣ ਅਨੁਸਾਰ ਇਹ ਰੀਤ ਪੀੜ੍ਹੀ ਦਰ ਪੀੜ੍ਹੀ ਚੱਲੀ ਆਉਂਦੀ ਹੈ ਕਿ ਹੋਲੀ ਤੋਂ ਪਿੱਛੋਂ ਜਿਹੜਾ ਪਹਿਲਾ ਵੀਰਵਾਰ ਆਉਂਦਾ ਹੈ, ਉਸ ਦਿਨ ਹਰ ਸਾਲ ਇਹ ਮੇਲਾ ਭਰਦਾ ਹੈ। ਇਹ ਮੇਲਾ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਸਾਂਝ ਦਾ ਪ੍ਰਤੀਕ ਹੈ। ਮੇਲੇ ਵਾਲੇ ਦਿਨ ਗੁੜ ਦੀ ਇਕ ਭੇਲੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਅੱਧੀ ਭੇਲੀ 'ਬਾਬਾ ਫਰੀਦ ਦੀ ਤੁਰਬਤ' (ਕਬਰ, ਗੋਰ) 'ਤੇ ਚੜ੍ਹਾਈ ਜਾਂਦੀ ਹੈ ਅਤੇ ਅੱਧੀ ਭੇਲੀ 'ਮਾਤਾ ਰਾਣੀ ਦੇ ਥਾਨਾਂ' 'ਤੇ ਚੜ੍ਹਾਈ ਜਾਂਦੀ ਹੈ। ਮਾਤਾ ਰਾਣੀ ਦੇ ਥਾਨਾਂ 'ਤੇ ਲੋਕਾਈ ਵੱਲੋਂ ਬੜੀ ਹੀ ਸ਼ਰਧਾ ਨਾਲ ਆਪਣੇ ਬੱਚਿਆਂ ਦੇ ਗਲਾਂ ਤੋਂ ਲਾਹ ਕੇ ਕੰਡਲੇ ਚੜ੍ਹਾਏ ਜਾਂਦੇ ਹਨ। ਸ਼ਰਧਾ ਤੇ ਰੀਤ ਅਨੁਸਾਰ ਗੁਲਗੁਲੇ, ਕਚੌਰੀਆਂ ਤੇ ਲੱਡੂ ਆਦਿ ਵੀ ਚੜ੍ਹਾਏ ਜਾਂਦੇ ਹਨ। ਇਹ ਕੰਡਲੇ ਬੱਚਿਆਂ ਦੇ ਗਲਾਂ ਵਿਚ ਉਨ੍ਹਾਂ ਦੇ ਜੰਮਦਿਆਂ ਹੀ ਬੁਰੀ ਨਜ਼ਰ ਤੋਂ ਬਚਾਉਣ ਲਈ ਪਹਿਨਾਏ ਜਾਂਦੇ ਹਨ। ਕਾਲੇ ਧਾਗੇ ਵਿਚ ਕੌਡੀਆਂ, ਤਾਂਬੇ ਦਾ ਪੈਸਾ ਤੇ ਪਰੰਪਰਾ ਅਨੁਸਾਰ ਕੁਝ ਤਬੀਤ ਆਦਿ ਪਰੋ ਕੇ ਬਣਾਇਆ ਜਾਂਦਾ ਹੈ। ਹਰ ਘਰ ਦੀ ਪਰੰਪਰਾ ਅਨੁਸਾਰ, ਬੱਚੇ ਦੀ ਜਦੋਂ ਇਕ ਖਾਸ ਉਮਰ ਹੋ ਜਾਂਦੀ ਹੈ ਤਾਂ ਉਹ ਜਿਸਤ ਸਾਲ ਦੀ ਉਮਰ ਪੂਰੀ ਕਰਕੇ ਟੌਂਕ ਸਾਲ ਚੜ੍ਹ ਜਾਂਦਾ ਹੈ ਤਾਂ ਉਸ ਦਾ ਕੰਡਲਾ ਮੇਲੇ ਵਾਲੇ ਦਿਨ ਮਾਤਾ ਰਾਣੀ ਦੇ ਥਾਨਾਂ 'ਤੇ ਚੜ੍ਹਾ ਕੇ ਬੱਚੇ ਦੀ ਸੁੱਖ ਮਨਾਈ ਜਾਂਦੀ ਹੈ। ਸਾਰਾ ਪਰਿਵਾਰ ਨਵੇਂ-ਨਵੇਂ ਕੱਪੜੇ ਪਾ ਕੇ ਬੜੇ ਚਾਵਾਂ ਨਾਲ ਮੇਲੇ 'ਤੇ ਜਾਂਦਾ ਹੈ।

ਇਸ ਪਿੰਡ ਦਾ ਇਤਿਹਾਸ ਬੜਾ ਪੁਰਾਣਾ ਹੈ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣੇ ਦੀ ਇੱਟ ਨਾਲ ਇੱਟ ਵਜਾ ਕੇ ਸਢੌਰੇ ਵੱਲ ਚਾਲੇ ਪਾਏ ਤਾਂ ਰਾਹ ਵਿਚ ਕਪੂਰੀ ਪਿੰਡ ਵੀ ਤਬਾਹ ਕਰ ਦਿੱਤਾ। ਅਜ਼ਾਦੀ ਤੋਂ ਪਹਿਲਾਂ ਕਪੂਰੀ ਵਿਚ ਮੁਸਲਮਾਨਾਂ ਦੀ ਕਾਫੀ ਆਬਾਦੀ ਸੀ। ਸਨੌਰ ਦੇ ਪਠਾਨ ਅੰਬਾਲੇ ਦੀ ਮੰਡੀ ਵਿਚ ਦੇਸੀ ਖੰਡ ਵੇਚਣ ਜਾਂਦੇ ਹੁੰਦੇ ਸਨ। ਉਦੋਂ ਕੱਚੇ ਰਾਹ ਹੁੰਦੇ ਸਨ। ਪੜਾਓ ਕਰਕੇ ਹੀ ਸਫ਼ਰ ਮੁਕਦਾ ਸੀ। ਰਾਤ ਨੂੰ ਉਹ ਕਪੂਰੀ ਠਹਿਰਦੇ ਸਨ। ਇਕ ਵਾਰ ਬਾਬਾ ਫ਼ਰੀਦ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਅੰਬਾਲੇ ਦੀ ਮੰਡੀ ਵਿਚ ਵੇਚਣ ਲਈ ਕੀ ਲਿਜਾ ਰਹੇ ਹੋ?" ਇਕ ਪਠਾਨ ਦੇ ਮਨ 'ਚ ਪਤਾ ਨਹੀਂ ਕੀ ਆਇਆ, ਉਸ ਨੇ ਕਿਹਾ, "ਲੂਣ ਹੈ ਜੀ।" ਉਹ ਜਦੋਂ ਅੰਬਾਲੇ ਪੁੱਜੇ ਤਾਂ ਉਹ ਵੇਖ ਕੇ ਹੈਰਾਨ ਹੋ ਗਏ ਸਾਰੀ ਦੀ ਸਾਰੀ ਖੰਡ ਲੂਣ ਬਣ ਗਈ ਸੀ। ਉਹ ਬੜੇ ਕਰਨੀ ਵਾਲੇ ਮਹਾਂਪੁਰਸ਼ ਸਨ। ਪਿੰਡ ਤੋਂ ਬਾਹਰ ਉਨ੍ਹਾਂ ਦੀ ਤੁਰਬਤ ਦੇ ਨਾਲ ਹੋਰ ਵੀ ਤੁਰਬਤਾਂ ਬਣੀਆਂ ਹੋਈਆਂ ਸਨ। 1947 ਤੋਂ ਪਹਿਲਾਂ ਇਨ੍ਹਾਂ ਦੀ ਸਾਂਭ-ਸੰਭਾਲ ਮੁਸਲਮਾਨ ਹੀ ਕਰਦੇ ਸਨ ਜਿਨ੍ਹਾਂ ਨੂੰ ਲੋਕੀਂ ਫਕੀਰ ਕਹਿੰਦੇ ਸਨ। ਇਨ੍ਹਾਂ ਦੇ ਨਜ਼ਦੀਕ ਉਹ ਮੁਰਦਿਆਂ ਨੂੰ ਦਫਨਾਉਂਦੇ ਸਨ। ਹੁਣ ਸਾਰੀ ਮੁਸਲਮਾਨ ਅਬਾਦੀ ਤੁਰਬਤਾਂ (ਕਬਰਾਂ) ਦੇ ਨੇੜੇ ਆ ਕੇ ਵੱਸ ਗਈ ਹੈ।

ਇਥੇ ਹਰ ਮਜ਼੍ਹਬ ਦੇ ਲੋਕ ਮੇਲਾ ਵੇਖਣ ਅਤੇ ਆਪਣੀ ਅਕੀਦਤ ਦੇ ਫੁੱਲ ਭੇਟ ਕਰਨ ਆਉਂਦੇ ਹਨ। 1947 ਈ. ਤੋਂ ਪਹਿਲਾਂ ਇਹ ਮੇਲਾ ਬਹੁਤ ਹੁੰਮ-ਹੁਮਾ ਕੇ ਭਰਦਾ ਸੀ। ਸੌ-ਸੌ ਕੋਹ ਤੋਂ ਲੋਕਾਈ ਇਸ ਮੇਲੇ ਨੂੰ ਵੇਖਣ ਆਉਂਦੀ ਸੀ। ਇੱਥੇ ਤਾਹਰਪੁਰ ਵਾਲਾ ਜਗੀਰਦਾਰ ਕਈ ਮੁਰੱਬਿਆਂ ਦਾ ਮਾਲਕ ਸੀ, ਜੋ ਕਿ ਨਵਾਬ ਵਜ਼ੀਰ ਖਾਨ ਦਾ ਰਿਸ਼ਤੇਦਾਰ ਸੀ। ਮੁਸਲਮਾਨਾਂ ਦੇ ਚਲੇ ਜਾਣ ਕਾਰਨ ਮੌਜਾ ਤਾਹਰਪੁਰ ਬੇ-ਚਿਰਾਗ ਮੌਜਾ ਹੈ।

ਉਨ੍ਹਾਂ ਜ਼ਮਾਨਿਆਂ ਵਿਚ 500 ਵਿੱਘੇ ਵਿਚ ਮੇਲਾ ਲੱਗਦਾ ਸੀ। ਇਸ ਮੇਲੇ 'ਤੇ ਹੁੰਦੇ ਇਕੱਠ ਦਾ ਇਥੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਮੇਲੇ ਦਾ ਪ੍ਰਬੰਧ ਕਰਨ ਲਈ ਪਟਿਆਲਾ ਰਿਆਸਤ ਦੀ ਸਾਰੀ ਪੁਲੀਸ ਮੇਲੇ 'ਤੇ ਪੁੱਜਦੀ ਸੀ। ਦੂਰ-ਦੂਰ ਦੇ ਇਲਾਕੇ ਤੋਂ ਨਾਮੀ ਪਹਿਲਵਾਨ ਛਿੰਝਾਂ ਵਿਚ ਭਾਗ ਲੈਣ ਲਈ ਆਉਂਦੇ ਸਨ। ਇਸ ਮੇਲੇ 'ਤੇ ਊਠਾਂ, ਘੋੜਿਆਂ, ਬਲਦ-ਗੱਡੀਆਂ ਤੇ ਰੇਹੜੂਆਂ-ਰੱਥਾਂ ਆਦਿ ਦੀਆਂ ਦੌੜਾਂ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਕੁੱਕੜਾਂ ਤੇ ਭੇਡੂਆਂ ਦੀ ਲੜਾਈ ਦਾ ਦ੍ਰਿਸ਼ ਵੀ ਵੇਖਣ ਵਾਲਾ ਹੁੰਦਾ ਸੀ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਲੋਕ ਸਾਰਾ ਸਾਲ ਤਿਆਰੀਆਂ ਕਰਦੇ ਰਹਿੰਦੇ ਸਨ। ਇਹ ਮੇਲਾ ਅਜੋਕੇ ਰਾਏਪੁਰ ਦੇ ਖੇਡ ਮੇਲੇ ਦੇ ਮੁਕਾਬਲੇ ਦਾ ਮੇਲਾ ਸੀ ਹਰ ਤਰ੍ਹਾਂ ਦੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਜੇਤੂਆਂ ਨੂੰ ਜਾਗੀਰਦਾਰ ਵੱਲੋਂ ਇਨਾਮ ਸਨਮਾਨ ਨਾਲ ਨਿਵਾਜ਼ਿਆ ਜਾਂਦਾ ਸੀ। ਸਮੇਂ ਵਿਚ ਆਈ ਤਬਦੀਲੀ ਨਾਲ ਹੁਣ ਇਨ੍ਹਾਂ ਮੇਲਿਆਂ ਦਾ ਰੂਪ ਸਰੂਪ ਬਿਲਕੁਲ ਹੀ ਬਦਲ ਗਿਆ ਹੈ।

# 19 ਮੇਲਾ ਮਾਘੀ – ਦਾਊਂ

*ਮਨਮੋਹਨ ਸਿੰਘ ਦਾਊਂ*

ਪੁਆਧ ਖੇਤਰ ਵਿੱਚ ਸਭ ਤੋਂ ਵੱਡਾ ਮੇਲਾ ਮਾਘੀ ਪਿੰਡ ਦਾਊਂ ਵਿੱਚ ਆਪਣੀ ਇਤਿਹਾਸਕ ਮਹੱਤਤਾ ਕਰਕੇ ਲੋਹੜੀ ਤੋਂ ਅਗਲੇ ਦਿਨ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

ਪਿੰਡ ਦਾਊਂ ਜ਼ਿਲ੍ਹਾ, ਐਸ.ਏ.ਐਸ. (ਮੁਹਾਲੀ) ਦਾ ਪ੍ਰਾਚੀਨ ਇਤਿਹਾਸ ਦੀ ਕਥਾ ਦਾ ਲਖਾਇਕ ਹੈ। ਖਰੜ ਤੋਂ ਚੰਡੀਗੜ੍ਹ ਮਾਰਗ 'ਤੇ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਖੱਬੇ ਹੱਥ ਸਥਿਤ ਹੈ। ਕਦੇ ਇਹ ਪਿੰਡ ਤਹਿਸੀਲ ਖਰੜ ਤੇ ਜ਼ਿਲ੍ਹਾ, ਅੰਬਾਲਾ ਦਾ ਹੁੰਦਾ ਸੀ। ਇਸ ਪਿੰਡ ਵਿੱਚ ਜੱਟ, ਬ੍ਰਾਹਮਣ, ਕਹਾਰ, ਤਰਖਾਣ, ਨਾਈ, ਲੁਹਾਰ, ਤੇਲੀ, ਪੀਂਜੇ, ਜੁਲਾਹੇ, ਘੁਮਿਆਰ, ਰਾਮਦਾਸੀਏ, ਬਾਲਮੀਕੀ, ਰਾਈਂ ਆਦਿ ਜਾਤੀਆਂ ਦੇ ਲੋਕ ਰਹਿੰਦੇ ਹਨ। ਸਿੱਖ, ਹਿੰਦੂ ਤੇ ਮੁਸਲਮਾਨ ਧਰਮਾਂ ਦੇ ਲੋਕ ਆਪਸ ਵਿੱਚ ਬਹੁਤ ਪ੍ਰੇਮ-ਭਾਵਨਾ ਨਾਲ ਰਹਿੰਦੇ ਹਨ। ਤਿੱਥ-ਤਿਓਹਾਰ ਰਲ ਮਿਲ ਕੇ ਮਨਾਉਂਦੇ ਹਨ। ਹੁਣ ਬਹੁਤ ਸਾਰੇ ਲੋਕ ਹੋਰ ਥਾਵਾਂ ਤੋਂ ਵੀ ਆ ਵੱਸੇ ਹਨ। ਪਿੰਡ ਦਾਊਂ ਤੋਂ ਇੱਕ ਕਿਲੋਮੀਟਰ ਦੂਰੀ 'ਤੇ ਉੱਤਰ ਵੱਲ ਰਾਮਗੜ੍ਹ, ਸੋਢੀਆਂ ਦਾ ਕਸਬਾ ਹੈ ਜਿੱਥੇ ਦੋਵੇਂ ਪਿੰਡਾਂ ਦਾ ਸਰਕਾਰੀ ਹਾਈ ਸਕੂਲ ਹੈ ਤੇ ਪੰਚਾਇਤ ਸਾਂਝੀ ਹੈ। ਉੱਥੇ ਵੀ ਨਵੀਂ ਅਬਾਦੀ ਆ ਵੱਸੀ ਹੈ।

ਇਸ ਪਿੰਡ ਵਿੱਚ ਬਾਬਾ ਖੜਕ ਸਿੰਘ ਦਾ ਗੁਰਦੁਆਰਾ (ਡੇਰਾ) ਹੈ ਜਿੱਥੇ ਹਰ ਐਤਵਾਰ ਤੇ ਸੰਗਰਾਂਦ ਨੂੰ ਭਾਰੀ ਗਿਣਤੀ ਵਿੱਚ ਸੰਗਤਾਂ ਜੁੜਦੀਆਂ ਹਨ। ਮੇਲਾ ਮਾਘੀ ਲੋਹੜੀ ਤੋਂ ਅਗਲੇ ਦਿਨ ਬੜੀ-ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਦੱਸਿਆਂ ਜਾਂਦਾ ਹੈ ਕਿ ਲਗ-ਪਗ 350 ਸਾਲ ਪਹਿਲਾਂ ਬਾਬਾ ਖੜਕ ਸਿੰਘ ਖਰੜ ਰਹਿੰਦੇ ਸਨ ਜਿੱਥੇ ਹੁਣ ਵੀ ਅੱਜ ਸਰੋਵਰ (ਤਲਾਬ) ਦੇ ਸਾਹਮਣੇ ਗੁਰੂ-ਪੁਰਖਿਆਂ ਦੀਆਂ ਸਮਾਧਾਂ ਹਨ। ਰਜਵਾੜਾ ਸ਼ਾਹੀ ਕਾਰਨ ਖਰੜ ਦੇ ਸਰਦਾਰ ਨਾਲ ਝਗੜਾ ਹੋਣ ਕਾਰਨ, ਬਾਬਾ ਖੜਕ ਸਿੰਘ ਆਪਣੇ ਸ਼ਰਧਾਲੂਆਂ ਸਮੇਤ ਖਰੜ ਤੋਂ ਪਿੰਡ ਦਾਊਂ ਆ ਬਿਰਾਜੇ ਤੇ ਆਪਣਾ ਝੰਡਾ ਸਾਹਿਬ ਸਥਾਪਤ ਕੀਤਾ। ਜ਼ਮੀਨ ਖਰੀਦ ਕੇ ਲੋਕ ਲਿਆ ਵਸਾਏ ਤੇ ਸ਼ਰਧਾਵਾਨਾਂ ਦਾ ਵਾਧਾ ਹੁੰਦਾ ਗਿਆ। ਅਜ਼ਾਦੀ ਤੋਂ ਪਹਿਲਾਂ ਜ਼ਮੀਨ ਦੀ ਮਲਕੀਅਤ ਬਾਬਾ ਗੁਰੂਆਂ ਦੀ ਹੀ ਹੁੰਦੀ ਸੀ ਪਰੰਤੂ ਮਰੂਸ ਖ਼ਤਮ ਹੋਣ ਪਿੱਛੋਂ ਵਾਹੀਕਾਰ ਜ਼ਮੀਨਾਂ ਦੇ ਮਾਲਕ ਬਣ ਗਏ। ਇਸ ਪਰ-ਉਪਕਾਰੀ ਕਾਰਜ ਕਾਰਨ ਲੋਕੀਂ ਗੁਰੂ ਘਰ ਨਾਲ ਹੋਰ ਵੀ ਅਪਣੱਤ ਦੀ ਭਾਵਨਾ ਨਾਲ ਸ਼ਰਧਾਵਾਨ ਹੋ ਗਏ।

ਪਿੰਡ ਦਾਊਂ ਦੇ ਮੇਲੇ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਦੇ ਇਤਿਹਾਸਕ

ਪਿਛੋਕੜ ਬਾਰੇ ਜਾਣਨਾ ਜ਼ਰੂਰੀ ਹੈ। ਸਿੱਖੀ ਦੇ ਕੇਂਦਰ ਗੋਇੰਦਵਾਲ ਵਿਖੇ ਜਦੋਂ ਸਿੱਖਾਂ ਦੇ ਤੀਜੇ ਗੁਰੂ (ਪਾਤਸ਼ਾਹੀ) ਸ਼੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਦੇਸ਼-ਬਦੇਸਾਂ ਲਈ ਬਾਈ ਮੰਜੀਆਂ ਭਾਵ ਭਾਈ ਪ੍ਰਚਾਰਕ ਸਥਾਪਤ ਕੀਤੇ ਜਿਨ੍ਹਾਂ ਦੇ ਵੇਰਵਾ 'ਮਹਾਨ ਕੋਸ਼' ਅਨੁਸਾਰ ਦਰਜ ਹੈ:

1. ਅੱਲਾਯਾਰ (ਪਠਾਨ)
2. ਸੱਚਨ ਸੱਚ (ਲਾਹੌਰ)
3. ਸਾਧਾਰਣ (ਗੋਇੰਦਵਾਲ)
4. ਸਾਵਣਮੱਲ (ਗੁਰੂ ਭਤੀਜਾ)
5. ਸੁੱਖਣ (ਧਮਿਆਲ)
6. ਹੁੰਦਲ (ਅੰਮ੍ਰਿਤਸਰ)
7. ਕੇਦਾਰੀ (ਬਟਾਲਾ)
8. ਖੇਡਾ (ਖੇਮਕਰਨ)
9. ਗੰਗੂਸ਼ਾਹ (ਗੜ੍ਹਸ਼ੰਕਰ)
10. ਦਰਬਾਰੀ (ਮਜੀਠਾ)
11. ਪਾਰੋ (ਡੱਲਾਮੋਗਾ)
12. ਫੇਰਾ (ਜੰਮੂ)
13. ਬਣੀ (ਲਾਹੌਰ)
14. ਬੂਆ (ਹਰਗੋਬਿੰਦਪੁਰ)
15. ਮਹੇਸ਼ਾ (ਸੁਲਤਾਨਪੁਰ ਲੋਧੀ)
16. ਮਾਈਦਾਸ (ਅੰਮ੍ਰਿਤਸਰ)
17. ਮਾਣਕ ਚੰਦ (ਵੈਰੋਵਾਲ)
18. ਮੁਰਾਰੀ (ਲਾਹੌਰ)
19. ਰਾਜਾਰਾਮ (ਸੰਧਵਾਂ)
20. ਰੰਗਸ਼ਾਹ (ਜਲੰਧਰ)
21. ਰੰਗਦਾਸ (ਘੜੂੰਆਂ)
22. ਲਾਲੋ (ਕਪੂਰਥਲਾ)

ਇਨ੍ਹਾਂ 'ਚੋਂ ਗੰਗੂਸ਼ਾਹ (ਗੰਗਦਾਸ) ਗੜ੍ਹਸ਼ੰਕਰ ਦੇ ਬੱਸੀ ਖੱਤਰੀ ਨੂੰ ਗੁਰੂ ਅਮਰਦਾਸ ਜੀ ਨੇ ਸਿਰਮੌਰ ਦੇ ਇਲਾਕੇ (ਜੋ ਹੁਣ ਹਿਮਾਚਲ 'ਚ ਹੈ) ਵਿੱਚ ਸਿੱਖੀ ਦੇ ਪ੍ਰਚਾਰ ਲਈ ਨਾਮਜ਼ਦ ਕੀਤਾ। ਲੱਕੜ ਦੀ ਡੋਈ (ਕੜਛਾ) ਲੰਗਰ ਲਾਉਣ ਦੇ ਪ੍ਰੀਤਕ ਵੱਜੋਂ ਤੇ ਇੱਕ ਬਾਂਸ ਦਾ ਡੰਡਾ ਨਿਸ਼ਾਨ ਸਾਹਿਬ (ਝੰਡਾ) ਵੱਜੋਂ ਦਿੱਤਾ ਤਾਂ ਜੋ ਲੋਕਾਈ ਨੂੰ ਗੁਰੂ ਨਾਨਕ ਬਾਣੀ-ਸੰਦੇਸ਼ ਨਾਲ ਜੋੜਿਆ ਜਾਵੇ। ਇਸ ਦੌਰਾਨ ਬਾਬਾ ਗੰਗਦਾਸ ਨੇ ਗੁਰੂ ਘਰ ਦੀ ਮਿਲ ਕੇ ਸੇਵਾ ਨਿਭਾਈ। ਰਹਿਮਤਾਂ ਸਦਕਾ ਆਪ ਦੀ ਸ਼ਾਹੀ ਵੀ ਚੱਲੀ। ਦਿੱਲੀ ਵਿਖੇ ਆਪ ਦੇ ਨਾਮ ਦੀ ਹੁੰਡੀ ਦੀ ਮਹਿਮਾ ਵੀ ਫੈਲੀ। ਕੁਝ ਅਧੋਗਤੀ ਦਾ ਸਮਾਂ ਵੀ ਆਇਆ ਪਰੰਤੂ ਗੁਰੂ ਘਰ ਭੁੱਲਿਆਂ ਨੂੰ ਬਖ਼ਸ਼ਣ ਵਾਲਾ ਹੈ। ਬਾਬਾ ਗੰਗਦਾਸ ਦੀ ਸ਼ੋਭਾ ਤੇ ਕੀਰਤੀ ਫੇਰ ਰੰਗ ਲਿਆਈ। ਇਸ ਜੋਤ ਦੇ ਰੂਹਾਨੀ ਗੱਦੀ-ਨਸ਼ੀਨ ਬਾਬਾ ਰੁਮਾਣਾ ਚੰਦ, ਬਾਬਾ ਰਾਮਦਾਸ, ਬਾਬਾ ਸਿਰੀ ਚੰਦ, ਬਾਬਾ ਸੁੱਖਾ ਨੰਦ, ਬਾਬਾ ਕਰਮ ਚੰਦ, ਬਾਬਾ ਸੀਤਲ ਦਾਸ, ਬਾਬਾ ਬਿਕਰਮਾਜੀਤ, ਬਾਬਾ ਖੜਕ ਸਿੰਘ, ਬਾਬਾ ਬਿਸ਼ਨ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਸੁੰਦਰ ਸਿੰਘ, ਬਾਬਾ ਜਸਵੰਤ ਸਿੰਘ, ਬਾਬਾ ਬਲਰਾਮ ਸਿੰਘ (ਹਰੀਪੁਰ ਵਾਲੇ), ਟਿੱਕਾ ਬਾਬਾ ਜਗਤਾਰ ਸਿੰਘ, ਬਾਬਾ ਬਲਵੀਰ ਸਿੰਘ ਹੋਏ। ਇਸ ਵੇਲੇ

ਸਤਾਰਵੀਂ ਜੋਤ (ਪੀੜ੍ਹੀ) ਬਾਬਾ ਦੀ ਉਪਾਧੀ 'ਤੇ ਬੀਬੀ ਓਂਕਾਰਪ੍ਰੀਤ ਕੌਰ ਸਸ਼ੋਭਤ ਹਨ ਜਿਨ੍ਹਾਂ ਦੀ ਸੁਘੜ ਰਹਿਨੁਮਾਈ ਨਾਲ ਬਾਬਾ ਖੜਕ ਸਿੰਘ ਗੁਰਦੁਆਰਾ ਸਾਹਿਬ ਨਵੀਂ ਦਿਸ਼ਾ ਗ੍ਰਹਿਣ ਕਰ ਰਿਹਾ ਹੈ। ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤੇ ਇੱਕ ਵੱਡੇ ਲੰਗਰ ਦੇ ਭਵਨ ਦੀ ਉਸਾਰੀ ਕੀਤੀ ਗਈ ਹੈ। ਨਵੀਂ ਦਿੱਖ ਦੀ ਆਭਾ ਝਲਕਦੀ ਹੈ। ਇਸ ਗੁਰੂ-ਜੋਤ ਦੇ ਹੋਰ ਝੰਡੇ (ਡੇਰੇ) ਪੰਜਾਬ ਤੇ ਇਸ ਤੋਂ ਬਾਹਰ ਵੀ ਸਥਿੱਤ ਹਨ ਜਿਵੇਂ ਹਰੀਪੁਰ, ਜੋਹੜ ਜੀ, ਮਾਇਆ ਜੋਹੜ ਜੀ, ਨਾਹਣ, ਬਲੰਦ ਸ਼ਹਿਰ, ਖਟਕੜ ਕਲਾਂ, ਬੜਾ ਡੇਰਾ ਗੜ੍ਹ-ਗੰਗਾ ਜੀ, ਦਿੱਲੀ ਆਦਿਕ।

ਦਾਊਂ ਗੁਰੂ-ਡੇਰੇ ਦੀ ਪਰੰਪਰਾ ਵੱਖਰੀ ਕਿਸਮ ਦੀ ਹੈ। ਜਿਸ ਅਸਥਾਨ 'ਤੇ ਸੰਗਤਾਂ ਨਤਮਸਤਕ ਹੁੰਦੀਆਂ ਹਨ, ਉਸ ਪਵਿੱਤਰ ਅਸਥਾਨ ਨੂੰ ਝੰਡਾ ਸਾਹਿਬ ਕਿਹਾ ਜਾਂਦਾ ਹੈ। ਇਸ ਦਾ ਪ੍ਰਵੇਸ਼ ਦਰ ਪਹਾੜ ਵੱਲ ਦੀ ਦਿਸ਼ਾ ਨੂੰ ਹੈ ਤੇ ਝੁਕ ਕੇ ਪ੍ਰਵੇਸ਼ ਕਰਨਾ ਪੈਂਦਾ ਹੈ ਤੇ ਮੁੜਨ ਲਈ ਦੁਆਰ ਉੱਤਰ-ਪੱਛਮ ਨੂੰ ਹੈ। ਸੰਗਮਰਮਰ ਦੇ ਗੋਲ ਥੜ੍ਹੇ ਦੇ ਵਿਚਕਾਰ ਬਾਂਸ ਦਾ ਨਿਸ਼ਾਨ ਸਾਹਿਬ (ਝੰਡਾ) ਸ਼ੋਭਦਾ ਹੈ ਜਿਸ ਉੱਤੇ ਚੌਵੀ-ਗਜ਼ ਲੰਬਾਈ ਦਾ ਕੇਸਰੀ-ਰੰਗ ਦੇ ਕੱਪੜੇ ਦਾ ਝੰਡਾ ਚੜ੍ਹਾਇਆ ਜਾਂਦਾ ਹੈ। ਸਿਖਰ ਉੱਤੇ ਮੋਰ-ਪੰਖ ਬੰਨ੍ਹੇ ਜਾਂਦੇ ਹਨ। ਗੋਲਕ ਵਿੱਚ ਮਰਿਯਾਦਾ ਅਨੁਸਾਰ ਪੁਰਾਣੇ ਪੰਜ ਪੈਸੇ ਜਾਂ ਨਵੇਂ ਦਸ ਪੈਸੇ ਪਾ ਕੇ ਸ਼ਰਧਾਲੂ ਸੁੱਖ-ਸੁੱਖਦਾ ਹੈ ਅਤੇ ਆਪਣੇ ਮਨ-ਇੱਛਤ ਕਾਰਜ ਲਈ ਅਰਦਾਸ ਕਰਵਾਉਂਦਾ ਹੈ। ਆਪਣੀ ਆਸਥਾ ਪੂਰੀ ਹੋਣ 'ਤੇ ਸ਼ਰਧਾਲੂ ਮਾਇਆ, ਕੜਾਹ ਪ੍ਰਸਾਦ, ਪਤਾਸੇ, ਚਾਵਲ, ਦੁੱਧ, ਘਿਓ, ਅਨਾਜ, ਪਸ਼ੂ, ਬਸਤਰ, ਫਲ, ਮਿਠਾਈ ਆਦਿ ਚੜ੍ਹਾ ਕੇ ਮੱਥਾ ਟੇਕਦੇ ਹਨ। ਅਰਦਾਸ ਦਾ ਅਰੰਭ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਸ੍ਰੀ ਲਖ਼ਮੀ-ਦਾਸ, ਸਿਰੀ ਚੰਦ ਦੇ ਨਾਂ ਲੈਣ ਉਪਰੰਤ ਬਾਬਾ ਗੰਗਦਾਸ ਤੇ ਉਸ ਦੀ ਬੰਸਾਵਲੀ ਨਾਲ ਸਬੰਧਤ ਗੱਦੀ-ਨਸ਼ੀਨਾਂ ਦੇ ਨਾਮ ਲਏ ਜਾਂਦੇ ਹਨ। ਸਵੇਰੇ ਤੇ ਸ਼ਾਮੀਂ ਧੂਪ-ਬੱਤੀ ਤੇ ਆਰਤੀ ਕੀਤੀ ਜਾਂਦੀ ਹੈ। ਘੜਿਆਲਾਂ ਤੇ ਨਗਾਰੇ ਦੀਆਂ ਅਵਾਜ਼ਾਂ ਨਾਲ-ਨਾਲ ਧੂਪੀਆ ਥੜ੍ਹੇ ਦੇ ਆਲੇ-ਦੁਆਲੇ ਪਰਕਰਮਾ ਕਰਕੇ ਮੱਥਾ ਟੇਕਦਾ ਹੈ ਤੇ ਸੰਗਤਾਂ ਨੂੰ ਪ੍ਰਸਾਦ ਵੰਡਿਆ ਜਾਂਦਾ ਹੈ। ਉਂਝ ਚਾਹ ਤੇ ਪ੍ਰਸਾਦੇ ਦਾ ਲੰਗਰ ਸਦਾ ਚਲਦਾ ਰਹਿੰਦਾ ਹੈ। ਕੋਠੀ ਵਾਲੀ ਇਮਾਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਤੇ ਬਾਣੀ ਦੇ ਜਾਪ ਦੇ ਭੋਗ ਪਾਏ ਜਾਂਦੇ ਹਨ।

ਝੰਡਾ ਸਾਹਿਬ ਦੇ ਅਸਥਾਨ ਤੋਂ ਉੱਤਰ ਵੱਲ ਪਿੰਡ ਦੀ ਸੜਕ ਪਾਰ ਦੋ ਕੁ ਸੌ ਮੀਟਰ ਦੀ ਦੂਰੀ 'ਤੇ ਬਾਬਾ ਬਲਰਾਮ ਸਿੰਘ, ਬਾਬਾ ਜਗਤਾਰ ਸਿੰਘ, ਮਾਤਾ ਜੀ ਤੇ ਬਾਬਾ ਬਲਵੀਰ ਸਿੰਘ ਦੀਆਂ ਸ਼ਾਨਦਾਰ ਗੁੰਬਦਨੁਮਾ ਸਮਾਧਾਂ ਹਨ ਜਿੱਥੇ ਸ਼ਰਧਾਲੂ ਮੱਥਾ ਟੇਕਦੇ ਹਨ। ਸ਼ਿਵਦਿਆਲੀ 'ਚ ਪੁਰਖਿਆਂ ਦੀਆਂ ਸਮਾਧਾਂ ਵੀ ਹਨ। ਇਸ ਡੇਰੇ ਦੇ ਨਾਂ ਕਈ ਸੈਂਕੜੇ ਕੀਲੇ ਜ਼ਮੀਨ ਹੈ ਜਿੱਥੇ ਗੁਰੂ ਘਰ ਦੇ ਨੌਕਰ ਖੇਤੀ ਕਰਦੇ ਹਨ ਤੇ ਉਸ ਉਪਜ ਨਾਲ ਲੰਗਰ ਤੇ ਹੋਰ ਖਰਚੇ ਕੀਤੇ ਜਾਂਦ ਹਨ।

ਮੇਲਾ ਮਾਘੀ ਤੋਂ ਕਈ ਦਿਨ ਪਹਿਲਾਂ ਦੂਰ-ਦੂਰ ਤੋਂ ਦੁਕਾਨਦਾਰ ਆਪਣੀਆਂ ਦੁਕਾਨਾਂ ਸਜਾਉਂਦੇ ਹਨ। ਪੋਹ ਦੀ ਰਾਤ ਦਾ ਤਿਆਰ ਕੀਤਾ ਖਿੱਚੜ ਮਾਘ ਵਾਲੇ ਦਿਨ ਸੰਗਤਾਂ ਨੂੰ ਅਤੁੱਟ ਵਰਤਾਇਆ ਜਾਂਦਾ ਹੈ। ਸੰਗਤਾਂ ਦਾ ਹੜ੍ਹ, ਸਾਂਭਿਆ ਨਹੀਂ ਜਾਂਦਾ। ਸਵੇਰੇ ਦਸ ਵਜੇ ਤੋਂ ਦੋ ਵਜੇ ਤਕ ਮੇਲਾ ਪੂਰੇ ਜੋਬਨ 'ਤੇ ਹੁੰਦਾ ਹੈ। ਸੰਗਤਾਂ ਦੀ ਸਹੂਲਤ ਲਈ ਪੰਜਾਬ ਪੁਲਿਸ ਤੇ ਕਈ ਹੋਰ ਸਮਾਜ-ਭਲਾਈ ਸੰਸਥਾਵਾਂ ਸੇਵਾ ਨਿਭਾਉਂਦੀਆਂ ਹਨ। ਰਾਜਸੀ-ਪਾਰਟੀਆਂ ਵੀ ਸਟੇਜਾਂ ਲਾਉਂਦੀਆਂ ਹਨ। ਕਈ ਗਾਇਕ ਗੁਰੂ ਜਸ ਗਾ ਕੇ ਰੰਗ ਬੰਨ੍ਹਦੇ ਹਨ। ਕਈ ਵਾਰ ਬੈਲ-ਗੱਡੀਆਂ ਦੀਆਂ ਦੌੜਾਂ ਵੀ ਹੋਇਆ ਕਰਦੀਆਂ ਤੇ ਖੁੱਲ੍ਹੇ, ਖੇਤਾਂ ਵਿੱਚ ਭਲਵਾਨਾਂ ਦੇ ਘੋਲ ਵੀ ਕਰਵਾਏ ਜਾਂਦੇ। ਉਚੇਚੇ ਤੌਰ 'ਤੇ ਮਾਲਵਾ, ਦੁਆਬਾ ਤੇ ਪਹਾੜੀ ਸੰਗਤਾਂ ਆ ਕੇ ਸੇਵਾ ਕਰਦੀਆਂ ਹਨ। ਬੱਚਿਆਂ ਦੇ ਮਨੋਰੰਜਨ ਲਈ ਝੂਲੇ ਤੇ ਚੰਡੋਲ ਖਿੱਚ ਦਾ ਕੇਂਦਰ ਹੁੰਦੇ ਹਨ। ਕਈ ਜੱਥੇਬੰਦੀਆਂ ਨੁਮਾਇਸ਼ ਲਾ ਕੇ ਲੋਕਾਂ ਦਾ ਧਿਆਨ ਖਿੱਚਦੀਆਂ ਹਨ। ਇਸ ਲੋਕ ਜੋੜ-ਮੇਲੇ ਨੂੰ ਪੁਆਧ ਇਲਾਕੇ ਦੇ ਸਭਿਆਚਾਰ ਦਾ ਦਰਪਣ ਕਿਹਾ ਜਾ ਸਕਦਾ ਹੈ ਜਿੱਥੇ ਕਿਸੇ ਭਿੰਨ-ਭੇਦ, ਜਾਤ-ਪਾਤ, ਧਰਮ ਤੇ ਵਰਣ ਦੇ ਲੋਕ ਆਪਣੀ ਸ਼ਰਧਾ ਅਨੁਸਾਰ ਚੜ੍ਹਾਵਾ ਚੜ੍ਹਾਉਂਦੇ ਹਨ। ਲੱਖਾਂ ਦੀ ਗਿਣਤੀ ਦਾ ਠਾਠਾਂ ਮਾਰਦਾ ਇਹ ਮੇਲਾ ਸੂਰਜ ਛਿੱਪਣ ਨਾਲ ਸਮਾਪਤ ਹੋ ਜਾਂਦਾ ਹੈ। ਖ਼ੁਸ਼ੀ ਦੀ ਗੱਲ ਹੈ ਕਿ ਇਸ ਪਿੰਡ ਦੀ ਇਤਿਹਾਸਕ ਮਹੱਤਤਾ ਹੋਣ ਕਾਰਨ, ਕੇਂਦਰੀ-ਸਰਕਾਰ ਨੇ ਸਾਂਸਦ ਆਦਰਸ਼ ਗਰਮ ਯੋਜਨਾ ਅਧੀਨ, ਲੋਕ-ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰੇ ਨੇ 10 ਨਵੰਬਰ, 2014 ਨੂੰ ਇਲਾਕਾ ਨਿਵਾਸੀਆਂ ਦੇ ਇਕੱਠ ਵਿੱਚ ਪਿੰਡ ਦਾਊਂ ਨੂੰ ਇੱਕ ਆਦਰਸ਼ ਪਿੰਡ ਬਣਾਉਣ ਲਈ ਚੁਣਿਆ ਹੈ। ਉਮੀਦ ਕੀਤੀ ਜਾਂਦੀ ਹੈ ਕਿ ਇਸ ਇਤਿਹਾਸਕ ਪਿੰਡ ਦੀ ਕਾਇਆ-ਕਲਪ ਸਿਧਰੇਗੀ।

# 20 ਨਥਾਣੇ ਦੀ ਸਭਾ

*ਨਿਰੰਜਣ ਸਿੰਘ ਸੈਲਾਨੀ*

*ਮੋਬਾ: 9876228703*

ਦੰਦ ਕਥਾ ਅਨੁਸਾਰ ਨਥਾਣੇ ਦੀ ਸਭਾ ਕਾਫੀ ਪੁਰਾਣੇ ਸਮੇਂ ਤੋਂ ਲਗਦੀ ਆ ਰਹੀ ਹੈ। ਬਜ਼ੁਰਗ ਦੱਸਦੇ ਹਨ ਕਿ ਇਸ ਸਥਾਨ 'ਤੇ ਨਾਥ ਰਿਹਾ ਕਰਦੇ ਸਨ। ਉਹ ਨਾਥ ਪੰਥ ਨੂੰ ਮੰਨਦੇ ਸਨ ਅਤੇ ਇਸ ਪੰਥ ਦਾ ਪ੍ਰਚਾਰ ਕਰਦੇ ਸਨ। ਜੱਟਾਜੂਟ ਨਾਥ ਨਸ਼ਿਆਂ ਵਿਚ ਗੁੱਟ ਹੋ ਕੇ ਪਿੰਡੇ ਉਪਰ ਰਾਖ ਮਲ ਕੇ ਧੂਣੀਆਂ ਰਮਾ ਕੇ ਸਾਰਾ ਦਿਨ ਧੂੰਵਾਂ ਦੇ ਧੁੱਖਦੇ ਧੂਣੇ ਦੇ ਦੁਆਲੇ ਆਪਣੀ ਮਸਤੀ 'ਚ ਗਲਤਾਨ ਰਹਿੰਦੇ ਸਨ। ਚੁਤਰਫੀ ਕਿਕਰਾਂ ਦੀ (ਜੰਗਲ) ਬਣੀ ਹੁੰਦੀ ਸੀ। ਲੋਕਾਂ ਵਿਚ ਨਾਥਾਂ ਦੀ ਕਾਫੀ ਮਾਨਤਾ ਸੀ। ਉਹ ਇਕ ਖਾਸ ਤਰ੍ਹਾਂ ਦਾ ਪਹਿਰਾਵਾ ਪਹਿਨ ਕੇ ਪਿੰਡਾਂ ਵਿਚ ਭਿਖਿਆ ਮੰਗਣ ਜਾਂਦੇ ਸਨ।

ਤੀਜੇ ਗੁਰੂ ਅਮਰਦਾਸ ਜੀ ਜਦੋਂ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਇਸ ਇਲਾਕੇ ਵਿਚ ਵਿਚਰ ਰਹੇ ਸਨ ਤਾਂ ਉਨ੍ਹਾਂ ਦਾ ਮੇਲ ਨਾਥਾਂ ਨਾਲ ਹੋਇਆ। ਗੁਰੂ ਜੀ ਦੀ ਮਹਿਮਾ ਸੁਣ ਕੇ ਲੋਕ ਵੀ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਣ ਲੱਗੇ। ਨਾਥਾਂ ਨਾਲ ਗੁਰੂ ਜੀ ਦੀ ਗੋਸ਼ਟੀ ਹੋਈ। ਨਾਥ ਗੁਰੂ ਜੀ ਦਾ ਸੱਚ ਦਾ ਉਪਦੇਸ਼ ਸੁਣ ਕੇ ਨਿਰਉੱਤਰ ਹੋ ਗਏ। ਬਜ਼ੁਰਗ ਦੱਸਦੇ ਹਨ ਕਿ ਉਸ ਸਮੇਂ ਤੋਂ ਸਾਲਾਨਾ ਨਥਾਣੇ ਦੀ ਸਭਾ ਲਗਦੀ ਆ ਰਹੀ ਹੈ। ਸਮਾਂ ਪਾ ਕੇ ਨਾਥਾਂ ਦਾ ਪ੍ਰਭਾਵ ਇਲਾਕੇ 'ਚੋਂ ਘਟਦਾ ਗਿਆ ਅਤੇ ਲੋਕਾਂ 'ਚ ਗੁਰਬਾਣੀ ਦਾ ਪ੍ਰਭਾਵ ਹੌਲੀ-ਹੌਲੀ ਵਧਦਾ ਗਿਆ। ਨੇੜਲੇ ਇਲਾਕੇ ਦੇ ਪਿੰਡਾਂ ਵਿਚ ਵੀ ਸਿੱਖੀ ਸੇਵਕੀ ਵਧਦੀ ਗਈ। ਨੌਵੇਂ ਗੁਰੂ ਵੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਇਸ ਸਥਾ 'ਤੇ ਆਏ ਸਨ।

ਇਹ ਸਥਾਨ ਰਾਜਪੁਰੇ ਤੋਂ ਲਗਪਗ 17-18 ਕਿਲੋਮੀਟਰ ਦੀ ਦੂਰੀ 'ਤੇ ਹੈ। ਜਦੋਂ ਰਾਜਪੁਰੇ ਤੋਂ ਘਨੌਰ ਵਾਇਆ ਸ਼ੰਭੂ ਜਾਈਏ ਤਾਂ ਰਾਹ 'ਚ ਪੈਂਦੇ ਪਿੰਡ ਪਿੱਪਲ ਮੰਘੋਲੀ ਤੋਂ ਇਹ ਸਥਾਨ ਦੱਖਣ ਪਾਸੇ ਵੱਲ ਦੋ ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਪੁਆਧ ਦੇ ਇਲਾਕੇ ਦੀ ਨਥਾਣੇ ਦੀ ਸਭਾ ਇਕ ਬਹੁਤ ਹਰਮਨ ਪਿਆਰਾ ਮੇਲਾ ਹੈ। ਬੜੀ ਦੂਰੋਂ-ਦੂਰੋਂ ਲੋਕ ਇਸ ਮੇਲੇ ਨੂੰ ਵੇਖਣ ਅਤੇ ਮਾਨਣ ਲਈ ਆਉਂਦੇ ਹਨ। ਇਹ ਮੇਲਾ ਲਗਾਤਾਰ ਤਿੰਨ ਦਿਨ ਲਗਦਾ ਹੈ। ਲੋਹੜੀ ਤੋਂ ਇਕ ਦਿਨ ਪਹਿਲਾਂ ਸ਼ੁਰੂ ਹੋ ਕੇ ਮਾਘੀ ਵਾਲੇ ਦਿਨ ਸੰਪੂਰਨ ਹੁੰਦਾ ਹੈ। ਤਿੰਨੋਂ ਦਿਨ ਗੁਰਦੁਆਰੇ ਵਿਚ ਅਖੰਡ ਪਾਠ, ਕੀਰਤਨ ਅਤੇ ਲੰਗਰ ਨਿਰੰਤਰ ਜਾਰੀ ਰਹਿੰਦਾ ਹੈ।

ਆਵਾਜਾਈ ਲਈ ਪਿੰਡਾਂ 'ਚ ਜਦੋਂ ਗੱਡਾ, ਰੱਥ, ਰੇੜੂ ਅਤੇ ਬੋੜਾ ਵਰਤੇ ਜਾਂਦੇ

ਸਨ ਤਾਂ ਇਸ ਦਾ ਪੁਰਾਤਨ ਸਰੂਪ ਵੱਖਰਾ ਹੀ ਹੁੰਦਾ ਸੀ। ਸਭਾ ਲੱਗਣ ਤੋਂ ਕਈ ਦਿਨ ਪਹਿਲਾਂ ਹੀ ਇਸ ਦੀ ਚਰਚਾ ਸ਼ੁਰੂ ਹੋ ਜਾਂਦੀ ਸੀ। ਦੂਰ ਪਾਰ ਤੋਂ ਇਸ ਮੇਲੇ ਨੂੰ ਵੇਖਣ ਲਈ ਰਿਸ਼ਤੇਦਾਰ ਬੜੇ ਹੁੰਮ-ਹੁਮਾ ਕੇ ਪੁੱਜਦੇ ਸਨ। ਘਰਾਂ ਵਿਚ ਰੌਣਕਾਂ ਲੱਗ ਜਾਂਦੀਆਂ ਸਨ। ਵਿਰਲਾ ਹੀ ਘਰ ਹੁੰਦਾ ਸੀ ਜਿਸ ਘਰ ਕੋਈ ਪ੍ਰਾਹੁਣਾ ਨਾ ਆਇਆ ਹੋਵੇ। ਪ੍ਰਾਹੁਣਿਆਂ ਦੀ ਸੇਵਾ ਲਈ ਲੋਕ ਪਹਿਲਾਂ ਹੀ ਘਰੇ ਸੌਦਾ ਪੱਤਾ ਲਿਆ ਕੇ ਰੱਖਦੇ ਸੀ। ਦੇਸੀ ਘੀ ਅਤੇ ਬੂਰਾ ਆਏ ਗਏ ਨੂੰ ਰੋਟੀ ਨਾਲ ਪਰੋਸਣਾ ਪੁਆਧ ਦੀ ਖਾਸ ਪਰੰਪਰਾ ਰਹੀ ਹੈ। ਸਭਾ ਲਈ ਘਰ ਦੇ ਸਾਰੇ ਜੀਆਂ ਲਈ ਵਿੱਤ ਅਨੁਸਾਰ ਨਵੇਂ ਕੱਪੜੇ ਸਵਾਏ ਜਾਂਦੇ ਸਨ।

ਸਵੇਰੇ ਹੀ ਮੇਲੇ ਵਾਲੇ ਦਿਨ ਲੋਕਾਂ ਖਾਸ ਕਰ ਬੱਚਿਆਂ ਦਾ ਮੇਲੇ ਜਾਣ ਦਾ ਚਾਅ ਵੇਖਣ ਵਾਲਾ ਹੁੰਦਾ ਸੀ। ਕੁੜੀਆਂ ਮੁਟਿਆਰਾਂ ਵੀ ਨਵੇਂ ਕੱਪੜੇ ਪਾ ਕੇ ਹਾਰ ਸ਼ਿੰਗਾਰ ਕਰਕੇ ਵੱਡੀ ਉਮਰ ਦੀਆਂ ਤ੍ਰੀਮਤਾਂ ਨਾਲ ਮੇਲੇ 'ਤੇ ਜਾਣ ਲਈ ਤਿਆਰੀ ਕਰਦੀਆਂ ਸਨ। ਗਭਰੂ ਵੀ ਤੁਰਲੇ ਵਾਲੀਆਂ ਪੱਗਾਂ ਬੰਨ੍ਹ ਕੇ ਗਲਾਂ ਵਿਚ ਕੈਂਠੇ ਪਾ ਕੇ ਇਕ ਅਨੋਖੇ ਹੀ ਸਰੂਰ ਵਿਚ ਮਸਤ ਹੁੰਦੇ ਸਨ। ਪਸ਼ੂਆਂ ਲਈ ਚਾਰੇ ਪੱਠੇ ਦਾ ਪ੍ਰਬੰਧ ਮੇਲੇ ਦੇ ਤਿੰਨ ਦਿਨਾਂ ਲਈ ਉਹ ਪਹਿਲਾਂ ਹੀ ਕਰ ਰੱਖਦੇ ਸਨ।

ਗੱਡਿਆਂ ਅੱਗੇ ਜੋੜਨ ਲਈ ਗਭਰੂਆਂ ਨੇ ਬਲਦਾਂ ਨੂੰ ਹਾਰ ਹਮੇਲਾਂ ਨਾਲ ਪੂਰੀ ਤਰ੍ਹਾਂ ਸ਼ਿੰਗਾਰਿਆ ਹੁੰਦਾ ਸੀ। ਬੋਤਿਆਂ (ਊਠਾਂ) ਦਾ ਕੀਤਾ ਸ਼ਿੰਗਾਰ ਤਾਂ ਵੇਖਿਆਂ ਹੀ ਬਣਦਾ ਸੀ। ਰੇੜੂਆਂ ਦਾ ਰੰਗ-ਢੰਗ ਤਾਂ ਵੱਖਰਾ ਹੀ ਹੁੰਦਾ ਸੀ।

ਰੱਥਾਂ ਨੂੰ ਵੀ ਨਵੀਂ ਦੁਲਹਨ ਦੀ ਤਰ੍ਹਾਂ ਸ਼ਿੰਗਾਰ ਕੇ ਲੋਕ ਮੇਲੇ 'ਤੇ ਜਾਂਦੇ ਸਨ। ਦੁਪਹਿਰ ਤੋਂ ਪਹਿਲਾਂ ਹੀ ਲੋਕੀਂ ਆਪਣੇ ਆਪਣੇ ਸਾਧਨਾਂ 'ਤੇ ਮੇਲੇ ਨੂੰ ਤੁਰ ਪੈਂਦੇ ਸਨ। ਗੱਡਿਆਂ, ਰੱਥਾਂ, ਰੇੜੂਆਂ ਦੇ ਗੋਹਰਾਂ 'ਚ ਭਜਾਉਣ ਨਾਲ ਗਰਦ ਦਾ ਰਾਹ 'ਤੇ ਰਾਜ ਹੋ ਜਾਂਦਾ ਸੀ, ਹਰ ਕੋਈ ਮੇਲੇ 'ਤੇ ਹਾਜ਼ਰ ਹੋ ਜਾਂਦਾ ਸੀ, ਹਰ ਕੋਈ ਮੇਲੇ 'ਤੇ ਪਹਿਲਾਂ ਪਹੁੰਚ ਕੇ ਆਨੰਦਿਤ ਹੋਣਾ ਚਾਹੁੰਦਾ ਸੀ। ਬੋਤਿਆਂ ਦੀ ਮਸਤ ਚਾਲ ਵੀ ਵੇਖਣ ਵਾਲੀ ਹੁੰਦੀ ਸੀ। ਠੰਢ ਦੀ ਰੁੱਤ ਭਰ ਜਵਾਨ ਹੋਣ ਕਾਰਨ ਲੋਕਾਂ ਨੇ ਲੋਈਆਂ, ਸ਼ਾਲਾਂ ਅਤੇ ਕੰਬਲ ਆਪਣੇ ਦੁਆਲੇ ਲਪੇਟੇ ਹੁੰਦੇ ਸਨ।

ਮੇਲੇ ਦਾ ਨਜ਼ਾਰਾ ਬੜਾ ਵਿਲੱਖਣ ਹੁੰਦਾ ਸੀ। ਜਿਉਂ ਜਿਉਂ ਦਿਨ ਚੜ੍ਹਦਾ ਹੈ ਸਾਰੇ ਪਾਸਿਆਂ ਦੇ ਪਿੰਡਾਂ ਦੇ ਲੋਕ ਮੇਲੇ 'ਚ ਆਉਣ ਨਾਲ ਮੇਲੇ ਦੀ ਰੌਣਕ ਸਿਖਰਾਂ ਨੂੰ ਪੁੱਜ ਜਾਂਦੀ ਸੀ। ਮੇਲੇ ਦਾ ਬਾਜ਼ਾਰ ਵੀ ਤਰ੍ਹਾਂ ਤਰ੍ਹਾਂ ਦੀਆਂ ਦੁਕਾਨਾਂ ਨਾਲ ਸਜਿਆ ਹੁੰਦਾ ਸੀ। ਬੜੇ ਚਿਰਾਂ ਪਿੱਛੋਂ ਜਦੋਂ ਦੋ ਦੋਸਤ ਮਿਲਦੇ ਸਨ ਤਾਂ ਉਹ ਜੱਫੀਆਂ ਪਾ ਕੇ ਮਿਲਦੇ ਸਨ। ਉਨ੍ਹਾਂ ਤੋਂ ਆਪਣੀ ਖੁਸ਼ੀ ਸੰਭਾਲੀ ਨਹੀਂ ਜਾਂਦੀ ਸੀ। ਬੱਚੇ ਮੇਲੇ 'ਤੇ ਆਪਣੀਆਂ ਫੋਟੋਆਂ ਖਿਚਵਾਉਂਦੇ ਸਨ। ਇਕ-ਦੂਜੇ ਨੂੰ ਚਾਹ ਨਾਲ ਗਰਮ ਗਰਮ ਜਲੇਬੀਆਂ ਅਤੇ ਪਕੌੜੇ

ਖਵਾਉਂਦੇ ਸਨ। ਕਦੀ-ਕਦਾਈਂ ਲੋਕਾਂ ਦਾ ਆਪਸ ਵਿਚ ਡਾਂਗ ਸੋਟਾ ਵੀ ਖੜਕਦਾ ਸੀ। ਦੁਪਹਿਰ ਤਕ ਮੇਲੇ 'ਚ ਲੋਕਾਂ ਦਾ ਇਕ ਤਰ੍ਹਾਂ ਹੜ੍ਹ ਹੀ ਆ ਜਾਂਦਾ ਸੀ। ਲੋਕ ਆਲੇ-ਦੁਆਲੇ ਦੀ ਫਸਲ ਵੀ ਮਿੱਧ ਦਿੰਦੇ ਸਨ। ਬਾਜ਼ਾਰ ਵਿਚ ਖ਼ੂਬ ਰੌਣਕ ਹੋ ਜਾਂਦੀ ਸੀ। ਜਿਸ ਸਾਲ ਸਭਾ 'ਤੇ ਮੀਂਹ ਪੈ ਜਾਂਦਾ ਸੀ ਚਾਰੇ ਪਾਸੇ ਚਿੱਕੜ ਹੋ ਜਾਣ ਕਾਰਨ ਦਿੱਕਤ ਪੈਦਾ ਹੋ ਜਾਂਦੀ ਸੀ। ਸ਼ਾਮ ਨੂੰ ਲੋਕੀਂ ਥੱਕੇ ਟੁੱਟੇ, ਗਰਦਾਂ ਨਾਲ ਸੱਟੇ ਘਰਾਂ ਨੂੰ ਮੁੜਦੇ ਸਨ। ਕਈ ਮੇਲੇ 'ਚ ਰੁੱਕ ਜਾਂਦੇ ਸਨ।

ਮੇਲੇ 'ਚੋਂ ਮੁੜਦੇ ਬੱਚੇ ਆਪਣੀਆਂ ਖਰੀਦੀਆਂ ਚੀਜ਼ਾਂ ਨੂੰ ਵਿਖਾਉਂਦੇ ਸਨ ਅਤੇ ਖ਼ੁਸ਼ੀ ਸਾਂਝੀ ਕਰਦੇ ਸਨ। ਕੁੜੀਆਂ ਨੇ ਖਰੀਦੀਆਂ ਗਾਨੀਆਂ ਗਲਾਂ 'ਚ ਪਾਈਆਂ ਹੁੰਦੀਆਂ ਅਤੇ ਛਾਪਾਂ ਹੱਥਾਂ 'ਚ ਸਜਾਈਆਂ ਹੁੰਦੀਆਂ। ਸਾਰੇ ਹੀ ਬੱਚੇ ਬੀਨਾਂ ਵਜਾ ਕੇ ਖ਼ੁਸ਼ ਹੋ ਰਹੇ ਹੁੰਦੇ। ਤੀਜੇ ਦਿਨ ਦਾ ਮੇਲਾ ਵੇਖ ਕੇ ਰਿਸ਼ਤੇਦਾਰ ਚੌਥੇ ਦਿਨ ਸਵੇਰੇ ਸਵੇਰੇ ਆਪਣੇ ਆਪਣੇ ਪਿੰਡਾਂ ਨੂੰ ਵਿਦਾ ਹੁੰਦੇ ਸਨ।

# 21 ਬਸੰਤ ਦਾ ਮੇਲਾ - ਪਿੰਡ ਬੱਲੋ ਮਾਜਰਾ

*ਡਾ. ਨਿਰਮਲ ਸਿੰਘ ਬਾਸੀ*
*ਮੋਬਾ: 9417363099*

ਬੱਲੋ ਮਾਜਰਾ ਪਿੰਡ, ਚੰਡੀਗੜ੍ਹ-ਖਰੜ ਮੁੱਖ ਸੜਕ ਉੱਤੇ, ਖਰੜ ਤੇ ਮੁਹਾਲੀ ਦੇ ਵਿਚਕਾਰ ਮੇਨ ਰੋਡ ਤੋਂ ਦੱਖਣ ਵਾਲੇ ਪਾਸੇ ਸਥਿਤ ਹੈ। ਨਵੇਂ ਉਸਰੇ ਨੌਰਥ ਕੰਟਰੀ ਮਾਲ ਨੇ ਇਸ ਪਿੰਡ ਨੂੰ ਦਿਸਣੋ ਹਟਾ ਦਿੱਤਾ ਹੈ। ਇਹ ਪਿੰਡ ਮੁੱਖ ਸੜਕ ਤੋਂ ਤਕਰੀਬਨ ਇਕ ਕਿਲੋਮੀਟਰ ਹਟਵਾਂ ਹੈ। ਇਸ ਪਿੰਡ ਵਿਚ ਇਕ ਤਪੱਸਵੀ ਸਾਧੂ ਬਾਬਾ ਜਾਨਕੀ ਦਾਸ ਰਹਿੰਦੇ ਸਨ ਜਿਨ੍ਹਾਂ ਦੇ ਨਾਂ ਉਤੇ ਹੁਣ ਇਕ ਉਦਾਸੀ ਡੇਰਾ ਬਣਿਆ ਹੋਇਆ ਹੈ ਜਿਥੇ ਮੰਦਰ, ਸ਼ਿਵਦੁਆਲਾ ਤੇ ਗੁਰਦੁਆਰਾ ਆਦਿ ਇੱਕ ਥਾਂ ਤੇ ਹੀ ਸਥਿਤ ਹਨ ਤੇ ਲੋਕ ਬਿਨਾਂ ਕਿਸੇ ਧਾਰਮਕ ਭੇਦ ਭਾਵ ਦੇ ਇਸ ਸਥਾਨ ਤੇ ਜਾਂਦੇ ਹਨ ਤੇ ਮੱਥਾ ਟੇਕਦੇ ਹਨ।

ਬਾਬਾ ਜਾਨਕੀ ਦਾਸ ਜਿਹੜੇ ਕਿ ਖਰੜ ਕਸਬੇ ਦੇ ਜੰਮਪਲ ਸਨ ਤੇ ਇਕ ਬਹੁਤ ਹੀ ਸਾਦਾ ਤੇ ਆਤਮਕ ਉਚਾਈਆਂ ਤੇ ਪਹੁੰਚੀ ਹੋਈ ਹਸਤੀ ਸਨ। ਉਹ ਤਕਰੀਬਨ 1920 ਦੇ ਨੇੜੇ ਤੇੜੇ ਪਿੰਡ ਬੱਲੋ ਮਾਜਰਾ ਵਿਖੇ ਪਹੁੰਚੇ ਸਨ ਤੇ ਕਾਫੀ ਸਮਾਂ ਉਨ੍ਹਾਂ ਨੇ ਬਿਨਾਂ ਕਿਸੇ ਭੇਖ ਜਾਂ ਪਖੰਡ ਵਗੈਰਾ ਦੇ ਘੋਰ ਤਪੱਸਿਆ ਕੀਤੀ ਸੀ। ਇਸ ਅਸਥਾਨ ਤੇ ਪਿੰਡ ਵਾਸੀਆਂ ਤੇ ਹੋਰ ਸ਼ਰਧਾਲੂਆਂ ਨੇ ਮਿਲ ਕੇ ਉਪਰੋਕਤ ਸਥਾਨ ਦੀ ਸਥਾਪਨਾ ਕਰ ਦਿੱਤੀ ਸੀ। ਇਸੇ ਅਸਥਾਨ ਉੱਤੇ ਬਸੰਤ ਪੰਚਮੀ ਦਾ ਮੇਲਾ ਭਰਦਾ ਹੈ ਜੋ ਹੁਣ ਤੱਕ ਬੜੀ ਸ਼ਾਨ ਨਾਲ ਜਾਰੀ ਹੈ।

ਬਸੰਤ-ਪੰਚਮੀ ਦਾ ਮੇਲਾ ਪਟਿਆਲਾ ਸ਼ਹਿਰ ਵਿਖੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਕਾਫੀ ਪੁਰਾਣੇ ਸਮੇਂ ਤੋਂ ਭਰਦਾ ਆ ਰਿਹਾ ਹੈ। ਪਟਿਆਲੇ ਵਾਲੇ ਮੇਲੇ ਦੀ ਤਰਜ਼ ਉੱਤੇ ਹੀ ਬਾਬਾ ਜਾਨਕੀ ਦਾਸ ਨੇ ਬੱਲੋ ਮਾਜਰਾ ਵਿਖੇ ਬਸੰਤ ਦਾ ਮੇਲਾ ਸ਼ੁਰੂ ਕਰਨ ਦੀ ਸਕੀਮ ਬਣਾਈ ਸੀ। ਇਸ ਮੇਲੇ ਨੂੰ 'ਗੁਰੂ ਕਾ ਲੰਗਰ' ਦੇ ਰੂਪ ਵਿਚ ਸ਼ੁਰੂ ਕੀਤਾ ਗਿਆ। ਸਭ ਤੋਂ ਪਹਿਲੇ ਸਾਲ ਇਹ ਸੰਗਤ ਵੱਲੋਂ ਇਕੱਤਰ ਕੀਤੇ ਗਏ ਸਮਾਨ - ਆਟਾ, ਦਾਲ, ਸਬਜ਼ੀ ਵਗੈਰਾ ਨੂੰ ਮਿਲਾ ਕੇ ਇਕ ਕੜਾਹਾ ਰਾਸ਼ਨ ਦਾ ਤਿਆਰ ਕੀਤਾ ਗਿਆ ਤੇ ਸੰਗਤਾਂ ਵਿੱਚ ਵਰਤਾ ਦਿੱਤਾ ਗਿਆ। ਬਾਬਾ ਜੀ ਨੇ ਖੁਸ਼ ਹੋ ਕੇ ਇਸ ਤਿਉਹਾਰ ਤੇ ਇੱਥੇ ਵੱਡਾ ਮੇਲਾ ਭਰਨ ਦੇ ਵਚਨਾਂ ਦੁਆਰਾ ਭਵਿੱਖ ਬਾਣੀ ਕੀਤੀ ਸੀ ਕਿ ਭਵਿੱਖ ਵਿੱਚ ਇਹ ਇੱਕ ਵੱਡਾ ਮੇਲਾ ਭਰਿਆ ਕਰੇਗਾ। ਕੁਝ ਸਾਲਾਂ ਬਾਅਦ ਸੰਗਤਾਂ ਦੇ ਇਕੱਠ ਵਧਣ ਲੱਗੇ ਤੇ ਲੰਗਰ ਨੂੰ ਕੜ੍ਹੀ-ਚਾਵਲ ਦੇ ਲੰਗਰ ਦੇ ਰੂਪ ਵਿਚ ਸਥਾਪਤ ਕਰ ਦਿੱਤਾ ਗਿਆ। ਨੇੜੇ ਦੇ ਪਿੰਡਾਂ ਵਿਚੋਂ ਵੀ ਲੱਸੀ ਇਕੱਠੀ ਕਰਕੇ ਕੜ੍ਹੀ ਬਣਾਉਣ ਲਈ ਵਰਤੀ ਜਾਂਦੀ ਹੈ। ਇਹ ਬਾਬਾ ਜੀ ਦੇ ਬਚਨਾਂ ਦਾ ਹੀ ਸਿੱਟਾ ਕਿਹਾ ਜਾ

ਸਕਦਾ ਹੈ ਕਿ ਬਸੰਤ ਨੂੰ ਤਿਆਰ ਕੀਤੀ ਗਈ ਕੜ੍ਹੀ ਬਹੁਤ ਹੀ ਸਵਾਦੀ ਬਣਦੀ ਹੈ ਤੇ ਬਚੀ ਹੋਈ ਕੜ੍ਹੀ ਨੂੰ ਮਿੱਟੀ ਦੇ ਬਰਤਨਾਂ ਵਿੱਚ ਸੰਭਾਲ ਲਿਆ ਜਾਂਦਾ ਹੈ ਜਿਹੜਾ ਮਗਰੋਂ ਕਈ ਕਈ ਮਹੀਨੇ ਤੱਕ ਖਰਾਬ ਨਹੀਂ ਹੁੰਦੀ ਤੇ ਉਸੇ ਰੂਪ ਵਿੱਚ ਖਾਣ ਲਾਇਕ ਰਹਿੰਦੀ ਹੈ।

ਕੁਝ ਸਮੇਂ ਬਾਦ ਪਟਿਆਲਾ ਤੋਂ ਇੱਕ ਸ਼ਰਧਾਲੂ ਨੇ ਇਸ ਅਸਥਾਨ ਤੇ ਇੱਕ ਗੁਰਦੁਆਰਾ ਬਣਾਉਣ ਦੀ ਇੱਛਾ ਜਾਹਰ ਕੀਤੀ ਜਿਸ ਨੂੰ ਬਾਬਾ ਜੀ ਨੇ ਸਵੀਕਾਰ ਕਰ ਲਿਆ ਤੇ ਇੱਕ ਛੋਟਾ ਜਿਹਾ ਗੁਰਦੁਆਰਾ ਬਣਾ ਕੇ ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਦਿੱਤਾ ਗਿਆ। ਇਸ ਗੁਰਦੁਆਰੇ ਦਾ ਨਾਂ ਉਨ੍ਹਾਂ ਨੇ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਰੱਖਿਆ ਤੇ ਪੇਸ਼ੀਨਗੋਈ ਕੀਤੀ ਕਿ ਸ਼ਰਧਾ ਨਾਲ ਇਸ ਅਸਥਾਨ ਤੇ ਆ ਕੇ ਜ਼ਿਆਰਤ ਕਰਨ ਨਾਲ ਦੁੱਖਾਂ ਦੀ ਨਵਿਰਤੀ ਹੋਇਆ ਕਰੇਗੀ। ਸੋ ਬਾਬਾ ਜੀ ਨੇ ਇਹ ਪਟਿਆਲੇ ਦੀ ਬਸੰਤ-ਪੰਚਮੀ ਅਨੁਸਾਰ ਹੀ ਇਹ ਮੇਲਾ ਅਰੰਭ ਕੀਤਾ ਸੀ ਜਿਹੜਾ ਹੁਣ ਪਿੰਡ ਵਾਸੀਆਂ ਤੇ ਇਲਾਕਾ ਨਿਵਾਸੀਆਂ ਵਿਚ ਪੂਰੀ ਤਰ੍ਹਾਂ ਮਕਬੂਲ ਹੋ ਚੁੱਕਾ ਹੈ। ਹਜ਼ਾਰਾਂ ਦੀ ਸੰਖਿਆ ਵਿਚ ਲੋਕ ਮੇਲੇ ਦੇ ਰੂਪ ਵਿਚ ਇਕੱਠੇ ਹੁੰਦੇ ਹਨ ਲੰਗਰ ਛਕਦੇ ਹਨ, ਬਾਬਾ ਜੀ ਨੂੰ ਨਮਸ਼ਕਾਰ ਕਰਦੇ ਤੇ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਬੇਨਤੀਆਂ ਕਰਦੇ ਹਨ। ਅੱਜ ਕੱਲ੍ਹ ਇਹ ਲੰਗਰ ਵੱਡੀ ਪੱਧਰ 'ਤੇ ਤਿਆਰ ਕੀਤਾ ਜਾਂਦਾ ਹੈ। ਕੜ੍ਹੀ ਦਾ ਪ੍ਰਸ਼ਾਦ ਲੋਕੀਂ ਘਰਾਂ ਨੂੰ ਵੀ ਲੈ ਕੇ ਜਾਂਦੇ ਹਨ। ਹੁਣ ਕੜ੍ਹੀ-ਚਾਵਲ ਦੇ ਨਾਲ ਕੜਾਹ, ਰਸ ਦੀ ਖੀਰ ਆਦਿ ਵੀ ਬਣਾਏ ਜਾਂਦੇ ਹਨ ਤੇ ਵਰਤਾਏ ਜਾਂਦੇ ਹਨ। ਮੇਲਾ ਹਰ ਸਾਲ ਵੱਡੀ ਪੱਧਰ ਤੇ ਭਰਦਾ ਹੈ ਤੇ ਸਾਰੇ ਇਲਾਕੇ ਤੋਂ ਇਲਾਵਾ ਮੁਹਾਲੀ, ਖਰੜ ਤੇ ਚੰਡੀਗੜ੍ਹ ਤੋਂ ਭਾਰੀ ਗਿਣਤੀ ਵਿਚ ਸੰਗਤ ਪਹੁੰਚਦੀ ਹੈ।

# 22 ਮਨਸਾ ਦੇਵੀ ਦਾ ਨਵਰਾਤਰ ਮੇਲਾ

*ਪੀ.ਪੀ. ਵਰਮਾ*

ਪੰਚਕੂਲਾ ਸਥਿਤ ਮਾਤਾ ਮਨਸਾ ਦੇਵੀ ਦੇ ਨਵਰਾਤਰ ਮੇਲੇ ਉਤੇ ਉਤਰ ਭਾਰਤ ਤੋਂ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਇਥੇ ਆ ਕੇ ਮਾਤਾ ਮਨਸਾ ਦੇਵੀ ਤੋਂ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਵਾਉਂਦੇ ਹਨ। ਮਾਤਾ ਮਨਸਾ ਦੇਵੀ ਮੰਦਰ ਦਾ ਇਤਿਹਾਸ ਧਰਮ ਗ੍ਰੰਥ ਤੰਤਰਚੂੜਾਮਣੀ ਅਤੇ ਸ਼ਿਵਪੁਰਾਣ ਤੋਂ ਵੀ ਪ੍ਰਾਪਤ ਹੁੰਦਾ ਹੈ। ਭਗਵਤਪੁਰਾਣ ਦੇ 108 ਸ਼ਕਤੀਪੀਠਾਂ ਵਿਚੋਂ ਇਹ ਸਥਾਨ ਇਕ ਸ਼ਕਤੀਪੀਠ ਮੰਨਿਆ ਜਾਂਦਾ ਹੈ ਜਦਕਿ ਧਰਮ ਗ੍ਰੰਥ ਚੂੜਾਮਣੀ ਅਨੁਸਾਰ ਇਹ 51 ਸ਼ਕਤੀ ਪੀਠਾਂ ਵਿਚੋਂ ਇਕ ਸਥਾਨ ਦੱਸਿਆ ਜਾਂਦਾ ਹੈ।

ਇਸ ਅਸਥਾਨ ਦਾ ਨਾਂ ਮਹੰਤ ਮਨਸ਼ਾ ਨਾਥ ਦੇ ਨਾਂ ਉੱਤੇ ਪਿਆ ਦੱਸਿਆ ਜਾਂਦਾ ਹੈ। ਅੱਜ ਵੀ ਮੰਦਰ ਦੇ ਮੁੱਖ ਦਰਵਾਜ਼ੇ ਪੌੜਿਆਂ ਦੇ ਕੋਲ ਮਹੰਤ ਮਨਸ਼ਾ ਨਾਥ ਦਾ ਮੰਦਰ ਸਥਾਪਤ ਹੈ। ਆਈਨੇ ਅਕਬਰੀ ਵਿਚ ਵੀ ਸੰਤ ਮਨਸ਼ਾ ਨਾਥ ਦਾ ਇਸ ਅਸਥਾਨ ਬਾਰੇ ਉਲੇਖ ਪ੍ਰਾਪਤ ਹੁੰਦਾ ਹੈ। ਇਕ ਹੋਰ ਇਤਿਹਾਸਕ ਜਾਣਕਾਰੀ ਅਨੁਸਾਰ ਮਨੀਮਾਜਰਾ ਦੇ ਰਾਜਾ ਗੋਪਾਲ ਸਿੰਘ ਨੇ ਵੀ ਇਸ ਮੰਦਰ ਦਾ ਨਿਰਮਾਣ ਕਰਵਾਇਆ।

ਇਹ ਨਿਰਮਾਣ 1815 ਈਸਵੀ ਵਿਚ ਹੋਇਆ ਦੱਸਿਆ ਜਾਂਦਾ ਹੈ। ਮੰਦਰ ਵਿਚ ਪੁਰਾਣੀ ਚਿੱਤਰਕਲਾ ਹੈ ਜੋ ਉਸ ਵੇਲੇ ਦੇ ਚਿੱਤਰਕਾਰ ਅੰਗਦ ਨੂੰ ਯਾਦ ਕਰਵਾਉਂਦੀ ਹੈ। ਮੰਦਰ ਦੀ ਪਰਿਕਰਮਾ ਵਿਚ ਇਹ ਚਿੱਤਰਕਾਰੀ ਜੋ ਨਿਰੋਲ ਰੂਪ ਵਿਚ ਧਾਰਮਿਕ ਭਾਵਨਾਵਾਂ ਉਜਾਗਰ ਕਰਦੀ ਹੈ ਅੱਜ ਵੀ ਵੇਖੀ ਜਾ ਸਕਦੀ ਹੈ।

ਮੁੱਖ ਮੰਦਰ ਵਿਚ ਮਾਤਾ ਦੀਆਂ ਤਿੰਨ ਇਤਿਹਾਸਕ ਪਿੰਡੀਆਂ ਹਨ ਅਤੇ ਇਨ੍ਹਾਂ ਦੇ ਪਿੱਛੇ ਮਾਤਾ ਮਨਸਾ ਦੇਵੀ ਦੀ ਸੰਗਮਰਮਰ ਦੀ ਮੂਰਤੀ ਹੈ। ਅੱਗੇ ਤਿੰਨ ਪਿੰਡੀਆਂ ਮਹਾਂਲਕਸ਼ਮੀ, ਮਨਸਾ ਦੇਵੀ ਅਤੇ ਸਰਸਵਤੀ ਮਾਤਾ ਦੀਆਂ ਦੱਸੀਆਂ ਜਾਂਦੀਆਂ ਹਨ। ਮੰਦਰ ਦੀ ਪਰਿਕਰਮਾ ਦੇ ਕੋਲ ਸ੍ਰੀਗਣੇਸ਼, ਦੁਆਰਪਾਲ, ਹਨੂੰਮਾਨ, ਵੈਸ਼ਨਵੀ ਅਤੇ ਭੈਰੋਂ ਦੀਆਂ ਮੂਰਤੀਆਂ ਅਤੇ ਮੰਦਰ ਹਨ ਅਤੇ ਥੋੜ੍ਹੀ ਦੂਰ ਪਟਿਆਲੇ ਦੇ ਰਾਜਾ ਵੱਲੋਂ ਬਣਾਇਆ ਮਾਤਾ ਮਨਸਾ ਦੇਵੀ ਮੰਦਰ ਵੀ ਹੈ। ਇਸ ਦੂਜੇ ਮੰਦਰ ਨੂੰ ਪਟਿਆਲਾ ਵਾਲਾ ਮੰਦਰ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ।

ਮੰਦਰ ਦਾ ਸਾਰਾ ਕੰਮ ਕਾਰ 9 ਸਤੰਬਰ 1991 ਨੂੰ ਪੂਜਾ ਸਥਲ ਬੋਰਡ ਬਣਾ ਕੇ ਸ਼ੁਰੂ ਕੀਤਾ ਗਿਆ ਅਤੇ ਉਸ ਤੋਂ ਬਾਅਦ ਇਥੇ ਵੱਡੀ ਗਿਣਤੀ ਦੇ ਵਿਕਾਸ ਦੇ ਕੰਮ ਸ਼ੁਰੂ ਹੋ ਗਏ।

ਪੂਜਾ ਸਥਲ ਬੋਰਡ ਦਾ ਨਿਰਮਾਣ ਉਸ ਵੇਲੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਕਰਵਾਇਆ ਸੀ। ਨਵਰਾਤਰ ਮੇਲੇ ਦੌਰਾਨ ਇਥੇ ਦੋ ਦਰਜਨ ਤੋਂ ਵੱਧ ਸਰਕਾਰੀ ਅਧਿਕਾਰੀ ਯਾਤਰੂਆਂ ਦੀ ਸਹੂਲਤ ਲਈ ਆਪਣਾ ਯੋਗਦਾਨ ਪਾਉਂਦੇ ਹਨ। ਇਹ ਗੱਲ ਵੱਖਰੀ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਕਈ ਰਾਜ ਸਰਕਾਰ ਦੇ ਉੱਚ ਅਫਸਰ ਇਸ ਪੂਜਾ ਸਥਲ ਬੋਰਡ ਦੇ ਨਾਲ ਅਹੁਦੇ ਦੇ ਰੂਪ ਵਿਚ ਜੁੜੇ ਹਨ ਉਹ ਯਾਤਰੀਆਂ ਨੂੰ ਸਹੂਲਤਾਂ ਦੇਣ ਦੇ ਵਾਅਦੇ-ਦਾਅਵੇ ਤਾਂ ਕਾਫੀ ਕਰਦੇ ਹਨ ਪ੍ਰੰਤੂ ਇਥੇ ਹਰ ਵਾਰ ਮੇਲੇ ਦੌਰਾਨ ਆਮ ਲੋਕਾਂ ਨੂੰ ਸਹੂਲਤਾਂ ਦੀ ਘਾਟ ਰੜਕਦੀ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

# 23 ਮੇਲਾ ਮਾਤਾ ਜੈਅੰਤੀ ਦੇਵੀ

*ਰਣਜੀਤ ਸਿੰਘ*

ਹਰੇਕ ਸਾਲ ਦੀ ਤਰ੍ਹਾਂ 12 ਤੇ 13 ਫਰਵਰੀ ਨੂੰ ਮਾਤਾ ਜੈਅੰਤੀ ਦੇਵੀ (ਨਜ਼ਦੀਕ ਚੰਡੀਗੜ੍ਹ) ਵਿਖੇ ਮੇਲਾ ਲੱਗਦਾ ਹੈ। ਇਸ ਮੰਦਰ ਦਾ ਇਤਿਹਾਸ ਲਗਪਗ 535 ਸਾਲ ਪੁਰਾਣਾ ਹੈ। ਉਸ ਵੇਲੇ ਇਨ੍ਹਾਂ ਪਹਾੜੀਆਂ 'ਤੇ 'ਹਥਨੌਰ ਸ਼ਹਿਰ' ਸੀ। ਇਥੋਂ ਦੇ ਰਾਜੇ ਦੇ 22 ਭਾਈ ਸਨ। ਇਨ੍ਹਾਂ 'ਚੋਂ ਇਕ ਭਾਈ ਦੀ ਸ਼ਾਦੀ ਕਾਂਗੜਾ ਦੇ ਰਾਜੇ ਦੀ ਬੇਟੀ ਨਾਲ ਹੋਣੀ ਨਿਸ਼ਚਿਤ ਹੋਈ, ਜਿਹੜੀ ਕਿ ਮਾਤਾ ਦੀ ਸੱਚੀ ਪੁਜਾਰਨ ਸੀ। ਮਾਤਾ ਦਾ ਪਿੰਡੀ ਰੂਪੀ ਡੋਲਾ ਜਦੋਂ ਹਥਨੌਰ ਆਇਆ ਤਾਂ ਉਸ ਪਿੰਡੀ ਨੂੰ ਇਕ ਪਹਾੜੀ 'ਤੇ ਮੰਦਰ ਬਣਵਾ ਕੇ ਉਸ ਵਿੱਚ ਰੱਖ ਦਿੱਤਾ। ਇਸ ਤਰ੍ਹਾਂ ਇਹ ਪੁਜਾਰਨ ਹਰ ਰੋਜ਼ ਮਾਤਾ ਦੀ ਪੂਜਾ ਕਰਦੀ ਰਹੀ। ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਮਾਤਾ ਦੀ ਇਸ ਪੁਜਾਰਨ ਦੇ ਦੇਹਾਂਤ ਤੋਂ ਪਿੱਛੋਂ ਮਾਤਾ ਦੀ ਪੂਜਾ ਹੋਣੀ ਹੀ ਬੰਦ ਨਹੀਂ ਹੋਈ ਸਗੋਂ ਇਸ ਪਰਿਵਾਰ ਦੇ ਮੈਂਬਰ ਇਹ ਕਹਿਣ ਲੱਗ ਪਏ ਕਿ ਮਾਤਾ ਨੂੰ ਅਸੀਂ ਵਿਆਹ ਕੇ ਲਿਆਂਦਾ ਹੈ। ਇਸ ਤਰ੍ਹਾਂ ਮਾਤਾ ਕ੍ਰੋਧਿਤ ਹੋ ਗਈ।

ਉਸ ਵੇਲੇ ਔਰੰਗਜ਼ੇਬ ਰਾਜ ਕਰਦਾ ਸੀ। ਉਹ ਮਾਲੀਆ ਇਕੱਠਾ ਕਰਿਆ ਕਰਦਾ ਸੀ। ਹਥਨੌਰ ਦਾ ਇਕ ਮੰਤਰੀ ਜਦ ਮਾਲੀਆ ਭਰਨ ਦਿੱਲੀ ਗਿਆ ਤਾਂ ਉਥੇ ਉਹ ਕਿਸੇ ਕਾਰਨ ਐਸ਼ਪ੍ਰਸਤੀ ਕਰਨ ਲੱਗਾ ਤੇ ਮਾਲੀਏ ਦੇ ਰੁਪਏ ਇਸ ਐਸ਼ਪ੍ਰਸਤੀ ਕਾਰਨ ਖਰਚ ਹੋ ਗਏ ਜਿਸ ਕਾਰਨ ਉਹ ਮਾਲੀਆ ਨਾ ਭਰ ਸਕਿਆ ਤੇ ਔਰੰਗਜ਼ੇਬ ਨੇ ਉਸ ਮੰਤਰੀ ਨੂੰ ਜ਼ੇਲ੍ਹ ਭੇਜ ਦਿੱਤਾ। ਉਥੇ ਇਕ ਬ੍ਰਾਹਮਣ ਇਸ ਮੰਤਰੀ ਨੂੰ ਜਾਣਦਾ ਸੀ। ਮੰਤਰੀ ਨੇ ਬ੍ਰਾਹਮਣ ਦੀਆਂ ਬੜੀਆਂ ਮਿੰਨਤਾਂ ਕੀਤੀਆਂ। ਮਾਤਾ ਦੀ ਸੌਗੰਧ ਖਾਣ ਤੋਂ ਪਿੱਛੋਂ ਬ੍ਰਾਹਮਣ ਨੇ ਮੰਤਰੀ ਨੂੰ ਰੁਪਏ ਦੇ ਦਿੱਤੇ। ਇਨ੍ਹਾਂ ਰੁਪਇਆਂ ਨਾਲ ਮੰਤਰੀ ਮਾਲੀਆ ਭਰ ਸਕਿਆ ਤੇ ਜੇਲ੍ਹ ਤੋਂ ਛੁੱਟ ਗਿਆ। ਵਾਪਸ ਹਥਨੌਰ ਆ ਕੇ ਮੰਤਰੀ ਉਸ ਬ੍ਰਾਹਮਣ ਦੇ ਰੁਪਏ ਦੇਣਾ ਭੁੱਲ ਗਿਆ। ਜਦੋਂ ਕਾਫੀ ਚਿਰ ਪਿੱਛੋਂ ਬ੍ਰਾਹਮਣ ਨੇ ਮੰਤਰੀ ਕੋਲ ਆ ਕੇ ਆਪਣੇ ਰੁਪਏ ਵਾਪਸ ਮੰਗੇ ਤਾਂ ਮੰਤਰੀ ਉਸ ਬ੍ਰਾਹਮਣ ਨੂੰ ਪਛਾਨਣ ਤੋਂ ਹੀ ਇਨਕਾਰ ਕਰ ਗਿਆ। ਬ੍ਰਾਹਮਣ ਨੇ ਉਸ ਨੂੰ ਮਾਤਾ ਦੀ ਸੌਗੰਧ ਬਾਰੇ ਵੀ ਦੱਸਿਆ ਤਾਂ ਵੀ ਮੰਤਰੀ ਮੁੱਕਰ ਗਿਆ। ਇਸ ਤੋਂ ਪਿੱਛੋਂ ਬ੍ਰਾਹਮਣ ਮਾਤਾ ਦੇ ਮੰਦਰ ਗਿਆ। ਮਾਤਾ ਦੀਆਂ ਬੜੀਆਂ ਮਿੰਨਤਾਂ ਕੀਤੀਆਂ। ਅੰਤ ਨੂੰ ਉਸ ਬ੍ਰਾਹਮਣ ਨੇ ਉਥੇ ਆਪਣਾ ਮੱਥਾ ਰਗੜ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਇਹ ਮਾਤਾ ਦੇ ਕ੍ਰੋਧਿਤ ਹੋਣ ਦਾ ਦੂਜਾ ਕਾਰਨ ਸੀ।

ਉਸ ਵੇਲੇ ਮਨੀਮਾਜਰਾ ਦੇ ਭਿਆਨਕ ਜੰਗਲਾਂ 'ਚ ਗਰੀਬੂ ਨਾਂ ਦਾ ਡਾਕੂ ਘੁੰਮਿਆ

ਕਰਦਾ ਸੀ। ਇਕ ਦਿਨ ਸੁਪਨੇ 'ਚ ਮਾਤਾ ਨੇ ਉਸ ਨੂੰ ਹਥਨੌਰ ਦੇ ਰਾਜੇ ਨਾਲ ਟੱਕਰ ਲੈਣ ਲਈ ਪ੍ਰੇਰਿਆ।

ਗਰੀਬ ਡਾਕੂ (ਗਰੀਬਦਾਸ) ਦਾ ਰਾਜ ਹੋ ਗਿਆ। ਮਾਤਾ ਦੇ ਕ੍ਰੋਧ ਕਾਰਨ ਹਥਨੌਰ ਸ਼ਹਿਰ ਨਸ਼ਟ ਹੋ ਗਿਆ। ਗਰੀਬਦਾਸ ਨੇ ਲੁੱਟੇ ਹੋਏ ਧਨ ਨਾਲ ਮੁੱਲਾਂਪੁਰ ਵਿੱਚ ਇਕ ਸ਼ਾਨਦਾਰ ਕਿਲ੍ਹਾ ਬਣਵਾਇਆ। ਇਸ ਦੇ ਨਾਲ ਹੀ ਉਸ ਨੇ ਜੈਅੰਤੀ ਦੇਵੀ ਦੇ ਮੰਦਰ ਦਾ ਪੁਨਰ ਨਿਰਮਾਣ ਵੀ ਕਰਵਾਇਆ। ਪੁਆਧ ਖੇਤਰ 'ਚ ਮਾਤਾ ਜੈਅੰਤੀ ਦੇਵੀ ਮੇਲੇ ਦੀ ਮਸ਼ਹੂਰੀ ਦਿਨੋ-ਦਿਨ ਵਧ ਰਹੀ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)


# ਅਧਿਆਇ ਪੰਜਵਾਂ

## ਪੁਆਧ ਦੇ ਤਿੰਨ ਗ਼ਦਰੀ ਅਤੇ ਸੁਤੰਤਰਤਾ ਸੰਗਰਾਮੀ ਜਿਨ੍ਹਾਂ ਨੂੰ ਸਾਡਾ ਕੋਟਿ-ਕੋਟਿ ਪ੍ਰਣਾਮ।

1. ਸ਼ਹੀਦ ਕਾਂਸ਼ੀ ਰਾਮ (ਮੜੌਲੀ ਕਲਾਂ)
2. ਬਾਬਾ ਪਿਰਥੀ ਸਿੰਘ ਅਜ਼ਾਦ
3. ਮਾਸਟਰ ਚਤਰ ਸਿੰਘ ਧਾਰਨੀ
4. ਪੁਆਧ ਦੇ ਸੁਤੰਤਰਤਾ ਸੰਗਰਾਮੀ

# 24 ਸ਼ਹੀਦ ਕਾਂਸ਼ੀ ਰਾਮ (ਮੜੌਲੀ ਕਲਾਂ) –

*ਭਗਤ ਸਿੰਘ ਦੀ ਕਲਮ ਤੋਂ*



*ਸ਼ਹੀਦ ਕਾਂਸ਼ੀ ਰਾਮ*

(ਨੋਟ: ਇਹ ਤਿੰਨੇ ਲੇਖ ਮਾਨਯੋਗ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਉਚੇਚੇ ਤੌਰ 'ਤੇ ਭੇਜੇ ਹਨ। ਜਿਨ੍ਹਾਂ ਨੂੰ ਧੰਨਵਾਦ ਸਹਿਤ ਛਾਪਣ ਦੀ ਅਸੀਂ ਖ਼ੁਸ਼ੀ ਲੈ ਰਹੇ ਹਾਂ – ਸੰਪਾਦਕ)

ਆਪ ਉਨ੍ਹਾਂ ਅਗਿਆਤ ਸਪਤਰਿਸ਼ੀਆਂ ਵਿਚੋਂ ਇਕ ਹਨ, ਜਿਨ੍ਹਾਂ ਨੂੰ 'ਇਨਸਾਫ-ਪਸੰਦ' ਸਰਕਾਰ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਪਿੰਡ ਕੋਲ ਮਾਰੇ ਜਾਣ ਵਾਲੇ ਥਾਣੇਦਾਰ ਦੇ ਕਤਲ ਦੇ ਦੋਸ਼ ਵਿਚ ਸਦਾ ਲਈ ਭਾਰਤ ਦੀ ਗੋਦ ਵਿਚੋਂ ਚੁੱਕ ਲਿਆ ਸੀ ਅਤੇ ਅੰਤ ਵਿਚ ਅਸਲ ਅਪਰਾਧੀ ਦੇ ਮਿਲ ਜਾਣ ਤੇ ਸਿਰਫ਼ ਐਨਾ ਕਹਿ ਕੇ ਪੱਲਾ ਝਾੜ ਲਿਆ ਸੀ ਕਿ 'ਜੋ ਸੱਤ ਬੰਦੇ ਪਹਿਲਾਂ ਫਾਂਸੀ ਤੇ ਲਟਕਾਏ ਗਏ ਸੀ, ਉਹ ਅਸਲ ਅਪਰਾਧੀ ਨਹੀਂ ਸਨ ਬਲਕਿ ਅਸਲ ਅਪਰਾਧੀ ਤਾਂ ਇਹ ਸੀ, ਜਿਸ ਨੂੰ ਅਸੀਂ ਅੱਜ ਫਾਂਸੀ ਦੇ ਰਹੇ ਹਾਂ ਤੇ ਆਪਣੀ ਜ਼ਿੰਮੇਵਾਰੀ ਤੋਂ ਲਾਂਭੇ ਹੋ ਰਹੇ ਸੀ।'

ਪੰਡਿਤ ਕਾਂਸ਼ੀ ਰਾਮ ਜੀ ਦਾ ਜਨਮ ਅੰਬਾਲਾ ਜ਼ਿਲ੍ਹੇ ਦੇ ਪਿੰਡ 'ਬੜੀ ਮੜੌਲੀ' ਵਿਚ ਭਾਦੋਂ ਸੁਦੀ ਦੁਆਦਸ਼ੀ, ਸੰਮਤ 1938 ਵਿਚ ਪੰਡਿਤ ਗੰਗਾ ਰਾਮ ਜੀ ਦੇ ਘਰ ਹੋਇਆ ਸੀ। ਘਰ ਵਾਲਿਆਂ ਨੇ ਦਸ ਸਾਲ ਦੀ ਹੀ ਉਮਰ ਵਿਚ ਆਪ ਦਾ ਵਿਆਹ ਕਰ ਦਿੱਤਾ ਸੀ, ਪਰ ਆਜ਼ਾਦੀ ਦਾ ਸਰੂਰ ਚੜ੍ਹਿਆ ਹੋਣ ਵਾਲਿਆਂ ਨੂੰ ਔਰਤ ਅਤੇ ਬੱਚਿਆਂ ਦਾ ਮੋਹ ਕਦੋਂ ਘਰ ਰੋਕ ਕੇ ਰੱਖ ਸਕਦਾ ਸੀ। ਇਸ ਲਈ ਪਟਿਆਲਾ ਤੋਂ ਇੰਟਰ ਪਾਸ ਕਰਨ ਤੋਂ ਬਾਅਦ ਆਪ ਘਰੋਂ ਇਸ ਤਰ੍ਹਾਂ ਬਾਹਰ ਹੋਏ ਕਿ ਫੇਰ ਇਸ ਵਿਛੋੜੇ ਵਿਚ ਆਪਦੀ ਪਤਨੀ ਵੀ ਪ੍ਰਮਾਤਮਾ ਨੂੰ ਪਿਆਰੀ ਹੋ ਗਈ ਸੀ।

ਪੜ੍ਹਾਈ ਖ਼ਤਮ ਕਰਕੇ, ਕੁਝ ਦਿਨ ਡਾਕ ਤਾਰ ਦਾ ਕੰਮ ਸਿੱਖ ਕੇ ਆਪ ਅੰਬਾਲਾ ਜ਼ਿਲ੍ਹਾ ਦਫ਼ਤਰ ਵਿਚ 30 ਰੁਪਏ ਮਹੀਨਾ 'ਤੇ ਨੌਕਰ ਹੋ ਗਏ। ਬਾਅਦ ਵਿਚ ਕੁਝ ਦਿਨ ਦਿੱਲੀ ਵਿਚ 60 ਰੁਪਏ ਮਹੀਨਾ ਤੇ ਨੌਕਰੀ ਕਰਕੇ ਆਪ ਹਾਂਗਕਾਂਗ ਚਲੇ ਗਏ ਅਤੇ ਅੰਤ ਵਿਚ ਅਮਰੀਕਾ ਜਾ ਕੇ ਇਕ ਬਾਰੂਦ ਦੇ ਕਾਰਖਾਨੇ ਵਿਚ 200 ਰੁਪਏ ਮਹੀਨਾ ਤੇ ਨੌਕਰ ਹੋ ਗਏ। ਪਰ ਬਾਅਦ ਵਿਚ ਗੁਲਾਮੀ ਕਹਿਕੇ ਇਹ ਨੌਕਰੀ ਵੀ ਛੱਡ ਦਿੱਤੀ ਅਤੇ ਇਕ ਟਾਪੂ ਦੀ ਸੋਨੇ ਦੀ ਖਾਨ ਦਾ ਠੇਕਾ ਲੈ ਲਿਆ।

ਇਸੇ ਦੌਰਾਨ ਅਮਰੀਕਾ ਤੋਂ ਭਾਰਤ ਨੂੰ ਵਾਪਸ ਆਉਣ ਦੀ ਲਹਿਰ ਚੱਲੀ ਅਤੇ ਆਪ ਵੀ ਇਕ ਜੱਥੇ ਨਾਲ 25 ਜਾਂ 26 ਨਵੰਬਰ, ਸੰਨ 1914 ਵਿਚ ਭਾਰਤ ਆ ਗਏ। ਦੇਸ਼ ਪਰਤਣ ਤੇ ਫੇਰ ਉਹ ਥਾਂ ਦੇਖਣ ਦੀ ਇੱਛਾ ਜਾਗ੍ਰਿਤ ਹੋਈ ਜਿੱਥੇ ਦੀ ਮਿੱਟੀ ਵਿਚ ਖੇਡ ਕੇ ਆਪਦਾ ਬਚਪਨ ਬੀਤਿਆ ਸੀ, ਉਹ ਆਪਣੇ ਪਿੰਡ ਪਹੁੰਚੇ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਪਿੰਡ ਵਿਚ ਫੈਲ ਗਈ ਅਤੇ ਆਪਨੂੰ ਮਿਲਣ ਲਈ ਇਕ ਚੰਗੀ-ਖਾਸੀ ਭੀੜ ਜਮ੍ਹਾਂ ਹੋ ਗਈ। ਆਪਨੇ ਮੌਕਾ ਠੀਕ ਸਮਝ ਕੇ ਉੱਥੇ ਹੀ ਗ਼ਦਰ ਸੰਬੰਧੀ ਇਕ ਲੰਬੀ-ਚੌੜੀ ਤਕਰੀਰ ਕਰ ਦਿੱਤੀ।

ਕੁਝ ਘੰਟੇ ਘਰ ਰੁਕਣ ਤੋਂ ਬਾਅਦ ਇਹ ਕਹਿ ਕੇ ਕਿ ਲਾਹੌਰ ਨੈਸ਼ਨਲ ਬੈਂਕ ਵਿਚ ਮੇਰੇ ਨਾਂ ਤੀਹ ਹਜ਼ਾਰ ਰੁਪਏ ਜਮ੍ਹਾਂ ਹਨ, ਉਹ ਲੈ ਕੇ ਆਉਂਦਾ ਹਾਂ, ਆਪ ਫੇਰ ਘਰ ਤੋਂ ਬਾਹਰ ਚਲੇ ਗਏ। ਪਿੰਡ ਵਾਲਿਆਂ ਵਾਸਤੇ ਆਪਦੇ ਇਹੀ ਅੰਤਮ ਪੁਨੀਤ ਦਰਸ਼ਨ ਸਨ, ਉਹ ਫੇਰ ਪਰਤ ਕੇ ਉੱਥੇ ਨਾ ਆਏ।

ਲਾਹੌਰ ਆਉਣ ਤੇ ਕੁਝ ਸਾਥੀਆਂ ਸਮੇਤ ਫਿਰੋਜ਼ਪੁਰ ਭੇਜੇ ਗਏ। ਉੱਥੇ ਪੁਲਿਸ ਨਾਲ ਮੁਠਭੇੜ ਹੋ ਗਈ। ਗੋਲੀ ਚੱਲੀ ਤੇ ਥਾਣੇਦਾਰ ਮਾਰਿਆ ਗਿਆ। ਬਾਅਦ ਵਿਚ ਜੰਗਲ ਵਿਚੋਂ 13 ਵਿਚੋਂ 7 ਸਾਥੀ ਫੜੇ ਗਏ। ਕੁਝ ਮਾਰੇ ਗਏ ਤੇ ਬਾਕੀ ਬਚ ਨਿੱਕਲੇ। ਇਨ੍ਹਾਂ ਸੱਤਾਂ ਵਿਚੋਂ ਹੀ ਇਕ ਸਾਡੇ ਨਾਇਕ ਵੀ ਸਨ।

ਪੰਜ ਮਹੀਨੇ ਤੱਕ ਫਿਰੋਜ਼ਪੁਰ ਵਿਚ ਇਨਸਾਫ ਦਾ ਨਾਟਕ ਕਰਨ ਤੋਂ ਬਾਅਦ ਆਪ ਸੱਤੇ ਵਿਅਕਤੀ ਤਿਤਰ-ਬਿਤਰ ਕਰ ਦਿੱਤੇ ਗਏ ਪਰ ਬਾਅਦ ਵਿਚ ਇਹ ਕਹਿ ਕੇ ਮਿਸ਼ਰੀ ਪਿੰਡ ਦੇ ਕੋਲ ਪੈਣ ਵਾਲੇ ਡਾਕੇ, ਕਤਲ ਆਦਿ ਸਾਰੀਆਂ ਗੱਲਾਂ ਦੀ ਜ਼ਿੰਮੇਵਾਰੀ ਇਨ੍ਹਾਂ ਹੀ ਲੋਕਾਂ ਤੇ ਹੈ, ਸਭ ਨੂੰ ਫਾਂਸੀ ਦੇ ਦਿੱਤੀ ਗਈ।

ਜਿਨ੍ਹਾਂ ਵਾਸਤੇ ਉਨ੍ਹਾਂ ਨੇ ਆਪਣਾ ਸਭ ਕੁਝ ਕੌਡੀਆਂ ਦੇ ਭਾਅ ਲੁਟਾ ਦਿੱਤਾ ਅਤੇ ਜਿਨ੍ਹਾਂ ਦੇ ਦੁੱਖਾਂ ਖ਼ਾਤਰ ਰੋਂਦੀ-ਵਿਲਕਦੀ ਮਾਂ ਦੀ ਗੋਦ ਸੁੰਨੀ ਕਰਕੇ ਉਨ੍ਹਾਂ ਨੇ ਸੰਨਿਆਸੀ ਦਾ ਚੋਲਾ ਪਹਿਨਿਆ ਸੀ, ਉਨ੍ਹਾਂ ਹੀ ਪਿੰਡ ਮਿਸ਼ਰੀ ਵਾਲਿਆਂ ਨੇ ਉਨ੍ਹਾਂ ਨੂੰ ਫਾਂਸੀ ਹੋ ਜਾਣ ਤੇ ਇਹ ਕਹਿ ਕੇ ਜਸ਼ਨ ਮਨਾਇਆ ਸੀ ਕਿ ਸਰਕਾਰ ਬਹਾਦਰ ਨੇ ਡਾਕੂਆਂ ਨੂੰ ਫਾਂਸੀ ਚਾੜ੍ਹ ਕੇ ਸਾਡੇ 'ਤੇ ਵੱਡਾ ਅਹਿਸਾਨ ਕੀਤਾ ਹੈ। ਪਰ ਇਨਕਲਾਬੀਆਂ ਦੇ ਜੀਵਨ ਵਿਚ ਤਾਂ ਇਹ ਮਾਮੂਲੀ ਗੱਲਾਂ ਸਨ। ਉਨ੍ਹਾਂ ਦਾ ਉਦੇਸ਼ ਹੀ ਅਨਵੈਪਟ, ਅਨਸੰਗ ਅਤੇ ਅਨਆੱਨਰਡ ਜਾਣਾ ਹੈ। ਸੰਸਾਰ ਉਨ੍ਹਾਂ ਨੂੰ ਕਿਸ ਨਾਂ ਨਾਲ ਪੁਕਾਰਦਾ ਹੈ ਇਹ ਗੱਲ ਸੋਚਣ ਦੀ ਤਾਂ ਉਨ੍ਹਾਂ ਨੂੰ ਵਿਹਲ ਹੀ ਨਹੀਂ ਮਿਲਦੀ ਅਤੇ ਨਾ ਉਹ ਕਦੀ ਇਸ ਦੀ ਪ੍ਰਵਾਹ ਕਰਦੇ ਹਨ। ਉਹ ਸੰਸਾਰ ਦੇ ਸਾਮ੍ਹਣੇ ਵਾਹ-ਵਾਹ ਖੱਟਣ ਲਈ ਤਾਂ ਇਸ ਮਾਰਗ ਤੇ ਨਹੀਂ ਚੱਲੇ ਸਨ। ਉਨ੍ਹਾਂ ਦੀ ਤਸੱਲੀ ਤਾਂ ਨਿਰਬਾਧ ਇਸ ਰਾਹ ਤੇ ਤੁਰੇ ਜਾਣ ਵਿਚ ਹੀ ਸੀ।

ਪੰਡਿਤ ਜੀ ਲਾਹੌਰ ਸੈਂਟਰਲ ਜੇਲ੍ਹ ਵਿਚ ਬੰਦ ਸਨ। ਪਿਤਾ ਨੇ ਆ ਕੇ ਰੋਣਾ-ਪਿੱਟਣਾ ਸ਼ੁਰੂ ਕਰ ਦਿੱਤਾ। "ਬੇਟਾ, ਕੀ ਤੈਨੂੰ ਮੇਰੇ ਇਸ ਬੁਢਾਪੇ ਤੇ ਰਤਾ ਤਰਸ ਨਹੀਂ ਆਉਂਦਾ। ਤੇਰੀ ਮਾਂ ਵਿਛੋੜੇ ਵਿਚ ਪਾਗਲ ਹੋ ਰਹੀ ਹੈ। ਮੈਂ ਤਾਂ ਸੋਚਿਆ ਸੀ ਕਿ ਵੱਡਾ ਹੋ ਕੇ ਸਾਨੂੰ ਕੁਝ ਸੁੱਖ ਦਏਂਗਾ ਪਰ ਨਹੀਂ ਪਤਾ ਸੀ ਕਿ ਤੂੰ ਤਾਂ ਜਮਾਂ ਹੀ ਨਿਰਮੋਹੀ ਹੈਂ। ਤੂੰ ਸਾਡੀ ਰਤਾ ਵੀ ਖ਼ਬਰ ਨਾ ਲਈ। ਹੁਣ ਅਸੀਂ ਬਾਕੀ ਜੀਵਨ ਕਿਸਦੇ ਸਹਾਰੇ ਬਿਤਾਵਾਂਗੇ।"

ਤਪੱਸਵੀ ਨੇ ਇਕ ਲੰਬਾ ਸਾਹ ਲਿਆ ਤੇ ਕਿਹਾ - "ਪਿਤਾ ਸ਼੍ਰੀ, ਇਸ ਬੇਕਾਰ ਦੇ ਮਾਇਆ ਜਾਲ ਤੋਂ ਕੀ ਸੰਵਰੇਗਾ? ਇਸ ਸੰਸਾਰ ਵਿਚ ਨਾ ਕੋਈ ਕਿਸੇ ਦਾ ਪੁੱਤਰ ਹੈ ਤੇ ਨਾ ਕੋਈ ਕਿਸੇ ਦਾ ਪਿਤਾ। ਇਹ ਤਾਂ ਸਭ ਕੁਝ ਮਨ ਦੇ ਭਰਮ ਹਨ, ਇਸ ਲਈ ਇਸ ਕਰਕੇ ਮਨ ਵਿਚ ਕਲੇਸ਼ ਨਾ ਲਿਆਉ। ਰਹੀ ਗੱਲ ਖਾਣ-ਪੀਣ ਦੀ ਸੋ ਜਿਸ ਪਰਮ ਪੁਰਖ ਨੇ ਸਾਨੂੰ ਪੈਦਾ ਕੀਤਾ ਹੈ ਉਸ ਨੂੰ ਹਰ ਵੇਲੇ, ਹਰ ਥਾਂ ਤੇ ਆਪਣੇ ਸਾਰੇ ਪੁੱਤਰਾਂ ਦਾ ਧਿਆਨ ਹੈ। ਮੇਰੀ ਉਮਰ ਦੇ ਸਾਰੇ ਭਾਰਤੀਆਂ ਨੂੰ ਆਪਣਾ ਹੀ ਪੁੱਤਰ ਸਮਝ ਕੇ ਉਨ੍ਹਾਂ ਤੇ ਵਿਸ਼ਵਾਸ ਰੱਖੋ।"

ਭਰਾ ਨੂੰ ਆਉਂਦਾ ਦੇਖ ਕੇ ਆਪਨੇ ਕਿਹਾ - "ਖਬਰਦਾਰ, ਜੇ ਹੰਝੂ ਵਗਾਏ। ਮੈਂ ਕੋਈ ਪਾਪ ਨਹੀਂ ਕੀਤਾ ਹੈ ਅਤੇ ਇਹ ਮੌਤ ਦੇਸ਼ ਭਗਤਾਂ ਨੂੰ ਹੀ ਨਸੀਬ ਹੁੰਦੀ ਹੈ। ਮੈਂ ਆਪਣਾ ਚੰਗਾ ਨਸੀਬ ਸਮਝਦਾ ਹਾਂ ਕਿ ਮੈਨੂੰ ਇਸ ਕਾਬਲ ਸਮਝਿਆ ਗਿਆ ਹੈ।"

ਅੰਤ ਵਿਚ ਘਰ ਵਾਲੇ ਫੇਰ ਵੀ ਨਾ ਮੰਨੇ ਅਤੇ ਫੈਸਲੇ ਦੇ ਖ਼ਿਲਾਫ ਅਪੀਲ ਕਰ ਦਿੱਤੀ। ਪਰ ਅਪੀਲ ਦੇ ਫੈਸਲੇ ਤੋਂ ਪਹਿਲਾਂ ਹੀ ਆਪਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।

ਬੰਦੀ (ਭਗਤ ਸਿੰਘ ਦਾ ਕਲਮੀ ਨਾਂ)


ਸ੍ਰੋਤ: 'ਚਾਂਦ - ਫਾਂਸੀ ਅੰਕ' (ਹਿੰਦੀ) ਨਵੰਬਰ 1928

ਸ਼ਹੀਦ ਪੰਡਿਤ ਕਾਸ਼ੀ ਰਾਮ ਦਾ ਜੱਦੀ ਪਿੰਡ ਮੜੌਲੀ ਕਲਾਂ ਇਸ ਵੇਲੇ ਤਹਿਸੀਲ ਮੋਰਿੰਡਾ ਤੇ ਜਿਲ੍ਹਾ ਰੂਪਨਗਰ ਵਿੱਚ ਪੈਂਦਾ ਹੈ। ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਆਪ ਦੇ ਨਾਮ 'ਤੇ ਹੈ। ਸਾਬਕਾ ਖਰੜ ਹਲਕਾ ਵਿਧਾਇਕ (ਸਵਰਗੀ) ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੇ ਇਸ ਮਹਾਨ ਗ਼ਦਰੀ ਸ਼ਹੀਦ ਦੀ ਯਾਦ ਵਿਚ ਸ਼ਹੀਦ ਕਾਸ਼ੀ ਰਾਮ ਮੈਮੋਰੀਅਲ ਕਾਲਜ ਭਾਗੂ ਮਾਜਰਾ (ਖਰੜ) ਅਤੇ ਸ਼ਹੀਦ ਕਾਸ਼ੀ ਰਾਮ ਮੈਮੋਰੀਅਲ ਫਿਜ਼ੀਕਲ ਕਾਲਜ ਭਾਗੂ ਮਾਜਰਾ ਸਥਾਪਤ ਕੀਤੇ ਜੋ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ।

(ਸੰਪਾਦਕ)

# 25 ਬਾਬਾ ਪਿਰਥੀ ਸਿੰਘ ਆਜ਼ਾਦ

*ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ*



*ਬਾਬਾ ਪਿਰਥੀ ਸਿੰਘ ਆਜ਼ਾਦ*

ਭਾਰਤ ਨੂੰ ਬਰਤਾਨਵੀ ਸਾਮਰਾਜ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਅਤੇ ਆਜ਼ਾਦੀ ਦੇ ਘੋਲ ਵਿਚ ਪੰਜਾਬ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਸਲ ਵਿਚ ਪੰਜਾਬ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਇਕ ਧੁਰਾ ਰਿਹਾ ਹੈ। ਸਾਨੂੰ ਉਨ੍ਹਾਂ ਮਹਾਨ ਵਿਅਕਤੀਆਂ ਤੋਂ ਪ੍ਰੇਰਨਾ ਲੈਂਦੇ ਰਹਿਣਾ ਚਾਹੀਦਾ ਹੈ, ਜਿਹੜੇ ਕਿ ਆਜ਼ਾਦੀ ਦੇ ਅੰਦੋਲਨ ਵਿਚ ਹਮੇਸ਼ਾ ਮੋਹਰਲੀ ਕਤਾਰ ਵਿਚ ਰਹੇ ਹਨ। ਖਾਸ ਕਰਕੇ ਸ੍ਰ: ਪਿਰਥੀ ਸਿੰਘ ਆਜ਼ਾਦ ਜਿਹੜੇ ਕਿ 90 ਸਾਲ ਦੀ ਉਮਰ ਵਿਚ ਵੀ ਆਪਣੇ ਆਪ ਨੂੰ ਨੌਜਵਾਨ ਤੋਂ ਵੀ 10 ਸਾਲ ਘੱਟ ਉਮਰ ਵਾਲੇ ਕਹਾਉਣਾ ਪਸੰਦ ਕਰਦੇ ਹਨ, ਉਹ ਦੇਸ਼ ਦੀਆਂ ਉਨ੍ਹਾਂ ਮਹਾਨ ਹਸਤੀਆਂ ਵਿਚੋਂ ਇਕ ਹਨ, ਜਿਨ੍ਹਾਂ ਦੀ ਕਿ ਦੇਸ਼ ਪ੍ਰਤੀ ਦੇਣ ਨੂੰ ਆਧੁਨਿਕ ਭਾਰਤ ਦੀ ਨੌਜਵਾਨ ਪੀੜ੍ਹੀ ਕਦੇ ਵੀ ਨਹੀਂ ਭੁਲਾ ਸਕਦੀ। ਇਨ੍ਹਾਂ ਦਾ 'ਸਰਦਾਰ' ਨਾਂ ਮਹਾਤਮਾ ਗਾਂਧੀ ਜੀ ਨੇ ਰਖਿਆ ਅਤੇ 'ਆਜ਼ਾਦ' ਇਨ੍ਹਾਂ ਦਾ ਨਾਂ ਦੇਸ ਦੀਆਂ ਦੇਸ਼ ਭਗਤ ਅਖ਼ਬਾਰਾਂ ਵੱਲੋਂ ਰੱਖਿਆ ਗਿਆ। ਉਹਨਾਂ ਨੂੰ ਹੁਣ ਸਾਰੇ ਪਿਆਰ ਨਾਲ "ਬਾਬਾ ਜੀ" ਦੇ ਨਾਂ ਨਾਲ ਬੁਲਾਉਂਦੇ ਹਨ (ਜਿਸ ਵਿਚ ਉਨ੍ਹਾਂ ਦੇ ਪਰਿਵਾਰ ਦੇ ਆਪਣੇ ਮੈਂਬਰ ਵੀ ਸ਼ਾਮਲ ਹਨ) ਅਤੇ ਕੁਝ ਕੁ ਇਨ੍ਹਾਂ ਨੂੰ ਇਨ੍ਹਾਂ ਦੇ 16 ਸਾਲਾਂ ਦੇ ਰੂਪੋਸ਼ੀ ਦੇ ਸਮੇਂ (1922-38) ਦੌਰਾਨ 'ਸਵਾਮੀ ਰਾਓ' ਦੇ ਨਾਂ ਨਾਲ ਯਾਦ ਕਰਦੇ ਰਹੇ ਹਨ।

ਬਾਬਾ ਪਿਰਥੀ ਸਿੰਘ ਆਜ਼ਾਦ ਪਟਿਆਲਾ ਜ਼ਿਲੇ ਦੇ ਪਿੰਡ ਲਾਲੜੂ ਵਿਚ 15 ਸਤੰਬਰ 1892 ਨੂੰ ਪੈਦਾ ਹੋਏ ਸਨ। ਬਚਪਨ ਤੋਂ ਆਪ ਇੱਕ ਕ੍ਰਾਂਤੀਕਾਰੀ ਵਿਅਕਤੀ ਰਹੇ ਹਨ ਅਤੇ ਲਾਲਾ ਹਰਦਿਆਲ, ਐਮ.ਏ., ਬਾਬਾ ਸੋਹਨ ਸਿੰਘ ਭਕਨਾ, ਸੰਤ ਵਿਸਾਖਾ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੇ ਨਿਕਟ ਵਰਤੀ ਸਨ। ਆਪ 1912 ਵਿਚ ਸਾਨਫਰਾਂਸਿਸਕੋ (ਯੂ.ਐਸ.ਏ.) ਵਿਚ ਗਦਰ ਪਾਰਟੀ ਦੀ ਨੀਂਹ ਰੱਖਣ ਵਾਲਿਆਂ ਵਿਚੋਂ ਇਕ ਪ੍ਰਮੁੱਖ ਨੇਤਾ ਹਨ। ਅੰਗਰੇਜ਼ੀ ਸਾਮਰਾਜ ਵਿਰੁੱਧ ਕ੍ਰਾਂਤੀਕਾਰੀ ਸਰਗਰਮੀਆਂ ਕਰਕੇ ਇਨ੍ਹਾਂ ਨੂੰ 23 ਸਾਲ ਦੀ ਉਮਰ ਵਿਚ ਪਹਿਲੇ ਲਾਹੌਰ ਸਾਜ਼ਸ਼ ਕੇਸ (1915) ਵਿਚ ਮੌਤ ਦੀ ਸਜ਼ਾ ਸੁਣਾਈ ਗਈ। ਜਨਤਾ ਦੇ ਪ੍ਰਤਿਕਰਮ ਨੂੰ ਵੇਖਦੇ ਹੋਏ ਇਸ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ। ਇਨ੍ਹਾਂ ਨੂੰ ਅੰਡੇਮਾਨ (ਕਾਲੇ ਪਾਣੀ) ਭੇਜ ਦਿੱਤਾ ਗਿਆ, ਜਿਥੇ ਇਹ ਹੋਰਨਾਂ ਸਾਥੀਆਂ ਨਾਲ ਬ੍ਰਿਟਿਸ਼ ਰਾਜ ਦੇ ਘੋਰ ਅਤਿਆਚਾਰਾਂ ਵਿਰੁੱਧ ਛੇ ਸਾਲਾਂ ਤਕ ਲੜਦੇ ਰਹੇ ਜਦ ਤਕ ਕਿ ਸਿਆਸੀ ਕੈਦੀਆਂ ਨੂੰ ਭਾਰਤ ਦੀ ਧਰਤੀ ਤੇ ਵਾਪਸ ਭੇਜਣ ਦੀ ਮੰਗ ਨੂੰ ਸਵੀਕਾਰ ਨਹੀਂ ਕੀਤਾ ਗਿਆ। ਆਜ਼ਾਦੀ

ਪ੍ਰਾਪਤੀ ਦੀ ਖਾਤਰ ਉਹ ਹਮੇਸ਼ਾ ਹੀ ਖਤਰਿਆਂ ਨਾਲ ਖੇਡਦੇ ਰਹੇ ਹਨ। 29 ਨਵੰਬਰ, 1922 ਨੂੰ, ਜਦੋਂ ਇਨ੍ਹਾਂ ਨੂੰ ਨਾਗਪੁਰ ਸੈਂਟਰਲ ਜ਼ੇਲ੍ਹ ਵਿਚ ਤਬਦੀਲ ਕੀਤਾ ਜਾ ਰਿਹਾ ਸੀ ਤਾਂ ਇਨ੍ਹਾਂ ਨੇ ਮੇਲ ਟ੍ਰੇਨ ਵਿਚੋਂ ਛਾਲ ਮਾਰਕੇ ਬਚ ਨਿਕਲਣ ਦੀ ਦਲੇਰਾਨਾ ਕੋਸ਼ਿਸ਼ ਕੀਤੀ। 40 ਮੀਲ ਘੰਟੇ ਦੀ ਰਫਤਾਰ ਤੇ ਚਲਦੀ ਗੱਡੀ 'ਚੋਂ 14 ਫੁਟ ਦੀ ਛਾਲ ਮਾਰਨ ਤੇ ਇਨ੍ਹਾਂ ਨੂੰ ਕੋਈ ਝਰੀਟ ਵੀ ਨਹੀਂ ਲੱਗੀ ਤੇ ਆਪ ਮੌਤ ਦੇ ਮੂੰਹ 'ਚੋਂ ਵਾਲ ਵਾਲ ਬਚ ਗਏ। ਦਰਅਸਲ ਇਹ ਇੱਕ ਚਮਤਕਾਰ ਹੀ ਤਾਂ ਸੀ।

ਅੰਗਰੇਜ਼ ਸਰਕਾਰ ਨੇ ਫਿਰ ਇਨ੍ਹਾਂ ਦੇ ਸਿਰ ਦੀ ਕੀਮਤ ਰੱਖ ਦਿੱਤੀ, ਜਿਸ ਕਾਰਨ ਆਪ 16 ਸਾਲ ਰੂਪੋਸ਼ ਰਹੇ। ਆਪ ਇਸ ਸਮੇਂ ਦੇ ਦੌਰਾਨ ਹੀ ਸਰਦਾਰ ਭਗਤ ਸਿੰਘ ਅਤੇ ਚੰਦਰ ਸ਼ੇਖਰ ਆਜ਼ਾਦ ਦਾ ਵਿਸ਼ਵਾਸ ਪਾਤਰ ਬਣ ਗਏ ਤੇ ਉਨ੍ਹਾਂ ਦੇ ਕਹਿਣ ਤੇ ਹੀ ਭਾਰਤ ਵਿੱਚ ਕ੍ਰਾਂਤੀ ਨੂੰ ਯੋਜਨਾ ਬੱਧ ਬਣਾਉਣ ਦੀ ਜਾਣਕਾਰੀ ਹਾਸਲ ਕਰਨ ਲਈ ਮਾਸਕੋ ਦਾ ਦੌਰਾ ਕੀਤਾ। ਭਾਰੀ ਔਕੜਾਂ ਤੇ ਅਜ਼ਮਾਇਸ਼ਾਂ ਦੇ ਮਾਹੌਲ ਵਿੱਚ, ਉਹਨਾਂ ਨੇ ਅਫਗਾਨਿਸਤਾਨ ਦੇ ਫਿਰ ਆਪਣੀ ਰੂਪੋਸ਼ੀ ਦੇ ਦੌਰਾਨ ਉਨ੍ਹਾਂ ਇੱਕ ਵੱਖਰਾ ਹੀ ਰਾਹ ਅਪਨਾਇਆ। ਇਸ ਸਮੇਂ ਦੇ ਦੌਰਾਨ ਉਹ ਨੌਜਵਾਨਾਂ ਨਾਲ ਯਾਤਰਾ ਕਰਦੇ ਰਹੇ ਜਿਹੜੇ ਕਿ ਮਨੋਵਿਗਿਆਨਕ ਤੇ ਮਾਨਸਿਕ ਪਰਿਵਰਤਨ ਅਨੁਸਾਰ ਭਾਰਤੀ ਆਜ਼ਾਦੀ ਲਹਿਰ ਦੇ ਸਮਰਥਨ ਲਈ ਪ੍ਰਚਾਰ ਕਰਦੇ ਸਨ। ਉਹ ਸੁਰਾਸ਼ਟਰਾ ਵਿਖੇ 8 ਸਾਲ ਤੱਕ ਭੌਤਿਕ ਸਭਿਆਚਾਰ ਅਦਾਰੇ ਦੇ ਸੰਚਾਲਕ ਰਹੇ ਅਤੇ ਭਾਵਨਗਰ ਵਿਖੇ ਇਕ ਜਿਮਨਾਸਟਿਕ ਕੇਂਦਰ ਖੋਲ੍ਹਿਆ। ਇਸ ਸਾਰੇ ਸਮੇਂ ਦੇ ਦੌਰਾਨ ਉਹ "ਸਵਾਮੀ ਰਾਓ" ਦੇ ਭੇਸ ਵਿੱਚ ਹੀ ਵਿਚਰਦੇ ਰਹੇ।

ਸਾਲ 1938 ਵਿੱਚ ਬਾਬਾ ਪਿਰਥੀ ਸਿੰਘ ਆਜ਼ਾਦ ਨੇ ਦੇਸ਼ ਦੇ ਰਾਜਨੀਤਿਕ ਹਾਲਾਤ ਵਿੱਚ ਪਰਿਵਰਤਨ ਮਹਿਸੂਸ ਕਰਦਿਆਂ ਮਹਾਤਮਾ ਗਾਂਧੀ ਜੀ ਨੂੰ ਆਪਾ ਸਮਰਪਣ ਕਰ ਦਿੱਤਾ। ਬਰਤਾਨਵੀ ਸਰਕਾਰ ਨੇ ਵਧੇਰੇ ਖਤਰਨਾਕ ਵਿਅਕਤੀਆਂ ਵਿੱਚੋਂ ਚੁਣੇ ਹੋਏ ਇਸ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਦਾ ਪੂਰਾ ਬੰਦੋਬਸਤ ਕੀਤਾ ਹੋਇਆ ਸੀ। ਕਾਨੂੰਨ ਅਨੁਸਾਰ ਉਹਨਾਂ ਨੂੰ 1966 ਤਕ ਕੈਦ ਦੀ ਸਜ਼ਾ ਦਿੱਤੀ ਗਈ ਸੀ ਪਰ ਦੂਸਰੇ ਮਹਾਂਯੁੱਧ ਦੇ ਛਿੜਣ ਤੇ ਬਰਤਾਨਵੀ ਅਧਿਕਾਰੀਆਂ ਨੂੰ ਬਾਬਾ ਜੀ ਨੂੰ ਰਿਹਾ ਕਰਨ ਲਈ ਮਜਬੂਰ ਹੋਣਾ ਪਿਆ, ਕਿਉਂਕਿ ਉਹ ਗਾਂਧੀ ਜੀ ਦਾ ਸਮਰਥਨ ਲੈਣਾ ਚਾਹੁੰਦੇ ਸਨ। ਗਾਂਧੀ ਜੀ ਨੇ ਉਹਨਾਂ ਦੇ ਕੰਮ ਬਾਰੇ 'ਹਰੀਜਨ' (28 ਮਈ 1938) ਵਿੱਚ ਲਿਖਿਆ ਸੀ:

"ਬਾਬਾ ਜੀ ਦਾ, ਭਾਰਤ ਦੀ ਆਜ਼ਾਦੀ ਤੋਂ ਇਲਾਵਾ ਜੀਵਨ ਦਾ ਹੋਰ ਕੋਈ ਉਦੇਸ਼ ਹੀ ਨਹੀਂ। ਮੈਂ ਉਹਨਾਂ ਦੀ ਗੱਲ-ਬਾਤ ਕਰਨ ਦੇ ਸੁਹਿਦਰਤਾ ਤੋਂ ਬਹੁਤ ਪ੍ਰਭਾਵਤ ਹੋਇਆ ਹਾਂ ਅਤੇ ਮੈਂ ਉਹਨਾਂ ਦੇ ਕੰਮ ਦੀ ਕਦਰ ਕਰਦਾ ਹਾਂ। ਸਾਨੂੰ ਆਜ਼ਾਦੀ ਪ੍ਰਾਪਤ ਕਰਨ ਲਈ ਅਜਿਹੇ ਵਿਅਕਤੀਆਂ ਦੀ ਹੀ ਲੋੜ ਹੈ।"

ਸਾਲ 1940 ਵਿੱਚ ਗਾਂਧੀ ਜੀ ਨੇ ਫਿਰ ਇਕ ਵਾਰ ਉਹਨਾਂ ਬਾਰੇ ਲਿਖਿਆ ਸੀ, ਪਰ ਇਸ ਵਾਰ ਉਹਨਾਂ ਦੇ ਵਿਚਾਰ ਉਹਨਾਂ ਦੀ ਪ੍ਰਸਤਾਵਿਕ ਭੌਤਿਕ ਸਭਿਆਚਾਰ ਸਕੀਮ ਬਾਰੇ ਸਨ:-

"ਮੈਂ ਸ਼੍ਰੀ ਪ੍ਰਿਥਵੀ ਸਿੰਘ ਵਲੋਂ ਦਿੱਤੀ ਹੋਈ ਭੌਤਿਕ ਸਭਿਆਚਾਰ ਸਕੀਮ ਨੂੰ ਘੋਖਿਆ ਹੈ ਅਤੇ ਮੈਨੂੰ ਇਹ ਸਕੀਮ ਚੰਗੀ ਲੱਗੀ ਹੈ। ਇਹ ਸਾਡੇ ਦੇਸ਼ ਵਿੱਚ ਪ੍ਰਬੱਲ ਹਾਲਾਤ ਦੇ ਸੰਦਰਭ ਵਿੱਚ ਯੋਜਨਾ ਬੱਧ ਕੀਤੀ ਗਈ ਹੈ। ਇਹ ਆਸਾਨ, ਘਟ ਖਰਚੀਲੀ ਅਤੇ ਤੁਰੰਤ ਲਾਗੂ ਕੀਤੀ ਜਾ ਸਕਦੀ ਹੈ।"

ਬਾਬਾ ਪਿਰਥੀ ਸਿੰਘ ਸ਼ੁਰੂ ਤੋਂ ਹੀ ਕੌਮ ਦੀ ਸੇਵਾ ਕਰਦੇ ਆ ਰਹੇ ਹਨ। ਲੋਕਾਂ ਦੇ ਜੋਸ਼ ਖਰੋਸ਼ ਨੂੰ ਉਭਾਰਨਾ, ਇਕ ਸੰਗਠਤ ਕਿਰਿਆ ਰਾਹੀਂ ਉਸ ਜਨਤਕ ਜੋਸ਼ ਤੇ ਉਮਾਹ ਨੂੰ ਉਸਾਰੂ ਪੱਖ ਵਿੱਚ ਵਰਤਣਾ, ਸਵੈ-ਇਛਕ ਸੰਸਥਾਵਾਂ ਰਾਹੀਂ ਉਸ ਉਤਸ਼ਾਹ ਨੂੰ ਪ੍ਰਫੁਲਤ ਕਰਨਾ ਅਤੇ ਜਨਤਾ ਨੂੰ ਸਮਕਾਲੀ ਸਮੱਸਿਆਵਾਂ ਤੇ ਉਹਨਾਂ ਦੇ ਸੰਭਵ ਹਲ ਬਾਰੇ ਚੇਤੰਨ ਕਰਨਾ-ਇਹ ਕੁਝ ਕੁ ਗੁਣ ਬਾਬਾ ਜੀ ਦੇ ਜੀਵਨ ਦੇ ਉਦੇਸ਼ਾਂ ਵਿੱਚ ਸ਼ਾਮਲ ਹਨ। ਉਹ ਵਿਸ਼ੇਸ਼ ਕਰਕੇ ਸਾਡੇ ਯੁਵਕ ਵਰਗ ਨਾਲ ਜੁੜੇ ਹੋਏ ਹਨ, ਸ਼ਾਇਦ ਇਸ ਕਾਰਨ ਕਰਕੇ ਕਿ ਆਪਾ ਪ੍ਰਗਟ ਕਰਨ ਦੀ ਭਾਸ਼ਾ ਤੋਂ ਬਿਨਾਂ ਉਹਨਾਂ ਨੂੰ ਹੋਰ ਕੋਈ ਭਾਸ਼ਾ ਚੰਗੀ ਨਹੀਂ ਲਗਦੀ। ਉਹਨਾਂ ਦਾ ਜੀਵਨ ਉਹਨਾਂ ਦੇ ਆਪਣੇ ਲਈ ਇਕ ਨਮੂਨਾ ਹੈ। ਉਹ ਵਿਚਾਰ ਅਤੇ ਅਮਲ ਵਿਚਕਾਰ ਕਿਸੇ ਫਾਸਲੇ ਨੂੰ ਵੀ ਬਰਦਾਸ਼ਤ ਨਹੀਂ ਕਰਦੇ। ਸ਼ਾਇਦ ਉਹਨਾਂ ਦੇ ਜੀਵਨ ਦਾ ਏਹੀ ਗੁਣ ਹੀ ਸੀ, ਜਿਸ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ, ਰਾਜਸਥਾਨ ਦੇ ਯੁਵਕਾਂ ਲਈ (1956-57) ਅਤੇ ਪੰਜਾਬ ਦੇ ਨੌਜਵਾਨਾਂ ਲਈ (1957-66) ਬਾਬਾ ਜੀ ਦੀਆਂ ਸੇਵਾਵਾਂ ਵਰਤਣ ਲਈ ਪ੍ਰੇਰਿਆ।

ਬਾਬਾ ਜੀ ਦੀ ਨੈਤਿਕ ਸ਼ਕਤੀ, ਗਿਆਨ ਅਤੇ ਯੁਵਕਾਂ ਪ੍ਰਤੀ ਉਤਸ਼ਾਹ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਇਨ੍ਹਾਂ ਨੂੰ ਸਿੱਖਿਆ ਵਿਭਾਗ (ਕਾਲਜਾਂ) ਵਿੱਚ ਯੁਵਕ ਭਲਾਈ ਦਾ ਸਲਾਹਕਾਰ ਨਿਯੁਕਤ ਕਰਕੇ ਗੌਰਵ ਮਹਿਸੂਸ ਕਰਦੀ ਹੈ। ਇਸ ਸੰਸਥਾ ਨਾਲ ਸਬੰਧ ਰੱਖਣ ਨਾਲ ਯੁਵਕਾਂ ਅਤੇ ਅੱਧਖੜ ਵਿਅਕਤੀਆਂ ਵਿੱਚ ਹੀ ਉਹਨਾਂ ਵਰਗੀ ਵੀ ਭਾਵਨਾ ਪੈਦਾ ਹੋਈ ਹੈ। ਸਾਨੂੰ ਇਨ੍ਹਾਂ ਦੀਆਂ ਆਸ਼ਾਵਾਂ ਅਨੁਸਾਰ ਕੰਮ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ। ਇਹੀ ਇਕ ਜਿਊਂਦੇ ਇਤਿਹਾਸਕ ਨਾਇਕ-ਬਾਬਾ ਪਿਰਥੀ ਸਿੰਘ ਜੀ ਆਜ਼ਾਦ ਨੂੰ ਸਨਮਾਨ ਕਰਨ ਦਾ ਇਕ ਯੋਗ ਢੰਗ ਹੈ।

ਸਾਲ 1976 ਵਿੱਚ ਬਾਬਾ ਪਿਰਥੀ ਸਿੰਘ ਜੀ ਦੀ 85 ਵੀਂ ਵਰ੍ਹੇ ਗੰਢ ਮਨਾਈ ਗਈ ਸੀ। ਉਸ ਅਵਸਰ ਦੇ ਸੰਬੰਧ ਵਿੱਚ, ਹੋਰਨਾਂ ਗੱਲਾਂ ਦੇ ਨਾਲ, ਕੌਮੀ ਸਮਾਰੋਹ ਕਮੇਟੀ ਨੇ ਇਕ ਸੁਵੀਨਰ ਵੀ ਪ੍ਰਕਾਸ਼ਿਤ ਕੀਤਾ ਸੀ, ਜਿਸ ਵਿੱਚ ਇਸ ਗੱਲ ਤੇ ਚਾਨਣਾ ਪਾਇਆ ਗਿਆ ਸੀ ਕਿ ਕਿਸ ਤਰ੍ਹਾਂ ਗ਼ਦਰੀ ਸੂਰਮਿਆਂ ਵੱਲੋਂ ਝਲੇ ਗਏ ਦੁੱਖਾਂ ਅਤੇ ਕੀਤੀਆਂ ਗਈਆਂ ਕੁਰਬਾਨੀਆਂ ਨੇ ਸਾਡੇ ਲੱਖਾਂ ਦੇਸ਼ ਵਾਸੀਆਂ ਨੂੰ ਸੁਤੰਤਰਤਾ

ਸੰਗਰਾਮ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਣਾ ਦਿੱਤੀ ਅਤੇ ਇੰਝ ਸਾਡੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਇਕ ਸ਼ਾਨਦਾਰ ਕਾਂਡ ਦਾ ਵਾਧਾ ਕੀਤਾ। ਉਹਨਾਂ ਦੇ ਸਰਗਰਮ ਜੀਵਨ ਲਈ ਅਨੇਕਾਂ ਖੁਸ਼ੀਆਂ ਦੀ ਕਾਮਨਾ ਕਰਦਿਆਂ ਹੋਇਆ, ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਬਾਬਾ ਜੀ ਨੂੰ ਸਾਡੀ ਆਜ਼ਾਦੀ ਲਈ ਜੂਝਣ ਵਾਲੇ ਸਭ ਤੋਂ ਵੱਡੇ ਸਰਪ੍ਰਸਤ ਜੁਝਾਰੂ ਕਰਕੇ ਦੱਸਿਆ।

ਇਸ ਸਾਲ 15 ਸਤੰਬਰ, 1982 ਨੂੰ ਪੰਜਾਬ ਸਰਕਾਰ ਨੇ ਬਾਬਾ ਜੀ ਦੇ ਜੀਵਨ ਦੇ 90 ਸਾਲ ਪੂਰੇ ਕਰਨ ਦੇ ਅਵਸਰ ਤੇ ਉਨ੍ਹਾਂ ਦਾ ਰਾਜ ਪੱਧਰ ਤੇ ਜਨਮ ਦਿਨ ਮਨਾਉਣ ਦੀ ਪਹਿਲ ਕੀਤੀ ਹੈ। ਇਸ ਮੌਕੇ ਤੇ ਇਹ ਸਾਡੀ ਪ੍ਰਤਿਗਿਆ ਹੋਣੀ ਚਾਹੀਦੀ ਹੈ ਕਿ ਅਸੀਂ ਬਾਬਾ ਜੀ ਦੀਆਂ ਆਸਾਂ ਮੁਤਾਬਿਕ ਪੂਰੇ ਉਤਰੀਏ। ਆਪਣੇ ਜੀਵਨ ਇਤਿਹਾਸਕ ਸੂਰਮੇ, ਬਾਬਾ ਪਿਰਥੀ ਸਿੰਘ ਆਜ਼ਾਦ ਦਾ ਜਨਮ ਦਿਨ ਮਨਾਉਣ ਦਾ ਇਹੀ ਸਭ ਤੋਂ ਉਚਿਤ ਢੰਗ ਹੈ।


ਬਾਬਾ ਪਿਰਥੀ ਸਿੰਘ ਸ਼ੁਰੂ ਤੋਂ ਹੀ ਕੌਮ ਦੀ ਸੇਵਾ ਕਰਦੇ ਆ ਰਹੇ ਹਨ। ਲੋਕਾਂ ਦੇ ਜੋਸ਼ ਖਰੋਸ਼ ਨੂੰ ਉਭਾਰਨਾਂ, ਇਕ ਸੰਗਠਤ ਕਿਰਿਆ ਰਾਹੀਂ ਉਸ ਜਨਤਕ ਜੋਸ਼ ਤੇ ਉਮਾਹ ਨੂੰ ਉਸਾਰੂ ਪੱਖ ਵਿੱਚ ਵਰਤਣਾ, ਸਵੈ-ਇੱਛਕ ਸੰਸਥਾਵਾਂ ਰਾਹੀਂ ਉਸ ਉਤਸ਼ਾਹ ਨੂੰ ਪ੍ਰਫੁਲਤ ਕਰਨਾ ਅਤੇ ਜਨਤਾ ਨੂੰ ਸਮਕਾਲੀ ਸਮੱਸਿਆਵਾਂ ਤੇ ਉਹਨਾਂ ਦੇ ਸੰਭਵ ਹਲ ਬਾਰੇ ਚੇਤੰਨ ਕਰਨਾ-ਇਹ ਕੁਝ ਕੁ ਗੁਣ ਬਾਬਾ ਜੀ ਦੇ ਜੀਵਨ ਦੇ ਉਦੇਸ਼ਾਂ ਵਿੱਚ ਸ਼ਾਮਲ ਹਨ। ਉਹ ਵਿਸ਼ੇਸ਼ ਕਰਕੇ ਸਾਡੇ ਯੁਵਕ ਵਰਗ ਨਾਲ ਜੁੜੇ ਹੋਏ ਹਨ, ਸ਼ਾਇਦ ਇਸ ਕਾਰਨ ਕਰਕੇ ਕਿ ਆਪਾ ਪ੍ਰਗਟ ਕਰਨ ਦੀ ਭਾਸ਼ਾ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਭਾਸ਼ਾ ਚੰਗੀ ਨਹੀਂ ਲਗਦੀ। ਉਹਨਾਂ ਦਾ ਜੀਵਨ ਉਹਨਾਂ ਦੇ ਆਪਣੇ ਲਈ ਇਕ ਨਮੂਨਾ ਹੈ। ਉਹ ਵਿਚਾਰ ਅਤੇ ਅਮਲ ਵਿਚਕਾਰ ਕਿਸੇ ਫਾਸਲੇ ਨੂੰ ਵੀ ਬਰਦਾਸ਼ਤ ਨਹੀਂ ਕਰਦੇ। ਸ਼ਾਇਦ ਉਹਨਾਂ ਦੇ ਜੀਵਨ ਦਾ ਏਹੀ ਗੁਣ ਹੀ ਸੀ, ਜਿਸ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ, ਰਾਜਸਥਾਨ ਦੇ ਯੁਵਕਾਂ ਲਈ (1956-57) ਅਤੇ ਪੰਜਾਬ ਦੇ ਨੌਜਵਾਨਾਂ ਲਈ (1957-66) ਬਾਬਾ ਜੀ ਦੀਆਂ ਸੇਵਾਵਾਂ ਵਰਤਣ ਲਈ ਪ੍ਰੇਰਿਆ।

ਬਾਬਾ ਜੀ ਦੀ ਨੈਤਿਕ ਸ਼ਕਤੀ, ਗਿਆਨ ਅਤੇ ਯੁਵਕਾਂ ਪ੍ਰਤੀ ਉਤਸ਼ਾਹ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਇਨ੍ਹਾਂ ਨੂੰ ਸਿਖਿਆ ਵਿਭਾਗ (ਕਾਲਜਾਂ) ਵਿਚ ਯੁਵਕ ਭਲਾਈ ਦਾ ਸਲਾਹਕਾਰ ਨਿਯੁਕਤ ਕਰਕੇ ਗੌਰਵ ਮਹਿਸੂਸ ਕਰਦੀ ਹੈ। ਇਸ ਸੰਸਥਾ ਨਾਲ ਸਬੰਧ ਰੱਖਣ ਨਾਲ ਯੁਵਕਾਂ ਅਤੇ ਅੱਧਖੜ ਵਿਅਕਤੀਆਂ ਵਿਚ ਹੀ ਉਹਨਾਂ ਵਰਗੀ ਵੀ ਭਾਵਨਾ ਪੈਦਾ ਹੋਈ ਹੈ। ਸਾਨੂੰ ਇਨ੍ਹਾਂ ਦੀਆਂ ਆਸ਼ਾਵਾਂ ਅਨੁਸਾਰ ਕੰਮ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ। ਇਹੀ ਇਕ ਜਿਊਂਦੇ ਇਤਿਹਾਸਕ ਨਾਇਕ - ਬਾਬਾ ਪਿਰਥੀ ਸਿੰਘ ਜੀ ਆਜ਼ਾਦ ਨੂੰ ਸਨਮਾਨ ਕਰਨ ਦਾ ਇਕ ਯੋਗ ਢੰਗ ਹੈ।

# 26 ਮਾਸਟਰ ਚੱਤਰ ਸਿੰਘ ਜੀ ਧਾਰਨੀ

## (ਪੁਰਾਣੇ ਦੇਸ਼ ਭਗਤ ਕਾਲੇ ਪਾਣੀ ਦੇ ਪਿੰਜਰੇ ਵਾਲੇ)

### (ਮਾਸਟਰ ਜੀ ਦੀ ਆਪਣੀ ਜ਼ੁਬਾਨੀ)



*ਮਾਸਟਰ ਚਤਰ ਸਿੰਘ*

ਮੇਰਾ ਜਨਮ ਪਿੰਡ ਮਨੈਲੀ, ਤਹਿਸੀਲ ਰੋਪੜ, ਜ਼ਿਲ੍ਹਾ ਅੰਬਾਲਾ, ਪਰਗਨਾਂ, ਚਮਕੌਰ ਸਾਹਿਬ (ਧਰਤੀ ਸ਼ਹੀਦਾਂ) ਵਿੱਚ ਸੰਨ 1889 ਮਹੀਨਾ ਜੂਨ ਵਿੱਚ ਹੋਇਆ ਸੀ, ਪਿਤਾ ਦਾ ਨਾਮ ਸ. ਸਾਵਨ ਸਿੰਘ ਤੇ ਮਾਤਾ ਦਾ ਨਾਮ ਸ੍ਰੀਮਤੀ ਪੰਜਾਬ ਕੌਰ ਸੀ।

ਮੈਨੂੰ ਦਸ ਸਾਲ ਦੀ ਉਮਰ ਵਿੱਚ ਮੇਰੇ ਬੜੇ ਭਾਈ ਸਾਹਿਬ ਸ. ਵਰਿਆਮ ਸਿੰਘ ਜੀ ਪਾਸ, ਜੋ ਕਿ ਉਸ ਵੇਲੇ ਪਿੰਡ ਸਾਹੂਵਾਲਾ, ਤਹਿਸੀਲ ਸਰਸਾ, ਜ਼ਿਲ੍ਹਾ ਹਿਸਾਰ ਦੇ ਸਕੂਲ ਦੇ ਹੈਡ ਮਾਸਟਰ ਸਨ, ਪੜ੍ਹਨੇ ਪਾ ਦਿੱਤਾ। ਸੱਤ ਸਾਲ ਉਨ੍ਹਾਂ ਕੋਲ ਪੜ੍ਹਾਈ ਕਰਕੇ ਫੇਰ ਗੌਰਮਿੰਟ ਹਾਈ ਸਕੂਲ ਲਾਇਲਪੁਰ ਵਿੱਚ ਦਾਖਲ ਹੋ ਗਿਆ। ਉਸ ਸਕੂਲ ਵਿੱਚ ਹੀ ਅੱਠਵੀਂ, ਨੌਵੀਂ ਅਤੇ ਦਸਵੀਂ ਜਮਾਤ ਪਾਸ ਕੀਤੀ।

ਦਸਵੀਂ ਜਮਾਤ ਪਾਸ ਕਰਨ ਦੇ ਪਿਛੋਂ ਸਾਨੂੰ ਅੰਗਰੇਜ਼ੀ ਹਕੂਮਤ ਦੇ ਭੈੜੇ ਕਾਨੂੰਨ ਦੇ ਖਿਲਾਫ਼ ਜਾਗਣਾ ਪਿਆ, ਜਿਸ ਭੈੜੇ ਕਾਨੂੰਨ ਤੋਂ ਖਿਲਾਫ਼ ਅਸੀਂ ਆਵਾਜ਼ ਉਠਾਈ ਉਹ ਕਾਨੂੰਨ ਇਹ ਸੀ (ੳ) ਗੌਰਮਿੰਟ ਬੋਰਡਿੰਗ ਹਾਊਸ ਵਿੱਚ ਝਟਕਾ ਪਕਾਉਣੇ ਦੀ ਮਨਾਹੀ ਸੀ (ਅ) ਜੇ ਕਿਸੇ ਨੇ ਮਾਸ ਪਕਾਉਣਾ ਹੁੰਦਾ ਸੀ ਤਾਂ ਮੁਸਲਮਾਨਾਂ ਦੇ ਹਥੀਂ ਹਲਾਲ ਕੀਤਾ ਮਾਸ ਲਿਆਕੇ ਪਕਾ ਸਕਦੇ ਸਨ।

ਉਪਰੋਕਤ ਭੈੜੇ ਕਾਨੂੰਨ ਵਿਰੁੱਧ, ਹਿੰਦੂ-ਸਿੱਖ ਵਿਦਿਆਰਥੀਆਂ ਨੂੰ ਗੌਰਮਿੰਟ ਬੋਰਡਿੰਗ ਹਾਊਸ ਛੱਡਣਾ ਪਿਆ ਅਤੇ ਖਾਲਸਾ ਬੋਰਡਿੰਗ ਹਾਊਸ ਦੀ ਨੀਂਹ ਰੱਖੀ ਗਈ।

ਉਸ ਤੋਂ ਦੂਸਰੇ ਸਾਲ ਹੀ ਖਾਲਸਾ ਹਾਈ ਸਕੂਲ ਲਾਇਲਪੁਰ ਦੀ ਨੀਂਹ ਭੀ ਰੱਖੀ ਗਈ ਅਤੇ ਤੀਸਰੇ ਹੀ ਸਾਲ ਖਾਲਸਾ ਕਾਲਜ ਲਾਇਲਪੁਰ ਦੀ ਨੀਂਹ ਰੱਖੀ ਗਈ, ਜਿਸਦੇ ਵਾਸਤੇ ਇੱਕ ਸਰਦਾਰ ਸਾਹਿਬ ਨੇ 25 ਕੀਲੇ ਜ਼ਮੀਨ ਦਾਨ ਕੀਤੀ ਸੀ ਇਸ ਕੰਮ ਲਈ। ਮੈਂ (ਮਾ. ਚੱਤਰ ਸਿੰਘ), ਮਾਸਟਰ ਤਾਰਾ ਸਿੰਘ (ਅਕਾਲੀ ਲੀਡਰ) ਅਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਇੱਕ ਸਾਲ ਮੁਫਤ ਸੇਵਾ ਕੀਤੀ ਸੀ।

ਇਸੇ ਤਰ੍ਹਾਂ ਮੈਂ ਸੰਨ 1914 ਤੱਕ ਕੌਮੀ ਸਕੂਲਾਂ ਵਿੱਚ ਸੇਵਾ ਕਰਦਾ ਰਿਹਾ ਤਾਂ ਜੋ ਸਾਨੂੰ ਦੇਸ਼ ਆਜ਼ਾਦ ਕਰਾਉਣ ਲਈ ਪੜ੍ਹੇ-ਲਿਖੇ ਨੌਜਵਾਨ ਮਿਲ ਸਕਣ। ਮੇਰਾ ਖ਼ਿਆਲ ਮੁੱਢ ਤੋਂ ਹੀ ਵਿਦੇਸ਼ੀ ਹਕੂਮਤ ਦੇ ਵਿਰੁੱਧ ਸੀ। ਸੰਨ 1914 ਵਿੱਚ ਜਦੋਂ ਜਰਮਨੀ ਹਕੂਮਤ ਨੇ ਅੰਗਰੇਜ਼ਾਂ ਦੇ ਖਿਲਾਫ਼ ਲੜਾਈ ਆਰੰਭ ਕੀਤੀ ਸੀ ਤਾਂ ਮੈਨੂੰ ਅਤੇ ਹੋਰ ਦੇਸ਼ ਪਰਵਾਨਿਆਂ ਨੂੰ ਚੰਗਾ ਮੌਕਾ ਹੱਥ ਆ ਗਿਆ ਸੀ। ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚੋਂ ਭੀ ਬਹੁਤ ਸਾਰੇ ਸੱਜਣ ਦੇਸ਼ ਦੀ ਆਜ਼ਾਦੀ ਦੀ ਲਹਿਰ ਚਕਣ ਲਈ ਦੇਸ਼ ਵਿੱਚ ਆ ਗਏ ਸਨ। ਉਨ੍ਹਾਂ ਹੀ ਦਿਨਾਂ ਵਿੱਚ ਦੇਸ਼ ਦੀ ਆਜ਼ਾਦੀ ਵਾਸਤੇ ਦੇਸੀ ਫੌਜਾਂ ਵਿੱਚ ਭੀ ਪ੍ਰਚਾਰ ਕੀਤਾ ਗਿਆ, ਜਿਸਦਾ ਅਸਰ ਇਹ ਹੋਇਆ ਕਿ ਕੁੱਝ ਦੇਸੀ ਫੌਜਾਂ ਸਾਡੇ ਨਾਲ ਮਿਲ ਗਈਆਂ ਸਨ। ਪਰ ਮੰਦੇ ਭਾਗਾਂ ਨੂੰ ਦੋ ਮੁਸਲਮਾਨ ਅਤੇ ਇੱਕ ਸਿੱਖ, ਤਿੰਨ ਗ਼ਦਾਰਾਂ ਨੇ ' ਜਿਹੜੇ ਕਿ ਸਾਡੇ ਨਾਲ ਕੰਮ ਕਰਦੇ ਸਨ ਤੇ ਅੰਦਰੋਂ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ, ਅੰਗਰੇਜ਼ਾਂ ਨਾਲ ਵਾਇਦਾ ਕਰਕੇ ਸਾਡੀ ਸਾਰੀ ਵਿਉਂਤ ਦਾ ਭੇਦ ਖੋਲ੍ਹ ਦਿੱਤਾ। ਸਾਡਾ ਬੰਬਾਂ ਦਾ ਜ਼ਖ਼ੀਰਾ ਅਤੇ ਕਾਰਖਾਨਾ, ਜੋ ਲਾਹੌਰ ਸ਼ਹਿਰ ਵਿੱਚ ਸੀ, ਪਕੜਵਾ ਦਿੱਤਾ ਅਤੇ ਰਾਇਫਲਾਂ ਤੇ ਪਿਸਤੌਲ ਜੋ ਅਮਰੀਕਾ ਤੋਂ ਲੁਧਿਆਣੇ ਆਏ ਸਨ, ਭੀ ਅੰਗਰੇਜ਼ਾਂ ਨੂੰ ਪਕੜਵਾ ਦਿੱਤੇ ਗਏ। ਆਪਣੇ ਇਨਾਮ ਵਾਸਤੇ ਸਾਡੀਆਂ ਗਿਰਫ਼ਤਾਰੀਆਂ ਸ਼ੁਰੂ ਕਰਾ ਦਿੱਤੀਆਂ।

ਜਦੋਂ ਮੈਂ ਦੇਖਿਆ ਕਿ ਮੇਰੇ ਕੁੱਝ ਸਾਥੀ ਪਕੜੇ ਗਏ ਹਨ ਅਤੇ ਬਾਕੀ ਭੀ ਪਕੜੇ ਜਾਣਗੇ ਤਾਂ ਮੈਂ ਲੁਹਾਰ ਪਾਸੋਂ ਗੰਡਾਸੀ ਬਣਵਾਕੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਆਜ਼ਾਦੀ ਦੀ ਸਲਾਹ ਕਰ ਲਈ, ਕਿਉਂਕਿ ਉਥੇ ਸਿੱਖ ਪ੍ਰੋਫੈਸਰਾਂ ਅਤੇ ਪ੍ਰਿੰਸੀਪਲ ਨੂੰ ਕੱਢ ਕੇ ਉਨ੍ਹਾਂ ਦੀ ਥਾਂ ਅੰਗਰੇਜ਼ ਰੱਖੇ ਗਏ ਸਨ। ਮੈਥੋਂ ਇਹ ਅਨਿਆਇ ਨਾ ਸਹਾਰਿਆ ਗਿਆ, ਅਤੇ ਇੱਕ ਅੰਗਰੇਜ਼ ਪ੍ਰੋਫੈਸਰ ਨੂੰ ਖਤਮ ਕਰਨੇ ਦੇ ਇਰਾਦੇ ਨਾਲ ਉਸ ਪਰ ਹਮਲਾ ਕੀਤਾ, ਪਰ ਉਹ ਜ਼ਖ਼ਮੀ ਹੀ ਹੋਇਆ।

ਇਹ ਗੱਲ ਸੁਣਕੇ ਦੂਜੇ ਪ੍ਰੋਫੈਸਰਾਂ ਅਤੇ ਪ੍ਰਿੰਸੀਪਲ ਨੂੰ ਡਰ ਪੈ ਗਿਆ। ਸਾਰੇ ਅੰਗਰੇਜ਼ ਪ੍ਰੋਫੈਸਰ ਤੇ ਪ੍ਰਿੰਸੀਪਲ ਕਾਲਜ ਛੱਡ ਕੇ ਆਪਣੀ ਵਲਾਇਤ ਨੂੰ ਚਲੇ ਗਏ, ਪਰ ਮੈਨੂੰ ਗਿਰਫ਼ਤਾਰ ਕਰ ਲਿਆ ਗਿਆ। ਮੇਰੇ ਖਿਲਾਫ਼ ਮੁਕਦਮਾ ਚਲਾ ਦਿੱਤਾ ਅਤੇ ਮੈਨੂੰ ਸੈਸ਼ਨ ਦੀ ਅਦਾਲਤ ਦੇ ਸਪੁਰਦ ਕਰ ਦਿੱਤਾ। ਅੰਗਰੇਜ਼ ਸੈਸ਼ਨ ਨੇ ਮੇਰੇ ਬਿਆਨ ਲਏ। ਜੋ ਬਿਆਨ ਮੈਂ ਦਿੱਤੇ ਉਹ ਇਹ ਸਨ:

> "ਸਾਡਾ ਦੇਸ਼ ਅੰਗਰੇਜ਼ਾਂ ਨੇ ਬੇਈਮਾਨੀ ਨਾਲ ਦਬਾ ਲਿਆ ਹੈ। ਅੰਗਰੇਜ਼ ਸਿਪਾਹੀਆਂ ਨੂੰ 100/- ਰੁਪੈ ਮਹੀਨਾ ਤਨਖ਼ਾਹ ਦਿੱਤੀ ਜਾਂਦੀ ਹੈ, ਪਰ ਸਾਡੇ ਦੇਸੀ ਸਿਪਾਹੀਆਂ ਨੂੰ ਸਿਰਫ਼ 18/- ਰੁਪੈ ਮਹੀਨਾ ਹੀ ਮਿਲਦੇ ਹਨ। ਇਸੇ ਤਰ੍ਹਾਂ ਸਾਰੇ ਮਹਿਕਮਿਆਂ ਵਿੱਚ

ਸਾਡੇ ਦੇਸੀ ਲੋਕਾਂ ਨਾਲ ਚੰਗਾ ਸਲੂਕ ਨਹੀਂ ਕੀਤਾ ਜਾਂਦਾ। ਮੈਂ ਅਤੇ ਮੇਰੇ ਦੂਜੇ ਸਾਥੀਆਂ ਨੇ ਪ੍ਰਣ ਕਰ ਲਿਆ ਹੈ ਕਿ ਅਸੀਂ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਕੱਢ ਕੇ ਆਪਣਾ ਦੇਸੀ ਰਾਜ ਕਾਇਮ ਕਰੀਏ। ਸਾਡਾ ਇਹ ਵੀ ਪ੍ਰਣ ਹੈ ਕਿ ਅਸੀਂ, ਹਰ-ਇੱਕ, ਤਿੰਨ ਜਾਂ ਚਾਰ ਅੰਗਰੇਜ਼ਾਂ ਨੂੰ ਖਤਮ ਕਰਕੇ ਆਪ ਫਾਂਸੀ ਪ੍ਰਾਪਤ ਕਰੀਏ। ਸਾਨੂੰ ਉਮੀਦ ਹੈ ਕਿ ਸਾਡਾ ਬੀਜਿਆ ਹੋਇਆ ਬੀਜ, ਪੱਜਾਂ-ਸੱਤਾਂ ਸਾਲਾਂ ਤੱਕ ਜ਼ਰੂਰ ਹਰਾ ਹੋਵੇਗਾ ਤੇ ਸਾਡੇ ਲੋਕ ਜ਼ਰੂਰ ਅੰਗਰੇਜ਼ਾਂ ਨੂੰ ਇਥੋਂ ਕੱਢ ਦੇਣਗੇ।"

ਉਪਰੋਕਤ ਬਿਆਨ ਸੁਣਕੇ ਅੰਗਰੇਜ਼ ਸੈਸ਼ਨ ਜੱਜ ਨੇ ਮੈਨੂੰ ਕਾਲਾ ਪਾਣੀ (ਉਮਰ ਕੈਦ) ਦੀ ਸਜ਼ਾ ਦੇ ਦਿੱਤੀ। ਇਹ ਸੁਣਕੇ ਮੈਨੂੰ ਬਹੁਤ ਖੁਸ਼ੀ ਹੋਈ।

ਮੇਰੇ ਦੂਸਰੇ ਸਾਥੀਆਂ, ਜਿਨ੍ਹਾਂ ਦੀ ਗਿਣਤੀ ਤਕਰੀਬਨ 200 ਸੀ, ਦੇ ਖਿਲਾਫ਼ ਮੁਕਦਮਾ ਲਾਹੌਰ ਵਿੱਚ ਚੱਲਣ ਲੱਗ ਪਿਆ ਸੀ, ਜੋ ਕਿ ਅਮਰੀਕਨ ਬਾਬੇ ਅਖਵਾਂਦੇ ਸਨ। ਇੱਕ ਸਾਲ ਮੁਕਦਮਾ ਚਲਾਕੇ ਕੁੱਝ ਨੂੰ ਫਾਂਸੀ ਅਤੇ ਬਾਕੀਆਂ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾ ਦਿੱਤੀ ਗਈ। ਜੋ ਮੇਰੇ ਨਾਲ ਜੇਲ੍ਹ ਵਿੱਚ ਰਹੇ ਸਨ, ਉਨ੍ਹਾਂ 'ਚੋਂ ਕੁੱਝ ਦੇ ਨਾਮ ਯਾਦ ਹਨ - (1) ਬਾਬਾ ਵਸਾਖਾ ਸਿੰਘ ਜੀ, (2) ਬਾਬਾ ਸੋਚਣ ਸਿੰਘ ਜੀ, (3) ਬਾਬਾ ਸ਼ੇਰ ਸਿੰਘ ਜੀ ਪਰਵਾਨੇ ਲਾਹੌਰ ਵਾਲੇ, (4) ਬਾਬਾ ਕੇਸਰ ਸਿੰਘ ਜੀ ਪਰਵਾਨੇ ਝਾਂਸੀ ਵਾਲੇ ਵਗੈਰਾ ਸਨ।

ਜਦ ਮੈਨੂੰ ਅੰਮ੍ਰਿਤਸਰ ਤੋਂ ਲਾਹੌਰ ਦੀ ਜੇਲ੍ਹ ਵਿੱਚ ਭੇਜਿਆ ਗਿਆ ਤਾਂ ਉਥੇ ਜਾਕੇ ਵੀ ਅੰਗਰੇਜ਼ਾਂ ਦੇ ਭੈੜੇ ਕਾਨੂੰਨ ਦਾ ਟਾਕਰਾ ਕਰਨਾ ਪਿਆ। ਉਹ ਇਹ ਸੀ ਕਿ ਸਿੱਖ ਕੈਦੀਆਂ ਨੂੰ ਟੋਪੀਆਂ ਦਿੱਤੀਆਂ ਜਾਂਦੀਆਂ ਸਨ, ਜੋ ਕਿ ਸਿੱਖ ਧਰਮ ਦੇ ਅਸੂਲ ਤੋਂ ਖਿਲਾਫ਼ ਸੀ। ਇਸ ਸਿਲਸਿਲੇ ਵਿੱਚ ਮੈਨੂੰ ਕੋਠੜੀ ਵਿੱਚ ਇਕੱਲਾ ਬੰਦ ਕਰਕੇ ਸਖ਼ਤ ਪਹਿਰਾ ਲਾ ਦਿੱਤਾ ਗਿਆ। ਕੁੱਝ ਸਮੇਂ ਬਾਅਦ ਸਾਡੀ ਆਵਾਜ਼ ਸਿੱਖ ਸੰਗਤ ਵਿੱਚ ਪਹੁੰਚ ਗਈ। ਸਭ ਨੇ ਸਲਾਹ ਕਰਕੇ ਸਾਰੀਆਂ ਟੋਪੀਆਂ ਅੱਗ ਵਿੱਚ ਸਾੜ ਦਿੱਤੀਆਂ ਅਤੇ ਜੇਲ੍ਹ ਅਫਸਰ ਨੂੰ ਖਬਰ ਕਰ ਦਿੱਤੀ ਕਿ ਸਿੱਖ ਕੈਦੀ ਟੋਪੀਆਂ ਨਹੀਂ ਪਹਿਨਦੇ ਹਨ।

ਹਾਰ ਕੇ ਸਰਕਾਰ ਨੂੰ ਪੰਜ ਗਜ਼ ਦਾ ਸਾਫਾ ਸਾਰੇ ਸਿੱਖ ਕੈਦੀਆਂ ਨੂੰ ਦੇਣਾ ਪਿਆ। ਪਰ ਮੈਨੂੰ ਉਥੋਂ ਬਦਲ ਕੇ ਅੰਬਾਲਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਥੇ ਵੀ ਚਾਰ ਮਹੀਨੇ ਝਗੜਾ ਕਰਕੇ ਅੰਬਾਲਾ ਜੇਲ੍ਹ ਵਿੱਚ ਅੱਛੀ ਖੁਰਾਕ ਪ੍ਰਾਪਤ ਕੀਤੀ ਅਤੇ ਮੇਰਾ ਸਰੀਰ ਮੋਟਾ ਹੋ ਗਿਆ। ਸੰਨ 1915 ਦੇ ਅਖੀਰ ਵਿੱਚ ਹੋਰ ਦੇਸ਼ ਭਗਤਾਂ ਦੇ ਨਾਲ ਮੈਨੂੰ ਵੀ ਕਲਕਤਾ ਬੰਦਰਗਾਹ ਰਾਹੀਂ ਕਾਲੇ ਪਾਣੀ ਪਹੁੰਚਾ ਦਿੱਤਾ, ਜਿੱਥੇ ਕਿ ਸਾਡੇ ਵਾਸਤੇ

ਪਹਿਲਾਂ ਹੀ 800 ਕੋਠੜੀਆਂ ਤਿਆਰ ਸਨ, ਜਿਨ੍ਹਾਂ ਵਿੱਚ ਸਾਨੂੰ ਬੰਦ ਕੀਤਾ ਗਿਆ। ਉਥੇ ਵੀ ਕਰੜਾ ਕੰਮ ਲੈਣ ਦੇ ਖਿਲਾਫ਼ ਆਵਾਜ਼ ਉਠਾਈ ਤੇ ਭੁੱਖ ਹੜਤਾਲਾਂ ਵੀ ਕੀਤੀਆਂ। ਆਖਿਰ ਅਫਸਰਾਂ ਨੂੰ ਮੰਨਣਾ ਪਿਆ, ਪਰ ਮੇਰੇ ਵਾਸਤੇ ਲੋਹੇ ਦਾ ਪਿੰਜਰਾ ਬਨਵਾਕੇ ਅਤੇ ਮੈਨੂੰ ਬੇੜੀ ਲਾਕੇ ਉਸ ਵਿੱਚ ਬੰਦ ਕਰ ਦਿੱਤਾ।

ਕਈ ਸਾਲਾਂ ਪਿਛੋਂ ਇੱਕ ਜੇਲ੍ਹ ਕਮੇਟੀ ਬੰਗਾਲ ਅਤੇ ਪੰਜਾਬ ਵਿਚੋਂ ਆਈ ਉਨ੍ਹਾਂ ਦੇ ਫੈਸਲੇ ਮੁਜਬ ਮੈਨੂੰ ਲਾਹੌਰ ਜੇਲ੍ਹ ਲੈ ਆਂਦਾ। ਅੰਗਰੇਜ਼ ਅਫਸਰਾਂ ਤੇ ਮੇਰਾ ਇਨਾ ਡਰ ਛਾ ਗਿਆ ਸੀ ਕਿ ਜਿਸ ਪਿੰਜਰੇ ਵਿੱਚ ਮੈਂ ਸੀ ਉਸਦੇ ਅੱਗੋ ਦੀ ਵੀ ਡਰਕੇ ਹੀ ਲੰਘਦੇ ਸਨ। ਇੱਕ ਅੰਗਰੇਜ਼ ਅਫਸਰ ਜੋ ਪੰਦਰਵੇਂ ਦਿਨ ਮੇਰਾ ਭਾਰ ਤੋਲਦਾ ਹੁੰਦਾ ਸੀ, ਨੂੰ ਮੌਕਾ ਪਾ ਕੇ ਹਥਕੜੀ ਜੁੜੇ ਹੱਥਾਂ ਨਾਲ ਉਸ ਦੇ ਮੂੰਹ ਤੇ ਐਸਾ ਵਾਰ ਕੀਤਾ, ਜਿਸ ਦੀ ਤਾਬ ਨਾ ਲੈਂਦਾ ਹੋਇਆ ਉਹ ਛੇ-ਸੱਤ ਕਦਮਾਂ ਪਰ ਜਾ ਕੇ ਬੇਹੋਸ਼ ਹੋਕੇ ਗਿਰ ਪਿਆ ਸੀ।

1926 ਵਿੱਚ ਮੈਨੂੰ ਛੱਡ ਦਿੱਤਾ ਗਿਆ ਸੀ, ਪਰ 1930 ਤੱਕ ਪੁਲਿਸ ਦੀ ਨਿਗਰਾਨੀ ਵਿੱਚ ਚੱਕ ਨੰ. 25, ਤਹਿਸੀਲ ਜੜ੍ਹਾਂਵਾਲਾ, ਜ਼ਿਲ੍ਹਾ ਲਾਇਲਪੁਰ ਵਿੱਚ ਰਿਹਾ ਸਾਂ।

ਸੰਨ 1930 ਦੇ ਬਾਅਦ ਪਿੰਡ ਮਨੈਲੀ ਪਰਗਨਾਂ, ਚਮਕੌਰ ਸਾਹਿਬ (ਧਰਤੀ ਸ਼ਹੀਦਾਂ), ਤਹਿਸੀਲ ਰੋਪੜ, ਜ਼ਿਲ੍ਹਾ ਅੰਬਾਲਾ ਵਿੱਚ ਆ ਗਿਆ ਸਾਂ ਤੇ 1930 ਤੋਂ ਪਿਛੋਂ ਗੁਰਦਵਾਰਾ ਸ੍ਰੀ ਅਨੰਦਪੁਰ – ਕੀਰਤਪੁਰ ਸਾਹਿਬ ਦੀ ਕਮੇਟੀ ਦੇ ਮੀਤ ਪ੍ਰਧਾਨ ਦੇ ਤੌਰ ਤੇ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਸੀ। ਪੰਜਾਬ ਸਰਕਾਰ ਵੱਲੋਂ ਮੈਨੂੰ ਜ਼ਿਲ੍ਹਾ ਹਿਸਾਰ ਵਿੱਚ 12 ਏਕੜ ਜ਼ਮੀਨ ਮਿਲੀ।

## ਅੰਤਮ ਬੇਨਤੀ

ਕੋਈ ਦੇਸ਼ ਅਤੇ ਕੌਮ ਤਦ ਹੀ ਜਿੰਦਾ ਰਹਿ ਸਕਦੀ ਹੈ ਅਤੇ ਆਪਣੀ ਆਜ਼ਾਦੀ ਕਾਇਮ ਰੱਖ ਸਕਦੀ ਹੈ, ਜੇ ਸਾਰਾ ਦੇਸ਼ ਆਪਣੇ ਪੁਰਾਣੇ ਸ਼ਹੀਦਾਂ ਅਤੇ ਦੇਸ਼ ਭਗਤਾਂ ਨੂੰ ਯਾਦ ਰੱਖੇ। ਰਾਣੀ ਝਾਂਸੀ 1857 ਵਿੱਚ ਆਜ਼ਾਦੀ ਵਾਸਤੇ ਆਪਣੇ ਬੱਚੇ ਅਤੇ ਜਾਨ ਦੀ ਪਰਵਾਹ ਨਾ ਕਰਦੀ ਹੋਈ ਸ਼ਹੀਦ ਹੋ ਗਈ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਦੀ ਖ਼ਾਤਰ ਆਪਣਾ ਸਰਬੰਸ ਵਾਰ ਦਿੱਤਾ ਸੀ।

(ਮਾਸਟਰ ਜੀ 31.12.1963 ਨੂੰ ਸੁਰਗਵਾਸ ਹੋਏ ਸਨ)

# 27 ਪੁਆਧ ਦੇ ਸੁਤੰਤਰਤਾ ਸੰਗਰਾਮੀ

*ਡਾ. ਗੁਰਦੇਵ ਸਿੰਘ ਸਿੱਧੂ*

*ਮੋਬਾ: 9417049417*

ਵੀਹਵੀਂ ਸਦੀ ਚੜ੍ਹਨ ਸਮੇਂ ਪੁਆਧ ਦਾ ਇਲਾਕਾ ਇਕ ਪ੍ਰਬੰਧਕੀ ਇਕਾਈ ਵਿਚ ਨਹੀਂ ਸੀ ਬੱਝਾ ਹੋਇਆ।ਇਸ ਦਾ ਵਡੇਰਾ ਭਾਗ ਅੰਗਰੇਜ਼ੀ ਰਾਜ ਦੇ ਅੰਬਾਲਾ ਜ਼ਿਲੇ ਵਿਚ ਪੈਂਦਾ ਸੀ, ਕੁੱਝ ਹਿੱਸਾ ਪਟਿਆਲਾ ਰਿਆਸਤ ਵਿਚ ਸੀ ਅਤੇ ਕੁੱਝ ਹੋਰ ਇਲਾਕਾ ਅੰਗਰੇਜ਼ੀ ਰਾਜ ਹੇਠਲੇ ਜ਼ਿਲਾ ਲੁਧਿਆਣੇ ਵਿਚ। ਇਹ ਇਲਾਕਾ ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਤਾਂ ਦੂਰ ਹੈ ਹੀ ਸੀ, ਰਿਆਸਤੀ ਰਾਜਧਾਨੀ ਵੀ ਏਨੀ ਨੇੜ ਨਹੀਂ ਸੀ। ਫਲ਼ਸਰੂਪ ਮੁੱਖ ਸ਼ਹਿਰਾਂ ਦੇ ਨੇੜ ਹੋਣ ਵਾਲੇ ਪਦਾਰਥਕ ਅਤੇ ਬੌਧਿਕ ਵਿਕਾਸ ਦਾ ਚਾਨਣ ਇਸ ਧਰਤੀ ਤੋਂ ਦੂਰ ਹੀ ਰਿਹਾ। ਪਰ ਇਸ ਦੇ ਬਾਵਜੂਦ ਪੁਆਧ ਦੇ ਵਸਨੀਕਾਂ ਨੇ ਬਰਤਾਨਵੀ ਅੰਗਰੇਜ਼ੀ ਹਕੂਮਤ ਖਿਲਾਫ ਚੱਲੀ ਆਜ਼ਾਦੀ ਦੀ ਲਹਿਰ ਵਿਚ ਭਰਵਾਂ ਹਿੱਸਾ ਲਿਆ। ਪੁਆਧ ਵਿਚਲੇ ਆਜ਼ਾਦੀ ਘੁਲਾਟੀਆਂ ਦੀ ਸੰਖਿਆ ਏਨੀ ਵਧੇਰੇ ਹੈ ਕਿ ਹੱਥਲੀ ਪੁਸਤਕ ਦੇ ਵਿਉਂਤੇ ਆਕਾਰ ਵਿਚ ਇਹਨਾਂ ਦੀ ਸਮੁੱਚੀ ਨਾਮਾਵਲੀ ਵੀ ਨਹੀਂ ਸਮੋਈ ਜਾ ਸਕਦੀ। ਫਲਸਰੂਪ ਆਪਣੇ ਪਾਠਕਾਂ ਨਾਲ ਇਸ ਇਲਾਕੇ ਦੇ ਸੁਤੰਤਰਤਾ ਸੰਗਰਾਮ ਦੇ ਦੋ ਪੜਾਵਾਂ - ਕੋਮਾਗਾਟਾ ਮਾਰੂ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਯੋਗਦਾਨ ਪਾਉਣ ਵਾਲੇ ਪੁਆਧੀਆਂ ਵਿਚੋਂ ਚੋਣਵੇਂ ਨਾਵਾਂ ਦੀ ਜਾਣਕਾਰੀ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ।

## ਕੋਮਾਗਾਟਾ ਮਾਰੂ ਜਹਾਜ਼

ਸਾਲ 1914 ਵਿਚ ਬਾਬਾ ਗੁਰਦਿੱਤ ਸਿੰਘ ਕੋਮਾਗਾਟਾ ਮਾਰੂ ਜਹਾਜ਼ ਕਿਰਾਏ ਉੱਤੇ ਲੈ ਕੇ ਕਨੇਡਾ ਜਾ ਕੇ ਕਮਾਈ ਕਰਨ ਦੀ ਇੱਛਾ ਰੱਖਦੇ ਪੰਜਾਬੀਆਂ ਨੂੰ ਲੈ ਕੇ 23 ਮਈ 1914 ਨੂੰ ਕਨੇਡਾ ਦੀ ਬੰਦਰਗਾਹ ਵੈਨਕੂਵਰ ਪੁੱਜੇ ਪਰ ਕਨੇਡਾ ਦੇ ਅਧਿਕਾਰੀਆਂ ਨੇ ਇਹਨਾਂ ਨੂੰ ਆਪਣੀ ਧਰਤੀ ਉੱਤੇ ਉਤਰਨ ਦੀ ਆਗਿਆ ਨਾ ਦਿੱਤੀ। ਦੋ ਮਹੀਨੇ ਸਮੁੰਦਰੀ ਪਾਣੀਆਂ ਵਿਚ ਬੰਦੀਆਂ ਵਾਂਗ ਰੋਕੇ ਜਾਣ ਪਿੱਛੋਂ ਜਦ ਕੋਮਾਗਾਟਾ ਮਾਰੂ ਇਹਨਾਂ ਮੁਸਾਫਿਰਾਂ ਨੂੰ ਲੈ ਕੇ 28 ਸਤੰਬਰ 1914 ਨੂੰ ਕਲਕੱਤੇ ਨੇੜ ਬਜਬਜ ਘਾਟ ਉੱਤੇ ਪੁੱਜਾ ਤਾਂ ਅੰਗਰੇਜ਼ੀ ਪੁਲੀਸ ਨੇ ਇਹਨਾਂ ਤੇ ਗੋਲੀਆਂ ਨਾਲ ਵਾਰ ਕੀਤਾ। ਇਸ ਗੋਲੀਬਾਰੀ ਵਿਚ ਡੇਢ ਦਰਜਨ ਮੁਸਾਫਿਰ ਸ਼ਹੀਦ ਹੋ ਗਏ। ਇਸ ਜਹਾਜ਼ ਵਿਚ ਪੁਆਧ ਦੇ ਇਲਾਕੇ ਨਾਲ ਸੰਬੰਧਿਤ ਮੁਸਾਫਿਰ ਇਹ ਸਨ:

| | | | | |
|---|---|---|---|---|
| ਹਕੀਮ ਸਿੰਘ | ਸ੍ਰ. ਲਾਲ ਸਿੰਘ | ਜੱਟ ਸਿੱਖ | ਨਨਹੇੜੀਆਂ | ਖਰੜ |
| ਕਰਮ | ਸਾਦੀ ਖਾਂ | ਮੁਸਲਮਾਨ | ਧਨੇਰ | ਪਦਾਵਰ |
| ਕਾਬਲ ਸਿੰਘ | ਸ੍ਰ. ਮੰਗਲ ਸਿੰਘ | ਜੱਟ ਸਿੱਖ | ਸਲਾਮਤਪੁਰ | ਖਰੜ |
| ਕ੍ਰਿਪਾ ਸਿੰਘ * | ਸ੍ਰ. ਸ਼ੇਰ ਸਿੰਘ | ਮੀਆਂਪੁਰ | ਖਰੜ | ਅੰਬਾਲਾ |
| ਕੇਹਰ ਸਿੰਘ | ਸ੍ਰ. ਸੀਬੂ ਸਿੰਘ | ਜੱਟ ਸਿੱਖ | ਪੱਤੋ | ਮੁਬਾਰਕਪੁਰ |
| ਖੇਤ ਸਿੰਘ | ਸ੍ਰ. ਤੋਤਾ ਸਿੰਘ | ਮਹਿਰਾ ਸਿੱਖ | ਬੜਾਲੀ ਆਲਾ ਸਿੰਘ | ਬਸੀ, ਸਰਹਿੰਦ |
| ਨੰਦ ਸਿੰਘ | ਸ੍ਰ. ਕਾਕਾ ਸਿੰਘ | ਜੱਟ ਸਿੱਖ | ਸਲਾਮਤਪੁਰ | ਖਰੜ |
| ਪ੍ਰਭਾ ਸਿੰਘ ** | ਸ੍ਰ. ਕਰਤਾਰ ਸਿੰਘ | ਰਾਜਪੂਤ | ਬਹਾਦਰਪੁਰ | ਬੱਸੀ (ਪਟਿਆਲਾ) |
| ਬਦਨ ਸਿੰਘ | ਸ੍ਰ. ਹਮੇਲ ਸਿੰਘ | ਜੱਟ ਸਿੱਖ | ਸਲਾਮਤਪੁਰ | ਖਰੜ |
| ਬਾਦਲ ਸਿੰਘ ** | ਸ੍ਰ. ਦੇਵਾ ਸਿੰਘ | ਜੱਟ | ਹੁਸ਼ਿਆਰਪੁਰ | ਰੋਪੜ(ਅੰਬਾਲਾ) |
| ਮਹਿਮਾ ਸਿੰਘ | ਸ੍ਰ. ਹਰਨਾਮ ਸਿੰਘ | ਜੱਟ ਸਿੱਖ | ਸਿੱਲ | ਖਰੜ |
| ਮੰਗਲ ਸਿੰਘ | ਸ੍ਰ. ਭੂਪਾ ਸਿੰਘ | ਸਿੱਖ | ਦਿਆਲਪੁਰ | ਖਰੜ |
| ਮੰਗਲ ਸਿੰਘ ** | ਸ੍ਰ. ਤੇਜਾ ਸਿੰਘ | ਜੱਟ | ਲਖਮੀਪੁਰ | ਰੋਪੜ(ਅੰਬਾਲਾ) |
| ਮੱਲ ਸਿੰਘ | ਸ੍ਰ. ਰਣ ਸਿੰਘ | ਜੱਟ ਸਿੱਖ | ਆਲਾ ਸਿੰਘ ਬੜਾਲੀ | ਬਸੀ |
| ਮੁਨਸਾ ਸਿੰਘ | ਸ੍ਰ. ਚੇਤ ਸਿੰਘ | ਜੱਟ ਸਿੱਖ | ਝੰਡੇਰੀ | ਲਾਲੜੂ |
| ਰਾਮ ਸਿੰਘ | ਸ੍ਰ. ਛੋਟੂ ਸਿੰਘ | ਜੱਟ ਸਿੱਖ | ਦੱਪਲ | ਡੇਰਾ ਬੱਸੀ |

* ਕ੍ਰਿਪਾ ਸਿੰਘ ਬਜਬਜ ਘਾਟ ਉੱਤੇ ਗੋਲੀਬਾਰੀ ਹੁੰਦਿਆਂ ਮੱਚੀ ਭਗ ਦੌੜ ਦੌਰਾਨ ਘਟਨਾ ਸਥਲ ਤੋਂ ਬਾਹਰ ਨਿਕਲਣ ਵਿਚ ਸਫਲ ਹੋ ਗਿਆ ਅਤੇ ਮੁੜ ਪੁਲਸ ਦੇ ਹੱਥ ਨਹੀਂ ਆਇਆ।

** ਪ੍ਰਭਾ ਸਿੰਘ, ਬਾਦਲ ਸਿੰਘ ਅਤੇ ਮੰਗਲ ਸਿੰਘ ਬਜਬਜ ਘਾਟ ਉੱਤੇ ਹੋਈ ਗੋਲੀਬਾਰੀ ਵਿਚ ਜ਼ਖਮੀ ਹੋਏ।

## ਅਕਾਲੀ ਲਹਿਰ:

ਜਦ ਮੁਗਲ ਰਾਜ ਦਾ ਸੂਰਜ ਪਤਨ ਵੱਲ ਜਾ ਰਿਹਾ ਸੀ ਤਾਂ ਇਸ ਸਥਿਤੀ ਦਾ ਲਾਭ ਉਠਾ ਕੇ ਸਿੱਖ ਸੂਰਬੀਰਾਂ ਨੇ ਪੰਜਾਬ ਵਿਚ ਥਾਂ ਥਾਂ ਇਲਾਕੇ ਮੱਲ ਕੇ ਆਪਣੇ ਰਾਜ ਅਤੇ ਸਰਦਾਰੀਆਂ ਕਾਇਮ ਕਰ ਲਈਆਂ। ਇਸ ਮੌਕੇ ਸਭਨਾਂ ਨੇ ਗੁਰੂ ਸਾਹਿਬਾਨ ਦੀ ਯਾਦ ਵਿਚ ਬਣੇ ਗੁਰਦੁਆਰਿਆਂ ਨੂੰ ਦਿਲ ਖੋਲ੍ਹ ਕੇ ਜਾਗੀਰਾਂ ਦਿੱਤੀਆਂ ਤਾਂ ਜੋ

ਗੁਰਦੁਆਰਿਆਂ ਦੇ ਰਾਹੀਂ ਸਿੱਖ ਮਤ ਦਾ ਪਰਚਾਰ ਪਰਸਾਰ ਹੁੰਦਾ ਰਹੇ। ਅੰਗਰੇਜ਼ੀ ਰਾਜ ਸਥਾਪਤ ਹੋਣ ਪਿੱਛੋਂ ਬਣੇ ਜ਼ਮੀਨੀ ਕਾਨੂੰਨ ਦਾ ਲਾਭ ਉਠਾਉਂਦਿਆਂ ਗੁਰਦੁਆਰਿਆਂ ਵਿਚ ਬੈਠੇ ਮਹੰਤ ਇਹਨਾਂ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਬਣ ਬੈਠੇ ਅਤੇ ਧਰਮ ਪਰਚਾਰ ਦੀ ਜ਼ਿੰਮੇਵਾਰੀ ਵਿਸਾਰ ਕੇ ਕੁਰੀਤੀਆਂ ਵਿਚ ਪੈ ਗਏ। ਫਲਸਰੂਪ ਸਿੱਖ ਕੌਮ ਨੇ ਗੁਰਦੁਆਰਿਆਂ ਨਾਮ ਸੰਬੰਧਿਤ ਜਾਇਦਾਦਾਂ ਮਹੰਤਾਂ ਦੇ ਕਬਜ਼ੇ ਵਿਚੋਂ ਕੱਢ ਕੇ ਸਿੱਖਾਂ ਦੇ ਚੋਣਵੇਂ ਪ੍ਰਤੀਨਿਧਾਂ ਦੇ ਅਧਿਕਾਰ ਵਿਚ ਲਿਆਉਣ ਲਈ ਸੰਘਰਸ਼ ਵਿੱਢਿਆ ਜੋ 1920 ਤੋਂ 1925 ਵਿਚ ਗੁਰਦੁਆਰਾ ਐਕਟ ਬਣਨ ਤੱਕ ਜਾਰੀ ਰਿਹਾ।ਇਸ ਅੰਦੋਲਨ ਨੂੰ ਗੁਰਦੁਆਰਾ ਸੁਧਾਰ ਲਹਿਰ ਅਥਵਾ ਅਕਾਲੀ ਲਹਿਰ ਕਿਹਾ ਗਿਆ। ਅੰਗਰੇਜ਼ ਸਰਕਾਰ ਵੱਲੋਂ ਮਹੰਤਾਂ ਦਾ ਪੱਖ ਪੂਰਿਆ ਜਾਣ ਕਾਰਨ ਇਹ ਲਹਿਰ ਪੂਰੀ ਤਰ੍ਹਾਂ ਅੰਗਰੇਜ਼ ਵਿਰੋਧੀ ਅੰਦੋਲਨ ਵਿਚ ਵਟ ਗਈ। ਇਸ ਅਰਸੇ ਦੌਰਾਨ ਸਿੱਖ ਕੌਮ ਨੇ ਦੋ ਵੱਡੇ ਮੋਰਚੇ ਲਾਏ - ਗੁਰੂ ਕੇ ਬਾਗ ਦਾ ਮੋਰਚਾ ਅਤੇ ਜੈਤੋਂ ਦਾ ਮੋਰਚਾ। ਇਹਨਾਂ ਮੋਰਚਿਆਂ ਦੌਰਾਨ ਅੰਗਰੇਜ਼ ਸਰਕਾਰ ਨੇ ਸਿੱਖ ਕੌਮ ਨੂੰ ਜਰਕਾਉਣ ਵਾਸਤੇ ਫੌਜ ਅਤੇ ਪੁਲਸ ਦੀ ਵਰਤੋਂ ਕਰਦਿਆਂ ਜ਼ੁਲਮ ਕਰਨ ਦੀ ਕੋਈ ਕਸਰ ਬਾਕੀ ਨਾ ਛੱਡੀ। ਸਰਕਾਰ ਦੀ ਸਖਤੀ ਤੋਂ ਬੇਪ੍ਰਵਾਹ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਇਹਨਾਂ ਮੋਰਚਿਆਂ ਵਿਚ ਸ਼ਾਮਲ ਹੋ ਕੇ ਡਾਂਗਾਂ ਦੀ ਮਾਰ ਸਹੀ, ਜੇਲ੍ਹਾਂ ਕੱਟੀਆਂ ਅਤੇ ਕੁਰਕੀਆਂ ਕਰਵਾਈਆਂ। ਅਜਿਹੀਆਂ ਸਜ਼ਾਵਾਂ ਭੁਗਤਣ ਵਾਲੇ ਸਿੱਖਾਂ ਵਿਚ ਪੁਆਧ ਦੇ ਵਸਨੀਕ ਚੋਖੀ ਗਿਣਤੀ ਵਿਚ ਹਨ ਜਿਨ੍ਹਾਂ ਵਿਚੋਂ ਕੁੱਝ ਕੁ ਦੇ ਨਾਉਂ ਇਸ ਪਰਕਾਰ ਹਨ:

| | | | |
|---|---|---|---|
| ਅਰਜਨ ਸਿੰਘ* | ਚੈਨ ਸਿੰਘ | ਪੰਜੋਖਰਾ ਸਾਹਿਬ | ਅੰਬਾਲਾ |
| ਅਰਜਨ ਸਿੰਘ | ਪਰਤਾਪ ਸਿੰਘ, | ਖੇੜੀ ਸਲਾਬਤਪੁਰ | ਰੋਪੜ |
| ਆਸਾ ਸਿੰਘ | ਬੁੱਧ ਸਿੰਘ | (ਦੇਹੜ) ਮੁੰਡੀਆਂ | ਰੋਪੜ |
| ਇੰਦਰ ਸਿੰਘ | ਅਤਰ ਸਿੰਘ | ਬਹਿਰਾਮਪੁਰ ਜ਼ਿਮੀਂਦਾਰਾਂ | ਰੋਪੜ |
| ਸੁੰਦਰ ਸਿੰਘ | ਰਾਮ ਸਿੰਘ | ਸਾਹੀਵਾਲ ਰਾਮਪੁਰਾ | ਚਨਾਰਥਲ |
| ਸੁਦਾਗਰ ਸਿੰਘ | ਕੇਹਰ ਸਿੰਘ | ਘਨੌਰਾ | ਪਟਿਆਲਾ |
| ਸੁਰੈਣ ਸਿੰਘ | ਹਰੀ ਸਿੰਘ | ਹਰੀਪੁਰ ਕੰਬੋਆਂ | ਪਟਿਆਲਾ |
| ਹਰਦਮ ਸਿੰਘ | ਫਤਿਹ ਸਿੰਘ | ਖਨੌਰਾ | ਪਟਿਆਲਾ |
| ਕਪੂਰ ਸਿੰਘ | ਬਿਸ਼ਨ ਸਿੰਘ | ਮੜੌਲੀ ਕਲਾਂ | ਰੋਪੜ |
| ਕਾਕਾ ਸਿੰਘ | ਗੁਰਦਿੱਤ ਸਿੰਘ | ਲੁਠੇੜੀ | ਮੁਰਿੰਡਾ |
| ਕੇਹਰ ਸਿੰਘ | ਨਿਹਾਲ ਸਿੰਘ | ਖੇੜੀ ਸਲਾਬਤਪੁਰ | ਰੋਪੜ |
| ਗੰਗਾ ਸਿੰਘ | ਸ਼ਿਵ ਸਿੰਘ | ਭੂਪ ਨਗਰ | ਖਰੜ |

| | | | |
|---|---|---|---|
| ਗੁਰਬਖਸ਼ ਸਿੰਘ | ਵਜ਼ੀਰ ਸਿੰਘ ਨੰਬਰਦਾਰ | ਭਰਤਗੜ੍ਹ | ਰੋਪੜ |
| ਚੰਨਣ ਸਿੰਘ | ਦਿੱਤ ਸਿੰਘ<br>ਉਰਫ ਗੁਰਦਿੱਤ ਸਿੰਘ | ਬਰਸਾਲਪੁਰ | ਰੋਪੜ |
| ਜਤੀ ਸਿੰਘ | ਚੂਹੜ ਸਿੰਘ | ਬੜਾ ਮਾਜਰਾ | ਅੰਬਾਲਾ |
| ਜੈਮਲ ਸਿੰਘ | ਚੰਨਣ ਸਿੰਘ | ਬੜਾ ਪਿੰਡ | ਅੰਬਾਲਾ |
| ਤਰਲੋਕ ਸਿੰਘ* | ਧਰਮਾ | ਕੁਲ ਪੁਰ | ਅੰਬਾਲਾ |
| ਤੇਜਾ ਸਿੰਘ | ਬਹਾਦਰ ਸਿੰਘ | ਮੋਵਾ | ਅਨੰਦਪੁਰ |
| ਤੇਜਾ ਸਿੰਘ | ਮੱਲ ਸਿੰਘ | ਭੱਟਲਾਨਾ | ਮੁਬਾਰਕਪੁਰ |
| ਤੇਲੂ ਸਿੰਘ | ਛੱਜਾ ਸਿੰਘ | ਰੁੜਕੀ ਪੱਕੀ | ਖਰੜ |
| ਦਲੀਪ ਸਿੰਘ | ਮੁਕੰਦ ਸਿੰਘ | ਭੱਕੂ ਮਾਜਰਾ | ਚਮਕੌਰ ਸਾਹਿਬ |
| ਨਰਾਤਾ ਸਿੰਘ | ਹਰਨਾਮ ਸਿੰਘ | ਸਕਰੁਲਾਪੁਰ | ਖਰੜ |
| ਨਰਾਤਾ ਸਿੰਘ | ਲਹਿਣਾ ਸਿੰਘ | ਚੰਨ ਮਾਜਰਾ | ਖਰੜ |
| ਨਰੈਣ ਸਿੰਘ | ਹੀਰਾ ਸਿੰਘ | ਸੈਣੀ ਮਾਜਰਾ | ਖਰੜ |
| ਨਿਰੰਜਨ ਸਿੰਘ | ਸੰਤ ਸਿੰਘ | ਸੋਲਕੀਆਂ | ਰੋਪੜ |
| ਨਿਰੰਜਨ ਸਿੰਘ | ਤੁਲਸਾ ਸਿੰਘ | ਸੰਗਤਪੁਰ | ਸਿਆਲਬਾ |
| ਪਰਤਾਪ ਸਿੰਘ | ਨਰੈਣ ਸਿੰਘ | ਜਿੰਦਵੜੀ | ਅਨੰਦਪੁਰ |
| ਪ੍ਰੇਮ ਸਿੰਘ* | ਅਤਰ ਸਿੰਘ | ਬਡਾਲੀ ਮਾਈ ਕੀ | ਪਟਿਆਲਾ |
| ਬਸੰਤ ਸਿੰਘ | ਨੱਥਾ ਸਿੰਘ | ਭਰਤਗੜ੍ਹ | ਰੋਪੜ |
| ਬਹਾਲ ਸਿੰਘ | ਨੱਥਾ ਸਿੰਘ | ਭਰਤਗੜ੍ਹ | ਰੋਪੜ |
| ਭੰਗਾ ਸਿੰਘ | ਸੁੱਖਾ ਸਿੰਘ | ਮਾਨਪੁਰ | ਮੋਰਿੰਡਾ |
| ਮੀਹਾਂ ਸਿੰਘ | ਚਮੇਲ ਸਿੰਘ ਸੈਣੀ | ਸੁੱਖਗੜ੍ਹ | ਮੁਬਾਰਕਪੁਰ |
| ਲਹਿਣਾ ਸਿੰਘ | ਮਾਜਾ ਸਿੰਘ | ਖੈਂਟ | ਮੋਰਿੰਡਾ |
| ਰੁਡਲ ਸਿੰਘ | ਸੰਤੋਖ ਸਿੰਘ | ਉਸਮਾਨਪੁਰ | ਰੋਪੜ |

* ਗੁਰੂ ਕਾ ਬਾਗ ਦੇ ਮੋਰਚੇ ਵਿਚ ਪੁਲੀਸ ਦੇ ਜ਼ੁਲਮ ਕਾਰਨ ਜ਼ਖਮੀ ਹੋਏ।

'ਪੁਆਧ ਦੇ ਸੁਤੰਤਰਤਾ ਸੰਗਰਾਮੀਆਂ' ਬਾਰੇ ਪਹਿਲੀ ਵਾਰ ਅਜਿਹੀ ਜਾਣਕਾਰੀ ਦੇਣ ਲਈ ਡਾ. ਗੁਰਦੇਵ ਸਿੰਘ ਸਿੱਧੂ ਦਾ ਧੰਨਵਾਦ – ਸੰਪਾਦਕ।

# ਅਧਿਆਇ ਛੇਵਾਂ


# ਪੁਆਧ ਦੇ ਪ੍ਰਮੁੱਖ - ਸਾਹਿਤਕਾਰ ਤੇ ਵਿਦਵਾਨ

1. ਵਿਦਵਾਨ ਤੇ ਸਮਾਜ ਸੁਧਾਰਕ ਗਿ. ਦਿੱਤ ਸਿੰਘ
2. ਸਾਹਿਤਕਾਰ ਗੁਰਬਖਸ਼ ਸਿੰਘ ਕੇਸਰੀ
3. ਗਲਪਕਾਰ ਸੋਹਨ ਸਿੰਘ ਹੰਸ
4. ਕਹਾਣੀਕਾਰ ਨਵਤੇਜ ਪੁਆਧੀ
5. ਲਾਲਾ ਬ੍ਰਿਜ ਲਾਲ ਸਾਸ਼ਤਰੀ
6. ਗਿ. ਈਸ਼ਰ ਸਿੰਘ ਰਾਮਗੜ੍ਹੀਆ
7. ਬੋਧੀ ਵਿਦਵਾਨ - ਹਰਿਨਾਮ ਦਾਸ
8. ਭਾਸ਼ਾ ਵਿਗਿਆਨੀ ਡਾ. ਬਲਬੀਰ ਸਿੰਘ ਸੰਧੂ
9. ਆਧੁਨਿਕ ਅਚਾਰੀਆ ਡਾ. ਕੇਸਰ ਸਿੰਘ ਕੇਸਰ

# 28 ਵਿਦਵਾਨ ਤੇ ਸਮਾਜ-ਸੁਧਾਰਕ - ਗਿ. ਦਿੱਤ ਸਿੰਘ

*ਡਾ. ਕਰਨੈਲ ਸਿੰਘ ਸੋਮਲ*

*ਮੋਬਾ: 9814157137*



*ਗਿ. ਦਿੱਤ ਸਿੰਘ*

ਪੰਜਾਬ ਦੇ ਸਿੱਖ-ਜਗਤ ਵਿੱਚ ਗਿ. ਦਿੱਤ ਸਿੰਘ ਇੱਕ ਅਦੁੱਤੀ ਸਖ਼ਸ਼ੀਅਤ ਹੋਏ ਹਨ। ਆਪ ਦਾ ਜਨਮ ਪੁਆਧ ਦੇ ਪਿੰਡ ਕਲੌੜ ਵਿੱਚ 1850 ਈ: ਵਿੱਚ ਹੋਇਆ। ਗਿਆਨੀ ਜੀ ਦੇ ਮਾਪੇ ਰਵਿਦਾਸੀਏ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਪਿਤਾ-ਪੁਰਖੀ ਕਿੱਤਾ ਕੱਪੜਾ ਬੁਣਨਾ ਸੀ। ਗਿਆਨੀ ਜੀ ਦੇ ਪਿਤਾ ਜੋ ਬਾਬਾ ਦੀਵਾਨਾ ਵੱਜੋਂ ਵੀ ਜਾਣੇ ਜਾਂਦੇ ਸਨ, ਸੰਤ ਬਿਰਤੀ ਦੇ ਮਾਲਕ ਸਨ। ਸੰਤਾਂ ਦਾ ਉਹਨਾਂ ਦੇ ਘਰ ਆਉਣਾ ਜਾਣਾ ਸੀ।

ਆਪਦਾ ਬਚਪਨ ਦਾ ਨਾਂ ਰਾਮ ਦਿੱਤਾ ਸੀ। ਫਿਰ ਦਿੱਤਾ ਰਾਮ ਬਣ ਗਿਆ। ਸਿੰਘ ਸਭਾ ਲਹਿਰ ਵਿੱਚ ਕੁੱਦ ਪੈਣ 'ਤੇ ਉਹ ਭਾਈ ਦਿੱਤਾ ਸਿੰਘ ਗਿਆਨੀ ਵੱਜੋਂ ਜਾਣੇ ਗਏ। ਹੁਣ ਅਸੀਂ ਉਹਨਾਂ ਨੂੰ ਗਿਆਨੀ ਦਿੱਤ ਸਿੰਘ ਜੀ ਕਹਿ ਕੇ ਯਾਦ ਕਰਦੇ ਹਾਂ।

ਗਿਆਨੀ ਜੀ ਨੇ ਕਲੌੜ ਤੋਂ ਬਾਅਦ ਪਿੰਡ ਤਿਊੜ ਵਿਖੇ ਛੇ-ਸੱਤ ਸਾਲ ਬਿਤਾਏ। ਇੱਥੇ ਉਨ੍ਹਾਂ ਨੇ ਸਿੱਖ ਧਰਮ ਨਾਲ ਸੰਬੰਧਿਤ ਸਾਹਿਤ ਪੜ੍ਹਿਆ। ਪਿੰਗਲ, ਵਿਆਕਰਨ, ਵੇਦਾਂਤ ਅਤੇ ਰਾਜਨੀਤੀ ਦੇ ਗ੍ਰੰਥ ਪੜ੍ਹੇ। ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ ਆਦਿ ਭਾਸ਼ਾਵਾਂ ਤੇ ਚੰਗਾ ਅਧਿਕਾਰ ਹਾਸਲ ਕਰ ਲਿਆ। ਵੱਖ-ਵੱਖ ਧਰਮਾਂ ਬਾਰੇ ਚੋਖੀ ਜਾਣਕਾਰੀ ਪ੍ਰਾਪਤ ਕੀਤੀ। ਤਿਊੜ ਦੇ ਡੇਰੇ ਵਿੱਚ ਸੰਤਾਂ-ਸਾਧੂਆਂ ਤੋਂ ਵਿਚਾਰ-ਚਰਚਾ ਸੁਣਨ ਦੀ ਜਾਗ ਲੱਗੀ। ਇੱਥੇ ਗੁਲਾਬਦਾਸੀਏ-ਸੰਤ, ਲੋਕਾਂ ਨੂੰ ਮੜੀਆਂ-ਮਸਾਣੀਆਂ ਤੇ ਦੇਵੀ-ਦੇਵਤਿਆਂ ਦੀ ਪੂਜਾ ਦੇ ਵਿਰੁੱਧ ਉਪਦੇਸ਼ ਦਿੰਦੇ ਸਨ। ਗਿਆਨੀ ਜੀ ਵੀ ਇਸ ਤਰ੍ਹਾਂ ਦੇ ਸਮਾਜ ਸੁਧਾਰ ਵਿੱਚ ਹਿੱਸਾ ਲੈਂਦੇ ਰਹੇ।

ਗਿਆਨੀ ਦਿੱਤ ਸਿੰਘ ਲਈ ਵਿੱਦਿਆ ਪ੍ਰਾਪਤੀ ਉਮਰ ਭਰ ਦੀ ਪ੍ਰਕਿਰਿਆ ਸੀ। ਰਸਮੀ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ। ਤੇਜ਼ ਬੁੱਧ ਉਹ ਹੈ ਹੀ ਸਨ। ਇਸ ਲਈ ਉਨ੍ਹਾਂ ਨੇ ਸਵੈ-ਅਧਿਐਨ ਰਾਹੀਂ ਐਨਾ ਕੁ ਪੜ੍ਹਿਆ ਤੇ ਸਿੱਖਿਆ ਕਿ ਤਿਊੜ ਵਿਖੇ ਰਹਿਣ ਸਮੇਂ ਤੋਂ ਹੀ ਉਨ੍ਹਾਂ ਦੀ ਵਿਦਵਤਾ ਦੀ ਧਾਕ ਜੰਮਣ ਲੱਗੀ। ਉਹ ਆਪਣੇ ਸਮੇਂ ਦੇ ਮਹਾਨ ਵਿਦਵਾਨ ਅਖਵਾਏ। ਲਾਹੌਰ ਵਿਚ ਜਦੋਂ ਗਿਆਨੀ ਦਾ ਇਮਤਿਹਾਨ ਸ਼ੁਰੂ ਹੋਇਆ ਤਾਂ ਉਨ੍ਹਾਂ ਨੇ ਇਹ ਪਹਿਲੇ ਝੱਟੇ ਹੀ ਪਾਸ ਕਰ ਲਿਆ ਸੀ। ਉਂਜ ਉਹ ਖਰੜ ਦੇ ਨੇੜਲੇ ਪਿੰਡਾਂ

ਵਿੱਚ ਪ੍ਰਚਾਰ ਕਰਦੇ ਸਮੇਂ ਤੋਂ ਹੀ ਗਿਆਨੀ ਆਖੇ ਜਾਣ ਲੱਗ ਪਏ ਸਨ। ਲਾਹੌਰ ਦੇ ਸਮੇਂ ਉਨ੍ਹਾਂ ਨੇ ਅੰਗਰੇਜ਼ੀ ਵੀ ਸਿੱਖ ਲਈ ਲਗਦੀ ਸੀ। ਗੁਰਬਾਣੀ ਦਾ ਅਧਿਐਨ ਕਰਨ ਵਾਲੇ ਕੁਝ ਇੱਕ ਅੰਗਰੇਜ਼ ਵਿਦਵਾਨਾਂ ਨੂੰ ਗਿਆਨੀ ਦਿੱਤ ਸਿੰਘ ਤੋਂ ਮਿਲੇ ਸਹਿਯੋਗ ਲਈ ਉਨ੍ਹਾਂ ਦਾ ਜੋ ਲਿਖਤੀ ਧੰਨਵਾਦ ਕੀਤਾ ਮਿਲਦਾ ਹੈ, ਉਸ ਤੋਂ ਇਸ ਗੱਲ ਦਾ ਅਨੁਮਾਨ ਹੁੰਦਾ ਹੈ। ਗਿਆਨੀ ਦਿੱਤ ਸਿੰਘ ਦੇ ਸਮੁੱਚੇ ਜੀਵਨ-ਸਮਾਚਾਰਾਂ ਤੋਂ ਇਹ ਗੱਲ ਪ੍ਰਮਾਣਿਤ ਹੁੰਦੀ ਹੈ ਕਿ ਗਿਆਨੀ ਜੀ ਬੜੇ ਵੱਡੇ ਜਗਿਆਸੂ ਸਨ। ਇਸ ਲਈ, ਉਨ੍ਹਾਂ ਨੂੰ ਜਿੱਥੋਂ ਵੀ ਕੁਝ ਗ੍ਰਹਿਣ ਕਰਨ ਨੂੰ ਮਿਲਦਾ, ਉਹ ਉਸ ਨੂੰ ਅਰਜਿਤ ਕਰਦੇ।

ਜਦੋਂ ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਇਆ ਨੰਦ ਪੰਜਾਬ ਵਿੱਚ ਆਏ। ਉਹ 19 ਅਪਰੈਲ, 1877 ਨੂੰ ਲਾਹੌਰ ਪੁੱਜੇ ਸਨ ਅਤੇ 25 ਜੂਨ, 1877 ਨੂੰ ਲਾਹੌਰ ਵਿਖੇ ਆਰੀਆ ਸਮਾਜ ਦੀ ਸਥਾਪਨਾ ਹੋਈ। ਸ਼ੁਰੂ ਸ਼ੁਰੂ ਵਿੱਚ ਗਿਆਨੀ ਜੀ ਨੂੰ ਆਰੀਆ ਸਮਾਜ ਵਿਚ ਕੁਝ ਦਿਲਚਸਪੀ ਲੱਗੀ। ਉਹ, ਉਨ੍ਹਾਂ ਦੀਆਂ ਸਟੇਜਾਂ ਤੇ ਭਾਸ਼ਣ ਵੀ ਦਿੰਦੇ ਸਨ, ਉਨ੍ਹਾਂ ਨੂੰ ਸਤਿਕਾਰ ਵੀ ਮਿਲਿਆ। ਪਰ ਛੇਤੀ ਹੀ ਉਨ੍ਹਾਂ ਦਾ ਮੋਹ-ਭੰਗ ਹੋ ਗਿਆ। ਇਸ ਪਿੱਛੋਂ ਗਿਆਨੀ ਜੀ ਆਪਣੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਸਿੰਘ ਸਭਾ ਲਹਿਰ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋ ਗਏ। ਲਾਹੌਰ ਦੀਆਂ ਰਾਜਨੀਤਕ ਤੇ ਸੰਸਕ੍ਰਿਤਕ ਸਰਗਰਮੀਆਂ ਵਿਚ ਆ ਜਾਣ ਕਾਰਨ ਗਿਆਨੀ ਜੀ ਦੀਆਂ ਸੁੱਤੀਆਂ ਕਲਾਵਾਂ ਆਪਣੇ ਪੂਰੇ ਜਲੌ ਵਿਚ ਜਾਗ ਪਈਆਂ।

1873 ਵਿਚ ਅੰਮ੍ਰਿਤਸਰ ਵਿਖੇ ਸਥਾਪਿਤ ਸਿੰਘ ਸਭਾ ਤੋਂ ਛੇ ਸਾਲਾਂ ਪਿੱਛੋਂ ਈਸਵੀ ਸੰਨ 1879 ਵਿੱਚ, 'ਸਿੰਘ ਸਭਾ ਲਾਹੌਰ' ਸਥਾਪਿਤ ਹੋਈ। ਇਸ ਸਭਾ ਦੀ ਸਥਾਪਿਤੀ ਦੇ ਨਾਲ ਸਿੰਘ ਸਭਾ ਅਰਥਾਂ ਵਿੱਚ ਲਹਿਰ ਬਣੀ। ਇਸ ਲਹਿਰ ਵਿਚ ਗਿਆਨੀ ਦਿੱਤ ਸਿੰਘ ਨੇ ਯਾਦਗਾਰੀ ਭੂਮਿਕਾ ਨਿਭਾਈ।

ਇਸ ਸਮੇਂ ਸਿੰਘ-ਸਭੀਆਂ ਨੇ ਆਪਣੇ ਵਿਚਾਰਾਂ ਅਤੇ ਸਿਧਾਂਤਾਂ ਦੇ ਪ੍ਰਚਾਰ ਲਈ ਜੋ ਅਖ਼ਬਾਰ ਚਲਾਏ, ਉਨ੍ਹਾਂ ਵਿਚ ਇਕ 'ਗੁਰਮੁਖੀ ਅਖ਼ਬਾਰ' ਸੀ। ਇਸ ਅਖ਼ਬਾਰ ਦੇ ਸੰਪਾਦਕ ਭਾਵੇਂ ਪ੍ਰੋ. ਗੁਰਮੁਖ ਸਿੰਘ ਸਨ ਪਰ ਸਾਰਾ ਪ੍ਰਬੰਧ ਗਿਆਨੀ ਦਿੱਤ ਸਿੰਘ ਹੀ ਕਰਦੇ ਸਨ। ਫਿਰ 1886 ਈ: ਵਿੱਚ 'ਖਾਲਸਾ ਅਖ਼ਬਾਰ' ਚਾਲੂ ਹੋਇਆ। ਮੁੱਢਲੇ ਕੁਝ ਅੰਕਾਂ ਨੂੰ ਛੱਡ ਗਿਆਨੀ ਦਿੱਤ ਸਿੰਘ ਆਪਣੇ ਅੰਤਲੇ ਸਾਹਾਂ ਤੱਕ ਇਸ ਅਖ਼ਬਾਰ ਦੇ ਸੰਪਾਦਕ ਰਹੇ। ਗਿਆਨੀ ਜੀ ਦੀ ਸੋਚ ਦਾ ਕੇਂਦਰੀ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਸੀ।


ਗਿਆਨੀ ਜੀ ਪੰਜਾਬੀ ਦੇ ਪ੍ਰਸਿੱਧ ਵਾਰਤਕਕਾਰ ਹੋਏ ਹਨ। ਉਨ੍ਹਾਂ ਨੇ ਪੰਜਾਬੀ ਵਿਚ ਨਿਬੰਧ ਰਚਨਾ ਦੀ ਪਹਿਲ ਕੀਤੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਇਕ ਕਿੱਸਾਕਾਰ ਵਜੋਂ ਵੀ ਹੈ। ਪੰਜਾਬੀ ਪੱਤਰਕਾਰੀ ਵਿਚ ਉਨ੍ਹਾਂ ਦੀ ਭੂਮਿਕਾ

ਇਕ ਮੋਢੀ ਦੀ ਹੈ। ਧਰਮ ਦੇ ਖੇਤਰ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਟੀਕੇ ਕੀਤੇ, ਵਿਆਖਿਆ ਕੀਤੀ ਅਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖੀਆਂ। ਉਨ੍ਹਾਂ ਨੇ ਸਿੱਖ ਇਤਿਹਾਸ ਦੇ ਮਹੱਤਵਪੂਰਨ ਪ੍ਰਸੰਗਾਂ ਦੀ ਮਹਿਮਾ ਨੂੰ ਬਿਆਨਿਆ ਅਤੇ ਸ਼ਹੀਦਾਂ ਦੀਆਂ ਕਰਨੀਆਂ ਨੂੰ ਕਲਮਬੱਧ ਕੀਤਾ। ਉਹ ਟੀਕਾਕਾਰ, ਕਥਾਕਾਰ, ਵਿਆਖਿਆਕਾਰ ਤੇ ਜੀਵਨੀਕਾਰ ਵੱਜੋਂ ਵੀ ਜਾਣੇ ਜਾਂਦੇ ਹਨ। ਕਿਸੇ ਪ੍ਰਸੰਗ ਵਿਚ ਉਨ੍ਹਾਂ ਨੂੰ ਆਪਣੇ ਪਿਛੋਕੜ ਬਾਰੇ ਲਿਖਣਾ ਪਿਆ। ਇਹ ਸੰਖੇਪ ਲਿਖਤੀ ਜਾਣਕਾਰੀ ਉਨ੍ਹਾਂ ਨੂੰ ਪੰਜਾਬੀ ਦੇ ਪਹਿਲੇ ਸਵੈ-ਜੀਵਨੀਕਾਰ ਵਜੋਂ ਵੀ ਸਥਾਨ ਦਿਵਾ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਲੇਖਕ ਮੰਨਿਆ ਜਾਂਦਾ ਰਿਹਾ ਹੈ ਪਰ ਗਿਆਨੀ ਦਿੱਤ ਸਿੰਘ ਪੰਜਾਬੀ ਦੇ ਪਹਿਲੇ ਪਾਠ-ਪੁਸਤਕ ਲੇਖਕ ਵੀ ਹਨ। ਉਹ ਓਰੀਐਂਟਲ ਕਾਲਜ ਲਾਹੌਰ ਵਿਚ ਪੰਜਾਬੀ ਭਾਸ਼ਾ ਦੇ ਪਹਿਲੇ ਪ੍ਰੋਫ਼ੈਸਰ ਹੋਏ ਹਨ। ਉਨ੍ਹਾਂ ਨੂੰ ਆਪਣੇ ਸਮੇਂ ਦੇ ਉੱਘੇ ਭਾਸ਼ਣਕਾਰ ਤੇ ਸ਼ਾਸਤਰਕਾਰ ਵਜੋਂ ਵੀ ਜਾਣਿਆ ਜਾਂਦਾ ਹੈ। ਵਿੱਦਿਆ ਦੇ ਪਸਾਰ ਲਈ ਉਨ੍ਹਾਂ ਦੇ ਜਤਨਾਂ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਉਨ੍ਹਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਹੋਰ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਉਹ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ। ਸਮਾਜ ਸੁਧਾਰਕ ਵੱਜੋਂ ਵੀ ਉਨ੍ਹਾਂ ਦਾ ਨਾਂ ਵੱਡਾ ਹੈ।

ਸਿੱਖ ਕੌਮ ਦੇ ਵਿਦਵਾਨ ਗਿ. ਦਿੱਤ ਸਿੰਘ ਜੀ 51 ਸਾਲ ਦੀ ਆਯੂ ਵਿੱਚ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਗਿਆਨੀ ਜੀ ਨੇ ਲਗਪਗ ਆਪਣੀ ਉਮਰ ਦੇ ਵਰ੍ਹਿਆਂ ਜਿੰਨੀਆਂ ਪੁਸਤਕਾਂ ਲਿਖ ਕੇ ਆਪਣੀ ਵਿਦਵਤਾ ਦਾ ਪ੍ਰਮਾਣ ਦਿੱਤਾ।

# 29 ਸਾਹਿਤਕਾਰ ਗੁਰਬਖ਼ਸ ਸਿੰਘ 'ਕੇਸਰੀ'

*ਡਾ. ਐੱਸ.ਐੱਸ. ਕਿਸ਼ਨਪੁਰੀ*



*ਗੁਰਬਖ਼ਸ ਸਿੰਘ 'ਕੇਸਰੀ'*

ਹਸਨਪੁਰ (ਘੜੂੰਏ ਦੇ ਨੇੜੇ) ਪਿੰਡ ਵਿੱਚ ਇਕ ਸਾਧਾਰਨ ਜੱਟ ਸ. ਧਿਆਨ ਸਿੰਘ ਜੀ ਅਤੇ ਮਾਤਾ ਨੰਦ ਕੌਰ ਜੀ ਦੇ ਘਰ ਇਕ ਬਹੁ ਪੱਖੀ ਦੇ ਰੂਪ ਵਿੱਚ ਪ੍ਰਤਿਭਾ ਨੇ ਸੰਨ 1881 ਵਿੱਚ ਬਾਲ ਗੁਰਬਖ਼ਸ਼ ਸਿੰਘ ਨੇ ਜਨਮ ਲਿਆ। ਇਹ ਕੋਈ ਚਮਤਕਾਰ ਹੀ ਸਮਝਿਆ ਜਾ ਸਕਦਾ ਹੈ ਕਿ ਸਿੱਖਿਆ ਸਹੂਲਤਾਂ ਦੁਰਲਭ ਹੋਣ ਦੇ ਬਾਵਜੂਦ ਬਾਲ ਗੁਰਬਖ਼ਸ਼ ਨੇ ਕੁਰਾਲੀ ਤੇ ਘੜੂੰਏ ਵਿਖੇ ਉਰਦੂ ਤੇ ਫਾਰਸੀ ਦੀ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਪਰ ਸੰਤੁਸ਼ਟੀ ਨਾ ਹੋਈ ਇਸ ਲਈ ਹਿੰਦੀ ਅਤੇ ਸੰਸਕ੍ਰਿਤ ਦਾ ਵੀ ਅਧਿਐਨ ਕੀਤਾ। ਪੰਜਾਬੀ ਅਤੇ ਹਿੰਦੀ ਦੇ ਗਿਆਨ ਦੇ ਭੰਡਾਰ ਤਾਂ ਖਾਨਦਾਨੀ ਵਿਰਸੇ ਵਜੋਂ ਕੇਸਰੀ ਜੀ ਦੇ ਹਿੱਸੇ ਆਏ।

ਪੰਝੀ ਵਰ੍ਹੇ ਦੀ ਉਮਰ ਵਿੱਚ ਕੇਸਰੀ ਜੀ ਮਲਾਇਆ ਚਲੇ ਗਏ। ਉੱਥੇ ਉਹਨਾਂ ਨੂੰ ਖਾਲਸਾ ਦੀਵਾਨ ਮਲਾਇਆ ਵਲੋਂ ਪ੍ਰਚਾਰਕ ਦੀ ਸੇਵਾ ਬਖਸ਼ੀ ਗਈ ਜਿਹੜੀ ਉਹਨਾਂ ਨੇ ਦੋ ਸਾਲ ਤੱਕ ਪੂਰੀ ਤਨਦੇਹੀ ਤੇ ਜ਼ੁੰਮੇਵਾਰੀ ਨਾਲ ਨਿਭਾਈ।

ਦੋ ਵਰ੍ਹੇ ਪ੍ਰਚਾਰਕ ਦੀ ਸੇਵਾ ਨਿਭਾਉਣ ਉਪਰੰਤ ਕੇਸਰੀ ਜੀ 1908 ਵਿੱਚ ਭਾਰਤ ਮੁੜ ਆਏ। ਉਹਨਾਂ ਦਿਨਾਂ ਵਿੱਚ ਸਿੱਖ ਜਗਤ ਵਿੱਚ ਇਕ ਹੋਰ ਪੁਆਧੀ ਪ੍ਰਤਿਭਾ ਨੰਦਪੁਰ ਕਲੌੜ ਵਾਲੇ ਗਿਆਨੀ ਦਿੱਤ ਸਿੰਘ ਜੀ ਦੀ ਵਿੱਦਵਤਾ ਅਤੇ ਵਿਸ਼ੇਸ਼ ਕਰਕੇ ਵਿਰੋਧੀ ਧਰਮ ਪ੍ਰਚਾਰਕਾਂ ਦੀਆਂ ਭੁਲੇਖਾਂ ਪਾਉ ਚਾਲਾਂ ਤੇ ਹਰਕਤਾਂ ਦਾ ਗੁਰਮੱਤ ਦੇ ਸਿਧਾਂਤਾਂ ਦੀ ਵਿਵੇਕੀ ਵਿਆਖਿਆ ਕਰਕੇ, ਸਫ਼ਲਤਾ ਪੂਰਵਕ ਟਾਕਰਾ ਕਰਕੇ ਉਹਨਾਂ ਨੂੰ ਲਾਜਵਾਬ (ਨਿਰੰਤਰ) ਕਰ ਦੇਣ ਕਾਰਨ ਦਾ ਡੰਕਾ ਸਭ ਪਾਸੇ ਵੱਜ ਰਿਹਾ ਸੀ। ਕੇਸਰੀ ਜੀ, ਗਿਆਨੀ ਦਿੱਤ ਸਿੰਘ ਜੀ ਦੀਆਂ ਦਲੀਲਾਂ ਨਾਲ ਪੂਰੀ ਤਰ੍ਹਾਂ ਸਹਿਮਤ ਸਨ ਅਤੇ ਬਹੁਤ ਪ੍ਰਭਾਵਿਤ ਵੀ। ਸ਼ਾਇਦ ਇਹੋ ਕਾਰਨ ਸੀ ਕਿ ਉਹਨਾਂ ਨੇ 1910 ਵਿੱਚ ਰੋਪੜ ਤੋਂ "ਦਿੱਤ ਸਿੰਘ ਮੈਗਜ਼ੀਨ" ਨਾਂ ਦਾ ਮਾਸਕ ਪੱਤਰ ਚਾਲੂ ਕੀਤਾ। ਉਸ ਸਮੇਂ ਵਿੱਚ ਰੋਪੜ ਉਹਨਾਂ ਦੀਆਂ ਸਾਹਿਤਕ ਤੇ ਸਮਾਜਕ ਗਤੀਆਂ ਵਿਧੀਆਂ ਦੇ ਕੇਂਦਰ ਬਣ ਗਿਆ ਸੀ ਜਿੱਥੇ ਉਹਨਾਂ ਨੇ 'ਸਿੱਖ ਕੰਨਿਆ' ਨਾਂ ਦੀ ਇਕ ਪਾਠਸ਼ਾਲਾ ਸਥਾਪਿਤ ਕੀਤੀ। ਉਹਨਾਂ ਦੀ ਅਗਾਂਹ ਵਧੂ ਸੋਚ ਅਤੇ ਸਮਾਜ ਵਿੱਚ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀਤੇ ਸਾਰਥਕ ਜਤਨਾਂ ਦਾ ਅੰਦਾਜ਼ਾ ਇਸ ਇਕ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਜਿਸ ਗੱਲ ਦੀ ਚਰਚਾ ਅੱਜ ਦੇ ਨੇਤਾਗਣ ਤੇ ਬੁੱਧੀ-ਜੀਵੀ ਸੰਘ

ਪਾੜ ਪਾੜ ਕੇ ਕਰ ਰਹੇ ਹਨ ਪਰ ਅਸਲੀ ਰਾਹ ਤੇ ਕੋਈ ਉਸਾਰੂ ਯੋਗਦਾਨ ਪਾਉਣ ਤੋਂ ਅਸਮਰਥ ਹਨ ਉਸ ਗੱਲ ਬਾਰੇ ਕੇਸਰੀ ਜੀ ਨੇ ਤਕਰੀਬਨ ਇਕ ਸਦੀ ਪਹਿਲਾਂ ਨਾ ਕੇਵਲ ਸੋਚਿਆ ਹੀ ਸਗੋਂ ਅਮਲੀ ਰੂਪ ਵਿੱਚ ਪਹਿਲ ਕਦਮੀ ਕਰਕੇ ਵੀ ਦਿਖਾਈ।

ਰੋਪੜ-ਖਰੜ ਇਲਾਕੇ ਦੇ ਲੋਕ ਜਾਣਦੇ ਹੀ ਹਨ ਕਿ ਪਿੰਡ ਹਸਨਪੁਰ, ਘੜੂੰਆਂ, ਬਰੌਹਲੀ, ਪਡਿਆਲਾ, ਬਦਨਪੁਰ, ਆਦਿ ਪਿੰਡਾਂ ਨਾਲ ਘਿਰਿਆ ਹੋਇਆ ਹੈ। ਪਹਿਲੇ ਤਿੰਨ ਪਿੰਡ ਰਿਆਸਤ ਪਟਿਆਲਾ ਦੇ ਸਨ। ਪਡਿਆਲਾ ਵਿੱਚ ਸੋਮਲ ਗੋਤ ਦੇ ਜੱਟਾਂ ਦਾ ਜ਼ੋਰ ਸੀ ਜਦ ਕਿ ਬਾਕੀ ਸਾਰਿਆਂ ਪਿੰਡਾਂ ਵਿੱਚ ਧਨੋਆ ਗੋਤ ਛਾਇਆ ਹੋਇਆ ਸੀ। ਮਹਾਰਾਜਾ ਪਟਿਆਲਾ ਵਿਦਵਾਨਾਂ ਦਾ ਬਹੁਤ ਕਦਰਦਾਨ ਸੀ। 1913 ਵਿੱਚ ਉਸ ਨੇ ਕੇਸਰੀ ਜੀ ਨੂੰ ਰਿਆਸਤੀ ਮੈਗਜ਼ੀਨ “ਪਟਿਆਲਾ ਗਜ਼ਟ” ਦਾ ਐਡੀਟਰ ਨਿਯੁਕਤ ਕਰ ਦਿੱਤਾ। ਉਹਨਾਂ ਦੀ ਮਿਹਨਤ, ਲਗਨ, ਈਮਾਨਦਾਰੀ ਅਤੇ ਧਾਰਮਿਕ ਵਿਦੱਵਤਾ ਦੀ ਪਰਪੱਕਤਾ ਨੂੰ ਦੇਖਦੇ ਹੋਏ ਮਹਾਰਾਜਾ ਨੇ ਉਹਨਾਂ ਨੂੰ ਇਨਸਪੈਕਟਰ ਧਰਮ ਸਥਾਨ, ਡਿਉਢੀ ਅਫ਼ਸਰ ਅਤੇ ਅੰਤ ਵਿੱਚ ਰਾਜ ਕਵੀ ਦੀ ਉਪਾਧੀ ਨਾਲ ਅਲੰਕ੍ਰਿਤ ਕੀਤਾ। ਰਾਜ ਕਵੀ ਬਣਾਉਣ ਦੇ ਐਲਾਨ ਨੂੰ ਖੁਦ ਮਹਾਰਾਜਾ ਭੂਪਿੰਦਰ ਸਿੰਘ ਜੀ ਦੇ ਦਸਤਖਤਾਂ ਹੇਠ ਸਰਕਾਰੀ ਗਜ਼ਟ ਵਿੱਚ ਛਾਪਿਆ ਗਿਆ।

ਦੇਸ਼ ਵਿਚਲੀ ਰਾਜਸੀ ਉਥਲ ਪੁਥਲ ਨੇ ਰਿਆਸਤਾਂ ਖਤਮ ਕਰ ਦਿੱਤੀਆਂ। ਸੋ 1948 ਵਿੱਚ ਕੇਸਰੀ ਜੀ ‘ਖਾਲਸਾ ਪਾਰਲੀਮੈਂਟ ਗਜ਼ਟ’ ਨਾਮੀ ਮੈਗਜ਼ੀਨ ਦੇ ਐਡੀਟਰ ਬਣੇ ਤੇ ਤਿੰਨ ਸਾਲ ਇਸ ਜ਼ੁੰਮੇਵਾਰੀ ਨੂੰ ਬੜੀ ਸੁਹਿਰਦਤਾ, ਨਿਰਭੈਤਾ ਅਤੇ ਕੌਮੀ ਦਰਦ ਦੀ ਭਾਵਨਾ ਨਾਲ ਨਿਭਾਉਣ ਪਿੱਛੋਂ ਕਈ ਵਰ੍ਹੇ ਤੱਕ ਰੰਗੂਨ ਤੋਂ ਛਪਣ ਵਾਲੇ ਸਪਤਾਹਿਕ ਪੱਤਰ ‘ਬਰਮਾ ਸਿੱਖ ਸਮਾਚਾਰ’ ਦੇ ਆਨਰੇਰੀ (ਭੇਟਾ ਮੁਕਤ) ਐਡੀਟਰ ਦੀ ਸੇਵਾ ਨਿਭਾਈ।

ਅੱਜ ਉਹਨਾਂ ਦੇ ਚਲਾਣੇ ਤੋਂ ਤਕਰੀਬਨ 58 ਵਰ੍ਹੇ ਪਿੱਛੋਂ ਇਹ ਗੱਲਾਂ ਅਣਹੋਣੀਆਂ ਤੇ ਕੇਵਲ ਖਿਆਲੀ ਜਾਪਦੀਆਂ ਹਨ। ਅੱਜ ਜਦ ਕਿ ਜੀਵਨ ਦੇ ਸਾਰੇ ਖੇਤਰਾਂ ਵਿੱਚ ਪੈਸਾ ਪ੍ਰਧਾਨ ਹੋ ਚੁੱਕਾ ਹੈ, ਇਹ ਕਲਪਨਾ ਕਰਨਾ ਵੀ ਅਸੰਭਵ ਜਿਹੀ ਗੱਲ ਜਾਪਦੀ ਹੈ ਕਿ ਇਕ ਰਿਆਸਤ ਦਾ ਰਾਜ ਕਵੀ ਰਹਿ ਚੁੱਕਾ ਸਰਬ ਪੱਖੀ ਵਿਦਵਤਾ ਦਾ ਭੰਡਾਰ ਬਿਨਾਂ ਕੋਈ ਪੈਸਾ ਲਏ ਕਿਸੇ ਵਿਦੇਸ਼ੀ ਸਪਤਾਹਕ ਨੂੰ ਐਡਿਟ ਕਰਨ ਦੀ ਜੋਖਮ ਭਰੀ ਜ਼ੁੰਮੇਵਾਰੀ ਵੀ ਖੁਸ਼ੀ-ਖੁਸ਼ੀ ਚੁੱਕ ਸਕਦਾ ਹੈ।

ਸ. ਗੁਰਬਖ਼ਸ਼ ਸਿੰਘ ਕੇਸਰੀ ਸਹੀ ਅਰਥਾਂ ਵਿੱਚ ਸੱਚੇ ਕਿਰਤੀ ਸਨ। ਸੱਤਰ ਵਰ੍ਹੇ ਦੀ ਉਮਰ ਤੱਕ ਉਹ ਖੇਤਾਂ ਵਿੱਚ ਕੰਮ ਕਰਦੇ ਰਹੇ। ਉਹ ਬਿਲਕੁਲ ਬਾਕੀ ਕਿਰਸਾਣਾਂ ਵਾਂਗ ਵਿਚਰਦੇ ਸਨ। ਉਹਨਾਂ ਨੂੰ ਖੇਤਾਂ ਵਿੱਚ ਕੰਮ ਕਰਦੇ ਦੇਖ ਕੇ ਜਾਂ ਘਾਹ ਦੀ ਪੰਡੋਕਲੀ ਚੁੱਕੀ ਆਉਂਦੇ ਵੇਖ ਕੇ ਕੋਈ ਓਪਰਾ (ਸ਼ਹਿਰੀ) ਬੰਦਾ ਇਹ ਅਨੁਮਾਨ ਨਹੀਂ ਸੀ ਲਾ ਸਕਦਾ ਕਿ ਇਹ ਸਿੱਧੜ ਜੱਟ ਤਕਰੀਬਨ ਦੋ ਦਰਜਨ ਪੁਸਤਕਾਂ ਦਾ ਰਚੈਤਾ ਹੈ।

ਉਹਨਾਂ ਨੂੰ ਕੋਈ ਮਿਲਣ ਆ ਜਾਂਦਾ ਤਾਂ ਉਹਨਾਂ ਨੂੰ ਚਾਅ ਚੜ੍ਹ ਜਾਂਦਾ। ਹਰ ਇਕ ਆਉਣ ਵਾਲੇ ਨੂੰ ਉਹ ਜੱਫੀ ਪਾ ਕੇ ਮਿਲਦੇ। ਉਮਰਾਂ ਦਾ ਫਰਕ ਭੁੱਲ ਜਾਂਦੇ ਤੇ ਹਰ ਇਕ ਨਾਲ ਹਾਣੀਆਂ ਵਾਂਗ ਪੇਸ਼ ਆਉਂਦੇ। ਅੰਬਾਂ ਦੀ ਰੁੱਤ ਵਿੱਚ ਤਾਂ ਇਹਨਾਂ ਦੇ ਘਰ ਪ੍ਰਾਹੁਣਿਆਂ ਦੇ ਮੇਲਾ ਲੱਗਾ ਰਹਿੰਦਾ। ਦੋਸਤ, ਮਿੱਤਰ ਟੱਬਰਾਂ ਸਮੇਤ ਆ ਕੇ ਉਹਨਾਂ ਦੇ ਬਗੀਚੇ ਦੇ ਅੰਬਾਂ ਦੇ ਮਿੱਠੇ ਰਸ ਨੂੰ ਮਾਣਦੇ ਅਤੇ ਮੁੜਨ ਲੱਗੇ ਆਪਣੇ ਨਾਲ ਕੱਚੇ ਅੰਬਾਂ ਦਾ ਅਚਾਰ ਚਟਣੀ ਆਦਿ ਪੁਆ ਕੇ ਲੈ ਜਾਂਦੇ।

ਹਿੰਦ ਸਮਾਚਾਰ ਸਮੂਹ ਦੇ ਬਾਨੀ ਲਾਲਾ ਜਗਤ ਨਾਰਾਇਣ ਵੀ ਕੇਸਰੀ ਜੀ ਦੀ ਲਿਖਣੀ ਤੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ। ਸ. ਗਿਆਨ ਸਿੰਘ ਰਾੜੇਵਾਲਾ ਅਤੇ ਸ੍ਰੀ ਆਰ.ਸੀ. ਖੰਨਾ ਸਹਾਇਕ ਡਾਇਰੈਕਟਰ ਸਿੱਖਿਆ ਵਿਭਾਗ ਕੇਸਰੀ ਜੀ ਦੀ ਬਹੁਤ ਕਦਰ ਕਰਦੇ ਸਨ। ਪੰਜਾਬੀ ਸਾਹਿਤ ਜਗਤ ਨਾਲ ਤਾਂ ਉਹਨਾਂ ਦਾ ਗੂੜ੍ਹਾ ਸੰਬੰਧ ਹੋਣਾ ਹੀ ਸੀ। ਉਰਦੂ ਰਸਾਲੇ 'ਰਿਆਸਤ' ਦੇ ਐਡੀਟਰ ਸ. ਦੀਵਾਨ ਸਿੰਘ ਮਫਤੂਨ ਨੇ ਤਾਂ ਪਿੰਡ ਹਸਨਪੁਰ ਵਿੱਚ ਅੱਖਾਂ ਦਾ ਮੁਫਤ ਹਸਪਤਾਲ ਵੀ ਸ਼ੁਰੂ ਕਰ ਦਿੱਤਾ ਸੀ। ਐਸ.ਐਸ. ਚਰਨ ਸਿੰਘ ਸ਼ਹੀਦ 'ਸੁਥਰਾ' ਹਾਸ ਵਿਅੰਗ ਦਾ ਪਹਿਲਾ ਪੰਜਾਬੀ ਕਵੀ (ਕਰਤਾ ਬਾਦਸ਼ਾਹੀਆਂ) ਅਤੇ ਲਾਲਾ ਧਨੀਰਾਮ ਚਾਤ੍ਰਿਕ ਜੀ ਕੇਸਰੀ ਜੀ ਦੇ ਅਤਿ ਨਿਕਟ ਵਰਤੀ ਸਨ।

ਇਕ ਗੱਲ ਦਾ ਅਫ਼ਸੋਸ ਜ਼ਰੂਰ ਰਹੇਗਾ ਕਿ ਕੇਸਰੀ ਜੀ ਦੇ ਅਨਮੋਲ ਸਾਹਿਤ-ਖਜ਼ਾਨੇ ਨੂੰ ਭਾਸ਼ਾ ਵਿਭਾਗ ਜਾਂ ਪੰਜਾਬੀ ਯੂਨੀਵਰਸਿਟੀ ਨੇ ਸੰਭਾਲਣਾ ਤੇ ਲੋਕਾਂ ਤੱਕ ਪੁਚਾਉਣ ਲਈ ਕੋਈ ਉੱਦਮ ਨਹੀਂ ਕੀਤਾ ਜਿਸ ਕਰਕੇ ਪਿਛਲੇ 47 ਵਰ੍ਹਿਆਂ ਅੰਦਰ ਕਈ ਗ੍ਰੰਥਾਂ ਵਿਸ਼ੇਸ਼ ਕਰਕੇ ਅਣਛਪੇ ਗ੍ਰੰਥਾਂ ਦੇ ਨਸ਼ਟ ਹੋ ਜਾਣ ਦਾ ਸ਼ੱਕ ਹੈ।

ਕੇਸਰੀ ਜੀ ਦੀਆਂ ਛਪੀਆਂ, ਅਣਛਪੀਆਂ ਪੁਸਤਕਾਂ ਬਾਰੇ ਜਿੰਨੀ ਕੁ ਜਾਣਕਾਰੀ ਪ੍ਰਾਪਤ ਹੋ ਸਕੀ ਹੈ ਉਸ ਅਨੁਸਾਰ ਉਹਨਾਂ ਦੀ ਸੂਚੀ ਹੇਠਾਂ ਦਿੱਤੀ ਜਾਂਦੀ ਹੈ:

1. ਸੱਭਯਤਾ ਸਾਗਰ (ਅਣਛਪਿਆ)
2. ਅਨੂਪਮ ਕਲਗੀ
3. ਕੇਸਰੀ ਕਟਾਰ
4. ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ (ਡਾ. ਕਰਨੈਲ ਸਿੰਘ ਸੋਮਲ ਦੀ ਸੰਪਾਦਨਾ ਰਾਹੀਂ 2016 'ਚ ਨਵੀਂ ਸੁੰਦਰ ਦਿੱਖ 'ਚ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਛਾਪੀ)
5. ਪੁਜਾਰੀ ਪ੍ਰਬੋਧ
6. ਪੰਥ ਜਗਾਵਾਂ
7. ਜੀਵਨ ਸੰਤ ਭਗਤ ਸਿੰਘ
8. ਸਿੰਧੀ ਬੱਚਾ

9. ਸ੍ਰੀਮਦ ਭਗਵਤ ਗੀਤਾ (ਪੰਜਾਬੀ ਅਨੁਵਾਦ) ਅਣਛਪੀ
10. ਚਾਹ ਤੇ ਨਸਵਾਰ
11. ਗੁਰੂ ਦਰਸ਼ਨ ਦੀ ਸਿੱਕ
12. ਸ਼ਾਹ ਭੀਖਣ
13. ਪੰਥਕ ਗੀਤ
14. ਭੁੱਲੜ ਜੱਟ
15. ਧੂਰਤ ਕਹਾਣੀਆਂ
16. ਸੱਤ ਸਾਦਕ
17. ਸੁਗੰਧਿਤ ਅਸਥਾਨ
18. ਸੰਖਿਆ ਕੋਸ਼ (ਦੂਜੀ ਐਡੀਸ਼ਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਮੁੜ ਛਾਪੀ)
19. ਰੋਪੜੀਆ ਪੀਰ ਤੇ ਨੌਵੇਂ ਗੁਰੂ ਸਾਹਿਬ
20. ਵਰਿੰਦ ਸਤਸਈ ਦਾ ਪੰਜਾਬੀ ਅਨੁਵਾਦ (ਅਣਛਪੀ)
21. ਅਦੁਤੀਯ ਸਮਾਗਮ
22. ਕਲਮ ਤੇ ਤਲਵਾਰ ਦਾ ਸੰਵਾਦ
23. ਪ੍ਰਸੰਗ ਭਾਈ ਗੋਂਦਾ
24. ਚਾਣਕਯ ਨੀਤੀ (ਅਣਛਪੀ)
25. ਵਿਗਿਆਨਕ ਲੇਖ (ਅਣਛਪੀ)
26. ਕੇਸਰੀ ਝਲਕਾਂ (ਅਣਛਪੀ)
27. ਗੁਰਮਤਿ ਸਿਧਾਂਤ (ਅਣਛਪੀ)

ਇਨ੍ਹਾਂ ਤੋਂ ਬਿਨਾਂ ਕੁਝ ਹੋਰ ਪੁਸਤਕਾਂ ਦਾ ਜ਼ਿਕਰ ਵੀ ਮਿਲਦਾ ਹੈ।

ਨੋਟ:-ਇਸ ਲੇਖ ਦੀ ਤਿਆਰੀ ਵਿਚ ਕੇਸਰੀ ਜੀ ਦੇ ਦੋਹਤੇ ਸ. ਆਰ.ਐੱਸ. ਗਿੱਲ ਲਾਂਡਰਾਂ ਵਾਲੇ (ਅੱਜ ਕੱਲ੍ਹ ਫਰੀਦਾਬਾਦ) ਜੀ ਨੇ ਵੱਡਮੁੱਲਾ ਯੋਗਦਾਨ ਪਾਇਆ ਜਿਸ ਲਈ ਲੇਖਕ ਉਹਨਾਂ ਦਾ ਦਿਲੋਂ ਅਤਿ ਧੰਨਵਾਦੀ ਹੈ।

ਆਪ ਦਾ ਦਿਹਾਂਤ 10 ਦਸੰਬਰ, 1958 ਨੂੰ ਹੋਇਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸ. ਰਣਜੋਧ ਸਿੰਘ ਗਿੱਲ (ਆਰ.ਐੱਸ. ਗਿੱਲ) ਆਪਣੇ ਨਾਨਾ ਗੁਰਬਖ਼ਸ਼ ਸਿੰਘ ਕੇਸਰੀ ਜੀ ਦੀ ਯਾਦ ਵਿੱਚ 2006 ਤੋਂ ਹਰ ਸਾਲ ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਪੁਆਧ ਦੇ ਕਿਸੇ ਉੱਘੇ ਲੇਖਕ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਕਰਾਉਂਦੇ ਹਨ।

# 30 ਗਲਪਕਾਰ - ਸੋਹਨ ਸਿੰਘ ਹੰਸ

*ਮਨਮੋਹਨ ਸਿੰਘ ਦਾਊਂ*

ਜਲੰਧਰੋਂ ਛਪਦੇ 'ਦ੍ਰਿਸ਼ਟੀ' ਰਸਾਲੇ ਵਿਚ ਜਦੋਂ 'ਕਾਰੇ ਹੱਥੀ' ਨਾਵਲ ਛਪਿਆ ਤਾਂ ਖ਼ੂਬ ਚਰਚਾ ਦਾ ਵਿਸ਼ਾ ਬਣਿਆ। ਜ਼ਮੀਨ-ਜਾਇਦਾਦ ਦੇ ਹੱਕ ਲਈ ਇਕ ਔਰਤ ਦਾ ਜੱਗੋਂ ਨਿਵੇਕਲਾ ਸਾਹਸੀ ਫੈਸਲਾ ਅਤੇ ਆਪਣੀ ਕੁੱਖੋਂ ਦੀ ਸੰਤਾਨ-ਸ਼ਕਤੀ ਦਾ ਜੌਹਰ, ਅਸਲੋਂ ਹੀ ਪੁਆਧ ਖੇਤਰ ਦੀ ਮਿੱਥ ਵਰਗੀ ਘਟਨਾ ਸੀ। ਨਾਵਲ ਦੇ ਲੇਖਕ ਸ੍ਰੀ ਸੋਹਨ ਸਿੰਘ ਹੰਸ ਦੀ ਇਹ ਸ਼ਕਤੀਸ਼ਾਲੀ ਰਚਨਾ ਦਾ ਪ੍ਰਭਾਵ ਏਨਾ ਪਿਆ ਕਿ ਫਿਲਮੀ-ਜਗਤ ਨੂੰ ਚਿੱਤਰ-ਪੱਟ ਲਈ 'ਵਾਰਸ' ਫਿਲਮ ਬਣਾਉਣ ਲਈ ਦੇਰ ਨਾ ਲੱਗੀ, ਭਾਵੇਂ ਸ੍ਰੀ ਹੰਸ ਨੂੰ ਫਿਲਮ ਦੇ ਨਿਰਮਾਤਾ ਨਾਲ ਕਹਾਣੀ ਚੋਰੀ ਕਰਨ ਦੇ ਵਿਵਾਦ ਦਾ ਸੰਤਾਪ ਵੀ ਝੱਲਣਾ ਪਿਆ।

ਪੁਆਧੀ ਬੋਲੀ ਦੇ ਅਜਿਹੇ ਗਲਪਕਾਰ ਨੂੰ ਵਿਸਾਰਨ ਕਾਰਨ, ਪੁਆਧੀ ਪੰਜਾਬੀ ਸੱਥ, ਮੁਹਾਲੀ ਦੀ ਇਕਾਈ ਨੇ 14 ਨਵੰਬਰ 2014 ਨੂੰ ਸ਼ਹੀਦ ਕਾਂਸ਼ੀ ਰਾਮ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕਰਨ ਦਾ ਉਪਰਾਲਾ ਕੀਤਾ। ਇਹ ਜ਼ਿੰਮੇਵਾਰੀ ਨਿਭਾਉਣ ਲਈ ਮੈਂ ਤੇ ਮੇਰਾ ਮਿੱਤਰ ਪ੍ਰੋ. ਕੁਲਵੰਤ ਸਿੰਘ ਉਸ ਨੂੰ ਮਿਲਣ ਗਏ। ਸੋਹਨ ਸਿੰਘ ਹੰਸ ਬਿਮਾਰੀ ਦੀ ਹਾਲਤ ਵਿਚ ਸੀ। ਜ਼ੀਰਕਪੁਰ ਉਸ ਨੂੰ ਔਖਿਆਈ ਨਾਲ ਲੱਭ ਹੀ ਲਿਆ। ਦੁਪਹਿਰ ਦਾ ਸਮਾਂ ਸੀ। ਸ੍ਰੀ ਹੰਸ ਨੇ ਮੈਨੂੰ ਪਛਾਣ ਲਿਆ। ਦਾਰੂ ਦਾ ਨਸ਼ਾ ਚੜ੍ਹਿਆ ਹੋਇਆ ਸੀ ਤੇ ਸ਼ਰਾਬ ਦੀ ਬੋਤਲ ਉਸ ਦੇ ਮੇਜ਼ 'ਤੇ ਪਈ ਸੀ। ਉਹ ਆਪਣੇ ਤਖ਼ਤਪੋਸ਼ 'ਤੇ ਫ਼ਕੀਰੀ ਪਹਿਰਾਵੇ 'ਚ ਮਸਤ ਸੀ। ਫੱਕਰ ਬਿਰਤੀ ਵਾਲਾ ਨਿਧੜਕ ਇਨਸਾਨ ਸਾਨੂੰ ਦੇਖ ਕੇ ਹੈਰਾਨ ਹੋਇਆ। ਮੈਂ ਉਸ ਨੂੰ ਸੱਥ ਵਲੋਂ ਸਨਮਾਨ ਦੇਣ ਲਈ ਦੱਸਿਆ। "ਮੈਨੂੰ ਸਨਮਾਨ। ਇਹ ਕਿਵੇਂ। ਮੈਨੂੰ ਤਾਂ ਕਦੇ ਕਿਸੇ ਨੇ ਪੁੱਛਿਆ ਹੀ ਨਹੀਂ। ਚਲੋ, ਤੁਸੀਂ ਆਏ ਹੋ ਘੁੱਟ-ਘੁੱਟ ਲਾਓ। ਤੁਹਾਡੀ ਮਿਹਰਬਾਨੀ। ਮੈਂ ਤੁਹਾਡੀ ਸੇਵਾ ਕਿਵੇਂ ਕਰਾਂ। ਮੈਂ ਤਾਂ ਰੋਟੀ ਵੀ ਢਾਬੇ 'ਤੇ ਹੀ ਖਾਂਦਾ। ਨਹੀਂ ਤਾਂ ਇਥੇ ਹੀ ਪਿਆ ਰਹਿੰਦਾਂ।"

ਅਜਿਹੀ ਹਾਲਤ ਵਿਚ ਵੀ ਸ੍ਰੀ ਹੰਸ ਦੀ ਦ੍ਰਿੜਤਾ ਕਾਇਮ ਸੀ। ਇਕੇਰਾਂ ਤਾਂ ਉਹ ਉਠ ਕੇ ਬੈਠ ਗਿਆ। ਉਸ ਦੀਆਂ ਅੱਖਾਂ 'ਚ ਲਾਲੀ ਦੇ ਨਾਲ ਖੁਸ਼ੀ ਦੀ ਲੀਕ ਉੱਭਰੀ। ਉਸ ਨੇ ਸਾਨੂੰ ਇਕ-ਇਕ ਕਾਪੀ ਆਪਣੇ 'ਬੰਤੋ' ਨਾਵਲ ਦੀ ਭੇਟ ਕਰਕੇ ਖੁਸ਼ੀ ਪ੍ਰਗਟਾਈ। ਮਿੱਥੇ ਦਿਨ ਸ੍ਰੀ ਹੰਸ ਨੂੰ ਮੁਹਾਲੀ ਵਿਖੇ ਸਨਮਾਨਿਤ ਕਰਕੇ ਸਾਡੇ ਸਿਰੋਂ ਭਾਰ ਹੌਲਾ ਹੋਇਆ। ਉਸ ਦਿਨ ਵੀ ਉਸ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ।

ਪੁਆਧੀ ਬੋਲੀ ਨੂੰ ਸਜੀਵ ਰੂਪ ਦੇਣ ਵਾਲੇ ਸੋਹਨ ਸਿੰਘ ਨੇ 1933 'ਚ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਪਿਤਾ ਰਾਮ ਸਿੰਘ ਦੇ ਗ੍ਰਿਹਿ ਪਿੰਡ ਗੱਟੀ, ਜ਼ਿਲਾ ਲਾਇਲਪੁਰ

(ਪਾਕਿਸਤਾਨ) ਵਿਖੇ ਜਨਮ ਲਿਆ। ਆਪ ਦੇ ਪਿਤਾ ਗਰੰਥੀ ਹੋਣ ਕਾਰਨ, ਉਹ ਗੁਰਦੁਆਰੇ ਦੀ ਸੇਵਾ ਕਰਦੇ ਤੇ ਬਾਲਕ ਸੋਹਨ ਸਿੰਘ ਡੋਲਾ ਲੈ ਕੇ 'ਸਤਿ ਕਰਤਾਰ' ਅਲਾਪਦਾ ਗਜਾ ਕਰਦਾ। ਉਥੋਂ ਚੌਥੀ ਜਮਾਤ ਪਾਸ ਕੀਤੀ। ਸਮੇਂ ਨੇ ਕਰਵਟ ਬਦਲੀ, ਮਾਪਿਆਂ ਨੂੰ ਆਪਣੇ ਜੱਦੀ ਪਿੰਡ ਮੋਹੀ ਖ਼ੁਰਦ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਪਰਤਣਾ ਪਿਆ। ਮਿਡਲ ਸਕੂਲ ਬਨੂੜ ਤੋਂ ਅੱਠਵੀਂ ਪਾਸ ਕੀਤੀ ਤੇ ਸੋਹਨ ਸਿੰਘ ਨੇ ਰਾਜਪੁਰੇ ਹਾਈ ਸਕੂਲ ਵਿਚ ਦਾਖਲਾ ਲੈ ਲਿਆ। ਅਜੇ ਦਸਵੀਂ 'ਚ ਪੜ੍ਹਦਾ ਹੀ ਸੀ ਕਿ ਕ੍ਰਾਂਤੀਕਾਰੀ ਖਿਆਲ ਜਾਗ ਉਠੇ। ਜੁਆਨੀ ਦਾ ਜੋਸ਼, ਕਮਿਊਨਿਸਟ ਪਾਰਟੀ ਲਈ ਸਰਗਰਮ ਹੋ ਉਠਿਆ। ਪੜ੍ਹਾਈ ਛੱਡੀ ਗਈ। ਪੈਪਸੂ ਸਰਕਾਰ ਨੇ ਵਿਰੋਧੀ ਗਤੀਵਿਧੀਆਂ ਕਰਕੇ ਹਵਾਲਾਤ 'ਚ ਬੰਦ ਕਰ ਦਿੱਤਾ। ਤਿੰਨ ਮਹੀਨੇ ਸਰੀਰਕ ਕਸ਼ਟ ਝੱਲ ਕੇ ਜੇਲ੍ਹ ਕੱਟੀ। ਮੁੜ ਸੈਂਟਰਲ ਜੇਲ੍ਹ ਅੰਬਾਲਾ ਵਿਚ 9 ਮਹੀਨੇ ਲਈ ਬੰਦ ਹੋਣਾ ਪਿਆ। ਇਹ ਉਹ ਸਮਾਂ ਸੀ ਜਦੋਂ ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੌਡਸੇ ਨੂੰ ਉਸ ਦੇ ਸਾਹਮਣੇ ਫਾਂਸੀ ਦਿੱਤੀ ਗਈ।

ਹਰਿਆਣਾ ਬਣਿਆ ਤਾਂ ਸੀ.ਪੀ.ਐਮ. 'ਚ ਦਾਖਲ ਹੋ ਗਏ। ਮੋਢੇ ਝੋਲਾ, ਬਾਹਾਂ ਬੁਲੰਦ, ਗੂੰਜਵੇਂ ਨਾਅਰੇ-ਜਲਸਿਆਂ-ਜਲੂਸਾਂ ਵਿੱਚ ਲੋਕ-ਹੱਕਾਂ ਦੀ ਰਾਖੀ ਲਈ ਇਨਸਾਫ ਲਈ ਟਰੇਡ ਯੂਨੀਅਨ ਦਾ ਆਗੂ ਬਣ, ਸ੍ਰੀ ਹੰਸ ਨਵੇਂ ਸਵੇਰਿਆਂ ਦੀ ਭਾਲ ਵਿਚ ਘਰ-ਬਾਰ ਛੱਡ ਕੇ ਸਰਗਰਮ-ਸਾਥੀ ਹੋ ਤੁਰਿਆ। ਧੁੱਪ-ਛਾਂ ਦਾ ਪਤਾ ਹੀ ਨਾ ਲੱਗਿਆ। ਇਨਕਲਾਬ ਲਿਆਉਣ ਲਈ ਜੋਸ਼ ਮਘਦਾ ਗਿਆ। ਜੇਲ੍ਹ ਸਮੇਂ ਬਾਬਾ ਗੁਰਮੁਖ ਸਿੰਘ, ਪੰਡਿਤ ਕਸ਼ੋਰੀ ਲਾਲ ਤੇ ਬਾਬਾ ਸੁੰਦਰ ਸਿੰਘ ਵਰਗੇ ਸਿਰਲੱਥ ਜੋਧਿਆਂ ਨਾਲ ਬਹੁਤ ਤਨਦੇਹੀ ਨਾਲ ਕੰਮ ਕੀਤਾ। ਚੌਦਾਂ ਵਿੱਘੇ ਜ਼ਮੀਨ ਕਮਿਊਨਿਸਟ ਪਾਰਟੀ ਨੂੰ ਦਾਨ ਕਰ ਦਿੱਤੀ। ਦਰਵੇਸ਼ੀ ਪੱਲੇ ਪਾ, ਕਈ ਤਰ੍ਹਾਂ ਦੇ ਪਾਪੜ ਵੇਲੇ। ਤੰਗੀਆਂ-ਤੁਰਸ਼ੀਆਂ ਅੱਗੇ ਹਾਰ ਨਾ ਮੰਨੀ। ਸਾਈਕਲਾਂ, ਸਕੂਟਰਾਂ ਦੀ ਮੁਰੰਮਤ ਤੇ ਪੰਚਰ ਲਾਉਣ ਦਾ ਕੰਮ ਕੀਤਾ। ਬਿਜਲੀ ਦੇ ਸਵਿੱਚ ਸਾਕਟ ਬਣਾਏ। ਪੱਤਰਕਾਰੀ ਕੀਤੀ। ਪੱਤਰਕਾਰੀ ਲਈ ਉਸ ਨੇ ਇੱਕ ਪ੍ਰਤੀਬੱਧ-ਪੱਤਰਕਾਰ ਵਜੋਂ ਕਰਤੱਬ ਨਿਭਾਇਆ।

ਪੁਆਧੀ ਸਾਹਿਤ ਵਿਚ ਸ੍ਰੀ ਸੋਹਨ ਸਿੰਘ ਹੰਸ ਦੀ ਦੇਣ ਇਕ ਸਮਰੱਥ ਗਲਪਕਾਰ ਵਲੋਂ ਵਡਿਆਈਯੋਗ ਹੈ। 'ਕਾਰੇ ਹੱਥੀ', 'ਕਾਲੀ-ਕਥਾ' ਅਤੇ 'ਬੰਤੋ' ਨਾਵਲਾਂ 'ਚ ਪੁਆਧੀ ਬੋਲੀ ਦੀ ਰੂਹ ਪੜ੍ਹਿਆ ਹੀ ਮਾਣੀ ਜਾ ਸਕਦੀ ਹੈ। 'ਉਸਲਵੱਟੇ', 'ਧਰਤੀ ਦੀ ਖ਼ੁਸ਼ਬੋ', 'ਦੀਆ ਕਬੀਰਾ ਰੋਇ' ਉਸ ਦੇ ਕਹਾਣੀ ਸੰਗ੍ਰਹਿ ਹਨ ਜਿਨ੍ਹਾਂ 'ਚ ਲੋਕ-ਮਸਲਿਆਂ ਦਾ ਬਿਰਤਾਂਤ ਅਤੇ ਮਾਨਵੀ-ਰਿਸ਼ਤਿਆਂ ਦੀ ਟੁੱਟ ਭੱਜ ਬਲਵਾਨ ਪੁਆਧੀ ਬੋਲੀ ਵਿਚ ਚਿੱਤਰੀ ਗਈ ਹੈ। 'ਇਕ ਹੋਰ ਨਹੀਂ' ਉਸ ਦਾ ਕਹਾਣੀ-ਸੰਗ੍ਰਹਿ ਪ੍ਰਕਾਸ਼ਨਾ ਅਧੀਨ ਸੀ। ਕਲਸੀਆ ਲਹਿਰ ਦੇ ਆਗੂ ਬਾਬਾ ਸੁੰਦਰ ਸਿੰਘ ਬਾਰੇ ਉਸ ਨੇ ਬੜੀ ਮਿਹਨਤ ਕਰਕੇ

ਜੀਵਨੀ ਲਿਖੀ। ਸ੍ਰੀ ਹੰਸ ਦੀ ਗਲਪ-ਰਚਨਾ ਵਿਚ ਪੁਆਧ ਦੇ ਸਭਿਆਚਾਰ, ਸੰਸਕਾਰ ਤੇ ਲੋਕ-ਮੁਹਾਵਰੇ ਦੀ ਪਕੜ ਬਹੁਤ ਸਲਾਹੁਣਯੋਗ ਹੈ। ਲੋਕ-ਰੰਗ ਦੀ ਝਲਕ ਬਰੀਕ-ਬੀਨੀ ਵਾਲੀ ਹੈ। ਪੁਆਧੀ ਜੀਵਨ-ਸ਼ੈਲੀ ਦਾ ਉਹ ਸਫਲ ਗਲਪਕਾਰ ਸੀ।

ਸ੍ਰੀ ਹੰਸ ਦਾ ਕਹਿਣਾ ਸੀ, "ਲੋਕ ਆਪਣੀਆਂ ਸਮੱਸਿਆਵਾਂ 'ਚ ਬਰਾਬਰ ਘਿਰੇ ਹੋਏ ਹਨ। ਸਾਹਿਤ ਹੀ ਇਕ ਜਿਊਂਦਾ ਜਾਗਦਾ ਮਾਧਿਅਮ ਹੈ ਜਿਸ ਤੋਂ ਦੁਨੀਆਂ ਤੇ ਸ੍ਰਿਸ਼ਟੀ ਸੇਧ ਲੈ ਸਕਦੀ ਹੈ ਤੇ ਕੁਝ ਸਿੱਖ ਸਕਦੀ ਹੈ। ਸਮਾਜ ਬਦਲਣਾ ਚਾਹੀਦਾ ਹੈ। ਹਨੇਰਾ ਘਣਾ ਹੈ, ਚਾਨਣ ਦੀ ਬਹੁਤ ਲੋੜ ਹੈ।" ਸ੍ਰੀ ਹੰਸ ਨੇ ਚੀਨੀ, ਰੂਸੀ, ਯੂਰਪੀ ਤੇ ਭਾਰਤੀ ਸਾਹਿਤ ਦਾ ਨਿੱਠ ਕੇ ਅਧਿਐਨ ਕੀਤਾ। ਉਸ ਦੀ ਕਾਨੀ ਨੂੰ ਉਹ ਸਥਾਨ ਨਾ ਮਿਲ ਸਕਿਆ, ਜਿਸ ਲਈ ਉਹ ਹੱਕਦਾਰ ਸੀ। ਪੰਜਾਬੀ ਪੱਤਰਕਾਰੀ, ਸਾਹਿਤ ਤੇ ਲੋਕ ਭਲਾਈ ਲਈ ਸ੍ਰੀ ਹੰਸ ਦੀਆਂ ਸੇਵਾਵਾਂ ਹਮੇਸ਼ਾ ਯਾਦ ਰਹਿਣਗੀਆਂ। ਬਿਮਾਰੀ ਦੀ ਤਾਬ ਨਾ ਝੱਲਦਾ ਹੋਇਆ, ਅਗਰਗਾਮੀ ਵਿਚਾਰਧਾਰਾ ਵਾਲਾ, ਇਹ ਲੇਖਕ 24 ਜੁਲਾਈ, 2005 ਨੂੰ ਇਸ ਫਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਿਆ। ਚੰਗਾ ਹੋਵੇ, ਜ਼ੀਰਕਪੁਰ ਵਿਖੇ ਉਸ ਦੀ ਯਾਦ 'ਚ ਹੰਸ ਜ਼ੀਰਕਪੁਰ ਚੌਕ' ਦਾ ਨਾਂ ਰੱਖਿਆ ਜਾਵੇ ਜਾਂ ਕੋਈ ਹੋਰ ਯਾਦਗਾਰ ਬਣਾਈ ਜਾਵੇ।

# 31 ਕਹਾਣੀਕਾਰ ਨਵਤੇਜ ਪੁਆਧੀ

*ਸੰਤਵੀਰ*
*ਮੋਬਾ: 9814952967*

ਗੱਲ ਵੀਹ ਕੁ ਵਰ੍ਹੇ ਪੁਰਾਣੀ ਹੈ।

ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕੁਰਾਲੀ ਦੇ ਹਾਲ ਵਿੱਚ ਸ਼੍ਰੋਮਣੀ ਲਿਖਾਰੀ ਸਭਾ (ਰਜਿ.) ਕੁਰਾਲੀ ਵੱਲੋਂ ਇੱਕ ਸਾਹਿਤਕ ਸਮਾਰੋਹ ਕਰਵਾਇਆ ਜਾ ਰਿਹਾ ਸੀ। ਇਸ ਸਮਾਰੋਹ ਵਿੱਚ ਮੇਰਾ ਅਤੇ ਮੋਹਨਦੀਪ ਦਾ ਸਾਂਝਾ ਕਹਾਣੀ-ਸੰਗ੍ਰਹਿ 'ਸਾਂਝ' ਵੀ ਲੋਕ ਅਰਪਣ ਕੀਤਾ ਜਾਣਾ ਸੀ। ਮੰਚ 'ਤੇ ਪ੍ਰਧਾਨਗੀ ਮੰਡਲ ਵਿੱਚ ਨਵਤੇਜ ਪੁਆਧੀ ਵੀ ਬੈਠੇ ਸਨ। ਉਨ੍ਹਾਂ ਨੇ ਆਪਣੇ ਕਰ ਕਮਲਾਂ ਨਾਲ ਸਾਡਾ ਪਲੇਠਾ ਕਹਾਣੀ-ਸੰਗ੍ਰਹਿ ਲੋਕ ਅਰਪਣ ਕੀਤਾ ਸੀ। ਨਵਤੇਜ ਪੁਆਧੀ ਨੂੰ ਮੈਂ ਉਸ ਦਿਨ ਪਹਿਲੀ ਵਾਰ ਮਿਲਿਆ ਸਾਂ। ਨਵਤੇਜ ਪੁਆਧੀ ਦਾ ਰੰਗ ਗੋਰਾ, ਦਗ-ਦਗ ਕਰਦਾ ਚਿਹਰਾ, ਭਰਵਾਂ ਗੁੰਦਵਾ ਜਿਸਮ, ਪੰਜਾਬੀ ਰਿਵਾਇਤੀ ਪਹਿਰਾਵਾ ਸਫ਼ੈਦ ਕਮੀਜ਼-ਪਜਾਮਾ, ਪੈਰੀਂ ਕਾਲੀ ਕੁਰਮ ਦੀ ਦੇਸੀ ਜੁੱਤੀ ਅਤੇ ਸਿਰ 'ਤੇ ਬਦਾਮੀ ਰੰਗ ਦੀ ਪੋਚਵੀਂ ਦਸਤਾਰ। ਦਿੱਖ ਤੋਂ ਉਹ ਅਸਲੋਂ ਹੀ ਇੱਕ ਟਰਾਂਸਪੋਰਟਰ ਹੀ ਲਗਦੇ ਸਨ। ਜਦੋਂ ਉਹ ਸਮਾਰੋਹ ਵਿੱਚ ਸ਼ਾਮਲ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦੇ ਰੁਬਰੂ ਹੋਏ ਤਾਂ ਉਨ੍ਹਾਂ ਦੇ ਭਾਸ਼ਣ ਵਿੱਚੋਂ ਛਲਕਦੀ ਸਾਹਿਤਕ ਸੂਝ ਅਤੇ ਸਿਆਣਪ ਨੂੰ ਵੇਖ ਕੇ ਸਰੋਤੇ ਦੰਗ ਰਹਿ ਗਏ। ਲਿਖਾਰੀ ਸਭਾ ਦੇ ਪ੍ਰਧਾਨ ਨੇ ਉਨ੍ਹਾਂ ਨਾਲ ਜਾਣ ਪਛਾਣ ਕਰਾਉਂਦਿਆਂ ਕਿਹਾ ਕਿ ਜਿਸ ਕਹਾਣੀਕਾਰ ਦੀਆਂ ਕਹਾਣੀਆਂ ਅਕਸਰ ਅਸੀਂ ਅਖ਼ਬਾਰਾਂ ਅਤੇ ਮਾਸਿਕ ਪਰਚਿਆਂ ਵਿੱਚ ਪੜ੍ਹਦੇ ਹਾਂ, ਉਹ ਕਹਾਣੀਕਾਰ ਨਵਤੇਜ ਪੁਆਧੀ ਸਾਡੇ ਨੇੜਲੇ ਪਿੰਡ ਭਿਓਰੇ ਦੇ ਜੰਮਪਲ ਹਨ। ਅੱਜ-ਕੱਲ੍ਹ ਇਹ ਦਿੱਲੀ ਵਿਖੇ ਰਹਿੰਦੇ ਹਨ। ਉੱਥੇ ਇਨ੍ਹਾਂ ਦਾ ਟਰਾਂਸਪੋਰਟ ਦਾ ਕਾਰੋਬਾਰ ਹੈ। ਸ਼ਾਇਦ ਇਹ ਇੱਕੋ-ਇੱਕ ਸਾਹਿਤਕਾਰ ਹੋਣਗੇ ਜੋ ਆਪਣੇ ਨਾਂ ਦੇ ਨਾਲ 'ਪੁਆਧੀ' ਤਖੱਲਸ ਜੋੜ ਕੇ ਪੁਆਧ ਦੇ ਭੂਗੋਲਿਕ ਖਿੱਤੇ ਦੀ ਵੱਖਰੀ ਪਛਾਣ ਨੂੰ ਕਾਇਮ ਰੱਖ ਰਹੇ ਹਨ। ਸਾਨੂੰ ਪੁਆਧੀਆਂ ਨੂੰ ਨਵਤੇਜ ਪੁਆਧੀ 'ਤੇ ਮਾਣ ਹੈ। ਜੰਤਾ ਪਾਰਟੀ ਦੀ ਸਰਕਾਰ ਵਿੱਚ ਜਦੋਂ ਬਲਵੰਤ ਸਿੰਘ ਰਾਮੂਵਾਲੀਆ ਕੇਂਦਰੀ ਵਜਾਰਤ ਵਿੱਚ ਸਮਾਜ ਭਲਾਈ ਵਿਭਾਗ ਦੇ ਰਾਜ ਮੰਤਰੀ ਬਣੇ ਤਾਂ ਉਨ੍ਹਾਂ ਨੇ ਨਵਤੇਜ ਪੁਆਧੀ ਅੰਦਰ ਵਿਲੱਖਣ ਪ੍ਰਤਿਭਾ ਨੂੰ ਪਛਾਣਦੇ ਹੋਏ ਉਨ੍ਹਾਂ ਨੂੰ ਆਪਣਾ ਨਿੱਜੀ ਸਕੱਤਰ ਨਿਯੁਕਤ ਕਰ ਲਿਆ। ਇਸ ਉਪਰੰਤ ਉਨ੍ਹਾਂ ਨੇ ਨਵਤੇਜ ਪੁਆਧੀ ਨੂੰ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਵਜੋਂ ਨਾਮਜਦ ਕਰ ਕੇ ਉਨ੍ਹਾਂ ਨੂੰ ਰਾਜਨੀਤਕ ਖੇਤਰ ਅੰਦਰ ਲੈ ਆਂਦਾ। ਉਦੋਂ ਉਨ੍ਹਾਂ ਨੂੰ ਵਧਾਈ ਦੇਣ ਵਾਲੇ ਲਿਖਾਰੀ ਸਭਾ ਕੁਰਾਲੀ ਦੇ ਮੈਂਬਰਾਂ ਵਿੱਚ ਮੇਰਾ ਨਾਂ ਵੀ ਸ਼ਾਮਲ ਸੀ।

ਉਨ੍ਹਾਂ ਨੇ ਸਾਡੀਆਂ ਵਧਾਈਆਂ ਸਵੀਕਾਰਦੇ ਹੋਏ ਬਹੁਤ ਹੀ ਪਿਆਰ ਅਤੇ ਅਪਣੱਤ ਦਾ ਇਜ਼ਹਾਰ ਕੀਤਾ, ਬਿਲਕੁਲ ਉਵੇਂ ਹੀ ਜਿਵੇਂ ਉਨ੍ਹਾਂ ਨੇ ਸਾਹਿਤਕ ਸਮਾਰੋਹ ਸਮੇਂ ਕੀਤਾ ਸੀ।

ਮੈਨੂੰ ਯਾਦ ਹੈ ਜਦੋਂ ਮੇਰੀ ਨਵਤੇਜ ਪੁਆਧੀ ਨਾਲ ਵਾਕਫ਼ੀਅਤ ਨਹੀਂ ਸੀ ਹੋਈ ਤਦ ਅਸੀਂ ਉਸ ਦੀਆਂ ਕਹਾਣੀਆਂ ਅਖ਼ਬਾਰਾਂ ਅਤੇ 'ਆਰਸੀ' ਪਰਚੇ ਵਿੱਚ ਪੜ੍ਹਦੇ ਹੁੰਦੇ ਸਾਂ। ਕਹਾਣੀਆਂ ਪੜ੍ਹਦੇ ਹੋਏ ਅਸੀਂ ਬਹੁਤ ਹੈਰਾਨੀ ਨਾਲ ਕਿਆਸਦੇ ਹੁੰਦੇ ਸਾਂ ਕਿ ਇਸ ਲੇਖਕ ਦੀਆਂ ਕਹਾਣੀਆਂ ਦੇ ਵਿਸ਼ੇ ਪੁਆਧ ਦੇ ਇਲਾਕੇ ਵਿੱਚ ਵਾਪਰੀਆਂ ਘਟਨਾਵਾਂ ਨਾਲ ਸਬੰਧਿਤ ਹੁੰਦੇ ਹਨ ਅਤੇ ਕਹਾਣੀਆਂ ਦੇ ਪਾਤਰਾਂ ਦੇ ਮੁਹਾਂਦਰੇ ਵੀ ਸਾਡੇ ਇਲਾਕੇ ਦੇ ਵਿਅਕਤੀਆਂ ਨਾਲ ਮਿਲਦੇ-ਜੁਲਦੇ ਹਨ; ਜ਼ਰੂਰ ਇਸ ਲੇਖਕ ਦਾ ਇਸ ਇਲਾਕੇ ਨਾਲ ਕੋਈ ਨੇੜਲਾ ਰਿਸ਼ਤਾ ਹੋਵੇਗਾ। ਇਸ ਗੱਲ ਦਾ ਮੈਨੂੰ ਮਗਰੋਂ ਪਤਾ ਲੱਗਾ ਕਿ ਨਵਤੇਜ ਪੁਆਧੀ ਸਾਡੇ ਇਲਾਕੇ ਦਾ ਜੰਮਪਲ ਹੀ ਨਹੀਂ ਸਗੋਂ ਉਸ ਦਾ ਪਿੰਡ ਵੀ ਸਾਡੇ ਪਿੰਡ ਤੋਂ ਸਿਰਫ਼ ਚਾਰ ਕੁ ਮੀਲ ਦੀ ਵਿੱਥ 'ਤੇ ਹੈ।

ਨਵਤੇਜ ਪੁਆਧੀ ਦਾ ਜਨਮ ਸੰਨ 1942 ਵਿੱਚ ਸ. ਬਚਨ ਸਿੰਘ ਦੇ ਘਰ ਪਿੰਡ ਭਿਓਰਾ ਤਹਿਸੀਲ ਅਤੇ ਜ਼ਿਲ੍ਹਾ ਰੋਪੜ ਵਿਖੇ ਹੋਇਆ ਸੀ। ਉਦੋਂ ਇਹ ਅੰਬਾਲੇ ਜ਼ਿਲ੍ਹੇ ਦਾ ਪਿੰਡ ਸੀ। ਇਹ ਪਿੰਡ ਭਾਖੜਾ ਮੇਨ ਲਾਈਨ ਦੇ ਬਿਲਕੁਲ ਨਾਲ ਨੈਸ਼ਨਲ ਹਾਈਵੇ ਦੇ ਬਿਲਕੁਲ ਕੰਢੇ 'ਤੇ ਸਥਿਤ ਹੈ। ਪਿੰਡ ਦੀ ਫਿਰਨੀ ਤੇ ਖਲੋਤੇ ਟਰੱਕ ਅਤੇ ਟਰਾਲੇ ਇਸ ਗੱਲ ਦਾ ਗਵਾਹ ਹਨ ਕਿ ਇਸ ਪਿੰਡ ਦੇ ਬਹੁਤੇ ਲੋਕੀਂ ਟਰਾਂਸਪੋਰਟ ਦੇ ਧੰਦੇ ਨਾਲ ਜੁੜੇ ਹੋਏ ਹਨ। ਨਵਤੇਜ ਪੁਆਧੀ ਦੇ ਪਿਤਾ ਸ. ਬਚਨ ਸਿੰਘ 1947 ਤੋਂ ਪਹਿਲਾਂ ਫੌਜ ਵਿੱਚ ਨੌਕਰੀ ਕਰਦੇ ਸਨ। 1947 ਤੋਂ ਬਾਅਦ ਉਨ੍ਹਾਂ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ ਦਿੱਲੀ ਜਾ ਵਸੇ। ਕੁਝ ਸਮਾਂ ਡਰਾਇਵਰੀ ਕਰਦੇ ਰਹੇ ਮਗਰੋਂ ਉਨ੍ਹਾਂ ਨੇ ਬੱਸ ਖਰੀਦ ਕੇ ਡੀ.ਟੀ.ਸੀ. ਦੇ ਪਰਮਿੱਟ ਤੇ ਚਲਾਉਣੀ ਸ਼ੁਰੂ ਕਰ ਦਿੱਤੀ ਅਤੇ ਟਰਾਂਸਪੋਰਟ ਦੇ ਮਾਲਕ ਬਣ ਗਏ। ਉਨ੍ਹਾਂ ਤੋਂ ਮਗਰੋਂ ਨਵਤੇਜ ਪੁਆਧੀ ਨੇ ਪਿਤਾ ਪੁਰਖੀ ਕਿੱਤਾ ਸੰਭਾਲ ਲਿਆ। ਨਵਤੇਜ ਪੁਆਧੀ ਦੀ ਮਾਂ ਉਸ ਨੂੰ ਜਨਮ ਦੇਣ ਦਾ ਫਰਜ਼ ਅਦਾ ਕਰਕੇ, ਉਸ ਦੇ ਨਿੱਕੇ ਹੁੰਦਿਆਂ ਹੀ ਰੱਬ ਨੂੰ ਪਿਆਰੀ ਹੋ ਗਈ ਸੀ। ਉਨ੍ਹਾਂ ਦਾ ਪਾਲਣ-ਪੋਸਣ ਸਾਂਝੇ ਪਰਿਵਾਰ ਵਿੱਚ ਉਨ੍ਹਾਂ ਦੇ ਚਾਚਾ-ਚਾਚੀ ਨੇ ਕੀਤਾ। ਅਕਾਲੀ ਪਾਰਟੀ ਦੇ ਉੱਘੇ ਵਰਕਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਵ. ਅਮਰ ਸਿੰਘ ਭਿਓਰਾ ਉਨ੍ਹਾਂ ਦੇ ਦਦਰੇ ਭਰਾ ਸਨ। ਨਵਤੇਜ ਪੁਆਧੀ ਨੇ ਦਸਵੀਂ ਤੱਕ ਦੀ ਪੜ੍ਹਾਈ ਖਾਲਸਾ ਹਾਈ ਸਕੂਲ ਰੋਪੜ ਵਿੱਚ ਪੂਰੀ ਕੀਤੀ। ਉਨ੍ਹਾਂ ਦੇ ਜਮਾਤੀ ਸ. ਮਿਹਰ ਸਿੰਘ ਨੇ ਦੱਸਿਆ ਕਿ ਮਾਂ-ਪਿਆਰ ਤੋਂ ਸੱਖਣਾ ਉਨ੍ਹਾਂ ਦਾ ਬਚਪਨ ਬਹੁਤ ਉਦਾਸੀ ਭਰਪੂਰ ਰਿਹਾ। ਉਹ ਸਕੂਲ ਵਿੱਚ ਰੋਟੀ ਦਾ ਡੱਬਾ ਵੀ ਨਾਲ ਨਹੀਂ ਸਨ ਲੈ ਜਾਂਦੇ ਹੁੰਦੇ। ਉਹ ਅਕਸਰ ਆਪਣੇ


ਦੋਸਤਾਂ ਨੂੰ ਕਹਿ ਦਿੰਦੇ, "ਯਾਰ, ਮੇਰੀਆਂ ਦੋ ਰੋਟੀਆਂ ਵੀ ਤੁਸੀਂ ਹੀ ਨਾਲ ਪਾ ਲਿਆਇਆ ਕਰੋ।" ਦਸਵੀਂ ਜਮਾਤ ਪਾਸ ਕਰਨ ਮਗਰੋਂ ਉਹ ਉੱਚ ਵਿੱਦਿਆ ਲਈ ਸਰਕਾਰੀ ਕਾਲਜ ਰੋਪੜ ਵਿਖੇ ਦਾਖਲ ਹੋਏ। ਇੱਥੇ ਉਹ ਇੰਟਰਮੀਡੀਏਟ ਤੱਕ ਹੀ ਪੜ੍ਹੇ। ਫੇਰ ਉਹ ਆਪਣੇ ਪਿਤਾ ਜੀ ਕੋਲ ਦਿੱਲੀ ਚਲੇ ਗਏ ਜਿੱਥੇ ਉਨ੍ਹਾਂ ਨੇ ਆਪਣੀ ਗਰੈਜੂਏਸ਼ਨ ਮੁਕੰਮਲ ਕੀਤੀ। ਕਾਲਜ ਵਿੱਚ ਉਹ ਹਾਕੀ ਦੇ ਚੰਗੇ ਖਿਡਾਰੀ ਸਨ। ਹਾਕੀ ਖੇਡ ਨਾਲ ਉਹ ਕਾਫੀ ਸਮਾਂ ਜੁੜੇ ਰਹੇ। ਦਿੱਲੀ ਵਿੱਚ ਰਹਿੰਦੇ ਹੋਏ ਉਹ ਕਈ ਸਾਲ ਹਾਕੀ ਦੇ ਨਾਮੀ ਕਲੱਬ ਦੇ ਪ੍ਰਧਾਨ ਵੀ ਰਹੇ। ਦਿੱਲੀ ਆ ਕੇ ਹੀ ਉਹ ਨਵਤੇਜ ਤੋਂ ਨਵਤੇਜ ਪੁਆਧੀ ਬਣੇ। ਉਂਜ ਵੀ ਉਨ੍ਹਾਂ ਦੇ ਨਾਨਕੇ ਪੁਆਧ ਵਿੱਚ ਪਟਿਆਲੇ ਜ਼ਿਲ੍ਹੇ ਵਿੱਚ ਸਨ ਜਿਨ੍ਹਾਂ ਨੂੰ ਪੁਆਧੀਏ ਕਿਹਾ ਜਾਂਦਾ ਸੀ। ਉਨ੍ਹਾਂ ਦੀ ਰੀਸ ਵਿੱਚ ਉਨ੍ਹਾਂ ਨੇ ਆਪਣੇ ਨਾਂ ਦੇ ਨਾਲ ਪੁਆਧੀ ਲਿਖਣਾ ਸ਼ੁਰੂ ਕਰ ਦਿੱਤਾ।

ਨਵਤੇਜ ਪੁਆਧੀ ਦੀਆਂ ਕਹਾਣੀਆਂ ਪੇਂਡੂ ਸਮਾਜ ਅਤੇ ਸਭਿਆਚਾਰ ਨਾਲ ਸਬੰਧਿਤ ਹਨ। ਆਰਸੀ ਪਬਲਿਸ਼ਰਜ਼ ਦਿੱਲੀ ਨੇ 'ਗਊ ਤੇ ਸ਼ਰਾਬ', 'ਪੂਰਾ ਮਰਦ' ਅਤੇ 'ਉੱਚਾ ਬੁਰਜ ਲਾਹੌਰ ਦਾ' ਉਸ ਦੇ ਕਹਾਣੀ ਸੰਗ੍ਰਹਿ ਛਾਪੇ। ਉਨ੍ਹਾਂ ਦਾ ਚੌਥਾ ਕਹਾਣੀ ਸੰਗ੍ਰਹਿ 'ਡੁੱਬਦਾ ਸੂਰਜ' ਅਜੇ ਪ੍ਰੈੱਸ ਵਿੱਚ ਹੀ ਸੀ ਕਿ ਮੌਤ ਦੇ ਜ਼ਾਲਮ ਪੰਜੇ ਨੇ ਸਦਾ ਲਈ ਸਾਥੋਂ ਦੂਰ ਕਰ ਦਿੱਤਾ। ਉਹ ਪੰਜਾਬੀ ਕਹਾਣੀ ਵਿੱਚ ਇੱਕ ਵੱਖਰੀ ਹੀ ਸ਼ੈਲੀ ਵਾਲਾ ਕਹਾਣੀਕਾਰ ਸੀ। ਆਪਣੇ ਪਿੰਡ ਭਿਓਰੇ ਨਾਲ ਭਾਵੇਂ ਉਨ੍ਹਾਂ ਦਾ ਨਾਤਾ ਕਾਲਜ ਪੜ੍ਹਦਿਆਂ ਹੀ ਟੁੱਟ ਚੁੱਕਾ ਸੀ ਪਰ ਜਨਮ ਭੂਮੀ ਦੇ ਮੋਹ ਨੇ ਉਨ੍ਹਾਂ ਨੂੰ ਜੀਵਨ-ਭਰ ਆਪਣੇ ਇਲਾਕੇ ਨਾਲ ਜੋੜੀ ਰੱਖਿਆ। ਉਹ ਮਹਾਂਨਗਰ ਦਿੱਲੀ ਵਿੱਚ ਰਹਿੰਦੇ ਹੋਏ ਵੀ ਪਿੰਡ ਆਉਂਦੇ-ਜਾਂਦੇ ਰਹਿੰਦੇ ਸਨ। ਅੱਜ ਵੀ ਪਿੰਡ ਵਿੱਚ ਉਨ੍ਹਾਂ ਦੇ ਬਚਪਨ ਦੇ ਜੋਟੀਦਾਰ ਸ. ਮਿਹਰ ਸਿੰਘ ਅਤੇ ਮੋਤਾ ਸਿੰਘ ਉਸ ਦੇ ਭਾਂਅ-ਭਾਂਅ ਕਰਦੇ ਖਾਲੀ ਮਕਾਨ ਵੱਲ ਉਦਾਸੀਆਂ ਨਜ਼ਰਾਂ ਨਾਲ ਤੱਕਦੇ ਹੋਏ ਭਾਵੁਕਤਾ ਦੇ ਵਹਿਣ ਵਿੱਚ ਕਹਿੰਦੇ ਸੁਣੀਂਦੇ ਹਨ। ਨਵਤੇਜ ਪੁਆਧੀ ਦੇ ਦਿਹਾਂਤ ਮਗਰੋਂ ਉਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਮੁੜ ਪਿੰਡ ਨਹੀਂ ਆਇਆ, ਬਸ ਨਵਤੇਜ ਦੀ ਕਹਾਣੀ ਤਾਂ ਨਵਤੇਜ ਨਾਲ ਹੀ ਮੁੱਕ ਗਈ। ਪਰ ਉਸ ਦੀ ਪੰਜਾਬੀ ਮਾਂ-ਬੋਲੀ ਅਤੇ ਸਾਹਿਤ ਨੂੰ ਦੇਣ ਲਈ ਪੁਆਧੀ ਲੋਕ ਉਨ੍ਹਾਂ ਨੂੰ ਐਨੀ ਜਲਦੀ ਭੁਲਾਉਣ ਵਾਲੇ ਨਹੀਂ। ਉਹ ਉਸ ਦੀ ਕਹਾਣੀ ਨੂੰ ਮੁੱਕਣ ਨਹੀਂ ਦੇਣਗੇ।

# 32 ਲਾਲਾ ਬ੍ਰਿਜ ਲਾਲ ਸ਼ਾਸਤ੍ਰੀ

*ਪ੍ਰੋ. ਮੇਹਰ ਸਿੰਘ*

*ਮੋਬਾ: 9855071931*



*ਲਾਲਾ ਬ੍ਰਿਜ ਲਾਲ ਸ਼ਾਸਤ੍ਰੀ*

ਰੋਪੜ ਦਾ ਸਭ ਤੋਂ ਪ੍ਰਸਿੱਧ ਸਾਹਿਤਕਾਰ ਲਾਲਾ ਬ੍ਰਿਜ ਲਾਲ ਸ਼ਾਸਤ੍ਰੀ ਹੈ। ਬ੍ਰਿਜ ਲਾਲ ਸ਼ਾਸਤ੍ਰੀ ਦੀ ਰਚਨਾ ਭਾਸ਼ਾ ਵਿਭਾਗ ਨੇ ਦੋ ਜਿਲਦਾਂ ਵਿੱਚ ਛਾਪੀ ਹੈ। ਪਹਿਲੀ ਜਿਲਦ ਵਿੱਚ ਉਹਨਾਂ ਦੇ ਰਚੇ 6 ਨਾਟਕ ਹਨ ਅਤੇ ਦੂਜੀ ਵਿੱਚ ਦੋ ਨਾਵਲ।

ਪਹਿਲੀ ਜਿਲਦ ਵਿੱਚ ਬ੍ਰਿਜ ਲਾਲ ਸ਼ਾਸਤ੍ਰੀ ਨੇ 6 ਇਤਿਹਾਸਕ, ਅਰਧ-ਇਤਿਹਾਸਕ ਅਤੇ ਲੋਕ ਕਥਾਵਾਂ ਨੂੰ ਨਾਟਕਾਂ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਹ ਨਾਟਕ ਹਨ-ਪੂਰਨ, ਕੁਣਾਲ, ਪ੍ਰਤਿੱਗਿਆ, ਵਾਸਵਦਤਾ, ਸਾਵਿਤ੍ਰੀ ਤੇ ਸੁਕੰਨਿਆਂ। ਪੂਰਨ ਦੀ ਕਹਾਣੀ ਸਭ ਤੋਂ ਪਹਿਲਾਂ ਕਾਦਰਯਾਰ ਨੇ ਪੂਰਨ-ਭਗਤ ਦੇ ਕਿੱਸੇ ਦੇ ਰੂਪ ਵਿੱਚ ਰਚੀ ਸੀ। ਇਹ ਕਹਾਣੀ ਪੰਜਾਬ ਦੀਆਂ ਬਹੁਤ ਹੀ ਪ੍ਰਸਿੱਧ ਲੋਕ-ਕਥਾਵਾਂ ਵਿੱਚੋਂ ਹੈ। ਭਾਈ ਵੀਰ ਸਿੰਘ ਦਾ ਵਿਚਾਰ ਹੈ ਕਿ ਪੰਜਾਬ ਵਿੱਚ ਕਾਦਰਯਾਰ ਦੇ ਕਿੱਸੇ ਤੋਂ ਪਹਿਲਾਂ ਇਸ ਤਰ੍ਹਾਂ ਦੀਆਂ ਦੋ ਲੋਕ-ਪ੍ਰਿਯ ਕਥਾਵਾਂ ਲੋਕਾਂ ਵਿੱਚ ਪਰਚਲਤ ਸਨ। ਇੱਕ ਟੁੰਡੇ ਅਸਰਾਜੇ ਦੀ ਵਾਰ ਤੇ ਦੂਜੀ ਅਸ਼ੋਕ-ਪੁੱਤਰ ਕੁਣਾਲ ਦੀ ਕਥਾ। ਇਹਨਾਂ ਦੋਵੇਂ ਕਥਾਵਾਂ ਵਿੱਚ ਇਕੋ ਤਰ੍ਹਾਂ ਦਾ ਵਿਸ਼ਾ ਹੈ, ਜਿਸ ਵਿੱਚ ਅਧੇੜ ਉਮਰ ਦੇ ਰਾਜਿਆਂ ਦੀਆਂ ਨੌਜਵਾਨ ਸੁੰਦਰ ਰਾਣੀਆਂ ਆਪਣੇ ਮਤਰੇਏ ਪੁੱਤਰਾਂ ਤੇ ਆਸ਼ਕ ਹੁੰਦੀਆਂ ਹਨ ਤੇ ਜਦੋਂ ਉਹ ਆਪਣੇ ਯੁਗ ਦੀਆਂ ਸਥਾਪਤ ਕਦਰਾਂ-ਕੀਮਤਾਂ ਅਧੀਨ ਉਹਨਾਂ ਕਾਮਨੀਆਂ ਦੀ ਕਾਮ-ਇੱਛਾ ਪੂਰੀ ਕਰਨ ਦੀ ਥਾਂ ਉਹਨਾਂ ਨੂੰ ਮਾਵਾਂ ਦੇ ਰੂਪ ਵਿੱਚ ਅਪਣਾਉਣਾ ਚਾਹੁੰਦੇ ਹਨ ਤਾਂ ਉਹ ਉਹਨਾਂ ਦੀ ਕਰੋਪੀ ਦਾ ਸ਼ਿਕਾਰ ਹੁੰਦੇ ਹਨ। ਰਾਜਾ ਸਾਰੰਗ ਦਾ ਪੁੱਤਰ ਆਪਣਾ ਹੱਥ ਕਟਵਾ ਕੇ ਟੁੰਡਾ ਬਣ ਜਾਂਦਾ ਹੈ ਅਤੇ ਕੁਣਾਲ ਆਪਣੀਆ ਅੱਖਾਂ ਕਢਵਾ ਲੈਂਦਾ ਹੈ। ਇਹ ਦੋ ਕਹਾਣੀਆਂ ਹਨ ਵੀ ਪਹਿਲੀ ਤੇ ਦੂਜੀ ਸਦੀ ਦੀਆਂ। ਟੁੰਡੇ ਅਸਰਾਜੇ ਦੀ ਵਾਰ ਦਾ ਜ਼ਿਕਰ ਪਹਿਲੀ ਵੇਰ ਆਸਾ ਦੀ ਵਾਰ ਵਿੱਚ ਆਉਂਦਾ ਹੈ। ਜਦ ਕਿ ਕੁਣਾਲ ਦੀ ਕਹਾਣੀ, ਟੈਕਸਿਲਾ, ਜਿਸ ਦੇ ਖੰਡਰਾਤ ਰਾਵਲਪਿੰਡੀ, ਸ਼ਹਿਰ ਤੋਂ ਥੋੜ੍ਹੀ ਦੂਰ ਤੇ ਮਿਲਦੇ ਹਨ, ਨੂੰ ਖੋਦ ਕੇ ਕੱਢੇ ਗਏ ਇੱਕ ਸਟੂਪਾ, ਜਿਸ ਦਾ ਨਾਂ ਕੁਣਾਲ ਸਟੂਪਾ ਹੈ ਨਾਲ ਸਬੰਧਤ ਹੈ। ਤੇਰਾਂ ਕੁ ਸੌ ਵਰ੍ਹੇ ਪਹਿਲਾਂ ਜਦੋਂ ਚੀਨੀ ਯਾਤਰੂ, ਟੈਕਸਿਲਾ ਦੀ ਯਾਤਰਾ ਨੂੰ ਆਉਂਦੇ ਸਨ ਤਾਂ ਉਹ ਲਿਖਦੇ ਹਨ ਕਿ ਉਹਨਾਂ ਨੂੰ ਕੁਣਾਲ ਸਟੂਪਾ ਦੇ

ਦਰਸ਼ਨ ਕਰਵਾਏ ਜਾਂਦੇ ਸਨ ਤੇ ਭਾਰਤ ਦੇ ਸਮਰਾਟ ਮਹਾਰਾਜਾ ਅਸ਼ੋਕ ਦੇ ਪੁੱਤਰ ਕੁਣਾਲ ਨਾਲ ਵਾਪਰੀ ਇਹ ਕਹਾਣੀ ਸੁਣਾਈ ਜਾਂਦੀ ਸੀ, ਜਿਹੜਾ ਆਪਣੀ ਮਾਂ ਸੰਘੀ-ਮਿੱਤਰਾ ਦੀ ਮੌਤ ਤੋਂ ਬਾਅਦ ਅਸ਼ੋਕ ਦੀ ਹੁਸੀਨ ਤੇ ਨੌਜਵਾਨ ਰਾਣੀ ਤਿਸ਼ਯਰਖਸ਼ਤਾ ਦੀ ਕਾਮੁਕ-ਨਜ਼ਰ ਦਾ ਸ਼ਿਕਾਰ ਹੋਇਆ ਤੇ ਜਦੋਂ ਉਹ ਆਪਣੀ ਕਾਮ ਇੱਛਾ ਪੂਰੀ ਕਰਵਾਉਣ ਤੋਂ ਅਸਮਰਥ ਰਹੀ ਤਾਂ ਉਸਨੇ ਆਪਣੀ ਕੁਟਲ ਚਾਲ ਚਲਕੇ ਉਸਨੂੰ ਤਕਸਿਲਾ ਭੇਜ ਦੇ ਉਸਦੀਆਂ ਮਨਮੋਹਕ ਅੱਖਾਂ ਕਢਵਾ ਦਿੱਤੀਆਂ।

ਪੂਰਨ ਭਗਤ ਦੀ ਕਥਾ ਵਿੱਚ ਪੂਰਨ ਦੀ ਆਪਣੀ ਮਤ੍ਰੇਈ ਮਾਂ ਲੂਣਾ ਦੀ ਇਸੇ ਤਰ੍ਹਾਂ ਦੀ ਭਾਵਨਾ ਅਧੀਨ ਉਸਦੀ ਕਰੋਪੀ ਦਾ ਸ਼ਿਕਾਰ ਹੋਇਆ ਤੇ ਦੇਸ਼ ਵਿੱਚੋਂ ਕੱਢਿਆ ਗਿਆ।

ਲਾਲਾ ਬ੍ਰਿਜ ਲਾਲ ਸ਼ਾਸਤ੍ਰੀ ਨੇ ਕੁਣਾਲ ਤੇ ਪੂਰਨ ਭਗਤ ਦੀਆਂ ਲੋਕ ਕਥਾਵਾਂ ਨੂੰ ਨਾਟਕਾਂ ਦਾ ਰੂਪ ਦਿੱਤਾ ਹੈ।

'ਪ੍ਰਤਿੱਗਿਆ ਤੇ 'ਵਾਸਵਦੱਤਾ' ਅਰਧ-ਇਤਿਹਾਸਕ ਨਾਟਕ ਹਨ, ਜਿਨ੍ਹਾਂ ਵਿੱਚ ਨਾਟਕਕਾਰ ਨੇ ਰਾਜਾ ਉਦੇਨ ਤੇ ਉਸਦੀ ਪਤਨੀ ਵਾਸਵਦੱਤਾ ਦੇ ਪਿਆਰ, ਤਿਆਗ ਤੇ ਕੁਰਬਾਨੀ ਦੀ ਕਹਾਣੀ ਨੂੰ ਬੜੀ ਕਾਵਿਕ ਅਤੇ ਨਾਟਕੀ ਸ਼ੈਲੀ ਵਿੱਚ ਪੇਸ਼ ਕੀਤਾ ਹੈ। ਸਾਮੰਤਸ਼ਾਹੀ ਯੁਗ ਦੀਆਂ ਰਾਜਸੀ ਚਾਲਾਂ, ਦਾਉ-ਪੇਚਾਂ, ਵੀਰਤਾ, ਪਿਆਰ, ਹਸਦ, ਕਰੁਣਾ ਤੇ ਤਿਆਗ ਦੇ ਮਨੋਭਾਵਾਂ ਤੇ ਜਜ਼ਬਿਆਂ ਨੂੰ ਬੜੀ ਰੋਚਿਕ ਸ਼ੈਲੀ ਵਿੱਚ ਪੇਸ਼ ਕੀਤਾ ਹੈ।

'ਸਾਵਿਤ੍ਰੀ' ਤੇ 'ਸੁਕੰਨਿਆਂ' ਨਾਟਕਾਂ ਵਿੱਚ ਪੁਰਾਣੇ ਆਰਯਵਰਤ ਦੀਆਂ ਉਹਨਾਂ ਆਦਰਸ਼ਕ ਨਾਰੀਆਂ ਤੇ ਚਿੱਤਰਾਂ ਨੂੰ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਦੀਆਂ ਕਹਾਣੀਆਂ ਅੱਜ ਵੀ ਭਾਰਤੀ ਨਾਰੀ ਲਈ ਪ੍ਰੇਰਨਾ-ਸਰੋਤ ਹਨ। ਇਹ ਦੋਵੇਂ ਨਾਰੀਆਂ ਇਸਤ੍ਰੀਤਵ ਦੇ ਤਿਆਗ, ਕੁਰਬਾਨੀ ਤੇ ਦ੍ਰਿੜ ਆਤਮ-ਵਿਸ਼ਵਾਸ ਦੇ ਮੁਜੱਸਮੇ ਹਨ, ਜਿਨ੍ਹਾਂ ਵਰਗਾ ਬਣਨ ਨੂੰ ਸਦੀਆਂ ਤੋਂ ਭਾਰਤੀ ਨਾਰੀ ਲੋਚਦੀ ਰਹੀ ਹੈ। 'ਸੁਕੰਨਿਆਂ' ਦੀ ਭੂਮਿਕਾ ਵਿੱਚ ਪ੍ਰੋ: ਪੂਰਨ ਸਿੰਘ ਜੀ ਲਿਖਦੇ ਹਨ:-

'ਸੁਕੰਨਿਆ ਨਾਟਕ ਵਿੱਚ ਇਕ ਉਸ ਉੱਚੇ ਖਿਣ ਦਾ ਵਰਣਨ ਹੈ, ਜਿਹੜਾ ਕਿ ਹਰ ਇਕ ਇਨਸਾਨ ਤੇ ਆ ਸਕਦਾ ਹੈ, ਪਰ ਕਦੀ ਕਦੀ ਤੇ ਜਿਹੜਾ ਆਕੇ ਇਨਸਾਨ ਨੂੰ ਸਭ ਉਹਦੀ ਅੰਦਰਲੀ ਹੈਵਾਨੀਅਤ ਥੀਂ ਛਡਾ ਕੇ ਉਹਨੂੰ ਦੇਵੀ ਦੇਵਤਿਆਂ ਦਾ ਗੌਰਵ ਦੇ ਜਾਂਦਾ ਹੈ।"


ਪੁਰਾਤਨ ਭਾਰਤੀ ਸਾਹਿਤ ਵਿੱਚ ਨਾਟਕ ਦੀ ਬੜੀ ਅਮੀਰ ਪਰੰਪਰਾ ਰਹੀ ਹੈ। ਪਰ

ਾਂ ਪਾ ਕੇ ਕਈ ਅੰਦਰੂਨੀ ਤੇ ਬੈਰੂਨੀ ਕਾਰਨਾਂ ਕਰਕੇ ਇਸ ਕਲਾ ਦਾ ਵਿਕਾਸ ਰੁਕ ਆ ਸੀ। ਪਰ ਜਦੋਂ ਉਨ੍ਹੀਵੀਂ ਸਦੀ ਵਿੱਚ ਅੰਗਰੇਜ਼ ਸਾਮਰਾਜ ਨੇ ਸਾਰੇ ਦੇਸ਼ ਨੂੰ ਇੱਕ ਧਕੀ ਇਕਾਈ ਵਿੱਚ ਬੰਨ੍ਹਿਆਂ ਤੇ ਅੰਗਰੇਜੀ ਮੁਖੀ ਸਿੱਖਿਆ ਪਰਣਾਲੀ ਲਾਗੂ ਕਰ ਤੀ ਤਾਂ ਇਸ ਨਵੇਂ ਵਿਦਿਅਕ ਢਾਂਚੇ ਅਧੀਨ ਜਿਹੜੀ ਨਵੀਂ ਪੜ੍ਹੀ ਲਿਖੀ ਸ਼ਹਿਰੀ ਸ਼੍ਰੇਣੀ ਪੈਦਾ ਹੋਈ ਉਹ ਬਹੁਤ ਹੱਦ ਤੱਕ ਆਪਣੇ ਸਾਹਿਤਕ ਤੇ ਸਭਿਆਚਾਰਕ ਸੇ ਤੋਂ ਟੁੱਟੀ ਹੋਈ ਸੀ। ਏਸ ਲਈ ਇਸ ਸ਼੍ਰੇਣੀ ਵਿੱਚੋਂ ਪੈਦਾ ਹੋਏ ਸਾਹਿਤਕਾਰਾਂ ਨੇ ਲਾਂ ਪੱਛਮੀ ਕਲਾ ਸਿਧਾਂਤਾਂ ਨੂੰ ਹੀ ਅਪਣਾਇਆ। ਪਰ ਸਮਾਂ ਪਾ ਕੇ ਜਦੋਂ ਭਾਰਤ ਸੁਧਾਰਵਾਦੀ ਰਾਜਨੀਤਕ ਤੇ ਧਾਰਮਿਕ ਆਗੂਆਂ, ਚਿੰਤਕਾਂ ਤੇ ਵਿਦਵਾਨਾਂ ਦੀ ਵਾਈ ਹੇਠ ਪੁਨਰ-ਜਾਗ੍ਰਤੀ ਦੀ ਲਹਿਰ ਚੱਲੀ ਤਾਂ ਸਾਡੇ ਬਹੁਤ ਸਾਰੇ ਲੇਖਕਾਂ ਨੇ ਮੀ-ਕਲਾ-ਸਿਧਾਤਾਂ ਦੇ ਨਾਲ ਨਾਲ ਭਾਰਤੀ ਕਲਾ ਸਿਧਾਤਾਂ ਨੂੰ ਵੀ ਅਪਣਾਉਣਾ ਕੀਤਾ। ਲਾਲਾ ਬ੍ਰਿਜ ਲਾਲ ਸ਼ਾਸਤ੍ਰੀ ਇਸ ਦੂਜੀ ਸ਼੍ਰੇਣੀ ਦੇ ਲੇਖਕਾਂ ਵਿੱਚੋਂ ਹਨ, ਨ੍ਹਾਂ ਨੇ ਆਪਣੇ ਅਮੀਰ ਭਾਰਤੀ ਸੋਮਿਆਂ ਨੂੰ ਫਰੋਲਿਆ ਅਤੇ ਉਹਨਾਂ ਵਿੱਚੋਂ ਇਤਿਹਾਸਕ ਪੁਰਾਣਿਕ ਕਥਾਵਾਂ ਲੈ ਕੇ ਅਤੇ ਸੰਸਕ੍ਰਿਤ ਨਾਟਕਾਂ ਤੋਂ ਪ੍ਰੇਰਨਾਂ ਲੈ ਕੇ ਭਾਰਤੀ ਟਕੀ-ਸ਼ੈਲੀ ਵਿੱਚ ਸਫਲ ਨਾਟਕ ਰਚੇ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਬ੍ਰਿਜ ਲ ਸ਼ਾਸਤ੍ਰੀ ਦੇ ਨਾਟਕਾਂ ਦੇ ਵਿਸ਼ੇ ਭਾਵੇਂ ਮੌਲਿਕ ਨਹੀਂ ਹਨ, ਪਰ ਉਹ ਵਿਸ਼ੇ ਤੇ ਨਿਭਾ, ਾਣੀ ਰੌਚਿਕਤਾ ਤੇ ਨਾਟਕੀ ਕਲਾ ਤੇ ਰੰਗ-ਮੰਚ ਦੇ ਦ੍ਰਿਸ਼ਟੀ ਕੋਣ ਤੋਂ ਆਪਣੇ ਕਾਲੀ ਪੰਜਾਬੀ ਨਾਟਕਕਾਰਾਂ-ਬਾਵਾ ਬੁੱਧ ਸਿੰਘ, ਕ੍ਰਿਪਾ ਸਾਗਰ ਅਤੇ ਭਾਈ ਵੀਰ ਘ ਦੇ ਨਾਟਕਾਂ ਨਾਲੋਂ ਵਧੇਰੇ ਸਫ਼ਲ ਹਨ।

ਇਹਨਾਂ ਨਾਟਕਾਂ ਤੋਂ ਬਿਨਾਂ ਬ੍ਰਿਜ ਲਾਲ ਸ਼ਾਸਤ੍ਰੀ ਨੇ ਦੋ ਨਾਵਲ ਵੀ ਪੰਜਾਬੀ ਚ ਰਚੇ। ਇਹ ਦੋਵੇਂ ਨਾਵਲ ਵੀ ਮੌਲਿਕ ਨਹੀਂ ਹਨ। 'ਪ੍ਰੇਮ ਪੀਘਾਂ' ਸੰਸਕ੍ਰਿਤ ਨਾਟਕਕਾਰ ਸ ਦੇ ਨਾਟਕ 'ਚਾਰੂਦੱਤ' ਤੇ ਦੂਜਾ ਨਾਵਲ 'ਰਾਮ ਕਥਾ' ਭਾਰਤ ਦੇ ਪ੍ਰਸਿੱਧ ਮਹਾਂ-ਕਾਵਿ ਾਇਣ' ਤੇ ਅਧਾਰਤ ਹੈ। ਇਹਨਾਂ ਨਾਵਲਾਂ ਵਿੱਚ ਪੁਰਾਣੀਆਂ ਕਹਾਣੀਆਂ ਨੂੰ ਹੀ ਾਇਤੀ ਢੰਗ ਰਾਹੀਂ ਪੇਸ਼ ਕੀਤਾ ਗਿਆ ਹੈ। ਪਰ ਫੇਰ ਵੀ ਇਹਨਾਂ ਵਿਚਲੀ ਾਣੀ-ਗੋਂਦ, ਪਾਤਰ ਉਸਾਰੀ, ਦ੍ਰਿਸ਼ ਵਰਣਨ, ਲੇਖਕ ਦੀ ਮੌਲਿਕ ਸ਼ੈਲੀ ਤੇ ਲੋਕ ੀ ਕਰਕੇ ਇਹ ਕਾਮਯਾਬ ਨਾਵਲ ਬਣ ਗਏ ਹਨ। 'ਰਾਮ ਕਥਾ' ਨਾਵਲ ਨੂੰ ਤਾਂ ਵਲ ਕਲਾ ਦੇ ਪੱਖ ਤੋਂ ਇੱਕ ਸਫ਼ਲ ਐਪਿਕ ਨਾਵਲ ਮੰਨਿਆ ਜਾ ਸਕਦਾ ਹੈ। ਲਕਾਂ ਲਈ 'ਬਾਲਕਾਂ ਦੇ ਗੀਤ' ਰਚਨਾ ਵੀ ਕੀਤੀ। ਇਸ ਤੋਂ ਬਿਨਾਂ ਆਪਦੀਆਂ ਨਾਵਾਂ ਹਨ : ਕੁਣਾਲ (1937), ਸੰਧਿਆ ਸੰਗੀਤ, ਰਾਮ ਕਥਾ ਤੇ ਰਾਮ ਗੀਤ ਕਰਯੋਗ ਹਨ।

# 33 ਗਿਆਨੀ ਈਸ਼ਰ ਸਿੰਘ ਰਾਮਗੜ੍ਹੀਆ

*ਗੁਰਇੰਦਰ ਸਿੰਘ ਪ੍ਰੀਤ*



*ਗਿ. ਈਸ਼ਰ ਸਿੰਘ ਰਾਮਗੜ੍ਹੀਆ*

ਗਿਆਨੀ ਈਸ਼ਰ ਸਿੰਘ ਰਾਮਗੜ੍ਹੀਆ 19 ਫਰਵਰੀ, 2011 ਨੂੰ ਅਕਾਲ ਚਲਾਣਾ ਕਰ ਗਏ ਸਨ। ਉਹ ਪ੍ਰਸਿੱਧ ਵਿਦਵਾਨ ਸਨ। ਉਨ੍ਹਾਂ ਦਾ ਨਾਂ ਰੂਪਨਗਰ ਦੀਆਂ ਮੁਅਜਿਜ਼ ਸ਼ਖ਼ਸੀਅਤਾਂ ਵਿੱਚ ਸ਼ੁਮਾਰ ਹੈ। ਉਨ੍ਹਾਂ ਨੇ ਇਸ ਹਲਕੇ ਵਿੱਚ ਸਭ ਤੋਂ ਵੱਧ ਰਚਨਾ ਕੀਤੀ ਤੇ ਉਹ ਵੀ ਸਿਰਫ ਪੰਜਾਬੀ ਭਾਸ਼ਾ ਵਿੱਚ। ਉਹ ਮੰਨੇ-ਪ੍ਰਮੰਨੇ ਇਤਿਹਾਸਕਾਰ, ਖੋਜੀ, ਧਾਰਮਿਕ ਤੇ ਸੁਧਾਰਵਾਦੀ ਵਿਅਕਤੀ ਸਨ। ਉਨ੍ਹਾਂ ਨੇ ਜਿੰਨੀ ਵੀ ਖੋਜ ਕੀਤੀ ਅਤੇ ਜੋ ਕੁਝ ਲਿਖਿਆ ਉਨ੍ਹਾਂ ਨੇ ਸਾਰਾ ਕਾਰਜ ਆਪਣੀ ਪੁਲ ਬਾਜ਼ਾਰ ਦੀ ਦੁਕਾਨ ਦੇ ਬਾਹਰਲੇ ਸਿਰੇ 'ਤੇ ਬੈਠ ਕੇ ਹੀ ਨੇਪਰੇ ਚਾੜ੍ਹਿਆ।

ਉਨ੍ਹਾਂ ਦਾ ਜਨਮ ਪਿੰਡ ਗੋਸਲਾਂ (ਰੂਪਨਗਰ) ਵਿਖੇ ਸੰਨ 1901 'ਚ ਭਾਈ ਉਦੇ ਰਾਮ ਦੇ ਗ੍ਰਹਿ ਵਿਖੇ ਮਾਤਾ ਬਸੰਤ ਕੌਰ ਦੀ ਕੁੱਖੋਂ ਹੋਇਆ। ਆਪ ਦੇ ਵੱਡੇ-ਵਡੇਰੇ ਇੱਟਾਂ ਦੇ ਭੱਠਿਆਂ ਦਾ ਕੰਮ ਕਰਦੇ ਅਤੇ ਨਾਲ ਦਰੱਖਤ ਖ਼ਰੀਦਣ ਉਪਰੰਤ ਲੱਕੜੀ ਕਟਵਾ ਕੇ ਵੇਚਦੇ ਸਨ। ਸਮਾਂ ਪਾ ਕੇ ਭੱਠਿਆਂ ਦਾ ਧੰਦਾ ਛੱਡ ਦਿੱਤਾ ਪਰ ਪਰਿਵਾਰ ਹੁਣ ਤਕ ਕਿਸੇ ਨਾ ਕਿਸੇ ਰੂਪ ਵਿੱਚ ਲੱਕੜੀ ਦੇ ਵਪਾਰ ਨਾਲ ਜੁੜਿਆ ਹੋਇਆ ਹੈ।

ਬਚਪਨ ਵਿੱਚ ਉਨ੍ਹਾਂ ਨੇ ਸ੍ਰੀ ਵਿਦਿਆ ਸਾਗਰ ਤੋਂ ਉਰਦੂ ਦੀ ਤਾਲੀਮ ਲਈ। ਉਨ੍ਹਾਂ ਨੇ ਈਸ਼ਰ ਸਿੰਘ ਨੂੰ ਪੜ੍ਹਾਈ ਦੇ ਨਾਲ-ਨਾਲ ਇਤਿਹਾਸ ਵਾਚਣ ਦੀ ਚੇਟਕ ਵੀ ਲਗਾ ਦਿੱਤੀ। ਉਨ੍ਹਾਂ ਦੇ ਪ੍ਰਭਾਵ ਹੇਠ ਗਿਆਨੀ ਜੀ ਨੇ ਭਾਗਵਤ ਪੁਰਾਣ, ਰਾਮਾਇਣ, ਮਹਾਂਭਾਰਤ ਜਿਹੇ ਗ੍ਰੰਥ ਪੜ੍ਹੇ। ਬਾਅਦ ਵਿੱਚ ਨਿਰਮਲੇ ਸਾਧੂ ਜੈਮਲ ਸਿੰਘ ਤੋਂ ਪੰਜਾਬੀ ਪੜ੍ਹੀ ਤੇ ਉਨ੍ਹਾਂ ਦੇ ਪ੍ਰਭਾਵ ਹੇਠ ਪੰਜ ਗ੍ਰੰਥੀ, ਦਸ ਗ੍ਰੰਥੀ, ਬਾਈ ਵਾਰਾਂ, ਭਗਤਾਂ ਦੀ ਬਾਣੀ, ਹਨੂੰਮਾਨ ਨਾਟਕ ਆਦਿ ਪੁਸਤਕਾਂ ਵੀ ਪੜ੍ਹ ਲਈਆਂ। ਪਰਿਵਾਰ ਵਪਾਰੀ ਹੋਣ ਕਰਕੇ ਲੰਡੇ ਵੀ ਸਿੱਖ ਲਏ। ਇਨ੍ਹਾਂ ਮਹਾਂਪੁਰਸ਼ਾਂ ਤੋਂ ਇਲਾਵਾ ਸਾਧੂ ਨਾਰਾਇਣ ਦਾਸ ਨੇ ਅੰਮ੍ਰਿਤ ਵੇਲੇ ਉੱਠਣ, ਇਸ਼ਨਾਨ ਕਰਨ ਉਪਰੰਤ ਨਿਤਨੇਮ ਕਰਨ ਦੀ ਆਦਤ ਪਾਈ।

ਅਧਿਐਨ ਕਰਦੇ-ਕਰਦੇ ਸਮਾਂ ਪਾ ਕੇ ਗਿਆਨੀ ਜੀ ਨੇ ਲਿਖਣਾ ਸ਼ੁਰੂ ਕਰ ਦਿੱਤਾ ਤੇ ਉਜੀਵਨ-ਸੁਮਾਰਗ ਸਿਰਲੇਖ ਹੇਠ ਕੋਈ ਡੇਢ ਦਰਜਨ ਪੁਸਤਕਾਂ ਦੀ ਰਚਨਾ ਕੀਤੀ। ਜਿਵੇਂ ਗੁਰਸਿੱਖ ਜੀਵਨ, ਦੰਪਤੀ ਜੀਵਨ, ਸਮਾਜਿਕ ਜੀਵਨ, ਹਿੰਦੂ ਸਿੱਖ ਸੁਮੇਲ, ਆਲੋਚਨਾਤਮਿਕ ਅਧਿਐਨ ਆਦਿ।

ਅਗਲੀਆਂ ਪ੍ਰਕਾਸ਼ਨਾਵਾਂ ਦਾ ਕੇਂਦਰ-ਬਿੰਦੂ ਵੀ ਉਜੀਵਨ-ਸੁਮਾਰਗ ਹੀ ਹੈ, ਪਰ ਵਿਸ਼ੇ ਤਬਦੀਲ ਹੋ ਗਏ ਜਿਵੇਂ ਨਿਰਨੇ ਦਾ ਨਿਰਨਾ, ਖੰਡਨ ਦਾ ਖੰਡਨ, ਤੱਥ ਰਾਮਾਇਣ, ਨਿਚੋੜ ਰਾਮਾਇਣ, ਰਾਮ ਰਾਮਾਇਣ, ਖ਼ਿਆਲੀ ਪੁਲਾਉ, ਸਤਿਗੁਰੂ ਦੀ ਸੇਵਾ ਸਫ਼ਲ ਹੈ, ਵਿਸ਼ਵਕਰਮਾ ਚਮਤਕਾਰ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਸੁਖਮਨੀ ਸਾਹਿਬ ਦਾ ਮਹਾਤਮ, ਇਤਿਹਾਸ ਤੇ ਮਿਥਿਹਾਸ ਦੀ ਵਕਾਲਤ ਆਦਿ ਪੁਸਤਕਾਂ ਵਿੱਚ ਗਹਿਰ-ਗੰਭੀਰ ਵਿਧੀ ਨਾਲ ਬਾਦਲੀਲ ਗੱਲ ਕੀਤੀ ਹੈ। ਰਾਮਾਇਣ ਦਾ ਡੂੰਘਾ ਅਧਿਐਨ ਕਰਨ ਉਪਰੰਤ ਉਨ੍ਹਾਂ ਨੇ ਇੱਕ-ਇੱਕ ਕਰ ਕੇ ਤਿੰਨ ਪੁਸਤਕਾਂ ਇਸੇ ਵਿਸ਼ੇ 'ਤੇ ਲਿਖੀਆਂ।

ਜਿੱਥੋਂ ਤਕ ਦਸਮ ਗ੍ਰੰਥ ਦੇ ਟੀਕੇ ਦੀ ਗੱਲ ਹੈ, ਸਾਲ 1990 ਤੋਂ ਬਾਬਾ ਤੇਜਾ ਸਿੰਘ ਨਿਹੰਗ ਸਿੰਘ ਦੀ ਪ੍ਰੇਰਨਾ ਨਾਲ 90 ਸਾਲ ਦੀ ਉਮਰ ਵਿੱਚ ਗਿਆਨੀ ਜੀ ਨੇ ਅਰਦਾਸ ਕਰ ਕੇ ਦਸਮ ਗ੍ਰੰਥ ਦਾ ਟੀਕਾ ਕਰਨਾ ਆਰੰਭ ਕਰ ਦਿੱਤਾ। ਵਡੇਰੀ ਉਮਰ ਹੋਣ ਕਰਕੇ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਦਿਆਂ 8-10 ਸਾਲ ਵਿੱਚ ਟੀਕਾ ਮੁਕੰਮਲ ਕਰ ਲਿਆ, ਜਿਸ ਨੂੰ ਬਾਬਾ ਤੇਜਾ ਸਿੰਘ ਨੇ ਛਪਵਾਉਣਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਬਾਬਾ ਤੇਜਾ ਸਿੰਘ ਦਾ ਦੇਹਾਂਤ ਹੋਣ 'ਤੇ ਉਨ੍ਹਾਂ ਦੇ ਸਹਾਇਕ ਭਾਈ ਕਾਨ੍ਹ ਸਿੰਘ ਉਰਫ਼ ਭਾਈ ਸੁਰਜੀਤ ਸਿੰਘ ਨੇ ਸਾਰਾ ਟੀਕਾ ਛੇ ਭਾਗਾਂ ਵਿੱਚ ਛਪਵਾ ਦਿੱਤਾ। ਇਸ ਨਾਲ ਗਿਆਨੀ ਈਸ਼ਰ ਸਿੰਘ ਨੂੰ ਬੜੀ ਤਸੱਲੀ ਮਿਲੀ।

# 34 ਬੋਧੀ ਵਿਦਵਾਨ ਹਰਿਨਾਮ ਦਾਸ

## (ਉਰਫ਼ ਭਦੰਤ ਆਨੰਦ ਕੌਸਲਿਆਸਾਨ)

*ਮਨਮੋਹਨ ਸਿੰਘ ਦਾਊਂ*

ਇੱਥੇ ਮੈਂ ਇੱਕ ਅਜਿਹੇ ਵਿਦਵਾਨ ਦੇ ਬਾਰੇ ਪਾਠਕਾਂ ਨਾਲ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਜਿਸ ਬਾਰੇ ਲੋਕਾਂ ਨੂੰ ਤਾਂ ਕੀ, ਸਾਡੇ ਖੋਜੀ-ਵਿਦਵਾਨਾਂ ਨੂੰ ਵੀ ਸ਼ਾਇਦ ਚਿਤ-ਚੇਤਾ ਨਾ ਹੋਵੇ। ਲਓ, ਸੁਣੋ ਇੱਕ ਅਦਭੁਤ ਉਤਕ੍ਰਿਸ਼ਟ ਵਿਦਵਾਨ ਦੀ ਗਾਥਾ ਜਿਸ ਬਾਰੇ ਇਤਿਹਾਸ ਦੇ ਪੰਨੇ ਚੁੱਪ ਹਨ।

ਪਿੰਡ ਸੁਹਾਣਾ ਵਿਖੇ ਹਰਿਨਾਮ ਦਾਸ ਨਾਂ ਦੇ ਬਾਲਕ ਨੇ 5 ਜਨਵਰੀ, 1905 ਨੂੰ ਪਿਤਾ ਲਾਲਾ ਰਾਮ ਸ਼ਰਨਦਾਸ ਦੇ ਘਰ ਜਨਮ ਲਿਆ। ਪਿਤਾ ਅੰਬਾਲੇ ਅਧਿਆਪਕ ਸਨ ਜਿਸ ਕਾਰਨ ਪੁੱਤਰ ਦੀ ਮੁੱਢਲੀ ਵਿੱਦਿਆ ਅੰਬਾਲੇ ਹੀ ਹੋਈ। ਦੂਜੇ ਭਰਾ ਦਾ ਨਾਂ ਹਰਿਦਾਸ ਸੀ ਜਿਹੜਾ ਬੁਢਲਾਡਾ ਮੰਡੀ (ਬਠਿੰਡਾ) ਵਿਖੇ ਵੱਡਾ ਹੋ ਕੇ ਮੁਲਾਜ਼ਮ ਰਿਹਾ। ਸਮੇਂ ਦਾ ਗੇੜ ਵੇਖੋ ਕਿ ਹਰਿਨਾਮ ਦਾਸ ਬੋਧੀ ਬਣ ਗਿਆ ਜਿਸ ਦੇ ਬੋਧੀ ਬਣੇ ਸਮਕਾਲੀ ਵਿਦਵਾਨ ਡਾ. ਅੰਬੇਡਕਰ ਅਤੇ ਮਹਾਨ ਹਿੰਦੀ ਲੇਖਕ ਰਾਹੁਲ ਸਾਂਕਰਤਾਇਅਨ ਸਨ। ਸ੍ਰੀ ਰਾਹੁਲ ਤਾਂ ਬਾਅਦ ਵਿੱਚ ਮਾਰਕਸਵਾਦੀ ਬਣ ਗਿਆ ਪਰੰਤੂ ਹਰਿਨਾਮਦਾਸ ਦੀ ਵਿਦਵਤਾ ਤੇ ਚਮਤਕਾਰੀ-ਦਿੱਬ-ਦ੍ਰਿਸ਼ਟੀ ਨੇ ਉਸ ਨੂੰ ਭਦੰਤ ਆਨੰਦ ਕੌਸਲਿਆਯਾਨ ਦੀ ਉਪਾਧੀ ਨਾਲ ਅਲੰਕ੍ਰਿਤ ਕੀਤਾ। ਆਜ਼ਾਦੀ ਸੰਗਰਾਮ ਦੌਰਾਨ ਸ੍ਰੀ ਭਦੰਤ ਦੀ ਸਾਂਝ ਤੇ ਨੇੜਤਾ ਮਹਾਤਮਾ ਗਾਂਧੀ ਅਤੇ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨਾਲ ਵੀ ਰਹੀ। ਖੋਜ ਦੇ ਪ੍ਰਸੰਗ ਦੱਸਦੇ ਹਨ ਕਿ ਸ਼੍ਰੀ ਭਦੰਤ ਨੇ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪੰਜਾਹ ਤੋਂ ਵੱਧ ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚ ਵਧੇਰੇ ਬੋਧ ਧਰਮ ਬਾਰੇ ਸਨ। ਸ੍ਰੀ ਭਦੰਤ ਨੇ ਡਾ. ਅੰਬੇਡਕਰ ਦੀ ਪੁਸਤਕ 'ਬੁੱਧ ਅਤੇ ਉਨ੍ਹਾਂ ਦਾ ਧਮ' ਆਪਣੀ ਮਾਂ-ਬੋਲੀ ਪੰਜਾਬੀ ਵਿੱਚ ਅਨੁਵਾਦ ਕੀਤੀ। ਕਿੰਨਾ ਦੁਖਾਂਤ ਹੈ ਸਾਨੂੰ ਉਹ ਪੁਸਤਕ ਖ਼ਜ਼ਾਨਾ ਉਪਲਬਧ ਨਹੀਂ ਹੋ ਰਿਹਾ।

ਸ੍ਰੀ ਭਦੰਤ (ਹਰਿਨਾਮਦਾਸ) ਦੇਸ-ਵਿਦੇਸ਼ਾਂ ਵਿੱਚ ਰਹਿਣ ਉਪਰੰਤ ਨਾਗਪੁਰ ਟਿਕ ਗਏ ਤੇ ਕਾਫ਼ੀ ਸਮਾਂ ਉੱਥੇ ਦੀਕਸ਼ਾ-ਭੂਮੀ ਵਿਖੇ ਰਹੇ। ਉਨ੍ਹਾਂ ਦੇ ਵਿਦਿਆਰਥੀ ਜੀਵਨ ਬਾਰੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਦਾਖਲਾ ਮਹਿੰਦਰਾ ਕਾਲਜ ਪਟਿਆਲਾ ਲੈਣ ਪਿੱਛੋਂ ਮੁੜ ਬਨਾਰਸੀ ਦਾਸ ਕਾਲਜ ਅੰਬਾਲਾ ਹੀ ਆ ਗਏ। ਫਿਰ ਭਾਈ ਪਰਮਾਨੰਦ ਦੇ ਅਸਰ ਹੇਠ ਉਹ ਲਾਲਾ ਲਾਜਪਤ ਰਾਏ ਵੱਲੋਂ ਨੈਸ਼ਨਲ ਕਾਲਜ ਲਾਹੌਰ ਵ੍ਰਿੱਚ ਦਾਖਲ ਹੋ ਗਏ। ਉੱਥੋਂ 19 ਸਾਲ ਦੀ ਉਮਰ ਵਿੱਚ ਬੀ.ਏ. ਪਾਸ ਕੀਤੀ ਤੇ ਇਸ ਦੌਰਾਨ ਉਹ ਸ਼ਹੀਦ ਭਗਤ ਸਿੰਘ ਦੀ ਜੁੰਡਲੀ ਨਾਲ ਵੀ ਮਿਲਦੇ ਰਹੇ। ਇੱਥੇ ਹੀ ਰਾਹੁਲ ਸਾਂਕਰਤਾਇਅਨ

ਨਾਲ ਉਮਰ ਭਰ ਸਾਥ ਦੇਣ ਦਾ ਵਾਅਦਾ ਕੀਤਾ। ਕਾਂਗਰਸ ਪਾਰਟੀ, ਅਜ਼ਾਦੀ ਲਹਿਰ ਤੇ ਦਲਿਤ ਮੁਹੱਲਿਆਂ ਵਿੱਚ ਸਿੱਖਿਆ ਦਾ ਪ੍ਰਚਾਰ ਕੀਤਾ। ਉਰਦੂ ਅਖ਼ਬਾਰਾਂ ਲਈ ਵੀ ਲਿਖਣਾ ਸ਼ੁਰੂ ਕੀਤਾ। ਇਸ ਕਾਲ ਦੌਰਾਨ ਸ੍ਰੀ ਰਾਹੁਲ ਸ੍ਰੀ ਲੰਕਾ ਚਲੇ ਗਏ ਤੇ ਸ੍ਰੀ ਭਦੰਤ ਵੀ 1928 ਈ: ਵਿੱਚ ਉੱਥੇ ਚਲੇ ਗਏ ਤੇ ਬੋਧ ਧਰਮ ਵਿੱਚ ਦੀਕਸ਼ਾ ਲੈ ਲਈ ਅਤੇ ਆਨੰਦ ਕੈਸ਼ਲਿਆਯਨ ਦਾ ਨਵਾਂ ਨਾਂ ਧਾਰਨ ਕੀਤਾ। ਭਦੰਤ ਸ਼ਬਦ ਬੋਧ ਪਰੰਪਰਾ ਵਿੱਚ ਸਤਿਕਾਰ ਵੱਜੋਂ ਵਰਤਿਆ ਜਾਂਦਾ ਹੈ। 1932 ਈ: ਵਿੱਚ ਸ੍ਰੀ ਭਦੰਤ ਇੰਗਲੈਂਡ ਗਏ ਤੇ ਬੁੱਧ ਧਰਮ ਦੇ ਪ੍ਰਚਾਰ ਲਈ ਜਰਮਨੀ ਤੇ ਫਰਾਂਸ ਦੀ ਯਾਤਰਾ ਵੀ ਕੀਤੀ। ਹਿੰਦੂ ਸਾਹਿਤ ਸਮੇਲਨ ਅਲਾਹਬਾਦ ਨੇ ਉਨ੍ਹਾਂ ਦੀਆਂ ਕਈ ਕਿਤਾਬਾਂ-ਜਾਤਕ, ਧਮਪਦ ਆਦਿ ਛਾਪੀਆਂ।

ਜ਼ਿਕਰਯੋਗ ਹੈ ਕਿ ਮਹਾਤਮਾ ਗਾਂਧੀ ਆਸ਼ਰਮ ਵਰਧਾ (ਮਹਾਰਾਸ਼ਟਰ) ਵਿਖੇ ਸ੍ਰੀ ਭਦੰਤ ਰਾਸ਼ਟਰਭਾਸ਼ਾ ਪ੍ਰਚਾਰ ਸਹਿਮਤੀ ਦੇ ਜਨਰਲ ਸਕੱਤਰ ਬਣ ਕੇ ਲਗਭਗ ਦਸ ਸਾਲ ਤੱਕ ਸੇਵਾਵਾਂ ਨਿਭਾਉਂਦੇ ਰਹੇ। ਹਿੰਦੁਸਤਾਨੀ ਦੇ ਪ੍ਰਚਾਰ ਪ੍ਰਸਾਰ ਲਈ ਦੇਸ ਵਿੱਚ ਲੰਮੀਆਂ ਯਾਤਰਾਵਾਂ ਕੀਤੀਆਂ। ਦੱਸਿਆ ਜਾਂਦਾ ਹੈ ਕਿ 1955 ਈ. ਵਿੱਚ ਉਹ ਬੁਢਲਾਡਾ ਮੰਡੀ (ਭਰਾ ਕੋਲ), ਫਰੀਦਕੋਟ, ਹੁਸ਼ਿਆਰਪੁਰ, ਜਲੰਧਰ, ਪਟਿਆਲਾ ਅਤੇ ਅੰਬਾਲਾ ਵੀ ਫੇਰੀ ਪਾ ਕੇ ਗਏ।

ਸ੍ਰੀ ਭਦੰਤ ਦੀ ਵਿਦਵਤਾ ਪੂਰੇ ਜਲੌਅ ਵਿੱਚ ਸੀ ਤੇ 1959 'ਚ ਸ੍ਰੀ ਲੰਕਾ ਵਿਦਿਆਲੰਕਾਰ ਯੂਨੀਵਰਸਿਟੀ ਵਿਖੇ ਆਪ ਨੂੰ ਹਿੰਦੀ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ ਤੇ ਪੂਰਾ ਸਨਮਾਨ ਦਿੱਤਾ ਗਿਆ। ਉੱਥੋਂ ਆਪ ਨੇ ਆ ਕੇ ਨਾਗਪੁਰ ਨੂੰ ਆਪਣੀ ਕਰਮਭੂਮੀ ਬਣਾਇਆ। ਇੱਥੇ ਉਨ੍ਹਾਂ ਦੀ ਅੱਸੀਂਵੀਂ ਜਨਮ ਦਿਨ ਰਸਮ ਮੌਕੇ 1985 'ਚ ਦਲਾਈਲਾਮਾ ਪਧਾਰੇ। 22 ਜੂਨ, 1988 ਨੂੰ ਆਖਰੀ ਸਵਾਸ ਪੂਰੇ ਕੀਤੇ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਉਸ ਦੇ ਪਿਛੋਕੜ ਨੂੰ ਉਸ ਬਾਰੇ ਖ਼ਬਰਸਾਰ ਹੀ ਨਹੀਂ।

ਹਿੰਦੀ ਸਾਹਿਤ ਸੰਮੇਲਨ ਅਲਾਹਾਬਾਦ ਅਤੇ ਨਾਲੰਦਾ ਮਹਾਵਿਹਾਰ ਵੱਲੋਂ ਸ੍ਰੀ ਭਦੰਤ ਨੂੰ ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਨਾਗਪੁਰ ਵਿਖੇ ਉਨ੍ਹਾਂ ਨੂੰ ਪਾਰਸੀ ਸੱਜਣ ਵੱਲੋਂ ਦਾਨ ਕੀਤੀ 8 ਏਕੜ ਭੂਮੀ 'ਤੇ ਭਦੰਤ ਆਨੰਦ ਕੌਸਲਿਆਯਾਨ ਦੀ ਯਾਦਗਾਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਜੋ ਸ਼ਾਇਦ ਮੁਕੰਮਲ ਹੋ ਗਈ ਹੋਵੇ।

# 35 ਭਾਸ਼ਾ-ਵਿਗਿਆਨੀ ਡਾ. ਬਲਬੀਰ ਸਿੰਘ ਸੰਧੂ

*ਡਾ. ਨਾਹਰ ਸਿੰਘ*
*ਮੋਬਾ: 9888006118*


*ਡਾ. ਬਲਬੀਰ ਸਿੰਘ ਸੰਧੂ*

ਡਾ. ਬਲਬੀਰ ਸਿੰਘ ਸੰਧੂ ਦਾ ਜਨਮ ਜਿਲ੍ਹਾ ਪਟਿਆਲਾ ਦੀ ਰਾਜਪੁਰਾ ਤਹਿਸੀਲ ਦੇ ਪਿੰਡ ਨਰੂੜ ਵਿਖੇ ਇਕ ਸਾਧਾਰਨ ਕਿਸਾਨ ਪਰਿਵਾਰ ਵਿੱਚ 28 ਸਤੰਬਰ 1934 ਨੂੰ ਹੋਇਆ। ਪਿਤਾ ਸ. ਵਿਸ਼ੇਸ਼ਰ ਸਿੰਘ ਦੇ ਘਰ ਵਿੱਚ ਬਲਬੀਰ ਸਿੰਘ ਸਭ ਤੋਂ ਵੱਡਾ ਲੜਕਾ ਸੀ। ਬਚਪਨ ਕੌਲੀ ਦੇ ਬੀੜ ਵਿੱਚ ਡੰਗਰ ਚਾਰਦਿਆਂ ਤੇ ਸ਼ਿਕਾਰ ਖੇਡਦਿਆਂ ਗੁਜ਼ਰਿਆ। 1949 ਵਿੱਚ ਦਸਵੀਂ ਜਮਾਤ ਸਿਟੀ ਹਾਈ ਸਕੂਲ ਪਟਿਆਲਾ ਤੋਂ ਪਾਸ ਕੀਤੀ। ਦਸਵੀਂ ਉਪਰੰਤ ਪ੍ਰਾਈਵੇਟ ਵਿਦਿਆਰਥੀ ਤੇ ਤੌਰ ਤੇ ਗਿਆਰਵੀਂ ਪਾਸ ਕਰ ਲਈ। ਗਿਆਰਵੀਂ ਦੇ ਇਮਤਿਹਾਨ ਦੀ ਤਿਆਰੀ ਡਾ. ਸੰਧੂ ਤੇ ਡਾ. ਅਤਰ ਸਿੰਘ ਨੇ ਇਕੱਠਿਆਂ ਬੈਠ ਕੇ ਕੀਤੀ। ਉਦੋਂ ਤੋਂ ਉਹ ਐਮ.ਏ. ਤੱਕ ਹਮਜਮਾਤੀ ਰਹੇ ਅਤੇ ਇਹ ਰਿਸ਼ਤਾ ਗੂੜ੍ਹੀ ਦੋਸਤੀ ਵਿੱਚ ਵਟ ਗਿਆ। 1953 ਵਿੱਚ ਸੰਧੂ ਨੇ ਬਾਰ੍ਹਵੀਂ ਜਮਾਤ ਪੰਜਾਬ ਯੂਨੀਵਰਸਿਟੀ ਤੋਂ ਪਾਸ ਕੀਤੀ ਅਤੇ ਫਿਰ ਅਕਾਲ ਡਿਗਰੀ ਕਾਲਜ ਮਸਤੂਆਣਾ (ਸੰਗਰੂਰ) ਵਿੱਚ ਦਾਖਲ ਹੋ ਗਏ। ਉਦੋਂ ਮਸਤੂਆਣਾ ਪੰਜਾਬ ਦਾ ਇਕ ਵੱਡਾ ਸਭਿਆਚਾਰਕ ਤੇ ਵਿਦਿਅਕ ਕੇਂਦਰ ਹੁੰਦਾ ਸੀ। ਉਥੇ ਡਾ. ਸੰਧੂ ਨੇ ਦੋ ਸਾਲ ਹੋਸਟਲ ਵਿੱਚ ਰਹਿ ਕੇ ਬੀ.ਏ. ਪਾਸ ਕੀਤੀ। ਮਸਤੂਆਣੇ ਦੇ ਵਿਦਿਅਕ ਮਾਹੌਲ ਦੀ ਡਾ. ਸੰਧੂ ਦੀ ਸ਼ਖਸੀਅਤ ਉਤੇ ਡੂੰਘੀ ਛਾਪ ਲੱਗੀ। ਡਾ. ਸੰਧੂ ਮਹਿੰਦਰਾ ਕਾਲਜ ਪਟਿਆਲਾ ਵਿਖੇ ਦੋ ਸਾਲ ਪ੍ਰੋ. ਪ੍ਰੀਤਮ ਸਿੰਘ ਹੋਰਾਂ ਦੀ ਸ਼ਾਗਿਰਦ ਰਹੇ। ਉਥੇ ਉਨ੍ਹਾਂ ਨੇ ਸਤੰਬਰ 1955 ਵਿੱਚ ਐਮ.ਏ. ਪੰਜਾਬੀ ਦਾ ਇਮਤਿਹਾਨ ਪੰਜਾਬ ਯੂਨੀਵਰਸਿਟੀ ਵਿਚੋਂ ਫਸਟ ਕਲਾਸ, ਫਸਟ ਰਹਿ ਕੇ ਪਾਸ ਕੀਤਾ।

## ਨੌਕਰੀ

20 ਮਾਰਚ 1955 ਨੂੰ ਡਾ. ਸੰਧੂ ਦੀ ਸ਼ਾਦੀ ਸ੍ਰੀਮਤੀ ਅਜਮੇਰ ਕੌਰ ਨਾਲ ਹੋਈ। 1956 ਵਿੱਚ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਿੱਚ ਬਤੌਰ ਰੀਸਰਚ ਅਸਿਸਟੈਂਟ ਨੌਕਰੀ ਆਰੰਭ ਦਿੱਤੀ। ਭਾਸ਼ਾ ਵਿਭਾਗ ਦੇ ਉਦੋਂ ਦੇ ਡਾਇਰੈਕਟਰ ਗਿਆਨੀ ਲਾਲ ਸਿੰਘ ਨੇ ਡਾ. ਸੰਧੂ ਨੂੰ ਅੱਗੇ ਪੜ੍ਹਨ ਤੇ ਖੋਜ ਕਰਨ ਲਈ ਬੜਾ ਉਤਸ਼ਾਹਤ ਕੀਤਾ।

ਡਾ. ਸੰਧੂ ਨੇ ਭਾਸ਼ਾ ਵਿਭਾਗ ਵਿੱਚ ਲਗਪਗ ਪੰਜ ਸਾਲ ਕੰਮ ਕੀਤਾ ਫਿਰ ਉਨ੍ਹਾਂ ਦੀ ਨਿਯੁਕਤੀ ਪੰਜਾਬ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਵਿੱਚ ਲੈਕਚਰਾਰ ਦੇ ਤੌਰ ਤੇ ਹੋ ਗਈ।

## ਭਾਸ਼ਾ ਵਿਗਿਆਨ ਵਲ

ਐਮ. ਏ. ਕਰਨ ਦੇ ਸਮੇਂ ਤੋਂ ਹੀ ਡਾ. ਸੰਧੂ ਦੀ ਭਾਸ਼ਾ ਵਿਗਿਆਨ ਦੇ ਵਿਸ਼ੇ ਵਿੱਚ ਉਚੇਚੀ ਦਿਲਚਸਪੀ ਬਣ ਗਈ। ਸ਼ੁਰੂ ਸ਼ੁਰੂ ਵਿੱਚ ਉਨ੍ਹਾਂ ਨੇ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਕੁਝ ਮੁੱਢਲਾ ਜਿਹਾ ਕੰਮ ਕੀਤਾ। ਇਸ ਕੰਮ ਨਾਲ ਉਨ੍ਹਾਂ ਦਾ ਸੰਪਰਕ ਲਿੰਗੁਇਸਟਿਕ ਸੁਸਾਇਟੀ ਆਫ਼ ਇੰਡੀਆ ਨਾਲ ਹੋ ਗਿਆ। ਉਹ 1960 ਤੋਂ 1964 ਤਕ ਇਸ ਸੁਸਾਇਟੀ ਦੇ ਸੈਮੀਨਾਰਾਂ ਤੇ ਸਮਰ ਸਕੂਲਾਂ ਵਿੱਚ ਸਰਗਰਮੀਆਂ ਨਾਲ ਹਿੱਸਾ ਲੈਂਦੇ ਰਹੇ। ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਾਉਂਦਿਆਂ ਇਸੇ ਸਮੇਂ ਦੌਰਾਨ ਉਨ੍ਹਾਂ ਨੇ ਆਪਣੇ ਅਧਿਐਨ ਤੇ ਅਧਿਆਪਨ ਲਈ ਇਹ ਖੇਤਰ ਚੁਣ ਲਿਆ ਅਤੇ ਸਾਰੀ ਉਮਰ ਇਸ ਖੇਤਰ ਵਿੱਚ ਕੰਮ ਕਰਨ ਨੂੰ ਸਮਰਪਤ ਕਰ ਦਿੱਤੀ।

1960 ਦੇ ਨੇੜੇ ਤੇੜੇ ਹੀ ਡਾ. ਸੰਧੂ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ 'A Descriptive Grammar of Puadhi' ਦੇ ਵਿਸ਼ੇ ਉਤੇ ਪੀ.ਐਚ.ਡੀ. ਲਈ ਆਪਣਾ ਖੋਜ ਕਾਰਜ ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਜੇ.ਡੀ. ਸਿੰਘ ਦੀ ਨਿਗਰਾਨੀ ਹੇਠ ਆਰੰਭ ਦਿੱਤਾ। ਇਹ ਕੰਮ 1964 ਵਿੱਚ ਸੰਪੂਰਨ ਕਰ ਕੇ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਡਾ. ਸੰਧੂ ਦਾ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਭਾਵੇਂ ਇਕ ਧੁਨੀ-ਵਿਗਿਆਨੀ ਦੇ ਤੌਰ ਤੇ ਨਾਂ ਬਣਿਆ ਪਰ ਸ਼ੁਰੂ ਸ਼ੁਰੂ ਵਿੱਚ ਉਨ੍ਹਾਂ ਦੀ ਰੁਚੀ ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਦੀ ਖੋਜ ਕਰਨ ਅਤੇ ਭਾਸ਼ਾ ਦੀ ਗਰਾਮਰ ਨਿਸ਼ਚਿਤ ਕਰਨ ਵਲ ਸੀ। ਉਹ ਆਪ ਪੁਆਧੀ ਖੇਤਰ ਦੇ ਜੰਮਪਲ ਸਨ। ਉਨ੍ਹਾਂ ਨੇ ਭਾਸ਼ਾਈ ਖੋਜ ਲਈ ਪੁਆਧੀ ਉਪਭਾਸ਼ਾ ਦੀ ਚੋਣ ਕੀਤੀ। ਉਨ੍ਹਾਂ ਨੇ ਇਸ ਦੇ ਧੁਨੀ-ਪ੍ਰਬੰਧ ਦਾ ਅਧਿਐਨ ਕੀਤਾ ਤੇ ਇਸ ਦੀ ਵਿਆਕਰਨ ਤਿਆਰ ਕੀਤੀ। ਇਹ ਇਕ ਸਬੱਬ ਹੀ ਹੈ ਕਿ ਜੇ ਪੰਜਾਬੀ ਦੀ ਕਿਸੇ ਇਕ ਉਪਭਾਸ਼ਾ ਉਤੇ ਵਿਗਿਆਨਕ ਵਿਧੀ ਨਾਲ ਸਿਸਟੇਮੈਟਿਕ ਕੰਮ ਹੋਇਆ ਹੈ ਤਾਂ ਉਹ ਪੁਆਧੀ ਉਪਭਾਸ਼ਾ ਹੀ ਹੈ।

## ਸੋਵੀਅਤ ਯੂਨੀਅਨ ਵਿੱਚ

1964 ਵਿੱਚ ਸੋਵੀਅਤ ਯੂਨੀਅਨ ਵੱਲੋਂ ਭਾ੍ਹਾ ਵਿਗਿਆਨ ਵਿੱਚ ਖੋਜ ਲਈ ਫ਼ੈਲੋਸ਼ਿਪ ਦੇਣ ਵਾਸਤੇ ਸਰਬ ਭਾਰਤੀ ਪੱਧਰ ਉਤੇ ਭਾਸ਼ਾ ਵਿਗਿਆਨੀਆਂ ਦਾ ਇਕ ਖੁੱਲ੍ਹਾ ਮੁਕਾਬਲਾ ਕਰਵਾਇਆ ਗਿਆ। ਡਾ. ਸੰਧੂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ ਅਤੇ ਉਹ ਇਸ ਫ਼ੈਲੋਸ਼ਿਪ ਲਈ ਚੁਣੇ ਗਏ। 20-21 ਦਸੰਬਰ 1964 ਨੂੰ ਉਹ ਸੋਵੀਅਤ ਯੂਨੀਅਨ ਦੇ ਸੱਦੇ ਉਤੇ ਲੈਨਿਨਗ੍ਰਾਦ ਚਲੇ ਗਏ। ਉਥੇ ਉਨ੍ਹਾਂ ਨੇ ਸਟੇਟ ਯੂਨੀਵਰਸਿਟੀ ਲੈਨਿਨਗ੍ਰਾਦ ਦੀ ਭਾਸ਼ਾ ਵਿਗਿਆਨ ਦੀ ਫੈਕਟਰੀ ਵਿੱਚ ਪੋਸਟ

ਡਾਕਟਰੇਟ ਦੀ ਡਿਗਰੀ ਲਈ ਖੋਜ ਕਾਰਜ ਆਰੰਭ ਦਿੱਤਾ। ਉਹ ਸੱਤ ਸਾਲ ਸੋਵੀਅਤ ਯੂਨੀਅਨ ਵਿੱਚ ਖੋਜ ਕਰਦੇ ਰਹੇ।

ਡਾ. ਬਲਬੀਰ ਸਿੰਘ ਸੰਧੂ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਉਤੇ ਜਾਣੇ ਜਾਣ ਵਾਲੇ ਭਾਸ਼ਾ ਵਿਗਿਆਨੀਆਂ ਵਿਚੋਂ ਇਕ ਸਨ। ਉਨ੍ਹਾਂ ਨੇ ਲੈਨਿਨਗ੍ਰਾਦ ਯੂਨੀਵਰਸਿਟੀ ਦੇ ਵਿਸ਼ਵ ਪ੍ਰਸਿੱਧ ਭਾਸ਼ਾ ਸਕੂਲ ਤੋਂ ਇੰਸਟ੍ਰੂਮੈਂਟਲ ਫਾਨੇਟਿਕਸ ਦੇ ਖੇਤਰ ਵਿੱਚ ਡੀ. ਐਸ ਸੀ. ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦਾ ਸੰਸਾਰ ਦੀਆਂ ਮਹੱਤਵਪੂਰਨ ਭਾਸ਼ਾ ਲੇਬਾਟਰੀਆਂ ਨਾਲ ਸੰਪਰਕ ਸੀ ਜਿਨ੍ਹਾਂ ਵਿਚੋਂ ਡਾ. ਸੰਧੂ ਨੇ ਮਾਸਕੋ, ਕੀਵ, ਬਰਲਿਨ, ਸਟਾਕਹੋਮ, ਲੰਡਨ, ਹੈਲਿੰਸਕੀ ਆਦਿ ਵਿਚਲੀਆਂ ਲੇਬਾਟਰੀਆਂ ਵਿਚਲੇ ਕੰਮ ਦਾ ਆਪ ਜਾ ਕੇ ਅਧਿਐਨ ਕੀਤਾ ਸੀ। ਉਹ ਇੰਸਟ੍ਰੂਮੈਂਟਲ ਫਾਨੇਟਿਕਸ ਦੇ ਵਿਸ਼ਵ ਪੱਧਰ ਉਤੇ ਮਾਣਤਾ ਪ੍ਰਾਪਤ ਭਾਸ਼ਾ ਵਿਗਿਆਨੀ ਬਣ ਚੁਕੇ ਸਨ। ਭਾਰਤ ਵਿੱਚ ਇਸ ਖੇਤਰ ਵਿੱਚ ਗਿਣਵੇਂ ਸਿਰਫ ਤਿੰਨ ਭਾਸ਼ਾ ਵਿਗਿਆਨੀ ਸਨ (ਜਿਨ੍ਹਾਂ ਵਿਚੋਂ ਹੁਣ ਦੋ ਰਹਿ ਗਏ)। ਇਨ੍ਹਾਂ ਵਿਚੋਂ ਡਾ. ਸੰਧੂ ਆਪਣੀ ਵਿਸ਼ੇਸ਼ ਟਰੇਨਿੰਗ ਕਰ ਕੇ ਪਹਿਲੇ ਸਥਾਨ ਉਤੇ ਗਿਣੇ ਜਾਂਦੇ ਸਨ।

ਡਾ. ਸੰਧੂ ਨੇ ਦੇਸ ਅਤੇ ਵਿਦੇਸ਼ ਵਿਚੋਂ ਬਹੁਤ ਸਾਰੇ ਟਰੇਨਿੰਗ ਕੋਰਸ ਪਾਸ ਕੀਤੇ ਹੋਏ ਸਨ।

## ਸੋਵੀਅਤ ਯੂਨੀਅਨ ਵਿੱਚ ਪ੍ਰਾਪਤ ਕੀਤੀ ਅਕਾਦਮਿਕ ਯੋਗਤਾ ਤੇ ਟੈਕਨੀਕਲ ਟਰੇਨਿੰਗ:-

1964 ਵਿੱਚ ਡਾ. ਸੰਧੂ ਸੋਵੀਅਤ ਯੂਨੀਅਨ ਵੱਲੋਂ ਮਿਲੀ ਰੀਸਰਚ ਫੈਲੋਸ਼ਿਪ ਉਤੇ ਲੈਨਿਨਗ੍ਰਾਦ ਚਲੇ ਗਏ। ਉਥੇ ਉਨ੍ਹਾਂ ਨੇ ਆਪਣੀ ਖੋਜ ਆਰੰਭ ਕਰਨ ਤੋਂ ਪਹਿਲਾਂ ਰੂਸੀ ਭਾਸ਼ਾ ਅਤੇ ਸਾਹਿਤ ਦਾ ਇਕ ਸਾਲ ਲਈ ਤਿਆਰੀ ਕੋਰਸ ਪਾਸ ਕੀਤਾ। ਇਹ ਕੋਰਸ ਉਨ੍ਹਾਂ ਨੇ ਤਾਸ਼ਕੰਦ ਯੂਨੀਵਰਸਿਟੀ ਵਿਚੋਂ ਮੁਕੰਮਲ ਕੀਤਾ। ਲੈਨਿਨਗ੍ਰਾਦ ਵਿੱਚ ਉਨ੍ਹਾਂ ਨੇ ਭਾਸ਼ਾ ਦੇ ਸੱਤ ਤਕਨੀਕੀ ਕੋਰਸ ਪਾਸ ਕੀਤੇ।

## ਡੀ.ਐਸ.ਸੀ. ਦੀ ਡਿਗਰੀ

ਸੱਤ ਸਾਲ ਦੀ ਖੋਜ ਉਪਰੰਤ ਮਾਰਚ 1971 ਵਿੱਚ ਡਾ. ਸੰਧੂ ਨੇ ਆਪਣੇ ਡੀ. ਐਸ-ਸੀ. ਦੇ ਥੀਸਿਸ- "Phonetics of panjabi Language An Instrumental Analysis" - ਦੀ ਖੁਲ੍ਹੀ ਪਬਲਿਕ ਡਿਫੈਂਸ ਪੇਸ਼ ਕੀਤੀ। ਇਸ ਡਿਫੈਂਸ ਵਿੱਚ ਡਾ. ਸੰਧੂ ਤੋਂ ਉਨ੍ਹਾਂ ਦੀ ਖੋਜ ਤੇ ਕੱਢੇ ਸਿੱਟਿਆਂ ਬਾਰੇ ਸਵਾਲ ਪੁੱਛਣ ਵਾਲੇ ਮਾਸਕੋ ਯੂਨੀਵਰਸਿਟੀ ਦੇ ਨਾਮਵਰ ਭਾਸ਼ਾ ਵਿਗਿਆਨੀ ਸਨ ਜਿਨ੍ਹਾਂ ਵਿਚੋਂ ਅਗਨੀਆ ਦੇਨਿਤ-ਸਕਾਇਆ ਤੇ ਪ੍ਰੋਫੈਸਰ ਮਿਖਾਇਲ ਰੁਮਿਆਨਤਸੇਵ ਦੇ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਇਨ੍ਹਾਂ ਭਾਸ਼ਾ ਵਿਗਿਆਨੀਆਂ ਨੇ ਡਾ. ਸੰਧੂ ਦੇ ਕੰਮਾਂ ਦੀ ਬੜੀ

ਸ਼ਲਾਘਾ ਕੀਤੀ ਜੋ ਬਾਅਦ ਵਿੱਚ ਵੱਖਰੇ ਰੂਪ ਵਿੱਚ ਪ੍ਰਕਾਸ਼ਤ ਵੀ ਹੋਈ। ਡਾ. ਸੰਧੂ ਲੈਨਿਨਗ੍ਰਾਦ ਯੂਨੀਵਰਸਿਟੀ ਦੀ ਸਬੰਧਤ ਫੈਕਲਟੀ ਤੋਂ ਡੀ.ਐਸ.ਸੀ. ਕਰਨ ਵਾਲਾ ਪਹਿਲਾ ਬਦੇਸ਼ੀ ਵਿਦਵਾਨ ਸੀ।

ਡਾ. ਸੰਧੂ ਆਪਣੀ ਖੋਜ ਦੇ ਦੌਰਾਨ ਡਾ. ਐਲ. ਵੀ. ਜ਼ਿੰਦਰ ਅਤੇ ਡਾ. ਐਲ. ਜ਼ੈਡ. ਚਿਸਤੋਵਿਕ ਦੇ ਗਰੁੱਪ ਵਿੱਚ ਕੰਮ ਕਰਦੇ ਰਹੇ। ਇਹ ਗਰੁੱਪ 'ਲੈਨਿਨਗ੍ਰਾਦ ਸਕੂਲ ਆਫ਼ ਫੋਨੋਲੋਜੀ' ਕਰਕੇ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ। ਇਸ ਸਕੂਲ ਦੀ ਨੀਂਹ ਨਾਮਵਰ ਭਾਸ਼ਾ ਵਿਗਿਆਨੀ ਡਾ. ਐਲ. ਵੀ. ਸ਼ੇਰਬਾ ਨੇ ਰੱਖੀ ਸੀ। ਜਿਸ ਲੇਬਾਟਰੀ ਵਿੱਚ ਡਾ. ਸੰਧੂ ਨੂੰ ਖੋਜ ਕਰਨ ਦਾ ਮੌਕਾ ਮਿਲਿਆ ਉਹ ਸੰਸਾਰ ਦੀਆਂ ਪਹਿਲੀਆਂ ਭਾਸ਼ਾ ਲੇਬਾਟਰੀਆਂ ਵਿਚੋਂ ਇਕ ਹੈ।

ਡਾ. ਸੰਧੂ ਦੇ ਥੀਸਿਸ ਬਾਰੇ ਇਕ ਭਾਸ਼ਾ ਵਿਗਿਆਨੀ ਦੀ ਇਹ ਰਾਏ ਸੀ, "It is detailed articulatory, acoustical and perceptual analysis of Panjabi speech sounds. It includes a special chapter on the tonal system of Panjabi. It is the first work in which a modern Indo Aryan language has been described with the aids of modern instru ments."

## ਪੰਜਾਬੀ ਵਿਭਾਗ ਵਿੱਚ

1971 ਵਿੱਚ ਡਾ. ਸੰਧੂ ਨੇ ਚੰਡੀਗੜ੍ਹ ਆ ਕੇ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਵਿੱਚ ਪਏ ਆਪਣੇ ਲੀਅਨ ਉੱਤੇ ਜਾਇਨ ਕਰ ਲਿਆ। 1971 ਤੋਂ 1985 ਤੱਕ ਉਹ ਪੰਜਾਬੀ ਵਿਭਾਗ ਵਿੱਚ ਪੋਸਟ ਗਰੈਜੂਏਟ ਦੇ ਵਿਦਿਆਰਥੀਆਂ ਨੂੰ ਭਾਸ਼ਾ ਵਿਗਿਆਨ ਪੜ੍ਹਾਉਂਦੇ ਰਹੇ। ਇਸ ਸਮੇਂ ਵੀ ਉਹ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਖੋਜ ਤੇ ਅਧਿਐਨ ਕਾਰਜ ਵਿੱਚ ਜੁਟੇ ਰਹੇ। ਇਥੇ ਹੀ ਉਹ ਲੈਕਚਰਾਰ ਤੋਂ ਰੀਡਰ ਅਤੇ ਰੀਡਰ ਤੋਂ ਪ੍ਰੋਫ਼ੈਸਰ ਬਣ ਗਏ। ਪੰਜਾਬ ਯੂਨੀਵਰਸਿਟੀ ਵਿੱਚ ਡਾ. ਸੰਧੂ ਨੂੰ ਕਿਸੇ ਵੀ ਤਰ੍ਹਾਂ ਦੀ ਭਾਸ਼ਾ-ਲੇਬਾਟਰੀ ਦੀਆਂ ਸਹੂਲਤਾਂ ਪ੍ਰਾਪਤ ਨਾ ਹੋ ਸਕੀਆਂ ਜਿਸ ਕਰਕੇ ਉਹ ਆਪਣੀ ਵਿਸ਼ੇਸ਼ੱਗਤਾ ਵਾਲਾ ਖੋਜ ਕਾਰਜ ਅੱਗੇ ਨਾ ਰੱਖ ਸਕੇ ਪਰ ਤਾਂ ਵੀ ਉਨ੍ਹਾਂ ਨੇ ਜਨਰਲ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਕੁਝ ਕੰਮ ਕੀਤਾ ਜਿਹੜਾ ਵੱਖ-ਵੱਖ ਸਮਿਆਂ ਉਤੇ ਭਾਸ਼ਾ ਵਿਗਿਆਨ ਦੇ ਖੋਜ ਪੱਤਰਾਂ ਵਿੱਚ ਛਪਿਆ। ਇਸ ਸਮੇਂ ਹੀ ਉਨ੍ਹਾਂ ਨੇ ਸੋਵੀਅਤ ਯੂਨੀਅਨ ਵਿੱਚ ਵਿਸ਼ਲੇਸ਼ਤ ਭਾਸ਼ਾ-ਸਮੱਗਰੀ ਅਤੇ ਭਾਸ਼ ਲੇਬਾਰਟੀ ਵਿੱਚ ਕੀਤੇ ਤਜਰਬਿਆਂ ਦੇ ਆਧਾਰ ਤੇ ਇਕ ਪੁਸਤਕ ਤਿਆਰ ਕੀਤੀ – "The Articulatory and Acoustic Structure of Panjabi Consonants"

## ਵਿਦੇਸ਼ ਯਾਤਰਾਵਾਂ

ਡਾ. ਬਲਬੀਰ ਸਿੰਘ ਸੰਧੂ ਨੇ ਸੋਵੀਅਤ ਯੂਨੀਅਨ ਵਿਚ ਖੋਜ ਕਰਦਿਆਂ ਹੋਇਆਂ ਅਤੇ ਉਸ ਤੋਂ ਬਾਅਦ ਯੂਰਪ ਦੇ ਇਲਾਕੇ ਦੇ ਇਕ ਦਰਜਨ ਤੋਂ ਵਧੀਕ ਮੁਲਕਾਂ ਦਾ ਦੌਰਾ ਕੀਤਾ। ਉਹ ਜਦੋਂ ਵੀ ਵਿਦੇਸ਼ ਜਾਂਦੇ, ਉਥੋਂ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਭਾਸ਼ਾ ਵਿਗਿਆਨ ਵਿਭਾਗਾਂ ਵਿੱਚ ਲੈਕਚਰ ਦਿੰਦੇ ਅਤੇ ਆਪਣੇ ਵਿਚਾਰ ਸਾਂਝੇ ਕਰਦੇ। ਉਨ੍ਹਾਂ ਨੇ ਦੇਸ਼ ਬਦੇਸ਼ ਵਿਚਲੀਆਂ ਦਰਜਨਾਂ ਕਾਨਫਰੰਸਾਂ, ਸੈਮੀਨਾਰਾਂ ਵਿੱਚ ਭਾਗ ਲਿਆ ਅਤੇ ਵਿਸ਼ਵ ਦੀਆਂ ਪ੍ਰਸਿੱਧ ਭਾਸ਼ਾ ਲੇਬਾਟਰੀਆਂ ਵਿੱਚ ਜਾ ਕੇ ਉਨ੍ਹਾਂ ਦੇ ਕੰਮ ਦਾ ਅਧਿਐਨ ਕੀਤਾ। ਉਨ੍ਹਾਂ ਨੇ ਲਗਪਗ 12 ਬਦੇਸ਼ਾਂ ਚ ਜਾ ਕੇ ਅਧਿਐਨ ਤੇ ਖੋਜ ਕਾਰਜ ਕੀਤਾ।

## ਕੋਸ਼ਕਾਰੀ ਵਿਭਾਗ ਵਿੱਚ ਚੀਫ਼ ਐਡੀਟਰ


ਡਾ. ਬਲਬੀਬ ਸਿੰਘ ਸੰਧੂ ਨੂੰ 1976 ਵਿੱਚ ਪੰਜਾਬ ਯੂਨੀਵਰਸਿਟੀ ਦੇ ਕੋਸ਼ਕਾਰੀ ਵਿਭਾਗ ਦਾ ਮੁੱਖੀ ਨਿਯੁਕਤ ਕੀਤਾ ਗਿਆ, ਜਿੱਥੇ ਉਹ ਚੀਫ ਐਡੀਟਰ ਦੇ ਤੌਰ ਤੇ ਆਪਣੇ ਅੰਤਲੇ ਸਮੇਂ ਤਕ ਕੰਮ ਕਰਦੇ ਰਹੇ। ਉਨ੍ਹਾਂ ਦੀ ਅਗਵਾਈ ਵਿੱਚ ਤਿਆਰ ਹੋਇਆ ਅੰਗਰੇਜ਼ੀ-ਪੰਜਾਬੀ ਕੋਸ਼ ਪੰਜਾਬੀ ਭਾਸ਼ਾ ਵਿੱਚ ਆਪਣੀ ਕਿਸਮ ਦਾ ਪਹਿਲਾ ਬੁਨਿਆਦੀ ਤੇ ਮਹੱਤਵਪੂਰਨ ਕੋਸ਼ ਹੈ। 1982 ਵਿੱਚ ਪ੍ਰਕਾਸ਼ਤ ਇਸ ਕੋਸ਼ ਇਕ ਲਖ ਵੀਹ ਹਜ਼ਾਰ ਦੇ ਕਰੀਬ ਐਂਟਰੀਆਂ ਹਨ। ਡਾ. ਸੰਧੂ ਦੇ ਕੀਤੇ ਕਾਰਜਾਂ ਨੂੰ ਇਸ ਲੇਖ 'ਚ ਸਮੋਣਾ ਬੜਾ ਮੁਸ਼ਕਲ ਹੈ।

## ਪਿੰਡਾਂ ਵਿੱਚ ਲਾਇਬਰੇਰੀਆਂ

ਡਾ. ਬਲਬੀਰ ਸਿੰਘ ਸੰਧੂ ਅਕਾਦਮਕ ਕੰਮ ਦੇ ਨਾਲ-ਨਾਲ ਇਕ ਬੁਧੀਜੀਵੀ ਦੇ ਸਮਾਜਕ ਰੋਲ ਨੂੰ ਬਹੁਤ ਚੰਗੀ ਤਰ੍ਹਾਂ ਪਛਾਣਦੇ ਸਨ। ਉਨ੍ਹਾਂ ਨੂੰ ਪੰਜਾਬ ਦੇ ਪਿੰਡਾਂ ਨਾਲ ਖਾਸ ਕਰਕੇ ਪੇਂਡੂ ਵਿਦਿਆਰਥੀਆਂ ਨਾਲ ਅੰਤਾਂ ਦਾ ਮੋਹ ਸੀ। ਉਨ੍ਹਾਂ ਦੀ ਇਹ ਤੀਬਰ ਇੱਛਾ ਸੀ ਕਿ ਪਿੰਡਾਂ ਦੇ ਵਿਦਿਆਰਥੀ ਗਿਆਨ ਵਿਗਿਆਨ ਦੇ ਖੇਤਰਾਂ ਵਿੱਚ ਅੱਗੇ ਆਉਣ। ਇਸ ਕੰਮ ਲਈ ਉਨ੍ਹਾਂ ਨੇ ਨਿੱਜੀ ਅਤੇ ਸਮੂਹਕ ਪੱਧਰਾਂ ਉੱਤੇ ਕਈ ਹੰਭਲੇ ਮਾਰੇ। ਪੁਆਧ ਦਾ ਇਹ ਖੂਬਸੂਰਤ ਇਨਸਾਨ, ਖੋਜੀ, ਭਾਸ਼ਾ ਵਿਗਿਆਨ ਦਾ ਆਚਾਰੀਆਂ ਤੇ ਪ੍ਰਬੁੱਧ ਅਧਿਆਪਕ ਸਾਡੇ ਕੋਲੋਂ ਦੁਰਘਟਨਾ ਗ੍ਰਸਤ 16 ਅਕਤੂਬਰ, 1985 ਨੂੰ ਵਿਛੜ ਗਏ।

# 36 ਆਧੁਨਿਕ ਅਚਾਰੀਆ - ਡਾ. ਕੇਸਰ ਸਿੰਘ ਕੇਸਰ

*ਡਾ. ਸੁਖਦੇਵ ਸਿੰਘ ਸਿਰਸਾ*
*ਮੋਬਾ: 9815636565*



*ਡਾ. ਕੇਸਰ ਸਿੰਘ ਕੇਸਰ*

ਡਾ: ਕੇਸਰ ਸਿੰਘ 'ਕੇਸਰ' ਹਰਮਨ-ਪਿਆਰੇ ਧਿਆਪਕ, ਪ੍ਰਭਾਵੀ ਵਕਤਾ, ਸੰਵੇਦਨਸ਼ੀਲ ਕਵੀ ਅਤੇ ਤਿਬੱਧ ਮਾਰਕਸੀ ਚਿੰਤਕ ਸਨ। ਵਿਭਾਗ ਵਿੱਚ ਉਨ੍ਹਾਂ ਾ ਨਿੱਕਾ ਜਿਹਾ ਕਮਰਾ ਭਾਰਤ ਦੀ ਸਨਾਤਨੀ ਗੁਰੂ-ਸ਼ਿਸ਼ ਰੰਪਰਾ ਦਾ ਨਮੂਨਾ ਬਣਿਆ ਹੋਇਆ ਸੀ। ਇੱਕ ਤਾਂ ਉਹ ਗਤ-ਜੋਗੀ ਅਧਿਆਪਕ ਸਨ ਅਤੇ ਦੂਜਾ ਪੁਰਖ਼ਲੂਸ ਖ਼ਸੀਅਤ। ਜਮਾਤਾਂ ਤੇ ਸਾਹਿਤਕ ਗੋਸ਼ਟੀਆਂ 'ਚ ਉਹ ਾਪਣੇ ਅੰਦਾਜ਼ ਨਾਲ ਲੋਕਾਂ ਨੂੰ ਕੀਲ ਲੈਂਦੇ ਸਨ। ਉਨ੍ਹਾਂ ਜ਼ਾਰਾਂ ਵਿਦਿਆਰਥੀਆਂ ਨੂੰ ਪੜ੍ਹਨ ਦੀ ਚੇਟਕ ਲਾਈ। ਵਿਦਿਆਰਥੀਆਂ ਨੂੰ ਲੈ ਕੇ ਾਇਬ੍ਰੇਰੀ ਤੇ ਬੁੱਕ ਸਟਾਲਾਂ 'ਤੇ ਤੁਰੇ ਰਹਿੰਦੇ। ਗੰਭੀਰ ਬੌਧਿਕ ਗੱਲਾਂ ਦੇ ਨਾਲ-ਨਾਲ ਲ ਮਸ਼ਕਰੀਆਂ ਵੀ ਕਰ ਜਾਂਦੇ। ਕਈ ਵਾਰ ਉਨ੍ਹਾਂ ਦੀ ਟਿੱਚਰ ਵਿੱਚ ਸਮਝਾਉਣੀ ਹੁੰਦੀ ਕਈ ਵਾਰ ਤਾੜਨਾ ਵੀ, ਪਰ ਉਨ੍ਹਾਂ ਕੋਲੋਂ ਕਦੇ ਡਰ ਨਹੀਂ ਸੀ ਲੱਗਿਆ। ਉਨ੍ਹਾਂ ਾਲ ਹਰ ਗੱਲ ਖੁੱਲ੍ਹ ਕੇ ਤੇ ਬੇਤਕੱਲੁਫ਼ ਹੋ ਕੇ ਕੀਤੀ ਜਾ ਸਕਦੀ ਸੀ। ਕਿਤਾਬਾਂ ਨਾਲ ਨ੍ਹਾਂ ਦਾ ਲਗਾਓ ਜਨੂੰਨ ਵਰਗਾ ਸੀ। ਜਾਨ ਲੇਵਾ ਬੀਮਾਰੀ ਦੇ ਦਿਨਾਂ ਵਿੱਚ ਵੀ ਉਹ ਵੀਆਂ ਕਿਤਾਬਾਂ ਮੰਗਵਾ-ਮੰਗਵਾ ਕੇ ਪੜ੍ਹਦੇ ਰਹੇ।

ਕਵਿਤਾ ਉਨ੍ਹਾਂ ਨੇ ਕਾਲਜ ਦੇ ਦਿਨਾਂ ਵਿੱਚ ਹੀ ਲਿਖਣੀ ਸ਼ੁਰੂ ਕੀਤੀ ਸੀ। ਜਿੱਥੇ ੀਮ ਲੈ ਕੇ ਜਾਂਦੇ ਇਨਾਮ ਪੱਕਾ ਹੁੰਦਾ। ਕਵਿਤਾ ਲਿਖਣ ਦੇ ਇਨ੍ਹਾਂ ਅਭਿਆਸੀ ਦਿਨਾਂ ਵੱਚ ਉਨ੍ਹਾਂ ਨੂੰ ਡਾ: ਅਤਰ ਸਿੰਘ ਦੀ ਬੌਧਿਕ ਸਰਪ੍ਰਸਤੀ ਮਿਲੀ। ਆਪਣੇ ਅਧਿਆਪਕ ਾ: ਅਤਰ ਸਿੰਘ ਤੋਂ ਕਵਿਤਾ ਦੀਆਂ ਰਮਜ਼ਾਂ ਸਿੱਖਦੇ ਅਤੇ ਡਾ: ਹਰਿਭਜਨ ਸਿੰਘ ਰਗਾ ਮਹਾਨ ਕਵੀ ਦਿੱਲੀਓਂ ਚੱਲ ਕੇ ਰੋਪੜ ਪਹੁੰਚਦਾ ਤੇ ਸਤਲੁਜ ਦੇ ਕਿਨਾਰੇ ਬੈਠ ੇ ਡਾ: ਕੇਸਰ ਹੁਰਾਂ ਨੂੰ ਆਪਣੀਆਂ ਨਜ਼ਮਾਂ ਸੁਣਾਉਂਦਾ। ਜਦੋਂ ਡਾ: ਕੇਸਰ ਦਾ ਾਵਿ-ਸੰਗ੍ਰਹਿ 'ਸੂਰਜ ਦਾ ਕਤਲ' ਛਪਿਆ ਤਾਂ ਉਸ ਦੀ ਕਾਫ਼ੀ ਚਰਚਾ ਹੋਈ। ਡਾ: ਸਰ ਨੇ ਬੜੇ ਸੂਖ਼ਮ ਅੰਦਾਜ਼ ਵਿੱਚ ਬੌਧਿਕ ਪੁੱਠ ਵਾਲੀਆਂ ਕਵਿਤਾਵਾਂ ਲਿਖੀਆਂ।

ਡਾ: ਕੇਸਰ ਸਿੰਘ ਦੀ ਪਛਾਣ ਇੱਕ ਪ੍ਰਤਿਬੱਧ ਮਾਰਕਸਵਾਦੀ ਚਿੰਤਕ ਵਜੋਂ ਹੈ। ਉਨ੍ਹਾਂ ਸੇਖੋਂ-ਕਿਸ਼ਨ ਸਿੰਘ ਦੀ ਪਰੰਪਰਾ ਨੂੰ ਅੱਗੇ ਤੋਰਿਆ ਭਾਵੇਂ ਉਨ੍ਹਾਂ ਆਧੁਨਿਕ ਜਾਬੀ ਸਾਹਿਤ ਦੇ ਕਈ ਰੂਪਾਂ ਬਾਰੇ ਲਿਖਿਆ, ਪਰ ਉਨ੍ਹਾਂ ਦੀ ਪਛਾਣ ਇੱਕ

ਕਾਵਿ-ਚਿੰਤਕ ਵਜੋਂ ਬਣੀ। ਉਨ੍ਹਾਂ ਦੀ ਪੁਸਤਕ 'ਪ੍ਰਗਤੀਵਾਦੀ ਵਿਚਾਰਧਾਰਾ ਅਤੇ ਪੰਜਾਬੀ ਕਵਿਤਾ' ਅਕਾਦਮਿਕ ਹਲਕਿਆਂ ਵਿੱਚ ਗੰਭੀਰ ਸੰਵਾਦ ਦਾ ਕਾਰਨ ਬਣੀ। ਕਾਵਿ-ਆਲੋਚਨਾ ਦੇ ਖੇਤਰ ਵਿੱਚ ਇਹ ਪੁਸਤਕ ਮੀਲ ਪੱਥਰ ਸਾਬਤ ਹੋਈ। 'ਵਰਗ ਸੰਘਰਸ਼ ਤੇ ਗਲਪ ਸਾਹਿਤ' ਪੁਸਤਕ ਵਿੱਚ ਉਨ੍ਹਾਂ ਨੇ ਪੰਜਾਬੀ ਨਾਵਲ ਅਤੇ ਕਹਾਣੀ ਬਾਰੇ ਮਹੱਤਵਪੂਰਨ ਧਾਰਨਾਵਾਂ ਪੇਸ਼ ਕੀਤੀਆਂ। ਜਸਵੰਤ ਸਿੰਘ ਕੰਵਲ ਦੇ ਬਹੁ-ਚਰਚਿਤ ਨਾਵਲ 'ਲਹੂ ਦੀ ਲੋਅ' ਬਾਰੇ ਮਾਨਸਾ ਵਿਖੇ ਹੋਏ ਸੈਮੀਨਾਰ ਵਿੱਚ ਪੇਸ਼ ਕੀਤਾ ਗਿਆ ਉਨ੍ਹਾਂ ਦਾ ਖੋਜ ਪੱਤਰ ਪੰਜਾਬੀ ਗਲਪ ਆਲੋਚਨਾ ਨੂੰ ਇੱਕ ਨਵਾਂ ਮੋੜ ਦੇਣ ਵਾਲਾ ਸਾਬਤ ਹੋਇਆ। ਇਸ ਪੇਪਰ ਵਿੱਚ ਪੇਸ਼ ਕੀਤੀਆਂ ਗਈਆਂ ਧਾਰਨਾਵਾਂ ਨੂੰ ਆਧਾਰ ਬਣਾ ਕੇ ਉਸ ਵੇਲੇ ਦੇ ਚਰਚਿਤ ਮੈਗਜ਼ੀਨ 'ਸੇਧ' ਵਿੱਚ ਤਿੱਖਾ-ਤੱਤਾ ਸੰਵਾਦ ਛਿੜਿਆ। ਪ੍ਰੋ: ਕਿਸ਼ਨ ਸਿੰਘ ਵਰਗੇ ਧੁਰੰਤਰ ਮਾਰਕਸਵਾਦੀ ਚਿੰਤਕਾਂ ਨਾਲ ਡਾ: ਕੇਸਰ ਨੇ ਵਿਚਾਰਧਾਰਕ ਦਸਤਪੰਜਾ ਲਿਆ, ਪਰ ਉਨ੍ਹਾਂ ਦੀ ਸੇਧ ਕਮਾਲ ਦੀ ਸੀ। 'ਸਾਹਿਤ ਖੋਜ ਅਤੇ ਸਾਹਿਤ ਆਲੋਚਨਾ' ਡਾ: ਕੇਸਰ ਦੀ ਤੀਸਰੀ, ਪਰ ਬਹੁਤ ਮਹੱਤਵਪੂਰਨ ਪੁਸਤਕ ਹੈ। ਜਦੋਂ ਐੱਮ ਫਿਲ ਪੰਜਾਬੀ ਸ਼ੁਰੂ ਹੋਈ ਤਾਂ ਪੰਜਾਬੀ ਵਿੱਚ ਖੋਜ ਕਾਰਜ ਸੰਬੰਧੀ ਕੋਈ ਸਿਧਾਂਤਕ ਪੁਸਤਕ ਮੌਜੂਦ ਨਹੀਂ ਸੀ। ਵਿਦਿਆਰਥੀਆਂ ਦੀ ਲੋੜ ਨੂੰ ਮਹਿਸੂਸ ਕਰਦਿਆਂ ਡਾ: ਕੇਸਰ ਨੇ ਇਹ ਪੁਸਤਕ ਲਿਖੀ। ਖੋਜ ਕਾਰਜ ਸੰਬੰਧੀ ਪਹਿਲੀ ਸਿਧਾਂਤਕ ਪੁਸਤਕ ਹੋਣ ਕਰਕੇ ਇਸ ਪੁਸਤਕ ਦਾ ਇਤਿਹਾਸਕ ਮਹੱਤਵ ਵੀ ਹੈ। ਗ਼ਦਰ ਲਹਿਰ ਦੀ ਕਵਿਤਾ ਦੇ ਸੰਕਲਣ ਅਤੇ ਸੰਪਾਦਨ ਦਾ ਕੰਮ ਡਾ: ਕੇਸਰ ਨੇ ਆਪਣੇ ਸਿਰਨਾਵੀਂਏ ਗਿਆਨੀ ਕੇਸਰ ਸਿੰਘ ਕੈਨੇਡਾ ਨਾਲ ਰਲ ਕੇ ਕੀਤਾ। ਇਸ ਪੁਸਤਕ ਦੀ ਡਾ: ਕੇਸਰ ਵੱਲੋਂ ਲਿਖੀ ਗਈ ਲੰਮੀ ਭੂਮਿਕਾ ਪੰਜਾਬੀ ਕਵਿਤਾ ਦੇ ਕਾਵਿ-ਸ਼ਾਸਤਰੀ ਚਿੰਤਨ ਵਿੱਚ ਨਵਾਂ ਪ੍ਰਤਿਮਾਨ ਹੈ। ਡਾ: ਕੇਸਰ ਨੇ ਸੁਹਜ ਸ਼ਾਸਤਰੀ ਪ੍ਰਸ਼ਨਾਂ ਨੂੰ ਇਤਿਹਾਸਕ, ਸਮਾਜਕ ਤੇ ਸਭਿਆਚਾਰਕ ਸੰਦਰਭ ਵਿੱਚ ਰੱਖ ਕੇ ਵਿਚਾਰਨ ਦੀ ਪਿਰਤ ਪਾਈ। ਸੂਫ਼ੀ ਕਵਿਤਾ ਦੇ ਸੁਹਜ-ਸ਼ਾਸਤਰ ਬਾਰੇ ਉਨ੍ਹਾਂ ਦੀਆਂ ਧਾਰਨਾਵਾਂ ਬਿਲਕੁੱਲ ਮੌਲਿਕ ਤੇ ਅਸਲੋਂ ਨਵੀਂਆਂ ਹਨ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦੇ ਇੱਕ ਅਧਿਆਪਕ ਵਜੋਂ ਜੋ ਸਨਮਾਨ ਡਾ: ਕੇਸਰ ਨੂੰ ਮਿਲਿਆ, ਉਹ ਵਿਰਲਿਆਂ ਨੂੰ ਹੀ ਮਿਲਦਾ ਹੈ। ਕਦੇ ਕਲਾਸ ਨਾ ਛੱਡਣੀ, ਹਮੇਸ਼ਾਂ ਨਵਾਂ ਪੜ੍ਹ ਕੇ ਕਲਾਸਾਂ 'ਚ ਜਾਣਾ, ਖੋਜ ਵਿਦਿਆਰਥੀਆਂ ਨੂੰ ਨਵਾਂ ਪੜ੍ਹਨ ਲਈ ਉਕਸਾਉਂਦੇ ਰਹਿਣਾ ਅਤੇ ਖ਼ਾਸ ਕਰਕੇ ਆਪਣੇ ਵਿਦਿਆਰਥੀਆਂ ਨਾਲ ਨਿੱਘਾ, ਦੋਸਤਾਨਾ ਅਤੇ ਰਹਿਨੁਮਾ ਵਾਲਾ ਰਿਸ਼ਤਾ ਰੱਖਣਾ। ਕਲਾਸਾਂ ਵਿੱਚ ਉਹ ਅਕਸਰ ਆਪਣੇ ਅਧਿਆਪਕਾਂ-ਮਾਸਟਰ ਪੂਰਨ ਚੰਦ, ਡਾ: ਅਤਰ ਸਿੰਘ ਅਤੇ ਡਾ: ਸੁਰਿੰਦਰ ਸਿੰਘ ਕੋਹਲੀ ਆਦਿ ਨੂੰ ਸ਼ਰਧਾ-ਭਾਵਨਾ ਨਾਲ ਯਾਦ ਕਰਦੇ। ਪ੍ਰਭਾਵੀ ਵਕਤਾ

ਅਤੇ ਵਿਸ਼ਾਲ ਗਿਆਨ ਭੰਡਾਰੇ ਕਰਕੇ ਉਹ ਸਫ਼ਲ ਅਧਿਆਪਕ ਨਹੀਂ, ਇੱਕ ਨਿੱਘੇ ਇਨਸਾਨੀ ਦਿਲ ਕਰਕੇ ਵੀ ਕੁਸ਼ਲ ਅਧਿਆਪਕ ਸਨ। ਸਾਡੀ ਪੀੜ੍ਹੀ ਲਈ ਉਹ ਕਈ ਗੱਲਾਂ ਕਰਕੇ ਰੋਲ ਮਾਡਲ ਸਨ। ਜਿਹੜਾ ਸਤਿਕਾਰ ਉਨ੍ਹਾਂ ਨੂੰ ਮਿਲਿਆ, ਉਹ ਉਨ੍ਹਾਂ ਦੀ ਕਰੜੀ 'ਸਾਧਨਾ' ਅਤੇ ਸਿਰਜਣਾਤਮਕਤਾ ਦਾ ਇਵਜ਼ਾਨਾ ਹੈ।

ਡਾ: ਕੇਸਰ ਜੀ ਦੇ ਵਿਛੜਨ ਜਾਣ ਤੋਂ ਬਾਅਦ ਡਾ: ਜਸਵੀਰ ਕੇਸਰ ਨੇ ਉਨ੍ਹਾਂ ਦੀਆਂ ਲਿਖਤਾਂ ਦੀ ਸੰਪਾਦਨਾ ਕਰਕੇ ਇੱਕ ਅਦੁੱਤੀ ਕਾਰਜ ਕੀਤਾ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ;

ਡਾ: ਕੇਸਰ ਸਿੰਘ ਕੇਸਰ ਸਿਮ੍ਰਤੀ ਗ੍ਰੰਥ, ਕਾਵਿ-ਚਿੰਤਨ-1, ਕਾਵਿ-ਚਿੰਤਨ-2, ਨਾਟ ਚਿੰਤਨ, ਗਲਪ ਚਿੰਤਨ, ਖੋਜ ਚਿੰਤਨ, ਡਾਇਰੀ ਚਿੱਠੀਆਂ ਅਤੇ ਕਵਿਤਾ ਅਤੇ ਅੱਧੀ ਤੇਰੀ-ਅੱਧੀ ਮੇਰੀ (ਜੀਵਨੀ) ਇਹ ਸਾਰਾ ਸ਼ਬਦ ਸਾਧਨਾ ਦਾ ਖ਼ਜ਼ਾਨਾ ਸਾਡੇ ਲਈ ਵਡਮੁੱਲਾ ਹੈ।

ਪੁਆਧ ਦੇ ਪਿੰਡ ਕਲੇਰਾਂ (ਨੇੜੇ ਬਸੀ-ਪਠਾਣਾ) ਦੇ ਜੰਮਪਲ ਡਾ: ਕੇਸਰ ਨੇ ਸਾਧਾਰਨ ਕਿਸਾਨ ਪਰਿਵਾਰ 'ਚੋਂ ਉੱਠ ਕੇ, ਪੰਜਾਬੀ-ਸਾਹਿਤ ਜਗਤ ਵਿੱਚ ਜੋ ਨਾਮਣਾ ਖੱਟੀ ਉਹ ਨਿਆਰੀ ਹੈ। ਸਹੀ ਅਰਥਾਂ ਵਿੱਚ ਉਹ ਸਾਹਿਤ ਦੇ ਆਧੁਨਿਕ ਅਚਾਰੀਆ ਸਨ।

# ਅਧਿਆਇ ਸੱਤਵਾਂ

# ਲੋਕ-ਅਖਾੜਾ ਪਰੰਪਰਾ ਦਾ ਮੁੱਢ ਪੁਆਧ

ਪੁਆਧ ਕੇ ਲੋਕ-ਗਾਇਕ
ਜਿਨ੍ਹਾਂ ਕੀਆਂ ਲੋਕ ਗੱਲਾਂ ਕਰੈਂ:

1. ਲੋਕ ਗਾਇਕ ਭਗਤ ਆਸਾ ਰਾਮ ਬੈਦਵਾਣ
2. ਧੂਮਾਂ ਪਾਉਣ ਵਾਲਾ ਰੱਬੀ ਬੈਰੋਂਪੁਰੀ
3. ਈਦੂ ਸ਼ਰੀਫ ਸਾਰੰਗੀ ਦਾ ਵਾਰਸ
4. ਲੰਮੀ ਹੇਕ ਵਾਲਾ - ਸੁਰਜੀਤ ਬਿੰਦਰਖੀਆ
5. ਬੀਰੂ ਭਰਿਆਈ - ਪੁਆਧੀ ਸਭਿਆਚਾਰ ਦਾ ਸ਼ੀਸ਼ਾ
6. ਅਖਾੜਾ ਪਰੰਪਰਾ ਨੂੰ ਸਮਰਪਿਤ ਕੇਸਰ ਸਿੰਘ ਸੋਹਾਣਾ

# 37 ਲੋਕ ਗਾਇਕ ਭਗਤ ਆਸਾ ਰਾਮ ਬੈਦਵਾਣ

*ਡਾ. ਕਰਨੈਲ ਸਿੰਘ ਸੋਮਲ*
*ਮੋਬਾ: 9814157137*


*ਭਗਤ ਆਸਾ ਰਾਮ*

ਪੁਆਧ ਦੇ ਪਿੰਡ ਸੋਹਾਣਾ ਦਾ ਜੰਮਪਲ ਭਗਤ ਆਸਾ ਰਾਮ ਸਹੀ ਅਰਥਾਂ ਵਿੱਚ ਲੋਕ ਕਵੀ ਸੀ। ਉਸ ਦੇ ਲੋਕ-ਸਿਆਣਪ ਦੇ ਨਾਲ ਗੁੰਧੇ ਗੌਣ ਲੋਕਾਂ ਨੂੰ ਮੰਤਰਮੁਗਧ ਕਰਦੇ ਸਨ। ਲੋਕਾਂ ਦਾ ਮਨੋਰੰਜਨ ਤਾਂ ਹੁੰਦਾ ਹੀ ਸੀ, ਨਾਲ ਧਰਮ-ਕਰਮ ਅਤੇ ਆਚਾਰ-ਵਿਹਾਰ ਦੀ ਸਿੱਖਿਆ-ਦੀਖਿਆ ਦਾ ਸਬੱਬ ਵੀ ਬਣਦਾ ਸੀ। ਉਸ ਦੇ ਸਮੁੱਚੇ ਬੋਲ ਸਚਿਆਰੇ ਦੇ ਦਿਲਾਂ ਨੂੰ ਸਹਿਜ ਹੀ ਛੂੰਹਦੇ ਹਨ। ਆਸਾ ਰਾਮ ਦੇ ਵੇਲੇ ਮੀਡੀਏ ਦਾ ਜਾਲ ਅੱਜ ਵਾਂਗ ਨਹੀਂ ਸੀ। ਆਵਾਜਾਈ ਦੇ ਸਾਧਨ ਵੀ ਨਿਗੁਣੇ ਸਨ, ਇਸ ਲਈ ਆਸਾ ਰਾਮ ਇਲਾਕਈ ਕਵੀ ਅਤੇ ਗਾਇਕ ਹੋ ਕੇ ਰਹਿ ਗਿਆ।

ਆਸਾ ਰਾਮ ਬੈਦਵਾਣ ਜੱਟ ਸੀ। ਮੌਲੀ, ਮਟੌਰ, ਕੁੰਭੜਾ, ਸੁਹਾਣਾ ਜਿਹੇ ਉੱਘੇ ਪਿੰਡ ਬੈਦਵਾਣ ਹਨ। ਇਨ੍ਹਾਂ ਤੋਂ ਬਿਨਾਂ ਇਸੇ ਇਲਾਕੇ ਵਿੱਚ ਕਈ ਹੋਰ ਛੋਟੇ ਪਿੰਡ ਇਸੇ ਗੋਤ ਦੇ ਜੱਟਾਂ ਦੇ ਹਨ। ਉਨ੍ਹਾਂ ਵਿਚੋਂ ਕਈ ਪਿੰਡ ਇੱਥੋਂ ਉੱਠ ਕੇ ਗਏ ਵਸਨੀਕਾਂ ਦੇ ਹੀ ਵਸਾਏ ਹੋਏ ਹਨ। ਇਸ ਪ੍ਰਕਾਰ ਇਸ ਇਲਾਕੇ ਦੇ ਗਿਆਰਾਂ ਪਿੰਡ ਬੈਦਵਾਣਾਂ ਦੇ ਹਨ। ਹਰ ਬੈਦਵਾਣ ਇਸ ਗੱਲੋਂ ਮਾਣ-ਮੱਤਾ ਮਹਿਸੂਸ ਕਰਦਾ ਹੈ। ਆਸਾ ਰਾਮ ਵੀ ਆਪਣੀਆਂ ਰਚਨਾਵਾਂ ਦੇ ਅੰਤ 'ਤੇ ਇਨ੍ਹਾਂ ਪਿੰਡਾਂ ਦਾ ਵੇਰਵਾ ਮਾਣ ਨਾਲ ਦਿੰਦਾ ਹੈ।

ਸਿੱਖੀ ਆਚਾਰ-ਵਿਹਾਰ ਨੂੰ ਦ੍ਰਿੜਾਉਂਦੀ ਸਿੰਘ ਸਭਾ ਲਹਿਰ ਦਾ ਅਸਰ ਇਸ ਇਲਾਕੇ ਵਿੱਚ ਬਹੁਤ ਦੇਰ ਬਾਅਦ ਪਹੁੰਚਿਆ। ਉਦੋਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਨੂੰ ਛੂੰਹਦੇ ਇਸ ਇਲਾਕੇ ਵਿੱਚ ਸ਼ਿਵ-ਭਗਤਾਂ ਅਤੇ ਹਿੰਦੂ ਮੱਤ-ਮਤਾਂਤਰਾਂ ਨੂੰ ਮੰਨਣ ਵਾਲਿਆਂ ਦਾ ਪ੍ਰਭਾਵ ਜ਼ਿਆਦਾ ਸੀ। ਆਸਾ ਰਾਮ ਦੇ ਕਿੱਸੇ 'ਅਥ ਸੀਤਾ ਸਵੰਬਰ', 'ਕ੍ਰਿਸ਼ਨ ਲੀਲ੍ਹਾ', 'ਨਾਸਕੇਤ', 'ਰਾਜਾ ਹਰੀ ਚੰਦ', 'ਗਊ ਵਿਰਲਾਪ' ਅਤੇ 'ਸਤੀ ਸਲੋਚਨਾ' ਇਸੇ ਪ੍ਰਭਾਵ ਨੂੰ ਦਰਸਾਉਂਦੇ ਹਨ।

ਆਸਾ ਰਾਮ ਨੇ ਕਿੰਨੀ ਕੁ ਕਾਵਿ-ਰਚਨਾ ਕੀਤੀ, ਇਸ ਬਾਰੇ ਸਹੀ ਤਰ੍ਹਾਂ ਕਹਿਣਾ ਕੁਝ ਔਖਾ ਹੈ। ਅਜੇ ਉਪਰ ਦੱਸੇ ਛੇ ਕਿੱਸਿਆਂ ਦਾ ਹੀ ਪਤਾ ਲੱਗਿਆ ਹੈ। ਆਸਾ ਰਾਮ ਆਪ ਅੱਖਰ ਗਿਆਨ ਤੋਂ ਕੋਰਾ ਸੀ, ਇਸ ਲਈ ਉਸ ਨੇ ਆਪਣੀ ਕੁਝ ਰਚਨਾ ਜਗਤ ਸਿੰਘ ਵਸਨੀਕ ਝਿੰਗੜਾਂ ਤੋਂ ਕਲਮ-ਬੰਦ ਕਰਵਾਈ ਜੋ ਫਿਰ ਕਿੱਸਿਆਂ ਦੇ ਰੂਪ ਵਿੱਚ

ਛਪੀ। ਉਸ ਦਾ ਮੁੱਖ ਰੁਝਾਨ ਤਾਂ ਅਖਾੜੇ ਲਾਉਣਾ ਅਤੇ ਗੌਣ ਗਾਉਣਾ ਸੀ। ਵੈਸੇ ਉਸ ਦੇ ਜਿਹੜੇ ਕਿੱਸੇ ਵੇਖਣ ਨੂੰ ਮਿਲਦੇ ਹਨ ਉਨ੍ਹਾਂ ਦਾ ਕਾਗਜ਼ ਘਟੀਆ ਕਿਸਮ ਦਾ ਹੈ ਅਤੇ ਛਪਾਈ ਦੀਆਂ ਗਲਤੀਆਂ ਬੇਸ਼ੁਮਾਰ ਹਨ। ਕੋਈ ਕਵੀ ਆਪਣੀ ਰਚਨਾ ਆਪਣੇ ਹੱਥੀਂ ਲਿਖੇ ਤਾਂ ਗੱਲ ਹੋਰ ਹੈ। ਜੇਕਰ ਕਿਸੇ ਹੋਰ ਤੋਂ ਲਿਖਵਾਇਆ ਗਿਆ ਹੈ ਅਤੇ ਉਸ ਲਿਖੇ ਨੂੰ ਕਵੀ ਦਵਾਰਾ ਸੋਧਿਆ ਨਹੀਂ ਗਿਆ ਤਦ ਕਾਫੀ ਕੁਝ ਲਿਖਣ ਵਾਲੇ ਦੀ ਯੋਗਤਾ 'ਤੇ ਹੀ ਨਿਰਭਰ ਕਰਦਾ ਹੈ। ਜਾਪਦਾ ਹੈ ਉਦੋਂ ਆਸਾ ਰਾਮ ਆਪਣੀ ਰਚਨਾਂ ਨੂੰ ਲਿਖਤੀ ਰੂਪ ਵਿੱਚ ਇਉਂ ਸੰਭਾਲਣ ਪ੍ਰਤਿ ਸੁਚੇਤ ਵੀ ਨਹੀਂ ਸੀ। ਉਸ ਦੀ ਰਚਨਾ ਮੌਖਿਕ ਸਾਹਿਤ ਦੀ ਕੋਟੀ ਦੀ ਹੈ। ਕੁਦਰਤੀ ਹੈ ਉਸ ਵਿੱਚ ਅੱਗੇ ਤੋਂ ਅੱਗੇ ਤੁਰਦਿਆਂ ਰਲਾਅ ਵੀ ਹੋਇਆ ਹੋਣੈ ਅਤੇ ਕਾਫੀ ਕੁਝ ਵਿਸਰਿਆ ਵੀ ਹੋਣੈ।

ਆਸਾ ਰਾਮ ਦੀ ਸਾਰੀ ਰਚਨਾ ਅਖਾੜੇ ਦੇ ਗੌਣਾਂ ਦੀ ਉਪਜ ਹੈ। ਉਸ ਦੇ ਕਿੱਸੇ ਇਨ੍ਹਾਂ ਗੌਣਾਂ ਦੀ ਸਕ੍ਰਿਪਟ ਮਾਤਰ ਹਨ। ਇਹ ਮੌਨ ਪਾਠ ਦੀ ਵਸਤੂ ਨਹੀਂ ਹੈ। ਇਨ੍ਹਾਂ ਦੀ ਖੂਬਸੂਰਤੀ ਅਖਾੜਿਆਂ ਵਿਚ ਹੀ ਉਭਰਦੀ ਸੀ। ਉਸ ਦੇ ਰਚਨਾ-ਸੰਸਾਰ ਦੀ ਸ਼ਕਤੀ 'ਤੇ ਖੂਬਸੂਰਤੀ ਨੂੰ ਸਰਾਹੁਣ ਲਈ ਜ਼ਰਾ ਇਹ ਦ੍ਰਿਸ਼ ਚਿਤਵੀਏ-

ਅਖਾੜੇ ਵਿਚ ਲੋਕ ਢਕੋ-ਢਕੀ ਬੈਠੇ ਹਨ। ਵਜੰਤਰੀ ਆਪਣੇ ਸਾਜਾਂ ਨੂੰ ਇਕਸੁਰ ਕਰ ਰਹੇ ਹਨ, ਨਾਲ ਹੀ ਸਰੋਤੇ ਆਪਣੀਆਂ ਬਿਰਤੀਆਂ ਨੂੰ ਇਕਾਗਰ ਕਰ ਰਹੇ ਹਨ। ਪੈਰਾਂ ਵਿਚ ਘੁੰਗਰੂ ਬੰਨ੍ਹੀ ਨਚਾਰ ਘੜੀ-ਮੁੜੀ ਛਣਕ ਪੈਦਾ ਕਰ ਰਿਹਾ ਹੈ। ਇਸ ਸਾਰੇ ਦ੍ਰਿਸ਼ ਦਾ ਕੇਂਦਰ ਭਗਤ ਆਸਾ ਰਾਮ ਹੈ ਆਪਣੇ ਖੂੰਡੇ ਉੱਤੇ ਦੋਵੇਂ ਹੱਥ ਰੱਖੀਂ ਖੜ੍ਹਾ। ਫਿਰ ਸ਼ੁਰੂ ਹੁੰਦਾ ਹੈ ਉਸ ਦਾ ਗੌਣ। ਵੱਡੇ ਭਰਵੇਂ ਇਕੱਠ ਕਰ ਕੇ ਗੌਣ ਦੀ ਸੁਰ ਉੱਚੀ ਹੈ। ਮੰਤਰ ਮੁਗਧ ਹੋਏ ਸਰੋਤੇ ਸਾਹਮਣੇ ਹੋਣ ਕਾਰਨ ਸੰਬੋਧਨ ਸਿੱਧਾ ਹੈ। ਇਸ ਗੌਣ ਦੇ ਤਿੰਨ ਧਰਾਤਲ ਹਨ। ਪਹਿਲਾ ਜਦੋਂ ਉਹ ਸੂਤਰਧਾਰ ਦੀ ਭੂਮਿਕਾ ਨਿਭਾਉਂਦਾ ਹੋਇਆ ਵਾਰਤਕ ਵਿਚ ਪ੍ਰਸੰਗ ਦੱਸਦਾ ਹੈ। ਦੂਜਾ ਉਹ ਕਵਿਤਾ ਵਿਚ ਬਿਰਤਾਂਤ ਬੋਲਦਾ ਹੈ। ਤਰਜ਼ ਤੇ ਹੇਕ ਨਿਸ਼ਚੇ ਹੀ ਲੰਮੀ ਅਤੇ ਟਿਕਵੀਂ ਹੈ। ਆਵਾਜ਼ ਪ੍ਰਸੰਗ ਅਨੁਸਾਰ ਵੱਖ-ਵੱਖ ਰਸ ਪੈਦਾ ਕਰਦੀ ਕਦੇ ਗਰਜਦੀ ਹੈ, ਕਦੇ ਲਰਜ਼ਦੀ ਹੈ, ਕਦੇ ਦਰਦ ਭਰੀ ਹੂਕ ਬਣਦੀ ਹੈ, ਕਦੇ ਸਿਫ਼ਤ-ਸਲਾਹ ਵਿਚ ਲਬਰੇਜ ਹੁੰਦੀ ਸਰੋਦੀ ਬਣਦੀ ਹੈ। ਸਾਜ਼ਿੰਦੇ ਭਗਤ ਆਸਾ ਰਾਮ ਦੇ ਬੋਲਾਂ ਦੇ ਹਰ ਰੰਗ ਨੂੰ ਉਭਾਰਦੇ ਹਨ। ਜਦੋਂ ਬੋਲੀ ਪੈਂਦੀ ਹੈ ਤਾਂ ਪਹਿਲਾਂ ਆਖੀ ਗੱਲ ਸਿੱਖਰ ਨੂੰ ਛੂੰਹਦੀ ਹੈ। ਨਚਾਰ ਥਿਰਕਦਾ ਹੈ, ਵੇਗ ਵਿਚ ਨੱਚਦਾ ਹੈ, ਸਾਜ਼ਾਂ ਦੀਆਂ ਥਾਪਾਂ 'ਤੇ ਧੁਨਾਂ ਇਸ ਰੰਗ ਨੂੰ ਪ੍ਰਚੰਡਤਾ ਬਖਸ਼ਦੀਆਂ ਹਨ। ਲੋਕ ਵਾਹ ਵਾਹ ਕਰਦੇ ਹਨ। ਸਥਿਤੀ ਪਰਸਪਰ ਸਜੀਵ ਸੰਵਾਦ ਵਾਲੀ ਹੋ ਜਾਂਦੀ। ਉਨ੍ਹਾਂ ਨੂੰ ਝੂੰਮਦੇ ਵੇਖ ਭਗਤ ਆਸਾ ਰਾਮ ਬਿਰਤਾਂਤ ਦੀ ਅਗਲੀ ਕੜੀ ਨੂੰ ਫੜਦਾ ਹੈ।" ਜ਼ਰੂਰੀ ਨਹੀਂ ਸੀ ਕਿ ਹਰ ਪ੍ਰਸੰਗ ਆਰੰਭ ਅਤੇ ਅੰਤ ਤੀਕ ਮੁਕੰਮਲ ਹੋਵੇ। ਬਸ, ਜਿੰਨੀ ਦੇਰ ਸਰੋਤੇ ਸੁਣਦੇ ਆਸਾ ਰਾਮ ਗਾਉਂਦਾ ਰਹਿੰਦਾ।

ਸਰੋਤੇ ਪੁਆਧ ਦੇ ਹੁੰਦੇ ਤੇ ਆਸਾ ਰਾਮ ਜੋ ਕਿ ਗੌਣਾਂ ਨੂੰ ਆਪ ਹੀ ਸਿਰਜਦਾ ਤੇ ਾਪ ਹੀ ਗਾਉਂਦਾ ਸੀ, ਪੋਟਾ-ਪੋਟਾ ਪੁਆਧੀ ਸੀ। ਪੁਆਧੀ ਦੀਆਂ ਧੁਨੀਆਂ, ਪੁਆਧੀ ਸ਼ਬਦ ਅਤੇ ਪੁਆਧੀ ਦਾ ਲਹਿਜ਼ਾ ਹੁੰਦਾ ਸੀ। ਸੋ ਪੁਆਧ ਦੇ ਪਿੰਡਾਂ ਦੇ ਇਸ ਾਤਾਵਰਣ ਵਿਚ ਦਿਲਾਂ ਦੀ ਬੋਲੀ-ਬੋਲੀ ਜਾਂਦੀ ਸੀ। ਗਾਉਣ ਦੀਆਂ ਲੋੜਾਂ ਅਨੁਸਾਰ ਚਨਾ ਨੂੰ ਢਾਲਿਆ ਜਾਂਦਾ ਸੀ। ਸਥਾਨਕ ਰੰਗ ਵੀ ਦਿੱਤਾ ਜਾਂਦਾ। ਆਸਾ ਰਾਮ ਮੌਕੇ ਤੇ ਵੀ ਕੋਈ ਬੋਲੀ, ਦੋਹਰਾ ਜਾਂ ਬੈਂਤ ਘੜ ਲੈਂਦਾ ਸੀ।

ਉਹ ਅੱਖਰ-ਗਿਆਨ ਤੋਂ ਕੋਰੇ ਹੋਣ ਦੀ ਆਪਣੀ ਗੱਲ ਸਪੱਸ਼ਟ ਕਹਿੰਦਾ ਹੈ:

**ਨਗਰ ਸੁਹਾਣਾ ਬੀਚ ਮੇਂ ਰਹੇ ਬੈਦਵਾਣ ਜੋ ਗੋਤ।**
**ਨ ਪੜ੍ਹਨਾ ਕੁਛ ਕੁਛ ਜਾਣਦਾ ਇਕ ਸਤਿਗੁਰ ਕੀ ਓਟ।**

ਆਮ ਤੌਰ 'ਤੇ ਹਰ ਬੈਂਤ ਦੀ ਅੰਤਲੀ ਤੁਕ ਉਹ 'ਆਸਾ ਰਾਮ ਕਹਿੰਦਾ' ਨਾਲ ਸ਼ੁਰੂ ਕਰਦਾ, ਜਿਵੇਂ- **'ਆਸਾ ਰਾਮ ਕਹਿੰਦਾ ਤੇਜ਼ ਅੱਖੀਆਂ ਦਾ ਜਿੱਥੇ ਪੈਂਦਾ ਏ ਧੂੜ ਚਰਾਈ ਹੈ ਜੀ।'**

ਇਸ ਭਾਂਤ ਭਗਤ ਆਸਾ ਰਾਮ ਦੀ ਕਲਾ ਆਪਣੀ ਉਦਾਹਰਣ ਆਪ ਹੈ। ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਉਸ ਤੋਂ ਪਹਿਲਾਂ ਨਾ ਇਸ ਕਿਸਮ ਦੀ ਕਾ ਕਦੇ ਵਰਤੀ ਅਤੇ ਨਾ ਪਿੱਛੋਂ। ਉਂਜ ਰਾਸ-ਧਾਰੀਏ ਬਥੇਰੇ ਫਿਰਦੇ ਹਨ ਅਤੇ ਗੌਣ ਵੀ ਬਥੇਰੇ ਸੁਣੇ ਜਾਂਦੇ ਰਹੇ ਹਨ। ਅਖਾੜੇ ਲੱਗਣ ਦਾ ਵੀ ਕੋਈ ਅੰਤ ਨਹੀਂ ਪਰ ਆਸਾ ਰਾਮ ਕੋਈ ਨਹੀਂ ਬਣ ਸਕਿਆ। ਉਹ ਅਖਾੜੇ ਵਿਚ ਕਿਸੇ ਤੋਂ ਰੁਪਈਆ ਨਹੀਂ ਸੀ ਲੈਂਦਾ। ਕਦੇ ਸ਼ਰਾਬ ਨਹੀਂ ਸੀ ਪੀਂਦਾ। ਅਖਾੜਾ ਲੁਆਣ ਲਈ ਲੋਕ ਰਸਦ ਪਾਣੀ ਆਪ ਹੀ ਆਦਰ ਵਜੋਂ ਦੇ ਦਿੰਦੇ। ਆਸਾ ਰਾਮ ਦਾ ਮਨ ਸਰਲ ਸੀ। ਉਹ ਜੋ ਕਹਿੰਦਾ ਸੱਚ ਹੀ ਕਹਿੰਦਾ ਸੀ। ਨਿਮਰਤਾ ਵੀ ਬੜੀ ਸੀ। ਉਸ ਦਾ ਕਹਿਣਾ ਹੈ:

**ਆਸਾ ਰਾਮ ਸੁਣਾਂਵਦਾ ਉਸ ਪ੍ਰਭੂ ਦੀ ਗਾਥ।**
**ਜਿਨ ਜੋੜੀ ਓਹ ਔਰ ਹੈ ਪ੍ਰਭ ਮੈਂ ਨਹੀਂ ਜੋੜੀ ਬਾਤ।**
**ਜੈਸੀ ਦਿਲ ਮੇਂ ਆਂਵਦੀ ਵੈਸੀ ਕਹੀ ਬਣਾਇ।**
**ਭੁੱਲਿਆ ਚੁੱਕਿਆ ਮਾਫ ਹੋ ਹੱਥ ਬੰਨ੍ਹ ਦੀਆਂ ਸੁਣਾਏ।**

ਆਸਾ ਰਾਮ ਦੀਆਂ ਰਚਨਾਵਾਂ ਦਾ ਸਾਹਿਤਕ ਮਹੱਤਵ ਤਾਂ ਹੈ ਹੀ ਪਰ ਪੁਆਧ ਦੀਆਂ ਭੂਗੋਲਿਕ ਅਤੇ ਸਮਾਜਕ ਹਾਲਾਤ ਤੋਂ ਉਪਜੇ ਸਭਿਆਚਾਰ ਅਤੇ ਜੀਵਨ-ਦ੍ਰਿਸ਼ਟੀ ਨੂੰ ਉਪਲਬਧ ਕਰਾਉਣ ਪੱਖੋਂ ਵੀ ਇਹ ਧਿਆਨ ਯੋਗ ਹਨ। ਪੁਆਧੀ ਉਪ-ਭਾਸ਼ਾ ਦਾ ਇਹ ਅਨਮੋਲ ਖਜ਼ਾਨਾ ਹਨ। ਅਜਿਹੀਆਂ ਰਚਨਾਵਾਂ ਦੇ ਅਧਿਐਨ ਤੋਂ ਆਉਣ ਵਾਲੀਆਂ

ਪੀੜ੍ਹੀਆਂ ਸਮਝ ਸਕਿਆ ਕਰਨਗੀਆਂ ਕਿ ਇਨ੍ਹਾਂ ਵੱਡੇ-ਵੱਡੇ ਹੈਰਾਨੀ ਤੇ ਭੈਅ ਉਪਜਾਉਂਦੇ ਚੰਡੀਗੜ੍ਹ ਤੇ ਮੁਹਾਲੀ ਦੇ ਕੰਕ੍ਰੀਟ ਦੇ ਭਵਨਾਂ ਵਾਲੀ ਭੂਮੀ 'ਤੇ ਕਦੇ ਪੁਆਧੀ ਜੀਵਨ ਆਪਣੀ ਸਾਦਗੀ ਪਰ ਭਰਪੂਰਤਾ ਨਾਲ ਆਪਣੇ ਹੀ ਰੰਗਾਂ ਵਿਚ ਬੇਹੱਦ ਮਨਮੋਹਣਾ ਸੀ।


ਭਗਤ ਆਸਾ ਰਾਮ ਦੇ ਸ਼ਿਸ਼ਾਂ ਦੀਆਂ ਤਿੰਨ ਪੀੜ੍ਹੀਆਂ ਹੀ ਹੋਈਆਂ ਹਨ ਤਾਂ ਵੀ ਉਸ ਦੇ ਜੀਵਨ ਬਾਰੇ ਪੁਸ਼ਟ ਜਾਣਕਾਰੀ ਬਹੁਤੀ ਨਹੀਂ ਮਿਲਦੀ। ਉਸ ਦੀ ਰਚਨਾ ਦਾ ਵੀ ਕੋਈ ਪ੍ਰਮਾਣਿਕ ਰਿਕਾਰਡ ਨਹੀਂ ਹੈ। ਵਕਤ ਦੀ ਧੂੜ ਵਿਚ ਕਿੰਨਾ ਕੁਝ ਗੁੰਮ-ਗੁਆਚ ਗਿਆ ਹੈ। ਭਗਤ ਆਸਾ ਰਾਮ ਤੋਂ ਕਿੱਸੇ ਸੁਣ ਕੇ ਉਸ ਦੇ ਇੱਕ ਸ਼ਰਧਾਲੂ ਨੇ ਕੁਝ ਕਿੱਸੇ ਕਲਮਬੰਦ ਕੀਤੇ।

ਆਸਾ ਰਾਮ ਕਹਿੰਦਾ ਹੈ:

**ਮੇਰੇ ਕਿੱਸਿਆਂ ਦੀ ਕਰਤੀ ਹੈ ਲਿਖਤ ਉਸ ਨੇ,**
**ਇਲਮ ਜਾਣਦਾ ਏ ਉਰਦੂ ਫਾਰਸੀ ਦਾ।**
**ਆਸਾ ਰਾਮ ਨੇ ਕਿੱਸੇ ਤਿਆਰ ਕੀਤੇ,**
**ਸ਼ੀਸ਼ਾ ਬਣ ਗਿਆ ਜਗਤ ਦੀ ਆਰਸੀ ਦਾ।**

# 38 ਧੂਮਾਂ ਪਾਉਣ ਵਾਲਾ - ਰੱਬੀ ਬੈਰੋਂਪੁਰੀ

*ਮਨਮੋਹਨ ਕੌਰ ਸੰਤੇਮਾਜਰਾ*



*ਰੱਬੀ ਬੈਰੋਂਪੁਰੀ*

'ਰੱਬੀ ਬੈਰੋਂਪੁਰੀ' ਉਰਫ 'ਰੱਬੀ ਸਿੰਘ ਟਿਵਾਣਾ' ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਹਰ 'ਪੁਆਧੀ' ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਗੀਤਾਂ ਨੂੰ ਜਾਣਦਾ ਹੈ। ਪੁਆਧੀ ਖਿੱਤੇ ਵਿੱਚ ਕਈ ਕਿਸਮ ਦੀਆਂ ਅਖਾੜਾ ਪ੍ਰੰਪਰਾਵਾਂ ਪ੍ਰਚਲਿਤ ਰਹੀਆਂ ਹਨ, ਜਿਨ੍ਹਾਂ ਵਿਚੋਂ 'ਸ੍ਰੀ ਰੱਬੀ ਬੈਰੋਂਪੁਰੀ' ਦੁਆਰਾ ਪ੍ਰਚਲਿਤ ਅਖਾੜੇ ਦੀ ਉਪ-ਪ੍ਰੰਪਰਾ ਦਾ ਵਿਸ਼ੇਸ਼ ਮੁਕਾਮ ਹੈ। ਸੰ 1937 ਈ: ਵਿੱਚ ਪਿਤਾ ਸ. ਤਰਲੋਕ ਸਿੰਘ ਟਿਵਾਣਾ ਅਤੇ ਮਾਤਾ ਸ਼੍ਰੀਮਤੀ ਕਰਤਾਰ ਕੌਰ ਦੇ ਘਰ, ਪਿੰਡ ਬੈਰੋਂਪੁਰ, ਜ਼ਿਲ੍ਹਾ ਮੁਹਾਲੀ ਵਿੱਚ ਜੰਮਿਆ 'ਰੱਬੀ', 'ਬੈਰੋਂਪੁਰੀ' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਆਪ ਨੇ ਪਹਿਲਾਂ ਪ੍ਰਚਲਿਤ ਅਖਾੜਿਆਂ ਵਿਚੋਂ ਇੱਕ ਸੰਸਥਾ ਵਾਂਗ ਕੰਮ ਕੀਤਾ। ਅਜੋਕੇ ਮੀਡੀਏ ਦੇ ਪ੍ਰਭਾਵਸ਼ਾਲੀ ਰੋਲ ਤੋਂ ਪਹਿਲਾਂ ਅਖਾੜਾ ਗਾਇਕੀ ਦੇ ਖੇਤਰ ਵਿੱਚ ਇਨ੍ਹਾਂ ਦਾ ਪੂਰੀ ਤਰ੍ਹਾਂ ਦਬ-ਦਬਾ ਰਿਹਾ ਹੈ। ਜਿਸ ਸਮੇਂ ਪੁਆਧ ਵਿੱਚ ਰੱਬੀ ਬੈਰੋਂਪੁਰੀ ਦਾ ਅਖਾੜਾ ਜ਼ੋਰਾਂ 'ਤੇ ਸੀ, ਉਸ ਸਮੇਂ ਬਾਕੀ ਪੰਜਾਬ ਵਿੱਚ ਪ੍ਰਸਿੱਧ ਗਾਇਕ ਲਾਲ ਚੰਦ ਯਮਲਾ ਜੱਟ, ਅਮਰ ਸਿੰਘ ਸ਼ੌਕੀ ਅਤੇ ਕਰਨੈਲ ਸਿੰਘ ਪਾਰਸ ਆਦਿ ਗਾਇਕ ਪੰਜਾਬੀ ਲੋਕਾਂ ਦੇ ਮਨਾਂ ਵਿੱਚ ਆਪਣੀ ਅਹਿਮ ਥਾਂ ਬਣਾ ਚੁੱਕੇ ਸਨ। 'ਰੱਬੀ' ਹੋਰੀਂ ਲਾਲ ਚੰਦ ਯਮਲਾ ਜੀ ਤੋਂ ਕਾਫ਼ੀ ਪ੍ਰਭਾਵਿਤ ਹੋਏ ਭਾਵੇਂ ਉਨ੍ਹਾਂ ਨੇ ਖ਼ੁਦ ਯਮਲਾ ਜੀ ਤੋਂ ਕਾਫੀ ਦੇਰ ਬਾਅਦ ਗਾਉਣਾ ਸ਼ੁਰੂ ਕੀਤਾ।

ਵਿਦਿਅਕ ਖੇਤਰ ਵਿੱਚ ਅੱਠ ਜਮਾਤਾਂ ਪਾਸ ਕਰਨ ਦੇ ਬਾਵਜੂਦ ਕਲਾਤਮਕ ਖੇਤਰ ਵਿੱਚ ਉਸਦਾ ਕੋਈ ਸਾਨੀ ਨਹੀਂ ਸੀ। ਆਪਣੀਆਂ ਕਾਵਿ-ਮਈ ਤੁਕਾਂ ਰਾਹੀਂ ਆਪਣੇ ਪਿੰਡ ਅਤੇ ਇਲਾਕੇ ਬਾਰੇ ਜਾਣਕਾਰੀ ਇਸ ਤਰ੍ਹਾਂ ਪੇਸ਼ ਹੈ:

ਬੈਰੋਂਪੁਰੀ ਤੇ ਭਾਗੋਮਾਜਰਾ ਦੋ ਪਿੰਡ ਇੱਕ ਨਾਂ ਵਾਲੇ,
ਸਿਰਫ ਦੋਹਾਂ ਵਿੱਚ ਅੰਤਰ ਏਨਾਂ ਵਗਦੀ ਪਹੀ ਵਿਚਾਲੇ,
ਬੈਰੋਂਪੁਰੀ ਹੈ ਡਾਕਖਾਨਾ ਵੀ, ਖਾਸ ਦੋਹਾਂ ਦਾ ਇੱਕੋ,
ਥਾਣਾ ਖਰੜ ਤਸੀਲ ਮੁਹਾਲੀ, ਨਵੀਂ ਬਣੀ ਹੈ ਹਾਲੇ,
ਰੋਪੜ ਜ਼ਿਲ੍ਹਾ ਜਾਂ ਰੂਪਨਗਰ, ਮੇਰਾ ਇਹ ਵੀ ਹੈ ਦੋ ਨਾਵਾਂ,
ਮਾਰੂ ਇਲਾਕਾ ਜ਼ਿਆਦਾਤਰ ਹੈ ਪਾਣੀ ਟਾਂਵਾ ਟਾਂਵਾ।

ਜਦੋਂ ਰੱਬੀ ਡੀ.ਬੀ. ਹਾਈ ਸਕੂਲ ਲਾਂਡਰਾਂ ਦਾ ਵਿਦਿਆਰਥੀ ਸੀ, ਤਾਂ ਉਸ ਸਮੇਂ ਸਕੂਲ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਅਕਸਰ ਆਉਂਦੇ ਹੁੰਦੇ ਸਨ। ਉਨ੍ਹਾਂ ਨੇ ਰੱਬੀ ਦੀ ਪ੍ਰਤਿਭਾ ਨੂੰ ਪਛਾਣਿਆ ਤੇ ਉਸ ਨੂੰ ਅੱਗੇ ਵਧਣ ਲਈ ਮੌਕੇ ਪ੍ਰਦਾਨ ਕੀਤੇ। ਇੱਕ ਵਾਰ ਸਕੂਲੀ ਸਮਾਗਮ ਸਮੇਂ ਰੱਬੀ ਨੇ ਇੱਕ ਗੀਤ ਸੁਣਾਇਆ ਜਿਸਦੇ ਬੋਲ ਸਨ:

"ਤੱਕਲੀ ਸੁਰੀਲੀ ਮੇਰੀ ਘੱਮ ਘੱਮ ਗਾਂਵਦੀ ਬਾਪੂ ਜੀ ਦੀ ਯਾਦ ਸਾਨੂੰ ਪਈ ਏ ਸਤਾਂਵਦੀ"।

ਇਸਨੂੰ ਸੁਣ ਕੇ ਡਾ. ਰੰਧਾਵਾ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਰੱਬੀ ਨੂੰ ਸਰਵੋਤਮ ਗਾਇਕ ਦਾ ਖ਼ਿਤਾਬ ਬਖਸ਼ਿਆ।

ਜਵਾਨੀ ਪਹਿਰੇ ਰੱਬੀ ਜੀ ਆਪਣੀ ਕਿਸਮਤ ਅਜਮਾਉਣ ਲਈ ਸੰ 1957 ਈ: ਵਿੱਚ ਬੰਬਈ ਦੀ ਫ਼ਿਲਮ ਇੰਡਸਟਰੀ ਵਿੱਚ ਜਾ ਪੁੱਜੇ। ਭਾਵੇਂ ਕਿ ਘਰੋਂ ਆਪ ਕਿਸੇ ਮਕੈਨਿਕ ਨਾਲ ਕੰਮ ਸਿੱਖਣ ਲਈ ਬੰਬਈ ਗਏ ਸੀ। ਬੰਬਈ ਦੇ ਨਜ਼ਦੀਕ ਕਲਿਆਣ ਸ਼ਹਿਰ ਵਿੱਚ ਆਪਨੇ ਐਨ.ਆਰ.ਸੀ. ਨਾਂ ਦੀ ਕੰਪਨੀ ਵਿੱਚ ਨੌਕਰੀ ਕਰ ਲਈ। ਪਰ ਡਿਊਟੀ ਤੋਂ ਮਗਰੋਂ ਆਪ ਆਪਣੇ ਕਮਰੇ ਵਿੱਚ ਪੰਜ ਪੰਜ ਘੰਟੇ ਰਿਆਜ਼ ਕਰਦੇ। ਇੱਥੇ ਹੀ ਆਪਦਾ ਸੰਪਰਕ ਪੰਜਾਬੀ ਹਿੱਤਕਾਰੀ ਸਭਾ 'ਠਾਣਾ' ਨਾਲ ਹੋਇਆ। ਜਿਹੜੇ ਹੋਲੀ ਦੇ ਸਬੰਧ ਵਿੱਚ ਆਪਣਾ ਪ੍ਰੋਗਰਾਮ ਪੇਸ਼ ਕਰ ਰਹੇ ਸਨ ਅਤੇ ਫਿਲਮੀ ਗਾਇਕ ਕੁਲਦੀਪ ਚਾਂਦ ਨੇ ਇਥੇ ਆਪਣਾ ਪ੍ਰੋਗਰਾਮ ਪੇਸ਼ ਕਰਨਾ ਸੀ। ਰੱਬੀ ਨੇ ਵੀ ਇਸ ਪ੍ਰੋਗਰਾਮ ਲਈ ਆਪਣੀਆਂ ਬੋਲੀਆਂ ਗਾਈਆਂ ਤਾਂ ਆਪਦੀ ਅਵਾਜ਼ ਨਾਲ ਦਰਸ਼ਕਾਂ ਦਾ ਖਚਾ-ਖਚ ਭਰਿਆ ਹਾਲ ਝੂਮ ਉਠਿਆ, ਪ੍ਰਬੰਧਕਾਂ ਨੇ 500 ਰੁਪਏ ਦਾ ਸਪੈਸ਼ਲ ਇਨਾਮ ਦਿੱਤਾ ਜਦੋਂ ਕਿ ਉਸ ਸਮੇਂ ਤਨਖਾਹ ਸਿਰਫ ਸੱਠ ਰੁਪਏ ਮਹੀਨਾ ਸੀ।

ਬੰਬਈ ਵਿੱਚ ਹੀ 1958 ਈ: ਵਿੱਚ ਆਗਰੇ ਦੇ ਸੰਗੀਤ ਘਰਾਣੇ ਨਾਲ ਸਬੰਧਤ 'ਸਾਂਈ ਫ਼ਕੀਰ' ਨਾਲ ਰੱਬੀ ਦਾ ਸੰਪਰਕ ਹੋਇਆ। 'ਸਾਂਈ ਫ਼ਕੀਰ' ਤੋਂ ਸੰਗੀਤ ਸਿੱਖਿਆ ਲਈ, ਮਨੋਹਰ ਦੀਪਕ ਦੇ ਸੰਪਰਕ ਸਦਕਾ ਭੰਗੜੇ ਉਪਰ ਵੀ ਪੂਰੀ ਮੁਹਾਰਤ ਹਾਸਿਲ ਕਰ ਲਈ। ਉਥੇ ਰੱਬੀ ਨੂੰ 'ਸਾਹਿਰ-ਲੁਧਿਆਣਵੀ, ਪੀ.ਐਲ. ਸੂਦਨ, ਦਾਦਾ ਉਸਤਾਦ ਬੀ.ਸੀ. ਬੇਕਲ, ਸ਼ਿਰਸਾਰ-ਸੈਲਾਨੀ, ਜਾਨੀ ਬਾਬੂ ਆਦਿ ਸ਼ਖ਼ਸੀਅਤਾਂ ਦੀ ਸੰਗਤ ਨਸੀਬ ਹੋਈ।

ਸੰਨ 1961 ਵਿੱਚ ਫਿਲਮ ਨਗਰੀ ਨੂੰ ਸਦਾ ਲਈ ਅਲਵਿਦਾ ਆਖ ਕੇ, ਰੱਬੀ ਆਪਣੇ ਪਿੰਡ ਬੈਰੋਂਪੁਰ ਵਾਪਿਸ ਆ ਗਏ। ਇੱਥੇ ਆ ਕੇ ਆਪਣਾ ਭੰਗੜਾ ਗਰੁੱਪ ਬਣਾਇਆ ਤੇ 1962 ਦੀ ਜੰਗ ਦੌਰਾਨ ਫੰਡ ਇਕੱਠਾ ਕਰਕੇ ਫੌਜੀਆਂ ਦੀ ਮਦਦ ਲਈ ਸਰਹੱਦਾਂ 'ਤੇ ਭੇਜਿਆ।

ਇਸ ਸਮੇਂ ਰੱਬੀ ਨੇ ਵੱਖਰੀ ਅਖਾੜਾ ਪ੍ਰੰਪਰਾ ਸ਼ੁਰੂ ਕੀਤੀ ਜਿਸ ਵਿੱਚ ਅਖਾੜਾ 'ਧਰਤੀ' ਤੇ ਲੱਗਣ ਦੀ ਬਜਾਇ 'ਸਟੇਜ਼' ਤੇ ਲਗਾਇਆ ਜਾਂਦਾ ਸੀ ਤੇ ਗਵੱਈਆ ਗਾਉਣ ਸਮੇਂ ਖ਼ੁਦ ਨੱਚਦਾ ਵੀ ਸੀ ਤੇ ਉਸਦਾ ਸਾਥੀ ਕਲਾਕਾਰ ਔਰਤਾਂ ਵਾਲੇ ਵੇਸ ਵਿੱਚ ਨਾਲੇ ਨੱਚਦਾ ਤੇ ਨਾਲੇ ਔਰਤ ਪਾਤਰ ਬਣਕੇ ਗਾਉਂਦਾ ਵੀ ਸੀ।

ਰੱਬੀ ਦੇ ਅਖਾੜੇ ਸਿਰਫ਼ ਪੁਆਧ ਤੱਕ ਸੀਮਿਤ ਨਾ ਰਹਿ ਕੇ ਹਰਿਆਣਾ, ਯੂ.ਪੀ., ਦਿੱਲੀ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਵਿੱਚ ਵੀ ਲਗਦੇ ਰਹੇ। ਆਪਦੀ ਗਾਇਕੀ ਅਤੇ ਅਖਾੜੇ ਦੀ ਕਲਾ ਦੀਆਂ ਗੱਲਾਂ ਪਾਕਿਸਤਾਨ ਵਿੱਚ ਲੋਕੀਂ ਯਾਦ ਕਰਕੇ, ਆਪਣੀ ਪਸੰਦਗੀ ਦਾ ਪ੍ਰਗਟਾਵਾ ਕਰਦੇ ਹਨ ਕਿਉਂਕਿ ਹਿੰਦ-ਪਾਕ ਸਰਹੱਦ 'ਤੇ ਵੀ ਆਪ ਨੂੰ ਸੱਦੇ ਆਉਂਦੇ ਸਨ। ਆਪਦੇ ਅਖਾੜੇ ਪੁਆਧ ਵਿੱਚ ਕਾਫ਼ੀ ਲੰਮੇ ਸਮੇਂ ਤੱਕ ਆਪਣੀ ਗਾਇਕੀ ਦੀ ਧਾਂਕ ਜਮਾਉਂਦੇ ਰਹੇ। ਇਸ ਤੋਂ ਬਿਨਾਂ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿੱਚ ਪ੍ਰੋਗਰਾਮ ਪੇਸ਼ ਕਰਕੇ ਬੁੱਧੀਜੀਵੀ ਹਲਕਿਆਂ ਵਿੱਚ ਵੀ ਆਪਨੇ ਆਪਣੀ ਗਾਇਕੀ ਦਾ ਸਿੱਕਾ ਮਨਵਾਇਆ।

ਸਮੁੱਚੇ ਰੂਪ ਵਿੱਚ ਰੱਬੀ ਦੁਆਰਾ ਪ੍ਰਚਲਿਤ ਅਖਾੜਾ ਪਰੰਪਰਾ ਇੱਕ ਲਹਿਰ ਵਾਂਗ ਫੈਲ ਗਈ ਸੀ। ਰੱਬੀ ਅਤੇ ਅਖਾੜਾ ਇੱਕ ਦੂਜੇ ਦੇ ਪੂਰਕ ਸਮਝੇ ਜਾਣ ਲੱਗੇ। ਆਪ ਦੁਆਰਾ ਕੀਤੀ ਗਈ ਸਟੇਜ਼ ਦੀ ਸ਼ੁਰੂਆਤ ਅੱਜ ਵੀ ਆਪਣੀਆਂ ਬੁਲੰਦੀਆਂ 'ਤੇ ਹੈ। ਆਪਦੇ ਅਖਾੜੇ ਨੂੰ ਦੇਖਣ ਲਈ 50-50 ਕਿ.ਮੀ. ਤੋਂ ਲੋਕ ਆਉਂਦੇ ਸਨ, ਉਹ ਵੀ ਉਦੋਂ ਜਦੋਂ ਆਵਾਜਾਈ ਦੇ ਸਾਧਨ ਬਹੁਤ ਸੀਮਤ ਸਨ। ਪੰਚਾਇਤਾਂ ਆਪਨੂੰ ਸਾਈ ਦੇ ਕੇ ਬੁਲਾਉਂਦੀਆਂ ਅਤੇ ਪੂਰੀ ਸੁਰੱਖਿਆ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਲੈਂਦੀਆਂ। ਪੁਆਧੀ ਖਿੱਤੇ ਵਿੱਚ ਭਗਤ ਆਸਾ ਰਾਮ ਤੋਂ ਬਾਅਦ ਆਧੁਨਿਕ ਅਖਾੜੇ ਵਿੱਚ ਰੱਬੀ ਦਾ ਨਾਂ ਪ੍ਰਮੁੱਖ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ। ਆਪਦੇ ਗੀਤਾਂ ਦੀ ਇੱਕ ਪੁਸਤਕ ਛਪ ਚੁੱਕੀ ਹੈ ਪਰੰਤੂ ਆਪ ਦੀ ਹੱਥ ਲਿਖਤ ਨਾਲ ਕਿੰਨੀਆਂ ਹੀ ਡਾਇਰੀਆਂ ਭਰੀਆਂ ਪਈਆਂ ਹਨ।

ਆਪ 1962 ਤੋਂ ਲੈ ਕੇ 1987 ਤੱਕ ਲਗਾਤਾਰ ਅਖਾੜੇ ਲਾਉਂਦੇ ਰਹੇ। ਸੰਨ 1987 ਵਿੱਚ ਆਪਦੇ ਅਖਾੜੇ ਦੇ ਸੈਕਟਰੀ 'ਕਰਮੇ' ਅਮਰਾਲੀ ਵਾਲੇ ਨੂੰ ਖਾੜਕੂਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਇਸ ਲਈ ਆਪਨੇ ਅਖਾੜੇ ਲਗਾਉਣੇ ਬੰਦ ਕਰ ਦਿੱਤੇ। ਆਪ ਨੇ ਆਪਣੀ ਗਾਇਕੀ ਨੂੰ ਅਸ਼ਲੀਲ ਤੇ ਲਚਰਤਾ ਤੋਂ ਸਦਾ ਹੀ ਸਵੱਛ ਰੱਖਿਆ। ਆਪਣੇ ਸਵੈ-ਮਾਨ ਨੂੰ ਲਾਲਚ ਵੱਸ ਨਹੀਂ ਹੋਣ ਦਿੱਤਾ। ਤੰਗੀਆ-ਤੁਰਸੀਆਂ ਕੱਟ ਕੇ ਗ੍ਰਹਿਸਥ ਜੀਵਨ ਨੂੰ ਪ੍ਰਮੁੱਖਤਾ ਦਿੱਤੀ ਅਤੇ ਗਾਇਕੀ ਦੇ ਆਲਮ ਨੂੰ ਸੱਚਾ ਧਰਮ ਸਮਝਿਆ। ਕਿੰਨੀਆਂ ਹੀ ਸੰਸਥਾਵਾਂ ਨੇ ਆਪ ਨੂੰ ਸਨਮਾਨਿਤ ਕੀਤਾ ਤੇ ਪੰਜਾਬ

ਯੂਨੀਵਰਸਿਟੀ-ਚੰਡੀਗੜ੍ਹ ਨੇ ਆਪ ਦੀ ਕਲਾ ਦੀ ਦੇਣ ਨੂੰ ਮੁੱਖ ਰੱਖਦਿਆਂ ਐਮ. ਫਿਲ ਕਰਵਾਈ।

ਰੱਬੀ ਬੈਰੋਂਪੁਰੀ ਦੀ ਕਾਵਿ-ਟੁਕੜੀ ਦੀਆਂ ਕੁਝ ਸਤਰਾਂ ਵੇਖੋ:

ਐ ਖ਼ੁਦਾ, ਈਸ਼ਵਰ ਦੇ ਬੰਦਿਓ
ਇਹ ਧੀਆਂ, ਇਹ ਬਹੂ ਬੇਟੀਆਂ
ਇਹ ਭਾਈਆਂ ਦੀਆਂ ਭੈਣਾਂ ਨੂੰ
'ਬੈਰੋਂਪੁਰੀ' ਲਾਲਚ ਵਸ ਹੋ ਕੇ
ਦਾਜ ਦੀ ਬਲੀ ਚੜ੍ਹਾਇਓ ਨਾ।

ਯੂਨੀਵਰਸਿਟੀ-ਚੰਡੀਗੜ੍ਹ ਨੇ ਆਪ ਦੀ ਕਲਾ ਦੀ ਦੇਣ ਨੂੰ ਮੁੱਖ ਰੱਖਦਿਆਂ ਐਮ. ਫਿਲ ਕਰਵਾਈ।

ਰੱਬੀ ਬੈਰੋਂਪੁਰੀ ਦੀ ਕਾਵਿ-ਟੁਕੜੀ ਦੀਆਂ ਕੁਝ ਸਤਰਾਂ ਵੇਖੋ:

ਐ ਖ਼ੁਦਾ, ਈਸ਼ਵਰ ਦੇ ਬੰਦਿਓ
ਇਹ ਧੀਆਂ, ਇਹ ਬਹੂ ਬੇਟੀਆਂ
ਇਹ ਭਾਈਆਂ ਦੀਆਂ ਭੈਣਾਂ ਨੂੰ
'ਬੈਰੋਂਪੁਰੀ' ਲਾਲਚ ਵਸ ਹੋ ਕੇ
ਦਾਜ ਦੀ ਬਲੀ ਚੜ੍ਹਾਇਓ ਨਾ।

# 39 ਈਦੂ ਸ਼ਰੀਫ਼ - ਸਾਰੰਗੀ ਦਾ ਵਾਰਸ

*ਮਲਕੀਤ ਸਿੰਘ ਔਜਲਾ*

*ਮੋਬਾ: 9914992424*



*ਈਦੂ ਸ਼ਰੀਫ਼*

ਅਜੋਕੇ ਦੌਰ ਵਿੱਚ ਟੀ.ਵੀ. ਚੈਨਲਾਂ 'ਤੇ ਮੱਚੇ ਗਾਇਕੀ ਦੇ ਘੜਮੱਸ ਤੋਂ ਅੱਕ ਕੇ ਮਨ ਵਿੱਚ ਢੱਡ ਸਾਰੰਗੀ ਨਾਲ ਗਾਉਣ ਵਾਲੇ ਗਵੱਈਏ ਈਦੂ ਸ਼ਰੀਫ ਦਾ ਚੇਤਾ ਆਇਆ। ਕਈ ਦਿਨ ਦੀ ਜੱਦੋ ਜਹਿਦ ਪਿੱਛੋਂ ਉਸ ਨਾਲ ਟੈਲੀਫੋਨ 'ਤੇ ਸੰਪਰਕ ਹੋਇਆ ਹੈਲੋ ਦੇ ਜਵਾਬ ਵਿੱਚ ਦੱਬਵੀਂ ਸੁਰ ਵਿੱਚ ਬਿਲਕੁਲ ਸਾਧਾਰਨ ਜਿਹੀ ਆਵਾਜ਼ ਆਈ.... ਹਾਂ ਜੀ ਕੌਣ.....? ਮੈਂ ਆਪਣੇ ਬਾਰੇ ਦੱਸਿਆ ਅਤੇ ਗਾਇਕ ਈਦੂ ਸ਼ਰੀਫ ਨੂੰ ਮਿਲਣ ਦਾ ਸਮਾਂ ਮੰਗਿਆ। ਤਾਂ ਅੱਗੋਂ ਜਵਾਬ ਆਇਆ.... ਹਾਂ ਜੀ ਮੈਂ ਹੀ ਹਾਂ ਈਦੂ.... ਅੱਛਾ ਅੱਛਾ..... ਮਿਲਣਾ.... ਆਜੋ.... ਹੁਣੇ ਆਜੋ.... ਮੈਂ ਘਰੇ ਬੈਠਾ ਹਾਂ.... ਮਨੀਮਾਜਰੇ..... ਕਿਲ੍ਹੇ ਦੇ ਕੋਲ..... ਮੋਰੀ ਗੇਟ..... ਪ੍ਰੋਹਿਤ ਮੁਹੱਲਾ.....। ਜਿੰਨਾ ਔਖਾ ਮੈਨੂੰ ਈਦੂ ਸ਼ਰੀਫ ਨਾਲ ਦੋ ਦਿਨਾਂ ਦੀ ਜੱਦੋ ਜਹਿਦ ਮਗਰੋਂ ਟੈਲੀਫੋਨ 'ਤੇ ਸੰਪਰਕ ਸਾਧਨਾ ਲੱਗਾ, ਉਸ ਤੋਂ ਕਈ ਗੁਣਾ ਔਖਾ ਹੋ ਕੇ ਉਸ ਦਾ ਤੰਗ ਅਤੇ ਵਿੰਗ ਵਲੇਂਵੇ ਖਾਂਦੀਆਂ ਮਨੀਮਾਜਰੇ ਦੀਆਂ ਗਲੀਆਂ ਵਿੱਚ ਘਰ ਲੱਭਣਾ ਪਿਆ। ਲੰਮਾ ਕੱਦ, ਕਣਕ ਵੰਨਾ ਰੰਗ, ਉਦਾਸ ਜਿਹਾ ਚਿਹਰਾ, ਤੇਜ਼ ਤਰਾਰ ਅੱਖਾਂ, ਸ਼ਮੇ ਵਾਲੀ ਚਿੱਟੀ ਪੱਗ, ਗੂੜ੍ਹੇ ਰੰਗ ਦਾ ਕੁੜਤਾ ਤੇ ਚਿੱਟਾ ਚਾਦਰਾ, ਮੋਢੇ 'ਤੇ ਟੰਗੀ ਸਾਰੰਗੀ ਦੀਆਂ ਤਾਰਾਂ ਉੱਤੇ ਗਜ ਫੇਰਦੇ ਈਦੂ ਸ਼ਰੀਫ ਦਾ ਹੁਲੀਆ ਮੈਨੂੰ ਆਪਣੇ ਘਰ ਵੱਲ ਖਿੱਚੀ ਜਾ ਰਿਹਾ ਸੀ, ਜੋ ਮਗਰੋਂ ਪ੍ਰਤੱਖ ਰੂਪ ਵਿੱਚ ਸਾਹਮਣੇ ਆਇਆ ਅਤੇ ਉਸ ਨੇ ਆਪਣੀ ਜ਼ਿੰਦਗੀ ਦਾ ਕਿੱਸਾ ਆਪ ਖੋਲ੍ਹ ਕੇ ਸੁਣਾਇਆ।

ਈਦੂ ਸ਼ਰੀਫ ਦਾ ਜਨਮ ਪਟਿਆਲਾ ਜ਼ਿਲ੍ਹੇ ਦੀ ਨਾਭਾ ਤਹਿਸੀਲ ਦੇ ਪਿੰਡ ਲਲੌਂਡਾ ਵਿਖੇ ਪਿਤਾ ਜਨਾਬ ਈਦੂ ਖਾਂ ਦੇ ਘਰ ਮਾਤਾ ਜੀਵੀ ਦੀ ਕੁੱਖੋਂ ਹੋਇਆ। ਉਸ ਨੂੰ ਆਪਣੀ ਜਨਮ ਮਿਤੀ ਪੱਕੀ ਯਾਦ ਨਹੀਂ ਪਰ ਉਹ ਆਪਣਾ ਜਨਮ ਸੰਨ 47 ਦੀ ਵੰਡ ਤੋਂ ਪਹਿਲਾਂ ਦਾ ਦੱਸਦਾ ਹੈ। ਭਾਸ਼ਾ ਵਿਭਾਗ ਵੱਲੋਂ ਛਾਪੇ ਇੱਕ ਬਰੋਸ਼ਰ ਮੁਤਾਬਕ ਉਸ ਦੀ ਜਨਮ ਮਿਤੀ 21 ਨਵੰਬਰ 1942 ਹੈ, ਜਿਸ ਦੇ ਆਧਾਰ 'ਤੇ ਉਹ ਆਪਣੀ ਜ਼ਿੰਦਗੀ ਦਾ ਸੱਤਵਾਂ ਦਹਾਕਾ ਪੂਰਾ ਕਰਨ ਵਾਲਾ ਹੈ। ਈਦੂ ਪੜ੍ਹਾਈ ਦੀ ਤਾਲੀਮ ਲੈਣ ਲਈ ਆਪਣੇ ਨੇੜਲੇ ਪਿੰਡ ਘਮਰੌਦਾ ਵਿਖੇ ਜਾਂਦਾ ਰਿਹਾ ਪਰ ਘਰੇਲੂ ਮੁਸ਼ਕਲਾਂ ਅਤੇ ਤੰਗੀਆਂ ਤੁਰਸ਼ੀਆਂ ਕਰਕੇ ਪੜ੍ਹਾਈ ਵਿੱਚ ਗੱਡੀ ਨਾ ਰੋੜ੍ਹ ਸਕਿਆ। ਈਦੂ ਸ਼ਰੀਫ ਦੇ 7 ਭਰਾ ਅਤੇ 5 ਭੈਣਾਂ ਹਨ ਅਤੇ ਆਪ ਸਾਰਿਆਂ ਤੋਂ ਛੋਟਾ ਹੈ। ਈਦੂ ਸ਼ਰੀਫ ਨੂੰ ਗਾਇਕੀ ਦੀ ਗੁੜ੍ਹਤੀ ਖਾਨਦਾਨੀ ਵਿਰਾਸਤ ਵਿੱਚੋਂ ਮਿਲੀ। ਉਸ ਦੇ ਪਿਤਾ ਈਦੂ ਜੀ ਢੱਡ ਸਾਰੰਗੀ ਨਾਲ

ਗਾਉਂਦੇ ਹੁੰਦੇ ਸੀ ਅਤੇ ਆਪਣੇ ਸਮੇਂ ਦੇ ਬਹੁਤ ਮਸ਼ਹੂਰ ਗਵੱਈਏ ਸਨ। ਲੋਕ ਉਨ੍ਹਾਂ ਨੂੰ ਪੀਰ ਜੀ ਕਹਿ ਕੇ ਸਨਮਾਨਦੇ ਸਨ। ਈਦੂ ਸ਼ਰੀਫ ਨੇ ਸਾਰੰਗੀ 'ਤੇ ਗਾਉਣ ਦਾ ਹੁਨਰ ਆਪਣੇ ਪਿਤਾ ਜੀ ਤੋਂ ਗ੍ਰਹਿਣ ਕੀਤਾ ਅਤੇ ਬਚਪਨ ਵਿੱਚ ਉਨ੍ਹਾਂ ਦੇ ਨਾਲ ਗਾਉਣਾ ਸ਼ੁਰੂ ਕਰ ਦਿੱਤਾ। ਘਰ ਵਾਲਿਆਂ ਨੇ ਈਦੂ ਦਾ ਨਾਂ ਸ਼ਰੀਫ ਰੱਖਿਆ ਸੀ ਪਰ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਨਾਂ ਦੁਨੀਆਂ ਵਿੱਚ ਚੱਲਦਾ ਰੱਖਣ ਲਈ ਸ਼ਰੀਫ ਨੇ ਆਪਣੇ ਨਾਂ ਨਾਲ ਪਿਤਾ ਦਾ ਨਾਂ ਈਦੂ ਲਗਾਉਣਾ ਸ਼ੁਰੂ ਕਰ ਦਿੱਤਾ ਅਤੇ ਸ਼ਰੀਫ ਈਦੂ ਦੇ ਨਾਂ ਹੇਠ ਗਾਇਕੀ ਦੇ ਅਖਾੜੇ ਲਾਉਣ ਲੱਗ ਗਿਆ ਪਰ ਲੋਕਾਂ ਦੀ ਜ਼ੁਬਾਨ 'ਤੇ ਈਦੂ ਸ਼ਰੀਫ ਚੜ੍ਹ ਗਿਆ ਜਿਸ ਕਰਕੇ ਉਹ ਹੁਣ ਇਸ ਨਾਂ ਨਾਲ ਮਸ਼ਹੂਰ ਹੈ।

ਸਾਰੰਗੀ ਦੀਆਂ ਸੁਰਾਂ ਦੇ ਵਾਰਿਸ ਈਦੂ ਨੇ ਲਗਪਗ 35 ਵਰ੍ਹੇ ਪਹਿਲਾਂ ਆਪਣਾ ਪਿੰਡ ਲਲੌਂਡਾ ਛੱਡ ਕੇ ਯੂ.ਟੀ. ਚੰਡੀਗੜ੍ਹ ਦੇ ਪਿੰਡ ਮਨੀਮਾਜਰਾ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ ਸੀ ਅਤੇ ਗਾਇਕੀ ਦੇ ਸ਼ੌਕ ਦੇ ਨਾਲ-ਨਾਲ ਉਹ ਖੱਚਰ ਰੇਹੜਾ ਵੀ ਚਲਾ ਕੇ ਆਪਣਾ ਟੱਬਰ ਪਾਲਦਾ ਰਿਹਾ ਹੈ। ਉਸ ਦੀ ਬੇਗਮ ਦਾ ਨਾਂ ਊਸ਼ਾ ਹੈ ਅਤੇ ਉਸ ਦੇ ਘਰ ਤਿੰਨ ਬੇਟੇ ਅਤੇ ਇੱਕ ਬੇਟੀ ਨੇ ਜਨਮ ਲਿਆ। ਉਸ ਦੇ ਤਿੰਨ ਬੇਟੇ ਸੁੱਖੀ, ਗੁਲਜ਼ਾਰ ਅਤੇ ਵਿੱਕੀ ਇਸ ਵੇਲੇ ਉਡਾਰੂ ਹੋ ਚੁੱਕੇ ਹਨ ਅਤੇ ਗਾਇਕੀ ਵਿੱਚ ਉਸ ਦਾ ਸਾਥ ਦੇ ਰਹੇ ਹਨ ਅਤੇ ਆਪ ਵੀ ਬਹੁਤ ਵਧੀਆ ਗਾਉਂਦੇ ਹਨ। ਪਿਉ ਦੇ ਮੋਢੇ 'ਤੇ ਸਾਰੰਗੀ ਅਤੇ ਪੁੱਤਰਾਂ ਦੇ ਹੱਥਾਂ ਵਿੱਚ ਵੱਜਦੀਆਂ ਢੱਡਾਂ ਬਹੁਤ ਸੋਹਣੀਆਂ ਲੱਗਦੀਆਂ ਹਨ। ਜਦੋਂ ਇਹ ਚਾਰੇ ਸਟੇਜ਼ 'ਤੇ ਆ ਕੇ ਇੱਕੋ ਲਾਈਨ ਵਿੱਚ ਮਾਈਕਾਂ ਅੱਗੇ ਖੜ੍ਹੋ ਕੇ ਅਲਾਪ ਲੈਂਦੇ ਹਨ ਤਾਂ ਇਉਂ ਲੱਗਦਾ ਹੈ ਜਿਵੇਂ ਆਸਮਾਨ ਵਿੱਚੋਂ ਰਾਗ ਦੀ ਛਹਿਬਰ ਹੋ ਰਹੀ ਹੋਵੇ। ਗੂੜ੍ਹੇ ਰੰਗ ਦੇ ਪੰਜਾਬੀ ਕੁੜਤੇ, ਚਿੱਟੇ ਚਾਦਰੇ ਅਤੇ ਸਿਰਾਂ 'ਤੇ ਸ਼ਮਲੇ ਵਾਲੀਆਂ ਚਿੱਟੀਆਂ ਪੱਗਾਂ ਪੰਜਾਬੀ ਵਿਰਸੇ ਦੀ ਮੂੰਹ ਬੋਲਦੀ ਝਲਕ ਪੇਸ਼ ਕਰਦੀਆਂ ਹਨ। ਜਦੋਂ ਪਿਓ ਈਦੂ ਉੱਚੀ ਸੁਰ ਵਿੱਚ ਗੀਤ ਦੇ ਬੋਲ ਚੁੱਕਦਾ ਹੈ ਤਾਂ ਪੁੱਤਰਾਂ ਵੱਲੋਂ ਦਿੱਤਾ ਸਾਥ ਲਾਜਵਾਬ ਹੁੰਦਾ ਹੈ। ਪਿਓ-ਪੁੱਤਰਾਂ ਦੇ ਸੰਗਮ ਦੇ ਕਿੱਸੇ ਸੁਣਨ ਲਈ ਉਸ ਵੇਲੇ ਸਮਾਂ ਵੀ ਕੁੱਝ ਪਲਾਂ ਲਈ ਥੰਮ ਜਾਂਦਾ ਹੈ। ਸਰੋਤਿਆਂ ਦੀ ਮੰਗ 'ਤੇ ਉਹ ਇੱਕ ਤੋਂ ਬਾਅਦ ਦੂਜੇ ਅਤੇ ਦੂਜੇ ਤੋਂ ਬਾਅਦ ਤੀਜੇ ਗੀਤਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਆਪਣੀ ਗਾਇਕੀ ਦੇ ਜੌਹਰ ਵਿਖਾਉਂਦੇ ਹਨ। ਈਦੂ ਸ਼ਰੀਫ ਅਤੇ ਉਸ ਦੇ ਪੁੱਤਰਾਂ ਦੇ ਜਥੇ ਦੇ ਮਸ਼ਹੂਰ ਗੀਤ ਹਨः-

- ਤੇਰੀਆਂ ਬੇਰੰਗ ਚਿੱਠੀਆਂ, ਪੜ੍ਹਿਆ ਕਰਾਂ ਕਿ ਦੱਸ ਨਾ ਮੈਨੂੰ ਭੁੱਲ ਜਾਣ ਵਾਲੀਏ,
  ਯਾਦ ਕਰਿਆ ਕਰਾਂ ਦੱਸ ਨਾ।
- ਰਾਂਝਾ ਗਲੀਆਂ ਵਿੱਚ ਫਿਰਦਾ, ਹੀਰੇ ਬਣ ਕੇ ਫਕੀਰ ਰੱਬਾ ਕਿਸੇ ਤਾਂ ਬਹਾਨੇ, ਉਹਨੂੰ

ਮਿਲਾਦੇ ਜੱਟੀ ਹੀਰ।

– ਮੇਰੀਆਂ ਗੋਰੀਆਂ ਬਾਹਵਾਂ ਦੇ ਕੰਗਣਾ

ਪੰਜਾਂ ਦੇ ਤਬੀਤ ਬਦਲੇ ਕਾਹਨੂੰ ਛੱਡਿਆ ਗਲੀ ਦੇ ਵਿੱਚੋਂ ਲੰਘਣਾ।

ਜਿੰਮੀ ਸ਼ੇਰਗਿੱਲ ਦੀ ਪੰਜਾਬੀ ਫਿਲਮ 'ਤੇਰਾ ਮੇਰਾ ਕੀ ਰਿਸ਼ਤਾ' ਵਿੱਚ ਈਦੂ ਸ਼ਰੀਫ ਦਾ ਇੱਕ ਗੀਤ ਸੀ: ਅੱਜ ਹੋਰ ਤੇ ਕੱਲ੍ਹ ਕੁੱਝ ਹੋਰ, ਜ਼ਿੰਦਗੀ ਦੇ ਰੰਗ ਸੱਜਣਾ। ਰਤਵਾੜਾ ਸਾਹਿਬ ਗੁਰਦੁਆਰੇ ਦੇ ਬਾਨੀ ਬਾਬਾ ਵਰਿਆਮ ਸਿੰਘ ਦੀ ਉਪਮਾ ਵਿੱਚ ਗਾਇਆ ਉਸ ਦਾ ਗੀਤ ਬੜਾ ਵਧੀਆ ਸੀ। ਸਦਾ ਵਸਦਾ ਰਹੇ ਮੇਰੇ ਮਹਿਰਮਾ, ਤੇਰਾ ਵੱਸਦਾ ਰਹੇ ਰਤਵਾੜਾ। ਈਦੂ ਦੀਆਂ ਕਈ ਕੈਸਿਟਾਂ ਮਾਰਕੀਟ ਵਿੱਚ ਆਈਆਂ ਜਿਨ੍ਹਾਂ ਵਿੱਚ ਟੀ.ਸੀਰੀਜ਼ ਵੱਲੋਂ ਮਾਈ ਹੀਰ ਅਤੇ ਮਿਊਜ਼ਿਕ ਟੂਡੇ ਕੰਪਨੀ ਵੱਲੋਂ ਪੰਜਾਬ ਫੋਕ ਵੋਲੀਅਮ 1 ਅਤੇ 2 ਜ਼ਿਕਰਯੋਗ ਹਨ।

ਈਦੂ ਸ਼ਰੀਫ ਨੂੰ ਗਾਇਕੀ ਵਿੱਚ ਪਾਏ ਯੋਗਦਾਨ ਕਰਕੇ ਬਹੁਤ ਸਾਰੇ ਮਾਣ-ਸਨਮਾਨ ਪ੍ਰਾਪਤ ਹੋਏ ਜਿਨ੍ਹਾਂ ਵਿੱਚ ਸੰਗੀਤ ਨਾਟਕ ਅਕਾਦਮੀ ਵੱਲੋਂ ਰਾਸ਼ਟਰਪਤੀ ਐਵਾਰਡ 2006 ਵਿੱਚ, ਇੰਟਰਸਟੇਟ ਐਵਾਰਡ 1993 ਵਿੱਚ, ਢਾਡੀ ਦੀਦਾਰ ਸਿੰਘ ਰਟੈਂਡਾ ਐਵਾਰਡ, ਨਵਾਂ ਸ਼ਹਿਰ ਵਿੱਚ ਪ੍ਰੋ. ਮੋਹਨ ਸਿੰਘ ਐਵਾਰਡ, ਲੁਧਿਆਣਾ ਵਿੱਚ ਸ਼ਹੀਦ ਭਗਤ ਸਿੰਘ ਐਵਾਰਡ, ਦਿੱਲੀ ਵਿੱਚ ਅਤੇ ਲੋਹੀਆਂ ਜਲੰਧਰ 2003 ਵਿੱਚ, ਸ਼ਹੀਦ ਊਧਮ ਸਿੰਘ ਐਵਾਰਡ, ਮਾਲਵਾ ਝੂਮਰ ਕਲੱਬ ਪਾਤੜਾਂ ਵੱਲੋਂ 2007 ਵਿੱਚ, ਗਨੀ ਖਾਂ, ਨਬੀ ਖਾਂ ਐਵਾਰਡ, ਮਾਛੀਵਾੜਾ, ਵਿਰਾਸਤ ਐਵਾਰਡ 2001 ਵਿੱਚ, ਆਪਣਾ ਵਿਰਸਾ 2003 ਵਿੱਚ ਆਦਿ ਜ਼ਿਕਰਯੋਗ ਹਨ। ਇਸ ਤੋਂ ਇਲਾਵਾ ਉਸ ਨੂੰ ਪੀ.ਟੀ.ਸੀ. ਪੰਜਾਬੀ ਚੈਨਲ ਐਵਾਰਡ 2008 ਅਤੇ ਪੁਆਧੀ ਪੰਜਾਬੀ ਸੱਥ ਪੁਰਸਕਾਰ ਵੀ ਮਿਲ ਚੁੱਕਾ ਹੈ। ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਰਾਗੀ/ਢਾਡੀ/ਕਵੀਸ਼ਰ 'ਪੁਰਸਕਾਰ-2009' ਵੀ ਇਸੇ ਸਾਲ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹੱਥੋਂ ਪ੍ਰਾਪਤ ਕਰਨ ਦਾ ਮਾਣ ਈਦੂ ਸ਼ਰੀਫ ਨੂੰ ਪ੍ਰਾਪਤ ਹੋ ਚੁੱਕਾ ਹੈ, ਜਿਸ ਵਿੱਚ ਉਸ ਨੂੰ ਢਾਈ ਲੱਖ ਰੁਪਏ ਦੀ ਰਾਸ਼ੀ ਦੇ ਕੇ ਸਨਮਾਨਿਆ ਗਿਆ ਹੈ। ਇੱਕ ਵਾਰ ਦਿੱਲੀ ਵਿੱਚ 'ਆਪਣਾ ਉਤਸਵ' ਨਾਂ ਦੇ ਸੰਗੀਤਕ ਪ੍ਰੋਗਰਾਮ ਵਿੱਚ ਸਵ. ਸ਼੍ਰੀ ਰਾਜੀਵ ਗਾਂਧੀ ਨੇ ਉਸ ਤੋਂ ਪ੍ਰਸੰਨ ਹੋ ਕੇ ਵਿਸ਼ੇਸ਼ ਥਾਪੜਾ ਦਿੱਤਾ। ਈਦੂ ਸ਼ਰੀਫ ਦੇ ਘਰ ਲਿਫਾਫੇ ਵਿੱਚ ਇਕੱਠੀਆਂ ਕਰਕੇ ਵੱਖ-ਵੱਖ ਰਾਜਨੀਤਕ ਅਤੇ ਸਭਿਆਚਾਰਕ ਸ਼ਖ਼ਸੀਅਤਾਂ ਨਾਲ ਯਾਦਗਾਰੀ ਫੋਟੋਆਂ ਬਹੁਤ ਸਾਂਭਣਯੋਗ ਹਨ। ਜਿਨ੍ਹਾਂ ਵਿੱਚ ਉਹ ਸਾਬਕਾ ਰਾਸ਼ਟਰਪਤੀ ਸ਼੍ਰੀ ਅਬਦੁਲ ਕਲਾਮ, ਯੂ.ਪੀ.ਏ. ਚੇਅਰਪਰਸਨ ਸ਼੍ਰੀਮਤੀ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ, ਕੇਂਦਰੀ ਮੰਤਰੀ ਸ਼੍ਰੀ ਗੁਲਾਮ ਨਬੀ ਆਜ਼ਾਦ ਅਤੇ ਸਾਬਕਾ ਡੀ.ਜੀ.ਪੀ. ਕੇ.ਪੀ.ਐਸ. ਗਿੱਲ, ਕੈਬਨਿਟ ਮੰਤਰੀ ਸ੍ਰ. ਹੀਰਾ ਸਿੰਘ ਗਾਬੜੀਆ, ਸ. ਜਗਦੇਵ ਸਿੰਘ ਜੱਸੋਵਾਲ ਅਤੇ ਹੋਰ ਵੀ ਕਈ ਅਹਿਮ ਸ਼ਖ਼ਸੀਅਤਾਂ ਦੇ ਹੱਥੋਂ ਸਨਮਾਨਿਤ

ਹੁੰਦਾ ਵੇਖਿਆ ਜਾ ਸਕਦਾ ਹੈ।ਅਜੋਕੀ ਗਾਇਕੀ ਬਾਰੇ ਗੱਲ ਦੇ ਜਵਾਬ ਵਿੱਚ ਈਦੂ ਕਹਿੰਦਾ ਹੈ ਕਿ ਜਿਹੋ ਜਿਹਾ ਜ਼ਮਾਨਾ ਉਹੋ ਜਿਹੇ ਅਸੀਂ ਬਣਗੇ। ਜਿੱਧਰ ਨੂੰ ਅੱਜ ਦੇ ਮੁੰਡੇ ਗਾਇਕੀ ਨੂੰ ਲੈ ਕੇ ਜਾ ਰਹੇ ਹਨ ਉਨ੍ਹਾਂ ਦੇ ਨਾਲ ਹੀ ਅਸੀਂ ਰਲਗੇ, ਕਿਸੇ ਨੂੰ ਕੀ ਦੋਸ਼ ਦੇਈਏ। ਪਰ ਮੈਂ ਪ੍ਰਣ ਕੀਤਾ ਹੋਇਆ ਹੈ ਕਿ ਆਖਰੀ ਸਾਹਾਂ ਤੱਕ ਢੱਡ ਸਾਰੰਗੀ ਨਾਲ ਗਾਉਣਾ ਨਹੀਂ ਛੱਡਾਂਗਾ। ਸਾਰੰਗੀ ਵਜਾਉਣ ਦੀ ਕਲਾ ਬਹੁਤ ਔਖੀ ਹੈ, ਇਸ ਕਰਕੇ ਨਵਾਂ ਵਜੂਦ ਇਸ ਤੋਂ ਦੂਰ ਭੱਜ ਰਿਹਾ ਹੈ ਪਰ ਸਟੂਡੀਓ ਵਿੱਚ ਪੈਸੇ ਖਰਚ ਕੇ ਤੂੰਬੀ, ਸਾਰੰਗੀ, ਬੁਗਚੂ, ਅਲਗੋਜ਼ੇ ਹਰ ਕੋਈ ਆਪਣੇ ਗੀਤਾਂ ਵਿੱਚ ਭਰਾਉਣਾ ਚਾਹੁੰਦਾ ਹੈ। ਆਪਣੇ ਸਮਕਾਲੀਆਂ ਵਿੱਚ ਉਹ ਕਰਮਦੀਨ ਸਦੀਕ, ਰਫੀਕ, ਦੇਸ ਰਾਜ ਲਚਕਾਣੀ ਅਤੇ ਰਾਜ ਦਿਆਗੜ੍ਹੀਆ ਨੂੰ ਯਾਦ ਕਰਦਾ ਹੋਇਆ ਉਹ ਗਾਇਕੀ ਵਿੱਚ ਕੁਲਦੀਪ ਮਾਣਕ, ਗੁਰਦਾਸ ਮਾਨ ਅਤੇ ਹੰਸ ਰਾਜ ਨੂੰ ਵੀ ਸਹੀ ਦੱਸਦਾ ਹੈ।

ਭਾਵੇਂ ਈਦੂ ਸ਼ਰੀਫ ਆਪਣੀ ਕਲਾ ਦੇ ਸਿਰ 'ਤੇ ਸ. ਸਾਹਿਬ ਸਿੰਘ ਥਿੰਦ ਹੁਰਾਂ ਦੇ ਸੱਦੇ ਤਹਿਤ ਗਦਰੀ ਬਾਬਿਆਂ ਦੇ ਮੇਲੇ 'ਤੇ ਕੈਨੇਡਾ ਦੀ ਧਰਤੀ ਵੀ ਵੇਖ ਆਇਆ ਪਰ ਉਸ ਦੇ ਘਰ ਦਾ ਮਾਲੀ ਸੰਕਟ ਕਿਸੇ ਨੇ ਦੂਰ ਨਾ ਕੀਤਾ। ਉਹ ਸਾਰੀ ਉਮਰ ਗਾਇਕੀ ਦੇ ਨਾਲ ਨਾਲ ਘਰ ਦੀਆਂ ਆਰਥਿਕ ਤੰਗੀਆਂ ਨਾਲ ਜੂਝਦਾ ਹੋਇਆ ਆਪਣੇ ਰਹਿਣ ਲਈ ਕੋਈ ਚੰਗੀ ਥਾਂ ਨਹੀਂ ਬਣਾ ਸਕਿਆ। ਉਸ ਨੇ ਗਾਇਕੀ ਵਿੱਚੋਂ ਪੈਸੇ ਨਹੀਂ ਕਮਾਏ ਸਗੋਂ ਸੇਵਾ ਦੇ ਰੂਪ ਵਿੱਚ ਗਾਇਆ ਹੈ। ਉਹ ਇਸ ਵੇਲੇ ਵੀ ਮਨੀਮਾਜਰੇ ਦੀਆਂ ਤੰਗ ਗਲੀਆਂ ਵਿੱਚ ਬਣੇ ਇੱਕ ਛੋਟੇ ਜਿਹੇ ਘਰ ਦੀ ਬਿਲਕੁਲ ਸਾਧਾਰਨ ਜਿਹੀ ਇੱਕ ਬੈਠਕ ਵਿੱਚ ਰਹਿ ਰਿਹਾ ਹੈ, ਜਿਥੇ ਉਸ ਨੂੰ ਮਾਣ-ਸਨਮਾਨ ਵਿੱਚ ਮਿਲੇ ਮੋਮੈਂਟੋ ਰੱਖਣ ਲਈ ਵੀ ਥਾਂ ਨਸੀਬ ਨਹੀਂ ਹੋ ਰਹੀ, ਜਿਸ ਕਰਕੇ ਉਸ ਨੇ ਇਹ ਪੜਛੱਤੀਆਂ ਉਪਰ ਸੁੱਟੇ ਹੋਏ ਹਨ ਅਤੇ ਇਨ੍ਹਾਂ ਵਿੱਚੋਂ ਅੱਧੇ ਟੁੱਟ ਚੁੱਕੇ ਹਨ ਜਾਂ ਖਰਾਬ ਹੋ ਚੁੱਕੇ ਹਨ। ਉਹ ਕਈ ਵਾਰ ਸਨਮਾਨ ਕਰਨ ਵਾਲਿਆਂ ਨੂੰ ਆਪਣੇ ਘਰ ਦੀ ਤਰਾਸਦੀ ਦੱਸਦਾ ਹੋਇਆ ਕਹਿ ਛੱਡਦਾ ਹੈ ਕਿ ਹੁਣ ਸਨਮਾਨ ਨਹੀਂ ਸਨਮਾਨ ਚਿੰਨ੍ਹ ਰੱਖਣ ਲਈ ਥਾਂ ਚਾਹੀਦੀ ਹੈ। ਪਿਛਲੇ ਸਾਲ ਭਾਸ਼ਾ ਵਿਭਾਗ ਪਟਿਆਲਾ ਵੱਲੋਂ ਕੀਤੇ ਸਨਮਾਨ ਮੌਕੇ ਉਸ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਬੇਨਤੀ ਕੀਤੀ ਕਿ ਜਨਾਬ ਮੈਂ ਇਨ੍ਹਾਂ ਸ਼ੀਲਡਾਂ ਦਾ ਕੀ ਕਰਾਂ ਮੇਰੇ ਕੋਲ ਤਾਂ ਇਨ੍ਹਾਂ ਨੂੰ ਰੱਖਣ ਲਈ ਥਾਂ ਹੀ ਨਹੀਂ, ਤਾਂ ਸਾਰੇ ਪਾਸੇ ਹਾਸਾ ਮੱਚ ਗਿਆ। ਪਰ ਬਾਦਲ ਸਾਹਿਬ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਲਿਆ। ਉਨ੍ਹਾਂ ਨੇ ਉਸ ਨੂੰ 10 ਮਰਲੇ ਦਾ ਪਲਾਟ ਦੇਣ ਦਾ ਭਰੋਸਾ ਦਿੱਤਾ ਹੈ। ਈਦੂ ਨੂੰ ਪੂਰਾ ਭਰੋਸਾ ਹੈ ਕਿ ਬਾਦਲ ਸਾਹਿਬ ਆਪਣਾ ਵਾਅਦਾ ਉਸੇ ਤਰ੍ਹਾਂ ਪੂਰਾ ਕਰਕੇ ਵਿਖਾਉਣਗੇ ਜਿਸ ਤਰ੍ਹਾਂ ਕਿਸੇ ਸਮੇਂ ਗਾਉਣੇ ਵਾਲੀ ਬੀਬੀ ਨੂਰਾਂ ਨਾਲ ਗਿਆਨੀ ਜ਼ੈਲ ਸਿੰਘ ਨੇ ਜਲੰਧਰ ਵਿੱਚ ਰਹਿਣ ਲਈ ਜਗ੍ਹਾ ਦੇ ਕੇ ਕੀਤਾ ਸੀ।

# 40 ਲੰਮੀ ਹੇਕ ਵਾਲਾ - ਸੁਰਜੀਤ ਬਿੰਦਰੱਖੀਆ

*ਮਲਕੀਤ ਸਿੰਘ ਔਜਲਾ*
*ਮੋਬਾ: 9914992424*



*ਸੁਰਜੀਤ ਬਿੰਦਰਖੀਆ*

ਬੁਲੰਦ ਆਵਾਜ਼ ਤੇ ਲੰਮੀ ਹੇਕ ਗਾਇਕੀ ਦੇ ਪਿੜ ਅੰਦਰ ਸੁਰਜੀਤ ਬਿੰਦਰੱਖੀਆ ਦੀ ਪਛਾਣ ਸੀ। ਸਟੇਜ਼ 'ਤੇ ਆ ਕੇ ਇਕੋ ਸਾਹ ਉੱਚੀ ਸੁਰ ਵਿਚ ਲਗਾਤਾਰ ਗੀਤ ਤੇ ਗੀਤ ਗਾਉਣਾ ਉਸ ਦੀ ਹਿੱਕ ਵਿਚਲਾ ਭਲਵਾਨੀ ਸਮੇਂ ਇਕੱਤਰ ਕੀਤਾ ਜ਼ੋਰ ਸੀ। ਉਸ ਦੇ ਅਖਾੜਿਆਂ ਵਿਚ ਸਰੋਤਿਆਂ ਦਾ ਮਣਾਂ-ਮੂੰਹੀ ਇਕੱਠ ਉਸ ਨੂੰ ਸਰੋਤਿਆਂ ਵੱਲੋਂ ਮਿਲਦੇ ਅੰਤਾਂ ਦੇ ਪਿਆਰ ਦਾ ਪ੍ਰਤੀਕ ਸੀ। ਭਾਵੇਂ ਉਹ ਗਾਇਕੀ ਦੇ ਅੰਬਰ ਵਿਚ ਉਡਾਰੀਆਂ ਮਾਰਦਾ ਹੋਇਆ ਅਕਸਰ ਵਿਦੇਸ਼ਾਂ ਵਿਚ ਆਪਣੀਆਂ ਫੇਰੀਆਂ ਪਾ ਕੇ ਵਾਪਸ ਧਰਤੀ 'ਤੇ ਆ ਜਾਂਦਾ ਸੀ ਪਰ 17 ਨਵੰਬਰ, 2003 ਦੀ ਸਵੇਰ ਨੂੰ ਉਹ ਸਦਾ ਲਈ ਇੱਕ ਅਜਿਹੀ ਉਡਾਰੀ ਮਾਰ ਗਿਆ ਕਿ ਮੁੜ ਕਦੇ ਨਾ ਆਇਆ। ਉਸ ਦੀਆਂ ਯਾਦਾਂ, ਗੀਤਾਂ ਵਿਚ ਉਸ ਦੀ ਆਵਾਜ਼, ਵੀਡੀਓ ਗੀਤਾਂ ਵਿਚ ਉਸ ਦਾ ਹਸੂੰ ਹਸੂੰ ਕਰਦਾ ਚਿਹਰਾ, ਫਿਲਮਾਂ ਵਿਚ ਉਸ 'ਤੇ ਫਿਲਮਾਏ ਆਖਾੜੇ ਸਰੋਤਿਆਂ ਕੋਲ ਰਹਿ ਗਏ।

ਸੁਰਜੀਤ ਬਿੰਦਰਖੀਏ ਦਾ ਜਨਮ ਰੋਪੜ ਜ਼ਿਲ੍ਹੇ ਦੇ ਪਿੰਡ ਬਿੰਦਰੱਖ ਵਿਚ ਆਪਣੇ ਸਮੇਂ ਦੇ ਪ੍ਰਸਿੱਧ ਪਹਿਲਵਾਨ ਸੁੱਚਾ ਸਿੰਘ ਬਿੰਦਰੱਖੀਆ ਦੇ ਘਰ ਮਾਤਾ ਗੁਰਬਚਨ ਕੌਰ ਦੀ ਕੁੱਖੋਂ 15 ਅਪਰੈਲ, 1962 ਨੂੰ ਹੋਇਆ। ਜੱਟ ਪਰਿਵਾਰ ਵਿਚ ਜਨਮੇ ਬੈਂਸ ਗੋਤ ਨਾਲ ਸਬੰਧਤ ਚਾਰ ਭੈਣਾਂ ਦੇ ਇਸ ਇਕਲੌਤੇ ਵੀਰ ਦੇ ਟਿੱਬਿਆਂ ਵਿੱਚ ਵਸੇ ਪਿੰਡ ਬਿੰਦਰੱਖ ਵਿਚ ਜਾ ਕੇ ਵੇਖਣ ਤੋਂ ਪਤਾ ਲੱਗਦਾ ਹੈ ਕਿ ਉਸ ਨੂੰ ਆਪਣੇ ਮੁਕਾਮ 'ਤੇ ਪਹੁੰਚਣ ਲਈ ਕਿੰਨਾ ਜ਼ਿਆਦਾ ਸੰਘਰਸ਼ ਕਰਨਾ ਪਿਆ ਹੋਵੇਗਾ।

ਉਸ ਦੇ ਪਿਤਾ ਪਹਿਲਵਾਨ ਸੁੱਚਾ ਸਿੰਘ ਅਜ਼ਾਦੀ ਘੁਲਾਟੀਆ ਹੋਣ ਦੇ ਨਾਲ ਨਾਲ ਭਲਵਾਨੀ ਦੇ ਖੇਤਰ ਵਿਚ ਬਹੁਤ ਤੇਜ਼ ਤਰਾਰ ਪਹਿਲਵਾਨ ਵਜੋਂ ਜਾਣੇ ਜਾਂਦੇ ਸਨ ਜਿਨ੍ਹਾਂ ਬਾਰੇ ਇਕ ਗੱਲ ਮਸ਼ਹੂਰ ਸੀ ਕਿ ਉਹ ਆਪ ਤੋਂ ਤਕੜੇ ਨਾਲ ਜੱਫਾ ਲਾ ਕੇ ਵੀ ਢਾਈ ਮਿੰਟ ਵਿਚ ਕੁਸ਼ਤੀ ਦਾ ਨਿਤਾਰਾ ਕਰ ਦਿੰਦੇ ਸਨ। ਪਿਤਾ ਨੇ ਆਪਣੇ ਪੁੱਤਰ ਨੂੰ ਵੀ ਪਹਿਲਵਾਨੀ ਵਾਲੇ ਖੇਤਰ ਵਿਚ ਪਾਉਣ ਬਾਰੇ ਸੋਚਿਆ ਸੀ ਪਰ ਸੁਰਜੀਤ ਸ਼ੁਰੂ ਸ਼ੁਰੂ ਵਿੱਚ ਭਲਵਾਨੀ ਵਿਚ ਜ਼ੋਰ ਅਜ਼ਮਾਈ ਕਰਨ ਪਿੱਛੋਂ ਗਾਇਕੀ ਦੇ ਅਖਾੜਿਆਂ ਵੱਲ ਚਲਾ ਗਿਆ ਅਤੇ ਅਜਿਹਾ ਨਿਤਰਿਆ ਕਿ ਗਿਣਵੇਂ ਦਿਨਾਂ ਵਿਚ ਗਾਇਕੀ ਦੇ ਅੰਬਰ ਵਿਚ ਟੀਸੀ 'ਤੇ ਜਾ ਬੈਠਾ। ਉਸ ਗਾਇਕੀ ਦਾ ਸਫਰ ਕਾਲਜ ਸਮੇਂ ਭੰਗੜਾ ਟੀਮ ਨਾਲ

ਬੋਲੀਆਂ ਪਾ ਕੇ ਸ਼ੁਰੂ ਕੀਤਾ। ਪਹਿਲਾਂ ਪਹਿਲ ਤਾਂ ਪਿਤਾ ਪਹਿਲਵਾਨ ਸੁੱਚਾ ਸਿੰਘ ਵੱਲੋਂ ਉਸ ਦੀ ਵਿਰੋਧਤਾ ਹੁੰਦੀ ਰਹੀ ਪਰ ਮਗਰੋਂ ਸਭ ਠੀਕ ਹੋ ਗਿਆ। ਗ੍ਰਹਿਸਥੀ ਜੀਵਨ ਦੀ ਸ਼ੁਰੂਆਤ ਸੁਰਜੀਤ ਬਿੰਦਰੱਖਈਏ ਨੇ ਪ੍ਰੀਤ ਬੈਂਸ ਨਾਲ ਵਿਆਹ ਕਰਵਾ ਕੇ ਕੀਤੀ। ਉਨ੍ਹਾਂ ਦੇ ਘਰ ਇੱਕ ਪੁੱਤਰ ਗੀਤਾਜ ਅਤੇ ਪੁੱਤਰੀ ਮੀਨਾਜ ਨੇ ਜਨਮ ਲਿਆ।

ਪੰਜਾਬੀ ਗਾਇਕੀ ਵਿਚ ਸੁਰਜੀਤ ਬਿੰਦਰੱਖੀਆ ਅਜਿਹਾ ਗਾਇਕ ਸੀ ਜਿਸ ਨੇ ਕੈਸਿਟ ਕਲਚਰ ਵਿਚ ਪੈਰ ਧਰਨ ਤੋਂ ਪਹਿਲਾਂ ਅਖਾੜਿਆਂ ਦੇ ਜ਼ਰੀਏ ਲੋਕਾਂ ਵਿਚ ਆਪਣਾ ਚੰਗਾ ਨਾਂ ਬਣਾ ਲਿਆ ਸੀ। ਫਿਲਮ **'ਅਣਖ ਜੱਟਾਂ ਦੀ'** ਵਿਚ ਬੋਲੀਆਂ ਨੁਮਾ ਗੀਤ **'ਬਾਣੀਏ ਨੇ ਜੱਟ ਢਾਹ ਲਿਆ'** ਦੇ ਜ਼ਰੀਏ ਲੋਕਾਂ ਨੂੰ ਉਸ ਦੀ ਆਵਾਜ਼ ਸੁਣਨ ਨੂੰ ਮਿਲੀ ਅਤੇ ਫਿਲਮ **'ਬਦਲਾ ਜੱਟੀ ਦਾ'** ਵਿਚ ਉਸ 'ਤੇ ਫਿਲਮਾਏ ਅਖਾੜੇ ਵਿਚ **'ਕਿਸੇ ਮਾਂ ਲੱਧੀ ਨੇ ਜੰਮਿਆ ਇਕ ਦੁੱਲਾ ਸ਼ੇਰ ਜਵਾਨ'** ਰਾਹੀਂ ਲੋਕਾਂ ਨੂੰ ਉਸ ਦੇ ਚਿਹਰੇ ਦੀ ਤਸਵੀਰ ਵਿਖਾਈ ਦਿੱਤੀ। ਇਸ ਪਿੱਛੋਂ ਚੱਲ ਸੋ ਚੱਲ। ਇਕ ਦਰਜਨ ਦੇ ਲਗਪਗ ਪੰਜਾਬੀ ਫਿਲਮਾਂ ਵਿਚ ਉਸ ਦੇ ਅਖਾੜੇ ਫਿਲਮਾਏ ਗਏ ਅਤੇ ਵੱਡੇ ਵੱਡੇ ਕਲਾਕਾਰਾਂ ਨਾਲ ਉਸ ਦੀ ਆਵਾਜ਼ ਦੀ ਜ਼ੋਰ ਅਜਮਾਈ ਹੁੰਦੀ ਰਹੀ। ਉਹ ਹਰ ਵਾਰ ਕੁਝ ਨਾ ਕੁਝ ਨਵਾਂ ਕਰਕੇ ਖਰਾ ਉਤਰਦਾ ਸੀ। ਉਸ ਨੇ ਜ਼ਿਆਦਾਤਰ ਪੰਜਾਬੀ ਲੋਕ ਸਾਜ ਤੂੰਬੀ, ਅਲਗੋਜ਼ੇ, ਸਾਰੰਗੀ ਅਤੇ ਢੋਲ ਆਦਿ ਆਪਣੀ ਗਾਇਕੀ ਵਿਚ ਵਰਤਣ ਨੂੰ ਤਰਜੀਹ ਦਿੱਤੀ।

ਕੈਸੇਟ ਜਗਤ ਵਿਚ ਉਸ ਵੱਲੋਂ **'ਮੁੰਡਾ ਕੀ ਮੰਗਦਾ'** ਦੇ ਪਹਿਲੇ ਹੀ ਗੀਤ **'ਐਥੇ ਮੇਰੀ ਨੱਥ ਡਿੱਗ ਪਈ'** ਤੋਂ ਲੈ ਕੇ ਆਖਰੀ ਕੈਸੇਟ **'ਇਸ਼ਕੇ ਦੀ ਅੱਗ'** ਦੇ ਗੀਤ **'ਮੈਂ ਕੱਲ੍ਹ ਤਕ ਨਹੀਂ ਰਹਿਣਾ'** ਤੱਕ ਸਾਰੇ ਹੀ ਗੀਤ ਸਰੋਤਿਆਂ ਦੀ ਕਚਹਿਰੀ ਵਿਚ ਖਰੇ ਉਤਰੇ। ਪੰਜਾਬੀ ਸਭਿਆਚਾਰ ਦੀ ਝੋਲੀ ਵਿਚ ਉਸ ਵੱਲੋਂ ਪਾਈਆਂ ਲਗਪਗ ਤਿੰਨ ਦਰਜਨ ਕੈਸੇਟਾਂ ਸਾਰੀਆਂ ਦੀਆਂ ਸਾਰੀਆਂ ਹੀ ਹਿੱਟ ਰਹੀਆਂ। ਉਸ ਦੇ ਜ਼ਿਆਦਾਤਰ ਮਸ਼ਹੂਰ ਹੋਏ ਗੀਤ ਹਨ:-

* ਮੋਢੇ ਤੋਂ ਤਿਲਕਦਾ ਜਾਵੇ ਦੁਪੱਟਾ ਤੇਰਾ ਸੱਤ ਰੰਗ ਦਾ।
* ਤੇਰਾ ਵਿਕਦਾ ਜੈ ਕੁਰੇ ਪਾਣੀ ਲੋਕਾਂ ਦਾ ਨਾ ਦੁੱਧ ਵਿਕਦਾ।
* ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ ਤੇਰੇ 'ਚ ਤੇਰਾ ਯਾਰ ਬੋਲਦਾ।
* ਇਹ ਗਲੀ ਸਰਕਾਰੀ ਐ ਰਾਹ ਰੋਕ ਨੀ ਸਕਦੀ ਤੂੰ।
* ਮੁਖੜਾ ਦੇਖ ਕੇ ਮਰ ਗਿਆ ਨੀ।
* ਨੀ ਤੂੰ ਜੱਟ ਦੀ ਪਸੰਦ ਜੱਟ ਨੇ ਵਿਆਉਣੀ ਐਂ।
* ਪੇਕੇ ਹੁੰਦੇ ਮਾਵਾਂ ਨਾਲ।
* ਦੱਸ ਕੀਹਦਾ ਚੇਲਾ ਕਿਥੋਂ ਦਾ ਫਕੀਰ ਜੋਗੀਆ।
* ਮੈਂ ਤੜਕੇ ਘੜੇ ਦਾ ਪਾਣੀ ਕੱਲ੍ਹ ਤਕ ਨਹੀਂ ਰਹਿਣਾ।

* ਨਿਓਂ ਕੇ ਚੁੱਕੀਂ ਜਵਾਨਾ ਐਥੇ ਮੇਰੀ ਨੱਥ ਡਿੱਗ ਪਈ।
* ਮੈਥੋਂ ਲੱਗੀਆਂ ਜੇ ਹੋਈਆਂ ਨਾ ਨਿਭਾਅ ਮੈਨੂੰ ਦੱਸੋ ਲੋਕੋ ਮੇਰਾ ਕੀ ਗੁਨਾਹ।
* ਗਿੱਧੇ ਵਿਚ ਆ ਜੇ ਨਾ ਭੂਚਾਲ ਲੋਕੀ ਕਹਿੰਦੇ ਬੱਸ ਕਰ ਬੱਸ ਕਰ।
* ਮਿੱਠੇ ਗੀਤਾਂ ਵਾਂਗੂ ਮਿੱਠੇ ਮੇਰੇ ਮਿੱਤਰਾ

ਅਤੇ ਜੁਗਨੀ ਟੱਪੇ, ਬੋਲੀਆਂ ਆਦਿ। ਇਸ ਤੋਂ ਇਲਾਵਾ ਧਾਰਮਿਕ ਗੀਤ ਵੀ ਉਸ ਨੇ ਕਾਫੀ ਗਾਏ।

ਗੀਤਕਾਰ ਸ਼ਮਸ਼ੇਰ ਸੰਧੂ ਅਤੇ ਸੰਗੀਤਕਾਰ ਅਤੁਲ ਸ਼ਰਮਾ ਨਾਲ ਉਸ ਨੇ ਮੁੱਢ ਤੋਂ ਲੈ ਕੇ ਅਖੀਰ ਤੱਕ ਅਜਿਹੀ ਯਾਰੀ ਨਿਭਾਈ ਕਿ ਸ਼ਾਇਦ ਹੀ ਪੰਜਾਬੀ ਗਾਇਕੀ ਦੇ ਮੈਦਾਨ ਵਿਚ ਅਜਿਹੀ ਤਿੱਕੜੀ ਪਹਿਲਾਂ ਕਦੇ ਟਿਕੀ ਹੋਵੇ। ਇਕ ਦੋ ਕੈਸਿਟਾਂ ਨੂੰ ਛੱਡ ਕੇ ਉਸ ਦੀਆਂ ਸਾਰੀਆਂ ਕੈਸਟਾਂ ਦਾ ਸੰਗੀਤ ਅਤੁਲ ਸ਼ਰਮਾ ਵੱਲੋਂ ਤਿਆਰ ਕੀਤਾ ਗਿਆ ਸੀ। ਉਸ ਨੇ ਜ਼ਿਆਦਾਤਰ ਸ਼ਮਸ਼ੇਰ ਸੰਧੂ ਦੀ ਕਲਮ ਦੇ ਹੀ ਗੀਤ ਗਾਏ ਜੋ ਕਿ ਸੁਪਰਹਿੱਟ ਵੀ ਹੋਏ। ਇਸ ਤੋਂ ਇਲਾਵਾ ਉਸ ਨੇ ਹੋਰ ਕਈ ਨਵੇਂ ਅਤੇ ਪੁਰਾਣੇ ਗੀਤਕਾਰਾਂ ਦੇ ਗੀਤ ਵੀ ਗਾਏ ਜਿਨ੍ਹਾਂ ਵਿਚ ਦੇਵ ਥਰੀਕਿਆਂ ਵਾਲਾ, ਜਗਦੇਵ ਮਾਨ, ਸ਼ੇਖਦੌਲਤ, ਬਚਨ ਬੇ ਦਿਲ, ਸਾਜਨ ਰਾਏਕੋਟੀ, ਹਰਵਿੰਦਰ ਓਹੜਪੁਰੀ, ਸਵਰਨ ਸਿਵੀਆ, ਸੀਤਲ ਸਿੰਘਪੁਰੀਆ ਅਤੇ ਲਾਭ ਚਤਾਮਲੀ ਵਾਲਾ ਆਦਿ ਜ਼ਿਕਰਯੋਗ ਹਨ।

ਸੁਰਜੀਤ ਬਿੰਦਰੱਖੀਆ ਭਾਵੇਂ ਸਰੀਰਕ ਤੌਰ 'ਤੇ ਅੱਜ ਸਾਡੇ ਵਿਚ ਨਹੀਂ ਪਰ ਉਸ ਦੀ ਆਵਾਜ਼ ਉਸ ਦਾ ਅੰਦਾਜ਼ ਅੱਜ ਵੀ ਸਾਡੇ ਵਿਚ ਜ਼ਿੰਦਾ ਹੈ। ਅੱਜ ਉਸ ਨਾਲ ਮਿਲਦੇ ਕਈ ਚਿਹਰੇ ਉਸ ਦੇ ਗੀਤਾਂ 'ਤੇ ਉਸ ਦੇ ਅੰਦਾਜ਼ ਵਿਚ ਵੀਡੀਓ ਫਿਲਮਾਂ ਕੇ ਘਾਟਾ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਘਾਟਾ ਤਾਂ ਆਖਿਰ ਘਾਟਾ ਹੈ। ਜੇਕਰ ਸਭਿਆਚਾਰ ਦੇ ਪ੍ਰੇਮੀਆਂ ਨੂੰ ਉਸ ਦਾ ਜਾਣ ਪਹਿਲਾਂ ਪਤਾ ਹੁੰਦਾ ਤਾਂ ਸ਼ਾਇਦ ਉਹ ਉਸ ਦਾ ਰਸਤਾ ਰੋਕ ਲੈਂਦੇ। 'ਪਰ ਲੇਖ ਨਾ ਮਿਟੇ ਹੇ ਸਖੀ ਜੋ ਲਿਖਿਆ ਕਰਤਾਰ' ਅਨੁਸਾਰ ਉਹ ਸਮੇਂ ਤੋਂ ਪਹਿਲਾਂ ਹੀ ਚਲਾ ਗਿਆ ਅਤੇ ਦੋ ਸਾਲ ਦੇ ਅੰਦਰ ਅੰਦਰ ਹੀ ਆਪਣੀ ਬਿਰਧ ਮਾਤਾ ਨੂੰ ਵੀ ਨਾਲ ਲੈ ਗਿਆ। ਉਸ ਦੀ ਤੀਸਰੀ ਬਰਸੀ ਮੌਕੇ ਉਸ ਦੇ ਭੋਗ ਸਮੇਂ ਗਾਇਨ ਕੀਤੀਆਂ ਉਹ ਲਾਈਨਾਂ ਜੋ ਉਸ ਦੇ ਚਚੇਰੇ ਭਰਾ ਗੁਰਮੇਲ ਸਿੰਘ ਵੱਲੋਂ ਗਾਈਆਂ ਸਨ ਮੁੜ ਚੇਤੇ ਆਉਂਦੀਆਂ ਹਨ: 'ਅੱਧਵਾਟੇ ਛੱਡ ਗਿਆ ਲੰਮੀ ਪੀਂਘ ਪਿਆਰ ਦੀ ਪਾ ਕੇ, ਇਕ ਰਾਹੀ ਮੰਜ਼ਿਲਾਂ ਦਾ ਤੁਰ ਗਿਆ ਆਪਣੀ ਮੰਜ਼ਿਲ ਮੁਕਾ ਕੇ' ਅਤੇ ਇਸ ਦੇ ਨਾਲ ਹੀ ਗਾਇਕੀ ਤੇ ਗੀਤਕਾਰੀ ਦੇ ਸਦਾਬਹਾਰ ਬਾਦਸ਼ਾਹ ਗੁਰਦਾਸ ਮਾਨ ਵੱਲੋਂ ਉਸ ਸਮੇਂ ਗਾਇਆ ਉਹ ਗੀਤ ਵੀ ਸੱਚਾ ਸਾਬਤ ਹੁੰਦਾ ਪ੍ਰਤੱਖ ਨਜ਼ਰ ਆ ਰਿਹਾ ਹੈ ਕਿ ਗੀਤ ਵਿਲਕਦੇ ਰਹਿਣਗੇ ਤੇਰੀਆਂ ਲੰਮੀਆਂ ਹੇਕਾਂ ਨੂੰ, ਤੂੰ ਤਾਂ ਤੁਰ ਗਿਆ ਸੇਕਣ ਲਈ ਸੂਰਜ ਦੀਆਂ ਸੇਕਾਂ ਨੂੰ, ਮਾਂ ਬੋਲੀ ਇਤਿਹਾਸ ਦਾ ਵਿਹੜਾ ਜਦ ਵੀ ਹੁੰਝੇਗੀ, ਬਿੰਦਰੱਖੀਏ ਦੀ ਵਾਜ਼ ਕਿਸੇ ਕੋਨੇ ਵਿੱਚ ਗੂੰਜੇਗੀ।

# 41 ਬੀਰੂ ਭਰਿਆਈ - ਪੁਆਧੀ ਸਭਿਆਚਾਰ ਦਾ ਸ਼ੀਸ਼ਾ

*ਕੋਮਲ ਸਿੰਘ*

*ਮੋਬਾ: 9501055113*

ਪੰਜਾਬੀ ਦੀ ਇਕ ਮਸ਼ਹੂਰ ਅਖੌਤ ਹੈ ਕਿ 'ਢੋਲ ਸਾਵਾਂ ਤੇ ਭਰਿਆਈ ਵਟਵਾਂ' ਭਾਵ ਜਦੋਂ ਕਿਸੇ ਕਸਬ ਨੂੰ ਕਰਨ ਵਾਲਾ ਤਾਂ ਬਦਲ ਜਾਵੇ ਪਰ ਕਸਬ ਉਹੀ ਰਹੇ। ਪਰ ਬੀਰੂ ਭਰਿਆਈ 'ਤੇ ਇਹ ਅਖੌਤ ਲਾਗੂ ਨਹੀਂ ਹੁੰਦੀ। ਪਿਛਲੇ ਸੱਠਾਂ ਸਾਲਾਂ ਤੋਂ ਉਹ ਲਗਾਤਾਰ ਢੋਲ ਅਤੇ ਸਰੰਗੀ ਵਜਾ ਰਿਹਾ ਹੈ।

ਬੀਰੂ ਭਰਿਆਈ ਪੁਆਧੀ ਭਾਖਾ ਦਾ ਦੂਤ ਵੀ ਹੈ ਅਤੇ ਪਹਿਰੇਦਾਰ ਵੀ ਹੈ। ਉਹ ਫ਼ੱਕਰ ਸੁਭਾਅ ਦਾ ਸੁਆਮੀ ਹੈ। ਉਸ ਨੂੰ ਇਹ ਪਤਾ ਹੀ ਨਹੀਂ ਕਿ ਉਹ ਕਿੰਨਾ ਕੀਮਤੀ ਅਤੇ ਮਹਾਨ ਕਾਰਜ ਕਰ ਰਿਹਾ ਹੈ। ਉਹ ਸੁੱਤੇ-ਸਿੱਧ ਅਤੇ ਸਹਿਜ ਸੁਭਾਅ ਹੀ ਪੁਆਧੀ ਭਾਖਾ ਦੇ ਸੰਚਾਰ ਅਤੇ ਵਿਸਥਾਰ ਦੀ ਸੇਵਾ ਨਿਭਾਅ ਰਿਹਾ ਹੈ। ਪੁਆਧੀ ਖੇਤਰ ਦਾ ਸ਼ਾਇਦ ਉਹ ਆਪਣੀ ਪੀੜ੍ਹੀ ਦਾ ਆਖਰੀ ਜਾਂ ਇਕੱਲਾ ਚਿਰਾਗ ਹੀ ਬਚਿਆ ਹੈ ਜਿਹੜਾ ਪੁਆਧ ਦੇ ਪਿੰਡਾਂ ਦੇ ਘਰ-ਘਰ ਜਾ ਕੇ ਅਖ਼ਲ ਜਗਾ ਕੇ ਰੋਜ਼ੀ-ਰੋਟੀ ਦੇ ਹੀਲੇ ਰਾਹੀਂ ਆਪਣੀ ਇਲਾਕਾਈ ਪੁਆਧੀ ਮਾਂ-ਬੋਲੀ ਦੀ ਨਿਵੇਕਲੀ ਸੇਵਾ ਕਰ ਰਿਹਾ ਹੈ।

ਬੀਰੂ ਪੁਆਧੀ ਸਭਿਆਚਾਰ ਦਾ ਸ਼ੀਸ਼ਾ ਹੈ। ਉਸ ਵਿਚੋਂ ਪੁਆਧੀ ਰਹਿਤਲ ਦੇ ਦੀਦਾਰ ਕੀਤੇ ਜਾ ਸਕਦੇ ਹਨ।

ਚੰਡੀਗੜ੍ਹ ਦੀਆਂ ਜੜ੍ਹਾਂ ਵਿੱਚ ਤੇਜ਼ੀ ਨਾਲ ਧਨੀ ਹੋ ਰਹੀ ਪੁਆਧ ਦੀ ਨਵੀਂ ਪਨੀਰੀ ਨੂੰ ਪਤਾ ਹੀ ਨਹੀਂ ਕਿ ਪੁਆਧੀ ਭਾਖਾ ਦਾ ਰਤਨ, ਗੁਰਬਤ ਦੀ ਮਾਰ ਦਾ ਮਾਰਿਆ ਪਿਆ ਹੈ। ਫਿਕਰ ਵਾਲੀ ਗੱਲ ਹੈ ਕਿ ਜਦੋਂ ਇਥੇ ਚਾਰ-ਚੁਫੇਰੇ ਸਭਿਆਚਾਰ ਦੇ ਨਾਂ 'ਤੇ ਵੱਡੇ-ਵੱਡੇ ਅਡੰਬਰ ਰਚੇ ਜਾਂਦੇ ਹਨ, ਪਰ ਕਿਸੇ ਕੋਲ ਬੀਰੂ ਦਾ ਗੌਣ-ਪਾਣੀ ਅਤੇ ਉਸ ਦੇ ਲੋਕ ਸਾਜ਼ਾਂ ਦੀਆਂ ਹੁਕਾਂ ਸੁਣਨ ਦੀ ਵਿਹਲ ਨਹੀਂ ਹੈ।

ਬੀਰੂ ਪੁਆਧ ਦੀਆਂ ਸੱਥਾਂ, ਮੇਲਿਆਂ, ਜੱਗਾਂ, ਇਕੱਠਾਂ, ਦਰਗਾਹਾਂ ਦੀ ਰੂਹ ਹੈ। ਉਹ ਪੁਆਧ ਦੇ ਸਭਿਆਚਾਰ ਦਾ ਨਿਉਂਦਾ ਘਰ-ਘਰ ਵਰਤਾਅ ਰਿਹਾ ਹੈ।

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਭਗੜਾਣਾ ਵਿਖੇ ਪੂਰਨ ਸਿੰਘ ਦੇ ਗ੍ਰਹਿ ਵਿਖੇ 1939 ਨੂੰ ਬੀਰੂ ਨੇ ਜਨਮ ਲਿਆ ਸੀ। ਕਾਗਜ਼ਾਂ ਵਿੱਚ ਉਸ ਦਾ ਨਾਂ ਬਲਬੀਰ ਸਿਹੁੰ ਹੈ, ਪਰ ਇਲਾਕੇ ਵਾਲੇ ਬੀਰੂ ਭਰਿਆਈ ਦੇ ਨਾਂ ਨਾਲ ਹੀ ਉਸ ਨੂੰ ਜਾਣਦੇ ਹਨ।

ਦਸ ਸਾਲ ਦੀ ਉਮਰ ਵਿੱਚ ਉਹ ਪਿਤਾ-ਪੁਰਖੀ ਕਸਬ ਵਿੱਚ ਪੈ ਗਿਆ ਸੀ। ਪਹਿਲੋ-ਪਹਿਲ ਉਹ ਪਿਉ ਦੀ ਸਾਰੰਗੀ ਨਾਲ ਢੱਡ ਵਜਾਉਂਦਾ ਹੁੰਦਾ ਸੀ। ਫੇਰ ਉਸ ਨੇ

ਸਾਰੀ ਉਮਰ ਢੋਲ ਨੂੰ ਢਿੱਡ ਨਾਲ ਅਤੇ ਸਾਰੰਗੀ ਨੂੰ ਮੋਢੇ ਨਾਲ ਲਾਈ ਰੱਖਿਆ। ਉਸ ਦੀ ਗਾਇਕੀ ਸਰਲ ਅਤੇ ਰਵਾਇਤੀ ਹੈ। ਬਹੁਤਾ ਤਾਂ ਉਸ ਨੇ ਭਗਤ ਆਸਾ ਰਾਮ ਸੁਹਾਣੇ ਵਾਲੇ ਨੂੰ ਗਾਵਿਆ, ਪਰ ਹੋਰ ਵੀ ਜਿਹੜੇ ਪੁਰਾਤਨ ਪ੍ਰਸੰਗ ਉਸ ਵੇਲੇ ਮਸ਼ਹੂਰ ਸਨ, ਉਹ ਵੀ ਗਾਏ। ਉਸ ਦੀ ਗਾਇਕੀ ਵਿੱਚ ਸਾਦਗੀ ਅਤੇ ਨਿਰਮਲਤਾ ਹੈ। ਚਿਹਰੇ 'ਤੇ ਮਾਸੂਮੀਅਤ ਅਤੇ ਬੁੱਲ੍ਹਾਂ 'ਤੇ ਸ਼ੁਕਰਾਨਾ ਹੈ। ਬੀਰੂ ਨੇ ਕਦੇ ਕਿਸੇ ਕੋਲ ਸ਼ਿਕਵਾ ਨਹੀਂ ਕੀਤਾ। ਭਾਣੇ ਵਿੱਚ ਰਹਿਣਾ ਤਾਂ ਕੋਈ ਉਸ ਤੋਂ ਸਿੱਖੇ। ਉਹ ਪੁਆਧ ਦੀ ਵਿਰਾਸਤ ਹੈ।


ਬੀਰੂ ਭਰਿਆਈ ਪੁਆਧੀ ਭਾਖਾ ਦਾ ਅਜੇ ਵੀ ਵੱਗ ਰਿਹਾ ਚੋਅ ਹੈ। ਇਸ ਨੇ ਵਹਿ ਜਾਣਾ ਹੈ। ਨਹੀਂ ਤਾਂ ਪੁਆਧ ਦੀ ਧਰਤੀ ਤੋਂ ਜਿਵੇਂ ਬਾਕੀ ਚੋਅ ਸੁੱਕ-ਮੁੱਕ ਗਏ, ਉਨ੍ਹਾਂ ਦੇ ਨਕਸ਼ ਅਲੋਪ ਹੋ ਗਏ, ਇਕ ਦਿਨ ਬੀਰੂ ਨਾਲ ਵੀ ਅਜਿਹਾ ਹੋ ਜਾਣਾ ਹੈ। ਗੁਰਬਤ, ਕਮਜ਼ੋਰ ਸਿਹਤ ਅਤੇ ਅਣਗੌਲਪੁਣੇ ਦੇ ਚਲਦਿਆਂ ਉਹ ਇਹ ਸਿਆਲ ਤਾਂ ਕੱਢ ਗਿਆ ਹੈ। ਉਹ ਕੰਧੀ 'ਤੇ ਰੁੱਖੜਾ ਹੈ। ਪਰ ਇਸ ਤੋਂ ਪਹਿਲਾਂ ਉਸ ਦੀ ਸੰਭਾਲ ਕਰਨ ਦੀ ਅਤਿਅੰਤ ਲੋੜ ਹੈ। ਇਸ ਕਾਰਜ ਲਈ ਕਿਸੇ ਸੰਸਥਾ/ਸੂਰਮੇ ਨੂੰ ਕੰਨ ਧਰਨ ਦੀ ਲੋੜ ਹੈ। ਉਹਦੇ ਕੋਲ ਜ਼ਬਾਨੀ-ਕਲਾਮੀ ਜੋ ਸਾਹਿਤਕ ਖਜ਼ਾਨਾ ਹੈ, ਉਹ ਸੰਭਾਲਣ ਦੀ ਲੋੜ ਹੈ।

ਬੀਰੂ ਬਹੁਤ ਹੀ ਮੱਧਮ ਟਿਮ-ਟਿਮਾ ਰਿਹਾ ਪੁਆਧ ਦਾ ਚਿਰਾਗ ਹੈ। ਉਸ ਨੂੰ ਤੇਲ ਬੱਤੀ ਅਤੇ ਉਸ ਦੀ ਲੋਅ ਨੂੰ ਓਟੇ ਦੀ ਲੋੜ ਹੈ। ਪੁਆਧੀ ਗਾਇਕੀ ਤੇ ਸਾਜ਼ਿੰਦਗੀ ਦੀਆਂ ਸੇਵਾਵਾਂ ਬਦਲੇ ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਇਸ ਕਲਾਕਾਰ ਨੂੰ 2009 'ਚ ਭਗਤ ਆਸਾ ਰਾਮ ਸੁਹਾਣਾ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਜਿਸ ਦੀ ਭਰਪੂਰ ਸ਼ਲਾਘਾ ਹੋਈ।

# 42 ਅਖਾੜਾ ਪਰੰਪਰਾ ਨੂੰ ਸਮਰਪਿਤ - ਕੇਸਰ ਸਿੰਘ ਸੋਹਾਣਾ

*ਕਰਮਜੀਤ ਸਿੰਘ ਚਿੱਲਾ*

*ਮੋਬਾ: 9815523166*



*ਕੇਸਰ ਸਿੰਘ ਸੋਹਾਣਾ*

ਮੁਹਾਲੀ ਜਿਲ੍ਹੇ ਦੇ ਪੈਰਾਂ ਵਿੱਚ ਘੁੱਗ ਵਸਦੇ 'ਬੈਦਵਾਣਾਂ' ਦੇ ਵੱਡੇ ਕਸਬੇਨੁਮਾ ਪਿੰਡ ਸੋਹਾਣਾ ਦੇ ਉੱਘੇ ਆਜ਼ਾਦੀ ਘੁਲਾਟੀਏ ਸਵ. ਪ੍ਰਤਾਪ ਸਿੰਘ ਦਾ ਪੋਤਾ ਅਤੇ ਸਵ. ਦਿਆਲ ਸਿੰਘ ਦਾ ਸਪੁੱਤਰ ਕੇਸਰ ਸਿੰਘ ਸੋਹਾਣਾ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ।

ਪੁਆਧੀ ਅਖਾੜਾ ਪਰੰਪਰਾ ਦੇ ਮੋਢੀ ਭਗਤ ਕਵੀ ਆਸਾ ਰਾਮ ਬੈਦਵਾਣ ਦੇ ਰਚੇ ਹੋਏ ਸਾਹਿਤ ਨੂੰ ਕਿਤਾਬੀ ਰੂਪ ਦੇ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਮੁਫ਼ਤ ਵੰਡਣ ਦਾ ਮਾਮਲਾ ਹੋਵੇ ਚਾਹੇ ਇਤਿਹਾਸਕ ਮੇਲਿਆਂ/ਪਿੰਜੌਰ, ਦਾਊਂ, ਪਿਹੋਵਾ, ਜੈਂਤੀਮਾਜਰਾ, ਰੁਪਾਲਹੇੜੀ ਜਾਂ ਫਿਰ ਭਗਤ ਆਸਾ ਰਾਮ ਦੀ ਸੋਹਾਣਾ ਸਥਿਤ ਸਮਾਧ 'ਤੇ ਅਖਾੜਾ ਲਾਉਣ ਦੀ ਗੱਲ ਹੋਵੇ - ਕੇਸਰ ਸਿੰਘ ਮੋਹਰੀ ਰਹਿੰਦਾ ਹੈ। ਉਹ ਖੁਦ ਵੀ ਅਖਾੜੇ ਵਿੱਚ ਗਾਉਂਦਾ ਹੈ ਤੇ ਆਪਣੇ ਸਾਥੀ ਹੋਰ ਕਲਾਕਾਰਾਂ ਚਰਨ ਸਿੰਘ ਦਿਆਲਪੁਰਾ, ਕਰਨੈਲ ਸਿੰਘ ਮਟੌਰ, ਸਾਧੂ ਸਿੰਘ, ਤੇਜਾ ਸਿੰਘ ਆਦਿ ਨਾਲ ਵੱਖ-ਵੱਖ ਸਾਜ਼ ਵੀ ਵਜਾਉਂਦਾ ਹੈ।

25 ਜੂਨ 1949 ਨੂੰ ਜਨਮੇ ਕੇਸਰ ਸਿੰਘ ਨੇ 1965 ਵਿੱਚ ਖਾਲਸਾ ਹਾਈ ਸਕੂਲ ਲੰਬਿਆਂ (ਮੁਹਾਲੀ) ਤੋਂ ਦਸਵੀਂ ਪਾਸ ਕੀਤੀ। ਸੱਤਵੀਂ ਵਿੱਚ ਪੜ੍ਹਦਿਆਂ ਆਪਣੇ ਚਾਚੇ ਜ਼ੋਰਾ ਸਿੰਘ ਨਾਲ ਉਸ ਨੇ ਭਗਤ ਆਸਾ ਰਾਮ ਦੇ ਚੇਲੇ ਪੂਰਨ ਸਿੰਘ ਦਾ ਇੱਕ ਅਖਾੜਾ ਸੁਣਿਆ। ਇਸ ਅਖਾੜੇ ਵਿੱਚ ਰਾਜਾ ਚੰਦਰ ਹਾਂਸ ਦੇ ਕਿੱਸੇ ਨੇ ਉਸ ਨੂੰ ਕਿੱਸੇ /ਰਾਗ/ਕਵਿਤਾਵਾਂ ਪੜ੍ਹਨ ਲਾ ਦਿੱਤਾ। 1970 ਵਿੱਚ ਪੁਲਿਸ (ਸੀ.ਆਈ.ਡੀ.) ਵਿੱਚ ਭਰਤੀ ਹੋਇਆ ਤੇ 2003 ਵਿੱਚ ਬਤੌਰ ਸੀਨੀਅਰ ਸਹਾਇਕ ਸੇਵਾ ਮੁਕਤ ਹੋਇਆ। ਇਸ ਸਮੁੱਚੇ ਅਰਸੇ ਦੌਰਾਨ ਉਹ ਧਾਰਮਿਕ ਅਖਾੜਿਆਂ ਵਿੱਚ ਹਿੱਸਾ ਲੈਂਦਾ ਰਿਹਾ ਤੇ ਖੁਦ ਲਿਖਣ ਦਾ ਸ਼ੌਕ ਵੀ ਪਾਲਦਾ ਰਿਹਾ। ਉਸ ਦੀਆਂ ਕੁਝ ਪ੍ਰਕਾਸ਼ਿਤ ਲਿਖਤਾਂ ਦੀਆਂ ਵੰਨਗੀਆਂ ਵੇਖੋ:-

ਲੋਕੀਂ ਛੱਡਗੇ ਘਰ ਦੇ ਕਿੱਤਿਆਂ ਨੂੰ,
ਸਾਰੇ ਨੌਕਰੀ ਦੇ ਵੱਲ ਨੱਠਦੇ ਜੀ।
ਨੌਕਰੀ ਲੈ ਕੇ ਨੀ ਕੰਮ ਕਰਦੇ,

ਫਿਰ ਰਿਸ਼ਵਤ ਲੈਣੇ ਨੂੰ ਤੱਕਦੇ ਜੀ।
ਆਪਣੇ ਦੇਸ਼ 'ਚ ਨੀ ਡੱਕਾ ਤੋੜ ਹੁੰਦਾ,
ਵਿਦੇਸ਼ਾਂ 'ਚ 24 ਘੰਟੇ ਕੰਮ ਵਿੱਚ ਰਚਦੇ ਜੀ।
ਕੇਸਰ ਸਿੰਘ ਨਾ ਰਿਹਾ ਇਨਸਾਫ਼ ਏਥੇ
ਅੰਨ੍ਹੀ ਪੀਸੇ ਕੁੱਤੇ ਚੱਟਦੇ ਜੀ।

ਇਕ ਹੋਰ ਥਾਂ ਅਮਲੀਆਂ ਬਾਰੇ ਕੋਰੜਾ ਛੰਦ ਵਿੱਚ ਉਹ ਲਿਖਦਾ ਹੈ:

ਪੀ ਕੇ ਸ਼ਰਾਬ ਕਰਦਾ ਕਲੇਸ਼ ਜੀ,
ਜਿਤਨੀ ਜ਼ਮੀਨ ਸਾਰੀ ਦਿੱਤੀ ਵੇਚ ਜੀ,
ਘਰ ਵਿੱਚ ਛੱਡਿਆ ਨੀ ਕੋਈ ਦਾਣਾ ਜੀ,
ਵੇਚ ਕੇ ਜ਼ਮੀਨ ਪੀ ਗਿਆ ਨਿਮਾਣਾ ਜੀ।
ਜਿਸ ਦਿਨ ਦੀ ਆਈਂ ਕੱਟਿਆ ਨਾ ਸੁਖ ਜੀ,
ਕਿਸ ਕਿਸ ਨੂੰ ਭੈਣੇ ਮੈਂ ਸੁਣਾਵਾਂ ਦੁੱਖ ਜੀ।
ਕਰਦਾ ਹੈ ਦਿਲ ਪੇਕੇ ਟੁਰ ਜਾਵਾਂ ਮੈਂ;
ਕੇਸਰ ਸਿੰਘ ਮੁੜ ਕੇ ਨਾ ਘਰ ਆਵਾਂ ਮੈਂ।

ਕੇਸਰ ਸਿੰਘ ਨੇ ਆਪਣੇ ਪਤੇ ਨੂੰ ਵੀ ਕੋਰੜੇ ਛੰਦ ਵਿੱਚ ਪੇਸ਼ ਕੀਤਾ ਹੈ:-

ਪਿੰਡ ਹੈ ਸੋਹਾਣਾ ਥਾਨੂੰ ਸੱਚ ਜੋ ਸੁਣਾ ਦੇਹਾਂ।
ਇਤਿਹਾਸਕ ਹੈ ਪਿੰਡ ਏਹ ਥੀ ਮੈਂ ਬਤਾ ਦੇਹਾਂ।
ਡਾਕਖਾਨਾ ਲੋਕੋ ਹੈਗਾ ਖਾਸ ਜੀ।
ਜਿੱਥੇ ਹੋਇਆ ਭਗਤ ਆਸਾ ਰਾਮ ਜੀ ਦਾ ਵਾਸ ਜੀ।
ਘਰ ਦੇ ਨੇੜੇ ਨਰਸਿੰਗ ਕਾਲਜ ਬਤਾਇਆ ਹੈ,
ਜਿੱਥੇ ਦਾਸ ਨੇ ਡੇਰਾ ਲਾਇਆ ਹੈ।

ਬਿਲਕੁਲ ਸਾਦਗੀ ਭਰਪੂਰ ਜੀਵਨ ਵਾਲੇ ਕੇਸਰ ਸਿੰਘ ਨੂੰ ਸੰਘਰਸ਼ ਕਰਨ ਤੇ ਦੂਜਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਵਿਰਾਸਤ ਵਿੱਚ ਮਿਲੀ ਹੋਈ ਹੈ। ਬਾਬਾ ਪ੍ਰਤਾਪ ਸਿੰਘ ਨੇ ਆਜ਼ਾਦੀ ਲਈ ਚੱਲੇ ਵੱਖ-ਵੱਖ ਅੰਦੋਲਨਾਂ ਵਿੱਚੋਂ ਦਰਜਨਾਂ ਵੇਰ ਜੇਲ੍ਹ ਕੱਟੀ ਸੀ। ਕੇਸਰ ਸਿੰਘ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਜਬਰੀ ਐਕੁਆਇਰ ਹੋਣੋਂ ਬਚਾਉਣ ਲਈ ਬਣੀ ਹੋਈ 'ਕਿਸਾਨ ਹਿੱਤ ਬਚਾਊ ਕਮੇਟੀ' ਦਾ ਸਰਗਰਮ ਮੈਂਬਰ ਹੈ। ਕੇਸਰ ਸਿੰਘ

ਅਜੋਕੀ ਗਾਇਕੀ ਵਿੱਚ ਆਏ ਨਿਘਾਰ ਤੋਂ ਬੇਹੱਦ ਫਿਕਰਮੰਦ ਹੈ। ਉਸ ਦਾ ਕਹਿਣਾ ਹੈ ਕਿ ਅਸਲੀ ਸੱਭਿਆਚਾਰ ਰਾਗ ਤਾਂ ਉਹ ਹੈ ਜਿਹੜਾ ਕੋਈ ਸਿੱਖਿਆ ਦੇਵੇ ਤੇ ਜਿਸ ਨੂੰ ਸਾਰਾ ਪਰਿਵਾਰ ਸੁਣ ਸਕੇ।

ਉਹ ਆਪਣੇ ਖਰਚੇ ਉੱਤੇ ਭਗਤ ਆਸਾ ਰਾਮ ਸੋਹਾਣਾ ਦੇ ਗਾਏ ਜਾਂ ਲਿਖੇ ਕਿੱਸਿਆਂ ਨੂੰ ਕਿਤਾਬੀ ਰੂਪ ਦੇਣ ਲਈ ਯਤਨਸ਼ੀਲ ਹੈ। ਉਹ ਅਜਿਹੀਆਂ ਕਿਤਾਬਾਂ ਆਪਣੇ ਖਰਚੇ 'ਤੇ ਛਪਾਉਂਦਾ ਹੈ ਤੇ ਹਜ਼ਾਰਾਂ ਦੀ ਸੰਖਿਆ ਵਿੱਚ ਮੁਫ਼ਤ ਵੰਡਦਾ ਹੈ। ਕੇਸਰ ਸਿੰਘ ਚਾਹੁੰਦਾ ਹੈ ਕਿ ਪਾਠਕ ਅਜਿਹਾ ਸਾਹਿਤ ਪੜ੍ਹਨ ਜਿਸ ਤੋਂ ਉਨ੍ਹਾਂ ਨੂੰ 'ਜੀਵਨ ਦੇ ਸੱਚ' ਦੀ ਜਾਚ ਆਵੇ। ਭਗਤ ਆਸਾ ਰਾਮ ਸੋਹਾਣਾ ਦੇ ਮਿਸ਼ਨ ਨੂੰ ਅੱਗੇ ਤੋਰ ਰਹੇ ਕੇਸਰ ਸਿੰਘ ਸੋਹਾਣਾ ਨੂੰ ਪਰਮਾਤਮਾ ਅਰੋਗਤਾ ਅਤੇ ਬਲ ਬਖਸ਼ੇ।


# ਅਧਿਆਇ ਅੱਠਵਾਂ

## ਪੁਆਧ ਖੇਤਰ ਦੀਆਂ ਕੁਝ ਪ੍ਰਮੁੱਖ ਸ਼ਖ਼ਸੀਅਤਾਂ ਜਿਨ੍ਹਾਂ ਦੀ ਕੀਰਤੀ ਦੀਆਂ ਲੋਕ ਸੱਥਾਂ 'ਚ ਗੱਲਾਂ ਕਰਕੇ ਮਾਣ ਮਹਿਸੂਸ ਕਰਦੇ ਹਨ।

1. ਸ. ਬਲਦੇਵ ਸਿੰਘ ਦੁਮਣਾ - ਪਹਿਲਾ ਪੁਆਧੀ ਰੱਖਿਆ ਮੰਤਰੀ
2. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ - ਲੋਕਾਂ ਦਾ ਰਹਿਬਰ
3. ਆਦਰਸ਼ਕ ਅਧਿਆਪਕ ਤੇ ਲੋਕ-ਹਿਤੈਸ਼ੀ
   ਮਾ. ਸਰੂਪ ਸਿੰਘ ਨੰਬਰਦਾਰ
4. ਚੰਡੀਗੜ੍ਹ ਦੇ ਪਿੰਡਾਂ ਦੀ ਧੜਕਨ ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ
5. ਅਣਗੌਲਿਆ ਹੀਰਾ - ਬਖਤਾਵਰ ਸਿੰਘ
6. ਦੇਸ਼ ਭਗਤ ਜੱਥੇਦਾਰ ਚੰਨਣ ਸਿੰਘ
7. ਮਾਨਵਤਾ ਦੇ ਮੁਦਈ ਸੰਤ ਬਾਬਾ ਲਾਭ ਸਿੰਘ

# 43 ਸ. ਬਲਦੇਵ ਸਿੰਘ ਦੁੱਮਣਾ - ਪਹਿਲਾ ਪੁਆਧੀ ਰੱਖਿਆ ਮੰਤਰੀ

*ਮਨਮੋਹਨ ਸਿੰਘ ਦਾਊਂ*



*ਬਲਦੇਵ ਸਿੰਘ ਦੁੱਮਣਾ*

ਪੁਆਧ ਖੇਤਰ ਦੀਆਂ ਮਹਾਨ ਸਖ਼ਸ਼ੀਅਤਾਂ ਵਿੱਚੋਂ ਸ. ਬਲਦੇਵ ਸਿੰਘ (ਦੁੱਮਣਾ) ਦਾ ਨਾਮ ਅਣਗੌਲਿਆ ਰਿਹਾ ਹੈ। ਦੇਸ਼ ਕੌਮ ਦੇ ਮਹਾਨ ਸਪੂਤ, ਪੰਥ ਹਿਤੈਸ਼ੀ ਤੇ ਸਿੱਖ-ਕੌਮ ਦਾ ਮਹਾਨ ਨੇਤਾ ਸ. ਬਲਦੇਵ ਸਿੰਘ ਆਪਣੇ ਆਪ ਇੱਕ ਸੰਸਥਾ ਸਨ ਜਿਨ੍ਹਾਂ ਨੇ ਕੇਂਦਰ ਵਿੱਚ ਅਜ਼ਾਦ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਵੱਜੋਂ ਸੇਵਾ ਨਿਭਾਉਣ ਦੇ ਨਾਲ-ਨਾਲ ਸਿੱਖ ਕੌਮ ਅਤੇ ਪੰਜਾਬ ਦੇ ਪ੍ਰਤੀਨਿੱਧ ਵੱਜੋਂ ਸ਼ਾਨਦਾਰ ਸੇਵਾ ਨਿਭਾਈ।

ਆਪ ਦਾ ਜਨਮ ਸਰ ਇੰਦਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਆਪਣੇ ਨਾਨਕੇ ਘਰ ਪਿੰਡ ਮਾਨਪੁਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਮਿਤੀ 8 ਜੁਲਾਈ, 1902 ਨੂੰ ਹੋਇਆ। ਆਪ ਦੇ ਪਿਤਾ ਨੂੰ ਉਸੇ ਦਿਨ ਓਵਰਸੀਰੀ ਦੇ ਕੋਰਸ ਵਿੱਚ ਸਫ਼ਲਤਾ ਮਿਲੀ। ਇਸੇ ਕੋਰਸ ਕਰਕੇ ਸਰ ਇੰਦਰਾ ਸਿੰਘ ਨੇ ਉਦਯੋਗ ਦੀ ਦੁਨੀਆਂ ਵਿੱਚ ਸਿੱਖਰਾਂ ਛੋਹੀਆਂ। ਸ. ਬਲਦੇਵ ਸਿੰਘ ਦੇ ਦੋ ਭਰਾ ਸ. ਅਜਾਇਬ ਸਿੰਘ ਅਤੇ ਸ. ਮਾਧੋ ਸਿੰਘ ਅਤੇ ਦੋ ਭੈਣਾਂ ਸੰਤ ਕੌਰ ਤੇ ਪ੍ਰਸਿੰਨ ਕੌਰ ਸਨ। ਆਪ ਨੇ ਮੁੱਢਲੀ ਸਿੱਖਿਆ ਪਿੰਡ ਕਾਈਨੌਰ ਤੋਂ ਪ੍ਰਾਪਤ ਕੀਤੀ। ਮੈਟ੍ਰਿਕ ਪ੍ਰੀਖਿਆ ਖਾਲਸਾ ਹਾਈ ਸਕੂਲ ਅੰਬਾਲਾ ਤੋਂ ਪਾਸ ਕਰਨ ਉਪਰੰਤ ਉੱਚ-ਵਿਦਿਆ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਲਿੱਤੀ। ਐਫ.ਏ. ਦੀ ਡਿਗਰੀ ਲੈਣ ਉਪਰੰਤ ਸਰ ਇੰਦਰਾ ਸਿੰਘ ਨੇ ਆਪ ਨੂੰ ਨਵੀਨ ਉਦਯੋਗਿਕ ਸਿਖਲਾਈ ਪ੍ਰਾਪਤ ਕਰਨ ਲਈ ਇੰਗਲੈਂਡ ਅਤੇ ਅਮਰੀਕਾ ਭੇਜ ਦਿੱਤਾ। ਸਿਖਲਾਈ ਲੈ ਕੇ ਆਪ ਨੇ ਆਪਣੇ ਉਦਯੋਗਾਂ ਦੇ ਜਨਰਲ ਮੈਨੇਜਰ ਵੱਜੋਂ ਕੰਮ ਸੰਭਾਲਿਆ। ਆਪ ਦਾ ਵਿਆਹ ਸਰਦਾਰਨੀ ਹਰਦੇਵ ਕੌਰ ਨਾਲ ਹੋਇਆ ਜਿਸ ਦੀ ਕੁੱਖੋਂ ਦੋ ਪੁੱਤਰ ਸੁਰਜੀਤ ਸਿੰਘ ਤੇ ਗੁਰਦੀਪ ਸਿੰਘ ਪੈਦਾ ਹੋਏ।

ਇਸ ਸਮੇਂ ਦੌਰਾਨ ਖਾਲਸਾ ਹਾਈ ਸਕੂਲ ਕੁਰਾਲੀ ਤੋਂ 1921 'ਚ ਪਦ-ਉਨਤ ਹੋਇਆ ਸੀ, ਉਸ ਦੀ ਆਰਥਿਕ-ਮੰਦਹਾਲੀ ਕਾਰਨ, ਕੁਝ ਇਲਾਕਾ ਨਿਵਾਸੀ ਸਰ ਇੰਦਰਾ ਸਿੰਘ ਕੋਲ ਉਨ੍ਹਾਂ ਦੇ ਉਦਯੋਗ ਟਾਟਾ ਨਗਰ ਜਮਸ਼ੈਦਪੁਰ (ਕਲਕੱਤਾ) ਪੁੱਜੇ ਤਾਂ ਜੋ ਸਕੂਲ ਨੂੰ ਇਲਾਕੇ ਦੇ ਵਿਦਿਆਰਥੀਆਂ ਲਈ ਪੈਰਾਂ ਸਿਰ ਖੜਾ ਕੀਤਾ ਜਾ ਸਕੇ। ਵਿੱਦਿਆ ਰਾਹੀਂ ਹੀ ਇਸ ਪੁਆਧ ਖੇਤਰ ਦਾ ਜੀਵਨ ਖ਼ੁਸ਼ਹਾਲ ਕੀਤਾ ਜਾ ਸਕਦਾ ਸੀ। ਲੋਕਾਂ ਪ੍ਰਤੀ ਸਨੇਹ ਦਰਸਾਉਂਦੇ ਹੋਏ ਨਾ ਕੇਵਲ ਕੁਰਾਲੀ ਸਕੂਲ ਸਗੋਂ ਇਸ ਖੇਤਰ ਦੇ ਹੋਰ

ਸਕੂਲਾਂ ਦੀ ਵਾਗਡੋਰ ਵੀ ਸ. ਬਲਦੇਵ ਸਿੰਘ ਨੂੰ ਸੰਭਾਲੀ ਗਈ ਤੇ ਖਾਲਸਾ ਹਾਈ ਸਕੂਲ ਖਰੜ, ਖਾਲਸਾ ਹਾਈ ਸਕੂਲ ਰੋਪੜ, ਖਾਲਸਾ ਹਾਈ ਸਕੂਲ ਚਮਕੌਰ ਸਾਹਿਬ, ਖਾਲਸਾ ਹਾਈ ਸਕੂਲ ਸੋਹਾਣਾ (ਲੰਬਿਆਂ ਸਾਹਿਬ ਸਥਿਤ) ਤੇ ਖਾਲਸਾ ਹਾਈ ਸਕੂਲ ਕੁਰਾਲੀ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ 'ਦਿ ਅੰਬਾਲਾ ਬੋਰਡ ਆਫ਼ ਐਜੂਕੇਸ਼ਨ ਜਮਸ਼ੈਦਪੁਰ-8' ਦਾ ਗਠਨ ਕੀਤਾ ਗਿਆ। ਇਨ੍ਹਾਂ ਸਕੂਲਾਂ ਦੇ ਸਿਰੋਂ ਕਰਜ਼ਾ ਲਾਹਿਆ ਤੇ ਬਿਲਡਿੰਗਾਂ ਦੀ ਉਸਾਰੀ ਕੀਤੀ ਗਈ। ਉਸ ਸਮੇਂ 68,000 ਰੁਪਏ ਖਰਚ ਕਰਕੇ ਉਕਤ ਬੋਰਡ ਦੀ ਸਥਾਪਨਾ ਕੀਤੀ ਜਿਸ ਨੂੰ ਚਲਾਉਣ ਲਈ 'ਸਰ ਇੰਦਰਾ ਸਿੰਘ ਟਰੱਸਟ' ਬਣਾਇਆ ਗਿਆ ਜਿਸ ਦੇ ਮੋਢੀ ਜਨਰਲ ਮੈਨੇਜਰ ਸ. ਬਲਦੇਵ ਸਿੰਘ ਨੂੰ ਬਣਾਇਆ ਗਿਆ। ਇਸ ਦੁਮਣਾ ਪਰਿਵਾਰ ਦੀ ਪੁਆਧ ਖੇਤਰ ਵਿੱਚ ਵਿੱਦਿਅਕ-ਸੰਸਥਾਵਾਂ ਖੋਲ੍ਹ ਕੇ ਵਿੱਦਿਆ ਦਾ ਚਾਨਣ ਵੰਡਣ ਦੀ ਦੇਣ ਇਤਿਹਾਸਕ-ਕ੍ਰਾਂਤੀਕਾਰੀ ਵਾਲਾ ਕਾਰਜ ਆਖੀ ਜਾ ਸਕਦੀ ਹੈ। ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੇ ਹਰ ਖੇਤਰ ਵਿੱਚ ਨਾਮਣਾ ਖੱਟ ਕੇ, ਦੇਸ ਕੌਮ ਤੇ ਦੇਸ ਦੀ ਸੇਵਾ ਕਰਕੇ ਲਾਸਾਨੀ ਪ੍ਰਾਪਤੀਆਂ ਦਾ ਇਤਿਹਾਸ ਸਿਰਜਿਆ ਹੈ। ਇਸ ਵੇਲੇ ਇਸ ਟਰੱਸਟ ਦੀ ਅਗਵਾਈ ਸ. ਰਵੀਇੰਦਰ ਸਿੰਘ (ਸਾਬਕਾ, ਸਪੀਕਰ ਪੰਜਾਬ ਵਿਧਾਨ ਸਭਾ) ਕਰ ਰਹੇ ਹਨ। ਇਸੇ ਬੋਰਡ ਅਧੀਨ ਖਾਲਸਾ ਹਾਈ ਸਕੂਲ ਲੜਕੀਆਂ ਮੋਰਿੰਡਾ ਅਤੇ ਕਾਲਜ ਚਲਾਇਆ ਜਾ ਰਿਹਾ ਹੈ।

ਸ. ਬਲਦੇਵ ਸਿੰਘ ਦਾ ਰਾਜਸੀ-ਜੀਵਨ 1936 ਤੋਂ ਸ਼ੁਰੂ ਹੋਇਆ ਜਦੋਂ ਪੰਜਾਬ ਅਸੈਂਬਲੀ ਦੀ ਚੋਣ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਜਿੱਤੀ ਤੇ ਮੁੜ 1937 'ਚ ਜ਼ਿਮਨੀ ਚੋਣ ਸ. ਗੁਰਬਖ਼ਸ਼ ਸਿੰਘ ਵਿਰੁੱਧ ਜਿੱਤੀ ਤੇ ਸਰ ਸਿਕੰਦਰ ਹਯਾਤ ਦੀ ਸਰਕਾਰ ਦੇ ਮੈਂਬਰ ਬਣੇ। ਉਦੋਂ ਹਿੰਦੁਸਤਾਨ ਅੰਗਰੇਜ਼ਾਂ ਦਾ ਗੁਲਾਮ ਸੀ। 8 ਅਗਸਤ, 1942 ਨੂੰ ਸੰਯੁਕਤ ਪੰਜਾਬ ਦੀ ਯੂਨੀਅਨਿਸਟ ਪਾਰਟੀ ਦੀ ਸਰਕਾਰ ਵਿੱਚ ਇੱਕ ਸਿੱਖ ਵਜ਼ੀਰ ਦੇ ਤੌਰ ਤੇ ਆਪ ਨੂੰ ਡਿਵੈਲਪਮੈਂਟ ਮਨਿਸਟਰ ਵੱਜੋਂ ਲਿਆ ਗਿਆ ਤੇ ਇੱਕ ਸਿੱਖ ਨੇਤਾ ਵੱਜੋਂ ਉਭਰੇ। ਮਨਿਸਟਰ ਹੁੰਦਿਆਂ 'ਸਿਕੰਦਰ ਬਲਦੇਵ ਪੈਕਟ' ਅਧੀਨ ਤਿੰਨ ਅਹਿਮ ਮਸਲੇ ਸਿੱਖਾਂ ਲਈ ਪ੍ਰਵਾਨ ਕਰਵਾਏ। (1) ਸਿੱਖ ਵਜ਼ੀਰ ਦੀ ਜਾਣਕਾਰੀ ਅਤੇ ਸਹਿਮਤੀ ਤੋਂ ਬਿਨ੍ਹਾਂ ਸਰਕਾਰੀ ਨੌਕਰੀਆਂ ਵਿੱਚ ਕਿਸੇ ਵੀ ਸਿੱਖ ਨੂੰ ਭਰਤੀ ਨਹੀਂ ਕੀਤਾ ਜਾਵੇਗਾ। (2) ਪੰਜਾਬ ਦੇ ਸਾਰੇ ਰੇਲਵੇ ਸਟੇਸ਼ਨਾਂ ਤੇ ਹਲਾਲ ਤੋਂ ਇਲਾਵਾ ਝਟਕਾ ਵੀ ਵਰਤਾਇਆ ਜਾਵੇਗਾ। (3) ਪੰਜਾਬ ਰਾਜ ਵਿੱਚ ਹੋਰ ਬੁੱਚੜਖਾਨਾ ਨਹੀਂ ਖੋਲ੍ਹਿਆ ਜਾਵੇਗਾ। ਇਸ ਪੈਕਟ ਦੇ ਜਾਰੀ ਹੋਣ ਨਾਲ ਪੰਜਾਬ ਵਿੱਚ ਹਰ ਇੱਕ ਸਿੱਖ ਦੀ ਜ਼ੁਬਾਨ ਤੇ ਸ. ਬਲਦੇਵ ਸਿੰਘ ਦਾ ਨਾਂ ਚੜ੍ਹ ਗਿਆ। ਸਿੱਖਾਂ ਲਈ ਉਸ ਵੇਲੇ ਇਹ ਇੱਕ ਵੱਡੀ ਪ੍ਰਾਪਤੀ ਸੀ। ਇਸੇ ਸਮੇਂ 1945 ਵਿੱਚ ਸਰਕਾਰੀ ਕਾਲਜ ਰੋਪੜ ਦੀ ਸਥਾਪਨਾ ਕਰਵਾ ਕੇ, ਇਲਾਕੇ ਲਈ ਵਿੱਦਿਆ ਦਾ ਚਾਨਣ ਮੁਨਾਰਾ ਪ੍ਰਾਰੰਭ ਕਰ ਵਿਖਾਇਆ।

ਸ. ਬਲਦੇਵ ਸਿੰਘ ਜਿੱਥੇ ਵਿੱਦਿਆ-ਦਾਨੀ ਸਨ ਉੱਥੇ ਸੱਚੇ-ਸੁੱਚੇ ਦੇਸ਼ ਭਗਤ ਤੇ ਬੇਖੌਫ਼ ਸ਼ਖ਼ਸੀਅਤ ਸਨ। ਇਨ੍ਹਾਂ ਗੁਣਾਂ ਦਾ ਸਬੂਤ ਇਸ ਗੱਲੋਂ ਹੁੰਦਾ ਹੈ ਕਿ ਅਜ਼ਾਦੀ ਸੰਘਰਸ਼ ਦੌਰਾਨ ਉਨ੍ਹਾਂ, ਸ੍ਰੀ ਸੁਭਾਸ਼ ਚੰਦਰ ਬੋਸ ਨੂੰ ਹਿੰਦੁਸਤਾਨ ਤੋਂ ਬਾਹਰ ਭੇਜਣ ਲਈ ਸਾਰਾ ਖਰਚਾ ਆਪ ਚੁੱਕਿਆ ਤਾਂ ਜੋ ਸ੍ਰੀ ਬੋਸ ਬਾਹਰੋਂ ਆਪਣੇ ਮਿਸ਼ਨ ਵਿੱਚ ਸਫ਼ਲ ਹੋ ਸਕੇ। ਉਸ ਵੇਲੇ ਸ. ਬਲਦੇਵ ਸਿੰਘ ਤੇ ਹੀ ਭਰੋਸਾ ਕੀਤਾ ਗਿਆ ਤਾਂ ਜੋ ਅੰਗਰੇਜ਼ ਸਰਕਾਰ ਨੂੰ ਕੋਈ ਸੂਹ ਨਾ ਮਿਲ ਸਕੇ।


ਅਜ਼ਾਦੀ ਦੀ ਲੜਾਈ ਸਿੱਖਰਾਂ 'ਤੇ ਪੁੱਜ ਚੁੱਕੀ ਸੀ। ਇਸ ਗੰਭੀਰ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ (ਟਰਾਇਲ ਮਨਿਸਟਰੀ) ਸਰਕਾਰ ਬਣੀ ਜਿਸ ਵਿੱਚ ਸ. ਬਲਦੇਵ ਸਿੰਘ ਨੂੰ ਰੱਖਿਆ ਮੰਤਰੀ ਲਿਆ ਗਿਆ। ਇਹ ਅਹੁਦਾ ਉਨ੍ਹਾਂ ਨੂੰ ਰਾਜਨੀਤਕ ਸ਼ਖ਼ਸੀਅਤ, ਭਰੋਸੇਯੋਗਤਾ ਅਤੇ ਦੇਸ਼ ਭਗਤੀ ਦੇ ਆਧਾਰ 'ਤੇ ਸਿੱਖਾਂ ਅਤੇ ਪੰਜਾਬ ਦੇ ਪ੍ਰਤਿਨਿਧ ਵੱਜੋਂ ਦਿੱਤਾ ਗਿਆ। ਇਸ ਦੇ ਨਾਲ ਹੀ ਅੰਗਰੇਜ਼ ਸਰਕਾਰ ਨੇ ਹਿੰਦੁਸਤਾਨ ਵਿੱਚ ਅਜ਼ਾਦੀ ਦੇ ਨਾਲ ਹੀ ਦੇਸ਼ ਦੀ ਵੰਡ ਦਾ ਮਸਲਾ ਖੜ੍ਹਾ ਕਰ ਦਿੱਤਾ। ਕੌਮ ਦੇ ਲੀਡਰਾਂ ਨੇ ਫ਼ੈਸਲਾ ਦੇਣਾ ਸੀ ਕਿ ਸਿੱਖਾਂ ਨੇ ਇੱਕ ਵੱਖਰਾ ਦੇਸ਼ ਲੈਣਾ ਹੈ ਜਾਂ ਇੰਡੀਅਨ ਡੋਮੋਨੀਅਨ ਨਾਲ ਰਹਿਣਾ ਹੈ ਜਾਂ ਫਿਰ ਪਾਕਿਸਤਾਨ ਡੋਮੋਨੀਅਨ ਨਾਲ ਜਾਣਾ ਹੈ। ਸਮਾਂ ਬਹੁਤ ਨਾਜ਼ੁਕ ਤੇ ਚਣੌਤੀਆਂ ਵਾਲਾ ਸੀ। ਸਿੱਖ-ਪੰਥ ਦੇ ਆਗੂਆਂ ਦੀ ਸਲਾਹ ਅਧੀਨ ਇੰਡੀਅਨ ਡੋਮੋਨੀਅਨ ਨਾਲ ਰਹਿਣਾ ਹੀ ਠੀਕ ਸਮਝਿਆ ਗਿਆ ਪਰੰਤੂ ਇੱਥੇ ਇਹ ਕਹਿਣਾ ਵਾਜਬ ਹੈ ਕਿ ਅਜ਼ਾਦ ਭਾਰਤ ਸਰਕਾਰ ਨੇ ਉਸ ਵੇਲੇ ਦੇ ਮੱਦੇ ਨਜ਼ਰ ਪੰਜਾਬ ਅਤੇ ਸਿੱਖਾਂ ਨਾਲ ਇਨਸਾਫ਼ ਨਾ ਕਰਕੇ ਆਉਣ ਵਾਲੇ ਸਮਿਆਂ ਲਈ ਕਾਲੇ-ਦੌਰ ਦੀ ਨੌਬਤ ਲਿਆਂਦੀ। ਹੈਦਰਾਬਾਦ ਅਤੇ ਜੂਨਾਗੜ੍ਹ ਦਾ ਮਸਲਾ ਵੀ ਸ. ਬਲਦੇਵ ਸਿੰਘ ਨੇ ਮਿਲਟਰੀ ਕਾਰਵਾਈ ਰਾਹੀਂ ਸਦਾ ਲਈ ਹੱਲ ਕਰ ਵਿਖਾਇਆ।

1952 ਵਿੱਚ ਆਪ ਅਜ਼ਾਦ ਭਾਰਤ ਦੀ ਪਹਿਲੀ ਪਾਰਲੀਮੈਂਟ ਦੇ ਮੈਂਬਰ ਬਣੇ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਲਈ ਸ. ਬਲਦੇਵ ਸਿੰਘ ਨੇ ਭੂਮਿਕਾ ਨਿਭਾਈ ਪਰ ਅਫ਼ਸੋਸ ਇਸ ਇਲਾਕੇ ਦੇ ਲੋਕਾਂ ਨੂੰ ਦੂਰ-ਅੰਦੇਸ਼ ਤੇ ਲੋਕ-ਹਿੱਤ ਵਾਲਾ ਨੇਤਾ ਬਾਂਹ ਫੜਨ ਵਾਲਾ ਨਾ ਮਿਲ ਸਕਿਆ ਜੋ ਇੱਥੋਂ ਉਜਾੜੇ ਗਏ ਲੋਕਾਂ ਦੀਆਂ ਮੰਗਾਂ ਤੇ ਹੱਕਾਂ ਦੀ ਰਾਖੀ ਕਰ ਸਕਦਾ। ਦੂਜੀ ਪਾਰਲੀਮੈਂਟ ਚੋਣ 1957 ਵੀ ਬਿਮਾਰ ਹੁੰਦਿਆਂ, ਲੋਕਾਂ ਦੇ ਸੱਚੇ ਸਨੇਹ ਸਦਕਾ ਜਿੱਤ ਲਈ। ਆਪ ਆਪਣੇ ਪਿੰਡ ਤੇ ਇਲਾਕਾ ਨਿਵਾਸੀਆਂ ਨਾਲ ਅੰਤਾਂ ਦਾ ਮੋਹ ਰੱਖਦੇ ਸਨ। ਡਾਕਟਰਾਂ ਵੱਲੋਂ ਬਿਮਾਰੀ ਦੌਰਾਨ ਮਨਾਹੀ ਕਰਨ 'ਤੇ ਵੀ, ਦਿੱਲੀ ਆਏ ਲੋਕਾਂ ਨੂੰ ਮਿਲਣ ਤੋਂ ਗੁਰੇਜ਼ ਨਾ ਕਰਦੇ। ਆਪ ਦਾ ਦਿਹਾਂਤ 28 ਜੂਨ, 1961 ਨੂੰ ਦਿੱਲੀ ਹੋਇਆ ਤੇ ਇੱਛਾ ਅਨੁਸਾਰ ਅੰਤਿਮ ਸਸਕਾਰ ਜੱਦੀ ਪਿੰਡ ਦੁੱਮਣਾ ਕੀਤਾ ਗਿਆ।

# 44 ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ – ਲੋਕਾਂ ਦਾ ਰਹਿਬਰ

*ਬੀ.ਅਲੈਕਸੀ (ਡਾ.)*

*ਮੋਬਾ: 7087682164*



*ਕਾਮਰੇਡ ਸ਼ਮਸ਼ੇਰ ਸਿੰਘ ਜੋਸ਼*

ਪੁਆਧ ਖੇਤਰ ਦੇ ਲੋਕਾਂ ਦੇ ਹੱਕਾਂ ਲਈ ਜੂਝਣ ਵਾਲੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦਾ ਜਨਮ ਮਾਣਕ ਮਾਜਰਾ (ਰੋਪੜ) ਵਿਖੇ 31 ਮਾਰਚ, 1924 ਨੂੰ ਹੋਇਆ। ਆਪ ਜੀ ਦੇ ਪਿਤਾ ਸ: ਬਖਤਾਵਰ ਸਿੰਘ ਆਰਮੀ ਹੌਲਦਾਰ ਪਿੰਡ ਕਾਕਰੋਂ ਦੇ ਵਸਨੀਕ ਸਨ। ਦਸਵੀਂ ਖਾਲਸਾ ਹਾਈ ਸਕੂਲ ਕੁਰਾਲੀ ਤੋਂ ਪਾਸ ਕਰਨ ਉਪਰੰਤ, ਗਰੈਜੂਏਸ਼ਨ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਕੀਤੀ।

1945 ਈ. 'ਚ 'ਅਕਾਲੀ ਪਤ੍ਰਿਕਾ' 'ਚ ਸਮਾਚਾਰ-ਸੰਪਾਦਕ ਵਜੋਂ ਜੀਵਨ ਸਫ਼ਰ ਸ਼ੁਰੂ ਕੀਤਾ। ਅੰਮ੍ਰਿਤਸਰ ਆ ਕੇ ਲੇਬਰ ਫੈਡਰੇਸ਼ਨ ਅਤੇ ਸਿਵਲ ਰਾਈਟਸ ਮੂਵਮੈਂਟ 'ਚ ਹਿੱਸਾ ਲਿਆ। ਗਿਆਨੀ ਕਰਤਾਰ ਸਿੰਘ ਵੱਲੋਂ ਅਰੰਭੇ 'ਖਾਲਸਾ ਸੇਵਕ' ਦੇ ਸਮਾਚਾਰ ਸੰਪਾਦਕ ਰਹੇ। 24 ਸਾਲ ਦੀ ਉਮਰੇ ਰਾਜਨੀਤੀ 'ਚ ਕੁੱਦ ਪਏ। ਸ੍ਰੀ ਜੈ ਪ੍ਰਕਾਸ਼ ਨਰਾਇਣ ਦੀ ਸੋਸ਼ਲਿਸਟ ਪਾਰਟੀ 'ਚ 11 ਅਪ੍ਰੈਲ, 1948 ਨੂੰ ਪ੍ਰਵੇਸ਼ ਕੀਤਾ। ਰੋਪੜ ਵਿਖੇ ਦਫਾ 144 ਡਗ।ੁਫ ਵਿਰੁਧ ਆਵਾਜ਼ ਬੁਲੰਦ ਕੀਤੀ ਤੇ ਪਹਿਲੀ ਵਾਰ ਜੇਲ੍ਹ ਗਏ ਤੇ ਉਥੇ ਭੁੱਖ ਹੜਤਾਲ ਰੱਖ ਕੇ ਰਾਜਸੀ ਕੈਦੀਆਂ ਨੂੰ ਕਲਾਸ ਬੀ ਦੀਆਂ ਸਹੂਲਤਾਂ ਦੁਆਉਣ ਵਿੱਚ ਸਫ਼ਲ ਹੋਏ।

1949 ਤੋਂ 1951 ਤੱਕ ਸ੍ਰੀ ਜੋਸ਼ ਐਂਟੀ ਰਾਜਧਾਨੀ ਮੂਵਮੈਂਟ ਵਿੱਚ ਭਾਗ ਲੈ ਕੇ ਕਿਸਾਨਾਂ ਦੇ ਉਜਾੜੇ ਵਿਰੁੱਧ ਡਟੇ ਤੇ ਵਸੇਬੇ ਲਈ ਉਨ੍ਹਾਂ ਨੂੰ ਜ਼ਮੀਨਾਂ ਦੁਆਉਣ ਲਈ ਸੰਘਰਸ਼ ਕੀਤਾ ਤਾਂ ਜੋ ਚੰਡੀਗੜ੍ਹ ਵਸਾਉਣ ਲਈ ਉਜਾੜੇ ਗਏ ਲੋਕਾਂ ਨਾਲ ਇਨਸਾਫ ਹੋ ਸਕੇ।

ਸੋਸ਼ਲਿਸਟ ਪਾਰਟੀ ਛੱਡ ਕੇ 1952 'ਚ ਸ੍ਰੀ ਜੋਸ਼ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ ਅਤੇ 34 ਸਾਲ ਪਾਰਟੀ ਨਾਲ ਅੰਤ ਤੱਕ ਵਚਨ ਬੱਧਤਾ ਨਿਭਾਈ। ਰੋਪੜ ਦੇ ਬੇਟ ਇਲਾਕੇ ਦੀ ਮੁਜਾਰਾ ਲਹਿਰ 'ਚ ਆਪ ਨੇ 1955 ਤੋਂ 1958 ਤੱਕ ਅੰਦੋਲਨ ਕੀਤਾ ਤੇ 'ਮਖੋਵਾਲ ਕਤਲ ਕੇਸ' 'ਚ ਆਪ ਵਿਰੁੱਧ ਮੁਕੱਦਮਾ ਚੱਲਿਆ ਜਿਸ ਕਾਰਨ ਆਪ ਨੂੰ 11 ਮਹੀਨੇ ਜੇਲ੍ਹ ਕਟਣੀ ਪਈ। ਪਰ ਆਪ ਜੀ ਨੂੰ ਰਿਹਾ ਕਰ ਦਿੱਤਾ ਗਿਆ।

1962 ਈ. 'ਚ ਆਪ ਸੀ.ਪੀ.ਆਈ ਮੈਂਬਰ ਵੱਜੋਂ ਰੋਪੜ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। 1966 'ਚ ਪੰਜਾਬ ਦੀ ਪੁਨਰ ਸੁਰਜੀਤੀ ਸਮੇਂ ਰੋਪੜ ਨੂੰ ਜ਼ਿਲ੍ਹੇ ਦਾ ਰੁਤਬਾ ਦੁਆਉਣ ਵਿੱਚ ਹਿੱਸਾ ਪਾਇਆ। ਰੋਪੜ ਨੇੜੇ ਸਰਮਾਏਦਾਰ ਜੇ.ਡੀ.

ਬਿਰਲਾ ਵੱਲੋਂ ਇੱਕ ਹਜ਼ਾਰ ਏਕੜ ਜ਼ਮੀਨ ਨੂੰ 99 ਸਾਲ ਲਈ 'ਬਿਰਲਾ ਫਾਰਮ' ਬਣਾਉਣ ਦੀ ਸਾਮਰਾਜੀ ਨੀਤੀ ਵਿਰੁਧ ਸੰਗ੍ਰਾਮ ਕੀਤਾ ਤੇ ਇਸ ਜ਼ਮੀਨ ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਫਾਰਮ ਲਈ ਉਪਯੋਗੀ ਬਣਾਉਣ ਵਿੱਚ ਜਿੱਤ ਪ੍ਰਾਪਤ ਕੀਤੀ। ਪੰਜਾਬੀ ਸੂਬਾ ਅੰਦੋਲਨ ਵਿੱਚ ਵੀ ਸ੍ਰੀ ਜੋਸ਼ ਸਰਗਰਮ ਰਹੇ।

1972 'ਚ ਮੁੜ ਪੰਜਾਬ ਵਿਧਾਨ ਸਭਾ ਲਈ ਖਰੜ ਹਲਕੇ ਤੋਂ ਸੀ.ਪੀ.ਆਈ. ਮੈਂਬਰ ਵਜੋਂ ਚੋਣ ਜਿੱਤੀ। ਸੀ.ਪੀ.ਆਈ. ਦੇ ਸਕੱਤਰ ਬਣੇ ਅਤੇ ਮਾਰਕਫੈੱਡ ਦੇ ਡਾਇਰੈਕਟਰ ਅਤੇ ਪੰਜਾਬ ਯੂਨੀਵਰਸਿਟੀ ਸਿੰਡੀਕੇਟ ਦੇ ਮੈਂਬਰ ਵੀ ਰਹੇ।


ਕਾਮਰੇਡ ਜੋਸ਼ ਦਾ ਵਿਲੱਖਣ ਕਾਰਜ ਅਤੇ ਉਸ ਦੀ ਉਜਵਲ ਸੋਚ ਦਾ ਪ੍ਰਮਾਣ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ, ਭਾਗੂਮਾਜਰਾ 1974 ਅਤੇ ਸ਼ਹੀਦ ਕਾਂਸ਼ੀ ਰਾਮ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਭਾਗੂਮਾਜਰਾ ਦੀ ਸਥਾਪਨਾ ਕਰਨਾ ਹੈ। ਲੋੜਵੰਦ ਤੇ ਪੇਂਡੂ ਵਿਦਿਆਰਥੀਆਂ ਲਈ ਸਿੱਖਿਆ ਦੇ ਪਰ-ਉਪਕਾਰੀ ਚਾਨਣ ਵੰਡਣ ਦੇ ਸੁਪਨੇ ਨੂੰ ਸਾਕਾਰ ਕਰਕੇ ਕਾਮਰੇਡ ਜੋਸ਼ ਨੇ ਇਤਿਹਾਸ ਸਿਰਜਣ ਵਾਲਾ ਕੰਮ ਕੀਤਾ। 37 ਏਕੜ 'ਚ (20 ਏਕੜ ਦਾਨ ਅਤੇ 17 ਏਕੜ ਖਰੀਦ) ਇਨ੍ਹਾਂ ਕਾਲਜਾਂ ਦਾ ਸੁਖਾਵਾਂ ਮਾਹੌਲ, ਸ੍ਰੀ ਜੋਸ਼ ਦੀ ਲੋਕ-ਹਿਤੈਸ਼ੀ ਦ੍ਰਿਸ਼ਟੀ ਦਾ ਪ੍ਰਮਾਣ ਹੈ। ਇਹ ਦੋਵੇਂ ਕਾਲਜ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਕਾਰਜ ਨਿਭਾ ਰਹੇ ਹਨ ਤੇ ਲੋੜਵੰਦ ਵਿਦਿਆਰਥੀਆਂ ਦੇ ਉਜਵਲ ਭਵਿੱਖ ਲਈ ਯੋਗਦਾਨ ਪਾ ਰਹੇ ਹਨ।

ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਅਤੇ ਲੋਕ-ਚੇਤਨਾ ਪੈਦਾ ਕਰਨ ਲਈ ਸ੍ਰੀ ਜੋਸ਼ ਨੇ ਜਨਵਰੀ, 1979 ਵਿੱਚ ਸਪਤਾਹਿਕ ਸਚਿੱਤਰ ਪੰਜਾਬ ਪਤ੍ਰਿਕਾ ਅਰੰਭ ਕਰਕੇ ਬਤੌਰ ਸੰਪਾਦਕ ਅੰਤ ਤੀਕ ਕਾਰਜ ਨਿਭਾਇਆ। ਸਮੇਂ-ਸਮੇਂ ਆਪ ਨੂੰ ਜਰਮਨ, ਰੂਸ, ਹਾਂਗਕਾਂਗ ਤੇ ਬੈਂਕਾਕ ਜਾਣ ਦਾ ਅਵਸਰ ਮਿਲਿਆ। ਖਰੜ ਹਲਕੇ ਦੇ ਐਮ.ਐਲ.ਏ. ਦੌਰਾਨ ਆਪਨੇ ਪਾਣੀਪਤ ਵੂਲਨ ਮਿਲਜ਼ ਖਰੜ ਅਤੇ ਖਰੜ ਟੈਕਸਟਾਈਲਜ਼ ਮਿਲਜ਼ ਦੇ ਕਰਮਚਾਰੀਆਂ ਦੇ ਹੱਕਾਂ ਦੀ ਰਖਵਾਲੀ ਲਈ ਜਦੋ-ਜਹਿਦ ਕੀਤੀ। ਖਰੜ ਇਲਾਕੇ ਦੀ ਛੋਟੀ ਕਿਸਾਨੀ ਨੂੰ ਰਾਹਤ ਦੇਣ ਲਈ 93 ਡੂੰਘੇ ਟਿਊਬਵੈੱਲ ਲਗਵਾਏ। ਖਰੜ ਵਾਸੀਆਂ ਨੂੰ ਵਾਟਰ ਵਰਕਸ ਸਕੀਮ ਉਪਲਬਧ ਕਰਵਾਈ। ਪੰਜਾਬ ਕਿਸਾਨ ਮੋਰਚੇ ਦੇ ਸੀਨੀਅਰ ਵਾਇਸ ਪ੍ਰੈਜੀਡੈਂਟ ਵਜੋਂ ਸੇਵਾਵਾਂ ਨਿਭਾਈਆਂ। ਲੋਕਾਂ ਦੇ ਰਹਿਬਰ ਸ੍ਰੀ ਜੋਸ਼ ਆਪਣੇ ਜੀਵਨ ਕਾਲ ਵਿੱਚ 11 ਵਾਰ ਜੇਲ੍ਹ ਗਏ ਅਤੇ 4 ਸਾਲ ਤੋਂ ਵੱਧ ਸਮਾਂ ਜੇਲ੍ਹ ਵਿੱਚ ਗੁਜ਼ਾਰਿਆ। ਛੋਟੇ ਕਿਸਾਨਾਂ, ਪਛੜੀਆਂ ਜਾਤਾਂ ਅਤੇ ਦਲਿਤ ਵਰਗ ਲਈ ਸ੍ਰੀ ਜੋਸ਼ ਸਾਰੀ ਉਮਰ ਹੱਕ-ਸੱਚ ਲਈ ਨਿਡਰਤਾ ਨਾਲ ਸੰਘਰਸ਼ ਕਰਦੇ ਰਹੇ। ਆਪਣੇ ਲੋਕਾਂ ਨੂੰ ਪਿਆਰ ਕਰਨ ਵਾਲਾ ਕਰਮਯੋਗੀ, ਇਸਪਾਤੀ ਇਰਾਦੇ ਵਾਲਾ ਘੁਲਾਟੀਆ ਤੇ ਚਿੰਤਨਸ਼ੀਲ ਨੇਤਾ 28 ਜੂਨ, 1986 ਨੂੰ ਆਪਣੀਆਂ ਪੈੜਾਂ ਪਾ ਕੇ ਵਿਦਾ ਹੋ ਗਿਆ। ਲੋਕਾਂ ਦੇ ਰਹਿਬਰ ਨੂੰ ਯਾਦ ਕਰਨਾ ਸਾਡੇ ਲਈ ਮਾਣ ਵਾਲੀ ਗੱਲ ਹੈ।

# 45 ਆਦਰਸ਼ਕ ਅਧਿਆਪਕ ਤੇ ਲੋਕ-ਹਿਤੈਸ਼ੀ ਮਾ. ਸਰੂਪ ਸਿੰਘ ਨੰਬਰਦਾਰ

*ਉੱਤਮਵੀਰ ਸਿੰਘ ਦਾਊਂ*

*ਮੋਬਾ: 8729000242*



*ਮਾ. ਸਰੂਪ ਸਿੰਘ ਨੰਬਰਦਾਰ*

ਸਾਡੇ ਪੂਜਨੀਕ ਦਾਦਾ ਜੀ ਸ੍ਰੀ ਸਰੂਪ ਸਿੰਘ ਦਾ ਸੰਘਰਸ਼ਮਈ ਜੀਵਨ ਇੱਕ ਖੁੱਲ੍ਹੀ ਪੁਸਤਕ ਵਾਂਗ ਹੈ। ਖਰੜ ਇਲਾਕੇ ਵਿੱਚ ਉਨ੍ਹਾਂ ਨੂੰ ਸਤਿਕਾਰ ਵਜੋਂ 'ਮਾਸਟਰ ਜੀ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਪੰਜਾਬ ਦੇ ਨੰਬਰਦਾਰ ਉਨ੍ਹਾਂ ਨੂੰ ਆਪਣਾ 'ਰਹਿਬਰ' ਮੰਨਦੇ ਹਨ। ਪਿੰਡ ਦੀਆਂ ਔਰਤਾਂ ਆਪਣਾ 'ਬਜ਼ੁਰਗ' ਸਮਝਦੀਆਂ ਅਤੇ ਬੱਚੇ ਉਨ੍ਹਾਂ ਨੂੰ 'ਬਾਬਾ ਜੀ' ਕਹਿ ਕੇ ਝੁਰਮਟ ਪਾ ਲੈਂਦੇ। ਸ਼ਾਗਿਰਦ ਉਨ੍ਹਾਂ ਨੂੰ 'ਗੁਰੂ ਜੀ' ਕਹਿਣ 'ਚ ਮਾਣ ਸਮਝਦੇ। ਸੱਚਮੁੱਚ ਉਹ ਸਭ ਦੇ ਸਾਂਝੇ ਨਾਇਕ ਸਨ। ਪਿਆਰ ਵੰਡਣ ਵਾਲੇ, ਨੇਕੀ ਕਰਨ ਵਾਲੇ, ਚੜ੍ਹਦੀ ਕਲਾ ਵਾਲੇ।

ਉਨ੍ਹਾਂ ਦਾ ਜਨਮ 1900 ਦੇ ਨੇੜੇ-ਤੇੜੇ ਪਿੰਡ ਪਲਸੌਰਾ (ਯੂ.ਟੀ. ਚੰਡੀਗੜ੍ਹ) ਵਿਖੇ ਹੋਇਆ। ਉਹ ਅਜੇ ਮਾਂ ਦੀ ਗੋਦ ਦਾ ਲਾਡ ਹੀ ਲੈ ਰਹੇ ਸਨ ਕਿ ਪਿਤਾ ਦਾ ਸਾਇਆ ਸਿਰੋਂ ਉਠ ਗਿਆ। ਘਰ 'ਚ ਵੱਡੇ ਭਰਾ ਤੇ ਵਿਧਵਾ ਮਾਂ ਨੂੰ ਅਤਿ ਦੀ ਤੰਗੀ-ਤੁਰਸ਼ੀ ਦਾ ਸਾਹਮਣਾ ਕਰਨਾ ਪਿਆ। ਫਸਲਰੂਪ ਉਨ੍ਹਾਂ ਨੂੰ ਅੰਮ੍ਰਿਤਸਰ ਯਤੀਮਖਾਨੇ ਦਾਖਲ ਕਰਵਾ ਦਿੱਤਾ। ਉਥੇ 1904 ਤੋਂ 1909 ਤੱਕ ਰਹਿਣ ਪਿੱਛੋਂ ਪਿੰਡ ਆ ਗਏ ਤੇ ਪ੍ਰਾਇਮਰੀ ਸਕੂਲ ਮਲੋਆ ਪੜ੍ਹਨ ਲੱਗੇ। ਉਥੋਂ ਚੌਥੀ ਸ਼੍ਰੇਣੀ ਵਜ਼ੀਫਾ ਲੈ ਕੇ ਪਾਸ ਕੀਤੀ। ਅਗਲੀ ਵਿਦਿਆ ਲਈ ਰੋਪੜ ਸਕੂਲ 'ਚ ਦਾਖਲ ਹੋ ਗਏ। ਇਸ ਦੌਰਾਨ ਭਰਾ ਦਾ ਦਿਹਾਂਤ ਹੋ ਗਿਆ। ਕੁਝ ਮਹੀਨਿਆਂ ਪਿੱਛੋਂ 1917 'ਚ ਮਾਂ ਵੀ ਚੱਲ ਵਸੀ। ਅੱਠਵੀਂ 'ਚ ਪੜ੍ਹਦੇ ਮਾਸੂਮ ਬਾਲ ਦਾ ਕੋਈ ਵੀ ਸਹਾਰਾ ਨਾ ਰਿਹਾ।

ਅੱਠਵੀਂ 'ਚ ਯਤੀਮ ਹੋਏ ਵਿਦਿਆਰਥੀ ਨੇ ਨੰਬਰਦਾਰੀ ਦੇ ਜੱਦੀ ਹੱਕ-ਸੱਚ ਲਈ ਅੰਗਰੇਜ਼ ਦੀ ਕਚਹਿਰੀ 'ਚ ਬਿਆਨ ਦੇ ਕੇ ਸਵੈਮਾਣ ਤੇ ਸਵੈਵਿਸ਼ਵਾਸ ਦੀ ਜਿੱਤ ਪ੍ਰਾਪਤ ਕੀਤੀ ਤੇ ਪੜ੍ਹਾਈ ਜਾਰੀ ਰੱਖੀ। ਗਿਆਨੀ ਮਹਿੰਦਰ ਸਿੰਘ (ਘਟੌਰ) ਨੇ ਉਨ੍ਹਾਂ ਦੀ ਕਾਬਲੀਅਤ ਕਰਕੇ ਰੋਪੜ ਤੋਂ ਦਸਵੀਂ ਸ਼੍ਰੇਣੀ ਵਿੱਚ ਖਾਲਸਾ ਹਾਈ ਸਕੂਲ ਖਰੜ ਲੈ ਆਂਦਾ। ਇਥੋਂ ਦਸਵੀਂ ਕੀਤੀ ਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਜੇ.ਏ.ਵੀ. ਦੀ ਟ੍ਰੇਨਿੰਗ ਪਾਸ ਕੀਤੀ। ਮੁੜ 1923 ਵਿੱਚ ਖਾਲਸਾ ਸਕੂਲ ਖਰੜ 'ਚ ਅਧਿਆਪਕ ਲਗ ਗਏ। ਇਸ ਸਕੂਲ ਵਿੱਚ ਲਗਾਤਾਰ ਟੀਚਰ-ਕਮ-ਕਲਰਕ ਦੇ ਤੌਰ 'ਤੇ 37 ਸਾਲ ਸੇਵਾ

ਕੀਤੀ। 1959 'ਚ ਸੇਵਾ-ਮੁਕਤ ਹੋਏ। ਆਪ ਦੀਆਂ ਸ਼ਾਨਦਾਰ ਸੇਵਾਵਾਂ ਕਰਕੇ ਸਨਮਾਨਿਤ ਕੀਤਾ ਗਿਆ। ਆਪ ਬਹੁਤ ਮਿਹਨਤੀ, ਇਮਾਨਦਾਰ ਤੇ ਅੰਗਰੇਜ਼ੀ ਦੇ ਆਦਰਸ਼ਕ ਅਧਿਆਪਕ ਸਨ। ਆਪ ਇਲਾਕੇ 'ਚ ਬਹੁਤ ਹਰਮਨ ਪਿਆਰੇ ਹੋ ਗਏ।

ਖਰੜ ਇਲਾਕੇ ਵਿੱਚ ਉਨ੍ਹਾਂ ਦੀ ਕੀਰਤੀ ਦੀ ਮਹਿਮਾ ਗੁਣਵੰਤੀ ਹੈ। ਉਨ੍ਹਾਂ ਨੇ ਕਈ ਗਰੀਬ ਬੱਚਿਆਂ ਨੂੰ ਆਪਣੇ ਕੋਲ ਰੱਖ ਕੇ ਸਿੱਖਿਆ ਦਾ ਖਰਚ ਆਪਣੇ ਸਿਰ ਲਿਆ। ਉਹਨਾਂ ਦੇ ਵਿਦਿਆਰਥੀ ਉੱਚੇ ਅਹੁਦਿਆਂ 'ਤੇ ਪਹੁੰਚੇ। ਲੋੜਵੰਦਾਂ ਦੇ ਮਸੀਹਾ ਵਾਲੀ ਭੂਮਿਕਾ ਨਿਭਾਅ ਕੇ ਉਨ੍ਹਾਂ ਨੇ ਲੋਕ-ਹਿੱਤ ਵਾਲਾ ਜਸ ਖੱਟਿਆ।


1947 'ਚ ਉਨ੍ਹਾਂ ਦਾਊਂ ਪਿੰਡ ਦੇ ਮੁਸਲਮਾਨਾਂ ਨੂੰ ਜਿਸ ਦਲੇਰੀ ਨਾਲ ਬਿਨਾਂ ਕਿਸੇ ਨੁਕਸਾਨ ਦੇ ਖਰੜ ਕੈਂਪ 'ਚ ਪੁਚਾਇਆ, ਉਸ ਨੇਕੀ ਨੂੰ ਲੋਕ ਅੱਜ ਵੀ ਯਾਦ ਕਰਦੇ ਨੇ। ਪਿੰਡ ਭਲਾਈ ਦੇ ਕਿੰਨੇ ਹੀ ਕੰਮਾਂ 'ਚ ਅਗਵਾਈ ਕਰਦੇ ਰਹੇ। ਸਕੂਲ, ਹਸਪਤਾਲ, ਡਿਸਪੈਂਸਰੀ, ਡਾਕਖਾਨਾ, ਧਰਮਸ਼ਾਲਾ, ਗੁਰਦੁਆਰਾ, ਖੂਹ, ਟੋਭਾ, ਸੜਕਾਂ, ਨਾਲੀਆਂ ਆਦਿ ਬਣਾਉਣ ਵਿਚ ਉਨ੍ਹਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। ਕਿੰਨੇ ਹੀ ਬੇਸਹਾਰਿਆਂ ਤੇ ਲੋੜਵੰਦਾਂ ਨੂੰ ਸਰਕਾਰੀ ਪੈਨਸ਼ਨਾਂ ਲਵਾਈਆਂ। ਉਹ ਹਰ ਇਕ ਦੇ ਦੁਖ-ਸੁਖ ਵਿਚ ਸ਼ਰੀਕ ਹੁੰਦੇ।

ਉਨ੍ਹਾਂ ਨੇ ਪੰਜਾਬ ਦੇ ਪਿੰਡਾਂ 'ਚ ਘੁੰਮ-ਘੁੰਮ ਕੇ ਪੰਜਾਬ ਨੰਬਰਦਾਰਾ ਯੂਨੀਅਨ (ਰਜਿ.) ਨੂੰ ਜਥੇਬੰਦ ਕੀਤਾ। ਇਸ ਜਥੇਬੰਦੀ ਦੇ ਸੰਸਥਾਪਕ ਤੇ ਮੋਢੀ ਪ੍ਰਧਾਨ ਵਜੋਂ ਦਿਨ ਰਾਤ ਘਾਲਣਾ ਘਾਲੀ ਤੇ ਅੰਤ ਤੀਕ ਚੀਫ਼ ਪੈਟਰਨ ਵਜੋਂ ਸ਼ਾਨਦਾਰ ਸੇਵਾ ਨਿਭਾਈ। 'ਪੰਜਾਬ ਨੰਬਰਦਾਰਾ ਭਵਨ' ਲਈ ਆਪਣੀ ਇੱਕ ਬਿੱਘਾ ਮਿਹਨਤ ਨਾਲ ਬਣਾਈ ਕੀਮਤੀ ਜ਼ਮੀਨ ਪਿੰਡ ਪਲਸੌਰਾ (ਯੂ.ਟੀ. ਚੰਡੀਗੜ੍ਹ) ਵਿਖੇ ਦਾਨ ਵਜੋਂ ਰਜਿਸਟਰਡ ਕਰਵਾਈ।

ਉਹ ਕਥਨੀ ਤੇ ਕਰਨੀ ਦਾ ਸੁਮੇਲ ਸਨ। ਗੁਰਬਾਣੀ ਨਾਲ ਸੱਚੀ ਲਗਨ ਸੀ। ਸਚਿਆਈ ਦੇ ਅਲੰਬਰਦਾਰ ਸਨ। ਕਿਰਤ ਦੇ ਹਾਮੀ, ਸਪਸ਼ਟਤਾ ਤੇ ਨਿਰਪੱਖਤਾ ਦੇ ਪੁੰਜ, ਸੰਜਮਤਾ ਦੇ ਸੰਦੇਸ਼ਕ, ਸਵੈਵਿਸ਼ਵਾਸ ਦੇ ਸਤੰਭ, ਟੀਚੇ ਦੇ ਸਿਰੜੀ, ਨਿਡਰਤਾ ਦੀ ਉਦਾਹਰਣ ਤੇ ਅਣਥੱਕ ਯੋਗੀ – ਉਨ੍ਹਾਂ ਦੀ ਸ਼ਖ਼ਸੀਅਤ ਦੇ ਇਹ ਵਿਸ਼ੇਸ਼ ਗੁਣ ਸਨ। ਕੁਝ ਮਹੀਨੇ ਬਿਮਾਰ ਰਹਿਣ ਕਾਰਨ, ਇਹ ਕਰਮਸ਼ੀਲ ਨਾਇਕ 16 ਮਾਰਚ, 1991 ਦੀ ਰਾਤ ਨੂੰ ਆਪਣੀਆਂ ਅਮਿੱਟ ਪੈੜਾਂ ਪਿੱਛੇ ਛੱਡ ਸਾਥੋਂ ਸਦਾ ਲਈ ਵਿਛੜ ਗਿਆ। ਉਨ੍ਹਾਂ ਆਪਣੀ 92 ਵਰ੍ਹੇ ਦੀ ਉਮਰ ਦਾ ਹਰ ਪਲ ਸਾਰਥਿਕ ਬਣਾ ਕੇ ਜੀਵਿਆ। ਦਾਊਂ ਪਰਿਵਾਰ ਵੱਲੋਂ ਮਾ. ਸਰੂਪ ਸਿੰਘ ਨੰਬਰਦਾਰ ਪੁਰਸਕਾਰ ਸਥਾਪਤ ਕਰਨਾ, ਵੱਡ-ਪੁਰਖ ਦੀ ਯਾਦ ਵਿੱਚ ਨਿਮਾਣਾ ਜਿਹਾ ਯਤਨ ਹੈ ਜੋ 2004 ਤੋਂ ਅਰੰਭ ਕੀਤਾ ਗਿਆ ਨਿਰੰਤਰ ਜਾਰੀ ਹੈ। ਅਸੀਂ ਜੋ ਕੁਝ ਹਾਂ, ਆਪਣੇ ਪੁਰਖਿਆਂ ਦੀ ਬਦੌਲਤ ਹੀ ਹਾਂ।

# 46 ਚੰਡੀਗੜ੍ਹ ਦੇ ਪਿੰਡਾਂ ਦੀ ਧੜਕਨ – ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ

*ਤਰਲੋਚਨ ਸਿੰਘ (ਚੰਡੀਗੜ੍ਹ)*
*ਮੋਬਾ: 9815551807*



*ਜੱਥੇਦਾਰ ਅੰਗਰੇਜ਼ ਸਿੰਘ*

ਆਪਣੀ ਉਮਰ ਦਾ ਅੱਧਾ ਹਿੱਸਾ ਚੰਡੀਗੜ੍ਹ ਯੂ.ਟੀ. ਦੇ ਪਿੰਡਾਂ ਦੇ ਲੋਕਾਂ ਦੀ ਆਵਾਜ਼ ਉਠਾਉਂਦੇ ਆ ਰਹੇ ਬਾਬਾ ਅੰਗਰੇਜ਼ ਸਿੰਘ ਅੱਜ ਅੱਸੀਵੇਂ ਸਾਲ ਵਿੱਚ ਪ੍ਰਵੇਸ਼ ਕਰਨ ਦੇ ਬਾਵਜੂਦ ਆਪਣੀ ਮਿੱਟੀ ਦੇ ਮੋਹ ਲਈ ਸਭ ਕੁਝ ਨਿਛਾਵਰ ਕਰਨ ਲਈ ਤਤਪਰ ਹਨ। 5 ਮਈ, 1933 ਨੂੰ ਮਾਤਾ ਦਿਆਲ ਕੌਰ ਦੀ ਕੁੱਖੋਂ ਅਤੇ ਸੇਵਾ ਮੁਕਤ ਹਵਾਲਦਾਰ ਮੇਜਰ ਗੱਜਣ ਸਿੰਘ ਦੇ ਵਿਹੜੇ ਵਿੱਚ ਜਨਮੇ ਅੰਗਰੇਜ਼ ਸਿੰਘ ਆਪਣੀ ਹੀ ਬੇਧੜਕ ਸ਼ਖ਼ਸੀਅਤ ਦਾ ਮਾਲਕ ਹੈ। ਜੁਆਨੀ ਉਮਰੇ 1969 ਵਿੱਚ ਉਹ ਅੰਬਾਲਾ ਸਿੰਡੀਕੇਟ ਚੰਡੀਗੜ੍ਹ ਦੇ ਬਤੌਰ ਅੱਡਾ ਇੰਚਾਰਜ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਇਸੇ ਦੌਰਾਨ ਜਦ ਵਾਅਦਿਆਂ ਤੋਂ ਮੁਕਰ ਕੇ ਦਿੱਲੀ ਦੇ ਹਾਕਮਾਂ ਨੇ ਚੰਡੀਗੜ੍ਹ ਦੇ ਦੂਜੇ ਪੜਾਅ ਦੇ 11 ਪੰਜਾਬੀ ਪਿੰਡਾਂ ਨੂੰ ਜ਼ਬਰੀ ਉਜਾੜਨ ਦਾ ਹੱਲਾ ਬੋਲਿਆ ਤਾਂ ਗੱਭਰੂ ਉਮਰੇ ਅੰਗਰੇਜ਼ ਸਿੰਘ ਕੋਲੋਂ ਇਹ ਬਰਦਾਸ਼ਤ ਨਾ ਹੋਇਆ। ਉਸ ਨੇ ਉਜਾੜੇ ਦੀ ਮਾਰ ਹੇਠ ਆਏ ਪਿੰਡਾਂ ਦੇ ਲੋਕਾਂ ਨੂੰ ਹੋਕਾ ਦੇ ਕੇ ਇਕੱਠ ਕੀਤਾ ਅਤੇ 20 ਦਸੰਬਰ, 1969 ਨੂੰ 'ਪਿੰਡ ਬਚਾਓ ਕਮੇਟੀ' ਦਾ ਗਠਨ ਕੀਤਾ। ਇਸ ਸੰਸਥਾ ਦੀ ਅਗਵਾਈ ਕਰਦਿਆਂ ਅੰਗਰੇਜ਼ ਸਿੰਘ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਭਾਵੇਂ ਜਦੋ-ਜਹਿਦ ਦੌਰਾਨ ਉਨ੍ਹਾਂ ਦਾ ਸਰੀਰ ਅਪੰਗ ਹੋ ਗਿਆ ਪਰ ਉਨ੍ਹਾਂ ਦੇ ਸਿਰੜ ਇਰਾਦੇ ਨੂੰ ਇਹ ਸੱਟ ਭੋਰਾ ਭਰ ਵੀ ਨਾ ਤਿੜਕਾ ਸਕੀ। ਉਹ ਪਿੰਡਾਂ ਦੇ ਲੋਕਾਂ ਨਾਲ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਧੱਕੇ ਵਿਰੁੱਧ ਹਰੇਕ ਪਲ ਗਰਜ ਰਿਹਾ ਹੈ ਅਤੇ ਆਪਣੀ ਹੀ ਧਰਤੀ 'ਤੇ ਰਫਿਊਜ਼ੀ ਬਣੇ ਬੈਠੇ ਪੰਜਾਬੀਆਂ ਨੂੰ ਜਾਗਦੇ ਰਹਿਣ ਦਾ ਹੋਕਾ ਦੇ ਰਹੇ ਹਨ।

ਪਿੰਡਾਂ ਦੇ ਲੋਕਾਂ ਲਈ ਚਟਾਨ ਬਣ ਕੇ ਖੜੀ ਇਸ ਸ਼ਖ਼ਸੀਅਤ ਨੇ ਭਾਵੇਂ ਜੱਦੀ ਲੋਕਾਂ ਦੀ ਝੋਲੀ ਕਈ ਪ੍ਰਾਪਤੀਆਂ ਪਾਈਆਂ ਹਨ ਪਰ ਅੱਜ ਵੀ ਉਹ ਧੁਰ ਅੰਦਰੋਂ ਦੁਖੀ ਹਨ। ਅੰਗਰੇਜ਼ ਸਿੰਘ ਅੱਜ ਵੀ 1966-70 ਦੌਰਾਨ ਉਜਾੜੇ 11 ਪਿੰਡਾਂ ਦੇ 5000 ਪਰਿਵਾਰਾਂ ਦੇ ਮੁੜ ਵਸੇਬੇ ਲਈ ਖੂੰਡੀ ਸਹਾਰੇ ਜਿੱਥੇ ਹਾਕਮਾਂ ਦੇ ਦਰ ਜਾ ਕੇ ਦਲੀਲਾਂ ਰਾਹੀਂ ਅਧਿਕਾਰੀਆਂ ਨੂੰ ਲਾਜਵਾਬ ਕਰ ਰਿਹਾ ਹੈ ਉਥੇ ਪਿੰਡਾਂ ਦੀਆਂ ਗਲੀਆਂ ਤੇ ਸੱਥਾਂ 'ਤੇ ਜਾ ਕੇ ਹਾਕਮਾਂ ਵਿਰੁੱਧ ਗੱਜਵੀਂ ਆਵਾਜ਼ ਉਠਾ ਰਿਹਾ ਹੈ। ਆਪਣੀ ਉਮਰ ਦੇ 36


ਸਾਲ ਪਿੰਡਾਂ ਦੇ ਲੋਕਾਂ ਦੇ ਲੇਖੇ ਲਾ ਕੇ ਵੀ ਇਹ ਬਾਬਾ ਬੋਹੜ ਨਾ ਥੱਕਿਆ ਹੈ ਅਤੇ ਨਾ ਹਾਰਿਆ। ਭਾਵੇਂ ਪਹਿਲੇ ਪੜਾਅ ਦੇ 17 ਪਿੰਡਾਂ ਦੇ ਉਜਾੜੇ ਤੋਂ ਬਾਅਦ ਉਹ ਲੋਕਾਂ ਨੂੰ ਘਰ ਬਦਲੇ ਘਰ ਤੇ ਜ਼ਮੀਨ ਬਦਲੇ ਜ਼ਮੀਨ ਦਿਵਾਉਣ ਵਿੱਚ ਕਾਮਯਾਬ ਰਿਹਾ ਪਰ ਬਾਬੇ ਦੀ ਇਥੇ ਵੀ ਤਸੱਲੀ ਨਹੀਂ ਹੋਈ। ਉਹ ਅੱਜ ਵੀ ਯੂ. ਟੀ. ਸਕੱਤਰੇਤ ਵੱਲ ਆਪਣੀ ਖੂੰਡੀ ਉਲਾਰ ਕੇ ਮਿਹਣਾ ਮਾਰਦਾ ਕਿ ਇਨ੍ਹਾਂ ਹਾਕਮਾਂ ਨੇ ਅੱਧੀ ਸਦੀ ਬੀਤਣ ਦੇ ਬਾਵਜੂਦ ਵੀ 17 ਪਿੰਡਾਂ ਵਿੱਚ ਪਿਛਲੇ 500 ਸਾਲਾਂ ਤੇ ਬਣੀਆਂ ਮੜੀਆਂ-ਚਰਾਂਦਾਂ, ਟੋਭਿਆਂ, ਧਾਰਮਿਕ ਸਥਾਨਾਂ ਅਤੇ ਸ਼ਾਮਲਾਤ ਜ਼ਮੀਨਾਂ ਦਾ ਮੁਆਵਜ਼ਾ ਨਾ ਦੇ ਕੇ ਲੋਕਾਂ ਦੇ ਕਰੋੜਾਂ-ਅਰਬਾਂ ਰੁਪਏ ਹੜੱਪ ਲਏ ਹਨ। ਯੂ.ਟੀ. ਦੇ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਧੁਰ ਅੰਦਰ ਵਿਸ਼ਾਲ ਕੰਪਿਊਟਰ ਵਾਂਗ ਸਮੋਈ ਬੈਠੇ ਅੰਗਰੇਜ਼ ਸਿੰਘ ਅੱਜ ਵੀ ਸੱਥਾਂ ਤੇ ਇਕੱਠਾਂ ਵਿੱਚ ਵੱਖ-ਵੱਖ ਪਿੰਡਾਂ ਦੀ ਸਾਂਝੀ ਜ਼ਮੀਨ ਜੋ ਬਿਨਾਂ ਮੁਆਵਜਾ ਦਿੱਤਿਆਂ ਪ੍ਰਸ਼ਾਸਨ ਨੇ ਹੜੱਪੀ ਹੈ ਦੇ ਅੰਕੜੇ ਉਂਗਲਾਂ ਦੇ ਪੋਟਿਆਂ 'ਤੇ ਗਿਣ ਕੇ ਲਾਮਬੰਦੀ ਦਾ ਬਿਗਲ ਵਜਾ ਰਿਹਾ ਹੈ। ਭਾਰਤ ਦੇ ਰਾਸ਼ਟਰਪਤੀ ਤੋਂ ਲੈ ਕੇ ਕਾਮਨਵੈਲਥ ਲੰਡਨ ਤੱਕ ਆਪਦੀ ਅਪੀਲ ਗੂੰਜਣੋਂ ਨਾ ਰਹਿ ਸਕੀ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸ੍ਰ. ਅੰਗਰੇਜ਼ ਸਿੰਘ ਨੇ ਆਪਣੇ ਜੀਵਨ-ਕਾਲ ਵਿੱਚ ਕਿਸਾਨਾਂ ਦੇ ਹੱਕਾਂ ਲਈ ਤੇ ਉਹਨਾਂ ਦੀਆਂ ਔਕੜਾਂ ਲਈ ਤਤਪਰ ਰਹਿ ਕੇ ਸੰਘਰਸ਼ ਕੀਤਾ। ਫਸਲਾਂ ਦੀ ਉਪਜ ਦੀਆਂ ਕੀਮਤਾਂ ਨਿਸ਼ਚਿਤ ਕਰਾਉਣ ਵਿੱਚ ਯੋਗ ਭੂਮਿਕਾ ਨਿਭਾਈ। ਸੰਘਰਸ਼ ਰੂਪੀ ਇਸ ਬਾਬੇ ਨੂੰ ਇਸ ਗੱਲ ਦਾ ਅੱਜ ਵੀ ਭਾਰੀ ਮਲਾਲ ਹੈ ਕਿ ਚੰਡੀਗੜ੍ਹ ਦੇ ਮੂਲ ਵਾਸੀਆਂ ਨੂੰ ਉਜਾੜਨ ਵੇਲੇ ਹਾਕਮਾਂ ਨੇ ਇਥੇ ਪੰਜਾਬ ਦੀ ਰਾਜਧਾਨੀ ਉਸਾਰਨ ਦਾ ਪ੍ਰਚਾਰ ਕੀਤਾ ਸੀ ਪਰ ਅੱਜ ਤੱਕ ਚੰਡੀਗੜ੍ਹ ਪੰਜਾਬ ਨੂੰ ਨਾ ਦੇ ਕੇ ਵੱਡਾ ਧਰੋਹ ਕੀਤਾ ਹੈ। ਪ੍ਰਸ਼ਾਸਨ ਵੱਲੋਂ ਚੰਡੀਗੜ੍ਹ ਦੇ ਜੱਦੀ ਲੋਕਾਂ ਨੂੰ ਉਜਾੜਨ ਅਤੇ ਪ੍ਰਵਾਸੀਆਂ ਨੂੰ ਵਸਾਉਣ ਦੀ ਨੀਤੀ ਵਿਰੁੱਧ ਵੀ ਚੰਡੀਗੜ੍ਹ ਵਿਚੋਂ ਕੇਵਲ ਇਹੋ ਸ਼ਖ਼ਸੀਅਤ ਬੇਬਾਕ ਢੰਗ ਨਾਲ ਆਵਾਜ਼ ਉਠਾ ਰਹੀ ਹੈ। ਸਿਆਸਤ ਤੋਂ ਨਿਰਲੇਪ ਰਹਿ ਕੇ ਲੋਕ ਆਵਾਜ਼ ਉਠਾਉਣ ਵਾਲੇ ਬਾਬਾ ਅੰਗਰੇਜ਼ ਸਿੰਘ ਚੰਡੀਗੜ੍ਹ ਵਿੱਚ ਪੰਜਾਬੀਆਂ ਦੀ ਮਾਂ ਬੋਲੀ ਦੀ ਹੋ ਰਹੀ ਦੁਰਗਤੀ ਵਿਰੁੱਧ ਵੀ ਗੱਜ ਕੇ ਬੋਲ ਰਿਹਾ ਹੈ। ਉਹ ਇਹ ਨਾਅਰਾ ਦੇ ਰਹੇ ਹਨ ਕਿ ਪ੍ਰਸ਼ਾਸਨ ਨੇ ਪਹਿਲਾਂ ਪੰਜਾਬੀਆਂ ਦੀ ਜ਼ਮੀਨ ਖੋਹੀ, ਫਿਰ ਬੇਘਰ ਕੀਤਾ, ਪਸ਼ੂ-ਡੰਗਰ ਸ਼ਹਿਰੋਂ ਬਾਹਰ ਕੱਢ ਕੇ ਬੇਰੁਜ਼ਗਾਰ ਕੀਤਾ ਅਤੇ ਅਖੀਰ ਪੰਜਾਬੀਆਂ ਦੀ ਮਾਂ ਬੋਲੀ ਵੀ ਖੋਹ ਕੇ ਉਨ੍ਹਾਂ ਨੂੰ "ਯਤੀਮ" ਕਰਨ ਦੀ ਸਾਜਿਸ਼ ਖੇਡੀ ਜਾ ਰਹੀ ਹੈ। ਉਹ ਆਪਣੀ ਆਖਰੀ ਉਮਰੇ ਹੁਣ ਪੰਜਾਬੀਆਂ ਨੂੰ ਬੜਾ ਗੁੱਝਾ ਹੋਕਾ ਦੇ ਰਿਹਾ ਹੈ ਕਿ 'ਚੰਡੀਗੜ੍ਹ ਨੂੰ 84 ਦੇ ਦੰਗਿਆਂ ਵਾਲਾ ਪਿੜ ਤੇ ਯਤੀਮ ਬਣਨ ਤੋਂ ਬਚਾਓ।'

ਅਜਿਹੀ ਉੱਚੀ-ਸੁੱਚੀ, ਨਿਧੜਕ ਅਤੇ ਨਿੱਜ ਦੀ ਥਾਂ ਸਰਬੱਤ ਦੇ ਕਲਿਆਣ ਲਈ ਜੂਝ ਰਹੀ ਸਖ਼ਸ਼ੀਅਤ ਨੂੰ ਸਾਡਾ ਹਾਰਦਿਕ ਸਤਿਕਾਰ।

# 47 ਅਣਗੌਲਿਆ ਹੀਰਾ - ਬਖਤਾਵਰ ਸਿੰਘ

*ਦਲਜੀਤ ਕੌਰ ਦਾਊਂ*
*ਮੋਬਾ: 9915560280*


*ਬਖਤਾਵਰ ਸਿੰਘ*

ਸਫ਼ੇਦ ਸੂਟ, ਨੀਲੀ ਘੋਟਮੀ ਦਸਤਾਰ, ਹੇਠਾਂ ਪੀਲਾ ਪਟਕਾ, ਕ੍ਰਿਪਾਨ-ਧਾਰੀ ਦਰਮਿਆਨੇ ਕੱਦ ਦੇ, ਬਿੱਲੀਆਂ ਅੱਖਾਂ ਵਾਲੇ ਸਖਸ਼ ਦੀ ਦੂਰ ਤੋਂ ਹੀ ਗੁਣਗੁਣਾਹਟ ਸੁਣ ਕੇ ਹਨੇਰੇ ਵਿੱਚ ਵੀ ਯਕੀਨ ਹੋ ਜਾਂਦਾ ਕਿ ਬਖਤਾਵਰ ਸਿੰਘ ਹੋਰੀਂ ਆ ਰਹੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਦਾ ਮਿਲਾਪੜਾ ਸੁਭਾ, ਪਿਆਰ ਅਤੇ ਨਿੱਘ ਨਾਲ ਮਿਲਣਾ, ਸਲੀਕੇ ਨਾਲ ਰਹਿਣਾ, ਸਲੀਕੇ ਨਾਲ ਬੋਲਣਾ, ਹਰ ਚੀਜ਼ ਨੂੰ ਥਾਂ-ਟਿਕਾਣੇ ਰੱਖਣਾ, ਉਨ੍ਹਾਂ ਦੇ ਅਮੀਰੀ ਗੁਣ ਸਨ। ਕਥਨੀ ਤੇ ਕਰਨੀ ਦਾ ਸੁਮੇਲ, ਸੱਥ ਵਿੱਚ ਸੱਚੋ-ਸੱਚ ਠੋਕ ਕੇ ਗੱਲ ਕਰਨ ਵਾਲੇ ਸਾਫ਼ ਸੁਥਰੇ ਵਿਚਾਰਾਂ ਦੇ ਧਾਰਨੀ, ਗੁਰੂ ਸਾਹਿਬ ਦੇ ਪਾਏ ਪੂਰਨਿਆਂ 'ਤੇ ਚਲਣ ਵਾਲੇ, ਸਮਾਜ ਅਤੇ ਦੇਸ਼ ਦੀ ਸੇਵਾ ਕਰਨ ਵਾਲੇ, ਮਾਂ ਬੋਲੀ ਪੰਜਾਬੀ ਦੇ ਸੱਚੇ ਆਸ਼ਕ ਤੇ ਇਸਦੇ ਦੀਵੇ ਦੀ ਲੋ 'ਤੇ ਪਰਵਾਨੇ ਦੀ ਤਰ੍ਹਾਂ ਸੜਨ ਵਾਲੇ ਸਿਰੜੀ ਅਤੇ ਸਿਦਕੀ ਜਿਊੜੇ ਸਨ ਸ. ਬਖਤਾਵਰ ਸਿੰਘ ਹੋਰੀਂ। ਚਿਹਰੇ 'ਤੇ ਟਾਂਵੇ-ਟਾਂਵੇ ਮਾਤਾ ਸੀਤਲਾ ਦੇ ਦਾਗ ਚਿਹਰੇ ਨੂੰ ਕੋਝਾ ਨਹੀਂ ਸਨ ਬਣਾਉਂਦੇ ਸਗੋਂ ਉਨ੍ਹਾਂ ਦੇ ਰੰਗ ਰੂਪ ਨੂੰ ਹੋਰ ਵੀ ਚਾਰ ਚੰਨ ਲਾ ਰਹੇ ਲਗਦੇ ਸਨ। ਉਹ ਉਨ੍ਹਾਂ ਦੀ ਪਹਿਚਾਣ ਵੀ ਸਨ।

ਉਹ ਪੁਆਧ ਦੇ ਪਿੰਡ ਕਲਾਲ-ਮਾਜਰਾ (ਉਦੋਂ ਜ਼ਿਲ੍ਹਾ ਅੰਬਾਲਾ) ਦੀ ਚੀਕਣੀ ਅਤੇ ਕਠੋਰ ਮਿੱਟੀ ਜੋ ਲੋਕ ਕਥਨ ਅਨੁਸਾਰ 'ਗਿੱਲੀ ਗੋਹਾ ਤੇ ਸੁੱਕੀ ਲੋਹਾ' ਵਿੱਚ ਮਾਤਾ ਸ਼੍ਰੀਮਤੀ ਜਾਤਾਂ ਦੀ ਕੁੱਖ ਤੋਂ ਪਿਤਾ ਸ. ਹੀਰਾ ਸਿੰਘ ਮਾਹਲ ਦੇ ਘਰ। 1905 ਵਿੱਚ ਪੈਦਾ ਹੋਏ। ਇਸ ਮਿੱਟੀ ਦੀਆਂ ਢੀਮਾਂ ਭੰਨ-ਭੰਨ ਕੇ ਬਰੀਕ ਕਰਦੇ-ਕਰਦੇ ਆਪਣੀ ਤਕੜੀ ਜੁੱਸੇ ਅਤੇ ਸਿਰੜ ਵਾਲੀ ਸ਼ਖ਼ਸੀਅਤ ਉਸਾਰਨ ਵਿੱਚ ਕਾਮਯਾਬ ਹੋਏ। ਉਨ੍ਹਾਂ ਦਾ ਨਾਨਕਾ ਪਿੰਡ ਪੱਥਰ ਮਾਜਰਾ ਸੀ। ਉਹ ਸੇਖੋਂ ਗੋਤ ਦੇ ਜ਼ਿਮੀਦਾਰ ਸਨ। ਮਾਤਾ ਜਾਤਾਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਇੰਨੇ ਤਕੜੇ ਸਨ ਕਿ ਥੋਹੜਾ ਕੀਤੇ ਘਬਰਾਉਂਦੇ ਨਹੀਂ ਸਨ। ਸ਼ਾਇਦ ਇਹੀ ਕਾਰਨ ਹੈ ਕਿ ਉਨ੍ਹਾਂ ਨੇ ਤੰਦਰੁਸਤੀ ਵਾਲੀ 110 ਸਾਲਾਂ ਦੀ ਉਮਰ ਭੋਗੀ। ਕਿਹਾ ਜਾਂਦਾ ਹੈ ਕਿ ਇਕ ਵਾਰ ਰਾਜਾ ਨਾਲਾ ਗੜੀਏ ਦੇ ਮੱਲ ਦੁੱਧ ਰਿੜਕਦੀ ਮਾਤਾ ਪਾਸੋਂ ਜਬਰਦਸਤੀ ਲੱਸੀ ਦੀ ਚਾਟੀ ਸਮੇਤ ਮੱਖਣ ਚੁੱਕਣ ਲੱਗੇ, ਨਾਹ ਕਰਨ ਤੇ ਉਨ੍ਹਾਂ ਨੇ ਚਾਟੀ ਵਿੱਚ ਸੋਟੀ ਦੀ ਖੋਦ ਮਾਰਨ ਦੀ ਕੋਸ਼ਿਸ਼ ਕੀਤੀ ਪਰ ਮਾਈ ਨੇ ਸੋਟੀ ਕੱਢ

ਵਿੱਚ ਹੀ ਇੰਨੀ ਘੁੱਟ ਲਈ ਕਿ ਉਹ ਛੁਡਾ ਨਾ ਸਕੇ। ਅੰਤ ਨੂੰ ਪਤਾ ਲਗਣ ਤੇ ਮਾਤਾ ਦੇ ਪੈਰਾਂ ਤੇ ਢਹਿ ਪਏ।

ਸ. ਹੀਰਾ ਸਿੰਘ ਨਾਲਾਗੜ੍ਹੀਏ ਰਾਜੇ ਦੇ ਸਰਕਾਰੀ ਕਰਮਚਾਰੀ/ਨੌਕਰ ਸਨ। ਸਰਕਾਰੀ ਮੱਲਾਂ ਦੀ ਖਾਧਾ ਖੁਰਾਕ ਦਾ ਪ੍ਰਬੰਧ ਕਰਦੇ ਸਨ। ਜ਼ਮੀਨ ਚੰਗੀ ਸੀ ਇਸ ਲਈ ਆਰਥਿਕ ਤੌਰ ਤੇ ਘਰੋਂ ਸੌਖੇ ਸਨ। ਮਕਾਨ ਚੰਗਾ ਵੱਡਾ ਪਾਇਆ ਹੋਇਆ ਸੀ ਜਿਸਦੇ ਦੋ ਦਰਵਾਜੇ ਸਨ। ਇੱਕ ਗਲੀ ਵੱਲ ਖੁਲ੍ਹਦਾ ਸੀ ਤੇ ਦੂਜਾ ਬਾਹਰਲੀ ਫਿਰਨੀ ਜਿਸ ਨੂੰ ਗੋਹਰ ਕਹਿੰਦੇ ਸਨ। ਆਮ ਤੌਰ ਤੇ ਘਰ ਦੇ ਦੋਵੇਂ ਦਰਵਾਜੇ ਖੁਲ੍ਹੇ ਰਹਿੰਦੇ ਸਨ। ਲੋਕ ਘੁੰਮ ਕੇ ਜਾਣ ਦੀ ਬਜਾਏ ਘਰ ਦੇ ਵਿਹੜੇ ਵਿੱਚ ਨੂੰ ਲੰਘਦੇ ਰਹਿੰਦੇ ਸਨ। ਇਨ੍ਹਾਂ ਨੇਂ ਕਦੀ ਮੱਥੇ ਵੱਟ ਨਹੀਂ ਸੀ ਪਾਇਆ। ਸਗੋਂ ਉਨ੍ਹਾਂ ਰਾਹੀਂ ਘਰ ਬੈਠਿਆਂ ਨੂੰ ਹੀ ਪਿੰਡ ਦੀ ਖ਼ਬਰ ਸਾਰ ਮਿਲਦੀ ਰਹਿੰਦੀ ਸੀ।

ਬਚਪਨ ਤੋਂ ਹੀ ਸ. ਬਖਤਾਵਰ ਸਿੰਘ ਨੂੰ ਪੰਜਾਬੀ ਪੜ੍ਹਨ ਅਤੇ ਪਾਠ ਸਿੱਖਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦਿਨਾਂ ਵਿੱਚ ਪੰਜਾਬੀ ਤਾਂ ਡੇਰਿਆਂ ਜਾਂ ਗੁਰਦੁਆਰਿਆ ਵਿੱਚ ਹੀ ਪੜ੍ਹਾਈ ਜਾਂਦੀ ਸੀ। ਜਦੋਂ ਥੋਹੜੀ ਸੋਝੀ ਹੋਈ ਤਾਂ ਇਨ੍ਹਾਂ ਨੇਂ ਗੁਰਦੁਆਰਾ ਭੱਠਾ ਸਾਹਿਬ ਜਾਣਾ ਸ਼ੁਰੂ ਕੀਤਾ। ਭੱਠਾ ਸਾਹਿਬ ਕਲਾਲ ਮਾਜਰੇ ਤੋਂ ਬਹੁਤੀ ਦੂਰ ਨਹੀਂ। ਉਨ੍ਹਾਂ ਦਿਨਾਂ ਵਿੱਚ ਲੋਕ ਪੈਦਲ ਹੀ ਤੁਰਕੇ ਚਲੇ ਜਾਂਦੇ ਸਨ। ਕਲਾਲ ਮਾਜਰੇ ਨੂੰ ਦੋ ਰੇਲਵੇ ਸਟੇਸ਼ਨ ਨੇੜੇ ਪੈਂਦੇ ਹਨ। ਜੇ ਕੁਰਾਲੀ ਵੱਲ ਆਉਣਾ ਹੋਵੇ ਤਾਂ ਚਟੌਲੀ ਰੇਲਵੇ ਸਟੇਸ਼ਨ, ਜੇਕਰ ਰੋਪੜ ਵੱਲ ਜਾਣਾ ਹੋਵੇ ਤਾਂ ਮੀਆਂਪੁਰ। ਕਈ ਵਾਰੀ ਮੀਆਂਪੁਰ ਤੋਂ ਰੇਲਗੱਡੀ ਵਿੱਚ ਚਲੇ ਜਾਂਦੇ ਤਾਂ ਕੋਟਲਾ ਨਿਹੰਗ ਦਾ ਸਟੇਸ਼ਨ ਬਿਲਕੁੱਲ ਗੁ: ਭੱਠਾ ਸਾਹਿਬ ਨਾਲ ਲਗਦਾ ਹੈ ਉੱਥੇ ਉੱਤਰ ਜਾਂਦੇ। ਕਈ ਵਾਰ ਪੈਦਲ ਹੀ ਪੁੱਜ ਜਾਂਦੇ। ਭੱਠਾ ਸਾਹਿਬ ਤੋਂ ਇਨ੍ਹਾਂ ਨੇਂ ਪੰਜ-ਗ੍ਰੰਥੀ ਦੀ ਕਲਾਸ ਪਾਸ ਕੀਤੀ ਫਿਰ ਬਾਈ ਬਾਰਾਂ ਦੀ ਕਲਾਸ ਤੇ ਨਾਲੋਂ ਨਾਲ ਗਿਣਤੀ ਤੇ ਹਿਸਾਬ ਵੀ ਸਿੱਖਿਆ। ਫਿਰ ਭੱਠਾ ਸਾਹਿਬ ਤੋਂ ਹੀ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਤੇ ਅਕਾਲੀ ਲਹਿਰ ਨਾਲ ਜੁੜ ਗਏ। ਇਥੋਂ ਹੀ ਇਨ੍ਹਾਂ ਨੂੰ ਸਮਾਜ ਦੀ ਸੇਵਾ ਤੇ ਰਾਜਨੀਤੀ ਦੀ ਚੇਟਕ ਲੱਗ ਗਈ।

ਸੋਲਾਂ ਸਤਾਰਾਂ ਸਾਲਾਂ ਦੀ ਉਮਰ ਵਿੱਚ ਆਪਣੇ ਨਿੱਜੀ ਦੋਸਤਾਂ ਨਾਲ ਛਪਾਰ ਦਾ ਮੇਲਾ ਦੇਖਣ ਮਾਲਵੇ 'ਚ (ਅਹਿਮਦ ਗੜ੍ਹ) ਚਲੇ ਗਏ। ਉੱਥੇ ਅਚਾਨਕ ਇੱਕ ਸੁਹਣੇ ਸੁਨੱਖੇ ਮੁੰਡੇ ਨਾਲ ਦੋਸਤੀ ਪੈ ਗਈ। ਉਹ ਇਨ੍ਹਾਂ ਨੂੰ ਆਪਣੇ ਘਰ ਲੈ ਗਿਆ। ਰਾਤ ਨੂੰ ਉਸਦੇ ਘਰ ਹੀ ਰਹੇ। ਉਹ ਪਿੰਡ ਬੰਬਾ ਜ਼ਿਲ੍ਹਾ ਲੁਧਿਆਣਾ ਦੇ ਖਾਂਦੇ ਪੀਂਦੇ ਸੰਧੂ ਗੋਤ ਦੇ ਜੱਟਾਂ ਦਾ ਘਰ ਸੀ। ਉਨ੍ਹਾਂ ਮਨ ਵਿੱਚ ਆਪਣੀ ਭੈਣ ਹਰਨਾਮ ਕੌਰ ਦਾ ਰਿਸ਼ਤਾ ਉਸਨੂੰ ਕਰਨ ਦਾ ਮਨ ਬਣਾ ਲਿਆ। ਉਸ ਮੁੰਡੇ ਦਾ ਨਾਮ ਸੰਤੋਖ ਸਿੰਘ ਸੀ। ਘਰ ਆ ਕੇ

ਆਪਣੀ ਮਾਂ ਨਾਲ ਗੱਲ ਕੀਤੀ। ਪਿਤਾ ਨਾਲ ਸਲਾਹ ਕਰਕੇ ਉਸਨੂੰ ਸ਼ਗਨ ਦੇ ਆਂਦਾ। ਵਿਆਹ ਤੋਂ ਬਾਅਦ ਉੱਥੇ ਜਾਣ ਆਉਣ ਕਾਰਨ ਉਸ ਇਲਾਕੇ ਵਿੱਚ ਵਾਕਫ਼ੀਅਤ ਹੋ ਗਈ। ਉਨ੍ਹਾਂ ਦੀ ਜਾਣ-ਪਛਾਣ ਵਿੱਚ ਹੀ ਇਨ੍ਹਾਂ ਦੀ ਭੈਣ ਨੇ ਇਨ੍ਹਾ ਦਾ ਵਿਆਹ ਪਿੰਡ ਪਾਲ ਮਾਜਰਾ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੀ ਕੁੜੀ ਗੁਲਾਬ ਕੌਰ ਨਾਲ ਕਰਵਾ ਦਿੱਤਾ। ਬਾਅਦ ਵਿੱਚ ਇਨ੍ਹਾਂ ਦੇ ਪਿਤਾ ਹੀਰਾ ਸਿੰਘ ਦੀ ਤਾਂ ਕਿਸੇ ਕਾਰਨ ਮੌਤ ਹੋ ਗਈ। ਜਦੋਂ ਪਲੇਗ ਪਈ ਉਦੋਂ ਘਰਾਂ ਦੇ ਘਰ ਖਾਲੀ ਹੋ ਗਏ। ਲੋਕ ਦੂਰ-ਦੁਰਾਡੇ ਦੀਆਂ ਰਿਸ਼ਤੇਦਾਰੀਆਂ ਨੂੰ ਵੀ ਬਾਹਾਂ ਉਲਾਰ-ਉਲਾਰ ਕੇ ਮਿਲਦੇ। ਇਨ੍ਹਾਂ ਦੇ ਘਰ ਪਰਿਵਾਰ ਵਿੱਚ ਵੀ ਬੰਦਿਆਂ ਦੀ ਘਾਟ ਹੀ ਰਹੀ। ਇਹ ਆਪਣੀ ਭੈਣ ਦੇ ਘਰ ਨੂੰ ਆਉਣ ਲਈ ਅੰਬਾਂ ਦੀ ਓਡੀਂ (ਟੋਕਰੀ) ਲੈ ਕੇ ਕੁਰਾਲੀ ਤੋਂ ਸਰਹਿੰਦ ਫਿਰ ਸਰਹਿੰਦ ਤੋਂ ਚਾਵਾ ਸਟੇਸ਼ਨ 'ਤੇ ਉੱਤਰ ਜਾਂਦੇ, ਫਿਰ ਉਥੋਂ ਟੋਕਰੀ ਸਿਰ ਤੇ ਚੁੱਕ ਕੇ ਪਿੰਡ ਬੰਬਾਂ ਤਹਿਸੀਲ ਸਮਰਾਲਾ ਪੁੱਜ ਜਾਂਦੇ। ਕਈ ਵਾਰੀ ਪਿੰਡ ਕਲਾਲ ਮਾਜਰੇ ਤੋਂ ਸਿਰ ਤੇ ਅੰਬਾਂ ਦੀ ਟੋਕਰੀ ਚੁੱਕ ਕੇ ਤਾਰਿਆਂ ਦੀ ਛਾਵਾਂ ਤੁਰ ਪੈਂਦੇ। ਘੜੂੰਏ ਅੱਠ ਵਜਦੇ ਨੂੰ ਆ ਪੁੱਜਦੇ, ਘੜੂੰਏ ਦੇ ਤਲਾ 'ਤੇ ਛਾਵੇਂ ਬੈਠ ਕੇ ਪਰਨੇ ਨਾਲੋਂ ਬੰਨ੍ਹੀ ਹੋਈ ਰੋਟੀ ਖੋਹਲ ਕੇ ਖਾ ਲੈਂਦੇ ਤੇ ਉਥੋਂ ਖੂਹੀ ਤੋਂ ਪਾਣੀ ਪੀ ਲੈਂਦੇ। ਸੱਚ ਗੱਲ ਤਾਂ ਬਖਤਾਵਰ ਸਿੰਘ ਦੇ ਸਫਰ ਦੀ ਹੋ ਰਹੀ ਹੈ। ਉਹ ਉਥੋਂ ਅੰਬਾਂ ਦੀ ਟੋਕਰੀ ਚੁੱਕ ਕੇ ਦੁਪਹਿਰੇ ਬਾਰਾਂ ਵਜੇ ਕਲਾਲ ਮਾਜਰੇ ਪੁੱਜ ਜਾਂਦੇ ਸਨ।

ਗੁਲਾਬ ਕੌਰ ਦੀ ਕੁੱਖੋਂ ਇੱਕ ਬੇਟਾ ਹੋਇਆ ਮਹਿਮਾ ਸਿੰਘ ਮਾਹਲ। ਕੁਝ ਸਾਲਾਂ ਬਾਅਦ ਹੀ ਗੁਲਾਬ ਕੌਰ ਕਿਸੇ ਬਿਮਾਰੀ ਕਾਰਨ ਚਲ ਵਸੀ। ਮਹਿਮਾਂ ਸਿੰਘ ਨੂੰ ਉਸਦੀ ਦਾਦੀ ਜਾਤਾਂ ਨੇ ਹੀ ਪਾਲਿਆ। ਉਧਰ ਇਨ੍ਹਾਂ ਦੀ ਭੈਣ ਹਰਨਾਮ ਕੌਰ ਦੇ ਪਤੀ ਸੰਤੋਖ ਸਿੰਘ ਦੀ ਵੀ ਬਰੀਕ ਤਾਪ ਨਾਲ ਮੌਤ ਹੋ ਗਈ। ਬੱਸ ਫਿਰ ਤਾਂ ਇਨ੍ਹਾਂ ਦਾ ਚੱਕਰ ਬੰਬਾਂ ਅਤੇ ਕਲਾਲ ਮਾਜਰੇ ਦਰਮਿਆਨ ਹੀ ਰਿਹਾ। ਅਜਿਹੇ ਦੁੱਖ ਵਿੱਚ ਇਨ੍ਹਾਂ ਨੇ ਆਪਣਾ ਮਨ ਗੁਰਬਾਣੀ ਪੜ੍ਹਨ ਅਤੇ ਗੁਰੂ ਘਰਾਂ ਦੀ ਸੇਵਾ, ਰਸਤਿਆਂ ਦੀ ਸੇਵਾ ਕਰਨ ਵੱਲ ਹੀ ਲਾ ਲਿਆ। ਰਾਹਾਂ 'ਚੋਂ ਕੱਚ ਅਤੇ ਕੰਡੇ ਚੁਗਣੇ। ਰਾਹਾਂ ਦੇ ਟੋਏ ਭਰਨੇ ਆਦਿ।

1923 ਵਿੱਚ ਦੇਸ਼ ਦੀ ਆਜ਼ਾਦੀ ਲਈ ਅਕਾਲੀ ਲਹਿਰ ਅਧੀਨ ਜੈਤੋਂ ਦਾ ਮੋਰਚਾ ਲਗਿਆ। ਇਹ ਉਨ੍ਹਾਂ ਵਿੱਚ ਆਪਣਾ ਨਾਮ ਦਰਜ ਕਰਵਾਉਣ ਚਲੇ ਗਏ। ਇਨ੍ਹਾਂ ਦੀ ਉਮਰ ਅਠਾਰਾਂ ਸਾਲਾਂ ਤੋਂ ਸਿਰਫ ਉੱਨੀ ਦਿਨ ਘੱਟ ਸੀ ਫੇਰ ਵੀ ਉਨ੍ਹਾਂ ਨੇ ਮੋਰਚੇ ਵਿੱਚ ਭਰਤੀ ਨਾ ਕੀਤਾ। ਕਿਉਂਕਿ ਉਹ ਅਠਾਰਾਂ ਸਾਲਾਂ ਦਾ ਪੂਰਾ ਹੋਣ ਤੇ ਹੀ ਭਰਤੀ ਕਰਦੇ ਸਨ। ਇਸ ਤੋਂ ਬਾਅਦ ਮੋਰਚੇ ਦੀ ਭਰਤੀ ਬੰਦ ਹੋ ਗਈ। ਇਹ ਗੁਰੂ ਘਰਾਂ 'ਚ ਜਾ ਕੇ ਸੇਵਾ ਕਰਦੇ ਰਹੇ। ਪਿੰਡ ਜ਼ਮੀਨ 'ਚ ਖੇਤੀ-ਬਾੜੀ ਕਰਦੇ ਰਹੇ। ਮੱਝਾਂ, ਬਲਦ ਆਦਿ ਪਸ਼ੂ ਰੱਖਦੇ ਰਹੇ। ਪੁਆਧ ਦੀ ਧਰਤੀ ਹੇਠਾਂ ਪਾਣੀ ਨਾ ਹੋਣ ਕਾਰਨ ਜਾਂ ਬਹੁਤ

ਡੂੰਘਾ ਹੋਣ ਕਾਰਨ ਖੇਤੀ ਮਾਰੂ ਹੀ ਹੁੰਦੀ ਸੀ ਜੋ ਮਾਲਵੇ ਲੁਧਿਆਣੇ ਦੀ ਖੇਤੀ ਨਾਲੋਂ ਬਹੁਤ ਕਮਜ਼ੋਰ ਸੀ। ਰਿਸ਼ਤੇ-ਦਾਰਾਂ ਦੇ ਮੁਕਾਬਲੇ ਆਪਣੀ ਆਰਥਿਕ ਹਾਲਤ ਪਤਲੀ ਦੇਖ ਕੇ ਕਿਸੇ ਨਾਲ ਕੱਲਕੱਤੇ ਕੰਪਨੀ ਦੀ ਨੌਕਰੀ ਕਰਨ ਚਲੇ ਗਏ। ਕੁਝ ਸਮਾਂ ਲੰਘਣ ਤੋਂ ਬਾਅਦ ਉੱਥੇ ਅਜਿਹਾ ਟਾਈਫਾਈਡ ਬੁਖਾਰ ਹੋਇਆ ਜੋ ਹਟਣ ਦਾ ਨਾਂ ਨਹੀਂ ਸੀ ਲੈ ਰਿਹਾ। ਅੰਗਰੇਜ਼ ਡਾਕਟਰ ਨੇ ਪਾਣੀ ਬਦਲਣ ਲਈ ਫਿਰ ਆਪਣੀ ਜਨਮ-ਭੋਇ ਪੰਜਾਬ ਵਿੱਚ ਭੇਜ ਦਿੱਤਾ। ਇਹ ਵਾਪਸ ਪਿੰਡ ਕਲਾਲ ਮਾਜਰੇ ਆ ਗਏ। ਕਹਿੰਦੇ ਹੁੰਦੇ ਹਨ 'ਬੰਦਿਆਂ ਤੇਰੀਆਂ ਸੱਤ ਡਸੀਆਂ ਸੱਤੇ ਗਈਆਂ ਵਿਹਾਅ।' ਇਨ੍ਹਾਂ ਨੇ ਪਲੇਗ ਦੀਆਂ ਦੋ ਮਹਾਂ ਮਾਰੀਆਂ ਤੇ ਦੋ ਅਲਮੀ ਜੰਗਾਂ 1919-1921 ਅਤੇ 1942-43 ਆਪਣੇ ਪਿੰਡੇ ਤੇ ਹੰਢਾਈਆਂ।

ਸੰਨ 1931-32 ਦੌਰਾਨ ਭਾਰਤ ਵਿੱਚ ਬਹੁਤ ਬੇਰੁਜ਼ਗਾਰੀ ਫੈਲ ਗਈ। ਬਹੁਤ ਸਾਰੇ ਲੋਕ ਕੰਮ ਦੀ ਭਾਲ ਵਿੱਚ ਨਾਲ ਲਗਦੇ ਦੇਸ਼ਾਂ ਬਰਮਾ, ਚੀਨ, ਜਪਾਨ ਅਤੇ ਮਲਾਇਆ ਚਲੇ ਗਏ। ਉੱਥੇ ਕਾਫ਼ੀ ਕੰਮ ਮਿਲ ਜਾਂਦਾ ਸੀ ਤੇ ਉਜਰਤ (ਤਨਖਾਹ) ਵੀ ਚੰਗੀ ਸੀ। ਕੰਮ ਤਾਂ ਕੱਲਕੱਤੇ ਵਾਂਗ ਅੰਗਰੇਜ਼ੀ ਕੰਪਨੀਆਂ ਵਿੱਚ ਹੀ ਮਿਲਦਾ ਸੀ। ਇਨ੍ਹਾਂ ਦਾ ਚਚੇਰਾ ਭਰਾ ਮਸਤ ਸਿੰਘ ਚੀਨ ਚਲਾ ਗਿਆ। ਉਸਦੀ ਰੀਸ-ਬਰੀਸੀ ਇਹ ਵੀ ਬਰਮਾ ਵਾਲੀ ਕੰਪਨੀ ਵਿੱਚ ਚਲੇ ਗਏ। ਕੰਮ ਮਿਲ ਗਿਆ, ਚੰਗੇ ਪੈਸੇ ਕਮਾਏ ਤੇ ਘਰ ਆਪਣੀ ਬਿਰਧ ਮਾਂ ਤੇ ਨਿੱਕੇ ਬੇਟੇ ਮਹਿਮਾਂ ਸਿੰਘ ਲਈ ਪੈਸੇ ਭੇਜਦੇ ਰਹੇ। ਘਰ ਦੇ ਕੁਝ ਦਿਨ ਫਿਰੇ।

ਇੱਕ ਕਹਾਵਤ ਹੈ।

'ਲੇਖ ਜਾਣਗੇ ਨਾਲੇ, ਨਾ ਜਾਹ ਬਰਮਾ ਨੂੰ'।

1942 ਵਿੱਚ ਆਲਮੀ ਜੰਗ (ਹੋਰਗ;ਦ ਹੈ.ਗ ੧੧) ਲੱਗ ਗਈ। ਉਸ ਘਮਾਸਾਣ ਵਿੱਚ ਜਪਾਨ ਤਾਂ ਬੰਬਾਰਡ ਮੈਂਟ ਨਾਲ ਤਬਾਹ ਹੀ ਹੋ ਗਿਆ ਸੀ। ਹੀਰੋਸ਼ੀਆਂ ਤੇ ਨਾਗਾ ਸਾਕੀ 'ਤੇ ਡਿਗੇ ਹਾਈ ਡਰੋਜ਼ਨ ਬੰਬਾਂ ਨੇ ਤਬਾਹੀ ਮਚਾ ਦਿੱਤੀ। ਬਰਮਾ ਚੀਨ ਤੋਂ ਵੀ ਲੋਕ ਆਪਣੇ ਦੇਸ਼ ਨੂੰ ਵਾਪਸ ਮੁੜਨ ਲੱਗੇ। ਪੈਦਲ ਹੀ ਆਪਣੀ ਜਾਨ ਬਚਾਉਂਦੇ ਛੱਪੜੀਆਂ ਦਾ ਪਾਣੀ ਪੀਂਦੇ ਮਸਾਂ ਆਪਣੇ ਘਰੀਂ ਪੁੱਜੇ। ਉਨ੍ਹਾਂ ਵਿੱਚ ਸ. ਬਖਤਾਵਰ ਸਿੰਘ ਵੀ ਸਨ।

ਇਨ੍ਹਾਂ ਨੇ ਆਪਣੇ ਇਕਲੌਤੇ ਸਪੁੱਤਰ ਮਹਿਮਾਂ ਸਿੰਘ ਨੂੰ ਮਗਰੋੜ ਪਿੰਡ ਤੋਂ ਗੁਰਦਾਸ ਕੌਰ ਨਾਮ ਦੀ ਕੁੜੀ ਨਾਲ ਵਿਆਹ ਦਿੱਤਾ। ਉਨ੍ਹਾਂ ਦੇ ਇੱਕ ਲੜਕੀ ਹੋਈ ਰਣਧੀਰ ਕੌਰ, ਉਹ ਵੀ ਦੋ ਸਾਲ ਦੀ ਹੋ ਕੇ ਨਮੋਨੀਏਂ ਨਾਲ ਪੂਰੀ ਹੋ ਗਈ। ਉਸ ਤੋਂ ਬਾਅਦ ਕੋਈ ਬੱਚਾ ਘਰ ਵਿੱਚ ਨਾ ਹੋਇਆ। ਇਹ ਰਿਸ਼ਤੇਦਾਰਾਂ ਦੇ ਬੱਚਿਆਂ ਨੂੰ ਹੀ ਪਿਆਰ

ਕਰਦੇ ਰਹੇ। ਗੁਜ਼ਰਾਨ ਲਈ ਫਿਰ ਜ਼ਮੀਨ ਵਿੱਚ ਹੀ ਮਾੜੀ ਮੋਟੀ ਖੇਤੀ ਕਰਦੇ ਰਹੇ।

ਸਿਆਸਤ ਵਿੱਚ ਜਾਣ ਅਤੇ ਪੰਜਾਬ ਤੇ ਪੰਜਾਬੀਅਤ ਬਾਰੇ ਕੁਝ ਕਰਨ ਦੀ ਤਮੰਨਾਂ ਜੋ ਜੈਤੋਂ ਦੇ ਮੋਰਚੇ ਵਿੱਚ ਦਾਖਲਾ ਨਾ ਮਿਲਨ ਕਾਰਨ ਪੂਰੀ ਨਹੀਂ ਸੀ ਹੋਈ, ਉਹ 1955 ਵਿੱਚ ਪੰਜਾਬੀ ਸੂਬੇ ਦੀ ਮੰਗ ਬਾਰੇ ਲੱਗੇ ਮੋਰਚੇ ਵਿੱਚ ਪੂਰੀ ਹੋਈ। ਇਹ ਮੋਰਚਾ ਸੰਤ ਫਤਹਿ ਸਿੰਘ, ਮਾ. ਤਾਰਾ ਸਿੰਘ ਅਤੇ ਦਰਸ਼ਨ ਸਿੰਘ 'ਫੇਰੂਮਾਨ ਦੀ ਰਾਹ ਨੁਮਾਈ' ਹੇਠਾਂ ਪੂਰਾ ਹੋਇਆ। ਇਹ ਮੋਰਚਾ ਅਕਾਲੀ ਦਲ ਵਲੋਂ ਲਾਇਆ ਗਿਆ ਸੀ। ਜਿਹੜਾ ਪ੍ਰਸੰਸਾ ਪੱਤਰ ਇਨ੍ਹਾਂ ਨੂੰ ਅਕਾਲੀ ਦਲ ਵੱਲੋਂ ਮਿਲਿਆ ਉਸਦਾ ਉਤਾਰਾ ਹੇਠ ਲਿਖੇ ਅਨੁਸਾਰ ਹੈ:

ਸੀਮੋ ਨੰ. 4340-

ਸ੍ਰੋਮਣੀ ਅਕਾਲੀ ਦਲ ਵੱਲੋਂ
ਪ੍ਰਸੰਸਾ ਪੱਤਰ

ਨਾਮ- ਬਖਤਾਵਰ ਸਿੰਘ ਪਿਤਾ ਦਾ ਨਾਮ ਹੀਰਾ ਸਿੰਘ
ਪਿੰਡ-ਕਲਾਲ ਮਾਜਰਾ ਜ਼ਿਲ੍ਹਾ ਅੰਬਾਲਾ

ਪੰਜਾਬੀ ਸੂਬੇ ਦੀ ਪੰਥ ਦੇ ਨਾਅਰਿਆਂ 'ਤੇ ਲੱਗੀ ਵਿਅਰਥ ਪਾਬੰਦੀ ਦੇ ਵਿਰੁੱਧ ਸ੍ਰੋਮਣੀ ਅਕਾਲੀ ਦਲ ਵਲੋਂ ਲਾਏ ਗਏ ਮੋਰਚੇ ਵਿੱਚ ਹਿੱਸਾ ਲਿਆ ਤੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਹ ਮੋਰਚਾ 10-5-55 ਨੂੰ ਆਰੰਭ ਹੋ ਕੇ 12-7-55 ਨੂੰ 64 ਦਿਨਾਂ ਪਿਛੋਂ ਪੰਥ ਦੀ ਸ਼ਾਨਦਾਰ ਜਿੱਤ ਨਾਲ ਸਮਾਪਤ ਹੋਇਆ ਤੇ ਇਸ ਧਰਮ ਯੁੱਧ ਵਿੱਚ ਲਗ-ਪਗ 12000 ਪ੍ਰਵਾਨੇ ਜੇਲ੍ਹ ਗਏ ਤੇ ਪੰਥ ਦੀ ਪ੍ਰਸੰਸਾ ਪ੍ਰਾਪਤ ਕੀਤੀ।

ਮਿਤੀ-1-10-1955

ਸਹੀ-ਪ੍ਰਧਾਨ
ਸ੍ਰੋਮਣੀ ਅਕਾਲੀ ਦਲ,
ਸ੍ਰੀ ਅੰਮ੍ਰਿਤਸਰ।

ਸ਼੍ਰੋਮਣੀ ਕਮੇਟੀ ਦੁਆਰਾ ਪੈਨਸ਼ਨ ਲਈ ਬੁਲਾਏ ਜਾਣ 'ਤੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ, ਇਹ ਕਹਿਕੇ, "ਮੈਂ ਆਪਣੀ ਕੁਰਬਾਨੀ ਵੇਚਣੀ ਨਹੀਂ।"

ਸਤੰਬਰ 1970 ਵਿੱਚ ਰੇਡੀਓ 'ਤੇ ਖ਼ਬਰਾਂ ਸੁਣ ਰਹੇ ਸਨ। ਸ਼ਾਮ ਦੇ ਅੱਠ ਵਜੇ ਖ਼ਬਰ ਆਈ ਕਿ ਸ: ਦਰਸ਼ਨ ਸਿੰਘ ਫੇਰੂਮਾਨ ਨੇ ਪੰਜਾਬ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਨ ਬਾਰੇ ਮਰਨ ਬਰਤ ਰੱਖਿਆ ਹੋਇਆ ਸੀ। ਇਹ ਖ਼ਬਰ ਖੇਦ ਨਾਲ ਦੇਣ ਲੱਗੇ ਹਾਂ ਕਿ ਉਹ ਇਸ ਫਾਨੀ ਦੁਨੀਆਂ ਨੂੰ ਸਦਾ-ਸਦਾ ਲਈ ਅਲਵਿਦਾ ਕਰ ਗਏ। ਇਹ ਸੁਣਦੇ ਸਾਰ ਸ: ਬਖਤਾਵਰ ਸਿੰਘ ਜੀ ਨੂੰ ਬਹੁਤ ਸਦਮਾ ਲੱਗਾ ਤੇ ਉਨ੍ਹਾਂ ਦੀ ਬਰੇਨ ਦੀ ਨਾੜੀ ਲੀਕ ਹੋਣ

ਕਾਰਨ ਬਰੇਨ ਅਟੈਕ ਹੋ ਗਿਆ। ਸਦਮਾ ਨਾ ਸਹਾਰਦੇ ਹੋਏ, ਉਹ ਵੀ ਕੁਝ ਦਿਨਾਂ ਬਾਅਦ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅੰਤਿਮ-ਯਾਤਰਾ ਸਮੇਂ ਮੈਂ ਲੋਕਾਂ ਨੂੰ ਸੇਜਲ ਅੱਖਾਂ ਨਾਲ ਵਿਦਾ ਕਰਦੇ ਹੋਏ ਵੇਖਿਆ।

ਰਿਸ਼ਤੇਦਾਰ ਸਬੰਧੀ ਤੇ ਇਲਾਕਾ ਨਿਵਾਸੀਆਂ ਦੀ ਸ਼ਰਧਾਜਲੀ ਨਾਲ ਉਨ੍ਹਾਂ ਦਾ ਅੰਤਮ ਸੰਸਕਾਰ ਉਨ੍ਹਾਂ ਦੇ ਸਪੁੱਤਰ ਸ: ਮਹਿਮਾਂ ਸਿੰਘ ਮਾਹਲ ਦੁਆਰਾ ਉਨ੍ਹਾਂ ਦੇ ਜੱਦੀ ਪਿੰਡ ਕਲਾਲ ਮਾਜਰਾ ਵਿਖੇ ਹੀ ਕੀਤਾ ਗਿਆ। ਗੁਰਬਾਣੀ ਦੇ ਮਾਂਹਵਾਕ ਅਨੁਸਾਰ:

'ਪਵਨੈ ਮਹਿ ਪਵਨ ਸਮਾਈ॥ ਜੋਤ ਮਹਿ ਰਲ ਜਾਈ॥


ਉਹ ਆਪਣੀ ਇੱਛਾ ਅਨੁਸਾਰ ਆਪਣੇ ਪਿੰਡ ਆਪਣੇ ਜਨਮ ਅਸਥਾਨ ਅਤੇ ਆਪਣੇ ਦੇਸ਼ ਦੀ ਮਿੱਟੀ ਵਿੱਚ ਮਿੱਟੀ ਹੋ ਕੇ ਰਲ ਗਏ।

ਸ. ਬਖਤਾਵਰ ਸਿੰਘ ਮੇਰੇ ਨਾਨਾ ਜੀ ਸਨ ਜਿਹੜੇ ਅੰਤਿਮ ਸਮੇਂ ਤੱਕ ਮੇਰੇ ਜੀਵਨ ਦੇ ਪੱਥ-ਪ੍ਰਦਸ਼ਕ ਰਹੇ ਤੇ ਮੇਰੇ ਨਾਲ ਪ੍ਰਛਾਵੇਂ ਵਾਂਗ ਵਿਚਰਦੇ ਰਹੇ।

# 48 ਦੇਸ਼ ਭਗਤ ਜੱਥੇਦਾਰ ਚੰਨਣ ਸਿੰਘ

*ਡਾ. ਗੁਰਬਚਨ ਸਿੰਘ ਮਾਵੀ*

*ਮੋਬਾ: 9878149511*



*ਜੱਥੇਦਾਰ ਚੰਨਣ ਸਿੰਘ*

ਪੰਜਾਬ ਦੇ ਪ੍ਰਸਿੱਧ ਦੇਸ਼ ਭਗਤ ਜੱਥੇਦਾਰ ਚੰਨਣ ਸਿੰਘ ਜੀ ਦਾ ਜਨਮ ਸੰਨ 1886 ਵਿੱਚ ਅੰਬਾਲਾ ਜਿਲ੍ਹੇ ਦੇ ਪਿੰਡ ਸਹੌੜਾਂ ਵਿੱਚ ਇੱਕ ਦਰਮਿਆਨੇ ਜਿਮੀਂਦਾਰ ਘਰਾਣੇ ਵਿੱਚ ਹੋਇਆ। ਆਪ ਦੇ ਪਿਤਾ ਜੀ ਦਾ ਨਾਂ ਸ. ਰਾਮ ਸਿੰਘ ਸੀ। ਆਪ ਜੀ ਵੱਡੇ ਹੋ ਕੇ ਖੇਤੀਬਾੜੀ ਵਿੱਚ ਆਪਣੇ ਪਿਤਾ ਦਾ ਹੱਥ ਵਟਾਉਂਦੇ ਰਹੇ। ਪ੍ਰੰਤੂ ਆਪ ਦੇ ਮਨ ਵਿੱਚ ਦੇਸ਼ ਪ੍ਰਤੀ ਸੇਵਾ ਭਾਵਨਾ ਦੀ ਲਾਟ ਜਗ ਰਹੀ ਸੀ। ਸੰਨ 1919 ਵਿੱਚ ਹੋਏ ਜ਼ਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਨੇ ਆਪ ਦੇ ਮਨ ਤੇ ਗਹਿਰਾ ਅਸਰ ਪਾਇਆ ਤੇ ਆਪ ਦੇਸ਼ ਦੀ ਅਜ਼ਾਦੀ ਦੇ ਘੋਲ ਵਿੱਚ ਕੁੱਦ ਪਏ।

ਇਸ ਤੋਂ ਬਾਅਦ ਆਪ ਜੀ ਨੇ ਸੰਨ 1947 ਈ: ਤੱਕ ਦੇਸ਼ ਦੀ ਅਜ਼ਾਦੀ ਦੀ ਪ੍ਰਾਪਤੀ ਲਈ ਕੀਤੀਆਂ ਗਈਆਂ ਸਾਰੀਆਂ ਲਹਿਰਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ। ਵੱਖ-ਵੱਖ ਮੋਰਚਿਆਂ ਵਿੱਚ ਆਪ ਨੇ ਲੱਗਪਗ 18 ਵਾਰ ਜੇਲ੍ਹ ਯਾਤਰਾ ਕੀਤੀ, ਆਪਣੀ ਜੁਆਨੀ ਦੇ ਸੋਲਾਂ ਸਾਲ ਦੇ ਕਰੀਬ ਅੰਗਰੇਜ਼ੀ ਸਾਮਰਾਜ ਦੀਆਂ ਜੇਲ੍ਹਾਂ ਵਿੱਚ ਬਿਤਾਏ ਅਤੇ ਹਜ਼ਾਰਾਂ ਰੁਪਏ ਜੁਰਮਾਨੇ ਵਜੋਂ ਭਰੇ। ਇਸ ਦਾ ਹਵਾਲਾ ਸ. ਅਮਰ ਸਿੰਘ ਤੇਗ ਨੇ ਆਪਣੀ ਪੁਸਤਕ 'ਦੇਸ਼ ਭਗਤ ਅਤੇ ਫਰੰਗੀ ਦੀਆਂ ਜੇਲ੍ਹਾਂ' ਵਿੱਚ ਦਿੱਤਾ ਹੈ।

ਸ਼ੁਰੂ ਵਿੱਚ ਆਪ ਜੀ ਨੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਵੱਧ ਚੜ੍ਹ ਕੇ ਭਾਗ ਲਿਆ। ਇਸ ਪ੍ਰੋਗਰਾਮ ਥੱਲੇ ਹੀ ਆਪ ਜੀ ਨੇ ਜੈਤੋਂ ਦੇ ਮੋਰਚੇ ਦੇ ਦੂਜੇ ਸ਼ਹੀਦੀ ਜੱਥੇ ਵਿੱਚ ਗ੍ਰਿਫਤਾਰੀ ਦਿੱਤੀ ਅਤੇ ਅੰਗਰੇਜ਼ੀ ਸਾਮਰਾਜੀ ਪੁਲਿਸ ਦੀਆਂ ਡਾਂਗਾਂ ਦੀ ਮਾਰ ਖਾਧੀ। ਇਸ ਤੋਂ ਬਾਅਦ ਹੀ ਆਪ ਜੀ ਨੂੰ ਜੱਥੇਦਾਰ ਜੀ ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ। ਆਪ ਲੱਗਪਗ 10 ਸਾਲ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿੱਚ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਦੀ ਪ੍ਰਤੀਨਿਧਤਾ ਕਰਦੇ ਰਹੇ। ਇਸ ਤੋਂ ਬਾਅਦ ਤਕਰੀਬਨ 7 ਸਾਲ ਲਾਇਲਪੁਰ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਹਿ ਕੇ ਸੇਵਾ ਕਰਦੇ ਰਹੇ।

1945-46 ਵਿੱਚ ਹੀ ਕਾਂਗਰਸ ਟਿਕਟ ਤੇ ਹਲਕਾ ਜੜ੍ਹਾਂ ਵਾਲਾ, ਜਿਲ੍ਹਾ

ਲਾਇਲਪੁਰ (ਪਾਕਿਸਤਾਨ) ਤੋਂ ਪੰਜਾਬ ਅਸੰਬਲੀ ਲਈ ਚੋਣ ਵੀ ਲੜੀ। ਦੇਸ਼ ਦੀ ਵੰਡ ਤੋਂ ਬਾਅਦ ਆਪ ਜੀ ਪਿੰਡ ਸੁਆੜਾ, ਤਹਿ ਖਰੜ, ਜ਼ਿਲ੍ਹਾ ਅੰਬਾਲਾ ਵਿੱਚ ਆ ਕੇ ਵਸ ਗਏ। ਪੰਚਾਇਤੀ ਰਾਜ ਕਾਇਮ ਹੋਣ ਤੇ ਆਪ ਪਿੰਡ ਸੁਆੜਾ ਦੇ ਸਰਬ ਸੰਮਤੀ ਨਾਲ ਸਰਪੰਚ ਚੁਣੇ ਗਏ। ਇਹ ਸੇਵਾ ਪਿੰਡ ਦੇ ਸਰਪੰਚ ਵਜੋਂ ਆਪ ਜੀ ਆਪਣੀ ਮੌਤ ਦੇ ਸਾਲ 1969 ਤੱਕ ਨਿਭਾਉਂਦੇ ਰਹੇ। ਆਪ ਜੀ ਨੇ ਆਪਣੀ ਕੀਤੀ ਕੁਰਬਾਨੀ ਦੀ ਕੀਮਤ ਵਜੋਂ ਸਰਕਾਰ ਪਾਸੋਂ ਕਿਸੇ ਕਿਸਮ ਦੀ ਵੀ ਮੰਗ ਨਹੀਂ ਕੀਤੀ ਅਤੇ ਨਾ ਹੀ ਕੋਈ ਪੈਨਸ਼ਨ ਲਈ। ਕਈ ਸਾਲਾਂ ਤੱਕ ਆਪ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਰਹੇ। ਕਾਂਗਰਸ ਦੇ ਵਫਾਦਾਰ ਸਿਪਾਹੀ ਹੁੰਦੇ ਹੋਏ ਆਪ 1947 ਤੋਂ ਲੈ ਕੇ ਆਪਣੇ ਜੀਵਨ ਦੇ ਅਖੀਰੀ ਸਮੇਂ ਤੱਕ ਪੂਰੀ ਲਗਨ ਨਾਲ ਸੇਵਾ ਕਰਦੇ ਰਹੇ। ਸ. ਪ੍ਰਤਾਪ ਸਿੰਘ ਕੈਰੋਂ (ਮੁੱਖ ਮੰਤਰੀ ਪੰਜਾਬ) ਆਪ ਦੇ ਗੂਹੜੇ ਮਿੱਤਰ ਸਨ। ਇੱਕ ਵਾਰੀ ਜੱਥੇਦਾਰ ਜੀ ਬਿਮਾਰ ਹੋ ਗਏ ਤਾਂ ਕੈਰੋਂ ਸਾਹਿਬ ਨੇ ਸਿਵਲ ਸਰਜਨ ਅੰਬਾਲਾ ਦੀ ਸਪੈਸ਼ਲ ਡਿਊਟੀ ਲਗਵਾਈ ਕਿ ਆਪ ਜੀ ਦਾ ਇਲਾਜ ਉਨ੍ਹਾਂ ਦੀ ਨਿਗਰਾਨੀ ਵਿੱਚ ਕੀਤਾ ਜਾਵੇ। ਗਿਆਨੀ ਜ਼ੈਲ ਸਿੰਘ ਜੀ (ਮੁੱਖ ਮੰਤਰੀ ਪੰਜਾਬ) ਵੀ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਜੀ ਦਾ ਸਰੀਰ ਚੰਗਾ ਰਿਸਟ ਪੁਸਟ ਸੀ। ਸੰਨ 1966 ਵਿੱਚ ਪੰਜਾਬ ਦੇ ਬਟਵਾਰੇ ਕਾਰਨ ਰੋਪੜ ਜਿਲ੍ਹਾ ਬਣਿਆ ਤੇ ਆਪ ਜੀ ਨੂੰ ਜਿਲ੍ਹਾ ਰੋਪੜ ਕਾਂਗਰਸ ਕਮੇਟੀ ਦੇ ਪ੍ਰਧਾਨ ਚੁਣਿਆ ਗਿਆ। ਏਸ ਹੈਸੀਅਤ ਵਿੱਚ ਹੀ ਅਖੀਰ ਸਮੇਂ ਤੱਕ ਸੇਵਾ ਨਿਭਾਈ।


ਆਮ ਕਰਕੇ ਆਪ ਜੀ ਪਿੰਡ ਸੁਆੜਾ ਤੋਂ ਖਰੜ ਤੱਕ 5 ਮੀਲ ਸਾਈਕਲ ਤੇ ਹੀ ਜਾਂਦੇ ਸਨ। ਅਖੀਰ ਸਮੇਂ ਬਿਮਾਰ ਹੋਣ ਤੋਂ ਇੱਕ ਦਿਨ ਪਹਿਲਾਂ ਆਪਣੇ ਖੇਤਾਂ ਵਿੱਚ ਕਣਕ ਕਢਾ ਕੇ ਗੱਡਿਆਂ ਤੇ ਲਦਾਈ। ਅਗਲੇ ਦਿਨ ਸਵੇਰੇ ਜਲੰਧਰ ਕਾਂਗਰਸ ਪਾਰਟੀ ਦੀ ਮੀਟਿੰਗ ਤੇ ਜਾਣਾ ਸੀ ਪਰ ਆਪ ਅਚਾਨਕ ਬਿਮਾਰ ਹੋ ਗਏ। ਆਪ ਜੀ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿੱਚ ਦਾਖਲ ਕਰਵਾਇਆ ਗਿਆ। ਜਿੱਥੇ ਕਿ ਆਪ 25 ਮਈ ਸੰਨ 1969 ਦਿਨ ਐਤਵਾਰ ਨੂੰ ਅਕਾਲ ਚਲਾਣਾ ਕਰ ਗਏ।

ਜੱਥੇਦਾਰ ਜੀ ਦੀ ਯਾਦ ਵਜੋਂ ਲਾਂਡਰਾਂ-ਸਰਹਿੰਦ (ਫਤਹਿਗੜ੍ਹ ਸਾਹਿਬ) ਸੜਕ ਦਾ ਨਾਂ ਜੱਥੇਦਾਰ ਚੰਨਣ ਸਿੰਘ ਮਾਰਗ ਰੱਖਿਆ ਗਿਆ। ਇਸ ਨਾਂ ਥੱਲੇ ਸਾਈਨ ਬੋਰਡ ਵੀ ਲਗਾ ਦਿੱਤਾ ਗਿਆ ਸੀ ਪਰ ਹੁਣ ਇਹ ਸਭ ਕੁਝ ਹਟ ਗਿਆ ਹੈ। ਜੱਥੇਦਾਰ ਜੀ ਦੀ ਕੁਰਬਾਨੀ ਨੂੰ ਅਣਗੌਲਿਆ ਕੀਤਾ ਗਿਆ ਹੈ।

# 49 ਮਾਨਵਤਾ ਦੇ ਮੁਦਈ : ਸੰਤ ਬਾਬਾ ਲਾਭ ਸਿੰਘ ਜੀ

(ਮੁੱਖ ਸੰਚਾਲਕ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ, ਅਨੰਦਪੁਰ ਸਾਹਿਬ)

*ਸੁਖਵਿੰਦਰ ਸਿੰਘ ਕਾਹਲੋਂ*
*ਮੋਬਾ: 9592418152*



*ਸੰਤ ਬਾਬਾ ਲਾਭ ਸਿੰਘ*

ਵਿਸ਼ਵ-ਇਤਿਹਾਸ ਵਿੱਚ ਸਮੇਂ-ਸਮੇਂ 'ਤੇ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਸਾਹਿਤਕ ਖੇਤਰਾਂ ਵਿੱਚ ਅਜਿਹੀਆਂ ਮਾਨਵਵਾਦੀ ਮਾਣਮੱਤੀਆਂ ਸਖ਼ਸ਼ੀਅਤਾਂ ਉੱਭਰਦੀਆਂ ਰਹੀਆਂ ਹਨ, ਜਿਹੜੀਆਂ ਆਪੋ-ਆਪਣੇ ਖੇਤਰਾਂ ਵਿੱਚ ਆਪਣੀ ਚੇਤਨਾ, ਜੀਵਨ-ਸ਼ੈਲੀ, ਕਾਰਜ-ਪ੍ਰਣਾਲੀ ਸਦਕਾ ਨਵੇਂ ਪੂਰਨੇ ਪਾ ਕੇ ਵਿਲੱਖਣ ਸਖ਼ਸ਼ੀਅਤ ਦੇ ਧਾਰਨੀ ਹੋ ਨਿਬੜਦੇ ਹਨ। ਉਨ੍ਹਾਂ ਦੀ ਵਿਲੱਖਣਤਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣਦੀ ਹੈ।

ਸੰਤ ਬਾਬਾ ਲਾਭ ਸਿੰਘ ਜੀ ਪੁਆਧ ਖਿੱਤੇ ਦੀ ਧਾਰਮਿਕ, ਸਮਾਜਿਕ, ਸਮਾਜ-ਸੇਵੀ ਤੇ ਮਾਨਵਵਾਦੀ ਸੋਚ ਨੂੰ ਪ੍ਰਣਾਈ ਹੋਈ ਵਿਲੱਖਣ ਸਖ਼ਸ਼ੀਅਤ ਹਨ। ਇਹ ਵਿਲੱਖਣਤਾ ਉਨ੍ਹਾਂ ਦੀ ਸੋਚਣੀ, ਰਹਿਣੀ-ਸਹਿਣੀ, ਚਾਲ-ਢਾਲ, ਸੁਭਾਅ ਦੇ ਕਾਰਜਸ਼ੈਲੀ 'ਚੋਂ ਸਪੱਸ਼ਟ ਰੂਪ ਵਿੱਚ ਝਲਕਦੀ ਹੈ। ਸੇਵਾ ਦੇ ਪੁੰਜ ਸੰਤ ਬਾਬਾ ਲਾਭ ਸਿੰਘ ਜੀ (ਮੁੱਖ ਸੰਚਾਲਕ, ਕਿਲ੍ਹਾ ਅਨੰਦਗੜ੍ਹ ਸਾਹਿਬ, ਅਨੰਦਪੁਰ ਸਾਹਿਬ) ਦਾ ਜਨਮ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 15 ਜੂਨ, 1923 ਨੂੰ ਮਾਤਾ ਇੰਦਰ ਕੌਰ ਜੀ ਦੀ ਕੁੱਖੋਂ, ਪਿਤਾ ਸਰਦਾਰ ਗੰਗਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਬਾਬਾ ਜੀ ਨੇ ਆਪਣੀ ਮੁੱਢਲੀ ਸਿੱਖਿਆ ਸ੍ਰੀ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ।

ਬਾਬਾ ਜੀ ਬਚਪਨ ਤੋਂ ਹੀ ਗੁਰੂ ਘਰ ਦੇ ਅਨਿਨ ਸ਼ਰਧਾਲੂ ਰਹੇ। ਉਹ ਨਿੱਤ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਜੋੜਿਆਂ ਅਤੇ ਪ੍ਰਕਰਮਾਂ ਦੀ ਸੇਵਾ ਕਰਨ ਜਾਂਦੇ। ਬਾਬਾ ਜੀ ਸ਼ੁਰੂ ਤੋਂ ਹੀ ਸੰਗੀਤ ਪ੍ਰੇਮੀ ਅਤੇ ਕੀਰਤਨ ਸੁਣਨ ਦੇ ਬੜੇ ਸ਼ੌਕੀਨ ਸਨ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਕੀਰਤਨ ਸੁਣਦੇ ਇੰਨੇ ਪ੍ਰਭਾਵਿਤ ਹੋ ਜਾਂਦੇ ਕਿ ਪ੍ਰਕਰਮਾ ਵਿੱਚ ਹੀ ਸੌਂ ਜਾਂਦੇ। ਇੱਥੇ ਹੀ ਜੋੜਿਆਂ ਅਤੇ ਪਰਕਰਮਾਂ ਦੀ ਸੇਵਾ ਕਰਦਿਆਂ ਬਾਬਾ ਜੀ ਦਾ ਮਿਲਾਪ ਸੰਤ ਬਾਬਾ ਸੇਵਾ ਸਿੰਘ ਜੀ ਨਾਲ ਹੋਇਆ। ਸੰਤ ਬਾਬਾ ਸੇਵਾ ਸਿੰਘ ਜੀ ਇਨ੍ਹਾਂ ਦੀ ਸੇਵਾ-ਭਾਵਨਾ, ਸ਼ੀਤਲ ਤੇ ਮਿੱਠੇ ਬੋਲੜੇ ਸੁਭਾਅ ਤੋਂ ਅਤੀ ਪ੍ਰਸੰਨ ਹੋਏ। ਇਸੇ ਸਮੇਂ ਸੰਤ ਬਾਬਾ ਸੇਵਾ ਸਿੰਘ ਜੀ (ਮੁੱਖ ਸੇਵਾਦਾਰ, ਕਿਲ੍ਹਾ ਅਨੰਦਗੜ੍ਹ,

ਅਨੰਦਪੁਰ ਸਾਹਿਬ) ਅਨੰਦਪੁਰ ਸਾਹਿਬ ਵਿਖੇ ਸੇਵਾ ਕਰਦਿਆਂ ਬਿਰਧ ਅਵਸਥਾ ਵਿੱਚ ਪਹੁੰਚ ਚੁੱਕੇ ਸਨ। ਉਨ੍ਹਾਂ ਨੂੰ ਕਿਸੇ ਅਨਿਨ ਸੇਵਾਦਾਰ ਦੀ ਜ਼ਰੂਰਤ ਸੀ ਜਿਹੜਾ ਉਨ੍ਹਾਂ ਦੀ ਕਸੌਟੀ 'ਤੇ ਪੂਰਾ ਉਤਰਦਾ ਹੋਵੇ। ਸੰਤ ਬਾਬਾ ਲਾਭ ਸਿੰਘ ਜੀ ਨੂੰ ਵੇਖ ਕੇ ਉਨ੍ਹਾਂ ਦੀ ਇਹ ਭਾਲ ਖਤਮ ਹੋ ਗਈ। 1966 ਈ. ਵਿੱਚ ਸੰਤ ਬਾਬਾ ਸੇਵਾ ਸਿੰਘ ਜੀ ਦੇ ਮਨ ਵਿੱਚ ਆਇਆ ਕਿ ਬਾਬਾ ਲਾਭ ਸਿੰਘ ਜੀ ਨੂੰ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਸੇਵਾ ਸੰਭਾਲ ਸੌਂਪੀ ਜਾਵੇ।

ਸੰਤ ਬਾਬਾ ਸੇਵਾ ਸਿੰਘ ਜੀ 22 ਜਨਵਰੀ, 1982 ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਨੇ ਗੁਰਪੁਰੀ ਸਿਧਾਰਨ ਤੋਂ ਪਹਿਲਾਂ ਕਾਰ ਸੇਵਾ ਦੀ ਸਮੁੱਚੀ ਜ਼ਿੰਮੇਵਾਰੀ ਸੰਤ ਬਾਬਾ ਭਾਗ ਸਿੰਘਤ ਜੀ ਤੇ ਸੰਤ ਬਾਬਾ ਲਾਭ ਸਿੰਘ ਜੀ ਨੂੰ ਸਾਂਝੇ ਤੌਰ 'ਤੇ ਸੌਂਪੀ। ਕੁਝ ਸਮੇਂ ਬਾਅਦ ਸੰਤ ਬਾਬਾ ਭਾਗ ਸਿੰਘ ਜੀ 22 ਸਤੰਬਰ, 1987 ਨੂੰ ਅਕਾਲ ਚਲਾਣਾ ਕਰ ਗਏ। ਇਸ ਉਪਰੰਤ, ਨਿਰੰਤਰ ਸੰਤ ਬਾਬਾ ਲਾਭ ਸਿੰਘ ਜੀ ਇੱਕ ਸੰਸਥਾ ਵਾਂਗ ਆਪਣੇ ਸੇਵਕਾਂ, ਸਹਿਯੋਗੀਆਂ ਸਮੇਤ ਧਾਰਮਿਕ ਅਸਥਾਨਾਂ, ਸਕੂਲਾਂ, ਕਾਲਜਾਂ, ਹਸਪਤਾਲਾਂ, ਮੰਦਰਾਂ, ਮਸੀਤਾਂ, ਸਰਾਵਾਂ, ਪੁਲਾਂ, ਲੰਗਰਾਂ, ਖੇਡ ਮੇਲਿਆਂ, ਫ਼ਰੀ ਮੈਡੀਕਲ ਕੈਂਪਾਂ, ਗਰੀਬਾਂ ਤੇ ਲੋੜਵੰਦਾਂ ਦੇ ਸਮੂਹ ਅਨੰਦ ਕਾਰਜਾਂ ਦੀ ਸੇਵਾ ਨਿਭਾ ਰਹੇ ਹਨ।

ਬਾਬਾ ਲਾਭ ਸਿੰਘ ਜੀ ਦੀ ਰਹਿਨੁਮਾਈ ਹੇਠ ਤਕਰੀਬਨ 260 ਗੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਦੀ ਸੇਵਾ, ਪੀ.ਜੀ.ਆਈ. ਹਸਪਤਾਲ, ਚੰਡੀਗੜ੍ਹ ਵਿਖੇ ਸਰਾਂ ਦੀ ਉਸਾਰੀ ਤੇ 24 ਘੰਟੇ ਲੰਗਰ ਦੀ ਸੇਵਾ ਨਿਰੰਤਰ ਚੱਲ ਰਹੀ ਹੈ। ਬਾਬਾ ਜੀ ਵੱਲੋਂ ਤਕਰੀਬਨ 30 ਸਰਕਾਰੀ ਸਕੂਲ (ਪੁਆਧ ਦੇ ਨਾਲ ਹੋਰ ਖੇਤਰਾਂ ਦੇ ਵੀ) ਜੋ ਬਹੁਤ ਹੀ ਖਸਤਾ ਹਾਲਤ ਵਿੱਚ ਸਨ, ਦੀਆਂ ਇਮਾਰਤਾਂ ਬਣਵਾਈਆਂ। ਇਸ ਸਦਕਾ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੱਲੋਂ ਸੰਤ ਬਾਬਾ ਲਾਭ ਸਿੰਘ ਜੀ ਨੂੰ 'ਮਾਨਵਤਾ ਦਾ ਮਸੀਹਾ' ਖਿਤਾਬ ਨਾਲ ਨਿਵਾਜਿਆ ਗਿਆ। ਬਾਬਾ ਜੀ ਦੇ ਪ੍ਰਬੰਧ ਹੇਠ 6 ਸਕੂਲ ਅਤੇ ਇੱਕ ਕਾਲਜ (ਸੰਤ ਬਾਬਾ ਸੇਵਾ ਸਿੰਘ ਜੀ ਖਾਲਸਾ ਮੈਮੋਰੀਅਲ ਕਾਲਜ, ਨੂਰਪੁਰ ਬੇਦੀ) ਸਫ਼ਲਤਾ ਪੂਰਵਕ ਚਲ ਰਹੇ ਹਨ। ਇਨ੍ਹਾਂ ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਧਾਰਮਿਕ, ਸਮਾਜਿਕ ਤੇ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ।

ਸੰਤ ਬਾਬਾ ਲਾਭ ਸਿੰਘ ਜੀ ਨੇ ਸਤਲੁਜ ਦਰਿਆ ਤੇ ਸੁਆਂ ਨਦੀ ਦੇ ਵਿਚਕਾਰ ਟਾਪੂ-ਨੁਮਾ ਜ਼ਿੰਦਗੀ ਬਿਤਾ ਰਹੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਉਹ ਕਾਰਜ ਕੀਤੇ ਜੋ ਅਸਲ ਵਿੱਚ ਸਰਕਾਰ ਦੇ ਕਾਰਜ ਖੇਤਰ ਵਿੱਚ ਹਨ। ਉਨ੍ਹਾਂ ਨੇ ਸੰਗਤ ਦੇ

ਸਹਿਯੋਗ ਨਾਲ ਸਤਲੁਜ ਦਰਿਆ ਪੁੱਲ ਦੀ ਸੇਵਾ ਤੇ ਗੁਰੂ ਹਰਿਰਾਏ ਸਾਹਿਬ ਮਾਰਗ, ਪਿੰਡ ਚੰਦਪੁਰ ਬੇਲਾ, ਸਤਲੁਜ ਦਰਿਆ ਬੇਲਾ ਰਾਮਗੜ੍ਹ ਪੁੱਲ, ਜ਼ਿੰਦਵੜੀ ਪੁੱਲ, ਭਲਾਣ ਪੁੱਲ, ਪਿੰਡ ਬੁਰਜ ਵਿਖੇ 800 ਮੀਟਰ ਲੰਬਾ ਪੁੱਲ, ਘੱਗਰ ਦਰਿਆ, ਬਟੇਰ ਮੰਡੀ ਪੁੱਲ ਦੀ ਸੇਵਾ ਕੀਤੀ।

ਸੰਤ ਬਾਬਾ ਲਾਭ ਸਿੰਘ ਜੀ ਜਾਤ-ਪਾਤ, ਰੰਗ, ਨਸਲ ਤੇ ਧਰਮ ਤੋਂ ਉਪਰ ਉੱਠ ਕੇ ਲੋਕਾਈ ਦੀ ਸੇਵਾ ਕਰ ਰਹੇ ਹਨ। ਸਾਲ ਵਿੱਚ ਦੋ ਵਾਰੀ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦਾ ਵਿਆਹ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਿਖੇ ਕਰਵਾਇਆ ਜਾਂਦਾ ਹੈ। ਹਰ ਸਾਲ ਅੱਖਾਂ ਦੇ ਮੁਫ਼ਤ ਮੈਡੀਕਲ ਕੈਂਪ, ਕੁਦਰਤੀ ਆਫ਼ਤਾਂ ਸਮੇਂ ਸੇਵਾ, ਗੁਰਦੁਆਰਾ ਸਾਹਿਬ ਵਿਖੇ ਯਾਤਰੀਆਂ ਲਈ ਫ਼ਰੀ 400 ਰਿਹਾਇਸ਼ੀ ਕਮਰੇ ਤੇ 24 ਘੰਟੇ ਲੰਗਰ ਦੀ ਸੇਵਾ ਆਦਿ ਲੋਕ-ਭਲਾਈ ਦੇ ਕਾਰਜ ਜਾਰੀ ਹਨ। ਸੰਗਤਾਂ ਨੂੰ ਨਾਮ ਸਿਮਰਨ ਕਰਵਾਉਣਾ ਤੇ ਗੁਰੂ ਘਰ ਨਾਲ ਜੋੜਨਾ ਬਾਬਾ ਜੀ ਦੀ ਖਾਸ ਵਿਸ਼ੇਸ਼ਤਾ ਹੈ। ਬਾਬਾ ਜੀ ਆਪ ਵੀ ਸਵੇਰੇ 3 ਵਜੇ ਉੱਠ ਕੇ ਨਾਮ-ਸਿਮਰਨ ਕਰਦੇ ਤੇ ਕੀਰਤਨ ਸੁਣਦੇ ਹਨ।

ਇਲਾਕੇ ਵਿੱਚ ਖੇਡਾਂ ਹੋਣ ਜਾਂ ਹੋਰ ਕੋਈ ਧਾਰਮਿਕ ਸਮਾਜਿਕ ਸਮਾਗਮ ਹੋਵੇ ਬਾਬਾ ਜੀ ਸੱਦੇ 'ਤੇ ਉਚੇਚੇ ਤੌਰ 'ਤੇ ਪਹੁੰਚਦੇ ਹਨ। ਜਿਸ ਕਿਸੇ ਪਿੰਡ ਵੱਲੋਂ ਬਾਬਾ ਜੀ ਨੂੰ ਗੁਰਦੁਆਰੇ, ਮੰਦਰ, ਮਸੀਤ, ਸ਼ਮਸ਼ਾਨ ਘਾਟ ਜਾਂ ਹੋਰ ਕੋਈ ਵੀ ਕਾਰਜ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਬਾਬਾ ਜੀ ਆਪ ਸੰਗਤ ਦੇ ਸਹਿਯੋਗ ਨਾਲ ਕਾਰਜ ਦੀ ਉਸਾਰੀ ਕਰਵਾਉਂਦੇ ਹਨ। ਸੰਤ ਬਾਬਾ ਲਾਭ ਸਿੰਘ ਜੀ ਨੂੰ ਉਨ੍ਹਾਂ ਦੇ ਧਾਰਮਿਕ, ਸਮਾਜਿਕ ਤੇ ਲੋਕ ਸੇਵੀ ਕਾਰਜਾਂ ਸਦਕਾ ਪ੍ਰੈਸ ਕਲੱਬ ਅਨੰਦਪੁਰ ਸਾਹਿਬ ਵੱਲੋਂ 2016-2017 ਦਾ ਪਹਿਲਾ ਸਲਾਨਾ ਐਵਾਰਡ 'ਮਾਣ ਸ੍ਰੀ ਅਨੰਦਪੁਰ ਸਾਹਿਬ' ਨਾਲ ਸਨਮਾਨਿਤ ਕੀਤਾ ਗਿਆ ਹੈ।

ਪੁਆਧ ਖਿੱਤੇ ਦੇ ਸੇਵਾ ਦੇ ਪੁੰਜ, ਸ਼ਾਂਤੀ ਦੇ ਮੁੱਦਈ, ਗਰੀਬਾਂ ਦੇ ਮਸੀਹਾ ਇਹ ਵਿਲੱਖਣ ਸਖ਼ਸ਼ੀਅਤ ਮਾਨਵਤਾ ਲਈ ਚਾਨਣ ਮੁਨਾਰਾ ਤੇ ਪ੍ਰੇਰਣਾ ਦੇ ਸਰੋਤ ਬਣੇ ਰਹਿਣ।

# ਅਧਿਆਇ ਨੌਵਾਂ

# ਪੁਆਧ-ਖੇਤਰ ਨਾਲ ਸੰਵਾਦ ਰਚਾਉਂਦੀਆਂ ਕੁਝ ਕੁ ਇਤਿਹਾਸਕ ਥਾਵਾਂ

1. ਰੋਪੜੀ ਜਿੰਦੇ – ਕਾਰੀਗਰੀ ਦਾ ਕਮਾਲ
2. ਅੰਬਾਲੇ ਜਿਲ੍ਹੇ ਦੇ ਕੰਧ ਚਿੱਤਰ
3. ਯਾਦਗਾਰ ਭਾਈ ਕੂਰਮ ਜੀ ਲੰਬਿਆਂ ਵਾਲੇ
4. ਜੰਗ ਮਰਦਾਨਪੁਰ
5. ਗੁਰੂ ਦਰਬਾਰ ਸਾਹਿਬ ਲਖਨੌਰ
6. ਗੁਰਦੁਆਰਾ ਨਾਡਾ ਸਾਹਿਬ
7. ਮਨਸਾ ਦੇਵੀ ਦੇ ਮੰਦਰਾਂ ਦਾ ਇਤਿਹਾਸ
8. ਸੁਖਨਾ ਝੀਲ ਦੇ ਪੁਰਾਤਨ ਪਿੱਪਲ ਦੀ ਆਤਮ ਕਥਾ

# 50 ਰੋਪੜੀ ਜਿੰਦੇ - ਕਾਰੀਗਰੀ ਦਾ ਕਮਾਲ

*ਸਵਰਨ ਸਿੰਘ ਭੰਗੂ*

ਸਾਡੇ ਪਿਓ, ਬਾਬੇ ਅਤੇ ਦਾਦੇ ਦੇ ਹਾਣ ਦਾ ਕੋਈ ਸਮਾਂ ਸੀ ਜਦੋਂ ਦਸਤਕਾਰੀ ਦੀ ਵਡਿਆਈ ਸੀ, ਉਦੋਂ ਰੋਪੜ ਦੇ ਹੱਥੀਂ ਬਣਾਏ ਜਿੰਦਿਆਂ ਦੀ ਦੂਰ-ਦਰਾਜ ਤੱਕ ਪ੍ਰਸਿੱਧੀ ਸੀ। ਅੱਜ ਸਮਾਂ ਬਦਲ ਚੁੱਕਾ ਹੈ। ਦਸਤਕਾਰੀ ਨੂੰ, ਮਸ਼ੀਨੀ-ਯੁੱਗ ਨਿਗਲ ਗਿਆ ਹੈ। ਇਸ ਮਸ਼ੀਨੀ-ਯੁੱਗ ਨੇ ਲਘੂ-ਉਦਯੋਗਾਂ ਵਿਚ ਬੁਣਕਰਾਂ ਦੇ ਬੁਣੇ ਨਾਲ੍ਹਿਆਂ, ਖੇਸੀਆਂ, ਦਰੀਆਂ ਵਾਂਗ, ਕਿਸੇ ਵੇਲੇ ਇਤਿਹਾਸ ਦਾ ਮਾਣ ਰਹੇ ਜਿੰਦੇ ਬਣਾਉਣ ਦੇ ਇਸ ਲਘੂ-ਉਦਯੋਗ ਨੂੰ ਵੀ ਚਿੱਥ ਦਿੱਤਾ ਹੈ। ਜੇ ਕੁਝ ਨਾ-ਮਾਤਰ ਬਚਿਆ ਹੈ ਉਸ ਵਿਚੋਂ ਸਮੁੱਚਤਾ ਦੇ ਦੀਦਾਰ ਨਹੀਂ ਹੁੰਦੇ। ਕਬੱਡੀ-ਜਗਤ ਵਿਚ ਜਦੋਂ ਕੋਈ ਜਾਫੀ, ਰੇਡਰ ਨੂੰ ਆਪਣੀ ਮਜ਼ਬੂਤ ਪਕੜ ਵਿਚ ਲੈਂਦਾ ਹੈ, ਜਦੋਂ ਕੁਮੈਂਟੇਟਰ ਸਮੇਤ ਦਰਸ਼ਕ ਇਸ ਮਜ਼ਬੂਤ ਪਕੜ ਨੂੰ 'ਲੱਗ ਗਿਆ ਬਈ ਹੁਣ ਰੋਪੜੀਆ ਜਿੰਦਾ' ਦੀ ਸੰਗਿਆ ਦਿੰਦੇ ਹਨ ਤਾਂ ਹਰੇਕ ਮਨ ਵਿਚ ਸਹਿਜ-ਸੁਭਾ ਹੀ ਰੋਪੜ ਦੇ ਜਿੰਦਿਆਂ ਦੀ ਪ੍ਰਸਿੱਧੀ ਰੂਪਮਾਨ ਹੋ ਜਾਂਦੀ ਹੈ।

ਅੱਜ ਤੋਂ ਸਦੀ ਜਾਂ ਸਦੀ ਤੋਂ ਵੀ ਪਹਿਲਾਂ ਜਦੋਂ ਮਨੁੱਖੀ ਫਿਰਕੇ ਬਗਲਗੀਰ ਹੋਇਆ ਕਰਦੇ ਸਨ, ਜਦੋਂ ਰਿਸ਼ਤਿਆਂ ਵਿਚ ਭਾਰਤ-ਪਾਕਿ ਵੰਡ ਦੀ ਕਾਂਜੀ ਨਹੀਂ ਸੀ ਘੁਲੀ, ਉਦੋਂ ਹਥੌੜੀਆਂ, ਛੈਣੀਆਂ ਲੋਹੇ ਦੀਆਂ ਚਾਦਰਾਂ ਦੇ ਟੁਕੜੇ, ਪਤਲੇ ਸਰੀਏ, ਨਿੱਕੇ ਨਿੱਕੇ ਟਰੰਕ ਤੇ ਅਹਿਰਣ, ਰਿਬਟ, ਸੁੰਬੇ, ਧੌਕਣੀ-ਭੱਠੀਆਂ ਆਦਿ ਜਦੋਂ ਕਾਰੀਗਰਾਂ ਦੇ ਜਾਦੂਈ ਹੁੱਨਰ ਵਾਲੇ ਹੱਥਾਂ ਨਾਲ ਇੱਕ-ਮਿੱਕ ਹੁੰਦੇ ਸਨ ਤਾਂ ਰੋਪੜ ਦੇ ਸੈਂਕੜੇ ਤਰ੍ਹਾਂ ਵਿਚ, ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਠੱਕ-ਠੱਕ ਅਤੇ ਛਣ-ਛਣ ਦਾ ਸੰਗੀਤ ਉਪਜਦਾ ਸੀ, ਜਦੋਂ ਹਰ ਸ਼ਾਮ ਨੂੰ ਕਾਰੀਗਰ ਲੋਹੇ ਨੂੰ ਸਿਫਤ ਵਿਚ ਢਾਲ ਕੇ ਆਪਣੀ ਕਿਰਤ ਨਿਹਾਰਦੇ ਸਨ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਫਿਰ ਮੁੰਡੂ ਅਤੇ ਅੱਬਾ-ਜਾਨ, ਮੋਢਿਆਂ 'ਤੇ ਜਿੰਦਿਆਂ ਦੀਆਂ ਜੰਜੀਰਾਂ ਬਣਾ ਕੇ ਦੂਰ-ਦਰਾਜ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ 'ਲੈ ਲਓ ਰੋਪੜੀਏ ਜਿੰਦੇ', ਦੇ ਹੋਕਰੇ ਲਾਉਂਦੇ ਹੋਣਗੇ। ਇਸ ਤਰ੍ਹਾਂ ਜਿੰਦਿਆਂ ਦੀ ਵਿਕਰੀ ਉਸ ਸਮੇਂ ਦੇ ਰੋਪੜ ਦੇ 70, 80 ਫੀਸਦੀ ਪਰਿਵਾਰਾਂ ਦੀ ਰੋਜ਼ੀ/ਰੋਟੀ ਬਣਦੀ ਹੋਵੇਗੀ ਅਤੇ ਮੋੜਵੇਂ ਰੂਪ ਵਿਚ ਇਸ ਲਘੂ ਕਿੱਤੇ ਨੂੰ ਉਤਸ਼ਾਹਤ ਕਰਦੀ ਹੋਵੇਗੀ।

1880 ਵਿਆਂ ਦੌਰਾਨ ਜਦੋਂ ਰੋਪੜ ਤੋਂ ਨਿਕਲਣ ਵਾਲੀ ਸਰਹਿੰਦ ਨਹਿਰ ਬਣਨੀ ਸ਼ੁਰੂ ਹੋਈ ਸੀ ਤਾਂ ਉਸ ਦਾ ਬਾਬਾ ਵਜੀਰੀ ਰਾਮ ਸਵੇਰੇ 6 ਤੋਂ 2 ਵਜੇ ਤੱਕ ਨਹਿਰ 'ਤੇ ਕੰਮ ਕਰਦਾ ਸੀ ਅਤੇ ਬਾਅਦ 'ਚ ਜਿੰਦੇ ਬਣਾਉਣ ਦਾ ਕੰਮ ਕਰਦਾ ਸੀ। ਫਿਰ ਉਸ ਦੇ ਪਿਤਾ ਭਗਤ ਰਾਮ ਅਤੇ ਉਸ ਨੇ ਆਪਣਾ ਇਹ ਪਿਤਾ-ਪੁਰਖੀ ਕਿੱਤਾ ਅਪਣਾਇਆ। ਉਸ

ਅਨੁਸਾਰ ਹਰ ਕਾਰੀਗਰ ਦਿਨ ਵਿਚ ਇਕ ਜਿੰਦਾ ਬਣਾ ਲੈਂਦਾ ਸੀ। ਇਹ ਜਿੰਦਾ 2 ਤੋਂ 5 ਰੁਪਏ ਤੱਕ ਵਿਕ ਜਾਂਦਾ ਸੀ ਜਿਸ ਨਾਲ ਘਰ ਦਾ ਵਧੀਆ ਗੁਜ਼ਾਰਾ ਚੱਲਦਾ ਸੀ। ਜਦੋਂ ਉਸ ਨੂੰ ਇਹ ਸਵਾਲ ਕੀਤਾ ਕਿ ਇਨ੍ਹਾਂ ਰੋਪੜੀਏ ਜਿੰਦਿਆਂ ਦੀ ਸਿਫਤ ਕੀ ਸੀ ਤਾਂ ਉਸ ਨੇ ਵੱਡੇ ਆਕਾਰ ਦੇ ਇਕ ਗੋਲ ਜਿੰਦੇ ਨੂੰ ਵਿਖਾਉਂਦਿਆਂ ਦੱਸਿਆ ਕਿ ਇਸ ਦੀ ਅੰਦਰਲੀ ਕਲ੍ਹ (ਲੀਵਰ), ਅੰਦਰ ਗਈ, ਬਾਹਰਲੀ ਹੁੱਕ ਦੇ ਆਰ-ਪਾਰ ਹੋ ਜਾਂਦੀ ਸੀ ਜਿਸ ਕਾਰਨ ਇਸ ਜਿੰਦੇ ਨੂੰ ਚਾਬੀ ਤੋਂ ਬਿਨਾਂ ਖੋਲ੍ਹਿਆ ਹੀ ਨਹੀਂ ਸੀ ਜਾ ਸਕਦਾ, ਚਾਬੀ ਖੋ ਜਾਣ ਦੀ ਸੂਰਤ ਵਿਚ ਇਸ ਨੂੰ ਤੋੜਨਾ ਜਾਂ ਇਸ ਦੀ ਹੁੱਕ ਕੱਟਣੀ ਪੈਂਦੀ ਸੀ ਜਦੋਂ ਕਿ ਅੱਜਕੱਲ੍ਹ ਦੇ ਮਸ਼ੀਨੀ ਜਿੰਦਿਆਂ ਵਿਚ, ਅੱਧਾ ਲੀਵਰ ਹੀ ਹੁੱਕ ਵਿੱਚ ਫਸਦਾ ਹੈ। ਰੋਪੜੀਏ ਜਿੰਦਿਆਂ ਦੀ ਸਿਫ਼ਤ ਵੱਜੋਂ ਉਸ ਨੇ ਦੱਸਿਆ ਕਿ ਉਸ ਸਮੇਂ ਚੋਰ ਵੀ ਦਰਵਾਜ਼ੇ 'ਤੇ ਰੋਪੜੀਆ ਜਿੰਦਾ ਲੱਗਾ ਵੇਖ ਕੇ ਵਾਪਸ ਹੋ ਜਾਂਦੇ ਸਨ। ਉਸ ਅਨੁਸਾਰ ਅੱਜਕੱਲ੍ਹ ਮਾਰਕੀਟ ਵਿਚ ਮਸ਼ੀਨੀ ਜਿੰਦਿਆਂ ਦੇ ਅੰਬਾਰ ਲੱਗੇ ਹਨ ਜਿਨ੍ਹਾਂ ਦੇ ਪਿੱਛੇ ਛੋਟੇ/ਵੱਡੇ ਉਦਯੋਗ ਹਨ। ਸੋਹਣੀ ਦਿੱਖ ਵਾਲੇ ਆਕਰਸ਼ਕ ਜਿੰਦੇ ਮਿਲਦੇ ਹਨ ਪਰ ਨਾਲ ਹੀ ਉਨ੍ਹਾਂ ਵਿਅੰਗ ਵਿੱਚ ਇਹ ਵੀ ਕਿਹਾ ਕਿ ਮਾਰਕੀਟ ਵਿਚ ਕੁਝ ਅਜਿਹੇ ਜਿੰਦੇ ਵੀ ਵਿਕਦੇ ਹਨ ਜਿਹੜੇ ਚਾਬੀ ਖੋ ਜਾਣ ਦੀ ਸੂਰਤ ਵਿੱਚ ਝਿੜਕ ਦਿੱਤਿਆਂ ਖੁੱਲ੍ਹ ਜਾਂਦੇ ਹਨ।

ਬਿਨ੍ਹਾਂ ਸ਼ੱਕ ਰੋਪੜ ਦੇ ਲਘੂ ਜਿੰਦਾ ਉਦਯੋਗ ਦੀ ਹਰ ਇਕਾਈ ਦਾ ਇਤਿਹਾਸ ਵੀ ਫਤਿਹ ਚੰਦ ਦੇ ਪੂਰਵਜਾਂ ਵਰਗਾ ਹੀ ਹੋਵੇਗਾ। ਫਤਿਹ ਚੰਦ ਦੇ ਪਰਿਵਾਰ ਵਿਚ ਉਸ ਦਾ ਇੱਕ ਬੇਟਾ ਮਨੋਜ ਕੁਮਾਰ ਹੀ ਅੱਜਕੱਲ੍ਹ ਇਹ ਪਿਤਾ-ਪੁਰਖੀ ਕੰਮ ਕਰਦਾ ਹੈ ਪਰ ਹੁਣ ਇਹ ਕੰਮ ਸਕੂਟਰਾਂ/ਮੋਟਰ ਸਾਈਕਲਾਂ/ਅਲਮਾਰੀਆਂ ਆਦਿ ਦੇ ਜਿੰਦਿਆਂ ਦੀਆਂ ਖਰਾਬ ਹੋਈਆਂ ਜਾਂ ਗੁੰਮੀਆਂ ਚਾਬੀਆਂ ਨੂੰ, ਨਵੀਆਂ ਚਾਬੀਆਂ ਲਗਾਉਣ ਵਿਚ ਤਬਦੀਲ ਹੋ ਕੇ ਰਹਿ ਗਿਆ ਹੈ।

ਰੋਪੜ ਵਿਖੇ ਜਿੰਦੇ ਬਣਾਉਣ ਦੀਆਂ 70 ਤੋਂ 80 ਫੀਸਦੀ ਲਘੂ ਇਕਾਈਆਂ ਮੁਸਲਮ ਪਰਿਵਾਰਾਂ ਦੀਆਂ ਸਨ ਜਿਹੜੀਆਂ 1947 ਦੀ ਅਣਮਨੁੱਖੀ ਭਾਰਤ-ਪਾਕਿ ਵੰਡ ਦਾ ਖਾਜਾ ਬਣ ਗਈਆਂ। ਉਪਰੰਤ ਹੋਏ ਸਨਅਤੀਕਰਨ ਕਾਰਨ ਅਤੇ ਦੁਨੀਆਂ ਦੇ ਇਕ ਪਿੰਡ ਵਿਚ ਤਬਦੀਲ ਹੋਣ ਨਾਲ, ਮਾਰਕੀਟ ਵਿਚ ਭਾਰਤੀ ਹੀ ਨਹੀਂ ਸਗੋਂ ਵਿਦੇਸ਼ੀ ਜਿੰਦੇ ਵੀ ਪਹੁੰਚ ਗਏ। ਅਜਿਹਾ ਹੋਣ ਨਾਲ ਰੋਪੜ ਦੀਆਂ ਜਿੰਦੇ ਬਣਾਉਣ ਵਾਲੀਆਂ ਰਹਿੰਦੀਆਂ ਇਕਾਈਆਂ ਵੀ ਅਲੋਪ ਹੋ ਗਈਆਂ ਅਤੇ ਕਾਰੀਗਰਾਂ ਨੇ ਬਦਲਵੇਂ ਕਿੱਤੇ ਅਪਣਾ ਲਏ।

# 51 ਅੰਬਾਲਾ ਜ਼ਿਲ੍ਹੇ ਦੇ ਕੰਧ-ਚਿੱਤਰ

*ਡਾ. ਕੰਵਰਜੀਤ ਸਿੰਘ ਕੰਗ*
*ਮੋ. 9872833604*

ਕਦੇ ਅੰਬਾਲਾ ਜ਼ਿਲ੍ਹਾ ਇਸ ਦੀ ਅੱਜ ਦੀ ਰੂਪ-ਰੇਖਾ ਅਤੇ ਹਦਬੰਦੀ ਨਾਲੋਂ ਲਗਪਗ ਚਾਰ ਗੁਣਾ ਵੱਡਾ ਸੀ। ਇਸ ਦੀਆਂ ਛੇ ਤਹਿਸੀਲਾਂ ਸਨ ਅੰਬਾਲਾ, ਜਗਾਧਰੀ, ਖਰੜ, ਨਰਾਇਣਗੜ੍ਹ ਅਤੇ ਪਿੱਪਲੀ। ਇਸ ਵੱਡੇ ਘੇਰੇ ਵਿੱਚ ਇਸ ਦੀਆਂ ਅਨੇਕਾਂ ਇਮਾਰਤਾਂ ਨੂੰ 19ਵੀਂ ਸਦੀ ਵਿੱਚ ਕੰਧ-ਚਿੱਤਰਾਂ ਨਾਲ ਸੁਚਿੱਤਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਕਈ ਇਮਾਰਤਾਂ ਢਹਿ ਢੇਰੀ ਹੋ ਚੁੱਕੀਆਂ ਹਨ ਅਤੇ ਕਈਆਂ ਦੇ ਕੰਧ-ਚਿੱਤਰ ਨਸ਼ਟ ਹੋ ਚੁੱਕੇ ਹਨ। ਇਨ੍ਹਾਂ ਦੀ ਸਾਂਭ-ਸੰਭਾਲ ਦਾ ਕੋਈ ਉਪਰਾਲਾ ਨਾ ਹੋਣ ਕਾਰਨ ਬਚੇ ਹੋਏ ਕੰਧ-ਚਿੱਤਰ ਵੀ ਹੌਲੀ ਹੌਲੀ ਨਸ਼ਟ ਹੋ ਰਹੇ ਹਨ।

ਜ਼ਿਲ੍ਹਾ ਅੰਬਾਲਾ ਵਿੱਚ ਧਾਰਮਿਕ ਭਵਨਾਂ ਜਿਨ੍ਹਾਂ ਨੂੰ ਕੰਧ-ਚਿੱਤਰਾਂ ਨਾਲ ਸਚਿੱਤਰ ਕੀਤਾ ਗਿਆ ਸੀ, ਵਿਚੋਂ ਪ੍ਰਮੁੱਖ ਚੰਡੀਗੜ੍ਹ ਨੇੜੇ ਮਨਸਾ ਦੇਵੀ ਮੰਦਰ, ਯਮੁਨਾਨਗਰ ਵਿਖੇ ਰਾਜੇਵਾਲ ਮੰਦਰ, ਜਗਾਧਰੀ ਵਿਖੇ ਸ੍ਰੀ ਗੌਰੀ ਸ਼ਕਰ ਮੰਦਰ, ਅੰਬਾਲਾ ਵਿੱਚ ਜੈਨ ਸ਼ਿਵਤਾਂਬਰ ਅਤੇ ਮਾਈ ਅੰਬੇ ਦੇ ਮੰਦਰ, ਕੁਰੂਕਸ਼ੇਤਰ ਵਿੱਚ ਭੱਦਰਕਾਲੀ ਦਾ ਮੰਦਰ, ਸਢੌਰਾ ਵਿਖੇ ਦਿਗੰਬਰ ਜੈਨ ਮੰਦਰ, ਪਿਹੋਵਾ ਵਿਖੇ ਬਾਬਾ ਸਰਵਣ ਨਾਥ ਦੇ ਡੇਰੇ ਵਿੱਚ ਸ਼ਿਵ ਜੀ ਦਾ ਚਤਰ-ਮੁੱਖ ਮਹਾਦੇਵ ਮੰਦਰ ਅਤੇ ਲਾਡਵਾ ਨੇੜੇ ਬਨੀ ਬਦਨਪੁਰ ਵਿਖੇ ਗੁਰੂ ਤੇਗ ਬਹਾਦਰ ਨਾਲ ਸਬੰਧਤ ਗੁਰਦੁਆਰਾ ਸਨ। ਇਨ੍ਹਾਂ ਵਿਚੋਂ ਕਈਆਂ ਦੀਆਂ ਕੰਧਾਂ ਉੱਤੇ ਚਿੱਤਰ ਸਮੇਂ ਦੇ ਮਾਰੂ ਪ੍ਰਭਾਵ ਤੋਂ ਕੁਝ ਹੱਦ ਤਕ ਬਚੇ ਹੋਏ ਸਨ ਪਰ ਬਹੁਤਿਆਂ ਵਿੱਚ ਇਹ ਲੋਪ ਹੋ ਚੁੱਕੇ ਹਨ।

ਨਵਰਾਤਿਆਂ ਵਿੱਚ ਲਗਦੇ ਭਾਰੀ ਮੇਲੇ ਕਾਰਨ ਚੰਡੀਗੜ੍ਹ ਨੇੜੇ ਸਥਿਤ ਮਨਸਾ ਦੇਵੀ ਮੰਦਰ ਸਾਰੇ ਪੁਆਧ ਵਿੱਚ ਪ੍ਰਸਿੱਧ ਹੈ। ਇਕ ਛੋਟੀ ਪਹਾੜੀ ਉੱਤੇ ਇਸ ਮੰਦਰ ਤਕ ਪੌੜੀਆਂ ਰਾਹੀਂ ਪਹੁੰਚਾਇਆ ਜਾਂਦਾ ਹੈ। ਪੌੜੀਆਂ ਚੜ੍ਹਨ ਉਪਰੰਤ ਮੰਦਰ ਦਾ ਸਿੰਘ ਦੁਆਰ ਆਉਂਦਾ ਹੈ ਜਿਸ ਉੱਤੇ ਵਿਭਿੰਨ ਰੰਗਾਂ ਨਾਲ ਅੰਕਤ ਬੇਲ ਬੂਟਿਆਂ ਵਿਚਕਾਰ ਇਕ ਲਿਖਤ ਅੰਕਤ ਹੈ ਜਿਸ ਅਨੁਸਾਰ ਇਸ ਦੀ ਉਸਾਰੀ ਮਨੀਮਾਜਰਾ ਦੇ ਰਾਜਾ ਗੋਪਾਲ ਸਿੰਘ ਨੇ ਬਿਕਰਮੀ ਸੰਮਤ 1868 (1811 ਈ.) ਵਿੱਚ ਆਰੰਭ ਕਰਵਾਈ ਸੀ ਅਤੇ ਬਿਕਰਮੀ ਸੰਮਤ 1872 (1815 ਈ.) ਵਿੱਚ ਸੰਪੂਰਨ ਹੋਈ ਸੀ। ਮੰਦਰ ਦੇ ਸਿੰਘ ਦੁਆਰ ਤੋਂ ਲੈ ਕੇ ਅੰਦਰ ਦੀਆਂ ਸਾਰੀਆਂ ਕੰਧਾਂ ਉੱਤੇ ਹਰ ਥਾਂ ਚਿੱਤਰ ਅੰਕਤ ਕੀਤੇ ਗਏ ਸਨ ਪਰ ਹੁਣ ਇਹ ਕੇਵਲ ਗਰਭ-ਗ੍ਰਹਿ ਅਤੇ ਇਸ ਦੇ ਬਾਹਰਲੇ ਵਰਾਂਡੇ ਦੀਆਂ ਕੰਧਾਂ ਉੱਤੇ ਅਰਧ-ਸੁਰੱਖਿਅਤ ਹਾਲਤ ਵਿੱਚ ਬਚੇ ਹੋਏ ਹਨ। ਬਾਕੀ ਦੇ ਕੰਧ-ਚਿੱਤਰ ਕਈਆਂ ਵਰ੍ਹਿਆਂ ਤੋਂ ਲਗਪਗ ਹਰ ਸਾਲ ਹੋਣ ਵਾਲੀ ਸਫੇਦੀ ਦੀਆਂ ਪਰਤਾਂ ਹੇਠ ਦੱਬੇ ਗਏ ਅਤੇ ਜੋ ਨਜ਼ਰ ਆਉਂਦੇ ਹਨ ਉਨ੍ਹਾਂ ਦੇ ਜਲਦੀ ਲੋਪ ਹੋ ਜਾਣ ਦੀ ਸੰਭਾਵਨਾ ਬਣੀ ਹੋਈ ਹੈ। ਇਥੇ ਦੇ ਸਾਰੇ ਕੰਧ-ਚਿੱਤਰ ਹਿੰਦੂ ਦੇਵੀ ਦੇਵਤਿਆਂ ਨਾਲ ਸਬੰਧਤ ਹਨ ਜਿਨ੍ਹਾਂ ਵਿੱਚੋਂ

ਪ੍ਰਮੁੱਖ ਦੁਰਗਾ ਦੇਵੀ ਦੇ ਵਿਭਿੰਨ ਅਵਤਾਰ ਸਰੂਪਾਂ ਨੂੰ ਅੰਕਤ ਕਰਦੇ ਸਨ ਅਤੇ ਅਜਿਹੇ ਕੁਝ ਕੰਧ-ਚਿੱਤਰ ਹਾਲੀ ਵੀ ਸੁਰੱਖਿਅਤ ਹਨ। ਇਕ ਕੰਧ-ਚਿੱਤਰ ਵਿੱਚ ਮਨੀਮਾਜਰਾ ਦੇ ਰਾਜਾ ਗੋਪਾਲ ਸਿੰਘ ਨੂੰ ਦੇਵੀ ਦੇ ਮਹਾਮਾਇਆ ਸਰੂਪ ਅੱਗੇ ਹੱਥ ਜੋੜ ਕੇ ਨਮਸਕਾਰ ਕਰਦੇ ਚਿਤਰਿਆ ਗਿਆ ਹੈ। 19 ਵੀਂ ਸਦੀ ਵਿੱਚ ਕੰਧ-ਚਿੱਤਰਾਂ ਨਾਲ ਸ਼ਿੰਗਾਰੀਆਂ ਗੈਰ-ਧਾਰਮਿਕ ਇਮਾਰਤਾਂ ਵਿੱਚੋਂ ਪ੍ਰਮੁੱਖ ਪਿਹੋਵਾ ਵਿਖੇ ਨਾਭੇ ਦੀ ਰਾਣੀ ਚੰਦ ਕੌਰ ਦੀ ਹਵੇਲੀ, ਛਛਰੌਲੀ ਵਿਖੇ ਕਿਲ੍ਹਾ ਮੁਬਾਰਕ ਅਤੇ ਦੀਵਾਨਖਾਨਾ, ਜਗਾਧਰੀ ਵਿਖੇ ਲਾਲਾ ਬਾਲਕ ਰਾਮ ਅਤੇ ਲਾਲਾ ਜਮੁਨਾ ਦਾਸ ਦੀਆਂ ਸਮਾਧਾਂ ਅਤੇ ਲਾਲਾ ਕ੍ਰਿਸ਼ਨ ਚੰਦ ਦੀ ਹਵੇਲੀ ਅਤੇ ਮਨੀਮਾਜਰਾ ਦਾ ਕਿਲ੍ਹਾ ਆਉਂਦੇ ਹਨ।

ਮਨੀਮਾਜਰੇ ਦਾ ਕਿਲ੍ਹਾ ਰਾਜਾ ਗੋਪਾਲ ਸਿੰਘ ਨੇ 18 ਵੀਂ ਸਦੀ ਦੇ ਅੰਤ ਨੇੜੇ ਉਸਾਰਿਆ ਸੀ। ਇਸ ਦੇ ਦੱਖਣ ਪਾਸੇ ਦੇ ਵਿਚਕਾਰਲੇ ਬੁਰਜ ਦੀਆਂ ਅੰਦਰਲੀਆਂ ਕੰਧਾਂ ਉੱਤੇ ਚਿੱਤਰ ਅੰਕਤ ਕੀਤੇ ਗਏ ਸਨ। 1917 ਵਿੱਚ ਜਦੋਂ ਲੇਖਕ ਨੇ ਇਨ੍ਹਾਂ ਕੰਧ-ਚਿੱਤਰਾਂ ਦੀਆਂ ਫੋਟੋਆਂ ਖਿੱਚੀਆਂ ਸਨ ਉਸ ਸਮੇਂ ਇੱਥੇ 9 ਕੰਧ-ਚਿੱਤਰ ਚੰਗੀ ਹਾਲਤ ਵਿੱਚ ਸੁਰੱਖਿਅਤ ਸਨ ਪਰ ਇਹ ਸਾਰੇ ਬੁਰਜ ਦੇ ਢਹਿ ਜਾਣ ਨਾਲ ਨਸ਼ਟ ਹੋ ਚੁੱਕੇ ਹਨ। ਇਨ੍ਹਾਂ ਅੰਦਰ ਚਾਰ ਕੰਧ-ਚਿੱਤਰ ਸ਼ਿਕਾਰ ਦੇ ਵਿਭਿੰਨ ਦ੍ਰਿਸ਼, ਇਕ ਕੰਧ-ਚਿੱਤਰ ਵਿੱਚ ਸ੍ਰੀ ਗਣੇਸ਼ ਪੂਜਾ, ਇਕ ਕੰਧ-ਚਿੱਤਰ ਵਿੱਚ ਫੌਜੀਆਂ ਦੀ ਬੈਂਡ-ਵਾਜੇ ਸਹਿਤ ਪਰੇਡ ਅਤੇ ਤਿੰਨ ਕੰਧ-ਚਿੱਤਰਾਂ ਵਿੱਚ ਕ੍ਰਮਵਾਰ ਰਾਗਨੀ ਸਾਰੰਗ, ਰਾਗਨੀ ਬਿਲਾਵਲ ਅਤੇ ਰਾਗਨੀ ਪੂਰਬੀ ਨੂੰ ਅੰਕਤ ਕੀਤਾ ਗਿਆ ਸੀ। 19ਵੀਂ ਸਦੀ ਦੇ ਕੰਧ-ਚਿੱਤਰਾਂ ਤੋਂ ਵੱਖਰੇ ਕਿਸਮ ਦੇ ਕੰਧ-ਚਿੱਤਰਾਂ ਦੀ ਰਚਨਾ ਵੀ ਕੀਤੀ ਜਾਂਦੀ ਸੀ ਅਤੇ ਹੁਣ ਵੀ ਕੀਤੀ ਜਾਂਦੀ ਹੈ ਜੋ ਲੋਕ-ਕਲਾ ਦੇ ਘੇਰੇ ਵਿੱਚ ਆਉਂਦੀ ਹੈ ਜਿਸ ਵਿੱਚ ਪ੍ਰਮੁੱਖ ਸਾਂਝੀ ਦੇਵੀ ਦੀ ਆਕ੍ਰਿਤੀ ਹੈ। ਅੱਸੂ ਮਹੀਨੇ ਦੀ ਮੱਸਿਆ ਤੋਂ ਸ਼ੁਰੂ ਹੋ ਕੇ ਇਹ ਤਿਉਹਾਰ ਨੌਂ ਦਿਨਾਂ ਤਕ ਚਲਦਾ ਹੈ। ਪਹਿਲੇ ਨਰਾਤੇ ਵਾਲੇ ਦਿਨ ਗਲੀ ਗੁਆਂਢ ਦੀਆਂ ਔਰਤਾਂ ਰਲ ਮਿਲ ਕੇ ਕੰਧ ਉੱਤੇ ਸਾਂਝੀ ਦੇਵੀ ਦੀ ਮੂਰਤੀ ਬਣਾਉਂਦੀਆਂ ਹਨ। ਮਿੱਟੀ ਦੀਆਂ ਬਹੁਤ ਸਾਰੀਆਂ ਟਿੱਕੀਆਂ ਬਣਾ ਕੇ ਸੁਕਾ ਲਈਆਂ ਜਾਂਦੀਆਂ ਹਨ ਅਤੇ ਫਿਰ ਇਨ੍ਹਾਂ ਨੂੰ ਕੰਧ ਉੱਤੇ ਜੜ ਕੇ ਸਾਂਝੀ ਦੇਵੀ ਦੀ ਆਕ੍ਰਿਤੀ ਦਾ ਸੰਯੋਜਨ ਕੀਤਾ ਜਾਂਦਾ ਹੈ। ਮਿੱਟੀ ਨਾਲ ਹੀ ਸੂਰਜ, ਚੰਦ, ਚਿੜੀ-ਤੋਤੇ, ਫੁੱਲ-ਬੂਟੇ ਆਦਿ ਬਣਾ ਲਏ ਜਾਂਦੇ ਹਨ ਜੋ ਸਾਂਝੀ ਦੇਵੀ ਦੀ ਆਕ੍ਰਿਤੀ ਨਾਲ ਉਚਿਤ ਥਾਵਾਂ 'ਤੇ ਚਿਪਕਾ ਦਿੱਤੇ ਜਾਂਦੇ ਹਨ। ਫਿਰ ਸਮੁੱਚੀ ਆਕ੍ਰਿਤੀ ਨੂੰ ਇਕ ਰੰਗ ਜਾਂ ਕਈਆਂ ਰੰਗਾਂ ਨਾਲ ਰੰਗਿਆ ਜਾਂਦਾ ਹੈ। ਇਸ ਆਕ੍ਰਿਤੀ ਨੂੰ ਚੂੜੀਆਂ, ਟਿੱਕਾ, ਨੱਥ, ਝੁਮਕੇ ਆਦਿ ਨਕਲੀ ਗਹਿਣਿਆਂ ਨਾਲ ਵੀ ਸਜਾਇਆ ਜਾਂਦਾ ਹੈ। ਹਰ ਘਰ ਵਿੱਚ ਸਾਂਝੀ ਦੇਵੀ ਦਾ ਕਲਾਤਮਕ ਰੂਪ ਭਿੰਨ ਹੁੰਦਾ ਹੈ ਅਤੇ ਇਸ ਦਾ ਇਲਾਕਾਈ ਨਿਵੇਕਲਾਪਣ ਉਸ ਖੇਤਰ ਦੇ ਰਹਿਣ-ਸਹਿਣ ਤੋਂ ਪ੍ਰਭਾਵਤ ਹੁੰਦਾ ਹੈ। ਨਰਾਤਿਆਂ ਦੇ ਨੌਂ ਦਿਨਾਂ ਤਕ ਸ਼ਾਮਾਂ ਵੇਲੇ ਘਰ ਦੀਆਂ ਸੁਆਣੀਆਂ ਸਾਂਝੀ ਦੇਵੀ ਦੀ ਆਰਤੀ ਉਤਾਰਦੀਆਂ ਹਨ ਅਤੇ ਗੁਲਗਲਿਆਂ ਦਾ ਪ੍ਰਸ਼ਾਦ ਵੰਡਦੀਆਂ ਹਨ। ਦੁਸਹਿਰੇ ਵਾਲੇ ਦਿਨ ਸਾਂਝੀ ਦੇਵੀ ਦੀ ਮੂਰਤੀ ਨੂੰ ਕੰਧ ਤੋਂ ਉਤਾਰ ਕੇ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ।

# 52 ਯਾਦਗਾਰ ਭਾਈ ਕੂਰਮ ਜੀ ਲੰਬਿਆਂ ਵਾਲੇ

*ਗੁਰਪ੍ਰੀਤ ਸਿੰਘ ਨਿਆਮੀਆਂ*
*ਮੋਬਾ: 9815544926*

ਭਾਈ ਕੂਰਮ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਹੁਤ ਹੀ ਪੱਕਾ ਸ਼ਰਧਾਲੂ ਸਿੱਖ ਸੀ। ਭਾਈ ਸਾਹਿਬ ਦਾ ਪਿੰਡ ਲੰਬਿਆਂ ਜੋ ਕਿ ਅੱਜ ਕੱਲ੍ਹ ਜ਼ਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿੱਚ ਪੈਂਦਾ ਹੈ। ਭਾਈ ਕੂਰਮ ਜੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਮੁੜ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ ਸਨ। ਸਾਰਾ ਦਿਨ ਭਜਨ ਬੰਦਗੀ ਕਰਨੀ। ਖੇਤੀਬਾੜੀ ਦਾ ਕੰਮ ਕਰਨਾ ਤੇ ਚਿੱਤ ਹਰ ਵੇਲੇ ਪ੍ਰਭੂ ਭਗਤੀ 'ਚ ਲੀਨ ਰਹਿੰਦਾ ਸੀ। ਇਤਿਹਾਸ ਦੱਸਦਾ ਹੈ ਕਿ ਭਾਈ ਕੂਰਮ ਜੀ ਇਕ ਵਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਸਾਹਿਬ ਵਿਖੇ ਗਏ। ਗੁਰੂ ਜੀ ਦਾ ਦਰਬਾਰ ਲੱਗਿਆ ਹੋਇਆ ਸੀ ਤੇ ਸਾਰੀਆਂ ਸੰਗਤਾਂ ਗੁਰੂ ਜੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰ ਰਹੀਆਂ ਸਨ। ਇੰਨੇ ਨੂੰ ਕਾਬਲ ਤੋਂ ਸੰਗਤ ਆਈ। ਇਹ ਸੰਗਤ ਆਪਣੇ ਨਾਲ ਬਹੁਤ ਹੀ ਵਧੀਆ ਕਿਸਮ ਦੇ ਪੱਕੇ ਤੇ ਰਸੀਲੇ ਕਿਸਮ ਦੇ ਅੰਬ ਲੈ ਕੇ ਆਈ ਤੇ ਗੁਰੂ ਜੀ ਅੱਗੇ ਭੇਟ ਕੀਤੇ। ਗੁਰੂ ਜੀ ਨੇ ਇਹ ਅੰਬ ਸਾਰੀ ਸੰਗਤ ਵਿੱਚ ਪ੍ਰਸ਼ਾਦ ਵਜੋਂ ਵਰਤਾਉਣ ਦੀ ਆਗਿਆ ਕਰ ਦਿੱਤੀ। ਇਕ ਅੰਬ ਭਾਈ ਕੂਰਮ ਜੀ ਨੂੰ ਵੀ ਮਿਲਿਆ। ਭਾਈ ਸਾਹਿਬ ਨੇ ਅੰਬ ਲੈ ਤਾਂ ਲਿਆ ਪਰ ਛਕਿਆ ਨਾ, ਸਗੋਂ ਰਾਤ ਸਮੇਂ ਸਾਰੀ ਰਾਤ ਬੇਚੈਨੀ 'ਚ ਇਹ ਸੋਚਦਾ ਰਿਹਾ ਕਿ ਉਸ ਦੇ ਆਪਣੇ ਅੰਬਾਂ ਦੇ ਬਾਗ ਹਨ ਪਰ ਉਹ ਗੁਰੂ ਜੀ ਲਈ ਅੰਬ ਨਹੀਂ ਲਿਆ ਸਕਿਆ। ਸਾਰੀ ਰਾਤ ਇਸੇ ਤਰ੍ਹਾਂ ਲੰਘੀ। ਅਗਲੇ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਤੇ ਅੰਬ ਨੂੰ ਚੰਗੀ ਤਰ੍ਹਾਂ ਧੋ ਕੇ ਭਾਈ ਕੂਰਮ ਜੀ ਨੇ ਉਹ ਅੰਬ ਗੁਰੂ ਜੀ ਨੂੰ ਭੇਟਾ ਕਰ ਦਿੱਤਾ।

ਗੁਰੂ ਜੀ ਨੇ ਵੇਖਿਆ ਕਿ ਇਹ ਤਾਂ ਉਹੋ ਅੰਬ ਹੈ ਜੋ ਕਿ ਕੱਲ੍ਹ ਸਾਰੀ ਸੰਗਤ ਨੂੰ ਵਰਤਾਏ ਗਏ ਸਨ ਪਰ ਗੁਰੂ ਜੀ ਭਾਈ ਕੂਰਮ ਜੀ ਦੀ ਸਾਰੀ ਭਾਵਨਾ ਸਮਝ ਗਏ ਤੇ ਵਚਨ ਕੀਤਾ, "ਲੈ ਭਾਈ ਕੂਰਮ ਤੇਰੀ ਭਾਵਨਾ ਸਾਡੇ ਤੀਕ ਪੁੱਜ ਗਈ ਤੂੰ ਮਨ ਛੋਟਾ ਨਾ ਕਰ। ਅਸੀਂ ਸੱਤਮੇਂ ਜਾਮੇ 'ਚ ਤੇਰੇ ਕੋਲ ਲੰਬਿਆਂ ਆਵਾਂਗੇ ਤੇ ਤੈਥੋਂ ਅੰਬ ਛਕਾਂਗੇ।" ਭਾਈ ਕੂਰਮ ਜੀ ਤਾਂ ਆਨੰਦ-ਆਨੰਦ ਹੋ ਗਏ। ਉਨ੍ਹਾਂ ਤੋਂ ਚਾਅ ਨਾ ਚੁੱਕਿਆ ਜਾਵੇ। ਉਹ ਚਾਈਂ-ਚਾਈਂ ਲੰਬਿਆਂ ਪਿੰਡ ਵਾਪਸ ਆ ਗਏ ਤੇ ਦਿਨ ਰਾਤ ਉਡੀਕਾਂ ਕਰਨ ਲੱਗੇ ਕਿ ਕਦੋਂ ਸੱਤਵੇਂ ਜਾਮੇ 'ਚ ਗੁਰੂ ਜੀ ਉਸ ਦੇ ਗ੍ਰਿਹ 'ਚ ਚਰਨ ਪਾਉਣਗੇ।

ਸਮਾਂ ਬੀਤਦਾ ਗਿਆ ਤੇ ਭਾਈ ਕੂਰਮ ਜੀ ਹੁਣ ਵੱਧ ਤੋਂ ਵੱਧ ਸਮਾਂ ਗੁਰੂ ਭਗਤੀ ਵਿੱਚ ਬਿਤਾਉਣ ਲੱਗੇ। ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਉਨ੍ਹਾਂ ਤੋਂ ਮਗਰੋਂ ਸ੍ਰੀ ਗੁਰੂ ਹਰਿਰਾਇ ਜੀ ਗੁਰਗੱਦੀ 'ਤੇ ਸੁਭਾਇਮਾਨ ਹੋਏ। ਇਕ ਵਾਰੀ ਸ੍ਰੀ ਗੁਰੂ ਹਰਿਰਾਇ ਜੀ ਕੁਰੂਕਸ਼ੇਤਰ ਗਏ ਤਾਂ ਪੋਹ ਮਹੀਨੇ ਦੀ ਸੰਗ੍ਰਾਂਦ

ਵਾਲੇ ਦਿਨ ਆਪਣਾ ਪੰਜਵੇਂ ਜਾਮੇ ਵਾਲਾ ਵਚਨ ਪੂਰਾ ਕਰਨ ਲਈ ਗੁਰੂ ਸਾਹਿਬ ਪਿੰਡ ਲੰਬਿਆਂ ਪੁੱਜ ਗਏ। ਗੁਰੂ ਜੀ ਦੇ ਨਾਲ ਬੇਅੰਤ ਸੰਗਤਾਂ ਵੀ ਸਨ। ਗੁਰੂ ਜੀ ਨੂੰ ਪਿੰਡ ਲੰਬਿਆਂ ਵਿਖੇ ਪੁੱਜ ਕੇ ਪਤਾ ਚੱਲਿਆ ਕਿ ਭਾਈ ਕੂਰਮ ਜੀ ਤਾਂ ਆਪਣੇ ਬਾਗ ਵਿੱਚ ਬੈਠੇ ਭਗਤੀ ਕਰ ਰਹੇ ਹਨ। ਗੁਰੂ ਜੀ ਸੇਵਕਾਂ ਸਮੇਤ ਭਾਈ ਕੂਰਮ ਜੀ ਦੇ ਬਾਗ 'ਚ ਆ ਗਏ। ਅੱਗੇ ਭਾਈ ਕੂਰਮ ਜੀ ਬੈਠੇ ਭਗਤੀ ਕਰ ਰਹੇ ਸਨ। ਜਦੋਂ ਗੁਰੂ ਜੀ ਨੇ ਭਾਈ ਕੂਰਮ ਜੀ ਨੂੰ ਆਵਾਜ਼ ਦਿੱਤੀ ਕਿ "ਲਿਆ ਭਾਈ ਗੁਰਮੁਖਾਂ ਸਾਨੂੰ ਅੰਬ ਛਕਾ" ਤਾਂ ਭਾਈ ਸਾਹਿਬ ਇਕ ਦਮ ਉੱਠ ਖਲੋਤੇ ਤੇ ਗੁਰੂ ਚਰਨਾਂ 'ਤੇ ਢਹਿ ਪਏ। ਫਿਰ ਆਖਿਆ, "ਸੱਚੇ ਪਾਤਸ਼ਾਹ ਜੀ, ਆਪ ਤਾਂ ਘਟ-ਘਟ ਦੇ ਜਾਨਣਹਾਰ ਹੋ। ਹੁਣ ਸਿਆਲ ਦੇ ਮੌਸਮ 'ਚ ਅੰਬ ਕਿੱਥੇ।" ਤਾਂ ਗੁਰੂ ਜੀ ਨੇ ਕਿਹਾ, "ਜਿਸ ਰੁੱਖ ਹੇਠਾਂ ਅਸੀਂ ਖਲੋਤੇ ਹਾਂ, ਇਹ ਅੰਬਾਂ ਨਾਲ ਭਰਿਆ ਪਿਆ ਹੈ ਤੇ ਸਾਰੇ ਹੀ ਅੰਬ ਪੱਕੇ ਹੋਏ ਹਨ।" ਭਾਈ ਕੂਰਮ ਜੀ ਨੇ ਜਦੋਂ ਉੱਤੇ ਦੇਖਿਆ ਤਾਂ ਹੈਰਾਨ ਰਹਿ ਗਿਆ ਕਿ ਵਾਕਈ ਹੀ ਉਸ ਅੰਬ 'ਤੇ ਪੱਕੇ ਹੋਏ ਫਲ ਲੱਗੇ ਹੋਏ ਸਨ। ਭਾਈ ਕੂਰਮ ਜੀ ਨੇ ਗੁਰੂ ਜੀ ਨੂੰ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਅੰਬ ਤੋੜ ਕੇ ਛਕਾਏ ਤੇ ਫਿਰ ਉਹ ਗੁਰੂ ਜੀ ਨੂੰ ਆਪਣੇ ਘਰ ਪਿੰਡ ਲੰਬਿਆਂ ਲੈ ਆਏ। ਉਨ੍ਹਾਂ ਗੁਰੂ ਜੀ ਦੀ ਖ਼ੂਬ ਸੇਵਾ ਕੀਤੀ ਤੇ ਗੁਰੂ ਜੀ ਨੂੰ ਵਿਦਾ ਕਰਦੇ ਸਮੇਂ ਆਖਿਆ ਕਿ ਸੱਚੇ ਪਾਤਸ਼ਾਹ ਇਹ ਸਰੀਰ ਬਹੁਤ ਬਿਰਧ ਹੋ ਚੁੱਕਾ ਹੈ। ਪਤਾ ਨਹੀਂ ਕਦੋਂ ਸਾਥ ਛੱਡ ਜਾਵੇ। ਅੰਤ ਸਮੇਂ ਤੁਸੀਂ ਜ਼ਰੂਰ ਹੀ ਦਰਸ਼ਨ ਦੇਣੇ। ਅਫ਼ਸੋਸ ਦੀ ਗੱਲ ਇਹ ਹੈ ਕਿ ਜਦੋਂ ਮੁਹਾਲੀ ਸ਼ਹਿਰ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਵਸਾਇਆ ਜਾ ਰਿਹਾ ਸੀ ਤਾਂ ਹੋਰ ਪਿੰਡ ਤਾਂ ਕਾਇਮ ਰਹੇ ਪਰ ਇਹ ਇਤਿਹਾਸਕ ਪਿੰਡ ਲੰਬਿਆਂ ਉਜਾੜ ਦਿੱਤਾ ਗਿਆ। ਭਾਈ ਕੂਰਮ ਜੀ ਦੇ ਵਿਹੜੇ 'ਚ ਲੱਗਾ ਪੁਰਾਤਨ ਖ਼ੂਹ ਅੱਜ ਵੀ ਮੌਜੂਦ ਹੈ ਪਰ ਉਹ ਪੁਲਸ ਕਵਾਰਟਰਾਂ ਦੇ ਪਿਛਵਾੜੇ ਅਣਗੌਲਿਆ ਪਿਆ ਹੈ।

ਭਾਈ ਕੂਰਮ ਜੀ ਦਾ ਅੰਤਿਮ ਸਸਕਾਰ ਨਗਰ ਖੇੜੇ ਦੇ ਕੋਲ ਹੀ ਕੀਤਾ ਗਿਆ। ਗੁਰਦੁਆਰਾ ਸੰਤ ਮੰਡਲ ਅੰਗੀਠਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਮਹਿੰਦਰ ਸਿੰਘ ਜੀ ਲੰਬਿਆਂ ਵਾਲਿਆਂ ਨੇ ਦੱਸਿਆ ਕਿ ਗੁਰੂ ਹਰਿਰਾਇ ਜੀ ਨੇ ਆਪਣੇ ਹੱਥੀਂ ਭਾਈ ਕੂਰਮ ਜੀ ਦਾ ਅੰਤਿਮ ਸਸਕਾਰ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਈ ਕੂਰਮ ਜੀ ਦੇ ਘਰ ਵਾਲੀ ਥਾਂ ਤਾਂ ਹੁਣ ਪੁਲਸ ਕਵਾਰਟਰ ਬਣੇ ਹੋਏ ਹਨ ਪਰ ਜਿਸ ਥਾਂ 'ਤੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ, ਉਸ ਥਾਂ ਨੂੰ ਉਨ੍ਹਾਂ ਸਾਂਭਿਆ ਹੋਇਆ ਹੈ। ਬਾਬਾ ਜੀ ਨੇ ਦੱਸਿਆ ਕਿ ਸੰਤ ਬਾਬਾ ਈਸ਼ਰ ਸਿੰਘ ਜੀ ਲੰਬਿਆਂ ਵਾਲਿਆਂ ਨੇ 40 ਸਾਲ ਗੁਰਦੁਆਰਾ ਅੰਬ ਸਾਹਿਬ ਦੀ ਸੇਵਾ ਕੀਤੀ ਤੇ 1925 'ਚ ਬਾਬਾ ਜੀ ਨੇ ਉਥੇ ਗੁਰਧਾਮ ਬਣਾਇਆ। 1965 'ਚ ਬਾਬਾ ਜੀ ਗੁਰਦੁਆਰਾ ਸੰਤ ਮੰਡਲ ਅੰਗੀਠਾ ਸਾਹਿਬ ਵਾਲੀ ਥਾਂ 'ਤੇ ਆ ਗਏ। ਇਹ ਭਾਈ ਕੂਰਮ ਜੀ ਦਾ ਵਾੜਾ ਹੁੰਦਾ ਸੀ, ਜਿਸ ਥਾਂ 'ਤੇ ਮਿਨੀ ਸਕੱਤਰੇਤ ਦਾ ਨੀਂਹ ਪੱਥਰ ਰੱਖਿਆ ਗਿਆ ਹੈ ਉਹ ਸਾਰੀ ਥਾਂ ਵੀ ਪਿੰਡ ਲੰਬਿਆਂ ਦੀ ਲਾਲ ਲਕੀਰ ਵਾਲੀ ਜ਼ਮੀਨ ਹੈ।

# 53 ਜੰਗ ਮਰਦਾਨਪੁਰ

ਨਿਰੰਜਣ ਸਿੰਘ ਸੈਲਾਨੀ
ਮੋਬਾ: 9876228703

ਮਰਦਾਂਪੁਰ ਪੁਆਧ ਦਾ ਬਹੁਤ ਪ੍ਰਾਚੀਨ ਪਿੰਡ ਹੈ। ਇਸ ਦਾ ਪੁਰਾਣਾ ਨਾਂ ਮਰਦਾਨ ਪੁਰ ਹੈ। ਇਸ ਪਿੰਡ ਦੇ ਦੱਖਣ ਵੱਲ ਸਥਿਤ ਮੈਦਾਨ ਵਿਖੇ 1794 ਈ. ਵਿਚ ਮਰਹੱਟਿਆਂ ਤੇ ਰਾਣੀ ਸਾਹਿਬ ਕੌਰ ਦਰਮਿਆਨ ਬਹੁਤ ਘਮਸਾਣ ਦੀ ਜੰਗ ਹੋਈ ਸੀ ਜਿਸ ਵਿਚ ਅਨੇਕਾਂ ਜੰਗਜੂਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਜਿਸ ਦਾ ਜ਼ਿਕਰ ਪ੍ਰੋ. ਮੋਹਨ ਸਿੰਘ ਆਪਣੀ ਕਵਿਤਾ 'ਰਾਣੀ ਸਾਹਿਬ ਕੌਰ' ਵਿਚ ਇਸ ਤਰ੍ਹਾਂ ਕਰਦੇ ਹਨ-

*"ਲਿਖਿਆ ਸਾਹਿਬ ਕੌਰ ਨੇ ਅੰਟਾ ਰਾਓ ਤਾਣੀ,*
*ਮੈਂ ਸੀਂਹਣੀ ਪੰਜ ਦਰਿਆ ਦੀ, ਮੈਨੂੰ ਕੱਲੀ ਨਾ ਜਾਣੀ।*
*ਉਹ ਵਧੇ ਵੱਲ ਮਰਹੱਟਿਆਂ ਝਬ ਲਾਹੀ ਨਾ ਦੇਰੀ,*
*ਤੇ ਮਰਦਾਨਪੁਰ 'ਤੇ ਹੋਈਆਂ ਦੋ ਫੌਜਾਂ ਢੇਰੀ।*
*ਥੋੜ੍ਹੇ ਸਨ ਪਟਿਆਲੀਏ, ਮਰਹੱਟੇ ਹਜ਼ਾਰਾਂ*
*ਇਕ ਇਕ ਉੱਤੇ ਟੁੱਟ ਪਏ, ਉਹ ਬਾਰਾਂ ਬਾਰਾਂ।"*

ਉਸ ਸਮੇਂ ਪਟਿਆਲਾ ਦੀ ਗੱਦੀ ਦੇ ਰਾਜਾ ਸਾਹਿਬ ਸਿੰਘ ਗੱਦੀ ਨਸ਼ੀਨ ਸੀ। ਉਹ ਕਾਬਲ ਸ਼ਾਸਕ ਨਹੀਂ ਸੀ। ਉਸ ਦੇ ਦਰਬਾਰੀ ਤੇ ਅਹਿਲਕਾਰ (ਕੁਝ ਇਕ ਨੂੰ ਛੱਡ ਕੇ) ਆਲਸ ਤੇ ਮੌਜ ਮਸਤੀ ਵਿਚ ਡੁੱਬੇ ਰਹਿੰਦੇ ਸਨ, ਪਰ ਉਸ ਦੀ ਭੈਣ ਰਾਣੀ ਸਾਹਿਬ ਕੌਰ ਬਹੁਤ ਹੀ ਸੂਰਬੀਰ, ਰਾਜਨੀਤੀ ਤੇ ਜੰਗਨੀਤੀ ਵਿਚ ਬਹੁਤ ਪ੍ਰਵੀਨ ਸੀ। ਸਾਰਾ ਰਾਜ ਪ੍ਰਬੰਧ ਉਸ ਦੇ ਹੱਥਾਂ ਵਿਚ ਸੀ। ਉਹ ਪਟਿਆਲੇ ਦੇ ਮਹਾਂ ਮੰਤਰੀ ਦੇ ਪੱਦ 'ਤੇ ਬਿਰਾਜਮਾਨ ਸੀ। ਦਿੱਲੀ 'ਤੇ ਕਾਬਜ ਮਰਹੱਟਿਆਂ ਦੀ ਮਨਸ਼ਾ ਸਤਲੁਜ ਮਰਾੜ 'ਤੇ ਕਾਬਜ਼ ਰਾਜਿਆਂ ਅਤੇ ਰਈਸਾਂ 'ਤੇ ਕਬਜਾ ਕਰਨ ਦੀ ਸੀ। ਇਸ ਮਕਸਦ ਲਈ ਪਾਣੀਪਤ ਤੋਂ ਲਛਮਣ ਰਾਓ ਤੇ ਅੰਟਾ ਰਾਓ ਨੂੰ ਭੇਜਿਆ ਗਿਆ। ਇਸ ਸਬੰਧ ਵਿਚ ਉਨ੍ਹਾਂ ਨੇ ਸਾਰੇ ਰਈਸਾਂ ਤੇ ਰਾਜਿਆਂ ਨੂੰ ਈਨ ਮੰਨਣ ਤੇ ਖਰਾਜ਼ ਭਰਨ ਲਈ ਆਪਣੇ ਪੈਗ਼ਾਮ ਭੇਜ ਦਿੱਤੇ। ਪਟਿਆਲੇ 'ਤੇ ਇਸਤਰੀ ਰਾਜ ਨੂੰ ਮੁੱਖ ਰੱਖ ਕੇ ਮਰਹੱਟਿਆਂ ਦਾ ਵਿਚਾਰ ਸੀ ਕਿ ਉਹ ਜ਼ਰੂਰ ਈਨ ਮੰਨ ਲਏਗੀ। ਕਈ ਰਈਸਾਂ ਸਮੇਤ ਕੈਥਲ ਤੇ ਜੀਂਦ ਦੇ ਰਾਜੇ ਨੇ ਉਨ੍ਹਾਂ ਦੀ ਈਨ ਮੰਨ ਲਈ ਸੀ। ਜਦੋਂ ਮਰਹੱਟਿਆਂ ਦਾ ਸੰਦੇਸ਼ ਪਟਿਆਲੇ ਦਰਬਾਰ ਵਿਚ ਪੁੱਜਾ ਤਾਂ ਰਾਣੀ ਨੇ ਸੰਦੇਸ਼ ਪੁੱਜਦੇ ਸਾਰ ਇਕ ਦਰਬਾਰ ਕੀਤਾ ਜਿਸ ਵਿਚ ਜੀਂਦ, ਨਾਭਾ, ਕੈਥਲ ਦੇ ਰਈਸਾਂ ਤੋਂ ਬਿਨਾਂ ਪਟਿਆਲਾ ਰਾਜ ਦੇ ਫੌਜੀ ਅਫਸਰ, ਭਾਈ ਦਾਰਾ ਅਤੇ ਅਹਿਲਕਾਰ ਵੀ

ਸ਼ਾਮਲ ਹੋਏ। ਨਾਇਬ ਤਾਰਾ ਸਿੰਘ ਨੇ ਮਰਹੱਟਿਆਂ ਦਾ ਨੋਟਿਸ ਪੜ੍ਹ ਕੇ ਸੁਣਾਇਆ "ਤੁਸੀਂ ਲੜਾਈ ਦਾ ਖਿਆਲ ਛੱਡ ਕੇ ਦੇਸ਼ ਨੂੰ ਤਬਾਹੀ ਤੋਂ ਬਚਾਓ। ਜੇ ਅਸਾਡੇ ਨਾਲ ਟੱਕਰ ਲਵੋਗੇ ਤਾਂ ਤੁਹਾਡਾ ਹਾਲ ਸ਼ੀਸ਼ੇ ਦਾ ਪੱਥਰ ਨਾਲ ਟੱਕਰ ਲੈਣ ਸਮਾਨ ਹੋਵੇਗਾ।" ਸਭ ਦੇ ਵਿਚਾਰ ਸੁਣਨ ਉਪਰੰਤ ਉਨ੍ਹਾਂ ਕਿਹਾ, ਈਨ ਮੰਨਣ ਦੀ ਥਾਂ ਉਨ੍ਹਾਂ ਨਾਲ ਟੱਕਰ ਲਈ ਜਾਵੇ ਤਾਂ ਕਿ ਉਹ ਮੁੜ ਇੱਧਰ ਆਉਣ ਦਾ ਨਾਂ ਨਾ ਲੈਣ। ਸਭ ਨੇ ਇਸ ਨਾਲ ਸਹਿਮਤੀ ਕਰ ਲਈ। ਨੋਟਿਸ ਦਾ ਜਵਾਬ ਦਿੰਦਿਆਂ ਰਾਣੀ ਨੇ ਲਿਖਿਆ, 'ਤੁਸੀਂ ਪਟਿਆਲੇ ਤੋਂ ਈਨ ਮਨਵਾਉਣ ਵਾਲੇ ਕੌਣ ਹੋ? ਜੋ ਕੁਝ ਤੁਸੀਂ ਕਰ ਸਕਦੇ ਹੋ ਕਰ ਲਵੋ। ਜੇ ਕੋਈ ਪਟਿਆਲੇ ਵੱਲ ਬੁਰੀ ਅੱਖ ਨਾਲ ਵੇਖੇਗਾ ਤਾਂ ਉਸ ਨੂੰ ਦੰਡ ਦਿੱਤਾ ਜਾਵੇਗਾ।'

ਉਪਰੋਕਤ ਸੁਨੇਹਾ ਮਿਲਣ ਉਪਰੰਤ ਮਰਹੱਟੇ ਸਰਦਾਰ ਭੜਕ ਗਏ ਅਤੇ ਉਨ੍ਹਾਂ ਪਟਿਆਲੇ ਵੱਲ ਵਧਣ ਦੀ ਤਿਆਰੀ ਆਰੰਭ ਦਿੱਤੀ। ਰਾਣੀ ਨੇ ਵੀ ਚਾਰੇ ਪਾਸੇ ਸੁਨੇਹੇ ਘੱਲੇ ਅਤੇ 7000 ਸੂਰਬੀਰਾਂ ਦੀ ਫੌਜ ਇਕੱਤਰ ਕਰਕੇ ਪੜਾਓ ਦੇ ਨੇੜੇ ਅਲੀਪੁਰ ਦੇ ਸ਼ਹੀਦੀ ਗੁਰਦੁਆਰੇ ਵਿਖੇ ਜਿੱਤ ਲਈ ਅਰਦਾਸ ਕੀਤੀ। ਇਸ ਫੌਜ ਵਿਚ ਰਾਣੀ ਸਾਹਿਬ ਕੌਰ ਸਮੇਤ ਸ. ਜੋਧ ਸਿੰਘ ਕਲਸੀਆ, ਤਾਰਾ ਸਿੰਘ ਗੈਬਾ, ਤਾਰਾ ਸਿੰਘ ਨਾਇਬ ਵਜ਼ੀਰ ਪਟਿਆਲਾ, ਭੰਗਾ ਸਿੰਘ, ਭਾਗ ਸਿੰਘ ਥਾਨੇਸਰੀ, ਲਾਲ ਸਿੰਘ ਕੈਥਲ ਅਤੇ ਭਾਗ ਸਿੰਘ ਜੀਂਦ ਸ਼ਾਮਲ ਸਨ। ਮਾਲੇਰਕੋਟਲੇ ਦੀ ਫੌਜ ਅਤੇ ਗਾਜ਼ੀ ਬੇਗ ਦੀ ਪਲਟਨ ਵੀ ਨਾਲ ਸੀ। ਦੂਜੇ ਪਾਸੇ ਮਰਹੱਟਿਆਂ ਦੀ 24 ਜਾਂ 30 ਹਜ਼ਾਰ ਫੌਜ ਅੰਟਾ ਰਾਓ ਤੇ ਲਛਮਨ ਰਾਓ ਦੇ ਅਧੀਨ ਸੀ ਜੋ ਕਵਾਇਦ ਸਿੱਖੀ ਹੋਈ ਅਤੇ ਜੰਗਾਂ ਦੀ ਤਜਰਬੇਕਾਰ ਫੌਜ ਸੀ।

ਰਾਣੀ ਨੇ ਮਰਹੱਟਿਆਂ ਨੂੰ ਵੰਗਾਰਿਆ, "ਪਟਿਆਲੇ ਨਾਲ ਤੁਹਾਡਾ ਕੋਈ ਝਗੜਾ ਨਹੀਂ ਹੈ ਚੰਗਾ ਹੈ ਤੁਸੀਂ ਵਾਪਸ ਮੁੜ ਜਾਓ ਨਹੀਂ ਤਾਂ ਮੈਦਾਨ ਵਿਚ ਉਤਰੋ ਤੇ ਹੱਥ ਵੇਖੋ।"

ਇਸ 'ਤੇ ਮਰਹੱਟਿਆਂ ਨੇ ਜੰਗ ਦਾ ਬਿਗਲ ਵਜਾ ਦਿੱਤਾ। ਦੋਵਾਂ ਫੌਜਾਂ ਦੀ ਮਰਦਾਨ ਪੁਰ ਦੇ ਮੈਦਾਨ ਵਿਚ ਜੰਗ ਸ਼ੁਰੂ ਹੋ ਗਈ। ਮਰਹੱਟਿਆਂ ਦੀ ਫੌਜ ਵਿਚ ਕਾਫੀ ਗਿਣਤੀ ਵਿਚ ਪੁਰਾਣੇ ਤੇ ਕਈ ਜੰਗਾਂ ਦੇ ਖਿਲਾੜੀ ਸ਼ਾਮਲ ਸਨ। ਪਟਿਆਲਾ ਫੌਜ ਬਹੁਤ ਬਹਾਦਰੀ ਨਾਲ ਲੜੀ, ਅਜਿਹੇ ਕਾਰਨਾਮੇ ਵਿਖਾਏ ਜਿਸ ਨਾਲ ਅੰਟਾ ਰਾਓ ਨੂੰ ਆਪ ਘੋੜੇ 'ਤੇ ਚੜ੍ਹ ਕੇ ਫੌਜੀਆਂ ਦਾ ਹੌਸਲਾ ਇਹ ਕਹਿ ਕੇ ਵਧਾਉਣਾ ਪਿਆ "ਬਹਾਦਰੋ! ਲੜਾਈ ਦੇ ਮੈਦਾਨ ਵਿਚ ਚਾਰ-ਚੁਫੇਰੇ ਤੁਹਾਡੇ ਭਾਈਆਂ ਦੀਆਂ ਲੋਥਾਂ ਪਈਆਂ ਹਨ ਜਿਨ੍ਹਾਂ ਨੇ ਆਪਣੀ ਅਣਖ ਅਤੇ ਇੱਜ਼ਤ ਲਈ ਜਾਨਾਂ ਵਾਰੀਆਂ ਹਨ।" ਇਸ ਅਪੀਲ 'ਤੇ ਮਰਹੱਟਿਆਂ ਦੀ ਫੌਜ ਨੇ ਜ਼ੋਰਦਾਰ ਹੱਲਾ ਕੀਤਾ। ਜਿੱਤ ਪ੍ਰਾਪਤੀ ਲਈ ਦੋਵੇਂ ਫੌਜਾਂ ਸਿਰ-ਧੜ ਦੀ ਬਾਜ਼ੀ ਲਾ ਰਹੀਆਂ ਸਨ।

ਰਾਣੀ ਰੱਥ ਵਿਚ ਬੈਠੀ ਜੰਗ 'ਤੇ ਪੂਰੀ ਨਿਗ੍ਹਾ ਰੱਖ ਰਹੀ ਸੀ। ਜਦੋਂ ਉਸ ਨੇ ਵੇਖਿਆ ਕਿ ਪਟਿਆਲਾ ਫੌਜ ਦੇ ਪੈਰ ਉਖੜਨ ਲੱਗੇ ਹਨ ਤਾਂ ਉਹ ਆਪ ਮੈਦਾਨੇ ਜੰਗ ਵਿਚ ਕੁੱਦ ਪਈ। ਮਰਦਾਨਾ ਪੁਸ਼ਾਕ ਪਹਿਨ ਸ਼ਮਸ਼ੀਰ ਫੜ ਕੇ ਰਾਣੀ ਦੇ ਜੰਗ ਦੇ ਮੈਦਾਨ ਵਿਚ ਕੁੱਦ ਪੈਣ ਨਾਲ ਪਟਿਆਲੇ ਦੀ ਫੌਜ ਦਾ ਹੌਸਲਾ ਵਧ ਗਿਆ। ਦੋਵੇਂ ਫੌਜਾਂ ਬਰਾਬਰ ਜੂਝ ਰਹੀਆਂ ਸਨ। ਰਾਣੀ ਤਾਂ ਪਟਿਆਲੇ ਤੋਂ ਸ. ਸ਼ਾਮ ਸਿੰਘ ਅਟਾਰੀ ਨਾਲ ਇਹ ਪ੍ਰਤਿਗਿਆ ਕਰਕੇ ਤੁਰੀ ਸੀ ਕਿ ਉਹ ਆਪਣੇ ਸਰੀਰ ਅਤੇ ਲਹੂ ਦੀ ਅੰਤਮ ਬੂੰਦ ਲੜਾਈ ਦੇ ਮੈਦਾਨ ਵਿਚ ਭੇਟ ਕਰ ਦੇਵੇਗੀ।

ਜੰਗ ਦੌਰਾਨ ਰਣਜੀਤ ਰਾਓ ਮਰਹੱਟਾ ਜੋ ਕਿ ਚੰਗੀ ਡੀਲ-ਡੌਲ ਵਾਲਾ ਅਤੇ ਬਹਾਦਰ ਸੀ 12 ਜੰਗਾਂ ਦਾ ਜੇਤੂ ਸੀ, ਨੇ ਰਾਣੀ ਸਾਹਿਬ ਕੌਰ ਨੂੰ ਜੰਗ ਲਈ ਲਲਕਾਰਿਆ ਤਾਂ ਰਾਣੀ ਨੇ ਦੁਰਗਾ ਦਾ ਰੂਪ ਧਾਰ ਕੇ ਰਣਜੀਤ ਰਾਓ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਜੰਗ ਵਿਚ ਜਿੱਤ ਹਾਰ ਦਾ ਫੈਸਲਾ ਨਾ ਹੋ ਸਕਿਆ। ਰਾਤ ਪੈਣ 'ਤੇ ਜੰਗ ਬੰਦ ਹੋ ਗਈ।

ਰਾਤ ਪੈਣ 'ਤੇ ਜੰਗ ਦੀ ਅਗਲੀ ਰਣਨੀਤੀ 'ਤੇ ਵਿਚਾਰ ਕਰਨ ਲਈ ਰਾਣੀ ਨੇ ਆਪਣੀ ਫੌਜ ਦੇ ਸਰਦਾਰਾਂ ਦੀ ਇਕੱਤਰਤਾ ਕਰਕੇ ਉਨ੍ਹਾਂ ਦੀ ਸਲਾਹ ਪੁੱਛੀ। ਮਰਹੱਟਿਆਂ ਦੀ ਸਿਖਲਾਈ ਪ੍ਰਾਪਤ ਬਹੁਤ ਵੱਡੀ ਫੌਜ ਤੋਂ ਭੈਭੀਤ ਕਈ ਸਰਦਾਰਾਂ ਨੇ ਪਟਿਆਲੇ ਵਾਪਸ ਜਾਣ ਦੀ ਗੱਲ ਕਹੀ। ਪਰ ਜਦੋਂ ਰਾਣੀ ਨੇ ਉਨ੍ਹਾਂ ਨੂੰ ਵੰਗਾਰਦਿਆਂ ਕਿਹਾ, "ਭਾਵੇਂ ਤੁਸੀਂ ਮੈਨੂੰ ਜੰਗ ਵਿਚ ਇਕੱਲੀ ਛੱਡ ਜਾਓ, ਮੈਂ ਤਾਂ ਪਟਿਆਲੇ ਤੋਂ ਜਿੱਤ ਜਾਂ ਮੌਤ ਨੂੰ ਗਲੇ ਲਾਉਣ ਦਾ ਅਟੱਲ ਨਿਸ਼ਚਾ ਕਰਕੇ ਤੁਰੀ ਹਾਂ।" ਇਹ ਸੁਣ ਕੇ ਸਭ ਜਥੇਦਾਰਾਂ ਨੇ ਰਾਣੀ ਵੱਲੋਂ ਮਰਹੱਟਾ ਫੌਜ 'ਤੇ ਸੁੱਤਿਆਂ ਰਾਤੀਂ 12 ਵਜੇ ਹਮਲਾ ਕਰਨ ਦੀ ਤਾਈਦ ਕਰ ਦਿੱਤੀ।

ਮਰਹੱਟਾ ਫੌਜ ਸਫਰ ਤੇ ਸਾਰੇ ਦਿਨ ਦੀ ਗਹਿਗੱਚ ਲੜਾਈ ਕਾਰਨ ਬੁਰੀ ਤਰ੍ਹਾਂ ਥੱਕੀ ਟੁੱਟੀ ਪਈ ਸੀ। ਨੀਂਦ 'ਚ ਗੜੂੰਦ ਹੋਈ ਫੌਜ 'ਤੇ ਘੋੜ-ਸਵਾਰਾਂ ਰਾਹੀਂ ਹੋਏ ਹਮਲੇ ਕਾਰਨ ਉਨ੍ਹਾਂ ਦੀ ਸੁਰਤ ਮਾਰੀ ਗਈ। ਚਾਰੇ ਪਾਸੇ ਤੋਂ ਹੋਏ ਹਮਲੇ ਕਾਰਨ ਹਨੇਰੇ ਵਿਚ ਉਨ੍ਹਾਂ ਨੂੰ ਕੁਝ ਨਹੀਂ ਸੁੱਝ ਰਿਹਾ ਸੀ। ਸਿੱਖ ਫੌਜਾਂ ਘੋੜੇ ਭਜਾ ਕੇ ਰਾਤੀਂ 12 ਵਜੇ ਉਨ੍ਹਾਂ ਦੇ ਡੇਰੇ ਵਿਚ ਵੜੀਆਂ ਸਨ। ਉਨ੍ਹਾਂ ਸਮਝਿਆ ਕਿ ਸਿੱਖਾਂ ਦੀ ਸਹਾਇਤਾ ਲਈ ਹੋਰ ਫੌਜ ਆ ਗਈ ਹੈ। ਘਬਰਾਹਟ ਵਿਚ ਫੌਜ ਜਿੱਧਰ ਨੂੰ ਮੂੰਹ ਆਇਆ ਭੱਜ ਗਈ। ਦੌੜੀ ਜਾਂਦੀ ਫੌਜ ਨੂੰ ਅੰਟਾ ਰਾਓ ਤੇ ਲਛਮਣ ਰਾਓ ਨੇ ਇਹ ਕਹਿ ਕੇ ਵੰਗਾਰਿਆ, "ਤੁਸੀਂ ਆਪਣੇ ਵਤਨ ਤੋਂ ਬਹੁਤ ਦੂਰ ਹੋ ਜੇ ਤਕਦੀਰ ਵਿਚ ਮਰਨਾ ਹੀ ਲਿਖਿਆ ਹੈ ਤਾਂ ਸੂਰਬੀਰਾਂ ਵਾਂਗ ਬਹਾਦਰੀ ਨਾਲ ਲੜ ਕੇ ਮਰੋ।" ਇਸ ਗੱਲ ਨੇ ਮਰਹੱਟਾ ਫੌਜ ਵਿਚ ਨਵੀਂ ਰੂਹ ਫੂਕ

ਦਿੱਤੀ। ਉਹ ਡਟ ਕੇ ਲੜਨ ਲੱਗੀ। ਘੰਟੇ ਕੁ ਦੀ ਲੜਾਈ ਪਿੱਛੋਂ ਫਿਰ ਉਨ੍ਹਾਂ ਦੇ ਪੈਰ ਉਖੜ ਗਏ। ਆਪਣੇ ਬਚਾਅ ਲਈ ਅੰਟਾ ਰਾਓ ਤੇ ਲਛਮਣ ਰਾਓ ਵੀ ਮੈਦਾਨ ਛੱਡ ਕੇ ਭੱਜ ਗਏ। ਜਿੱਤ ਪਟਿਆਲੇ ਦੀ ਫੌਜ ਦੀ ਹੋਈ। ਮਰਹੱਟੇ ਸਰਦਾਰਾਂ ਦੇ ਮਨ ਵਿਚ ਇਹ ਪੱਕਾ ਵਿਸ਼ਵਾਸ ਹੋ ਗਿਆ ਸੀ ਕਿ ਉਹ ਇਸਤਰੀ, ਜੋ ਉਨ੍ਹਾਂ ਦਾ ਟਾਕਰਾ ਕਰ ਰਹੀ ਹੈ, ਦ੍ਰਿੜ੍ਹ ਵਿਸ਼ਵਾਸੀ, ਹੌਸਲੇ ਵਾਲੇ ਅਤੇ ਜੰਗੀ ਹੁਨਰ ਤੋਂ ਜਾਣੂ ਹੈ ਇਸ ਲਈ ਉਸ ਨਾਲ ਟਾਕਰਾ ਕਰਨਾ ਜੇ ਅਸੰਭਵ ਨਹੀਂ ਮੁਸ਼ਕਲ ਜ਼ਰੂਰ ਹੈ। ਇਸ ਕਰਕੇ ਉਹ ਪਾਣੀਪਤ ਵੱਲ ਨੱਠ ਗਏ। ਇਸ ਅਸਾਵੀਂ ਲੜਾਈ ਵਿਚ ਜਿੱਤ ਦਾ ਸਿਹਰਾ ਨਿਸ਼ਚੇ ਹੀ ਰਾਣੀ ਸਾਹਿਬ ਕੌਰ ਦੇ ਸਿਰ ਬੱਝਦਾ ਹੈ। ਜੇ ਉਹ ਮਰਹੱਟਿਆਂ ਨੂੰ ਨਾ ਹਰਾਉਂਦੀ ਤਾਂ ਸਾਰੇ ਪੰਜਾਬ 'ਤੇ ਉਨ੍ਹਾਂ ਦਾ ਕਬਜਾ ਹੋਣਾ ਯਕੀਨੀ ਸੀ। ਸੋ ਪੰਜਾਬ ਦੇ ਨਾਲ-ਨਾਲ ਭਾਰਤ ਦੇ ਇਤਿਹਾਸ ਵਿਚ ਇਸ ਲੜਾਈ ਦੀ ਬਹੁਤ ਵੱਡੀ ਮਹੱਤਤਾ ਹੈ। ਜਿਸ ਤਰ੍ਹਾਂ ਚੱਪੜਚਿੜੀ ਦੇ ਮੈਦਾਨ ਵਿਚ ਬੰਦਾ ਬਹਾਦਰ ਨੇ ਮੁਗਲਾਂ ਦੇ ਦੰਦ ਖੱਟੇ ਕਰਕੇ ਆਜ਼ਾਦ ਸਿੱਖ ਰਾਜ ਦੀ ਨੀਂਹ ਰੱਖੀ, ਉਸੇ ਤਰ੍ਹਾਂ ਮਰਦਾਂਪੁਰ ਦੇ ਮੈਦਾਨ ਵਿਚ ਪਟਿਆਲੇ ਦੀ ਰਾਣੀ ਸਾਹਿਬ ਕੌਰ ਨੇ ਮਰਹੱਟਿਆਂ ਨੂੰ ਉਨ੍ਹਾਂ ਦੇ ਮੁਕਾਬਲੇ ਤੀਜੇ ਹਿੱਸੇ ਤੋਂ ਵੱਧ ਫੌਜ ਹੁੰਦੇ ਹੋਏ ਬੁਰੀ ਤਰ੍ਹਾਂ ਹਰਾਇਆ। ਇਹ ਮਹੱਤਵਪੂਰਨ ਘਟਨਾ ਲੋਕਾਂ ਦੀ ਸਿਮਰਤੀ 'ਚੋਂ ਕਿਰਦੀ ਕਿਰਦੀ ਕਿਰ ਜਾਵੇਗੀ। ਸੋ ਮਰਦਾਂਪੁਰ ਦੇ ਜੰਗੇ-ਮੈਦਾਨ ਵਿਚ ਵੀ ਚੱਪੜਚਿੜੀ ਵਾਂਗ ਕੋਈ ਨਾ ਕੋਈ ਸਮਾਰਕ ਜ਼ਰੂਰ ਬਣਨਾ ਚਾਹੀਦਾ ਹੈ।

# 54 ਗੁਰੂ ਦਰਬਾਰ ਸਾਹਿਬ ਲਖਨੌਰ

*ਮਨਜੀਤ ਕੌਰ ਅੰਬਾਲਵੀ*
*ਮੋਬਾ: 09416271625*

ਸਾਡੀ ਧਰਤੀ ਅਨੇਕਾਂ ਹੀ ਧਾਰਮਿਕ ਤੇ ਇਤਿਹਾਸਕ ਸਥਾਨਾਂ ਨਾਲ ਸੁਸ਼ੋਭਿਤ ਹੈ। ਹਰ ਸਥਾਨ ਕੋਈ ਨਾ ਕੋਈ ਵਿਸ਼ੇਸ਼ਤਾ ਰੱਖਦਾ ਹੈ। ਹਰੇਕ ਸਥਾਨ ਦੇ ਨਾਲ ਜੁੜੀ ਹੋਈ ਕੋਈ ਨਾ ਕੋਈ ਇਤਿਹਾਸਕ ਤੇ ਧਾਰਮਿਕ ਭਾਵਨਾ ਉਸਦੀ ਮਾਨਤਾ ਨੂੰ ਵਧਾਉਂਦੀ ਹੈ। ਇਸੇ ਕਾਰਨ ਉਸ ਧਰਤੀ ਨੂੰ ਅਜਿਹੇ ਭਾਗ ਲਗਦੇ ਹਨ, ਕਿ ਲੋਕ ਵਹੀਰਾਂ ਦੀਆਂ ਵਹੀਰਾਂ ਘੱਤ-ਘੱਤ ਆਉਂਦੇ ਹਨ। ਤਾਂ ਹੀ ਤਾਂ ਇਹ ਪਵਿੱਤਰ ਸਥਾਨ ਸਾਡੀ ਸਭ ਦੀ ਧਰੋਹਰ ਬਣ ਜਾਂਦੇ ਹਨ। ਇਨ੍ਹਾਂ ਸਥਾਨਾਂ ਦੇ ਦਰਸ਼ਨ ਕਰਨ ਕਰਕੇ ਅਸੀਂ ਵੀ ਇਨ੍ਹਾਂ ਦੀ ਮਾਨਤਾ ਸਮਝਣ ਦੇ ਸਮਰੱਥ ਬਣਦੇ ਹਾਂ।

'ਗੁਰੂ ਦਰਬਾਰ ਲਖਨੌਰ' ਪਵਿੱਤਰ ਸਥਾਨ ਗੁਰੂ ਤੇਗ ਬਹਾਦਰ ਜੀ ਦੀ ਸੁਪਤਨੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਜਨੀਕ ਮਾਤਾ ਗੁਜਰੀ ਜੀ ਦਾ ਪੇਕਾ ਘਰ ਸੀ। ਇਸ ਪਵਿੱਤਰ ਸਥਾਨ ਉੱਤੇ ਨਾ ਕੇਵਲ ਸਿੱਖ ਪੰਥ ਹੀ, ਸਗੋਂ ਸਮੁੱਚਾ ਹਿੰਦੁਸਤਾਨ ਜਿਤਨਾ ਵੀ ਮਾਣ ਕਰੇ ਉਤਨਾ ਹੀ ਥੋੜ੍ਹਾ ਹੈ, ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਤੋਂ ਪਹਿਲਾਂ, ਉਨ੍ਹਾਂ ਦੇ ਨਾਨਾ ਭਾਈ ਲਾਲ ਚੰਦ ਸੁਭਿਖੀਆ ਤੇ ਮਾਮਾ ਕ੍ਰਿਪਾਲ ਚੰਦ ਤੇ ਮਿਹਰ ਚੰਦ ਮਾਤਾ ਗੁਜਰੀ ਜੀ ਸਮੇਤ ਇੱਥੇ ਹੀ ਨਿਵਾਸ ਰੱਖਦੇ ਸਨ। ਇਸੇ ਕਾਰਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਕਲਗੀਧਰ ਚਮਤਕਾਰ ਵਿੱਚ ਇੱਕ ਥਾਵੇਂ ਕਰਨਾਲ ਦੇ ਪੀਰ ਆਰਿਫ਼ ਦੀਨ ਦਾ ਲਖਨੌਰ ਪਹੁੰਚ ਕੇ, ਸ੍ਰੀ ਦਸ਼ਮੇਸ਼ ਅੱਗੇ ਸੱਯਦ ਸ਼ਾਹ ਮੀਰਾਂ ਭੀਖ ਸਿਉਹਾਨਵੀ ਵਾਂਗ ਅਦਬ ਨਾਲ ਸਿਰ ਝੁਕਾ ਕੇ ਸਿੱਜਦਾ ਕਰਨਾ ਇਸ ਤਰ੍ਹਾਂ ਲਿਖਿਆ ਹੈ:-

ਬਾਲ ਉਮਰ ਵਿੱਚ ਦਸਮੇਂ ਗੁਰੂ ਜੀ, ਅਨੰਦ ਪੁਰ ਨੂੰ ਜਾਂਦੇ।
ਵਿੱਚ ਲਖਨੌਰ ਰਹੇ ਕੁਝ ਚਿਰ ਤੱਕ, ਅਰਸ਼ੀ ਜੋਤ ਜਗਾਂਦੇ।
ਇੱਕ ਦਿਹਾੜੇ ਨਾਲ ਬਾਲਕਾਂ, ਖੇਡ ਰਹੇ ਸਨ ਦਾਤੇ।
ਆਰਿਫ਼ ਦੀਨ ਪੀਰ ਨੇ ਪਾਸੋਂ, ਲੰਘਦਿਆਂ ਆਪ ਸਿਵਾਤੇ।

ਪੀਰ ਆਰਿਫ਼ ਦੀਨ ਦੇ ਮੁਰੀਦਾਂ ਨੇ ਜਦੋਂ ਉਸਦਾ ਇਹ ਤਰਜ਼ਿ-ਅਮਲ ਵੇਖ ਕੇ ਇਤਰਾਜ਼ ਕੀਤਾ ਤਾਂ ਅੱਗੋਂ ਪੀਰ ਨੇ ਉਸ ਇਤਰਾਜ਼ ਦਾ ਖ਼ਰਾ-ਖ਼ਰਾ ਉੱਤਰ ਦੇ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਚੁੱਪ ਕਰਾਇਆਂ-

ਆਰਿਫ਼ਦੀਨ ਬੋਲਿਆ ਸਹਿਜੇ ਵਿੱਚ ਅਦਬ ਭਰ ਆਇਆ।
ਮੇਰਾ ਬਚਨ ਸੁਣੋ ਬਈ ਲੋਕੋ, ਦੇਖਿਆ ਦਿਆਂ ਸੁਣਾਯਾ।
ਕਦੇ-ਕਦੇ ਜਦ ਚੜ੍ਹਾਂ ਮਰਾਕਬੇ, ਵਿੱਚ ਸਮਾਧੀ ਜਾਵਹੇ।
ਏਹੋ ਬਾਲ ਜੋਤਿ ਦਾ ਜਾਮਾ, ਜਗਮਗ ਰੂਪ ਨੂਰਾਨੀ।
ਸੁੰਦਰਤਾ ਜਿਸ ਦੇ ਪਗ ਚੁੰਮੇ ਨੂਰੋ-ਨੂਰ ਰੂਹਾਨੀ।

ਭਾਈ ਵੀਰ ਸਿੰਘ ਜੀ ਦੇ ਉਪਰੋਕਤ ਕਥਨ ਤੋਂ ਇਹ ਪਤਾ ਲਗਦਾ ਹੈ ਕਿ ਬਾਲਾ ਪ੍ਰੀਤਮ ਨੂੰ ਏਥੇ ਨਾ ਕੇਵਲ ਸੱਯਦ ਸ਼ਾਹ ਮੀਰਾਂ ਭੀਖ ਸਿਉਹਾਨਵੀ ਨੇ ਹੀ ਸਿਰ ਝੁਕਾਇਆ ਸੀ, ਸਗੋਂ ਕਰਨਾ ਦਾ ਪੀਰ ਸ਼ਾਹ.ਆਰਿਫ਼ ਦੀਨ ਵੀ, ਜਿਸ ਨੂੰ ਭਾਈ ਵੀਰ ਸਿੰਘ ਨੇ ਕਾਬਲ ਦਾ ਪੀਰ ਲਿਖਿਆ ਹੈ, ਗੁਰੂ ਦਸ਼ਮੇਸ਼ ਜੀ ਦੇ ਅੱਗੇ ਬੜੀ ਅਕੀਦਤ ਮੰਦੀ ਨਾਲ ਝੁਕਿਆ ਸੀ।

ਸੋ ਇਸੇ ਕਰਕੇ 'ਗੁਰੂ ਦਰਬਾਰ ਲਖਨੌਰ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਨਕਾ ਨਿਵਾਸ, ਉਨ੍ਹਾਂ ਦੇ ਪੂਜਨੀਕ ਮਾਤਾ ਗੁਜਰੀ ਜੀ ਦਾ ਪੇਕਾ ਘਰ ਹੋਣ ਕਰਕੇ ਦੇਸ਼ ਦੀ ਆਜ਼ਾਦੀ ਦੇ ਦੇਵਤਾ ਸ੍ਰੀ ਗੁਰੂ ਤੇਗ ਬਹਾਦਰ-ਹਿੰਦ ਦੀ ਚਾਦਰ ਦੇ ਜੀਵਨ ਨਾਲ ਪੂਰੀ ਤਰ੍ਹਾਂ ਸੰਬੰਧਿਤ ਇੱਕ ਅਜਿਹੀ ਪਵਿੱਤਰ ਭੂਮੀ ਹੈ, ਜਿਸ ਦੇ ਮੁਕਾਬਲੇ ਦਾ ਦੁਨੀਆਂ ਦੇ ਤਖ਼ਤੇ ਉੱਤੇ ਸ਼ਾਇਦ ਹੀ ਕੋਈ ਸਥਾਨ ਹੋਵੇ।

ਇਸ ਪਵਿੱਤਰ ਸਥਾਨ ਨਾਲ ਸਮੁੱਚਾ ਭਾਰਤ ਤੇ ਹਰਿਆਣਾ ਪ੍ਰਾਂਤ ਵਿਸ਼ੇਸ਼ ਕਰਕੇ ਸਿੱਖ ਸੰਸਾਰ ਹਾਰਦਿਕ ਸ਼ਰਧਾ ਭਾਵ ਰੱਖਦਾ ਹੈ।

ਨਗਰ ਲਖਨੌਰ, ਜਿੱਥੇ ਕਿ ਇਹ ਗੁਰੂ ਦਰਬਾਰ ਸਥਿਤ ਹੈ, ਅੰਬਾਲਾ ਸ਼ਹਿਰ ਤੋਂ 7 ਮੀਲ ਦੱਖਣ ਵੱਲ ਅੰਬਾਲਾ-ਲਲਾਣਾ (ਮਾਤਾ ਗੁਜਰੀ ਮਾਰਗ) ਸ਼ਾਹੀ ਸੜਕ ਉੱਤੇ ਅੰਬਾਲਾ ਛਾਉਣੀ ਦੇ ਸ਼ਟੇਸ਼ਨ ਤੋਂ ਸਾਢੇ 4 ਮੀਲ ਹੈ, ਜਿੱਥੇ ਸ਼ਹਿਰ ਅੰਬਾਲੇ ਤੋਂ ਪੱਕੀ ਸੜ੍ਹਕ ਜਾਂਦੀ ਹੈ। ਪਹਿਲਾਂ ਇਹ ਸਥਾਨ ਰਿਆਸਤ ਪਟਿਆਲਾ ਦੇ ਮਾਤਹਿੱਤ ਸੀ ਤੇ ਹੁਣ ਸ਼੍ਰ.ਗੁ.ਪ੍ਰ. ਕਮੇਟੀ ਦੇ ਅਧੀਨ ਹੈ। ਇਸ ਸਥਾਨ ਪਰ ਸਾਲਾਨਾ ਜੋੜ ਮੇਲਾ ਹਰੇਕ ਸਾਂਲ ਦੁਸਹਿਰੇ ਨੂੰ ਹੁੰਦਾ ਹੈ। ਨਗਰ ਨਖਨੌਰ (ਅੰਬਾਲਾ) ਦਾ ਪੁਰਾਣਾ ਨਾ ਲਖਣਾਵਤੀ, ਜਾਂ ਲਖੀ ਨਗਰ ਸੁਣਨ ਵਿੱਚ ਆਉਂਦਾ ਹੈ।

ਪੁਰਾਣਾ ਲਖਨੌਰ:- ਪੁਰਾਤੱਤ ਵਿਗਿਆਨ ਦੇ ਖੋਜ਼-ਪੱਖ ਤੋਂ ਨਗਰ ਲਖ਼ਨੌਰ ਦੇ ਗਿਰਦੇ ਦੇ ਪੁਰਾਤਨ ਖੰਡਰਾਤਾਂ ਤੋਂ ਪਤਾ ਚਲਦਾ ਹੈ ਕਿ ਇਹ ਨਗਰ ਪ੍ਰਾਚੀਨ ਕਾਲ ਵਿੱਚ ਸੱਚ-ਮੁੱਚ ਹੀ ਇੱਕ ਵੱਡਾ ਨਗਰ ਵਸਦਾ ਰਿਹਾ ਹੋਵੇਗਾ। ਕਈ ਪੁਰਾਤੱਤ ਖੋਜੀ ਇਸੇ ਕਾਰਨ ਲਖਨੌਰ ਦਾ ਮੁੱਢ ਕੌਰਵਾਂ-ਪਾਂਡਵਾਂ ਦੇ ਸਮੇਂ ਨਾਲ ਜੋੜਦੇ ਹਨ। ਕਿਹਾ

ਜਾਂਦਾ ਹੈ ਕਿ ਮਹਾਂਭਾਰਤ ਦੇ ਯੁੱਧ ਸਮੇਂ ਘੋਰ ਨਰ ਸੰਘਾਰ ਹੋਣ ਕਰਕੇ ਜਿਧਰ ਜਿਸ ਨੇ ਮੂੰਹ ਕੀਤਾ ਉੱਧਰ ਹੀ ਚਲਾ ਗਿਆ। ਇਸ ਕਾਰਨ ਉੱਤਰ ਪ੍ਰਦੇਸ਼ ਦੇ ਸ਼ਹਿਰ ਲਖਨਊ ਦੀ ਬਹੁਤ ਆਬਾਦੀ ਲਖ਼ਨੌਰ ਤੋਂ ਹੀ ਹਿਜ਼ਰਤ ਕਰਕੇ ਗਈ ਹੋਈ ਮੰਨੀ ਜਾਂਦੀ ਹੈ। ਲਖਨੌਤੀ, ਲਖਨਊ ਤੇ ਲਖਨੌਰ ਕਿਸੇ ਸਮੇਂ ਇੱਕ ਨਗਰ ਦੇ ਵੱਖੋ-ਵੱਖ ਨਾਂ ਸਨ। ਮਹਾਂਭਾਰਤ ਦੇ ਹਮਲੇ ਪਿੱਛੋਂ ਜਦੋਂ ਵਿਦੇਸ਼ੀ ਹਮਲਾਵਰਾਂ ਨੇ ਪੈਰ ਪਸਾਰੇ ਤੇ ਫੇਰ ਕੁਝ ਸਮੇਂ ਪਿੱਛੋਂ ਮੁਸਲਮਾਨਾਂ ਦੀ ਆਵਾਜਾਈ ਹੋਈ ਤਾਂ ਮਹਿਮੂਦ ਗਜ਼ਨਵੀ ਦੇ ਹਮਲਿਆਂ ਦੇ ਨਾਲੋਂ ਨਾਲ ਫਾਰਸੀ ਕਿਤਾਬਾਂ ਵਿੱਚ ਲਖ਼ਨੌਰ ਦਾ ਜ਼ਿਕਰ ਆਉਣਾ ਸ਼ੁਰੂ ਹੋਇਆ ਤੇ ਇਹ ਨਗਰ ਮੁੜ ਨਵੇਂ ਸਿਰਿਉਂ ਆਬਾਦ ਹੋਣ ਲੱਗਾ।

ਪੜਤਾਲ ਕਰਨ ਤੋਂ ਪਤਾ ਲਗਦਾ ਹੈ ਕਿ ਲਖਨੌਰ ਦੇ ਸਥਾਨ ਪੁਰ ਕੁਝ ਸੁਭਿਖਿਏ ਗੋਤ ਦੇ ਖੱਤ੍ਰੀ ਆਬਾਦ ਹੋਏ, ਜਿਨ੍ਹਾਂ ਦਾ ਕੰਮ ਸੀ ਦੁਕਾਨਦਾਰੀ ਦੇ ਨ਼ਾਲ ਹੀ ਆਏ ਗਏ ਸਾਧੂ ਸੰਤਾਂ ਦੀ ਟਹਿਲ ਸੇਵਾ ਕਰਨਾ।

ਇਹੋ ਭਗਤੀ ਭਾਵ ਦੇਖ ਕੇ 1556 ਬਿ: ਮੁਤਾਬਿਕ ਸੰਨ 1499 ਈ: ਵਿੱਚ ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਸੁਨਾਮ, ਪੇਹਵਾ, ਕੁਰੂਕਸ਼ੇਤਰ ਆਦਿ ਥਾਵੀਂ ਹੁੰਦੇ ਹੋਏ ਲੰਘੇ ਤਾਂ ਰਸਤੇ ਵਿੱਚ ਲਖਨੌਰ ਪੁੱਜ ਕੇ ਉਨ੍ਹਾਂ ਨੇ ਬਾਣੀ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਬਾ ਸ੍ਰੀ ਚੰਦ ਜੀ ਲਖਨੌਰ ਪੁੱਜ ਕੇ ਸ਼ਰਧਾਲੂ ਸਿੱਖਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦਿੰਦੇ ਰਹੇ। ਸੰਮਤ 1686 ਬਿ: ਵਿੱਚ ਜਦ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਰਤਾਰਪੁਰ ਆ ਟਿਕੇ, ਤਾਂ ਭਾਈ ਲਾਲ ਚੰਦ ਸੁਭਿੱਖੀਆ ਜੋ ਬਾਬਾ ਸ਼੍ਰੀ ਚੰਦ ਜੀ ਦੇ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਨਨ ਭਗਤ ਸਨ, ਨੇ ਬਾਬਾ ਸ੍ਰੀ ਚੰਦ ਜੀ ਦੀ ਮਾਰਫ਼ਤ ਜ਼ੋਰ ਪਾਕੇ ਆਪਣੀ ਇਕਲੌਤੀ ਬੇਟੀ ਗੁਜਰੀ ਦਾ ਸੰਬੰਧ, ਗੁਰੂ ਹਰਗੋਬਿੰਦ ਸਾਹਿਬ ਜੀ ਦੇ ਛੋਟੇ ਸਪੁੱਤਰ, ਗੁਰੂ ਤੇਗ ਬਹਾਦਰ ਜੀ ਦੇ ਨਾਲ ਕਰ ਦਿੱਤਾ।

ਜਦੋਂ ਅੱਠਵੀਂ ਪਾਤਸ਼ਾਹੀ ਦੇ ਜੋਤੀ-ਜੋਤ ਸਮਾਣ ਤੇ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਮਤ 1722 ਬਿ: ਵਿੱਚ ਗੱਦੀ ਨਸ਼ੀਨ ਹੋਏ ਤਾਂ ਇਸ ਤੋਂ ਅਗਲੇ ਹੀ ਸਾਲ ਪੋਹ ਸੁਦੀ 7 ਸੰਮਤ 1723 ਬਿ: ਨੂੰ ਉਨ੍ਹਾਂ ਦੇ ਘਰ ਪਟਨਾ (ਬਿਹਾਰ) ਦੇ ਸਥਾਨ ਪੁਰ ਮਾਤਾ ਗੁਜਰੀ ਦੀ ਕੁੱਖੋਂ ਬਾਲਾ ਗੋਬਿੰਦ ਰਾਏ ਦਾ ਜਨਮ ਹੋਇਆ। ਫੇਰ ਸੰਨ 1728 ਬਿ: ਵਿੱਚ ਜਦੋਂ ਦਸ਼ਮੇਸ਼ ਜੀ ਮਸਾਂ ਪੰਜਾਂ ਕੁ ਵਰ੍ਹਿਆਂ ਦੇ ਸਨ ਤਾਂ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਨਾਲ ਮਾਤਾ ਗੁਜਰੀ ਜੀ ਦੇ ਬਿਰਧ ਮਾਤਾ ਨਾਨਕੀ ਜੀ ਸਮੇਤ ਪਟਨੇ ਤੋਂ ਵਾਪਸ ਪੰਜਾਬ ਪੁੱਜਦਿਆਂ ਕੁਰੂਕਸ਼ੇਤਰ ਦੇ ਰਸਤੇ ਆਪਣੇ ਨਾਨਕੇ ਪਿੰਡ ਲਖਨੌਰ ਪਹੁੰਚੇ ਅਤੇ ਭਾਈ ਜੇਠੇ ਆਦਿ ਮਸੰਦਾਂ ਪਾਸ ਹੀ ਕਾਫ਼ੀ ਅਰਸੇ ਟਿਕੇ ਰਹੇ। ਫਿਰ ਵੱਡੇ ਤੋਂ ਛੋਟੇ

ਮਾਤਾ ਜੀ ਦੇ ਆਦੇਸ਼ ਨਾਲ ਆਪਣੀ ਇਸ ਆਮਦ ਦੀ ਯਾਦਗਾਰ ਵਜੋਂ ਤਿੰਨੇ ਮੰਜੇ (ਪਲੰਘ), ਲੰਗਰ ਦੀਆਂ ਦੋ ਪਰਾਤਾਂ, ਹੋਰ ਸ਼ਸ਼ਤ੍ਰਾਂ - ਅਸ਼ਤਰਾਂ ਸਮੇਤ ਇੱਥੇ ਹੀ ਛੱਡ, ਸਿੱਧੇ ਬਾਬੇ ਬਕਾਲੇ ਗੁਰੂ - ਪਿਤਾ ਦੀ ਸੇਵਾ ਵਿੱਚ ਹਾਜ਼ਰ ਹੋਏ।

ਗੁਰੂ ਸਾਹਿਬ ਦੀਆਂ ਇਹ ਵਸਤਾਂ ਅੱਜ ਵੀ ਲਖਨੌਰ ਸਾਹਿਬ ਬੜੇ ਸਤਿਕਾਰ ਨਾਲ ਸਾਂਭੀਆਂ ਹੋਈਆਂ ਹਨ।

**ਲਖਨੌਰ ਦੀ ਰਿਹਾਇਸ਼ ਤੇ ਨਿਰਾਲੇ ਕੌਤਕ:-** ਸ੍ਰੀ ਦਸਮੇਸ਼ ਜੀ ਇਸ ਤਰ੍ਹਾਂ ਲਖਨੌਰ ਰਹਿ ਕੇ ਰੋਜ਼ ਪਿੰਡ ਦੇ ਬੱਚਿਆਂ ਨਾਲ ਭਾਂਤਿ-ਭਾਂਤਿ ਦੀਆਂ ਮਨੋਰੰਜਕ ਖੇਡਾਂ ਖੇਡਣ ਲੱਗੇ। ਇੱਥੇ ਹੀ ਸੱਯਦ ਮੀਰਾਂ ਭੀਖ ਨੇ ਦਸ਼ਮੇਸ਼ ਜੀ ਨੂੰ ਅੱਲਾਹ ਦਾ ਰੂਪ ਜਾਣ ਨਮਸ਼ਕਾਰ ਕੀਤੀ ਤੇ ਮੁਸਲਮਾਨਾਂ ਦੇ ਸਾਹਮਣੇ ਇਹ ਅਸਲੀਅਤ ਖੋਲ੍ਹ ਦਿੱਤੀ ਕਿ ਉਹ ਅੱਲਾਹ ਹਨ।

**ਮਿੱਠੇ ਤੇ ਠੰਢੇ ਪਾਣੀ ਦਾ ਖੂਹ:-** ਪਿੰਡ ਵਿੱਚ ਗਰਮ ਤੇ ਖਾਰੇ ਪਾਣੀ ਦਾ ਖੂਹ ਸੀ। ਗੁਰੂ ਜੀ ਜਦੋਂ ਖਿੱਦੋ ਖੂੰਡੀ, ਗਤਕਾ ਬਾਜੀ, ਤੀਰ ਅੰਦਾਜੀ, ਨੇਜਾ ਬਾਜ਼ੀ, ਢਾਲ-ਤਲਵਾਰ ਚਲਾ ਕੇ ਥੱਕ ਜਾਂਦੇ ਤਾਂ ਇਹੀ ਪਾਣੀ ਪੀ ਕੇ ਗੁਜ਼ਾਰਾ ਕਰਦੇ। ਮਾਤਾ ਗੁਜਰੀ ਜੀ ਨੇ ਪੁੱਤਰ ਦੀ ਤਕਲੀਫ਼ ਨੂੰ ਮਹਿਸੂਸ ਕਰਦਿਆਂ ਠੰਢੇ ਤੇ ਮਿੱਠੇ ਪਾਣੀ ਦਾ ਖੂਹ ਲਗਾਉਣ ਦਾ ਵਿਚਾਰ ਸਭ ਦੇ ਸਾਹਮਣੇ ਪੇਸ਼ ਕੀਤਾ। ਪਿੰਡ ਵਿੱਚ ਚੜ੍ਹਦੇ ਪਾਸੇ ਪੁਰਾਣੀ ਮਣ ਦੇ ਨਿਸ਼ਾਨ ਦੇਖ ਕੇ ਖ਼ੁਦਾਈ ਕੀਤੀ ਤਾਂ ਪਹਿਲਾਂ ਉਜੜਿਆ ਖੂਹ ਫਿਰ ਨਿਕਲ ਆਇਆ। ਇਹ ਖੂਹ ਹੁਣ ਤੱਕ ਇਤਿਹਾਸਕ ਨਿਸ਼ਾਨੀ ਵਜੋਂ ਮੌਜੂਦ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ, ਪਿਤਾ ਜੀ ਦੇ ਹੁਕਮ ਅਨੁਸਾਰ, ਲਖਨੌਰੋਂ ਦਸ਼ਮੇਸ਼ ਜੀ ਆਨੰਦਪੁਰ ਸਾਹਿਬ ਲਈ ਚੱਲ ਪਏ। ਰਾਹ ਵਿੱਚ ਕੁਝ ਸਮਾਂ ਰਾਣੀ ਮਾਜਰੇ ਠਹਿਰੇ। ਆਨੰਦਪੁਰ ਸਾਹਿਬ ਪੁੱਜ ਕੇ ਬਹੁਤੀਆਂ ਜ਼ਿੰਮੇਵਾਰੀਆਂ ਕਾਰਨ, ਉਹ ਮੁੜ ਲਖਨੌਰ ਸਾਹਿਬ ਨਹੀਂ ਆ ਸਕੇ।

ਗੁਰੂ ਜੀ ਦੇ ਆਨੰਦਪੁਰ ਸਾਹਿਬ ਚਲੇ ਜਾਣ ਤੋਂ ਬਾਅਦ ਇਸ ਸਥਾਨ ਦੀ ਸੇਵਾ ਦਾ ਪ੍ਰਬੰਧ, ਪਹਿਲਾਂ ਗੁਰੂ ਜੀ ਦੇ ਨਾਨਕੇ ਪਰਿਵਾਰ ਦੇ ਇੱਕ ਪ੍ਰੇਮੀ ਸਿੱਖ ਤੇ ਫਿਰ ਬਾਬਾ ਹਰਬਖਸ਼ ਸਿੰਘ ਹੋਰਾਂ ਨੇ 60 ਸਾਲ ਤੱਕ ਬੜੀ ਸ਼ਰਧਾ ਭਾਵਨਾ ਨਾਲ ਸੰਭਾਲਿਆ। ਸੰ 1761 ਈ: ਤੱਕ ਇਹ ਪ੍ਰਬੰਧ ਠੀਕ ਢੰਗ ਨਾਲ ਚੱਲਦਾ ਰਿਹਾ। 1762 ਈ: ਵਿੱਚ ਕੁੱਪ-ਰਹੀੜਾ ਦਾ ਵੱਡਾ ਘੱਲੂਘਾਰਾ ਹੋਣ ਤੇ ਲਖਨੌਰ ਦੇ ਨੇੜੇ ਹੀ ਕੋਟ-ਕਛੂਏ ਦੇ ਨਵਾਬ, ਸਰਹੰਦ ਦੇ ਸੂਬੇ ਜੈਨ ਖਾਂ ਨੇ ਸਿੰਘਾਂ ਦਾ ਨਾਸ਼ ਕਰਨ ਵਿੱਚ ਅਹਿਮਦ ਸ਼ਾਹ ਦੁਰਾਨੀ ਦੀ ਪੂਰੀ ਮੱਦਦ ਕੀਤੀ। ਅਹਿਮਦ ਸ਼ਾਹ ਦੇ ਵਾਪਸ ਜਾਣ ਤੋਂ ਬਾਅਦ 1763 ਅਤੇ 1764 ਈ: ਵਿੱਚ ਸਿੰਘਾਂ ਨੇ ਇੱਕੋ ਹਮਲੇ ਨਾਲ ਜੈਨ ਖਾਂ ਸੂਬਾ ਸਰਹਿੰਦ ਨੂੰ ਅਤੇ

ਕੋਟ ਕਛੂਏ ਦੇ ਨਵਾਬ ਨੂੰ ਮਾਰ ਮੁਕਾਇਆ। ਕਿਹਾ ਜਾਂਦਾ ਹੈ, ਜਦੋਂ ਕੋਟ ਕਛੂਏ ਦੇ ਕਿਲ੍ਹੇ ਦੀਆਂ ਇੱਟਾਂ ਦਰਬਾਰ ਸਾਹਿਬ ਲਖਨੌਰ ਸਾਹਿਬ ਦੇ ਲਈ ਢੁਆਈਆਂ ਗਈਆਂ ਤਾਂ ਉਸ ਕਿਲ੍ਹੇ ਵਿੱਚ ਪੱਥਰ ਦੀ ਇੱਕ ਸਿੱਲ ਵੀ ਸੀ, ਜਿਹੜੀ ਚੁੱਕੀ ਨਹੀਂ ਸੀ ਜਾਂਦੀ। ਬ੍ਰਹਮ ਗਿਆਨੀ ਬਾਬਾ ਹਰਬਖਸ਼ ਸਿੰਘ ਨੇ ਆਪਣੇ ਹੱਥ ਦੀ ਛਟੀ 'ਸਤਿਨਾਮ-ਵਾਹਿਗੁਰੂ' ਕਹਿ ਕੇ ਉਸ ਸਿਲ ਨੂੰ ਛੁਹਾਈ ਤਾਂ ਉਸਦੇ ਤਿੰਨ ਟੋਟੇ ਹੋ ਗਏ, ਜੋ ਲਖਨੌਰ ਸਾਹਿਬ ਦੇ ਦਰਵਾਜ਼ੇ ਵਿੱਚ, ਡਿਉਢੀ ਵਿੱਚ ਲਗਾਏ ਗਏ। ਇਸ ਤਰ੍ਹਾਂ ਪੱਥਰ ਦੀ ਇਹ ਸਿਲ ਵੀ ਇੱਕ ਇਤਿਹਾਸਕ ਯਾਦਗਾਰ ਬਣ ਗਈ।

ਦਰਬਾਰ ਸ੍ਰੀ ਲਖਨੌਰ ਸਾਹਿਬ ਵਿੱਚ ਦਸ਼ਮੇਸ਼ ਜੀ ਦਾ ਪਲੰਘ, ਮਾਤਾ ਗੁਜਰੀ ਦਾ ਪਲੰਘ, ਵੱਡੇ ਮਾਤਾ ਨਾਨਕੀ ਦੇ ਪਲੰਘ ਦੇ ਪਾਵੇ, ਲੱਕੜ ਦੀਆਂ ਪ੍ਰਾਤਾਂ ਜੋ ਕੁਝ ਟੁੱਟੀਆਂ ਹੋਈਆਂ ਹਨ, ਗੁਰੂ ਜੀ ਦੇ ਦੋ ਤੀਰ, ਬਰਛੀ, ਜਮਦਾੜ੍ਹ, ਇਹ ਚੀਜ਼ਾਂ ਸੁਸ਼ੋਭਿਤ ਹਨ। ਇੱਥੇ ਮਾਤਾ ਗੁਜਰੀ ਜੀ ਦਾ ਸਰੋਵਰ ਐਨ ਗੁਰਦੁਆਰੇ ਦੇ ਸਾਹਮਣੇ ਹੈ।

# 55 ਗੁਰਦੁਆਰਾ ਨਾਡਾ ਸਾਹਿਬ

*ਡਾ. ਗੁਰਦਰਪਾਲ ਸਿੰਘ*
*ਮੋਬਾ: 9872536600*

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਣੀ ਰਾਏਪੁਰ ਤੇ ਮਾਣਕ ਟੱਪਰੇ ਵੱਲ ਦੀ ਆਉਂਦੇ ਹੋਏ ਨਾਡਾ ਪਿੰਡ ਪਾਸ ਇੱਕ ਉੱਚੇ ਟਿੱਬੇ ਉੱਤੇ ਡੇਰਾ ਲਗਾਇਆ। ਇਸ ਅਸਥਾਨ ਉੱਪਰ ਸਤਿਗੁਰਾਂ ਨਾਲ ਕਈ ਸਿੱਖ-ਸੇਵਕ, ਸ਼ਸਤਰਧਾਰੀ, ਯੋਧੇ, ਘੋੜ-ਸਵਾਰ ਤੇ ਜੰਗੀ ਸੂਰਮੇ ਮੌਜੂਦ ਸਨ। ਉਹਨਾਂ ਦਿਨਾਂ ਵਿੱਚ ਧਿਹ ਪਰਗਨਾਂ ਨਿਪਟ-ਜੰਗਲੀ ਇਲਾਕਾ ਸੀ, ਜਿੱਥੇ ਕਿ ਭਾਈ ਮੱਖਣ ਸ਼ਾਹ ਲੁਬਾਣਾ ਦੇ ਖਾਨਦਾਨ 'ਚੋਂ ਕਈ ਲੋਕੀਂ ਆਬਾਦ ਸਨ। ਇਸ ਪਿੰਡ ਦੇ ਵਾਸੀ ਨਾਡੂ ਸ਼ਾਹ ਨਾਂ ਦੇ ਧਰਮੀ ਬੰਦੇ ਨੇ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਨੂੰ 'ਜੀ ਆਇਆ' ਕਿਹਾ। ਗੁਰੂ ਸਾਹਿਬਾਨ ਤੇ ਗੁਰੂ ਜੀ ਦੇ ਸਿੱਖ ਸੇਵਕਾਂ ਦੀ ਨਾਡੂ ਸ਼ਾਹ ਨੇ ਬੜੀ ਸੇਵਾ ਕੀਤੀ। ਜਿੰਨਾ ਚਿਰ ਗੁਰੂ ਜੀ ਇੱਥੇ ਠਹਿਰੇ ਨਾਡੂ ਸ਼ਾਹ ਗੁਰੂ ਜੀ ਦੀ ਅੰਨ ਧੰਨ ਨਾਲ ਸੇਵਾ ਕਰਦਾ ਰਿਹਾ। ਇਹਨਾਂ ਦੀ ਟਹਿਲ ਸੇਵਾ ਨੂੰ ਵੇਖ ਕੇ ਦਸਵੇਂ ਪਾਤਸ਼ਾਹ ਬਹੁਤ ਪ੍ਰਸੰਨ ਹੋਏ। ਗੁਰੂ ਜੀ ਦੇ ਇੱਥੇ ਤੁਰਨ ਸਮੇਂ ਨਾਡੂ ਸ਼ਾਹ ਨੂੰ ਸਤਿਗੁਰਾਂ ਨੇ ਵਰ ਬਖ਼ਸਿਆ ਸੀ ਤੇ ਕਿਹਾ ਸੀ, "ਤੇਰੀ ਸੇਵਾ ਕਰਕੇ ਹੀ ਇਹ ਅਸਥਾਨ ਨਾਡਾ ਦੇ ਨਾਂ ਨਾਲ ਬਹੁਤ ਪ੍ਰਸਿੱਧ ਹੋਵੇਗਾ। ਇਹ ਗੱਲ ਕਿਸੇ ਦੇ ਖਿਆਲ ਵਿੱਚ ਨਹੀਂ ਸੀ ਕਿ ਇਸ ਜੰਗਲੀ ਪਰਗਣੇ ਦਾ ਇਕ ਟਿੱਬਾ ਜੋ ਨਾਡਾ ਪਿੰਡ ਦੇ ਦੱਖਣ ਪੂਰਬ ਵੱਲ ਘੱਗਰ ਦੇ ਕੰਢੇ ਉੱਤੇ ਵਸਿਆ ਹੈ, ਗੁਰਦੁਆਰਾ ਨਾਡਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਵੇਗਾ ਤੇ ਲੋਕਾਂ ਵਾਸਤੇ ਇਸ ਅਸਥਾਨ ਦੀ ਧੂੜੀ ਦੁਖੀਆਂ ਦੇ ਦਰਦ ਦੀ ਦਵਾਈ ਬਣੇਗੀ।

ਕੋਈ ਸਮਾਂ ਸੀ ਜਦੋਂ ਇਹ ਅਸਥਾਨ ਇਕੱਲ ਵਾਂਙੋਂ ਅਣਜਾਣ ਹਾਲਤ ਸਿੱਖ ਸੰਗਤਾਂ ਦੀਆਂ ਨਜ਼ਰਾਂ ਤੋਂ ਉਹਲੇ ਸੀ। ਪ੍ਰਸਿੱਧ ਵਿਦਵਾਨ 'ਮਹਾਨ ਕੋਸ਼' ਦੇ ਕਰਤਾ ਭਾਈ ਕਾਹਨ ਸਿੰਘ ਨਾਭਾ ਵਾਲਿਆਂ ਨੇ ਮਹਾਨ ਕੋਸ਼ ਪੁਸਤਕ 1930 ਵਿੱਚ ਤਿਆਰ ਕੀਤੀ, ਜਿਸ ਵਿੱਚ ਉਹਨਾਂ ਨੇ ਨਾਡਾ ਸਾਹਿਬ ਬਾਰੇ ਜ਼ਿਕਰ ਕਰਦਿਆਂ ਕਿਹਾ 'ਨਾਡਾ ਪਟਿਆਲਾ ਰਾਜ ਵਿੱਚ ਤਹਿਸੀਲ ਰਾਜਪੁਰਾ ਥਾਣਾ ਪਿੰਜਰ ਦਾ ਇਕ ਪਿੰਡ ਜੋ ਰੇਲਵੇ ਸਟੇਸ਼ਨ ਚੰਡੀਗੜ੍ਹ ਤੋਂ ਚਾਰ ਮੀਲ ਦੱਖਣ ਪੂਰਬ ਵੱਲ ਹੈ, ਇਸ ਪਿੰਡ ਵਿੱਚ ਦਸਮੇਸ਼ ਜੀ ਦਾ ਗੁਰਦੁਆਰਾ ਹੈ। ਇਸ ਅਸਥਾਨ ਬਾਰੇ ਪ੍ਰਬੰਧਕਾਂ ਨੂੰ ਖੋਜ ਕਰਦਿਆਂ ਜਾਣਕਾਰੀ ਮਿਲੀ ਹੈ ਕਿ ਇਹ ਅਸਥਾਨ ਕੁਝ ਚਿਰ ਗੁੰਮਨਾਮ ਰਿਹਾ। ਜਿਸ ਦਾ ਕਾਰਨ ਇਹ ਸੀ ਕਿ ਇਹ ਪਹਾੜੀ ਤੇ ਜੰਗਲੀ ਪਰਗਨਾਂ ਸੀ ਜਿਸ ਵਿੱਚ ਆਮ ਆਵਾਜਾਈ ਨਾ ਹੋਣ ਕਾਰਨ ਇੱਥੇ ਕਿਸੇ ਸੇਵਾਦਾਰ ਦਾ ਟਿਕਾਊ ਮੁਸ਼ਕਲ ਸੀ ਪਰ ਫਿਰ ਵੀ ਭਾਈ ਮੋਤਾ ਸਿੰਘ ਜੀ

ਇੱਥੇ ਦੇ ਪਹਿਲੇ ਸੇਵਾਦਾਰ ਸਨ, ਜਿੰਨਾਂ ਦੀ ਮਿਹਨਤ ਅਤੇ ਘਾਲਣਾ ਸ਼ਲਾਘਾਯੋਗ ਹੈ। ਉਹਨਾਂ ਤੋਂ ਮਗਰੋਂ ਉਹਨਾਂ ਦਾ ਪਰਿਵਾਰ ਧੂਪ ਬੱਤੀ ਕਰਦਾ ਰਿਹਾ। ਹੁਣ ਨਾਡਾ ਸਾਹਿਬ ਦਾ ਨਾਂ ਦੇਸ਼ਾਂ, ਬਿਦੇਸ਼ਾਂ ਵਿੱਚ ਵੀ ਕਾਫੀ ਪ੍ਰਸਿੱਧ ਹੈ। ਹਿੰਦੂ, ਸਿੱਖ, ਮੁਸਲਮਾਨ ਹੁਣ ਭਾਰੀ ਗਿਣਤੀ ਵਿੱਚ ਗੁਰਦੁਆਰਾ ਨਾਡਾ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਪੂਰਨਮਾਸੀ ਮੌਕੇ ਇਸ ਗੁਰਦੁਆਰਾ ਸਾਹਿਬ ਵਿਖੇ ਭਾਰੀ ਗਿਣਤੀ ਵਿੱਚ ਸੰਗਤਾਂ ਦੂਰੋਂ-ਨੇੜਿਓਂ ਨਤਮਸਤਕ ਹੁੰਦੀਆਂ ਹਨ। ਪੁਰਾਣੇ ਅਸਥਾਨ ਨੂੰ ਨਵੀਂ ਦਿਖ ਦਾ ਸਰੂਪ ਦੇ ਕੇ ਬਹੁਤ ਸੁੰਦਰ-ਸਜੀਲਾ ਬਣਾਇਆ ਗਿਆ ਹੈ। ਅਖੰਡ-ਪਾਠਾਂ ਦੀ ਲੜੀ ਚਲਦੀ ਰਹਿੰਦੀ ਹੈ। ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਕਾਰਾਂ, ਗੱਡੀਆਂ, ਮੋਟਰ-ਸਾਈਕਲ, ਸਕੂਟਰਾਂ ਤੇ ਹੋਰ ਸਾਧਨਾਂ ਲਈ ਆਧੁਨਿਕ-ਪਾਰਕ ਬਣਾਈ ਗਈ ਹੈ। ਸੰਗਤਾਂ ਦੇ ਬਿਸਰਾਮ ਲਈ ਆਧੁਨਿਕ ਸਹੂਲਤਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਉਸਾਰੀ ਤੇ ਕਾਰ-ਸੇਵਾ ਨਿਰੰਤਰ ਜਾਰੀ ਹੈ। ਗੁਰਪੁਰਬਾਂ ਅਤੇ ਤਿਉਹਾਰਾਂ ਮੌਕੇ ਸੰਗਤਾਂ ਦਾ ਹੜ, ਵੇਖਣ ਯੋਗ ਹੁੰਦਾ ਹੈ। ਪੁਆਧ ਦੇ ਇਸ ਖੇਤਰ ਵਿੱਚ ਇਸ ਅਸਥਾਨ ਦੀ ਆਪਣੀ ਹੀ ਅਲੌਕਿਕ-ਮਹਿਮਾ ਹੈ।

# 56 ਮਨਸਾ ਦੇਵੀ ਦੇ ਮੰਦਰਾਂ ਦਾ ਇਤਿਹਾਸ

**ਪੀ.ਪੀ. ਵਰਮਾ**

ਮਨੀਮਾਜਰਾ ਦੇ ਐਨ ਨੇੜੇ ਪੰਚਕੂਲਾ ਜ਼ਿਲ੍ਹੇ ਵਿੱਚ ਪੈਂਦੇ ਸ਼ਕਤੀਪੀਠ ਮਾਤਾ ਮਨਸਾ ਦੇਵੀ ਮੰਦਰ ਦੇ ਨਾਲ ਬਣੇ ਬਾਕੀ ਮੰਦਰਾਂ ਦੀ ਆਪਣੀ ਮਹੱਤਤਾ ਅਤੇ ਪੁਰਾਤਨ ਇਤਿਹਾਸ ਹੈ। ਸ਼ਕਤੀਪੀਠਾਂ ਵਿੱਚੋਂ ਇਸ ਨੂੰ ਇਕ ਸ਼ਕਤੀਪੀਠ ਮੰਨਿਆ ਜਾਂਦਾ ਹੈ। ਇਹ ਤੰਤਰ ਚੂੜਾਮਣੀ ਗ੍ਰੰਥ ਦੇ ਅਨੁਸਾਰ 51 ਸ਼ਕਤੀਪੀਠਾਂ ਵਿੱਚੋਂ ਇਕ ਹੈ। ਇਸ ਅਸਥਾਨ 'ਤੇ ਮਾਤਾ ਮਨਸਾ ਦੇਵੀ ਦੇ ਤਿੰਨ ਮੰਦਰ ਹਨ। ਸਭ ਤੋਂ ਵੱਡਾ ਮੰਦਰ ਮਾਤਾ ਮਨਸਾ ਦੇਵੀ ਦਾ ਐਨ ਦੋ ਮੰਦਰਾਂ ਵਿਚਕਾਰ ਹੈ। ਜਿਸ ਨੂੰ ਸਭ ਤੋਂ ਵੱਧ ਥਾਂ ਪ੍ਰਾਪਤ ਹੈ। ਇਸ ਮੰਦਰ ਦੀ ਪੂਰਵ ਦਿਸ਼ਾ ਵਿੱਚ ਪਟਿਆਲਾ ਵਾਲਾ ਮੰਦਰ ਹੈ। ਮੁੱਖ ਮੰਦਰ ਦੀ ਉੱਤਰ ਦਿਸ਼ਾ ਵਿੱਚ ਪਹਾੜੀ ਵੱਲ ਸਤੀ ਮੰਦਰ ਹੈ।

ਮਾਤਾ ਮਨਸਾ ਦੇਵੀ ਦੇ ਨਾਲ ਪਟਿਆਲਾ ਵਾਲਾ ਮੰਦਰ ਪਟਿਆਲਾ ਮੰਦਰ ਦੇ ਨਾਂ ਇਸ ਕਰਕੇ ਪ੍ਰਸਿੱਧ ਹੈ ਕਿਉਂਕਿ ਇਸ ਦਾ ਨਿਰਮਾਣ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਕਰਵਾਇਆ ਸੀ। ਮੰਦਰ ਦੇ ਆਸ-ਪਾਸ ਰਹਿੰਦੇ ਬਜ਼ੁਰਗ ਬ੍ਰਾਹਮਣ ਪਰਿਵਾਰ ਦੱਸਦੇ ਹਨ ਕਿ ਜਦੋਂ ਮਹਾਰਾਜਾ ਪਟਿਆਲਾ ਕਰਮ ਸਿੰਘ ਇਸ ਥਾਂ 'ਤੇ ਆ ਕੇ ਪੁਰਾਣੇ ਮਾਤਾ ਮਨਸਾ ਦੇਵੀ ਦੇ ਮੰਦਰ ਵਿੱਚ ਯੁੱਧ 'ਚ ਜਿੱਤ ਹੋਣ ਦੀ ਉਮੀਦ ਲੈ ਕੇ ਮੰਨਤ ਮੰਨੀ ਸੀ ਤਾਂ ਉਸ ਮੰਨਤ ਦੇ ਪੂਰਾ ਹੋਣ 'ਤੇ ਮਹਾਰਾਜਾ ਕਰਮ ਸਿੰਘ ਨੇ ਇਸ ਮੰਦਰ ਦਾ ਨਿਰਮਾਣ ਕਰਵਾਇਆ ਸੀ। ਇਸ ਮੰਨਤ ਤੋਂ ਬਾਅਦ ਮਹਾਰਾਜਾ ਨੇ ਕੰਡਾਘਾਟ ਅਤੇ ਇਸ ਦੇ ਆਸ-ਪਾਸ ਦੇ ਪਹਾੜੀ ਰਾਜਿਆਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਇਹੋ ਕਾਰਨ ਹੈ ਕਿ ਪਟਿਆਲਾ ਦੇ ਮਹਾਰਾਜੇ ਘਰਾਣੇ ਦੇ ਲੋਕ ਅੱਜ ਵੀ ਇਸ ਮੰਦਰ ਨੂੰ ਪੂਰੀ ਸ਼ਰਧਾ ਨਾਲ ਪੂਜਦੇ ਹਨ ਅਤੇ ਮੱਥਾ ਟੇਕਣ ਆਉਂਦੇ ਹਨ। ਪਟਿਆਲਾ ਰਿਆਸਤ ਦੇ ਨਾਲ ਨਾਲ ਫਰੀਦਕੋਟ ਰਿਆਸਤ ਅਤੇ ਨਾਭਾ ਰਿਆਸਤ ਦੇ ਨਾਲ ਜੁੜੇ ਸ਼ਾਹੀ ਪਰਿਵਾਰ ਵੀ ਇੱਥੇ ਮੱਥਾ ਟੇਕਦੇ ਹਨ ਅਤੇ ਇਸ ਥਾਂ 'ਤੇ ਲੱਗਦੇ ਮੇਲੇ ਵਿੱਚ ਪੰਚਕੂਲਾ ਦੇ ਲੋਕਾਂ ਦੇ ਨਾਲ-ਨਾਲ ਵੱਡੀ ਗਿਣਤੀ ਦੇ ਲੋਕ ਪਟਿਆਲਾ, ਨਾਭਾ, ਸਰਹਿੰਦ, ਸੰਗਰੂਰ, ਫਰੀਦਕੋਟ, ਬਠਿੰਡਾ, ਬਰਨਾਲਾ ਅਤੇ ਮਾਨਸਾ ਦੇ ਹੁੰਦੇ ਹਨ।

ਮੁੱਖ ਮੰਦਰ ਦੇ ਪਿਛਲੇ ਪਾਸੇ ਸਤੀ ਮਾਤਾ ਦਾ ਮੰਦਰ ਹੈ। ਇਹ ਸਭ ਤੋਂ ਪ੍ਰਾਚੀਨ ਮੰਦਰ ਹੈ। ਇਥੇ ਮਹੰਤ ਮਨਸਾ ਨਾਥ ਨੇ ਅਰਾਧਨਾ ਕੀਤੀ ਸੀ ਜਿਸ ਦਾ ਮਾਤਾ ਮਨਸਾ ਦੇਵੀ ਦੇ ਇਸ ਧਾਰਮਿਕ ਅਸਥਾਨ 'ਤੇ ਪੂਰਾ ਵਿਸ਼ਵਾਸ ਸੀ। ਅੱਜ ਵੀ ਮੰਦਰ ਦੇ ਲੋਕ ਐਨ ਪੌੜੀਆਂ ਚੜ੍ਹਦੇ ਹੋਏ ਖੱਬੇ ਹੱਥ ਮਹੰਤ ਮਨਸਾ ਨਾਥ ਦਾ ਮੰਦਰ ਸੁਸ਼ੋਭਿਤ ਹੈ। ਸਤੀ ਮਾਤਾ ਦੇ ਪੁਰਾਣੇ ਮੰਦਰ ਵਿੱਚ ਹੀ ਅਸਲ ਮਾਤਾ ਦੀ ਪਿੰਡੀ ਸੁਸ਼ੋਭਿਤ ਸੀ। ਰਾਜਾ ਗੋਪਾਲ ਸਿੰਘ

ਨੇ ਇਸ ਮੰਦਰ ਦਾ ਨਿਰਮਾਣ ਕਰਵਾਇਆ ਸੀ। ਇਹ ਮੰਦਰ ਨਦੀ ਕੋਲ ਹੋਣ ਕਾਰਨ ਅਤੇ ਹੜ੍ਹ ਆ ਜਾਣ ਦੇ ਖਤਰਿਆਂ ਨੂੰ ਲੈ ਕੇ ਪੂਰੀ ਸ਼ਰਧਾ ਭਾਵ ਨਾਲ ਨਵੇਂ ਬਣੇ ਮੁੱਖ ਵੱਡੇ ਮਾਤਾ ਮਨਸਾ ਦੇਵੀ ਦੇ ਮੰਦਰ ਵਿੱਚ ਇਸ ਨੂੰ ਸ਼ੁਸ਼ੋਭਿਤ ਕੀਤਾ ਗਿਆ। ਮਾਤਾ ਸਤੀ ਦਾ ਪੁਰਾਣਾ ਇਤਿਹਾਸਕ ਮੰਦਰ ਅੱਜ ਵੀ ਲੱਖਾਂ ਲੋਕਾਂ ਲਈ ਪੂਰੇ ਵਿਸ਼ਵਾਸ ਦਾ ਕੇਂਦਰ ਹੈ। ਪੁਰਾਣੇ ਮੰਦਰ ਵਿੱਚੋਂ ਪਿੰਡੀ ਨੂੰ ਲੈ ਕੇ ਨਵੇਂ ਵੱਡੇ ਮੰਦਰ ਵਿੱਚ ਸ਼ੁਸ਼ੋਭਿਤ ਕੀਤਾ ਗਿਆ ਸੀ, ਉੱਥੇ ਸਿੱਧ ਸ਼ਿਵਲਿੰਗ ਹੈ। ਇਸ ਕਰਕੇ ਇੱਥੇ ਸ਼ਿਵ ਸ਼ਕਤੀ ਦੀ ਪੂਜਾ ਇਕੱਠੀ ਹੁੰਦੀ ਹੈ। ਰਾਜਾ ਗੋਪਾਲ ਸਿੰਘ ਵੱਲੋਂ ਅਧੂਰੇ ਛੱਡੇ ਗਏ ਇਸ ਮੰਦਰ ਦਾ ਪੂਰਾ ਨਿਰਮਾਣ ਉਨ੍ਹਾਂ ਦੇ ਪੜ੍ਹਪੋਤੇ ਗੁਰਬਖਸ਼ ਸਿੰਘ ਨੇ ਕਰਵਾਇਆ। ਮਾਤਾ ਦੇ ਮੰਦਰ ਤੋਂ ਲੈ ਕੇ ਰੇਲਵੇ ਲਾਈਨ ਤੱਕ ਦੁਰਗਾ ਮਾਤਾ ਦੇ ਮੰਦਰ ਤੱਕ ਗੁਫਾ ਦੇ ਚਿੰਨ ਵੇਖੇ ਜਾ ਸਕਦੇ ਹਨ। ਮਾਤਾ ਮਨਸਾ ਦੇਵੀ ਦੇ ਪੁਰਾਣੇ ਮੰਦਰ ਦਾ ਇਤਿਹਾਸ ਵਰਣਨ ਅੰਬਾਲਾ ਦੇ ਗਜ਼ਟੀਅਰ ਵਿੱਚ ਹੈ। ਸੁਰੰਗ ਦੇ ਰਸਤੇ ਵਿਚੋਂ ਮਨੀਮਾਜਰਾ ਦੇ ਰਾਜ ਪਰਿਵਾਰ ਦੇ ਲੋਕ ਮੱਥਾ ਟੇਕਣ ਜਾਂਦੇ ਸਨ।

ਸਾਰੇ ਮੰਦਰਾਂ ਵਿੱਚ ਸਾਰੀਆਂ ਥਾਵਾਂ, ਬਾਗ, ਬਗੀਚੇ ਅਤੇ ਸੰਗਮਰਮਰ ਲਗਾ ਦਿੱਤਾ ਗਿਆ। ਮਾਤਾ ਮਨਸਾ ਦੇਵੀ ਦੇ ਮੰਦਰ ਦੇ ਆਸ-ਪਾਸ ਹੋਰ ਵੀ ਕਈ ਮੰਦਰ ਹਨ ਜਿਨ੍ਹਾਂ ਦਾ ਪ੍ਰਬੰਧ ਪ੍ਰਾਈਵੇਟ ਤੌਰ 'ਤੇ ਚਲਾਇਆ ਜਾ ਰਿਹਾ ਹੈ।

# 57 ਚੰਡੀਗੜ੍ਹ ਸੁਖਨਾ ਝੀਲ ਦੇ ਪੁਰਾਤਨ ਪਿੱਪਲ ਦੀ ਆਤਮ-ਕਥਾ

*ਮਨਮੋਹਨ ਸਿੰਘ ਦਾਊਂ*

ਚੰਡੀਗੜ੍ਹ ਸ਼ਹਿਰ ਦੀਆਂ ਕਈ ਥਾਵਾਂ, ਇਮਾਰਤਾਂ ਤੇ ਅਦਾਰੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹਨ, ਉੱਥੇ ਉੱਤਰ-ਪੂਰਬ ਸਥਿਤ ਸੁਖਨਾ ਝੀਲ ਵੀ ਆਪਣੇ-ਆਪ ਦਰਸ਼ਕਾਂ ਨੂੰ ਮਨ-ਮੋਹਿਤ ਕਰਦੀ ਹੈ। ਸੂਰਜਪੁਰ ਤੇ ਨੈਣਾਂ ਸਥਾਨਾਂ ਤੋਂ ਕਦੇ ਦੋ ਨਦੀਆਂ ਆਉਂਦੀਆਂ ਹੁੰਦੀਆਂ ਸਨ ਤੇ ਆਪਸ ਵਿੱਚ ਮਿਲ ਕੇ ਸੁਖਨਾ ਨਦੀ ਬਣ ਜਾਂਦੀਆਂ ਸਨ। ਭਾਰਤ ਦੀ ਅਜ਼ਾਦੀ ਪਿੱਛੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਨਾਮ ਚੰਡੀਮੰਦਰ ਤੋਂ ਪਿਆ। ਇਹ ਵੀ ਸੁਣਨ 'ਚ ਆਇਆ ਕਿ ਪਹਿਲਾਂ ਇਸ ਦਾ ਨਾਮ ਲਾਲਾ ਲਾਜਪਤ ਰਾਏ ਨਗਰ ਰੱਖਣ ਦੀ ਸਲਾਹ ਵੀ ਸੀ। ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਇਸ ਸ਼ਹਿਰ ਦਾ ਨੀਂਹ ਪੱਥਰ 2 ਅਪ੍ਰੈਲ, 1952 ਨੂੰ ਰੱਖਿਆ। ਫਰਾਂਸ ਦੇ ਆਰਕੀਟੈਕਟ ਲੀ-ਕਾਰਬੂਜ਼ੀਅਰ ਨੂੰ ਇਸ ਸ਼ਹਿਰ ਦਾ ਮਾਸਟਰ-ਪਲੈਨ ਦੀ ਜ਼ਿੰਮੇਵਾਰੀ ਸੌਂਪੀ ਗਈ। ਉਸ ਨੇ ਸ਼ਿਵਾਲਿਕ-ਪਹਾੜੀਆਂ ਦੀ ਪ੍ਰਾਕਿਰਤਕ ਸੁੰਦਰਤਾ ਨੂੰ ਕਾਇਮ ਰੱਖਣ ਲਈ ਤੇ ਸੈਲਾਨੀਆਂ ਦੇ ਮਨੋ-ਰੰਜਨ ਲਈ ਸੁਖਨਾ ਝੀਲ ਨੂੰ ਮਾਸਟਰ-ਪਲਾਨ ਦਾ ਮਹੱਤਵਪੂਰਨ ਹਿੱਸਾ ਬਣਾਇਆ ਜਿਸ ਕਾਰਨ ਹੀ ਚੰਡੀਗੜ੍ਹ ਲਈ ਪਦਮ ਸ੍ਰੀ ਨੇਕ ਚੰਦ ਨੂੰ ਰਾਕ-ਗਾਰਡਨ ਸਿਰਜਣ ਦਾ ਖਿਆਲ ਆਇਆ। ਹੁਣ ਰਾਕ-ਗਾਰਡਨ ਤੇ ਸੁਖਨਾ ਝੀਲ ਦੀ ਸਾਂਝ ਏਨੀ ਇਕ-ਮਿਕ ਹੋ ਗਈ ਹੈ ਜਿਵੇਂ ਇਹ ਚੰਡੀਗੜ੍ਹ ਸ਼ਹਿਰ ਦੀ ਰੂਹ ਹੋਣ। ਸਵੇਰੇ ਤੇ ਸ਼ਾਮੀਂ ਚੰਡੀਗੜ੍ਹ ਵਾਸੀ ਸੈਰ ਦਾ ਅਨੰਦ ਮਾਣਦੇ ਹਨ। ਵਿਸ਼ੇਸ਼ ਸਮਾਗਮਾਂ 'ਤੇ ਝੀਲ ਕਿਨਾਰੇ ਰੌਣਕਾਂ ਲੱਗਦੀਆਂ ਹਨ। ਨੇੜੇ ਹੀ ਗੋਲਫ ਕਲੱਬ ਦੇ ਸ਼ਾਹੀ ਜਲੌਅ ਵੇਖਣ ਯੋਗ ਹਨ। ਨਾਲ ਹੀ ਪੰਜਾਬ ਗਵਰਨਰ ਹਾਊਸ ਸਸ਼ੋਭਤ ਹੈ ਜਿਹੜਾ ਕਈ ਏਕੜ ਜ਼ਮੀਨ ਉੱਤੇ ਉਸਾਰਿਆ ਗਿਆ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ 1952 ਤੋਂ ਪਹਿਲਾਂ ਇਸ ਸਾਰੇ ਖੇਤਰ 'ਤੇ ਘੁੱਗ ਵਸਦਾ ਪਿੰਡ ਰਾਮਨਗਰ (ਭੰਗੀਮਾਜਰਾ) ਹੁੰਦਾ ਸੀ ਜਿਸ ਨੂੰ ਲਗਪਗ 250 ਸਾਲ ਪਹਿਲਾਂ ਬਜ਼ੁਰਗ ਖੜਕ ਸਿੰਘ ਨੇ ਵਸਾਇਆ ਸੀ। ਉਦੋਂ 20/22 ਘਰ ਸਨ, ਗੋਤੀ ਸਨ ਛੜਾਨ ਜ਼ਿਮੀਦਾਰ। ਬਾਅਦ 'ਚ ਇੱਕ ਘਰ ਤਰਖਾਣਾਂ ਦਾ, ਇੱਕ ਘਰ ਲੁਬਾਣਿਆਂ ਦਾ ਅਤੇ ਇੱਕ ਘਰ ਕਹਾਰਾਂ ਦਾ ਵਸਾਇਆ ਗਿਆ।

ਇਸ ਵੇਲੇ ਸੁਖਨਾ ਝੀਲ 'ਤੇ ਬਿਲਕੁਲ ਕੰਢੇ ਉੱਤੇ ਇੱਕ ਪੁਰਾਣਾ ਪਿੱਪਲ ਆਪਣੀ ਕਹਾਣੀ ਸਾਂਭੀ ਖੜ੍ਹੋਤਾ ਹੈ ਜਿਸ ਦੇ ਟਾਹਣ ਅਤੇ ਤਣਾ ਇਸ ਦੀ ਉਮਰ ਸੌ ਕੁ ਸਾਲ ਦੀ ਦੱਸਦੇ ਜਾਪਦੇ ਹਨ। ਕਿੰਨੇ ਹੀ ਸੈਲਾਨੀ ਇਸ ਨੂੰ ਤੱਕਦੇ ਹਨ, ਥੱਲੇ ਚਬੂਤਰੇ

'ਤੇ ਬੈਠ ਕੇ ਦਮ ਭਰਦੇ ਤੇ ਛਾਂ ਮਾਣਦੇ ਹਨ। ਕਈ ਪ੍ਰੇਮੀ-ਪ੍ਰੇਮਿਕਾ ਆਪਣੇ ਨਾਮ ਇਸ ਦੇ ਤਣੇ ਉੱਤੇ ਖੁਣਦੇ ਹਨ ਪਰੰਤੂ ਇਹ ਪਿੱਪਲ (ਬ੍ਰਹਮਾ) ਅਡੋਲ ਹੈ ਤੇ ਖ਼ਾਮੋਸ਼ ਹੈ। ਹਨੇਰੀਆਂ ਆਈਆਂ, ਝੱਖੜ ਝੁਲੇ, ਡੋਬਾ-ਸੋਕਾ, ਗਰਮੀ-ਸਰਦੀ ਹੋਰ ਪਤਾ ਨਹੀਂ ਕੀ-ਕੀ ਵਾਪਰਿਆ ਪਰੰਤੂ ਇਹ ਪਿੱਪਲ ਉਸ ਮਨੁੱਖ ਦੀ ਯਾਦ ਸਾਂਭੀ ਹਾਜ਼ਰ ਹੈ ਜਿਸ ਨੇ ਇਸ ਨੂੰ ਲਾਇਆ ਸੀ। ਉਹ ਸੀ ਪਿੰਡ ਰਾਮਨਗਰ (ਭੰਗੀਮਾਜਰਾ) ਦਾ ਗਿਆਨ ਸਿੰਘ (ਗਿਆਨਾ) ਵਲਦ ਨੰਦ ਸਿੰਘ (ਨੰਦਾ) ਇੱਕ ਆਮ ਜ਼ਿਮੀਦਾਰ। ਗਿਆਨ ਸਿੰਘ ਇੱਕ ਮੋਹਵੰਤਾ, ਸਾਊ, ਲੰਮਾ-ਲੰਝਾ ਤੇ ਨਿਮਰ-ਸੁਭਾਅ ਦਾ ਮਾਲਕ ਸੀ ਜਦੋਂ ਕਿ ਉਸ ਦਾ ਪਿਤਾ ਅੱਖੜ ਸੁਭਾਅ ਵਾਲਾ ਜਾਣਿਆ ਜਾਂਦਾ ਸੀ। ਗਿਆਨ ਸਿੰਘ ਭਾਰਤੀ ਫੌਜ ਵਿੱਚ ਭਰਤੀ ਹੋ ਗਿਆ। ਕੁਦਰਤ ਦੀ ਕਰੋਪੀ ਉਸ ਨੂੰ ਘਾਤਕ ਬਿਮਾਰੀ ਟੀ.ਬੀ. ਹੋ ਗਈ ਤੇ ਫੌਜ 'ਚੋਂ ਬਿਨਾਂ ਪੈਨਸ਼ਨ ਦਿੱਤਿਆਂ ਕੱਢ ਦਿੱਤਾ। ਉਸ ਦੀ ਘਰ ਵਾਲੀ ਪਿੰਡ ਗੁਰਦਾਸਪੁਰ ਤੋਂ ਸੀ। ਜਿਸ ਨੂੰ ਕਈ ਮੁਸੀਬਤਾਂ ਨੇ ਘੇਰ ਲਿਆ ਤੇ ਕੋਈ ਬੱਚਾ ਵੀ ਪੈਦਾ ਨਾ ਹੋਇਆ। ਦੱਸਦੇ ਨੇ ਕਿ ਇਹ ਔਰਤ ਬਹੁਤ ਹੀ ਸੁਸ਼ੀਲ ਸੁਭਾਅ ਦੀ ਸੀ। ਗਿਆਨ ਸਿੰਘ ਦੀ ਆਤਮਾ 'ਚੋਂ ਪਿੱਪਲ ਦਾ ਰੁੱਖ ਲਾਉਣ ਦਾ ਫੁਰਨਾ ਉਪਜਿਆ। "ਚਲੋ, ਜੇ ਪ੍ਰਮਾਤਮਾ ਨੇ ਸੰਤਾਨ ਨਹੀਂ ਦਿੱਤੀ ਤਾਂ ਪਿੰਡ ਦੀ ਸ਼ਾਮਲਾਟ ਜ਼ਮੀਨ 'ਤੇ ਇੱਕ ਰੁੱਖ (ਪਿੱਪਲ) ਹੀ ਆਪਣੀ ਨਿਸ਼ਾਨੀ (ਔਲਾਦ) ਵੱਜੋਂ ਲਾ ਦੇਵਾਂ।" ਇਸ ਸ਼ਾਮਲਾਟ ਜ਼ਮੀਨ ਨੂੰ ਪਸ਼ੂਆਂ ਦੀ ਚਰਾਂਦ ਵੀ ਕਿਹਾ ਜਾਂਦਾ ਸੀ ਤੇ ਕਿਸਾਨ ਆਪਣੀ ਫ਼ਸਲ ਲਈ ਖਲਵਾੜੇ ਵੱਜੋਂ ਵੀ ਵਰਤ ਲੈਂਦੇ ਸਨ। ਰੱਬ ਦਾ ਭਾਣਾ, ਕੁਝ ਸਾਲਾਂ ਬਾਅਦ ਗਿਆਨ ਸਿੰਘ ਦਾ ਦਿਹਾਂਤ ਹੋ ਗਿਆ। ਪੁੱਤਰ ਦੀ ਨਿਸ਼ਾਨੀ ਨੂੰ ਹਰਾ-ਭਰਾ ਰੱਖਣ ਲਈ ਉਸ ਦੇ ਪਿਤਾ (ਨੰਦ ਸਿੰਘ) ਨੇ ਇਸ ਪਿੱਪਲ ਦੀ ਸਾਂਭ-ਸੰਭਾਲ ਕੀਤੀ। ਪਾਣੀ ਪਾਉਂਦਾ ਰਿਹਾ ਤੇ ਪਿੱਪਲ ਵਧਦਾ-ਫੁੱਲਦਾ ਰਿਹਾ।

ਚੰਡੀਗੜ੍ਹ ਦੇ ਪਹਿਲੇ (1952) ਉਠਾਲੇ ਸਮੇਂ ਪਿੰਡ ਰਾਮਨਗਰ ਢਹਿ-ਢੇਰੀ ਕਰ ਦਿੱਤਾ ਗਿਆ ਤੇ ਸੁਖਨਾ ਝੀਲ ਦੀ ਉਸਾਰੀ ਦੀ ਯੋਜਨਾ ਜੰਗੀ-ਪੱਧਰ 'ਤੇ ਆਰੰਭ ਹੋ ਗਈ। ਪਿੰਡ ਦੇ ਬਹੁਤ ਸਾਰੇ ਰੁੱਖ ਪੁੱਟੇ ਗਏ। ਝੀਲ ਕੰਢੇ ਇਸ ਪਿੱਪ ਦੀ ਵਾਰੀ ਵੀ ਆਉਣੀ ਸੀ ਪਰੰਤੂ ਚੰਗੀ ਕਿਸਮਤ ਨੂੰ ਇਸ ਯੋਜਨਾ 'ਚ ਕੰਮ ਕਰਦੇ ਸ. ਕੁਲਵੰਤ ਸਿੰਘ ਪਿੰਡ ਅੱਲਾਪੁਰ (ਉਦੋਂ ਜ਼ਿਲ੍ਹਾ ਰੋਪੜ) ਨੂੰ ਇਸ ਪਿੱਪਲ ਦੀ ਕਹਾਣੀ ਦਾ ਪਤਾ ਸੀ। ਉਹ ਪਿੰਡ ਰਾਮਨਗਰ (ਭੰਗੀਮਾਜਰਾ) ਦੇ ਬਜ਼ੁਰਗ ਦਲੇਲ ਸਿੰਘ ਦਾ ਦੋਹਤਰਾ ਸੀ। ਉਸ ਨੇ ਝੀਲ ਦੇ ਨਕਸ਼ੇ ਦੀ ਵਿਉਂਤ ਨੂੰ ਇੰਜ ਮੋੜਾ ਦਿੱਤਾ ਕਿ ਇਹ ਪਿੱਪ ਕਿਵੇਂ ਨਾ ਕਿਵੇਂ ਬਚਾਇਆ ਜਾ ਸਕੇ। ਆਖ਼ਰ ਪਿੱਪਲ ਨੂੰ ਪੁੱਟਣ ਤੋਂ ਬਚਾ ਹੋ ਗਿਆ ਤੇ ਝੀਲ ਦੇ ਪਾਣੀ ਨਾਲ ਇਸ ਦਾ ਵੱਡਾ-ਅਕਾਰੀ ਸਰੂਪ ਸੋਹਿੰਦਾ ਬਣ ਗਿਆ। ਇਸ ਤੋਂ ਹੋਰ ਅੱਗੇ ਇਸ ਪਿੱਪਲ ਨੂੰ ਵਿਰਸੇ, ਵਿਰਾਸਤ ਤੇ ਇਤਿਹਾਸਕ-ਨਿਸ਼ਾਨੀ ਵੱਜੋਂ ਮਹੱਤਤਾ ਦੇਣ ਲਈ

ਸ੍ਰੀ ਸਰਵਨ ਸਿੰਘ ਪੁੱਤਰ ਸ. ਲਛਮਣ ਸਿੰਘ ਸੂਬੇਦਾਰ ਨੰਬਰਦਾਰ ਰਾਮਨਗਰ (ਭੰਗੀਮਾਜਰਾ) ਨੇ ਨਿੱਜੀ ਉੱਦਮ ਕਰਕੇ ਤੱਤਕਾਲੀਨ ਏ.ਡੀ.ਸੀ. ਗਵਰਨਰ ਪੰਜਾਬ ਚੰਡੀਗੜ੍ਹ ਨੂੰ ਮਿਤੀ 16.4.1983 ਨੂੰ (ਜੋਰਹੱਟ ਆਸਾਮ) ਅੰਗਰੇਜ਼ੀ 'ਚ ਪੱਤਰ ਲਿਖ ਕੇ, ਇਸ ਪਿੱਪਲ ਦੀ ਪਵਿੱਤਰ ਆਤਮ-ਕਥਾ ਪੇਸ਼ ਕੀਤੀ ਤਾਂ ਜੋ ਯਾਦਗਾਰ ਵੱਜੋਂ ਇਸ ਪਿੱਪਲ ਦੀ ਪੂਰੀ ਦੇਖ-ਰੇਖ ਕੀਤੀ ਜਾਵੇ, ਉਦੋਂ ਇਸ ਪਿੱਪਲ ਦੀ ਉਚਾਈ ਲਗਪਗ 15-16 ਫੁੱਟ ਅਤੇ ਤਣੇ ਦਾ ਘੇਰਾ 6 ਫੁੱਟ ਦੇ ਕਰੀਬ ਸੀ। ਇਸ ਸਾਰੀ ਗਾਥਾ ਦਾ ਸਬੂਤ ਲਿਖਤੀ-ਪੱਤਰ ਦੀ ਕਾਪੀ ਵੱਜੋਂ ਮੈਨੂੰ ਸ. ਸਰਵਣ ਸਿੰਘ ਜੋ ਇਸ ਬਿਰਧ ਅਵਸਥਾ ਵਿੱਚ ਮਾਡਲ-ਟਾਊਨ ਸੰਨੀ ਐਨਕਲੇਵ ਦੇਸੂ ਮਾਜਰਾ - ਛੱਜੂਮਾਜਰਾ ਵਿੱਚ ਰਹਿੰਦੇ ਹਨ, ਨੇ ਮਿਤੀ ਤਿੰਨ ਫਰਵਰੀ, 2016 ਨੂੰ ਦਿੱਤਾ। ਕਿੰਨਾ ਚੰਗਾ ਹੋਵੇ ਜੇ ਕੇਂਦਰੀ-ਪ੍ਰਸ਼ਾਸ਼ਨ ਚੰਡੀਗੜ੍ਹ (ਯੂ.ਟੀ. ਚੰਡੀਗੜ੍ਹ) ਇਸ ਪਿੱਪਲ ਦੀ ਆਤਮ ਕਥਾ ਬੋਰਡ ਉੱਤੇ ਲਿਖਵਾਕੇ ਦਰਸ਼ਨਾਂ ਨੂੰ ਰੁੱਖਾਂ ਦੀ ਸੰਭਾਲ ਦਾ ਅਮਲੀ ਨਮੂਨਾ ਪੇਸ਼ ਕਰਨ ਦੀ ਮਿਸਾਲ ਪੈਦਾ ਕਰੇ। ਧੰਨ ਸੀ ਉਹ ਪੁਰਖ ਜੋ ਰੁੱਖਾਂ ਨੂੰ ਪੁੱਤਾਂ ਵਾਂਗ ਪਾਲਦੇ ਸਨ।

# ਅਧਿਆਇ ਦਸਵਾਂ

## ਇਤਿਹਾਸ ਦੀ ਬਾਤ ਪਾਉਂਦੇ ਪੁਆਧ ਦੇ ਕੁਝ ਪਿੰਡ, ਨਗਰ ਤੇ ਸ਼ਹਿਰ :

1. ਰੂਪਨਗਰ
2. ਖਰੜ
3. ਕੁਰਾਲੀ
4. ਮੋਰਿੰਡਾ
5. ਸੋਹਾਣਾ
6. ਬਨੂੜ
7. ਰਾਇਪੁਰ ਰਾਣੀ
8. ਪਿੰਡ ਮਸੌਲ
9. ਪਿੰਡ ਲੇਦੀ
10. ਘੜੂੰਆਂ

# 58 ਜ਼ਿਲ੍ਹਾ ਰੂਪਨਗਰ ਦੀ ਵਿਰਾਸਤ ਦਾ ਇਤਿਹਾਸਕ ਝਰੋਖਾ

*ਬੀ. ਪੁਰੁਸ਼ਾਰਥਾ*
*ਸਾਬਕਾ, ਡੀ.ਸੀ. ਰੂਪਨਗਰ*

ਪੰਜਾਬ ਦੇ ਪੁਨਰਗਠਨ ਸਮੇਂ ਇਕ ਨਵੰਬਰ 1966 ਨੂੰ ਰੂਪਨਗਰ ਜ਼ਿਲ੍ਹਾ ਹੋਂਦ ਵਿਚ ਆਇਆ ਅਤੇ ਜ਼ਿਲ੍ਹੇ ਦਾ ਨਾਂ ਜ਼ਿਲ੍ਹਾ ਸਦਰ ਮੁਕਾਮ ਦੇ ਸ਼ਹਿਰ ਰੂਪਨਗਰ ਦੇ ਨਾਂਅ ਤੇ ਰੱਖਿਆ ਗਿਆ। ਪੰਜਾਬ ਦੇ ਪੁਨਰਗਠਨ ਤੋਂ ਪਹਿਲਾਂ ਰੂਪਨਗਰ (ਰੋਪੜ ਪੁਰਾਣਾ ਨਾਂ) ਅੰਬਾਲਾ ਜ਼ਿਲ੍ਹੇ ਦਾ ਇੱਕ ਸਬ ਡਵੀਜ਼ਨਲ ਹੈਡ ਕੁਆਰਟਰ ਸੀ। ਇਤਿਹਾਸਕ ਤੱਥਾਂ ਮੁਤਾਬਿਕ 11ਵੀਂ ਸਦੀ ਵਿਚ ਉਸ ਸਮੇਂ ਦੇ ਰਾਜਾ ਰਾਕੇਸ਼ਵਰ ਨੇ ਇਸ ਸ਼ਹਿਰ ਦਾ ਨਾਂ ਆਪਣੇ ਪੁੱਤਰ ਰੂਪਸੈਨ ਦੇ ਨਾਂ ਤੇ ਰੂਪਨਗਰ ਰੱਖਿਆ, ਪਰ ਲੋਕਾਂ ਨੇ ਇਸ ਨੂੰ ਪੁਰਾਣੀ ਆਦਤ ਮੁਤਾਬਕ ਰੋਪੜ ਹੀ ਕਹਿਣਾ ਜਾਰੀ ਰੱਖਿਆ, ਜਦੋਂ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਇਸ ਸ਼ਹਿਰ ਦੇ ਨਾਂ ਦੇ ਪਿਛੋਕੜ ਨੂੰ ਮੁੜ ਤੋਂ ਸੁਰਜੀਤ ਕਰਨ ਲਈ ਇਸ ਦਾ ਨਾਂ ਰੋਪੜ ਤੋਂ ਬਦਲ ਕੇ ਸਰਕਾਰੀ ਤੌਰ ਤੇ ਰੂਪਨਗਰ ਰੱਖਿਆ ਜੋ ਹੁਣ ਰੂਪਨਗਰ ਦੇ ਨਾਂ ਤੇ ਪ੍ਰਚੱਲਤ ਹੈ।

ਜ਼ਿਲ੍ਹੇ ਦਾ ਇਤਿਹਾਸਕ ਅਤੇ ਧਾਰਮਿਕ ਪਿਛੋਕੜ ਬਹੁਤ ਹੀ ਪ੍ਰਾਚੀਨ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਵਾਂ ਜ਼ਿਲ੍ਹਾ ਬਣਨ ਨਾਲ ਰੂਪਨਗਰ ਜ਼ਿਲ੍ਹੇ ਦਾ ਆਕਾਰ ਕੁਝ ਘਟਿਆ ਹੈ ਕਿਉਂ ਜੋ ਜ਼ਿਲ੍ਹੇ ਦੀਆਂ ਖਰੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੋ ਸਬ ਡਵੀਜ਼ਨਾਂ ਨਵੇਂ ਬਣੇ ਜ਼ਿਲ੍ਹੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿਚ ਚਲੀਆਂ ਗਈਆਂ ਹਨ। ਹੁਣ ਰੂਪਨਗਰ ਜ਼ਿਲ੍ਹੇ ਵਿਚ ਰੂਪਨਗਰ, ਆਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਤਿੰਨ ਸਬ ਡਵੀਜ਼ਨਾਂ ਹਨ। ਚਮਕੌਰ ਸਾਹਿਬ ਦੀ ਨਵੀਂ ਸਬ ਡਵੀਜ਼ਨ ਪੰਜਾਬ ਸਰਕਾਰ ਵੱਲੋਂ 14 ਅਪ੍ਰੈਲ, 2006 ਨੂੰ ਵਿਸਾਖੀ ਦੇ ਦਿਹਾੜੇ ਤੇ ਕਾਇਮ ਕੀਤੀ ਗਈ। ਜ਼ਿਲ੍ਹੇ ਵਿਚ ਪੰਜ ਬਲਾਕ ਰੂਪਨਗਰ, ਚਮਕੌਰ ਸਾਹਿਬ, ਮੋਰਿੰਡਾ, ਆਨੰਦਪੁਰ ਸਾਹਿਬ ਅਤੇ ਨੂਰਪੁਰ ਬੇਦੀ ਹਨ। ਜ਼ਿਲ੍ਹੇ ਵਿਚ ਰੂਪਨਗਰ, ਨੰਗਲ, ਆਨੰਦਪੁਰ ਸਾਹਿਬ ਅਤੇ ਮੋਰਿੰਡਾ ਚਾਰ ਸ਼ਹਿਰ ਹਨ ਅਤੇ ਹੁਣ ਜ਼ਿਲ੍ਹੇ ਵਿਚ ਪਿੰਡਾਂ ਦੀ ਗਿਣਤੀ 617 ਹੈ।

ਰੂਪਨਗਰ ਸ਼ਹਿਰ ਦਾ ਇਤਿਹਾਸਕ ਪਿਛੋਕੜ ਬਹੁਤ ਹੀ ਮਹੱਤਵਪੂਰਨ ਹੈ ਜਿਸ ਬਾਰੇ ਸ਼ਹਿਰ ਵਿੱਚ ਸੰਨ 1922 ਵਿਚ ਹੋਈ ਖੁਦਾਈ ਤੋਂ ਪਤਾ ਲੱਗਿਆ ਹੈ। ਇਥੇ ਪਹਿਲਾਂ ਮੋਹਨਜੋਦਾੜੋ ਅਤੇ ਹੜੱਪਾ ਦੀ ਸਭਿਅਤਾ ਵਿਕਸਤ ਸੀ। ਪੰਜਾਬ ਦੇ ਇਤਿਹਾਸ ਦੇ ਪੰਨੇ ਇਹ ਦੱਸਦੇ ਹਨ ਕਿ ਇਸ ਖੁਦਾਈ ਤੋਂ ਇਹ ਸਾਬਤ ਹੁੰਦਾ ਹੈ ਕਿ ਰੂਪਨਗਰ ਨੂੰ

ਇੱਕ ਛੋਟੇ ਸ਼ਹਿਰ ਦਾ ਦਰਜਾ ਪ੍ਰਾਪਤ ਸੀ। ਖੁਦਾਈ ਤੋਂ ਮਿੱਟੀ ਦੇ ਬਰਤਨ, ਬੁੱਤ ਅਤੇ ਸਿੱਕੇ ਆਦਿ ਮਿਲੇ ਹਨ ਜੋ ਸਾਬਤ ਕਰਦੇ ਹਨ ਕਿ ਇਹ ਸ਼ਹਿਰ 2000 ਬੀ.ਸੀ. ਦੀ ਹੜੱਪਾ ਅਤੇ ਮੋਹਨਜੋਦਾੜੋ ਦੀ ਸਭਿਅਤਾ ਦਾ ਹਿੱਸਾ ਹੈ। ਜਿਸ ਸਮੇਂ ਸਿੰਧ ਘਾਟੀ ਦੇ ਲੋਕਾਂ ਨੇ ਦਰਿਆ ਸਤਲੁਜ ਨੂੰ ਪਾਰ ਕੀਤਾ ਤਾਂ ਉਨ੍ਹਾਂ ਵਿਚੋਂ ਬਹੁਤ ਸਾਰੇ ਇਥੇ ਆ ਕੇ ਵਸ ਗਏ। ਖੁਦਾਈ ਵਿਚ ਮਿਲੀਆਂ ਕਈ ਚੀਜ਼ਾਂ ਚੰਦਰ ਗੁਪਤ, ਕੁਸ਼ਾਨ, ਹੂਨ ਅਤੇ ਮੁਗਲ ਕਾਲ ਨਾਲ ਸਬੰਧਤ ਹਨ। ਇਥੇ ਮਿਲੀ ਇਕ ਖਾਸ ਮਾਰਬਲ ਦੀ ਮੋਹਰ ਹੈ ਜਿਸ ਉੱਤੇ ਤਿੰਨ ਅੱਖਰ ਸਿੰਧੀ ਦੇ ਉਘੜੇ ਹੋਏ ਹਨ। ਇਸ ਥਾਂ ਤੇ ਮਰਦਾਂ ਅਤੇ ਔਰਤਾਂ ਦੇ ਕੋਈ 6 ਤੋਂ 7 ਫੁੱਟ ਲੰਬੇ ਪਿੰਜਰ ਵੀ ਮਿਲੇ ਹਨ। ਇਥੋਂ ਇੱਕ ਔਰਤ ਆਪਣੇ ਵਾਲ ਸੰਵਾਰਦੀ ਹੋਈ ਦਾ ਬੁੱਤ ਵੀ ਮਿਲਿਆ ਹੈ। ਇਹ ਸਾਰੀਆਂ ਵਸਤਾਂ ਸਾਬਤ ਕਰਦੀਆਂ ਹਨ ਕਿ ਅੱਜ ਤੋਂ 4000 ਸਾਲ ਪਹਿਲਾਂ ਵੀ ਇਸ ਥਾਂ ਤੇ ਸਭਿਅਤਾ ਅਤੇ ਸੰਸਕ੍ਰਿਤੀ ਪੂਰੀ ਤਰ੍ਹਾਂ ਵਿਕਸਤ ਸੀ। ਇਸ ਥਾਂ ਤੇ ਪੁਰਾਤੱਤਵ ਵਿਭਾਗ ਵੱਲੋਂ ਇੱਕ ਛੋਟੀ ਜਿਹੀ ਪਹਾੜੀ ਦੇ ਇਕ ਟਿੱਲੇ ਨੂੰ ਹੁਣ ਵੀ ਸੁਰੱਖਿਅਤ ਰੱਖਿਆ ਗਿਆ ਹੈ।

ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਵਲੋਂ ਰੂਪਨਗਰ ਵਿਖੇ ਖੁਦਾਈ ਦੌਰਾਨ ਪ੍ਰਾਪਤ ਹੋਈਆਂ ਵਸਤੂਆਂ, ਜਿਹੜੀਆਂ ਕਿ ਪਹਿਲਾਂ ਦਿੱਲੀ ਦੇ ਅਜਾਇਬ ਘਰ ਵਿੱਚ ਰੱਖੀਆਂ ਗਈਆਂ ਸਨ, ਨੂੰ ਹੁਣ ਰੂਪਨਗਰ ਵਿਖੇ ਪੁਰਾਤੱਤਵ ਵਿਭਾਗ ਵਲੋਂ ਕਾਇਮ ਕੀਤੇ ਅਜਾਇਬ ਘਰ ਵਿਖੇ ਬਹੁਤ ਹੀ ਸੁਚੱਜੇ ਢੰਗ ਨਾਲ ਸਜਾ ਕੇ ਰੱਖਿਆ ਗਿਆ ਹੈ। ਇਤਿਹਾਸ ਇਹ ਵੀ ਦਸਦਾ ਹੈ ਕਿ ਸਿਆਲਬੇ ਦੇ ਰਹੀਸ ਹਰੀ ਸਿੰਘ ਨੇ 1763 ਏ.ਡੀ. ਵਿੱਚ ਰੂਪਨਗਰ ਤੇ ਜਿੱਤ ਪ੍ਰਾਪਤ ਕਰਕੇ ਇਸ ਥਾਂ ਤੇ ਆਪਣੀ ਰਿਆਸਤ ਕਾਇਮ ਕੀਤੀ। ਉਨ੍ਹਾਂ ਦੇ ਪੁੱਤਰ ਚੜ੍ਹਤ ਸਿੰਘ ਨੇ ਇਸ ਨੂੰ ਆਪਣੀ ਰਾਜ ਦੀ ਰਾਜਧਾਨੀ ਬਣਾਇਆ।

ਰੂਪਨਗਰ ਉਹ ਇਕ ਇਤਿਹਾਸਕ ਸਥਾਨ ਹੈ ਜਿੱਥੇ 31 ਅਕਤੂਬਰ 1831 ਨੂੰ ਦਰਿਆ ਸਤਲੁਜ ਦੇ ਕੰਢੇ ਇੱਕ ਪਿੱਪਲ ਦੇ ਦਰੱਖਤ ਹੇਠ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਸਮੇਂ ਦੇ ਭਾਰਤ ਦੇ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਦਰਮਿਆਨ ਇਕ ਸੰਧੀ ਹੋਈ ਜਿਸ ਸਦਕਾ ਬਹੁਤ ਸਾਰੇ ਰਾਜਸੀ ਮਸਲੇ ਅਤੇ ਝਗੜੇ ਨਜਿੱਠੇ ਗਏ। ਇਸ ਤਰ੍ਹਾਂ ਇਹ ਜ਼ਿਲ੍ਹਾ ਇਤਿਹਾਸਕ ਪੱਖੋਂ ਹੋਰ ਵੀ ਜ਼ਿਆਦਾ ਮਹੱਤਤਾ ਰੱਖਦਾ ਹੈ। ਇਸ ਸਥਾਨ ਨੂੰ ਸਰਕਾਰ ਵੱਲੋਂ ਇੱਕ ਯਾਦਗਾਰ ਵਜੋਂ ਸੰਭਾਲਿਆ ਗਿਆ ਹੈ ਅਤੇ ਇਸ ਸਥਾਨ ਨੇੜੇ ਹੀ ਸ਼ੇਰ-ਏ-ਪੰਜਾਬ ਦੀ ਯਾਦ ਨੂੰ ਸਮਰਪਿਤ ਰਣਜੀਤ ਸਿੰਘ ਬਾਗ ਨਾਂ ਦਾ ਪਾਰਕ ਵੀ ਕਾਇਮ ਕੀਤਾ ਗਿਆ ਹੈ।

ਰੂਪਨਗਰ ਸ਼ਹਿਰ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਆਜ਼ਾਦੀ ਸੰਗਰਾਮ ਦੇ ਮਹਾਨ ਯੋਧਾ ਲਾਲਾ ਲਾਜਪਤ ਰਾਏ ਜੀ ਨੇ ਵੀ ਆਪਣਾ ਬਚਪਨ ਇਥੇ ਹੀ ਗੁਜ਼ਾਰਿਆ

ਅਤੇ ਮੁਢਲੀ ਸਿੱਖਿਆ ਵੀ ਇਸੇ ਸ਼ਹਿਰ ਵਿੱਚ ਪ੍ਰਾਪਤ ਕੀਤੀ ਕਿਉਂ ਜੋ ਉਨ੍ਹਾਂ ਦੇ ਪਿਤਾ ਇਥੋਂ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਸਨ।

ਰੂਪਨਗਰ ਜ਼ਿਲ੍ਹੇ ਨੂੰ ਇਸ ਗੱਲ ਦਾ ਵੀ ਫ਼ਖਰ ਹੈ ਕਿ ਆਜ਼ਾਦੀ ਸੰਗਰਾਮ ਦੇ ਮਹਾਨ ਸ਼ਹੀਦ ਅਤੇ ਗਦਰ ਪਾਰਟੀ ਦੇ ਬਾਨੀ ਖ਼ਜਾਨਚੀ ਸਵਰਗੀ ਕਾਂਸ਼ੀ ਰਾਮ ਦਾ ਜਨਮ ਵੀ ਇਸ ਜ਼ਿਲ੍ਹੇ ਦੇ ਪਿੰਡ ਮੜੌਲੀ ਕਲਾਂ ਵਿਖੇ ਹੋਇਆ ਜਿਨ੍ਹਾਂ ਨੇ 27 ਮਾਰਚ 1915 ਨੂੰ ਦੇਸ਼ ਦੀ ਖਾਤਰ ਫਾਂਸੀ ਦਾ ਰੱਸਾ ਚੁੰਮਿਆ।

ਧਾਰਮਿਕ ਪੱਖੋਂ ਵੀ ਰੂਪਨਗਰ ਜ਼ਿਲ੍ਹਾ ਆਪਣੀ ਵੱਖਰੀ ਹੋਂਦ ਰੱਖਦਾ ਹੈ। ਜ਼ਿਲ੍ਹੇ ਵਿੱਚ ਦਰਿਆ ਸਤਲੁਜ ਦੇ ਕੰਢੇ ਤੇ ਕੀਰਤਪੁਰ ਸਾਹਿਬ ਦਾ ਸਥਾਨ ਹੈ। ਇਸ ਕਸਬੇ ਦੀ ਸਥਾਪਨਾ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਗੁਰਦਿੱਤਾ ਜੀ ਦੀ ਮਾਰਫ਼ਤ ਮਹਿਲੌਰ ਦੇ ਰਾਜਾ ਤਾਰਾ ਚੰਦ ਤੋਂ ਜ਼ਮੀਨ ਦਾ ਇੱਕ ਟੁਕੜਾ ਖਰੀਦ ਕੇ ਕੀਤੀ। ਕੀਰਤਪੁਰ ਸਾਹਿਬ ਤੋਂ ਕੋਈ ਡੇਢ ਕਿਲੋਮੀਟਰ ਦੂਰ ਸੰਤ ਬੁੱਢਣ ਸ਼ਾਹ ਦੀ ਮਜ਼ਾਰ ਵੀ ਸਥਿਤ ਹੈ।

ਇਸ ਜ਼ਿਲ੍ਹੇ ਵਿੱਚ ਪਵਿੱਤਰ ਅਸਥਾਨ ਆਨੰਦਪੁਰ ਸਾਹਿਬ ਦੀ ਸਥਾਪਨਾ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਨ 1723 ਵਿੱਚ ਮਕੋਵਾਲ ਪਿੰਡ ਵਿਖੇ ਜ਼ਮੀਨ ਖਰੀਦ ਕੇ ਕੀਤੀ। ਆਨੰਦਪੁਰ ਸਾਹਿਬ ਇਸ ਜ਼ਿਲ੍ਹੇ ਦਾ ਉਹ ਅਸਥਾਨ ਹੈ ਜਿੱਥੇ ਸੰਨ 1699 ਵਿੱਚ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਜਿਸ ਰਾਹੀਂ ਸਿੱਖ ਸਿਆਸਤ ਵਿੱਚ ਇੱਕ ਇਨਕਲਾਬੀ ਪਰਿਵਰਤਨ ਆਇਆ ਅਤੇ ਗੁਰਦੁਆਰਾ ਕੇਸਗੜ੍ਹ ਸਾਹਿਬ ਉਸ ਯਾਦਗਾਰੀ ਇਤਿਹਾਸਕ ਘਟਨਾ ਵਾਲੀ ਥਾਂ ਤੇ ਸਥਿਤ ਹੈ।

ਜ਼ਿਲ੍ਹੇ ਦੇ ਧਾਰਮਿਕ ਇਤਿਹਾਸ ਵਿੱਚ ਇੱਕ ਹੋਰ ਮਹੱਤਵਪੂਰਨ ਵਾਧਾ ਅਪ੍ਰੈਲ 1999 ਵਿੱਚ ਹੋਇਆ ਜਦੋਂ ਖਾਲਸੇ ਦੀ ਸਥਾਪਨਾ ਦੇ 300 ਸਾਲਾ ਜਸ਼ਨ ਸਿੱਖ ਕੌਮ ਵਲੋਂ ਬੜੇ ਹੀ ਉਤਸ਼ਾਹ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨਾਏ ਗਏ। ਸ੍ਰੀ ਆਨੰਦਪੁਰ ਸਾਹਿਬ ਦੇ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਨੂੰ ਇੱਕ ਧਾਰਮਿਕ ਟੂਰਿਸਟ ਕੇਂਦਰ ਵਜੋਂ ਵਿਕਸਤ ਕੀਤਾ ਗਿਆ ਹੈ ਅਤੇ ਇਸ ਥਾਂ ਤੇ ਹੁਣ ਖਾਲਸਾ ਹੈਰੀਟੇਜ਼ ਯਾਦਗਾਰੀ ਕੰਪਲੈਕਸ ਦੀ ਉਸਾਰੀ ਕੀਤੀ ਗਈ ਹੈ। ਇਸ ਤੋਂ ਇਲਾਵਾ ਨੂਰਪੁਰ ਬੇਦੀ ਬਲਾਕ ਦੇ ਪਿੰਡ ਜਟਵਾਹੜ ਵਿਖੇ ਮਹਾਂਭਾਰਤ ਕਾਲ ਦਾ ਉਹ ਇਤਿਹਾਸਕ ਸ਼ਿਵ ਮੰਦਰ ਵੀ ਕਾਇਮ ਹੈ ਜਿਸ ਥਾਂ ਤੇ ਆਪਣੇ ਬਨਵਾਸ ਦੌਰਾਨ ਪਾਂਡਵ ਆਏ ਸਨ। ਇਸ ਤਰ੍ਹਾਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਰੂਪਨਗਰ ਸ਼ਹਿਰ ਦਾ ਪਿਛੋਕੜ ਬੜਾ ਪ੍ਰਾਚੀਨ ਅਤੇ ਰੰਗੀਲਾ ਹੈ ਅਤੇ ਇਸ ਦੇ ਨਾਲ ਕੁਦਰਤੀ ਸੁੰਦਰਤਾ ਦਾ ਵਰਦਾਨ ਵੀ ਇਸ ਦੇ ਨਾਮ ਨੂੰ ਸੱਚ ਕਰਦਾ ਹੈ।

# 59 ਖਰੜ ਇਲਾਕੇ ਦੇ ਇਤਿਹਾਸਕ ਪੰਨਿਆਂ ਦਾ ਸੱਚ

*ਕੁਲਬੀਰ ਸਿੰਘ ਸਿੱਧੂ*
*ਸੇਵਾ-ਮੁਕਤ I.A.S.*
*ਮੋ. 98140-15329*

ਧਰਤੀ ਦੇ ਪੁਰਾਤਨਤਮ ਕਸਬਿਆਂ ਵਿਚੋਂ ਖਰੜ ਨਗਰ ਇਕ ਸਿਰਮੌਰ ਖਿੱਤਾ ਹੈ। ਖਰੜ ਸ਼ਬਦ ਖਰਬੜ ਸ਼ਬਦ ਦਾ ਬਦਲਿਆ ਰੂਪ ਹੈ। ਖਰਬੜ ਦਾ ਅਰਥ ਉੱਚੀ-ਨੀਵੀਂ ਧਰਾਤਲ ਹੁੰਦਾ ਹੈ ਅਤੇ ਖਰੜ ਦੇ ਇਲਾਕੇ ਦੀ ਜ਼ਮੀਨ ਇਸ ਦੀ ਪ੍ਰਤੀਕ ਹੈ। ਇਥੋਂ ਦੇ ਵਸਨੀਕ ਆਪਣੀ ਬੋਲਬਾਣੀ ਵਿੱਚ ਖਰੜ ਨੂੰ ਖੈੜ ਹੀ ਕਹਿੰਦੇ ਹਨ। ਸ਼ਇਦ ਉਹ ਵੀ ਨਹੀਂ ਜਾਣਦੇ ਕਿ ਅੱਜ ਦੇ ਇਸ ਅਣਗੌਲੇ ਖਿੱਤੇ ਦਾ ਇਤਿਹਾਸ ਲਾਗਲੇ ਕਸਬਿਆਂ ਜਿਵੇਂ ਕਿ ਘੜੂੰਆਂ, ਮੋਰਿੰਡਾ, ਸੰਘੋਲ, ਬਨੂੜ, ਖਿਜ਼ਰਾਬਾਦ, ਮਨੀਮਾਜਰਾ, ਪਿੰਜੌਰ ਤੇ ਘੜਾਮ ਵਾਂਗ ਹੀ ਪੁਰਾਣਾ ਹੈ।

ਧਰਤੀ ਦੀ ਪ੍ਰਾਚੀਨਤਾ ਅਤੇ ਉਸ ਦੀ ਕੁੱਖ ਵਿਚੋਂ ਉੱਭਰੀਆਂ ਸੱਭਿਅਤਾਵਾਂ ਤੇ ਸਭਿਆਚਾਰ ਦੀ ਪੁਰਾਤਨਤਾ ਬਾਰੇ ਤਾਂ ਕੋਈ ਸ਼ੰਕੇ ਵਾਲੀ ਗੱਲ ਹੀ ਨਹੀਂ ਹੈ। ਧਰਤੀ ਦੀ ਹਿੱਕ 'ਤੇ ਪੁਰਾਤਨ ਕਬੀਲਿਆਂ ਤੇ ਉਨ੍ਹਾਂ ਦੇ ਵਸਾਏ ਕਈ ਨਗਰ-ਸ਼ਹਿਰ ਪ੍ਰਾਚੀਨ ਸਮਿਆਂ ਦੀ ਕਹਾਣੀ ਸੁਣਾਉਂਦੇ ਹਨ।

ਖਰੜ ਦਾ ਇਤਿਹਾਸ ਭਗਵਾਨ ਰਾਮ ਚੰਦਰ ਦੇ ਦਾਦਾ ਮਹਾਰਾਜਾ ਅੱਜ ਦੇ ਨਾਲ ਜੁੜਦਾ ਹੈ ਕਿਉਂਕਿ ਵੇਦ-ਵੇਦਾਂਤਾਂ ਅਨੁਸਾਰ ਖਰੜ ਦਾ ਸਰੋਵਰ ਮਹਾਰਾਜਾ ਅੱਜ ਨੇ ਬਣਾਇਆ ਸੀ।

ਰੋਪੜ, ਖਿਜ਼ਰਾਬਾਦ ਤੇ ਪਿੰਜੌਰ ਤੱਕ ਦਾ ਸਾਰਾ ਇਲਾਕਾ ਸਾਡੀ ਮੁਢ-ਕਦੀਮੀ ਸਿੰਧ ਘਾਟੀ ਦੀ ਸਭਿਅਤਾ ਨਾਲ ਜੁੜਦਾ ਹੈ। ਇਸ ਤਰ੍ਹਾਂ ਹੀ ਇਸ ਇਲਾਕੇ ਦਾ ਨਗਰ ਸੰਘੋਲ ਬੁੱਧ ਕਾਲ ਦੇ ਸਮੇਂ ਦਾ ਅਤੀਤ ਸੰਭਾਲੀ ਬੈਠਾ ਹੈ। ਉਸ ਸਮੇਂ ਦਰਿਆ ਸਤਲੁਜ ਸੰਘੋਲ ਦੇ ਕੋਲੋਂ ਦੀ ਵਹਿੰਦਾ ਸੀ। ਇਥੇ ਬੁੱਧ ਕਾਲ ਦੇ ਸੱਤ ਪੂਜਾ ਮੰਦਿਰ ਭਾਵ ਸਤੂਪਿਆਂ ਦੀ ਖੁਦਾਈ ਅਤੇ ਚੀਨੀ ਯਾਤਰੀ ਫਾਹੀਯਾਨ ਦੀ ਇਤਿਹਾਸਕ ਗਵਾਹੀ ਇਸ ਗੱਲ ਦਾ ਸਬੂਤ ਹੈ। ਇਸ ਤਰ੍ਹਾਂ ਹੀ ਜੇ ਖਰੜ ਤੇ ਘੜਾਮ ਦਾ ਇਤਿਹਾਸ ਰਮਾਇਣ ਕਾਲ ਨਾਲ ਜੁੜਦਾ ਹੈ ਤਾਂ ਘੜੂੰਏਂ ਪਿੰਡ ਦਾ ਇਤਿਹਾਸ ਇਥੋਂ ਦੇ ਸਰੋਵਰ ਸਦਕਾ ਮਹਾਂਭਾਰਤ ਕਾਲ ਨਾਲ ਜਾ ਮਿਲਦਾ ਹੈ।

ਖਰੜ ਦੇ ਨਜਦੀਕ 18ਵੀਂ ਸਦੀ ਦੇ ਸ਼ੁਰੂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਜਿੱਤੀ ਗਈ ਚੱਪੜਚਿੜੀ ਦੀ ਲੜਾਈ ਤਾਂ ਇਸ ਇਲਾਕੇ ਨੂੰ ਹੋਰ ਵੀ ਇਤਿਹਾਸਕ

ਮਹਾਨਤਾ ਪ੍ਰਦਾਨ ਕਰਦੀ ਹੈ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੀਆਂ ਫੌਜਾਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਦੀ ਟੱਕਰ 12 ਮਈ, 1710 ਨੂੰ 'ਚੱਪੜ ਚਿੜੀ' ਦੇ ਸਥਾਨ 'ਤੇ ਹੋਈ। ਚੱਪੜ ਚਿੜੀ ਨੂੰ ਹੁਣ ਚੱਪੜ ਚਿੜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਤੇ ਇਹ ਚੰਡੀਗੜ੍ਹ ਤੋਂ ਤਕਰੀਬਨ 10-12 ਕਿਲੋਮੀਟਰ ਦੀ ਦੂਰੀ 'ਤੇ ਲਾਂਡਰਾਂ-ਖਰੜ ਸੜਕ 'ਤੇ ਵਸਿਆ ਹੈ। ਇਥੇ ਬੜੀ ਘਮਸਾਨ ਦੀ ਜੰਗ ਹੋਈ। ਇਸ ਜੰਗ ਵਿੱਚ ਜੱਥੇਦਾਰ ਬਾਜ ਸਿੰਘ ਨੇ ਵਜ਼ੀਰ ਖਾਂ ਨੂੰ ਸਾਹਮਣੇ ਹੋ ਕੇ ਵੰਗਾਰਿਆਂ ਤੇ ਉਸ 'ਤੇ ਬਰਛੇ ਨਾਲ ਵਾਰ ਕੀਤਾ। ਇਹ ਬਰਛਾ ਵਜ਼ੀਰ ਖਾਂ ਦੇ ਘੋੜੇ ਦੇ ਮੱਥੇ ਵਿੱਚ ਵੱਜਿਆ। ਇਸ ਉਪਰੰਤ ਵਜ਼ੀਰ ਖਾਂ ਤੇ ਉਸ ਦੇ ਅੰਗ ਰੱਖਿਅਕਾਂ ਨੇ ਬਾਬਾ ਬਾਜ ਸਿੰਘ ਨੂੰ ਘੇਰ ਲਿਆ। ਇਹ ਵੇਖ ਕੇ ਬਾਬਾ ਬੰਦਾ ਸਿੰਘ ਬਹਾਦਰ ਤੇ ਬਾਬਾ ਫਤਹਿ ਸਿੰਘ ਤੁਰੰਤ ਬਾਜ ਸਿੰਘ ਦੀ ਮਦਦ 'ਤੇ ਪਹੁੰਚੇ। ਇਸ ਘਮਸਾਨ ਵਿੱਚ ਬਾਬਾ ਫਤਹਿ ਸਿੰਘ ਨੇ ਤਲਵਾਰ ਦੇ ਇੱਕ ਭਰਵੇਂ ਵਾਰ ਨਾਲ ਵਜ਼ੀਰ ਖਾਂ ਨੂੰ ਮੋਢੇ ਤੋਂ ਛਾਤੀ ਤੱਕ ਚੀਰ ਦਿੱਤਾ ਤੇ ਉਸ ਦੀ ਮੌਤ ਹੋ ਗਈ। ਉਸ ਨੂੰ ਸਿੰਘਾਂ ਨੇ ਜੰਡ ਨਾਲ ਪੁੱਠਾ ਲਟਕਾ ਦਿੱਤਾ। ਇਹ ਜੰਡ ਹੁਣ ਤੱਕ ਵੀ ਇੱਥੇ ਮੌਜੂਦ ਹੈ। ਇਸ ਤਰ੍ਹਾਂ ਸਿੰਘਾਂ ਦੇ ਜੋਸ਼ ਤੇ ਗੁਰੂ ਘਰ ਦੇ ਪ੍ਰਤੀ ਪਿਆਰ ਤੇ ਵਫਾਦਾਰੀ ਦੇ ਸਾਹਮਣੇ ਸੂਬਾ ਸਰਹਿੰਦ ਦੀ ਟਿੱਡੀ ਦਲ ਜਿੰਨੀ ਫੌਜ ਸੂਬੇਦਾਰ ਵਜ਼ੀਰ ਖਾਨ ਦੀ ਜ਼ਲਾਲਤ ਭਰੀ ਮੌਤ ਤੋਂ ਬਾਅਦ ਮੈਦਾਨ ਛੱਡ ਕੇ ਭੱਜ ਉਠੀ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਤੇ ਗੁਰੂ ਦਸਵੇਂ ਪਾਤਿਸ਼ਾਹ ਦੇ ਸਿੰਘਾਂ ਨੇ ਮਾਸੂਮ ਤੇ ਨਿਰਦੋਸ਼ ਸਾਹਿਬਜ਼ਾਦਿਆਂ ਦਾ ਬਦਲਾ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਲਿਆ।

ਇਸ ਤਰ੍ਹਾਂ ਚੱਪੜਚਿੜੀ ਦੀ ਲੜਾਈ ਵਿਚ ਭਾਰਤ ਤੇ ਖਾਸ ਤੌਰ 'ਤੇ ਪੰਜਾਬ ਦੀ 800 ਸਾਲ ਦੀ ਗੁਲਾਮੀ ਦਾ ਜੂਲ੍ਹਾ ਲਾਹਿਆ ਗਿਆ। ਜਦੋਂ ਕਿ ਮਹਿਮੂਦ ਗਜ਼ਨਵੀ ਤੋਂ ਲੈ ਕੇ ਸੂਬਾ ਸਰਹਿੰਦ ਦੇ ਮੁਗਲ ਸੂਬੇਦਾਰ ਵਜ਼ੀਰ ਖਾਂ ਤੱਕ ਕਿਸੇ ਵੀ ਗੈਰ ਮੁਲਕੀ ਸਲਤਨਤਾਂ ਨੂੰ ਪਹਿਲੀ ਵਾਰ ਇੰਨੀ ਵੱਡੀ ਯੁੱਗ ਪਲਟਾਊ ਤੇ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਦੂਜੇ ਪਾਸੇ ਪੰਜਾਬ ਦੇ ਸਾਧਾਰਨ ਲੋਕਾਂ ਨੇ ਪਹਿਲੀ ਵਾਰ ਜੰਗ ਦੇ ਮੈਦਾਨ ਵਿਚ ਫੈਸਲਾਕੁਨ ਜਿੱਤ ਦਾ ਮੂੰਹ ਵੇਖਿਆ। ਸਿੱਖਾਂ ਦੀ ਇਸ ਸੁਨਹਿਰੀ ਜਿੱਤ ਦੀ ਬੁਨਿਆਦ ਉਪਰ ਫਿਰ ਸਿੱਖ ਮਿਸਲਾਂ ਨੇ ਮੁਗਲਾਂ ਤੇ ਦੁਰਾਨੀਆਂ ਦੇ ਨਸਲਕੁਸ਼ੀ ਵਰਗੇ ਤਸੱਦਦਾਂ ਦੇ ਬਾਵਜੂਦ ਵੀ ਸਰਦਾਰੀਆਂ ਕਾਇਮ ਕੀਤੀਆਂ। ਇਸ ਤਰ੍ਹਾਂ ਸ਼ਹੀਦਾਂ ਦਾ ਲਹੂ ਰੰਗ ਲਿਆਇਆ ਅਤੇ ਸੰਨ 1801 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਵਿਚ ਖੁਦਮੁਖਤਿਆਰ ਸਿੱਖ ਰਾਜ ਦਾ ਜਹੂਰ ਹੋਇਆ।

ਸੰਨ 1748 ਤੋਂ ਬਾਅਦ ਮਿਸਲਾਂ ਦੀ ਸਾਂਝੀ ਦਲ ਖਾਲਸਾ ਫੌਜ ਦੇ ਸਮੇਂ ਖਰੜ ਤੇ ਇਸ ਦੇ ਆਸ-ਪਾਸ ਦਾ ਇਲਾਕਾ ਰੋਪੜ, ਮੋਰਿੰਡਾ, ਮਨੌਲੀ, ਭਰਤਗੜ੍ਹ, ਕੁਰਾਲੀ,

ਸਿਆਲਬਾ, ਸੀਸਵਾਂ, ਖਿਜ਼ਰਾਬਾਦ, ਮੁੱਲਾਂਪੁਰ, ਮਨੀਮਾਜਰਾ ਤੇ ਪਿੰਜੌਰ ਤੱਕ ਦੇ ਇਲਾਕੇ ਸਿੱਖ ਮਿਸਲਾਂ ਦੇ ਅਧਿਕਾਰ ਖੇਤਰ ਵਿਚ ਆਏ। 14 ਜਨਵਰੀ, 1764 ਨੂੰ ਸਿੱਖ ਮਿਸਲਾਂ ਦੀ ਜੱਸਾ ਸਿੰਘ ਆਹਲੂਵਾਲੀਆਂ ਦੀ ਕਮਾਨ ਹੇਠ ਅਹਿਮਦ ਸ਼ਾਹ ਅਬਦਾਲੀ ਵੱਲੋਂ ਥਾਪੇ ਸਰਹਿੰਦ ਦੇ ਸੂਬੇਦਾਰ ਜੈਨ ਖਾਨ ਨੂੰ ਹਰਾ ਕੇ ਦੁਬਾਰਾ ਸਰਹਿੰਦ ਨੂੰ ਜਿੱਤਿਆ ਗਿਆ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ 'ਤੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਉਸਾਰਿਆ ਗਿਆ। ਸਰਹਿੰਦ ਦਾ ਨਾਮ ਬਦਲ ਕੇ ਫਤਹਿਗੜ੍ਹ ਸਾਹਿਬ ਰੱਖਿਆ ਗਿਆ। ਇਸ ਸਮੇਂ ਸਰਹਿੰਦ ਤੋਂ ਖਰੜ ਤੇ ਮਨੀਮਾਜਰੇ ਤੋਂ ਅੱਗੇ ਪਿੰਜੌਰ ਤੱਕ ਦਾ ਇਲਾਕਾ 7 ਮਿਸਲਾਂ ਵਿਚ ਵੰਡਿਆ ਗਿਆ।

ਖਰੜ ਤੇ ਮੋਰਿੰਡਾ ਨਿਸ਼ਾਨਵਾਲਾ ਮਿਸਲ ਦੇ ਧਰਮ ਸਿੰਘ ਤੇ ਉਸ ਦੇ ਪੁੱਤਰ ਦੇ ਅਧਿਕਾਰ ਵਿਚ ਰਿਹਾ ਹੈ। ਰੋਪੜ ਡੱਲੇਵਾਲੀਆ ਮਿਸਲ ਦੇ ਭੂਪ ਸਿੰਘ ਦੇ ਕੋਲ ਰਿਹਾ। ਡੱਲੇਵਾਲੀਆ ਮਿਸਲ ਦੇ ਹੀ ਇਕ ਪ੍ਰਮੁੱਖ ਸਰਦਾਰ ਹਰੀ ਸਿੰਘ ਵਿਰਕ ਨੂੰ ਚਮਕੌਰ, ਕੁਰਾਲੀ, ਸਿਆਲਬਾ, ਸੀਸਵਾਂ ਤੇ ਖਿਜ਼ਰਾਬਾਦ ਦੇ ਇਲਾਕੇ ਮਿਲੇ। ਸਭ ਤੋਂ ਵੱਧ ਹਿੱਸਾ ਫੈਜ਼ਲਪੁਰੀਆ ਮਿਸਲ ਦੇ ਨਵਾਬ ਕਪੂਰ ਸਿੰਘ ਦੇ ਪੁੱਤਰ ਖੁਸ਼ਹਾਲ ਸਿੰਘ ਨੂੰ ਮਿਲਿਆ। ਉਸ ਦੇ ਇਲਾਕੇ ਵਿਚ ਭਰਤਗੜ੍ਹ, ਘਨੌਲੀ, ਚੂੰਨੀ-ਮੱਛਲੀ, ਭਜੌਲੀ ਤੇ ਕੰਧੋਲਾ ਮਿਲੇ। ਫੂਲਕੀਆ ਮਿਸਲ ਦੇ ਪਟਿਆਲਾ ਰਾਜ ਘਰਾਣੇ ਦੇ ਬਾਨੀ ਬਾਬਾ ਆਲਾ ਸਿੰਘ ਦੇ ਹਿੱਸੇ ਵਿਚ 8 ਪਿੰਡ ਜਿਵੇਂ ਕਿ ਭਾਗੂ ਮਾਜਰਾ, ਭੁਖੜੀ, ਡੱਡੂ ਮਾਜਰਾ, ਖਾਨ ਪੁਰ, ਔਜਲਾ, ਪੀਰ ਸੋਹਾਣਾ, ਸਿੰਬਲ ਮਾਜਰਾ ਤੇ ਸਹੌੜਾਂ ਆਏ। ਬਾਅਦ ਵਿਚ 1765 ਦੇ ਕਰੀਬ ਜੈਨ ਖਾਂ ਦੇ ਮਾਲ ਅਫਸਰ ਗੰਗਾ ਰਾਮ ਦੇ ਪੁੱਤਰ ਗਰੀਬ ਦਾਸ ਨੇ ਮੁੱਲਾਂਪੁਰ ਗਰੀਬਦਾਸ, ਮਨੀਮਾਜਰਾ ਤੇ ਸਿਆਲਬਾ 'ਤੇ ਕਬਜਾ ਜਮਾ ਲਿਆ। ਪਰ ਅਫਸੋਸ ਦੀ ਗੱਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ ਇਹ ਸਾਰਾ ਇਲਾਕਾ ਸੰਨ 1845-46 ਵਿਚ ਅੰਗਰੇਜ਼ਾਂ ਨੇ ਪਹਿਲੀ ਐਂਗਲੋ ਸਿੱਖ ਲੜਾਈ ਤੋਂ ਬਾਅਦ ਆਪਣੇ ਅਧੀਨ ਕਰ ਲਿਆ।

ਫਿਰ ਦੇਸ ਦੀ ਅਜ਼ਾਦੀ ਦੀ ਲੜਾਈ ਵਿਚ ਰੋਪੜ ਤੇ ਖਰੜ ਦੇ ਬਹੁਤ ਸਾਰੇ ਸੰਘਰਸ਼ੀ ਯੋਧਿਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਜਿਸ ਵਿਚ ਕਿ ਸ਼ਹੀਦ ਪੰਡਿਤ ਕਾਂਸ਼ੀ ਰਾਮ ਮੜੌਲੀ ਵਾਲੇ ਦਾ ਨਾਮ ਸਿਰਮੌਰ ਹੈ। ਪੰਡਿਤ ਕਾਂਸ਼ੀ ਰਾਮ ਅਮਰੀਕਾ ਵਿਚ ਗਦਰ ਪਾਰਟੀ ਦੇ ਪ੍ਰਮੁੱਖ ਗਦਰੀ ਬਾਬਿਆਂ ਵਿਚੋਂ ਇੱਕ ਸਨ। ਇਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਆਪਣਾ ਸੁਨਹਿਰਾ ਭਵਿੱਖ ਤੇ ਜਾਨ ਤੱਕ ਵੀ ਕੁਰਬਾਨ ਕਰ ਦਿੱਤਾ। ਇਨ੍ਹਾਂ ਨੂੰ ਲਾਹੌਰ ਸਾਜਿਸ਼ ਕੇਸ ਦੇ ਤਹਿਤ 27 ਮਾਰਚ, 1915 ਨੂੰ ਫਾਂਸੀ ਦੇ ਦਿੱਤੀ ਗਈ। ਇਨ੍ਹਾਂ ਤੋਂ ਇਲਾਵਾ ਸੁਤੰਤਰਤਾ ਸੰਗਰਾਮੀਆਂ ਵਿਚ ਖਰੜ ਦੇ ਲਾਲਾ ਨਿਰੰਜਣ ਦਾਸ, ਸ਼੍ਰੀ ਦੇਸ ਰਾਜ ਤੇ ਨਵਾਂ ਸ਼ਹਿਰ ਬਡਾਲੀ ਦੇ ਸ: ਹਰਦਿਆਲ ਸਿੰਘ, ਪ੍ਰਿਥਵੀ ਸਿੰਘ

ਅਜ਼ਾਦ ਤੇ ਰਤਨ ਸਿੰਘ ਬਾਗੀ ਤੇ ਗਿਆਨੀ ਰਾਜਿੰਦਰ ਸਿੰਘ ਰੋਪੜ ਦੇ ਨਾਮ ਜ਼ਿਕਰਯੋਗ ਹਨ। ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਸਭ ਤੋਂ ਵੱਧ ਕੁਸ਼ਲ ਤੇ ਹਰਮਨ ਪਿਆਰੇ ਅਫ਼ਸਰ ਡਾ. ਮਹਿੰਦਰ ਸਿੰਘ ਰੰਧਾਵਾ ਆਈ.ਏ.ਐਸ. ਹੋਏ ਹਨ ਜਿਨ੍ਹਾਂ ਨੇ ਕਿ ਚੰਡੀਗੜ੍ਹ ਦੇ ਨਿਰਮਾਣ ਵਿਚ ਜੱਗ ਜਾਹਿਰਾ ਯੋਗਦਾਨ ਪਾਇਆ। ਉਹ ਪੰਜਾਬ ਦੇ ਸਭਿਆਚਾਰ ਦੇ ਮੋਢੀ ਪਿਤਾਮਾ ਅਲੰਬਰਦਾਰਾਂ ਵਿਚੋਂ ਇੱਕ ਖਾਸ ਹਸਤਾਖਰ ਸਨ। ਰੰਧਾਵਾ ਸਾਹਿਬ ਵੀ ਆਪਣੀ ਰਿਟਾਇਰਮੈਂਟ ਤੋਂ ਬਾਅਦ ਚੰਡੀਗੜ੍ਹ ਨਾ ਰਹਿ ਕੇ ਖਰੜ ਆ ਕੇ ਵਸੇ। ਸ਼ਾਇਦ ਇਸ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਖਰੜ ਦੇ ਵਿਰਾਸਤੀ ਪਿਛੋਕੜ ਦਾ ਗਿਆਨ ਸੀ।

ਅਜ਼ਾਦੀ ਤੋਂ ਬਾਅਦ 1966 ਵਿਚ ਖਰੜ ਤੋਂ ਰੋਪੜ ਤਹਿਸੀਲਾਂ ਨੂੰ ਜ਼ਿਲ੍ਹਾ ਅੰਬਾਲਾ ਤੋਂ ਲੈ ਕੇ ਅਤੇ ਆਨੰਦਪੁਰ ਸਾਹਿਬ ਦੇ ਇਲਾਕੇ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਲੈ ਕੇ ਜ਼ਿਲ੍ਹਾ ਰੋਪੜ ਹੋਂਦ ਵਿਚ ਲਿਆਂਦਾ ਗਿਆ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੇਲੇ ਰੋਪੜ ਦਾ ਨਾਮ ਰੂਪਨਗਰ ਵਿਚ ਤਬਦੀਲ ਕੀਤਾ ਗਿਆ। ਫਿਰ ਸੰਨ 1999 ਨੂੰ ਖਾਲਸਾ ਸਿਰਜਣਾ ਦਿਵਸ ਮਨਾਉਣ ਵਾਸਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਰੋਪੜ ਜ਼ਿਲ੍ਹੇ ਦੀ ਕਾਇਆਕਲਪ ਕੀਤੀ। ਉਸ ਸਮੇਂ ਲੇਖਕ ਜ਼ਿਲ੍ਹਾ ਰੂਪਨਗਰ ਦਾ ਡਿਪਟੀ ਕਮਿਸ਼ਰ ਹੋਣ ਦੇ ਨਾਤੇ ਖਰੜ ਤੇ ਆਸ-ਪਾਸ ਦੇ ਕਸਬਿਆਂ ਦੀ ਲੋੜੀਂਦੀ ਲਿਪਾ-ਪੋਤੀ ਕਰਨ ਦੀ ਥੋੜ੍ਹੀ-ਬਹੁਤ ਕੋਸ਼ਿਸ਼ ਕੀਤੀ।

ਪਰ ਫੇਰ ਜੁੰਮੇ ਤੋਂ ਜੁੰਮੇ ਤੱਕ ਅੱਠ ਦਿਨ ਭਾਵ ਸ਼ੁੱਕਰਵਾਰ ਤੋਂ ਸ਼ੁੱਕਰਵਾਰ ਤੱਕ ਦੇ ਮੁਹਾਵਰੇ ਅਨੁਸਾਰ ਖਰੜ ਦੇ ਵਿਕਾਸ ਦੀ ਗਤੀ ਵਿਚ ਮੁੜ-ਘਿੜ ਕੇ ਆਪਣੀ ਪੁਰਾਣੀ ਢੀਚਕ ਚਾਲ 'ਤੇ ਹੀ ਆ ਗਈ। ਅੱਜ ਫਿਰ ਜਦੋਂ ਖਰੜ ਤਹਿਸੀਲ ਵਿਚ ਪੈਂਦੇ ਚੱਪੜਚਿੜੀ ਦੇ ਮੈਦਾਨ ਤੇ ਪਿੰਡਾਂ ਦੇ ਵਿਕਾਸ ਦੀ ਗੱਲ ਚੱਲ ਰਹੀ ਹੈ ਤਾਂ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਇਹ ਖਰੜ ਇਲਾਕੇ ਦਾ ਉਹ ਸਥਾਨ ਹੈ, ਜਿੱਥੇ ਕਿ ਪੰਜਾਬ ਨਿਰੰਤਰ 800 ਸਾਲ ਦੀ ਗੁਲਾਮੀ ਤੋਂ ਬਾਅਦ ਪਹਿਲੀ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਸੀ।

ਹੁਣ ਖਰੜ ਸਬ ਡਿਵੀਜ਼ਨ ਦੇ ਵਸਨੀਕਾਂ ਵਿਚ ਇਥੋਂ ਦੇ ਸਮੁੱਚੇ ਵਿਕਾਸ ਦੀ ਆਸ ਬੱਝੀ ਹੈ। ਪੰਜਾਬ ਸਰਕਾਰ ਵੱਲੋਂ ਨਵੇਂ ਸਾਲ ਦੇ ਤੋਹਫੇ ਵਜੋਂ ਇਤਿਹਾਸਕ ਪਰ ਅਣਗੌਲੇ ਚੱਪੜਚਿੜੀ ਦੇ ਮੈਦਾਨ ਦੇ ਵਿਕਾਸ ਦੇ ਐਲਾਨ ਨੇ ਲੋਕਾਂ ਵਿੱਚ ਆਪਣੇ ਭਾਗ ਖੁੱਲ੍ਹਣ ਵਰਗੀ ਉਮੀਦ ਦੀ ਚਿਣਗ ਜਗਾਈ ਹੈ।

ਇਸ ਲਈ ਇਨ੍ਹਾਂ ਸ਼ਲਾਘਾਯੋਗ ਉੱਦਮ-ਉਪਰਾਲਿਆਂ ਵਿਚ ਸਾਡੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸਦਾਚਾਰਕ ਤੇ ਸਭਿਆਚਾਰਕ ਵਿਕਾਸ ਲਈ ਸਹਾਇਕ ਵਿਦਿਅਕ ਸਕੀਮਾਂ ਤੇ ਸਿਲੇਬਸਾਂ ਨੂੰ ਪਹਿਲੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਇੱਥੋਂ ਦੇ ਸਮਾਜ ਦੀ ਸਿਹਤ ਤੇ ਤੰਦਰੁਸਤੀ ਦੀ ਸੁੱਧ-ਬੁੱਧ ਲੈਣੀ ਅਤਿ ਜ਼ਰੂਰੀ ਹੈ। ਇਸ ਪੱਖੋਂ ਖਰੜ ਦੇ ਗਰੀਬ ਤੇ ਪਿਛੜੇ ਇਲਾਕੇ ਦੀ ਖ਼ਬਰ-ਸਾਰ ਲੈਣ ਵਜੋਂ ਹਸਪਤਾਲ ਤੇ ਨਸ਼ਾ ਛੁਡਾਉ ਕੇਂਦਰ ਵੀ ਸਰਕਾਰ ਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਦੀ ਚਿਰੰਜੀਵੀ ਨਿਸ਼ਾਨੀ ਬਣ ਸਕਦੇ ਹਨ।

ਮੁੱਕਦੀ ਗੱਲ! ਜੇ ਲੱਕੜ ਨਾਲ ਲੋਹਾ ਵੀ ਤਰਨਾ ਹੈ ਤਾਂ ਚੱਪੜਚਿੜੀ ਦਾ ਵਿਕਾਸ ਮੋਹਾਲੀ ਜ਼ਿਲ੍ਹੇ ਦੇ ਸਮੁੱਚੇ ਚਹੁੰ ਮੁਖੀ ਵਿਕਾਸ ਦਾ ਪ੍ਰਤੀਕ ਬਣਨਾ ਚਾਹੀਦਾ ਹੈ। ਸਰਕਾਰ ਵੱਲੋਂ ਇਹ ਸ਼ਲਾਘਾਯੋਗ ਉੱਦਮ ਖਿੱਤੇ ਵਿਚ ਵੱਸਦੇ ਲੱਖਾਂ ਪਰਿਵਾਰਾਂ ਦੀ ਲੋੜੀਂਦੀ ਸੇਵਾ ਤੇ ਖੁਸ਼ਹਾਲੀ ਲਈ ਆਪਣੇ-ਆਪ ਵਿਚ ਇਕ ਵੱਡੇ ਫਰਜ਼ ਦੀ ਅਦਾਇਗੀ ਦੇ ਤੁੱਲ ਹੋਵੇਗਾ। ਇਸ ਤੋਂ ਇਲਾਵਾ 'ਨਾਲੇ ਪੁੰਨ ਤੇ ਨਾਲੇ ਹੀ ਫਲੀਆਂ' ਦੀ ਲੋਕ-ਸਿਆਣਪ ਅਨੁਸਾਰ ਸਾਡਾ ਇਹ ਸੇਵਾ ਤੇ ਸ਼ਰਧਾ ਭਰਪੂਰ ਉਪਰਾਲਾ 'ਆਪਣੇ ਭੁੱਲਦੇ ਜਾ ਰਹੇ ਅਮਰ ਸ਼ਹੀਦਾਂ ਨੂੰ' ਕੌਮ ਵੱਲੋਂ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗਾ। ਖ਼ੁਸ਼ੀ ਦੀ ਗੱਲ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿੱਚ ਚਪੜਚਿੜੀ ਵਿਖੇ ਉੱਚ-ਮੀਨਾਰ (ਸਰਹਿੰਦ ਫਤਹਿ) ਤੇ ਹੋਰ ਸੂਰਬੀਰ ਜੋਧਿਆਂ ਦੀਆਂ ਯਾਦਗਾਰਾਂ ਸਥਾਪਤ ਕਰਕੇ ਪੰਜਾਬ ਦੀ ਬਾਦਲ ਸਰਕਾਰ ਨੇ ਇੱਕ ਸ਼ਾਨਦਾਰ ਇਤਿਹਾਸਕ ਕੰਮ ਕੀਤਾ ਹੈ।

# 60 ਕੁਰਾਲੀ ਦਾ ਇਤਿਹਾਸਕ ਪੱਖ

*ਮਨਪ੍ਰੀਤ ਸਿੰਘ ਰੂਬੀ*
*ਮੋਬਾ: 9814044995*

ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਕਰੀਬ 25 ਕਿਲੋਮੀਟਰ ਦੀ ਦੂਰੀ 'ਤੇ ਵਸੇ ਕਸਬਾ ਕੁਰਾਲੀ ਦੇ ਹੋਂਦ ਵਿੱਚ ਆਉਣ ਬਾਰੇ ਕਈ ਤਰ੍ਹਾਂ ਦੀਆਂ ਦੰਦ ਕਥਾਵਾਂ ਪ੍ਰਚੱਲਤ ਹਨ। ਕਈ ਸਦੀਆਂ ਪਹਿਲਾਂ ਹੋਂਦ 'ਚ ਆਏ ਇਸ ਕਸਬੇ ਦਾ ਜ਼ਿਕਰ ਪੁਰਾਤਨ ਲੋਕ ਗੀਤਾਂ ਵਿਚ ਆਉਣਾ ਅੱਜ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕੁਰਾਲੀ ਪ੍ਰਾਚੀਨ ਭਾਰਤ ਦੇ ਸਮੇਂ ਵੀ ਜਾਣਿਆ-ਪਛਾਣਿਆ ਰਿਹਾ ਹੈ। ਮੁੱਖ ਤੌਰ 'ਤੇ ਕੁਰਾਲੀ ਦੇ ਹੋਂਦ ਵਿਚ ਆਉਣ ਸਬੰਧੀ ਦਹੀਆ ਗੋਤ ਦੇ ਰਾਜਪੂਤ ਘਰਾਣੇ ਅਤੇ ਮਹਾਂਭਾਰਤ ਯੁੱਧ ਸਮੇਂ ਕੌਰਵਾਂ ਦੀ ਠਾਹਰ ਬਣਨ ਸਬੰਧੀ ਦੰਦ ਕਥਾਵਾਂ ਪ੍ਰਚੱਲਤ ਹਨ।

ਇਸ ਦੰਦ ਕਥਾ ਅਨੁਸਾਰ ਕੁਰੂਕਸ਼ੇਤਰ ਵਿਚ ਹੋਏ ਕੌਰਵਾ-ਪਾਂਡਵਾਂ ਦੇ ਮਹਾਂਯੁੱਧ ਸਮੇਂ ਕੌਰਵਾਂ ਨੇ ਕੁਰਾਲੀ ਦੀ ਧਰਤੀ ਉਤੇ ਹੀ ਡੇਰਾ ਲਗਾਇਆ ਸੀ। ਕੌਰਵਾਂ ਦੇ ਇੱਥੇ ਡੇਰੇ ਲਗਾਉਣ ਕਾਰਨ ਪਹਿਲਾਂ ਇਸ ਦਾ ਨਾਂ ਕੋਰਵਾਂ ਨਾਲ ਜੁੜ ਕੇ 'ਕੌਰਵਾਂਵਾਲੀ' ਪੈ ਗਿਆ, ਫਿਰ ਨਾਂ ਬਦਲ ਕੇ 'ਕੌਰਾਂਵਲੀ' ਅਤੇ ਸਮੇਂ ਦੀ ਚਾਲ ਨਾਲ ਬਦਲਦਾ-ਬਦਲਦਾ ਇਹ ਨਾਂ ਕੁਰਾਲੀ ਪ੍ਰਚੱਲਤ ਹੋ ਗਿਆ। ਕੁਰਾਲੀ ਦੀ ਹੋਂਦ ਸਬੰਧੀ ਇਹ ਸਭ ਤੋਂ ਪ੍ਰਾਚੀਨ ਧਾਰਨਾ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਕੁਰਾਲੀ ਸ਼ਹਿਰ ਦਾ ਮੁੱਢ ਰਾਜਸਥਾਨ ਦੀ ਧਰਤੀ ਤੋਂ ਉੱਠ ਕੇ ਆਏ 'ਦਹੀਆ' ਗੋਤ ਦੇ ਰਾਜਪੂਤ ਘਰਾਣੇ ਨੇ ਬੰਨ੍ਹਿਆ। ਦਹੀਆ ਗੋਤ ਤੇ ਰਾਜਪੂਤਾਂ ਦੇ ਕੁਰਾਲੀ ਵਿਚ ਡੇਰੇ ਲਗਾਉਣ ਕਾਰਨ ਕਈ ਦਹਾਕਿਆਂ ਤੱਕ ਕੁਰਾਲੀ ਨੂੰ 'ਦਹੀਆ ਦੀ ਕੁਰਾਲੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ। ਦੂਜੀ ਸਦੀ ਈਸਵੀ ਵਿਚ ਇੱਥੇ ਆ ਕੇ ਵਸੇ ਰਾਜਪੂਤ ਘਰਾਣੇ ਨੇ ਖੇਤੀਬਾੜੀ ਦੇ ਧੰਦੇ ਨੂੰ ਅਪਣਾਇਆ ਅਤੇ ਆਪਣੀ ਮਿਹਨਤ ਨਾਲ ਵੱਖਰੀ ਪਛਾਣ ਕਾਇਮ ਕਰ ਲਈ।

ਸਮੇਂ ਦੇ ਬਦਲਣ ਨਾਲ ਕੁਰਾਲੀ 'ਚ ਆਹਲੂਵਾਲੀਆ ਸਰਦਾਰਾਂ ਨੇ ਆਪਣੀ ਵਿਰਾਸਤ ਦੇ ਝੰਡੇ ਗੱਡੇ। ਆਹਲੂਵਾਲੀਆ ਘਰਾਣੇ ਨਾਲ ਸਬੰਧਤ ਸਰਦਾਰਾਂ ਨੇ ਸ਼ਹਿਰ 'ਚ ਸਭ ਤੋਂ ਪਹਿਲਾਂ ਵਿਸ਼ਾਲ ਧਰਮਸ਼ਾਲਾ ਬਣਵਾਈ ਜੋ ਅੱਜ ਵੀ ਆਹਲੂਵਾਲੀਆਂ ਦੀ ਕਿਸੇ ਸਮੇਂ ਇਸ ਸ਼ਹਿਰ 'ਤੇ ਰਹੀ ਚੜ੍ਹਾਈ ਦੀ ਗਵਾਹੀ ਭਰਦੀ ਹੈ। ਆਹਲੂਵਾਲੀਆ ਸਰਦਾਰਾਂ ਦੇ ਨਾਲ-ਨਾਲ ਇੱਥੇ ਕਈ ਦਹਾਕਿਆਂ ਤੱਕ ਸੋਢੀ ਵੰਸ਼ ਦੇ ਲੋਕਾਂ ਦਾ ਪੂਰਾ ਦਬਦਬਾ ਰਿਹਾ। ਸੋਢੀਆਂ ਨੇ ਸ਼ਹਿਰ 'ਚ ਕਈ ਸੁੰਦਰ ਬਾਗ ਸਥਾਪਤ ਕਰਨ ਤੋਂ ਇਲਾਵਾ ਕ੍ਰਿਸ਼ਨਾ ਮੰਡੀ 'ਚ ਇਕ ਸ਼ਾਨਦਾਰ ਕਿਲ੍ਹਾ ਬਣਵਾਇਆ। ਭਾਵ ਸਮੇਂ ਦੇ ਨਾਲ ਇਹ ਯਾਦਗਾਰਾਂ ਅਲੋਪ ਹੋ ਚੁੱਕੀਆਂ ਹਨ, ਪਰ ਸ਼ਹਿਰ ਵਿਚ ਸੋਢੀ ਵੰਸ਼ ਦਾ ਨਾਂ ਅੱਜ ਵੀ

ਚੱਲਦਾ ਹੈ। ਦੰਦ ਕਥਾਵਾਂ ਅਨੁਸਾਰ ਪ੍ਰਾਚੀਨ ਸਮੇਂ ਸੋਢੀ ਵੰਸ਼ ਦੇ ਨਾਲ ਸਰਦਾਰਾਂ ਨੂੰ ਤਤਕਾਲੀਨ ਰਾਜੇ ਨੇ ਕੁਰਾਲੀ ਕਸਬਾ ਜਗੀਰ 'ਚ ਦਿੱਤਾ ਸੀ। ਇੱਥੇ ਹੀ ਵਾਰਡ ਨੰਬਰ 12 ਵਿਚ ਸੋਢੀ ਵੰਸ਼ ਦੀ ਕਈ ਸਦੀਆਂ ਪੁਰਾਣੀ ਸਮਾਧ ਅੱਜ ਵੀ ਮੌਜੂਦ ਹੈ। ਜਿਸ ਬਾਰੇ ਕਿਹਾ ਜਾਂਦਾ ਹੈ ਕਿ ਸਮਾਧ ਸੋਢੀ ਵੰਸ਼ ਦੇ ਬਾਬਾ ਚੌਰ ਸਿੰਘ ਦੀ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਵਿੱਚੋਂ ਸਨ।

ਮਹਾਨ ਸਿੱਖ ਵਿਦਵਾਨ ਭਾਈ ਸਾਹਿਬ ਭਾਈ ਕਾਹਨ ਸਿੰਘ ਨਾਭਾ ਰਚਿਤ ਮਹਾਨਕੋਸ਼ ਦੇ ਪੰਨਾ 342 'ਤੇ ਦਰਜ ਜਾਣਕਾਰੀ ਸਪੱਸ਼ਟ ਕਰਦੀ ਹੈ ਕਿ ਕੁਰਾਲੀ ਸ਼ਹਿਰ ਦਾ ਸਬੰਧ ਸਿੱਖ ਇਤਿਹਾਸ ਨਾਲ ਵੀ ਹੈ। ਭਾਈ ਸਾਹਿਬ ਨੇ ਸੰਕੇਤ ਦਿੱਤਾ ਹੈ ਕਿ ਕੁਰਾਲੀ ਵਿਚ ਦੋ ਇਤਿਹਾਸਕ ਅਸਥਾਨ ਹਨ, ਪਰ ਇਹ ਅਸਥਾਨ ਕਿਹੜੇ ਹਨ ਇਸ ਬਾਰੇ ਇਤਿਹਾਸਕ ਖੋਜ ਹਾਲੇ ਤੱਕ ਅਧੂਰੀ ਹੈ। ਮੰਨਿਆ ਜਾਂਦਾ ਹੈ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਕੁਰਾਲੀ ਦੀ ਧਰਤੀ 'ਤੇ ਚਰਨ ਪਾਏ ਸਨ ਪਰ ਇਸ ਬਾਰੇ ਵੀ ਵਧੇਰੇ ਜਾਣਕਾਰੀ ਨਹੀਂ ਮਿਲਦੀ। ਇਸ ਸ਼ਹਿਰ ਦੀਆਂ ਪੁਰਾਣੀਆਂ ਵਿੱਦਿਅਕ ਸੰਸਥਾਵਾਂ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਅਤੇ ਨੈਸ਼ਨਲ ਚਕਵਾਲ ਸੀਨੀਅਰ ਸੈਕੰਡਰੀ ਸਕੂਲ ਦਾ ਸਿੱਖਿਆ ਦੇ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਹੈ। ਭਾਵੇਂ ਹੁਣ ਹੋਰ ਵੀ ਕਈ ਪਬਲਿਕ ਸਕੂਲ ਖੁੱਲ੍ਹ ਗਏ ਹਨ। ਲੋਕਾਂ ਦੇ ਹਰਮਨ ਪਿਆਰੇ ਹਲਕਾ ਵਿਧਾਇਕ ਰਾਜਾ ਸਿੰਘ ਇਸ ਸ਼ਹਿਰ ਦੇ ਵਾਸੀ ਹਨ।

ਕਸਬਾ ਕੁਰਾਲੀ ਵਪਾਰਕ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਵੀ ਰਿਹਾ ਹੈ। ਇਹੋ ਕਾਰਨ ਹੈ ਕਿ ਪੁਰਾਤਨ ਗੀਤਾਂ 'ਚ ਵੀ ਕੁਰਾਲੀ ਦਾ ਜ਼ਿਕਰ ਅਕਸਰ ਮਿਲ ਜਾਂਦਾ ਹੈ। 'ਤਾਂਗਾ ਚੱਲਿਆ ਸ਼ਹਿਰ ਕੁਰਾਲੀ, ਬਹਿ ਜਾ ਬਿੱਲੋ ਛਾਲ ਮਾਰ ਕੇ' ਅਤੇ 'ਚਿੱਤ ਮੇਰਾ ਕੁਰਾਲੀ ਨੀ ਮੈਂ ਕਿੱਥੇ ਲਿਆਣ ਬਿਠਾਲੀ' ਅੱਜ ਵੀ ਕੁਰਾਲੀ ਦੀ ਚੜ੍ਹਾਈ ਦੀ ਗਵਾਹੀ ਭਰਦੇ ਹਨ।

ਕੁਰਾਲੀ ਤੋਂ ਚੰਡੀਗੜ੍ਹ ਜਾਣ ਲਈ ਸਿਸਵਾਂ ਮਾਰਗ ਵਾਲੀ ਸੜਕ ਬਣਨ ਨਾਲ ਆਵਾਜਾਈ ਦੀ ਗਹਿਮਾ-ਗਹਿਮੀ ਹੋ ਗਈ ਹੈ।

# 61 ਇਤਿਹਾਸ ਨੂੰ ਬੁੱਕਲ 'ਚ ਸਮੋਈ ਬੈਠਾ ਮੋਰਿੰਡਾ

*ਸੁਰਿੰਦਰ ਸਿੰਘ ਰਸੂਲਪੁਰ*

ਮੁਗਲ ਕਾਲ ਸਮੇਂ 'ਬਾਗਾਂ ਵਾਲਾ' ਨਾਮ ਨਾਲ ਜਾਣਿਆ ਜਾਂਦਾ ਮੋਰਿੰਡਾ ਉਹ ਇਤਿਹਾਸਕ ਕਸਬਾ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਨੇ ਆਪਣੇ ਪਵਿੱਤਰ ਚਰਨ ਪਾਏ ਸਨ। ਉਨ੍ਹਾਂ ਦੀ ਯਾਦ ਵਿੱਚ ਬਣੇ ਦੋ ਗੁਰਦੁਆਰਾ ਸਾਹਿਬਾਨ ਉਸ ਸਮੇਂ ਦੀ ਯਾਦ ਨੂੰ ਤਾਜ਼ਾ ਕਰਵਾਉਂਦੇ ਹਨ। ਗੁਰੂ ਜੀ ਨੇ ਜਦੋਂ ਦਸੰਬਰ, 1705 ਦੀ ਰਾਤ ਨੂੰ ਆਨੰਦਪੁਰ ਸਾਹਿਬ ਸਦਾ ਲਈ ਛੱਡ ਦਿੱਤਾ ਤਾਂ ਸਰਸਾ ਨਦੀ 'ਤੇ ਆ ਕੇ ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਗੰਗੂ ਨਾਮੀ ਬ੍ਰਾਹਮਣ ਦੇ ਪਿੰਡ ਖੇੜੀ (ਸਹੇੜੀ) ਆ ਗਏ। ਮੁਗ਼ਲਾਂ ਤੋਂ ਇਨਾਮ ਪ੍ਰਾਪਤ ਕਰਨ ਲਈ ਗੰਗੂ ਪਿੰਡ ਦੇ ਚੌਧਰੀ ਨੂੰ ਨਾਲ ਲੈ ਕੇ ਮੋਰਿੰਡੇ ਥਾਣੇ ਵਿਚ ਇਤਲਾਹ ਦੇ ਆਇਆ ਕਿ ਬਾਗੀ ਗੋਬਿੰਦ ਸਿੰਘ ਦੇ ਦੋ ਬੱਚੇ ਅਤੇ ਮਾਤਾ ਮੇਰੇ ਕਬਜੇ ਵਿੱਚ ਹਨ। ਆਪ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਓ ਅਤੇ ਮੈਨੂੰ ਇਨ੍ਹਾਂ ਨੂੰ ਫੜਾਉਣ ਵਿਚ ਹਕੂਮਤ ਦੀ ਸਹਾਇਤਾ ਕਰਨ ਬਦਲੇ ਇਨਾਮ ਦਿੱਤਾ ਜਾਵੇ। ਮੋਰਿੰਡਾ ਥਾਣੇ ਤੋਂ ਜਨੀ ਖਾਂ ਤੇ ਮਨੀ ਖਾਂ ਚੌਧਰੀਆਂ ਨੇ ਦੋ ਮਾਸੂਮ ਬੱਚਿਆਂ ਤੇ ਬਿਰਧ ਮਾਤਾ ਨੂੰ ਗ੍ਰਿਫਤਾਰ ਕਰਕੇ ਮੋਰਿੰਡਾ ਥਾਣੇ ਵਿੱਚ ਬੰਦ ਕਰ ਦਿੱਤਾ। ਇੱਥੋਂ ਉਨ੍ਹਾਂ ਨੂੰ ਸਰਹਿੰਦ ਦੇ ਸੂਬੇਦਾਰ ਨਵਾਬ ਵਜ਼ੀਰ ਖਾਨ ਪਾਸ ਭੇਜ ਦਿੱਤਾ।

ਨਵੰਬਰ, 1763 ਦੇ ਅਖੀਰ ਵਿਚ ਸਿੱਖ ਜਰਨੈਲ ਗੁਰੂ-ਦਾ-ਚੱਕ ਵਿਚ ਇਕੱਠੇ ਹੋਏ ਜਿੱਥੇ ਉਨ੍ਹਾਂ ਗੁਰੂ ਜੀ ਦੇ ਪਰਿਵਾਰ 'ਤੇ ਜ਼ੁਲਮ ਕਰਨ ਅਤੇ ਜ਼ਾਲਮ ਅਫਗਾਨਾਂ ਨਾਲ ਮਿਲ ਕੇ ਸਿੱਖਾਂ ਦਾ ਕਤਲੇਆਮ ਕਰਨ ਦੇ ਦੋਸ਼ੀਆਂ, ਮਾਲੇਰਕੋਟਲਾ ਦੇ ਅਫਗਾਨਾਂ ਨੂੰ ਸੋਧਣ ਦਾ ਮਤਾ ਪਾਸ ਕੀਤਾ। ਜਨਵਰੀ, 1764 ਵਿੱਚ ਸਿੱਖ ਫੌਜਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸਹੇੜੀ 'ਤੇ ਹਮਲਾ ਕਰਕੇ ਧੁੰਮਾ ਦਰਬਾਰੀ ਅਤੇ ਗੰਗੂ ਦੇ ਵਾਰਸਾਂ ਨੂੰ ਸਜ਼ਾ ਦਿੱਤੀ, ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਬਿਰਧ ਮਾਤਾ ਨੂੰ ਗ੍ਰਿਫਤਾਰ ਕਰਵਾਇਆ ਸੀ। ਉਹ ਸਿੱਖਾਂ ਦੇ ਮੁਜਰਿਮ ਸਨ। ਇਸ ਤੋਂ ਬਾਅਦ ਉਨ੍ਹਾਂ ਮੋਰਿੰਡਾ 'ਤੇ ਹਮਲਾ ਕੀਤਾ। ਸਿੱਖਾਂ ਨੇ ਜਨੀ ਖਾਂ ਤੇ ਮਨੀ ਖਾਂ ਦੇ ਵਾਰਸਾਂ ਅਤੇ ਸ਼ਹਿਰ ਦੇ ਅਮੀਰਾਂ ਤੋਂ ਜ਼ਾਲਮ ਚੌਧਰੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ। ਇਥੋਂ ਦੇ ਰੰਗੜਾਂ ਨੇ ਸਿੱਖਾਂ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਬੁਰੀ ਤਰ੍ਹਾਂ ਹਾਰ ਖਾਧੀ। ਇਸ ਲੜਾਈ ਵਿਚ ਹਜ਼ਾਰਾਂ ਰੰਘੜ ਅਤੇ ਪਠਾਣ ਮਾਰੇ ਗਏ। ਇਨ੍ਹਾਂ ਵਿਚ ਸਿਰਫ ਬੁੱਢੇ, ਔਰਤਾਂ ਅਤੇ ਬੱਚਿਆਂ ਨੂੰ ਹੀ ਬਖਸ਼ਿਆ ਗਿਆ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨਕੋਸ਼ ਪੰਨਾ 999 ਅਨੁਸਾਰ ਇਸ ਸ਼ਹਿਰ ਨੂੰ ਧਰਮ ਸਿੰਘ ਨੇ ਆਪਣੇ ਕਬਜ਼ੇ ਵਿਚ

ਕਰ ਲਿਆ ਸੀ। ਇਸ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਸਾਰਾ ਇਲਾਕਾ ਲਾਹੌਰ ਰਾਜ ਵਿਚ ਮਿਲਾ ਕੇ ਲੁਧਿਆਣੇ ਮੋਰਿੰਡਾ ਦਾ ਪਰਗਨਾ ਰਾਜ ਭਾਗ ਸਿੰਘ ਜੀਦਪਤੀ ਨੂੰ ਦੇ ਦਿੱਤਾ। ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਇਸ ਇਲਾਕੇ ਨੂੰ ਜ਼ਬਤ ਕਰਕੇ ਆਪਣੇ ਰਾਜ ਵਿਚ ਮਿਲਾ ਲਿਆ। ਮੋਰਿੰਡਾ ਸ਼ਹਿਰ ਵਿਚਕਾਰ ਜਿਸ ਥਾਣੇ ਵਿਚ ਸਾਹਿਬਜ਼ਾਦਿਆਂ ਅਤੇ ਮਾਤਾ ਨੂੰ ਬੰਦੀ ਬਣਾਇਆ ਗਿਆ ਸੀ, ਉਥੇ ਗੁਰਦੁਆਰਾ ਕੋਤਵਾਲ ਸਾਹਿਬ ਸੁਸ਼ੋਭਿਤ ਹੈ। ਉਨ੍ਹਾਂ ਦੀ ਯਾਦ ਵਿਚ ਸ਼ਹਿਰ ਦੇ ਉੱਤਰ ਵੱਲ ਇਕ ਹੋਰ ਗੁਰਦੁਆਰਾ ਸ਼ਹੀਦ ਗੰਜ ਬਣਾਇਆ ਗਿਆ ਹੈ। ਇਨ੍ਹਾਂ ਦੀ ਕਾਰਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਦੇ ਸੇਵਾਦਾਰ ਜਥੇਦਾਰ ਸੁਰਮੁਖ ਸਿੰਘ ਕਕਰਾਲੀ ਸੰਗਤਾਂ ਦੇ ਸਹਿਯੋਗ ਨਾਲ ਕਰਵਾ ਰਹੇ ਹਨ। ਇਹ ਗੁਰਦੁਆਰਾ ਸਾਹਿਬਾਨ 1987 ਦੀ ਕੈਟਾਗਰੀ ਵਿਚ ਆਉਂਦੇ ਹਨ। ਇਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਇੱਥੇ ਲੋਕਲ ਕਮੇਟੀ ਦਾ ਪ੍ਰਬੰਧ ਕੀਤਾ ਗਿਆ ਹੈ। ਮੋਰਿੰਡਾ ਦਾ ਰੇਲਵੇ ਸਟੇਸ਼ਨ ਬੜਾ ਪੁਰਾਣਾ ਹੈ। ਕਿਸੇ ਸਮੇਂ ਮੋਰਿੰਡਾ ਦੇ ਖੰਡ ਮਿਲ (ਲਿਮਟਿਡ ਸੁਸਾਇਟੀ) ਦੀ ਬੜੀ ਚੜ੍ਹਤ ਰਹੀ ਤੇ ਇਲਾਕੇ ਦੇ ਕਿਸਾਨ ਗੰਨੇ ਦੀ ਉਪਜ ਲਈ ਮਸ਼ਹੂਰ ਸਨ।

# 62 ਪੁਆਧ ਦਾ ਸਿਰਮੌਰ ਪਿੰਡ ਸੁਹਾਣਾ

*ਮਨਮੋਹਨ ਸਿੰਘ ਦਾਊਂ*

ਭਾਰਤ ਦੀ ਅਜ਼ਾਦੀ (1947) ਤੋਂ ਪਹਿਲਾਂ ਪਿੰਡ ਸੁਹਾਣਾ ਜ਼ਿਲ੍ਹਾ, ਅੰਬਾਲਾ ਦਾ ਉੱਘਾ ਨਗਰ ਸੀ। ਹਰਿਆਣਾ ਰਾਜ ਬਣਨ ਤੋਂ ਬਾਅਦ ਜ਼ਿਲ੍ਹਾ ਰੂਪਨਗਰ ਦਾ ਪਿੰਡ ਅਖਵਾਉਣ ਲੱਗਿਆ। ਵਰਤਮਾਨ ਜ਼ਿਲ੍ਹੇ ਐਸ.ਏ.ਐਸ. ਨਗਰ (ਮੁਹਾਲੀ) ਦੀ ਸਥਾਪਨਾ ਹੋਣ ਕਾਰਨ, ਹੁਣ ਇਹ ਪਿੰਡ ਇੱਕ ਵੱਡਾ ਨਗਰ ਦਾ ਰੂਪ ਧਾਰ ਰਿਹਾ ਹੈ। ਚੰਡੀਗੜ੍ਹ ਇਸ ਤੋਂ ਦਸ ਕੁ ਕਿਲੋਮੀਟਰ ਹੋਣ ਕਾਰਨ, ਹੁਣ ਪਿੰਡ ਦੀ ਮਹੱਤਤਾ ਦਿਨੋ-ਦਿਨ ਵੱਧਦੀ ਜਾਂਦੀ ਹੈ। ਇਸ ਪਿੰਡ ਦੀ ਜ਼ਮੀਨ ਮੁਹਾਲੀ ਸ਼ਹਿਰ ਦੇ ਸੈਕਟਰਾਂ 77 ਤੇ 78 ਵਿੱਚ ਵੰਡੀ ਗਈ ਹੈ ਜਿੱਥੇ ਨਵ-ਉਸਾਰੀ ਅਧੀਨ ਅੰਬਰ ਛੋਂਹਦੇ ਫਲੈਟ, ਕੋਠੀਆਂ ਤੇ ਹੋਰ ਅਦਾਰੇ ਇਸ ਪਿੰਡ ਦੀ ਜੱਦੀ ਹੋਂਦ ਨੂੰ ਕੱਜ ਰਹੇ ਹਨ। ਚੰਡੀਗੜ੍ਹ ਤੋਂ ਲਾਂਡਰਾਂ ਸੜਕ ਉੱਤੇ ਸੈਕਟਰ 7 ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ, ਇਸ ਪਿੰਡ 'ਚ ਭੀੜ-ਭੜੱਕਾ, ਆਵਾਜਾਈ ਤੇ ਸੜਕਾਂ ਦੇ ਜੰਕਸ਼ਨ ਦਿਨੋ-ਦਿਨ ਵਧ ਰਹੇ ਹਨ। ਪੁਰਾਤਨ ਕਥਾਵਾਂ ਸੁਣਨ ਤੋਂ ਪਤਾ ਲੱਗਦਾ ਹੈ ਕਿ ਤੂਰ ਗੋਤ ਵਾਲੇ ਚਾਰ ਭਰਾਵਾਂ ਨੇ ਚਾਰ ਪਿੰਡ ਨੇੜੇ-ਤੇੜੇ ਵਸਾਏ: ਸੋਹਾਣਾ, ਕੁੰਭੜਾ, ਮੌਲੀ ਤੇ ਮਟੌਰ। ਇਨ੍ਹਾਂ ਪਿੰਡਾਂ ਵਿੱਚ ਬੈਦਵਾਣ ਗੋਤ ਸਭ ਤੋਂ ਪ੍ਰਮੁੱਖ ਹੈ। ਭਾਵੇਂ ਰਾਮਗੜ੍ਹੀਆਂ, ਬਾਂਸਲਾਂ ਤੇ ਸੈਣੀਆਂ ਦੇ ਘਰ ਵੀ ਸਥਾਪਤ ਹੋਏ। ਇਸ ਪਿੰਡ ਸੁਹਾਣਾ ਦੇ ਜੱਦੀ ਲੋਕ ਜੱਟ ਜ਼ਿਮੀਦਾਰਾਂ ਤੋਂ ਬਿਨਾਂ ਪੰਡਿਤ, ਸ਼ਰਮਾ, ਖੱਤਰੀ, ਮੋਂਦਗਿੱਲ, ਖੁਰਾਣਾ, ਸਨਿਆਰ, ਤਰਖਾਣ, ਲੁਹਾਰ, ਕਹਾਰ, ਛੀਂਬੇ, ਪੀਂਜੇ, ਨੂਨਗਰ, ਬਾਲਮੀਕ, ਬਾਜੀਗਰ, ਛਾਬੜੇ ਤੇ ਹਰੀਜਨ ਬਹੁ-ਰੰਗਾਂ ਜਾਤਾਂ ਤੇ ਵਰਨਾਂ ਦੇ ਵਸਨੀਕ ਹਨ। ਘੁਮਿਆਰਾਂ ਦਾ ਕੋਈ ਘਰ ਨਹੀਂ। ਇਸ ਵੇਲੇ ਇਸ ਪਿੰਡ ਦੀ (ਹੱਦ-ਬਸਤ ਅੰਦਰ) ਅਬਾਦੀ ਲਗਪਗ ਦਸ ਹਜ਼ਾਰ ਦੱਸੀ ਜਾਂਦੀ ਹੈ ਤੇ ਰਿਕਾਰਡ ਅਨੁਸਾਰ ਅੱਠ ਹਜ਼ਾਰ ਵੋਟਰ ਦੱਸੇ ਜਾਂਦੇ ਹਨ। ਹੁਣ ਇਹ ਪਿੰਡ ਐਸ.ਏ.ਐਸ. ਨਗਰ-ਮੁਹਾਲੀ ਦੀ ਕਾਰਪੋਰੇਸ਼ਨ ਵਿੱਚ ਆ ਗਿਆ ਹੈ ਤੇ ਤਿੰਨ ਐਮ.ਸੀ. ਸ੍ਰੀ ਪਰਵਿੰਦਰ ਸਿੰਘ, ਸੁਰਿੰਦਰ ਸਿੰਘ ਰੋਡਾ ਤੇ ਕਮਲਜੀਤ ਕੌਰ ਹਨ। ਨੰਬਰਦਾਰ ਵੱਖ-ਵੱਖ ਪੱਤੀਆਂ ਅਨੁਸਾਰ 12 ਹਨ ਅਤੇ ਚੌਕੀਦਾਰ ਵੀ 12 ਹਨ।

ਗੁਰਦੁਆਰੇ ਸਾਹਿਬਾਨ ਵਿੱਚ ਪ੍ਰਮੁੱਖ ਗੁਰਦੁਆਰਾ ਸਿੰਘ ਸ਼ਹੀਦਾਂ ਹੈ ਜਿਹੜਾ ਲਗਪਗ ਦੱਸ ਕਿਲਿਆਂ ਤੱਕ ਦੇ ਖੇਤਰ ਵਿੱਚ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਸੂਬਾ ਸਰਹਿੰਦ ਵਜ਼ੀਰ ਖਾਂ ਨੂੰ 12 ਮਈ, 1710 ਵਿੱਚ ਚੱਪੜਚਿੜੀ ਦੇ ਮੈਦਾਨ ਵਿੱਚ ਘਮਸਾਣ ਦੀ ਲੜਾਈ ਲੜ ਕੇ ਮਾਰ ਮੁਕਾਇਆ। ਇਸ ਤੋਂ ਅਗਲੀ ਇਤਿਹਾਸਕ ਘਟਨਾ ਬੁੱਢਾ ਦਲ ਦੇ ਸੱਤਵੇਂ ਜੱਥੇਦਾਰ ਬਾਬਾ ਹਨੂੰਮਾਨ ਸਿੰਘ (ਜੱਥੇਦਾਰ ਸ੍ਰੀ ਅਕਾਲ

ਤਖ਼ਤ ਸਾਹਿਬ) ਨੇ 90 ਸਾਲ ਦੀ ਉਮਰ ਵਿੱਚ ਜ਼ਾਲਮ ਅੰਗਰੇਜ਼ ਦਾ ਮੁਕਾਬਾ ਕਰਦੇ ਹੋਏ , 500 ਤੋਂ ਵੱਧ ਸਿੰਘਾਂ ਸਮੇਤ ਦੁਸ਼ਮਣਾਂ ਨੂੰ ਭਾਂਜ ਦੇ ਕੇ ਇਸ ਨਗਰ ਸੋਹਾਣਾ ਵਿਖੇ ਸ਼ਹੀਦੀ ਦਾ ਜਾਮ ਪੀਤਾ। ਇਸ ਕਰਕੇ ਇਹ ਧਰਤੀ ਸ਼ਹੀਦਾਂ ਦੇ ਖ਼ੂਨ ਨਾਲ ਰੱਤੜੀ, ਇਤਿਹਾਸਕ ਘਟਨਾਵਾਂ ਦੀ ਲਖਾਇਕ ਹੈ। ਸਿੰਘ ਸ਼ਹੀਦਾਂ ਦੇ ਨਾਮ 'ਤੇ ਗੁਰਦੁਆਰਾ ਸਿੰਘ ਸ਼ਹੀਦਾਂ ਪਿਆ। ਬ੍ਰਹਮਗਿਆਨੀ ਸਵਰਗਵਾਸੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੀ ਪ੍ਰੇਰਨਾ ਸਦਕਾ ਆਲੀਸ਼ਾਨ ਦਰਬਾਰ ਸਾਹਿਬ ਦੀ ਨਵ-ਉਸਾਰੀ ਸੇਵਾ ਦੇ ਪੁੰਜ ਬਾਬਾ ਹਰਬੰਸ ਸਿੰਘ (ਕਾਰ ਸੇਵਾ ਬੰਗਲਾ ਸਾਹਿਬ ਦਿੱਲੀ ਵਾਲਿਆਂ) ਦੀ ਅਗਵਾਈ ਤੇ ਦੇਖ-ਰੇਖ 'ਚ ਉੱਚ-ਕੋਟੀ ਦੇ ਆਰਕੀਟੈਕਟ ਤੇ ਇੰਜੀਨੀਅਰਾਂ ਦੁਆਰਾ ਕਰਵਾਈ ਜਾ ਰਹੀ ਹੈ। ਗੁਰਮਤਿ ਮਰਯਾਦਾ ਅਨੁਸਾਰ 29 ਨਵੰਬਰ, 1993 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਨਿਰੰਤਰ ਚਲਦੀ ਆ ਰਹੀ ਹੈ। ਦਸਵੀਂ ਦਾ ਦਿਹਾੜਾ ਵਿਸ਼ੇਸ਼ ਤੌਰ 'ਤੇ ਆਸਥਾ ਦਾ ਕੇਂਦਰ ਹੈ। ਰੋਜ਼ਾਨਾ ਅੰਮ੍ਰਿਤ ਵੇਲੇ ਤੋਂ ਸ਼ਾਮ ਤੱਕ ਬਾਣੀਆਂ ਦਾ ਨਿੱਤਨੇਮ ਪ੍ਰਯੋਜਨ ਚਲਦਾ ਹੈ। ਗੁਰਪੁਰਬ ਦਿਹਾੜਿਆਂ ਤੇ ਨਗਰ ਕੀਰਤਨ ਸਸ਼ੋਭਤ ਹੁੰਦਾ ਹੈ। ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ) ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਯਾਦ ਵਿੱਚ ਗੁ. ਸਿੰਘ ਸ਼ਹੀਦਾਂ ਸੋਹਾਣਾ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਂਦਾ ਹੈ ਤੇ ਗੁਰੂ ਕਾ ਲੰਗਰ ਤਿੰਨ ਦਿਨ ਲਾਇਆ ਜਾਂਦਾ ਹੈ। ਇਸ ਅਸਥਾਨ ਦੀ ਮਾਨਤਾ ਦਿਨੋ-ਦਿਨ ਵਧਦੀ ਜਾ ਰਹੀ ਹੈ। ਹੋਰ ਬਹੁਤ ਸਾਰੇ ਕਾਰਜ ਸੰਗਤਾਂ ਦੀ ਭਲਾਈ ਵਿੱਚ ਪ੍ਰਾਰੰਭ ਕੀਤੇ ਹੋਏ ਹਨ। ਮਹਾਂਪੁਰਖ ਸੰਗਤਾਂ ਦੇ ਸਨਮੁਖ ਹੁੰਦੇ ਹਨ। ਅਤੁੱਟ ਲੰਗਰ ਸਦਾ ਚਲਦਾ ਰਹਿੰਦਾ ਹੈ।

ਹੋਰ ਗੁਰਦੁਆਰਾ ਸਾਹਿਬਾਨ ਅਕਾਲ-ਆਸ਼ਰਮ, ਮਾਤਾ ਸੁੰਦਰ ਕੌਰ, ਡੇਰਾ ਸਾਹਿਬ, ਦਸਮੇਸ਼ ਸਾਹਿਬ, ਹਰਮਿਲਾਪ ਸਾਹਿਬ ਤੇ ਬਾਬਾ ਪ੍ਰੀਤਮ ਦਾਸ ਆਪੋ-ਆਪਣੀ ਮਹਿਮਾ ਰੱਖਦੇ ਹਨ। ਕਿੰਨੇ ਹੀ ਮੰਦਰਾਂ ਦੀ ਉਪਾਸ਼ਨਾ 'ਚ ਸ਼ਰਧਾਲੂ ਉਤਸਵ ਮਨਾਉਂਦੇ ਹਨ ਜਿਵੇਂ ਸ਼ਿਵ ਮੰਦਰ, ਬੱਦਰੀ ਨਰਾਇਣ, ਸੰਤ ਭੋਲੇ ਵਾਲਾ, ਕਿਲੇ ਵਾਲਾ ਮੰਦਰ, ਠਾਕਰ ਦੁਆਰਾ, ਸ਼ਿਵ ਦੁਆਲਾ ਤੇ ਸਰੋਜ ਭੈਣ ਜੀ ਦਾ ਮੰਦਰ (ਬਹੰਗਮ)। ਇਸ ਤੋਂ ਬਿਨਾਂ ਧਾਰਮਿਕ ਅਸਥਾਨ ਹਨ ਜਿਵੇਂ ਲਾਲਾਂ ਵਾਲੇ ਦਾ ਅਸਥਾਨ ਤੇ ਸਿੱਧ ਬਾਬਾ ਗੋਪਾਲ ਦਾਸ ਜੀ ਦਾ ਅਸਥਾ ਜਿਸ ਦੀ ਸੇਵਾ ਪ੍ਰਧਾਨ ਹਰਪਾਲ ਸਿੰਘ ਬੈਦਵਾਣ ਪੂਰੀ ਲਗਨ ਨਾਲ ਨਿਭਾ ਰਹੇ ਹਨ ਤੇ ਬਸੰਤ ਪੰਚਮੀਂ ਦਾ ਸਾਲਾਨਾ ਸਮਾਗਮ ਵੇਖਣ ਵਾਲਾ ਹੁੰਦਾ ਹੈ। ਆਧੁਨਿਕ ਪਿੰਡ ਵਾਲੀਆਂ ਸਾਰੀਆਂ ਸਹੂਲਤਾਂ ਉਪਲਬਧ ਹਨ ਜਿਵੇਂ ਪਸ਼ੂਆਂ ਦਾ ਹਸਪਤਾਲ, ਡਾਕਖਾਨਾ (ਜੋ ਸੁਧਾਰ ਲੋੜਦਾ), ਦੋ ਸਰਕਾਰੀ ਡਿਸਪੈਂਸਰੀਆਂ, ਲਗਪਗ ਛੇ ਬੈਂਕ, ਜਲਘਰ 4 ਟੈਂਕੀਆਂ, 4 ਆਂਗਨਵਾੜੀ ਕੇਂਦਰ ਤੇ ਕੋਆਪ੍ਰੇਟਿਵ ਸੁਸਾਇਟੀ ਪੁਰਾਣੀ ਧਰਮਸ਼ਾਲਾ ਤੋਂ ਬਿਨਾਂ ਛੇ/ਸੱਤ ਧਰਮਸ਼ਾਲਾਵਾਂ ਹਨ ਜਿਵੇਂ ਗਭਲੀ ਧਰਮਸ਼ਾਲਾ,

ਬਰੋਦੀ ਵਾਲੀ, ਹਰੀਜਨਾਂ ਵਾਲੀ ਇਤਿ ਆਦਿ। ਤਿੰਨ ਖੇੜੇ ਬਜ਼ਾਰ ਵਾਲਾ, ਬਰੋਦੀ ਵਾਲਾ ਤੇ ਬਾਬਾ ਸਰਬਦੇਵ ਵਾਲਾ ਹਨ ਜਿੱਥੇ ਪਿੰਡ ਵਾਸੀ ਮੱਥਾ ਟੇਕਦੇ ਤੇ ਪੂਜਾ ਅਰਚਨਾ ਕਰਦੇ ਹਨ। ਵੱਡਾ ਪਿੰਡ ਹੋਣ ਕਾਰਨ ਪੰਜ ਟੋਭੇ ਹਨ ਜਿਵੇਂ ਭੰਬੂਲਾਂ ਵਾਲਾ, ਬਜ਼ਾਰ ਵਾਲਾ, ਬੜਾ ਜੋਹੜ ਆਦਿਕ। ਇੱਕ ਮਸਜਿਦ ਵੀ ਹੈ। ਚਾਰ ਮੜ੍ਹੀਆਂ ਤੇ ਇੱਕ ਕਬਰਸਤਾਨ ਵੀ ਹੈ। ਜੇਕਰ ਖੂਹਾਂ ਦੀ ਗੱ ਕਰੀਏ ਤਾਂ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ: ਖਾਰਾ, ਮੋਰੀ ਵਾਲਾ, ਬਜ਼ਾਰ ਵਾਲਾ, ਹਰੀਜਨਾਂ ਵਾਲਾ, ਮੈਂਗਿਆਣਾ ਵਾਲਾ, ਹਵੇਲੀ ਵਾਲਾ ਤੇ ਮੇਲੀ ਦੀ ਹਵੇਲੀ ਵਾਲਾ। ਕਿਸੇ ਸਮੇਂ ਇਨ੍ਹਾਂ ਖੂਹਾਂ 'ਤੇ ਰੌਣਕਾਂ ਲਗਦੀਆਂ ਸਨ। ਬਾਲਟੀਆਂ, ਡੋਲ ਤੇ ਘੜੇ ਭਰੇ ਜਾਂਦੇ ਸਨ, ਭੌਣੀਆਂ ਚੀਕਦੀਆਂ ਸਨ ਤੇ ਪਹੁ-ਫੁਟਾਲੇ ਹੋਣ ਦਾ ਸਮਾਂ ਦੱਸਦੀਆਂ ਸਨ। ਹਿੰਦੂ-ਮਤ ਵਿੱਚ ਗੁੱਗੇ ਦੀ ਅਰਾਧਨਾ ਪ੍ਰਾਚੀਨ ਸਮੇਂ ਤੋਂ ਚੱਲਦੀ ਆ ਰਹੀ ਹੈ। ਇਸ ਪਿੰਡ ਵਿੱਚ ਵੀ ਤਿੰਨ ਮਾੜੀਆਂ ਹਨ ਜਿਨ੍ਹਾਂ ਦੀ ਦੇਖਭਾਲ ਸ਼ਰਧਾਲੂ ਕਰਦੇ ਹਨ।

ਪਿੰਡ ਵਾਸੀ ਦੱਸਦੇ ਹਨ ਕਿ ਜੋਗਿੰਦਰ ਸਿੰਘ ਕੋਤਾ ਭਲਵਾਨ ਅਨਪੜ੍ਹ ਸੀ ਪਰੰਤੂ ਉਸ ਨੂੰ ਪਿੰਡ ਵਾਸੀਆਂ ਦੀਆਂ ਜ਼ਮੀਨਾਂ ਦੇ ਨੰਬਰ (ਹੱਦਬਸਤ, ਖੇਵਟ) ਜ਼ੁਬਾਨੀ ਯਾਦ ਸਨ। ਪਟਵਾਰੀ ਸੁਣ ਕੇ ਹੈਰਾਨ ਰਹਿ ਜਾਂਦੇ ਸਨ।

ਇਸ ਪਿੰਡ ਦੀ ਵਿਸ਼ੇਸ਼ਤਾ ਇਸ ਵਿੱਚ ਕੀਤੀਆਂ ਜਾਂਦੀਆਂ ਦਾਨ-ਪੁੰਨ ਵਾਲੀਆਂ ਜੱਗਾਂ ਤੋਂ ਵੀ ਹੈ ਜੋ ਸਾਲ ਵਿੱਚ 20 ਕੁ ਹੁੰਦੀਆਂ ਹਨ। ਇਸ ਤੋਂ ਪਿੰਡ ਦੀ ਭਾਈਚਾਰਕ ਸਾਂਝ ਦਾ ਪਤਾ ਲੱਗਦਾ ਹੈ।

ਪਿੰਡ ਦੀਆਂ ਗਲੀਆਂ ਦੀ ਵੰਡ ਪੱਟੀਆਂ ਅਨੁਸਾਰ ਹੈ ਜਿਵੇਂ ਪਿੰਡ ਦੇ ਮਹੱਲਿਆਂ ਖੇਤਰ ਦੇ ਨਾਮ ਰੱਖੇ ਹੋਏ ਹਨ: ਚਿੜੀਮਾਰ ਪੱਟੀ, ਬਰੌਦੀ ਵਾਲੀ ਪੱਟੀ, ਮੈਂਗਿਆਣਾ ਪੱਟੀ, ਸਹਿਜੂਵਾੜਾ, ਉਪਰਲਾ ਮਹੱਲਾ, ਧੋਬੀਆਂ ਵਾਲਾ, ਬਾਲਮੀਕੀ ਮਹੱਲਾ, ਡੇਰਾ ਸਾਹਿਬ ਮਹੱਲਾ, ਬਾਬਾ ਦੀਪ ਸਿੰਘ ਨਗਰ ਕਲੋਨੀ। ਸਾਰੇ ਧਰਮ ਅਸਥਾਨਾਂ 'ਤੇ ਪਿੰਡ ਵਾਸੀ ਰਲ-ਮਿਲ ਕੇ ਸਮਾਗਮ ਆਯੋਜਿਤ ਕਰਦੇ ਹਨ। ਲੋਕ-ਸੇਵਕ ਨੌਜੁਆਨ ਅਰਵਿੰਦਰ ਸਿੰਘ ਨੂੰ ਆਪਣੇ ਪਿੰਡ ਨਾਲ ਜਿੱਥੇ ਅੰਤਾਂ ਦਾ ਮੋਹ ਹੈ ਉੱਥੇ ਉਸ ਨੂੰ ਜਾਣਕਾਰੀ ਵੀ ਬਹੁਤ ਹੈ।

ਬਾਲਮੀਕੀ ਮਹੱਲੇ 'ਚ ਮੰਜੇ 'ਤੇ ਬੈਠੇ ਬਜ਼ੁਰਗ ਜੀਵਾ ਸਿੰਘ ਜਿਸ ਦੀ ਉਮਰ ਲਗਪਗ 100 ਸਾਲ ਨੂੰ ਢੁਕਣ ਵਾਲੀ ਹੈ, ਨੇ ਦੱਸਿਆ ਕਿ ਉਸ ਨੇ ਫੌਜ ਵਿਚ ਬਰਮਾ ਦੀ ਲੜਾਈ 1939-45 'ਚ ਲੜੀ ਤੇ ਫੌਜ 'ਚੋਂ 1947 'ਚ ਰਿਟਾਇਰ ਹੋਇਆ। ਉਸ ਨੇ ਆਪਣੀ ਖੱਬੀ ਬਾਂਹ ਅਤੇ ਸੱਜੀ ਲੱਤ ਉੱਤੇ ਗੋਲੀਆਂ ਦੇ ਨਿਸ਼ਾਨ ਦਿਖਾਏ ਤੇ ਅੱਥਰੂ ਵਗਾਉਂਦਿਆਂ ਆਪਣੀ ਪੀੜਾ ਸਾਂਝੀ ਕੀਤੀ। ਇਸੇ ਮਹੱਲੇ 'ਚ ਤਿੰਨ ਧੀਆਂ ਦੇ ਪਿਉ

ਅਵਤਾਰ ਸਿੰਘ ਵਲਦ ਅਮਰ ਚੰਦ ਨੇ ਆਪਣੇ ਘਰ ਦੀ ਖਸਤਾ ਹਾਲਤ ਦਾ ਦੁੱਖ ਪ੍ਰਗਟ ਕੀਤਾ। ਇਹ ਗੱਲ ਸ਼ਲਾਘਾਯੋਗ ਹੈ ਕਿ ਏਡੇ ਵੱਡੇ ਨਗਰ ਦੀਆਂ ਗਲੀਆਂ ਤੇ ਬਜ਼ਾਰ ਪੇਵਰ (ਇੰਟਰ ਬਲਾਕ ਇੱਟਾਂ) ਨਾਲ ਪੱਕੇ ਕਰ ਕੇ ਕਾਰਪੋਰੇਸ਼ਨ ਨੇ ਵਾਟਰ ਸਪਲਾਈ ਤੇ ਸੀਵਰੇਜ਼ ਦਾ ਕੰਮ ਕਰਕੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਹੈ। ਬਾਲਮੀਕੀ ਮਹੱਲੇ ਵਿਚ ਪਖਾਨੇ ਵੀ ਬਣਵਾਏ ਹਨ।

ਪੁਆਧ ਖੇਤਰ ਵਿੱਚ ਅੰਗਰੇਜ਼-ਕਾਲ ਵਿੱਚ ਜਗੀਰਦਾਰ, ਸਫ਼ੈਦਪੋਸ਼ ਤੇ ਸਿੰਘ ਸਰਦਾਰ ਪਰਿਵਾਰਾਂ ਦੀਆਂ ਰਿਆਸਤਾਂ ਥਾਪੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਸੁਰੱਖਿਅਤ ਕਿਲ੍ਹੇ ਬਣਾਏ ਹੋਏ ਸਨ ਜਿਵੇਂ ਮਨੌਲੀ ਵਾਲੇ ਸਰਦਾਰ ਦਾ ਕਿਲ੍ਹਾ, ਖਰੜ ਵਾਲੇ ਸਰਦਾਰ ਦਾ ਕਿਲ੍ਹਾ, ਬੜੈਲ ਵਾਲੇ ਸਿੰਘਾਂ ਦਾ ਕਿਲ੍ਹਾ, ਭਜੌਲੀ ਵਾਲੇ ਸਰਦਾਰ। ਇੰਜ ਹੀ ਸੁਹਾਣੇ ਵਾਲੇ ਸਰਦਾਰਾਂ ਦਾ ਕਿਲ੍ਹਾ। ਇਹ ਕਿਲ੍ਹਾ ਕਿਸੇ ਜ਼ਮਾਨੇ ਵਿੱਚ ਅਤੀ ਸੁੰਦਰ ਲਗਪਗ ਤਿੰਨ ਕੀਲਿਆਂ ਵਿੱਚ ਚਾਰ ਦੀਵਾਰੀ ਅੰਦਰ ਸਥਿਤ ਸੀ। ਇਸ ਕਿਲ੍ਹੇ ਅੰਦਰ ਹੀ ਗੁਰਦੁਆਰਾ ਸਾਹਿਬ, ਮੰਦਰ ਤੇ ਜੇਲ੍ਹ ਹੁੰਦੀ ਸੀ। ਸਾਹਿਬ ਸਿੰਘ, ਭਗਵਾਨ ਸਿੰਘ, ਗੁਰਬਖਸ਼ ਸਿੰਘ, ਟਿੱਕਾ ਵਰਿੰਦਰ ਸਿੰਘ, ਲਾਲ ਜੀ ਸਵਿੰਦਰ ਸਿੰਘ ਤੇ ਉਨ੍ਹਾਂ ਦਾ ਅੱਗੇ ਚੱਲ ਰਿਹਾ ਪਰਿਵਾਰ। ਇਸ ਵੇਲੇ ਇਸ ਕਿਲ੍ਹੇ ਦੀ ਖੰਡਰ ਹੋ ਰਹੀ ਅਵਸਥਾ ਹੈ ਤੇ ਬਹੁਤ ਸਾਰਾ ਹਿੱਸਾ ਮਾਲਕਾਂ ਨੇ ਵੇਚਣ ਕਰਕੇ ਰਿਹਾਇਸ਼ੀ ਮਕਾਨਾਂ ਵਿੱਚ ਤਬਦੀਲ ਹੋ ਗਿਆ ਹੈ। ਇਸ ਪਿੰਡ ਦੀ ਹੋਂਦ ਚਾਰ ਸੌ - ਪੰਜ ਸੌ ਸਾਲ ਪੁਰਾਣੀ ਦੱਸੀ ਜਾਂਦੀ ਹੈ। ਸਭ ਤੋਂ ਪੁਰਾਣੀ ਮਾੜੀ 700 ਸਾਲ ਪੁਰਾਣੀ ਦੱਸੀ ਜਾਂਦੀ ਹੈ। ਜੱਗਾ ਸਿੰਘ ਉਮਰ 80 ਸਾਲ ਜੋ ਕਦੇ ਲੱਕੜ ਦਾ ਕੰਮ ਕਰਦੇ ਸਨ, ਨੇ ਨਵੇਂ ਰੂਪ ਵਿੱਚ ਬਣਾਈ ਇਸ ਮਾੜੀ ਦੀ ਕਥਾ ਦੱਸੀ। ਚੌਕੀਦਾਰ ਸਾਧੂ ਸਿੰਘ ਉਮਰ 85 ਸਾਲ ਨੇ ਵੀ ਇਹ ਗੱ ਸਾਂਝੀ ਕੀਤੀ।

ਪਿੰਡ ਵਿੱਚ ਕਈ ਨਾਵਾਂ ਵਾਲੇ ਚੌਕ ਹਨ। ਮਹਾਨ ਸਖ਼ਸ਼ੀਅਤ ਸ਼੍ਰੀ ਪੰ. ਯੋਗਰਾਜ ਨਜ਼ਰ ਸੁਹਾਣਵੀ ਚੌਕ ਖ਼ਾਸ ਮਹੱਤਤਾ ਰੱਖਦਾ ਹੈ ਜਿਸ ਦੀ ਵੈੱਲਫੇਅਰ ਸੁਸਾਇਟੀ ਸੁਹਾਣਾ ਦੇਖਭਾਲ ਕਰਦੀ ਹੈ। ਸਵਾਮੀ ਵਿਵੇਕਾਨੰਦ ਮਾਰਗ ਚੌਕ ਦੀ ਸੰਭਾਲ ਸ੍ਰੀ ਬਦਰੀ ਨਾਰਾਇਣ ਵੈੱਲਫੇਅਰ ਕਮੇਟੀ (ਰਜਿ:) ਸੋਹਾਣਾ ਕਰਦੀ ਹੈ। ਕਈ ਗਲੀਆਂ ਦੇ ਅੱਗੇ ਹੋਰ ਸੁਸਾਇਟੀਆਂ ਦੇ ਨਾਵਾਂ ਵਾਲੇ ਚੌਕ ਜਾਂ ਮੁਹੱਲਿਆਂ ਦੇ ਨਾਂ ਲਿਖੇ ਹੋਏ ਹਨ। ਪਿੰਡ ਵਿੱਚ ਕਈ ਥਾਂ ਸੱਥਾਂ ਹਨ ਜਿੱਥੇ ਤਾਸ਼ ਖੇਡਣ ਦਾ ਅਨੰਦ ਲਿਆ ਜਾਂਦਾ ਹੈ।

ਸਿੱਧ ਬਾਬਾ ਗੋਪਾਲ ਦਾਸ ਦੇ ਅਸਥਾਨ ਦੀ ਲੋਕਾਂ ਵਿੱਚ ਬਹੁਤ ਸ਼ਰਧਾ ਹੈ। ਦੱਸਿਆ ਜਾਂਦਾ ਹੈ ਕਿ ਇਹ ਮਹਾਂ-ਪੁਰਖ ਫੌਜ ਵਿਚ ਭਰਤੀ ਸਨ ਤੇ 1914-16 ਵਿੱਚ ਫਰਾਂਸ ਦੇ ਵਿਰੁੱਧ ਜੰਗਾਂ ਲੜੀਆਂ। ਰੀਟਾਇਰ ਹੋਣ ਪਿੱਛੋਂ ਭਗਤੀ-ਮਾਰਗ ਅਪਣਾਇਆ। ਪੈਰੀਂ ਜੁੱਤੀ ਪਾਉਣੀ ਛੱਡ ਦਿੱਤੀ। ਖਰੜ ਤੋਂ ਪੈਦ ਪੈਨਸ਼ਨ ਲੈਣ ਜਾਣਾ। ਅਗੰਮੀ

ਅਵਸਥਾ ਪ੍ਰਾਪਤ ਕੀਤੀ, ਪੈਨਸ਼ਨ ਲੈਣੀ ਬੰਦ ਕਰ ਦਿੱਤੀ। ਤੱਪ ਕਰਨਾ ਸ਼ੁਰੂ ਕਰ ਦਿੱਤਾ। ਮੋਨ ਧਾਰਿਆ, ਬਹੰਗ ਵਾਲਾ ਜੀਵਨ ਧਾਰ ਕੇ 1957 'ਚ ਪ੍ਰਲੋਕ ਸੁਧਾਰ ਗਏ।

ਪੰਜਾਹ ਸਾਲ ਹੋਏ ਐਡਵੋਕੇਟ ਕਰਨੈਲ ਸਿੰਘ ਤੇ ਫੌਜੀ ਕੇਸਰ ਸਿੰਘ ਪਰਿਵਾਰ 'ਚੋਂ ਨੌਜੁਆਨ ਜਰਨੈਲ ਸਿੰਘ ਨੇ ਹਿੰਦ-ਪਾਕ ਜੰਗ ਵਿੱਚ ਬਹਾਦਰੀ ਕਰਦਿਆਂ 29 ਅਗਸਤ, 1965 ਨੂੰ ਛੰਬ ਜੌੜੀਆਂ (ਜੰਮੂ-ਕਸ਼ਮੀਰ) ਵਿਖੇ ਸ਼ਹਾਦਤ ਦਿੱਤੀ ਜਿਸ ਦੀ ਪਿੰਡ ਵਿੱਚ ਕੋਈ ਯਾਦਗਾਰ ਨਹੀਂ।

ਇਸ ਪਿੰਡ ਵਿੱਚ ਤਿੰਨ ਸਰਕਾਰੀ ਪ੍ਰਾਇਮਰੀ ਸਕੂਲ ਹ। ਬੀ.ਐਸ.ਐਚ. ਆਰੀਆ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਹਾਈ ਸਕੂਲ ਸੋਹਾਣਾ ਜੋ ਲੰਬਿਆਂ ਸਾਹਿਬ ਸਥਿੱਤ ਹੈ। ਰਤਨ ਪ੍ਰੋਫੈਸ਼ਨਲ ਨਰਸਿੰਗ ਕਾਲਜ ਅਤੇ ਸਰਕਾਰੀ ਕੰਨਿਆ ਹਾਇਰ ਸੈਕੰਡਰੀ ਸਕੂਲ ਸੇਵਾਵਾਂ ਨਿਭਾ ਰਹੇ ਹਨ। ਇਹ ਵੀ ਲੋਕ ਦੰਦ-ਕਥਾ ਹੈ ਕਿ ਇਸ ਸਰਕਾਰੀ ਸਕੂਲ ਵਿੱਚ ਜੋ ਪ੍ਰਾਚੀਨ (ਦੋ ਤਣਿਆਂ ਵਾਲਾ) ਬੋਹੜ ਮੌਜੂਦ ਹੈ, ਉਸ ਥੱਲੇ ਚੱਪੜਚਿੜੀ ਜੰਗ (12 ਮਈ, 1710) ਸਮੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਿੰਘਾਂ ਨੇ ਘੋੜੇ ਬੰਨੇ ਸਨ। ਪਿੰਡ ਦੀ ਮੁੱਖ ਸੜਕ ਉੱਤੇ ਲਾਂਡਰਾਂ ਵਾਲੀ ਸੜਕ ਉੱਤੇ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਦੇ ਉੱਦਮ ਸਦਕਾ ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸਸ਼ੋਭਤ ਹੈ ਜਿੱਥੇ ਭਾਰੀ ਗੁਰਮਤਿ ਸਮਾਗਮ ਹੁੰਦੇ ਹਨ ਅਤੇ ਉਸ ਦੇ ਸਾਹਮਣੇ ਸ੍ਰੀ ਗੁਰੂ ਹਰਕ੍ਰਿਸ਼ਨ ਚੈਰੀਟੇਬਲ ਹਸਪਤਾਲ ਅਤੇ ਅੱਖਾਂ ਦਾ ਵਿਸ਼ੇਸ਼ ਹਸਪਤਾਲ ਹੈ ਜਿੱਥੇ ਆਧੁਨਿਕ ਢੰਗ ਨਾਲ ਇਲਾਜ ਦੀਆਂ ਸਹੂਲਤਾਂ ਹਨ। ਸਪੋਰਟਸ ਸਟੇਡੀਅਮ ਵੀ ਹੁਣੇ-ਹੁਣੇ ਪੰਜਾਬ ਸਰਕਾਰ ਵੱਲੋਂ ਇਸ ਪਿੰਡ ਦੀ ਜ਼ਮੀਨ ਉੱਤੇ ਉਸਾਰਿਆ ਗਿਆ ਹੈ। ਪਿੰਡ ਤੋਂ ਬਾਹਰ ਉੱਤਰ-ਪੱਛਮ ਵੱਲ ਭਗਤ ਆਸਾ ਰਾਮ ਬੈਦਵਾਣ ਲੋਕ-ਗਾਇਕ ਦੀ ਯਾਦਗਾਰ ਹੈ ਜਿਸ ਦੀ ਦੇਖਭਾਲ ਭਗਤ ਆਸਾ ਰਾਮ ਬੈਦਵਾਣ ਕਮੇਟੀ (ਰਜਿ:) ਸੋਹਾਣਾ ਕਰਦੀ ਹੈ। ਹਰੇਕ ਮੌਸ-ਦਿਵਸ ਨੂੰ ਅਖਾੜਾ ਲਗਦਾ ਤੇ ਲੰਗਰ ਚੱਲਦਾ। ਇਹ ਸਮਾਗਮ ਸਰਦਾਰਾ ਸਿੰਘ ਕੁਰੜਾ (ਦਾਨੀ) ਆਯੋਜਿਤ ਕਰਵਾਉਂਦੇ ਹਨ। ਭਗਤ਼ ਆਸਾ ਰਾਮ ਬੈਦਵਾਣ ਨੇ ਪੁਆਧ ਖੇਤਰ ਵਿੱਚ ਅਖਾੜਾ ਗਾਉਣ ਪੰਪਰਾ ਦਾ ਮੁੱਢ ਬੰਨ੍ਹਿਆ। ਉਸ ਦੀ ਲੋਕ-ਗਾਇਕੀ ਲੋਕਾਂ ਦੇ ਜ਼ੁਬਾਨੀ ਯਾਦ ਹੈ। ਉਸ ਦੇ ਲਿਖੇ ਕਿੱਸੇ: ਗਊ ਵਿਰਲਾਪ, ਕ੍ਰਿਸ਼ ਲੀਲਾ, ਨਾਸਕੇਤ, ਅਥ ਸੀਤਾ ਸਵੰਬਰ, ਰਾਜਾ ਹਰੀ ਚੰਦ, ਸਤੀ ਸਰਲੋਚਨਾ ਤੇ ਰਾਮ ਬਣਵਾਸ ਲਿਖੇ ਮਿਲਦੇ ਹਨ। ਕੇਸਰ ਸਿੰਘ ਸੁਹਾਣਾ ਨੇ ਭਗਤ ਆਸਾ ਰਾਮ ਦੀ ਗਾਇਕੀ ਬਾਰੇ ਦੋ ਕਿਤਾਬਚੇ ਵੀ ਛਾਪੇ ਹਨ। ਡਾ. ਗੁਰਮੀਤ ਸਿੰਘ ਬੈਦਵਾਣ ਨੇ 'ਭਗਤ ਆਸਾ ਰਾਮ - ਜੀਵਨ ਤੇ ਰਚਨਾ' ਖੋਜ ਪੁਸਤਕ ਬੜੀ ਮਿਹਨਤ ਨਾਲ ਲਿਖੀ।

ਇਸ ਪਿੰਡ ਦੇ ਦੋ ਹੋਰ ਅਣਗੌਲੇ ਵਿਦਵਾਨ ਵੀ ਹੋਏ ਹਨ। ਇੱਕ ਪੰ. ਯੋਗਰਾਜ ਨਜ਼ਰ ਸੁਹਾਵਣੀ ਜਿਸ ਨੇ ਭਗਵਤ ਗੀਤਾ ਦਾ ਸੰਸਕ੍ਰਿਤ ਤੇ ਉਰਦੂ ਵਿੱਚ ਸਲੋਕਾਂ ਰਾਹੀਂ ਅਨੁਵਾਦ ਕੀਤਾ ਜਿਸ ਦਾ ਨਾਮ ਸੀ – 'ਕਲਾਮੇਰਵਾਨੀ'। ਪੰ. ਮੋਹਨ ਲਾਲ ਮਾਲਵੀ ਤੇ ਲੇਖਕ ਮੁਣਸ਼ੀ ਚੰਦ ਅਤੇ ਵਜ਼ੀਰੇ ਆਜ਼ਮ ਪੰਜਾਬ ਨੇ ਨਜ਼ਰ ਸੁਹਾਣਵੀ ਨੂੰ ਭਾਰਤ ਦਾ ਵਿਦਵਾਨ ਆਖਿਆ। ਦੂਜਾ ਅੰਤਰ-ਰਾਸ਼ਟਰੀ ਬੋਧੀ ਵਿਦਵਾਨ ਹਰਿਨਾਮ ਦਾਸ ਪੁੱਤਰ ਮਾਸਟਰ ਰਾਮ ਸ਼ਰਨਦਾਸ ਸਨ ਜਿਸ ਦਾ ਜਨਮ 5 ਜਨਵਰੀ, 1905 ਨੂੰ ਹੋਇਆ। ਬੋਧੀ ਬਣਕੇ ਉਸ ਨੇ ਭਦੰਤ ਅਨੰਦ ਕੌਸ਼ਲਿਆਯਾਨ ਦੀ ਉਪਾਧੀ ਪਾਈ। ਇਹ ਬੋਲੀ ਵਿਦਵਾਨ ਲੰਕਾ ਵੀ ਗਿਆ। ਵਿਦੇਸ਼ਾਂ ਵਿੱਚ ਵੀ ਲੈਕਚਰ ਦਿੱਤੇ। ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਵਿੱਚ 50 ਤੋਂ ਵੱਧ ਪੁਸਤਕਾਂ ਲਿਖੀਆਂ। ਡਾ. ਅੰਬੇਦਕਰ ਆਮਦੇ ਦੀ ਪੁਸਤਕ 'ਬੁੱਧ ਅਤੇ ਉਨ੍ਹਾਂ ਦਾ ਧਰਮ' ਮਾਂ-ਬੋਲੀ 'ਚ ਅਨੁਵਾਦ ਕੀਤਾ। ਇਸ ਬੋਧੀ ਵਿਦਵਾਨ ਦੀ ਯਾਦਗਾਰ ਨਾਗਪੁਰ ਵਿਖੇ 8 ਏਕੜ ਵਿੱਚ ਇੱਕ ਪਾਰਸੀ ਵਿਦਵਾਨ ਬਣਾਉਣੀ ਅਰੰਭੀ। ਇਸ ਮਹਾਨ ਵਿਦਵਾਨ ਦਾ ਦਿਹਾਂਤ 22 ਜੂਨ, 1988 ਨੂੰ ਹੋਇਆ। ਲੋੜ ਹੈ ਇਸ ਬੋਧੀ ਵਿਦਵਾ ਬਾਰੇ ਖੋਜ ਕਰਨ ਦੀ।

ਇਸ ਪਿੰਡ ਵਿੱਚ ਪੁਰਾਤ ਸਮੇਂ ਤੋਂ ਹੋਲੀ ਦਾ ਤਿਉਹਾਰ ਬਹੁਤ ਵੀ ਵੱਖਰੀ ਤਰ੍ਹਾਂ ਦਾ ਮਨਾਇਆ ਜਾਂਦਾ ਹੈ। ਪਿੰਡ ਦੇ ਸਭ ਵਰਗਾਂ ਦੇ ਨੌਜੁਆਨ ਆਪਸ ਵਿੱਚ ਹੱਡਾ-ਰੋੜੀ ਦੀਆਂ ਹੱਡੀਆਂ ਅਤੇ ਸੁਆਹ ਨਾਲ ਹੋਲੀ ਖੇਡਦੇ ਹਨ। ਇੱਕ ਦੂਜੇ ਉੱਤੇ ਨਾਲੀਆਂ ਦਾ ਗਾਰਾ ਆਦਿ ਸੁੱਟਦੇ ਹਨ। ਕੋਈ ਲੜਾਈ-ਝਗੜਾ ਨਹੀਂ ਕਰਦੇ। ਰਿਸ਼ਤੇਦਾਰਾਂ ਤੇ ਸਨੇਹੀਆਂ ਨੂੰ ਇੱਕ ਦਿ ਪਹਿਲਾਂ ਪਿੰਡ ਵਿੱਚ ਆਉਣ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ। ਲੋੜ ਹੈ ਇਸ ਪਰੰਪਰਾ ਨੂੰ ਸੁਖਾਵੀਂ-ਰੰਗਤ ਦਿੱਤੀ ਜਾਵੇ ਤੇ ਹੋਲੀ ਦੇ ਅਨੰਦ ਵਿੱਚ ਸਾਰਿਆਂ ਨੂੰ ਭਾਈਵਾਲ ਬਣਾਇਆ ਜਾਵੇ।

ਮਹਾਰਾਜਾ ਰਣਜੀਤ ਸਿੰਘ ਅਕੈਡਮੀ ਦਾ ਵੀ ਹੁਣੇ-ਹੁਣੇ ਉਦਘਾਟਨ ਕੀਤਾ ਗਿਆ, ਜਿਹੜੀ ਇਸ ਪਿੰਡ ਦੀ ਜ਼ਮੀਨ 'ਤੇ ਬਣਾਈ ਗਈ ਹੈ। ਇਸ ਪਿੰਡ ਬਾਰੇ ਮਿਲੀ ਜਾਣਕਾਰੀ ਪੂਰੀ ਨਹੀਂ ਆਖੀ ਜਾ ਸਕਦੀ; ਪਰੰਤੂ ਪੁਆਧ ਖੇਤਰ ਦਾ ਇਹ ਪਿੰਡ ਇਤਿਹਾਸ, ਸਭਿਆਚਾਰ, ਪਰੰਪਰਾਵਾਂ ਤੇ ਸਾਹਿਤ ਦਾ ਧ੍ਰੋਹਰ ਮੰਨਿਆ ਜਾ ਸਕਦਾ ਹੈ।

# 63 ਇਤਿਹਾਸਕ ਪਿੰਡ ਬਨੂੜ

*ਦਰਸ਼ਨ ਸਿੰਘ ਬਨੂੜ*
*ਮੋਬਾ: 9872685400*

ਚੰਡੀਗੜ੍ਹ ਪਟਿਆਲਾ ਰੋਡ ਦੇ ਬਿਲਕੁਲ ਮੱਧ ਵਿਚ ਵਸਿਆ ਪੁਆਧ ਖੇਤਰ ਦਾ ਇਤਿਹਾਸਕ ਪਿੰਡ ਬਨੂੜ ਜੋ ਵਕਤ ਦੇ ਥਪੇੜਿਆਂ ਨਾਲ ਕਈ ਵਾਰ ਢੱਠਿਆਂ ਅਤੇ ਮੁੜ ਵਸਿਆ ਹੈ। ਕਈ ਮੁਗਲ ਸਾਸਕਾਂ ਅਤੇ ਸਿੱਖ ਪੰਥ ਦੇ ਮਹਾਨ ਜਰਨੈਲ ਬੰਦਾ ਸਿੰਘ ਬਹਾਦਰ ਦੀ ਚਰਨ ਛੋਹ ਪ੍ਰਾਪਤ ਹੈ। ਸਰਹਿੰਦ ਦੇ ਸੂਬੇ ਨੂੰ ਸੋਧਣ ਲਈ ਨਿਕਲੇ ਬਾਬਾ ਬੰਦਾ ਸਿੰਘ ਬਹਾਦਰ ਨੇ ਬਨੂੜ ਬੈਠ ਕੇ ਸੂਬੇ ਨੂੰ ਚਿੱਠੀ ਲਿਖੀ ਸੀ। ਇਥੋਂ ਹੀ ਬੈਠ ਕੇ ਵਿਉਂਤਾਂ ਬਣਾ ਕੇ ਚੱਪੜਚਿੜੀ ਨੂੰ ਸਰ ਕਰਦਿਆਂ ਸਰਹਿੰਦ ਫਤਿਹ ਕੀਤੀ ਸੀ। ਜਿਸ ਬੇਰੀ ਨਾਲ ਬੰਦਾ ਸਿੰਘ ਬਹਾਦਰ ਨੇ ਆਪਣਾ ਘੋੜਾ ਬੰਨ੍ਹਿਆ ਸੀ ਅੱਜ ਵੀ ਉਹ ਬੇਰੀ ਬਨੂੜ ਵਿਖੇ ਕਾਇਮ ਹੈ। ਇਸ ਬੇਰੀ ਦੇ ਨਾਲ ਹੀ ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਹੈ ਭਾਵੇਂ ਹੁਣ ਜੀ.ਟੀ. ਰੋਡ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਤੇ ਅਕਾਲਗੜ੍ਹ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਉਸਾਰੀ ਜਾ ਚੁੱਕੀ ਹੈ ਪ੍ਰੰਤੂ ਇਤਿਹਾਸਕ ਮਹੱਤਤਾ ਕਰਕੇ ਉਹ ਪੁਰਾਣੀ ਬੇਰੀ ਤੇ ਗੁਰੂ ਘਰ ਅੱਜ ਵੀ ਪੂਜਣਯੋਗ ਹਨ।

ਬਹੁਤ ਸਾਰੇ ਲੋਕ ਬਨੂੜ ਨੂੰ ਛੱਤ ਬਨੂੜ ਦੇ ਨਾਂ ਨਾਲ ਵੀ ਜਾਣਦੇ ਹਨ। ਜਦ ਕਿ ਛੱਤ ਤੇ ਬਨੂੜ ਦਾ ਆਪਸ ਵਿੱਚ ਤਕਰੀਬਨ ਅੱਠ-ਨੌ ਕਿਲੋਮੀਟਰ ਦਾ ਫ਼ਾਸਲਾ ਹੈ। ਬਹੁਤ ਪੁਰਾਣੇ ਸਮਿਆਂ ਵਿੱਚ ਬਨੂੜ ਅਤੇ ਛੱਤ ਵਿਚਕਾਰ ਦੋ ਖੂਹਾਂ ਵਿਚਕਾਰ ਇਕ ਸੁਰੰਗ ਹੁੰਦੀ ਸੀ। ਉਦੋਂ ਚੋਰ ਲੁਟੇਰਿਆਂ ਦੇ ਡਰੋਂ ਲੋਕ ਵਿਆਹਾਂ ਸ਼ਾਦੀਆਂ ਦੀਆਂ ਡੋਲੀਆਂ ਇਸ ਸੁਰੰਗ ਰਸਤੇ ਹੀ ਲਿਜਾਇਆ ਕਰਦੇ ਸਨ। ਸੁਰੰਗ ਤਾਂ ਭਾਵੇਂ ਢਹਿ ਢੇਰੀ ਹੋ ਗਈ ਹੈ ਪ੍ਰੰਤੂ ਇਹਨਾਂ ਖੂਹਾਂ ਦੇ ਢੱਠੇ ਥੇਹ ਅੱਜ ਵੀ ਵੇਖੇ ਜਾ ਸਕਦੇ ਹਨ। ਸ਼ਾਇਦ ਇਹੋ ਕਾਰਨ ਰਿਹਾ ਹੋਵੇਗਾ ਕਿ ਬਨੂੜ ਨੂੰ ਛੱਤ ਬਨੂੜ ਦੇ ਨਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਵੀ ਪੰਨਾ ਨੰ:838 'ਤੇ ਬਨੂੜ ਦਾ ਜ਼ਿਕਰ ਛੱਤ-ਬਨੂੜ ਕਰਕੇ ਹੀ ਆਉਂਦਾ ਹੈ।

ਇਸ ਕਸਬੇ ਵਿੱਚ ਸਾਰੇ ਹੀ ਧਰਮਾਂ ਦੇ ਲੋਕ ਰਹਿੰਦੇ ਹਨ। ਜ਼ਿਆਦਾਤਰ ਲੋਕ ਬਾਹਰੋਂ ਆ ਕੇ ਵਸੇ ਹੋਏ ਹਨ। ਇਹੋ ਕਾਰਨ ਹੈ ਕਿ ਅਨੇਕਾਂ ਗੁਰਦੁਆਰੇ, ਮੰਦਿਰ, ਮਸ਼ਜਿਦਾਂ ਅਤੇ ਪੀਰਾਂ ਦੀਆਂ ਮਜ਼ਾਰਾਂ ਹਨ। ਲੋਕ ਬੇਸ਼ੱਕ ਵੱਖੋ ਵੱਖਰੇ ਧਰਮਾਂ ਨੂੰ ਮੰਨਦੇ ਹਨ ਪ੍ਰੰਤੂ ਹਰ ਇੱਕ ਧਰਮ ਦੀਆਂ ਧਾਰਮਿਕ ਰਸਮਾਂ ਅਤੇ ਤਿੱਥ-ਤਿਉਹਾਰਾਂ ਸਮੇਂ ਸਾਰੇ ਇਕੱਠੇ ਹੁੰਦੇ ਹਨ। ਕਈ ਨਾਮੀ ਸਖ਼ਸ਼ੀਅਤਾਂ ਵੀ ਇਸੇ ਸ਼ਹਿਰ ਵਿਚੋਂ ਆਪਣੀਆਂ ਰਾਜਨੀਤਿਕ ਸਰਗਰਮੀਆਂ ਚਲਾਉਂਦੀਆਂ ਹਨ। ਭਾਵੇਂ ਇਕ ਸੀਨੀਅਰ ਸੈਕੰਡਰੀ ਸਕੂਲ

ਤੋਂ ਇਲਾਵਾ ਤਿੰਨ ਚਾਰ ਪ੍ਰਾਇਮਰੀ ਸਕੂਲ ਇਥੇ ਹਨ ਪ੍ਰੰਤੂ ਕਈ ਸੁੱਖ-ਸਹੂਲਤਾਂ ਤੋਂ ਅਜੇ ਵੀ ਇਹ ਇਤਿਹਾਸਕ ਨਗਰ ਵਿਰਵਾ ਹੈ। ਭਾਵੇਂ ਬਹੁਤ ਦੇਰ ਇਹ ਕਸਬਾ ਵਿਧਾਨ-ਸਭਾ ਹਲਕਾ ਰਿਹਾ। ਸਵ: ਕੈਪਟਨ ਕੰਵਲਜੀਤ ਸਿੰਘ ਇੱਥੋਂ ਐਮ.ਐਲ.ਏ. ਬਣਦਾ ਰਿਹਾ ਹੈ ਪ੍ਰੰਤੂ ਸਿਹਤ ਸਹੂਲਤਾਂ ਪੱਖੋਂ ਨਾ ਤਾਂ ਇੱਥੇ ਕੋਈ ਵਧੀਆ ਹਸਪਤਾਲ ਅਤੇ ਨਾ ਹੀ ਕੋਈ ਪਾਰਕ ਇਸ ਕਸਬੇ ਨੂੰ ਨਸੀਬ ਹੋਇਆ। ਇਸ ਤੋਂ ਇਲਾਵਾ ਹੋਰ ਵੀ ਕੋਈ ਬਹੁਤਾ ਵਿਕਾਸ ਇਸ ਨਗਰ ਦਾ ਨਹੀਂ ਹੋ ਸਕਿਆ। ਰੁਜ਼ਗਾਰ ਪੱਖੋਂ ਕੋਈ ਇੰਡਸਟਰੀ ਵੀ ਇਸ ਖੇਤਰ ਵਿੱਚ ਨਹੀਂ ਲਾਈ ਗਈ। ਜਿਸ ਕਾਰਨ ਇਹ ਇਤਿਹਾਸਕ ਕਸਬਾ ਬਹੁਤੀ ਤਰੱਕੀ ਨਹੀਂ ਕਰ ਸਕਿਆ। ਇਸ ਕਸਬੇ ਵਿਚੋਂ ਬਹੁਤ ਸਾਰੇ ਮੁਲਾਜ਼ਮ ਹਰ ਰੋਜ਼ ਚੰਡੀਗੜ੍ਹ, ਪਟਿਆਲਾ, ਮੋਹਾਲੀ ਵਿਖੇ ਨੌਕਰੀਆਂ ਕਰਨ ਜਾਂਦੇ ਹਨ। ਪ੍ਰੰਤੂ ਕੋਈ ਬੱਸ ਸਟੈਂਡ ਨਾ ਹੋਣ ਕਰਕੇ ਮੁਲਾਜ਼ਮਾਂ ਨੂੰ ਦੌੜ ਭੱਜ ਕੇ ਹੀ ਬੱਸਾਂ ਫੜਨੀਆਂ ਪੈਂਦੀਆਂ ਹਨ।

ਆਓ ਇਸ ਕਸਬੇ ਦੇ ਇਤਿਹਾਸਕ ਪਿਛੋਕੜ ਬਾਰੇ ਜਾਣੀਏ। ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਲੱਗਦਾ ਹੈ ਕਿ ਸਮਰਾਟ ਬਿਕਰਮਾਦਿੱਤ ਤੋਂ ਲੈ ਕੇ ਮੁਗਲ ਸ਼ਾਸਕਾਂ ਬਾਬਰ, ਅਕਬਰ ਅਤੇ ਹੋਰ ਰਾਜੇ ਮਹਾਰਾਜਿਆਂ ਦਾ ਸਬੰਧ ਇਸ ਧਰਤੀ ਨਾਲ ਰਿਹਾ ਹੈ। ਬਿਕਰਮਾਦਿੱਤ ਦੇ ਨੇੜੇ ਜਾਣੇ ਜਾਂਦੇ ਮਾਧਵਾਨਲ ਅਤੇ ਕਾਮ ਕੰਧਲਾ ਬਨੂੜ ਦੇ ਹੀ ਵਾਸੀ ਸਨ। ਬਨੂੜ ਸ਼ਹਿਰ ਦਾ ਸੰਗੀਤ ਦੀ ਦੁਨੀਆ ਵਿੱਚ ਇਤਿਹਾਸਕ ਸਥਾਨ ਹੈ। ਪੁਰਾਣੇ ਸਮਿਆਂ ਵਿੱਚ ਇਸ ਨਗਰ ਦਾ ਨਾਂ ਪੁਸ਼ਪ ਨਗਰੀ ਸੀ। ਜਿਸ ਦਾ ਭਾਵ ਫੁੱਲਾਂ ਦੀ ਨਗਰੀ। ਇਸ ਧਰਤੀ ਤੇ ਭਾਂਤ-ਭਾਂਤ ਦੇ ਖੁਸ਼ਬੂਦਾਰ ਫੁੱਲਾਂ ਦੀ ਖੇਤੀ ਹੁੰਦੀ ਸੀ। ਇੱਥੋਂ ਦਾ ਚਮੇਲੀ ਦਾ ਇਤਰ ਦੂਰ-ਦੂਰ ਤੱਕ ਮਸ਼ਹੂਰ ਸੀ। ਮਹਿਕਦੀਆਂ ਹਵਾਵਾਂ ਵਾਲੀ ਇਸ ਨਗਰੀ ਵਿੱਚ ਭੱਟ ਗੋਹ ਛੀਬਾਂ ਬਰਾਦਰੀ ਦੇ ਘਰ ਇੱਕ ਲੜਕੀ ਨੇ ਜਨਮ ਲਿਆ। ਜਿਸ ਦਾ ਬਚਪਨ ਦਾ ਨਾਂ ਨੂਰਾਂ ਦੇਵੀ ਸੀ। ਕਹਿੰਦੇ ਹਨ ਕਿ ਜਦੋਂ ਨੂਰਾਂ ਦੇਵੀ ਵੱਡੀ ਹੋਈ ਤਾਂ ਉਸ ਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਜਦੋਂ ਉਸਨੂੰ ਬੰਨ ਲਗਾਇਆ ਜਾ ਰਿਹਾ ਸੀ ਤਾਂ ਅਚਾਨਕ ਕਿਸੇ ਨੇ ਆ ਕੇ ਦੱਸਿਆ ਕਿ ਜਿਸ ਲੜਕੇ ਨਾਲ ਉਸ ਦੀ ਸ਼ਾਦੀ ਹੋਣੀ ਸੀ ਉਹ ਸਵਰਗਵਾਸ ਹੋ ਗਿਆ। ਇਸ ਘਟਨਾ ਨੇ ਨੂਰਾਂ ਦੇਵੀ ਦੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ। ਲੋਕ ਉਸੇ ਦਿਨ ਤੋਂ ਨੂਰਾਂ ਦੇਵੀ ਨੂੰ ਬੰਨੋ ਕਹਿ ਕੇ ਬੁਲਾਉਣ ਲੱਗੇ।

ਇਸ ਤੋਂ ਬਾਅਦ ਬੰਨੋ ਨੇ ਉਸ ਰੱਬ ਦੀ ਭਗਤੀ ਵੱਲ ਧਿਆਨ ਲਾ ਲਿਆ ਤੇ ਰੱਬ ਦੇ ਰੰਗ ਵਿੱਚ ਮਸਤ ਰਹਿਣ ਲੱਗੀ। ਇਸ ਵਿੱਚ ਫੁੱਲਾਂ ਦੀ ਖੇਤੀ ਹੋਣ ਕਰਕੇ ਇਹ ਥਾਂ ਦੇ ਵੀ ਦੇਵਤਿਆਂ ਨੂੰ ਬਹੁਤ ਚੰਗੀ ਲਗਦੀ ਸੀ। ਕਹਿੰਦੇ ਹਨ ਕਿ ਇਕ ਵਾਰ ਇੱਥੋਂ ਦੇ ਖੁਸ਼ਬੂਦਾਰ ਫੁੱਲਾਂ ਦੀ ਮਹਿਕ ਨੂੰ ਮਾਨਣ ਅਤੇ ਇਸ ਨਗਰ ਦੀ ਸੁੰਦਰਤਾ ਨੂੰ ਵੇਖਣ ਲਈ ਆਕਾਸ਼ ਤੋਂ ਕੁਝ ਪਰੀਆਂ ਬਾਗਾਂ ਵਿੱਚ ਘੁੰਮਣ ਆਈਆਂ। ਪਰੀਆਂ ਇੱਥੋਂ ਦੇ ਮਾਹੌਲ

ਵਿੱਚ ਏਨੀਆਂ ਮਸਤ ਹੋਈਆਂ ਕਿ ਉਹਨਾਂ ਨੂੰ ਵਾਪਿਸ ਜਾਣ ਦਾ ਚੇਤਾ ਹੀ ਭੁੱਲ ਗਿਆ। ਜਦ ਉਹ ਵਾਪਿਸ ਦੇਵ-ਲੋਕ ਗਈਆਂ ਤਾਂ ਉਥੋਂ ਦੇ ਦਰਵਾਜ਼ੇ ਉਨ੍ਹਾਂ ਲਈ ਬੰਦ ਹੋ ਚੁੱਕੇ ਸਨ। ਉਹ ਵਾਪਿਸ ਇਸੇ ਨਗਰ ਵਿੱਚ ਆ ਗਈਆਂ। ਜਦੋਂ ਉਹਨਾਂ ਨੇ ਆਪਣੀ ਦਿਬਯ ਦ੍ਰਿਸ਼ਟੀ ਨਾਲ ਵੇਖਿਆ ਤਾਂ ਉਹਨਾਂ ਨੂੰ ਬੰਨੋ ਦਾ ਭਗਤੀ ਵਾਲਾ ਘਰ ਰਹਿਣ ਲਈ ਚੰਗਾ ਲੱਗਿਆ। ਪਰੀਆਂ ਮਾਈ ਬੰਨੋ ਦੇ ਘਰ ਰਹਿ ਗਈਆਂ। ਕੁਝ ਦਿਨ ਮਗਰੋਂ ਵਾਪਿਸ ਜਾਣ ਲੱਗਿਆਂ ਮਾਈ ਬੰਨੋ ਨੂੰ ਆਸ਼ੀਰਵਾਦ, ਪਿਆਰ ਤੇ ਸੰਗੀਤਕ ਵਿੱਦਿਆ ਦੇ ਉੱਚੇ ਰਾਗਾਂ ਦੀ ਦਾਤ ਬਖਸ਼ ਕੇ ਵਾਪਿਸ ਆਪਣੇ ਦੇਵ-ਲੋਕ ਚਲੀਆਂ ਗਈਆਂ।

ਮਹਿਕਦੇ ਫੁੱਲਾਂ ਦੀ ਧਰਤੀ ਤੇ ਮਾਤਾ ਬੰਨੋ ਦੇ ਰੂਹਾਂ ਨੂੰ ਅਲੌਕਿਕ ਠੰਢਕ ਤੇ ਸਕੂਨ ਦੇਣ ਵਾਲੇ ਸੰਗੀਤਕ-ਰਾਗਾਂ ਦੀ ਚਰਚਾ ਦੂਰ-ਦੂਰ ਤੱਕ ਹੋਣ ਲੱਗੀ। ਉਹਨਾਂ ਸਮਿਆਂ ਦੇ ਇਤਿਹਾਸਕਾਰਾਂ ਦੇ ਦੱਸਣ ਅਨੁਸਾਰ ਰਾਜਾ ਅਕਬਰ ਦੇ ਦਰਬਾਰੀ ਸੰਗੀਤਕਾਰ ਤਾਨਸੇਨ ਜੋ ਅਕਬਰ ਦੇ ਨੌ ਰਤਨਾਂ ਵਿਚੋਂ ਇੱਕ ਮੰਨਿਆ ਜਾਂਦਾ ਸੀ। ਇਕ ਵਾਰ ਅਕਬਰ ਨੇ ਉਸਨੂੰ ਦੀਪਕ ਰਾਗ ਗਾਉਣ ਲਈ ਕਿਹਾ। ਤਾਨਸੇਨ ਨੇ ਹਜੂਰ ਅੱਗੇ ਬੇਨਤੀ ਕੀਤੀ ਕਿ ਦੀਪਕ ਰਾਗ ਗਾਉਣ ਦਾ ਉਚਿੱਤ ਸਮਾਂ ਨਹੀਂ ਹੈ। ਪਰ ਅਕਬਰ ਦੀ ਜ਼ਿੱਦ ਅੱਗੇ ਮਜ਼ਬੂਰ ਹੋ ਕੇ ਤਾਨਸੇਨ ਨੂੰ ਦੀਪਕ ਰਾਗ ਗਾਉਣਾ ਪਿਆ। ਰਾਗ ਗਾਉਂਦਿਆਂ ਹੀ ਦੀਵੇ ਜਗ ਪਏ। ਪ੍ਰੰਤੂ ਨਾਲ ਹੀ ਤਾਨਸੇਨ ਦੇ ਸਰੀਰ ਅੰਦਰ ਜਲਣ ਪੈਦਾ ਹੋ ਗਈ। ਉਹ ਬੇਹੱਦ ਬੇਚੈਨ ਰਹਿਣ ਲੱਗਾ। ਸ਼ਾਂਤੀ ਦੀ ਭਾਲ ਵਿੱਚ ਭਟਕ ਰਹੇ ਤਾਨਸੇਨ ਨੂੰ ਜਦ ਮਾਈ ਬੰਨੋ ਦੇ ਸੰਗੀਤਕ ਰਾਗਾਂ ਬਾਰੇ ਪਤਾ ਲੱਗਾ ਤਾਂ ਤਾਨਸੇਨ ਨੇ ਮਾਤਾ ਬੰਨੋ ਜੀ ਦੇ ਚਰਨਾਂ ਵਿੱਚ ਆਪਣੀ ਬਿਗੜਦੀ ਹਾਲਤ ਬਾਰੇ ਦੱਸਿਆ ਤਾਂ ਇਤਿਹਾਸਕਾਰ ਦੱਸਦੇ ਹਨ ਕਿ ਜਦ ਬੰਨੋ ਮਾਈ ਨੇ ਮਲ੍ਹਾਰ ਰਾਗ ਗਾਇਆ ਤਾਂ ਦੇਖਦੇ ਹੀ ਦੇਖਦੇ ਆਕਾਸ਼ ਵਿਚੋਂ ਘੋਰ ਬੱਦਲ ਹੋ ਗਏ ਤੇ ਮੀਂਹ ਪੈਣ ਲੱਗਾ। ਮਲ੍ਹਾਰ ਰਾਗ ਦੀ ਸ਼ਕਤੀ ਨੇ ਤਾਨਸੇਨ ਦੇ ਅਸ਼ਾਂਤ ਤੇ ਭਟਕਦੇ ਹਿਰਦੇ ਨੂੰ ਪਲਾਂ ਵਿੱਚ ਹੀ ਸ਼ਾਂਤ ਕਰ ਦਿੱਤਾ।

ਤਾਨਸੇਨ ਨੇ ਜਦ ਮਾਤਾ ਬੰਨੋ ਜੀ ਦਾ ਗੁਣਗਾਨ ਕਰਦਾ ਅਕਬਰ ਦੇ ਦਰਬਾਰ ਪਹੁੰਚ ਕੇ ਮਾਤਾ ਬੰਨੋ ਦੇ ਰਾਗਾਂ ਦੀ ਇਲਾਹੀ ਸ਼ਕਤੀ ਬਾਰੇ ਦੱਸਿਆ ਤਾਂ ਕਹਿੰਦੇ ਹਨ ਕਿ ਅਕਬਰ ਖ਼ੁਦ ਮਿੱਠੇ ਰਾਗਾਂ ਦਾ ਆਨੰਦ ਲੈਣ ਲਈ ਮਾਤਾ ਜੀ ਦੇ ਚਰਨਾਂ ਵਿੱਚ ਇਸ ਨਗਰ ਪਹੁੰਚਿਆ। ਰੂਹਾਂ ਨੂੰ ਸਕੂਨ ਦੇਣ ਵਾਲੇ ਰਾਗਾਂ ਵਿੱਚ ਘੁਲੇ ਮਿੱਠੇ ਬੋਲਾਂ ਨੂੰ ਸੁਣਕੇ ਰਾਜਾ ਅਕਬਰ ਬਹੁਤ ਖੁਸ਼ ਹੋਇਆ ਤੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਜੋ ਚਾਹੋ ਮੰਗ ਸਕਦੇ ਹੋ। ਪਰ ਮਾਤਾ ਜੀ ਜੋ ਰੱਬ ਦੀ ਭਗਤੀ ਵਿੱਚ ਲੀਨ ਸਨ ਨੇ ਅਕਬਰ ਕੋਲੋਂ ਕੁਝ ਨਹੀਂ ਮੰਗਿਆ ਸਿਰਫ ਏਨਾ ਹੀ ਕਿਹਾ ਕਿ ਜਦ ਮੈਂ ਇਹ ਸਰੀਰ ਤਿਆਗ ਕੇ ਰੱਬ ਦੇ ਚਰਨਾਂ ਵਿੱਚ ਚਲੀ ਜਾਵਾਂ ਤਾਂ ਤੂੰ ਆਪਣੇ ਹੱਥੀਂ ਆ ਕੇ ਮੇਰਾ ਸਸਕਾਰ ਕਰੀਂ। ਅਕਬਰ ਨੇ ਮਾਤਾ ਜੀ ਦੇ ਬਚਨਾਂ ਨੂੰ ਮੰਨ ਲਿਆ ਤੇ ਖੁਸ਼ ਹੋ ਕੇ ਇਸ ਨਗਰ ਦਾ ਨਾਂ ਬੰਨੋ ਦੇ ਨਾਂ

ਤੇ ਬੰਨੋ ਰੱਖ ਦਿੱਤਾ। ਜੋ ਹੌਲੀ-ਹੌਲੀ ਬਨੂੜ ਕਿਹਾ ਜਾਣ ਲੱਗਾ। ਜਦ ਮਾਤਾ ਬੰਨੋ ਜੀ ਇਸ ਸੰਸਾਰ ਨੂੰ ਛੱਡ ਕੇ ਸਵਰਗ ਹੋ ਗਏ ਤਾਂ ਰਾਜਾ ਅਕਬਰ ਨੇ ਆਪ ਆ ਕੇ ਆਪਣੇ ਹੱਥੀਂ ਸਸਕਾਰ ਕੀਤਾ। ਬਬਾਨ ਲੈ ਕੇ ਜਾਂਦੇ ਸਮੇਂ ਮਾਤਾ ਜੀ ਦੇ ਘਰ ਤੋਂ ਸਮਸ਼ਾਨ ਘਾਟ ਤੱਕ ਧਰਤੀ ਤੇ ਦੁਸ਼ਾਲੇ ਵਿਛਾਉਂਦੇ ਗਏ ਤੇ ਮਾਤਾ ਜੀ ਦੀ ਦੇਹ ਤੇ ਫੁੱਲਾਂ ਸੋਨੇ, ਚਾਂਦੀ ਦੇ ਸਿੱਕਿਆਂ ਦੀ ਵਰਖਾ ਹੁੰਦੀ ਗਈ ਸੀ। ਬਾਅਦ ਵਿੱਚ ਮਾਤਾ ਜੀ ਦੀ ਯਾਦ ਵਿੱਚ ਖੂਹ ਦੇ ਕੋਲ ਹੀ ਮੰਦਿਰ ਬਣਾਇਆ ਗਿਆ। ਅੱਜ ਵੀ ਇਸ ਮੰਦਿਰ ਵਿੱਚ ਸੰਗਤਾਂ ਮੱਥਾ ਟੇਕ ਕੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੀਆਂ ਹਨ। ਇਸ ਇਲਾਕੇ ਵਿੱਚ ਕੋਈ ਵੱਡੇ ਤੋਂ ਵੱਡਾ ਸੰਗੀਤਕਾਰ, ਗਵਾਈਆ ਮਾਤਾ ਤੋਂ ਆਸ਼ੀਰਵਾਦ ਲਏ ਬਿਨਾਂ ਕਾਮਯਾਬ ਨਹੀਂ ਹੁੰਦਾ।

ਭਾਵੇਂ ਇਤਿਹਾਸ ਦੇ ਪੰਨਿਆਂ ਵਿੱਚ ਇਸ ਨਗਰੀ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਰਹੇਗਾ ਪ੍ਰੰਤੂ ਅੱਜ ਇਸ ਇਤਿਹਾਸਕ ਮੰਦਿਰ ਦੀ ਹੋਂਦ ਖਤਰੇ ਵਿੱਚ ਪਈ ਹੋਈ ਹੈ। ਸਰਕਾਰ ਵੱਲੋਂ ਵਿਕਾਸ ਦੇ ਨਾਂ ਤੇ ਕੀਤੀ ਜਾ ਰਹੀ ਚੰਡੀਗੜ੍ਹ ਪਟਿਆਲੇ ਰੋਡ ਨੂੰ ਚਹੁ ਮਾਰਗੀ ਕਰਨ ਖਾਤਰ ਮਾਤਾ ਬੰਨੋ ਦੇ ਇਸ ਮੰਦਿਰ ਅਤੇ ਖੂਹ ਨੂੰ ਅੜਿਕਾ ਸਮਝਿਆ ਜਾ ਰਿਹਾ ਹੈ। ਇਸ ਲਈ ਇਸ ਨਗਰ ਦੇ ਵਾਸੀ ਤਨ ਮਨ ਨਾਲ ਲੱਗੇ ਹੋਏ ਹਨ ਕਿ ਇਸ ਇਤਿਹਾਸਕ ਨਗਰ ਦੀ ਇਤਿਹਾਸਕ ਧਰੋਹਰ ਬਚੀ ਰਹੇ।

# 64 ਰਾਏਪੁਰ ਰਾਣੀ ਦਾ ਇਤਿਹਾਸਕ ਪਿਛੋਕੜ

*ਇਕਬਾਲ ਸਿੰਘ*

ਵਕਤ ਬੜਾ ਬਲਵਾਨ ਹੁੰਦਾ ਹੈ। ਵਕਤ ਰਾਜਿਆਂ-ਰਾਣਿਆਂ ਨੂੰ ਵੀ ਮਿੱਟੀ ਵਿਚ ਮਿਲਾ ਦਿੰਦਾ ਹੈ। ਵਕਤ ਬੀਤਣ ਨਾਲ ਮਹਿਲ ਤੇ ਕਿਲ੍ਹੇ ਵੀ ਖੰਡਰ ਬਣ ਜਾਂਦੇ ਹਨ ਪਰ ਨੇਕੀ ਦੇ ਰਾਹ ਚੱਲਣ ਵਾਲੇ ਤੇ ਪਰਉਪਕਾਰ ਕਰਨ ਵਾਲੇ ਸਦਾ ਲਈ ਅਮਰ ਹੋ ਜਾਂਦੇ ਹਨ। ਨੇਕੀ ਦੇ ਰਾਹ ਚੱਲਣ ਵਾਲਿਆਂ ਦੀ ਯਾਦ ਵਿਚ ਪਿੰਡ ਤੇ ਸ਼ਹਿਰ ਵਸਦੇ ਹਨ। ਰਾਏਪੁਰ ਰਿਆਸਤ ਦੀ ਰਾਣੀ ਦੇਵ ਕੁੰਵਰ ਦੀ ਨੇਕੀ ਕਾਰਣ ਅੱਜ ਉਸਦੇ ਨਾਂ 'ਤੇ ਪੰਚਕੂਲਾ ਜ਼ਿਲ੍ਹੇ ਵਿਚ ਰਾਏਪੁਰ ਰਾਣੀ ਵਸਿਆ ਹੋਇਆ ਹੈ।

ਰਿਆਸਤ ਵੇਲੇ ਪੰਚਕੂਲਾ ਕੋਲ ਵੀ ਇਕ ਰਾਏਪੁਰ ਨਾਂ ਦੀ ਛੋਟੀ ਰਿਆਸਤ ਹੁੰਦੀ ਸੀ। ਉਂਜ ਤਾਂ ਰਾਏਪੁਰ ਨੂੰ 1420 ਵਿਚ ਕੋਟਲਾ ਪਿੰਡ ਕੋਲ ਅਜਮੇਰ ਦੇ ਚੌਹਾਨ ਰਾਜਪੂਤ ਰਾਣਾ ਹਰ ਰਾਏ ਦੇ ਪੁੱਤਰ ਰਾਓ ਸਿੰਘ ਨੇ ਵਸਾਇਆ ਸੀ ਪਰ ਅੱਜ ਕਲ੍ਹ ਰਾਏ ਪੁਰ ਰਾਣੀ ਨੂੰ ਰਾਣੀ ਦੇਵ ਕੁੰਵਰ ਦੇ ਰਾਏਪੁਰ ਕਰਕੇ ਹੀ ਜਾਣਿਆ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ ਚੌਹਾਨ ਰਾਜਪੂਤ ਰਾਣਾ ਹਰ ਰਾਏ ਜੇਵਰ ਸਿੰਘ ਦੇ ਖ਼ਾਨਦਾਨ ਨਾਲ ਸੰਬੰਧਤ ਸੀ ਤੇ ਜੇਵਰ ਸਿੰਘ ਜਾਹਰਾ ਪੀਰ ਗੁੱਗੇ ਦਾ ਪਿਉ ਸੀ। ਰਾਓ ਹਰ ਰਾਏ ਦੀਆਂ ਅਗਲੀਆਂ ਪੀੜ੍ਹੀਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਰਾਜਾ ਰਾਓ ਪ੍ਰਿਥਵੀ ਸਿੰਘ ਹੋਇਆ ਹੈ ਤੇ ਰਾਜਾ ਪ੍ਰਿਥਵੀ ਸਿੰਘ ਦੀ ਰਾਣੀ ਦਾ ਨਾਂ ਦੇਵ ਕੁੰਵਰ ਸੀ। ਇਤਿਹਾਸ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੇ ਯੁੱਧ ਤੋਂ ਵਿਹਲੇ ਹੋ ਕੇ ਪਾਉਂਟਾ ਸਾਹਿਬ, ਕਪਾਲਮੋਚਨ ਤੇ ਸਾਢੋਰਾ ਹੁੰਦੇ ਹੋਏ ਰਾਏਪੁਰ ਰਿਆਸਤ ਵਿਚ ਰਾਜੇ ਪ੍ਰਿਥਵੀ ਸਿੰਘ ਦੇ ਕਿਲ੍ਹੇ ਦੇ ਬਾਹਰ-ਵਾਰ ਆਣ ਪੜਾਅ ਕੀਤਾ ਸੀ ਤੇ ਜਿਸ ਵਕਤ ਗੁਰੂ ਜੀ ਨੇ ਇੱਥੇ ਪੜਾਅ ਕੀਤਾ ਸੀ, ਉਸ ਵਕਤ ਰਾਜਾ ਆਪਣੀ ਰਾਣੀ ਦੇਵ ਕੁੰਵਰ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਗਿਆ ਹੋਇਆ ਸੀ। ਰਾਜੇ-ਰਾਣੀ ਦੀ ਗੈਰਹਾਜ਼ਰੀ ਵਿਚ ਗੁਰੂ ਜੀ ਨੇ ਕਿਲ੍ਹੇ ਦੀ ਰਾਖੀ ਕਰ ਰਹੇ ਸਿਪਾਹੀਆਂ ਕੋਲੋਂ ਪੀਣ ਲਈ ਪਾਣੀ ਮੰਗਿਆ ਪਰ ਸਿਪਾਹੀਆਂ ਨੇ ਪਾਣੀ ਨਾ ਦਿੱਤਾ। ਅੰਤਾਂ ਦੀ ਗਰਮੀ ਕਾਰਨ ਗੁਰੂ ਜੀ ਦਾ ਕੰਠ ਸੁੱਕਦਾ ਜਾ ਰਿਹਾ ਸੀ ਤੇ ਗੁਰੂ ਜੀ ਦੇ ਵਾਰ-ਵਾਰ ਪਾਣੀ ਮੰਗਣ 'ਤੇ ਵੀ ਸਿਪਾਹੀਆਂ ਨੇ ਪਾਣੀ ਨਾ ਦਿੱਤਾ। ਹਾਰ ਕੇ ਗੁਰੂ ਜੀ ਇੱਥੋਂ ਮਾਣਕਟਬਰਾ ਪਿੰਡ ਵੱਲ ਨੂੰ ਤੁਰ ਪਏ। ਮਾਣਕਟਬਰਾ ਵਿਖੇ ਗੁਰੂ ਜੀ ਦੀ ਯਾਦ ਵਿੱਚ ਗੁਰਦੁਆਰਾ ਸੁਸ਼ੋਭਿਤ ਹੈ।

ਜਦੋਂ ਸ਼ਾਮ ਨੂੰ ਰਾਜਾ-ਰਾਣੀ ਸ਼ਿਕਾਰ ਖੇਡ ਕੇ ਵਾਪਸ ਆਏ ਤਾਂ ਸੈਨਿਕਾਂ ਨੇ ਦਿਨ ਵਿੱਚ ਕਿਸੇ ਅਤਿ ਤੇਜ ਪ੍ਰਤਾਪ ਤੇ ਰੱਬੀ ਨੂਰ ਵਾਲੇ ਸੰਤ ਦੀ ਕਹਾਣੀ ਰਾਜੇ-ਰਾਣੀ ਨੂੰ ਦੱਸੀ। ਸਾਰੇ ਦਿਨ ਦੀ ਥਕਾਵਟ ਤੇ ਮਾਰੇ ਰਾਜੇ ਨੇ ਤੇ ਸੈਨਿਕਾਂ ਦੀ ਗੱਲ ਵੱਲ ਕੋਈ

ਧਿਆਨ ਨਾ ਦਿੱਤਾ ਪਰ ਅਤਿ ਸੰਵੇਦਨਸ਼ੀਲ, ਦਿਆਲੂ, ਪਰਉਪਕਾਰੀ ਤੇ ਤੇਜ ਬੁੱਧੀ ਦੀ ਮਾਲਕ ਰਾਣੀ ਉਸੇ ਵਕਤ ਸਮਝ ਗਈ ਕਿ ਤੇਜ ਪ੍ਰਤਾਪ ਵਾਲਾ ਸੰਤ ਕੋਈ ਹੋਰ ਨਹੀਂ, ਗੁਰੂ ਗੋਬਿੰਦ ਸਿੰਘ ਜੀ ਹੀ ਹਨ। ਰਾਣੀ ਉਸੇ ਵਕਤ ਕੇਸੀਂ ਇਸ਼ਨਾਨ ਕਰਕੇ ਤੇ ਘੋੜਾ ਲੈ ਕੇ ਗੁਰੂ ਜੀ ਨੂੰ ਲੱਭਣ ਤੁਰ ਪਈ ਤੇ ਰਾਣੀ ਨੂੰ ਪਿੰਡ ਮਾਣਕਟਬਰਾ ਕੋਲ ਗੁਰੂ ਜੀ ਮਿਲ ਪਏ ਸਨ। ਰਾਣੀ ਨੇ ਗੁਰੂ ਜੀ ਤੋਂ ਮਾਫ਼ੀ ਮੰਗੀ ਤੇ ਫਿਰ ਉਹ ਆਦਰ-ਸਤਿਕਾਰ ਸਹਿਤ ਗੁਰੂ ਜੀ ਨੂੰ ਆਪਣੇ ਕਿਲ੍ਹੇ ਵਿਚ ਵਾਪਸ ਲੈ ਕੇ ਆਈ। ਕਿਲ੍ਹੇ ਵਿਚ ਆਣ ਕੇ ਰਾਣੀ ਨੇ ਗੁਰੂ ਜੀ ਨੂੰ ਪਾਣੀ ਹੀ ਨਹੀਂ ਦਿੱਤਾ, ਸਗੋਂ ਸ਼ਾਹੀ ਭੋਜਨ ਵੀ ਛਕਾਇਆ।

ਕਹਿੰਦੇ ਹਨ ਕਿ ਉਸ ਵਕਤ ਗੁਰੂ ਜੀ ਨੇ ਰਾਣੀ ਨੂੰ ਜਨਮਾਨਸ ਦੇ ਭਲੇ ਲਈ ਥਾਂ-ਥਾਂ ਖੂਹ ਪੁਟਵਾਉਣ ਲਈ ਆਖਿਆ ਸੀ ਤੇ ਰਾਣੀ ਦੇ ਸੁਭਾਉ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਉਸਨੂੰ ਵਰ ਦਿੱਤਾ ਸੀ ਕਿ ਭਵਿੱਖ ਵਿੱਚ ਰਾਏਪੁਰ ਉਸਦੇ ਨਾਂ ਨਾਲ ਪ੍ਰਸਿੱਧ ਹੋਵੇ ਗਾ।

ਪੰਚਕੂਲਾ ਨਰਾਇਣਗੜ੍ਹ ਸੜਕ ਉਪਰ ਨਰਾਇਣਗੜ੍ਹ ਤੋਂ 15 ਕਿਲੋਮੀਟਰ ਦੂਰ ਤੇ ਪੰਚਕੂਲਾ ਤੋਂ 30 ਕਿਲੋਮੀਟਰ ਦੂਰ ਸਥਿਤ ਰਾਏਪੁਰ ਨੂੰ ਅੱਜਕਲ੍ਹ ਰਾਏਪੁਰ ਰਾਣੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਰਾਜੇ ਪ੍ਰਿਥਵੀ ਸਿੰਘ ਦਾ ਕਿਲ੍ਹਾ ਅੱਜ ਭਾਵੇਂ ਖੰਡਰ ਬਣ ਗਿਆ ਹੈ, ਫਿਰ ਵੀ ਕਿਲ੍ਹੇ ਦੇ ਬਚੇ-ਖੁਚੇ ਅਵਸ਼ੇਸ ਦਸਦੇ ਹਨ ਕਿ ਰਾਜੇ ਦਾ ਇਹ ਕਿਲ੍ਹਾ ਆਪਣੇ ਸਮੇਂ ਦੀ ਭਵਨ ਨਿਰਮਾਣ ਕਲਾ ਦਾ ਉਤਮ ਨਮੂਨਾ ਸੀ। ਲਗਭਗ ਪੰਜ ਕਿੱਲਿਆਂ ਵਿਚ ਫੈਲੇ ਇਸ ਕਿਲ੍ਹੇ ਵਿਚ ਰਾਣੀ ਦੇਵ ਕੁੰਵਰ ਦਾ ਮਹਿਲ ਵੀ ਬਣਿਆ ਹੋਇਆ ਹੈ। ਕਿਲ੍ਹੇ ਦੇ ਹਰ ਮੋੜ 'ਤੇ ਚਬੂਤਰਿਆਂ ਉਪਰ ਬਣੇ ਵਿਸ਼ਾਲ ਬੁਰਜ ਅੱਜ ਵੀ ਜਿਉਂ ਦੇ ਤਿਉਂ ਖੜ੍ਹੇ ਹਨ। ਇਹ ਵਿਸ਼ਾਲ ਬੁਰਜ ਕਿਲ੍ਹੇ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੇ ਨਾਲ-ਨਾਲ ਕਿਲ੍ਹੇ ਦੀ ਸ਼ੋਭਾ ਵੀ ਵਧਾਉਂਦੇ ਹਨ ਤੇ ਇਹ ਬੁਰਜ ਕਿਲ੍ਹੇ ਨੂੰ ਬਾਹਰੀ ਆਕ੍ਰਮਣਕਾਰੀਆਂ ਤੋਂ ਬਚਾਉਂਦੇ ਸਨ। ਸੁਰੱਖਿਆ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਬੁਰਜਾਂ ਉਪਰ ਮੋਰਚੇ ਬਣਾਏ ਗਏ ਸਨ ਤੇ ਮੋਰਚਿਆਂ ਤੱਕ ਪਹੁੰਚਣ ਲਈ ਬੁਰਜਾਂ ਅੰਦਰ ਗੋਲ ਪਾਉੜੀਆਂ ਬਣਾਈਆਂ ਗਈਆਂ ਸਨ। ਮੋਰਚਿਆਂ ਦੇ ਹੇਠਾਂ ਸੁਰੱਖਿਆ-ਕਰਮੀਆਂ ਦਾ ਨਿਵਾਸ ਅਸਥਾਨ ਸੀ ਤੇ ਬੁਰਜਾਂ ਵਿਚਲੀਆਂ ਚੀਥਾਂ ਥਾਣੀ ਰਾਜੇ ਦੇ ਸੁਰੱਖਿਆ-ਕਰਮੀ ਮਨੁੱਖੀ ਅੱਖ ਤੋਂ ਵੀ ਪਰੇ ਤਕ ਵੇਖ ਸਕਦੇ ਸਨ।

ਕਸਬੇ ਬਰਵਾਲਾ ਤੋਂ ਦਸ ਕਿਲੋਮੀਟਰ ਤੇ ਡੇਰਾ ਬੱਸੀ ਤੋਂ ਵੀਹ ਕਿਲੋਮੀਟਰ ਦੂਰ ਰਾਏਪੁਰ ਰਾਣੀ ਦੇ ਕਿਲ੍ਹੇ ਦੇ ਆਦਮਕਦ ਮੁਖ-ਦਵਾਰ ਨੂੰ ਵੇਖਦਿਆਂ ਉਸ ਸਮੇਂ ਦੀ ਕਾਰੀਗਰੀ ਦੀ ਦਾਦ ਦੇਣੀ ਬਣਦੀ ਹੈ। ਮੁੱਖ-ਦਵਾਰ ਦੇ ਇਕ ਪਾਸੇ ਰਾਣੀ ਦੇਵ ਕੁੰਵਰ ਦੀ ਗੋਲੀ ਸ਼ੋਭਨਾ ਦੀ ਰਿਹਾਇਸ਼ਗਾਹ ਬਣਾਈ ਗਈ ਸੀ ਤੇ ਦੂਸਰੇ ਪਾਸੇ ਤਬੇਲਾ ਸੀ।

ਬਾਅਦ ਵਿੱਚ ਰਾਣੀ ਦੇਵ ਕੁੰਵਰ ਦੇ ਇਸ ਕਿਲ੍ਹੇ ਵਿਚ ਗੁਰੂ ਜੀ ਦੀ ਯਾਦ ਵਿੱਚ ਸੰਗਤ ਨੇ ਗੁਰਦੁਆਰਾ ਬਣਾਇਆ ਹੈ। ਗੁਰੂ ਜੀ ਦੀ ਯਾਦ ਵਿੱਚ ਬਣੇ ਇਸ ਅਸਥਾਨ ਦੇ ਦਰਸ਼ਨਾਂ ਹਿਤ ਵਿਰਲੇ ਹੀ ਸ਼ਰਧਾਲੂ ਤੇ ਸੈਲਾਨੀ ਆਉਂਦੇ ਹਨ। ਜਾਣਕਾਰੀ ਦੀ ਘਾਟ ਕਾਰਨ, ਕਿਲ੍ਹੇ ਦੇ ਖੰਡਰਾਤ ਵਿਚ ਬਦਲ ਜਾਣ ਕਾਰਨ ਤੇ ਗੁਰਦੁਆਰਾ ਸਾਹਿਬ ਵਿਚ ਯੋਗ ਪ੍ਰਬੰਧ ਨਾ ਹੋਣ ਕਾਰਨ ਸ਼ਰਧਾਲੂਆਂ ਤੇ ਸੈਲਾਨੀਆਂ ਦਾ ਇਸ ਅਸਥਾਨ ਵੱਲ ਘੱਟ ਹੀ ਰੁਝਾਨ ਹੈ।

ਰਾਏਪੁਰ ਰਾਣੀ ਦਾ ਇਹ ਕਿਲ੍ਹਾ ਵਕਤ ਦੇ ਥੱਪੜਾਂ ਦੀ ਹੋਰ ਮਾਰ ਸਹਿਣ ਤੋਂ ਅਸਮਰਥ ਹੈ। ਅਣਚਾਹੇ ਰੁੱਖ ਤੇ ਅਣਚਾਹਿਆ ਘਾਹ ਕਿਲ੍ਹੇ ਦੀ ਹੋਂਦ ਨੂੰ ਮਿਟਾਉਣ 'ਤੇ ਤੁਲਿਆ ਹੋਇਆ ਹੈ। ਜੇਕਰ ਹੁਣ ਵੀ ਧਿਆਨ ਨਾ ਦਿੱਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਹਨ, ਜਦੋਂ ਸਾਡੀ ਇਹ ਅਨਮੋਲ ਵਿਰਾਸਤ ਥੇਹ ਹੋ ਜਾਵੇਗੀ।

# 65 ਪੁਆਧ ਦਾ ਪਿੰਡ ਮਸੌਲ –
# (ਦੁਨੀਆਂ ਦਾ ਸਭ ਤੋਂ ਪ੍ਰਾਚੀਨ ਜੀਵ-ਖੇਤਰ)

*ਮਨਮੋਹਨ ਸਿੰਘ ਦਾਊਂ*

ਅਜੋਕੇ ਪੰਜਾਬ ਦਾ ਪਿੰਡ ਮਸੌਲ, ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਸਥਿਤ ਕਬੀਲਾ ਗਾਉਂ ਹੈ। ਚੰਡੀਗੜ੍ਹ, ਸੈਕਟਰ 12 ਦੇ ਨੇੜੇ ਨਵਾਂ ਗਾਓਂ ਤੋਂ ਮਸੌਲ ਨੂੰ ਪੱਕੀ ਸੜਕ 2012-2013 'ਚ ਬਣੀ। ਪਹਿਲਾਂ ਇਹ ਰਸਤਾ ਕੱਚਾ ਹੁੰਦਾ ਸੀ। ਇਹ ਫ਼ਾਸਲਾ ਨਵਾਂ ਗਾਓਂ ਤੋਂ ਤਕਰੀਬਨ 12 ਕਿਲੋਮੀਟਰ ਹੈ ਜਿਸ ਵਿੱਚ ਕਰੌਰ ਜੋਗੀਆਂ, ਕਰੌਰ ਜੱਟਾਂ, ਕਾਨੇ ਦਾ ਬਾੜਾ, ਬ੍ਰਾਹਮਣਾ ਦਾ ਬਾੜਾ, ਗੁੱਜਰਾਂ ਦਾ ਬਾੜਾ, ਟਾਂਡੀ ਤੇ ਟਾਂਡਾ ਨਾਮ ਦੇ ਪਿੰਡ ਆਉਂਦੇ ਹਨ। ਸੜਕ ਦੇ ਦੋਵੇਂ ਪਾਸੇ ਰਾਜਸੀ ਨੇਤਾਵਾਂ, ਉੱਚ-ਅਧਿਕਾਰੀਆਂ ਤੇ ਅਮੀਰ ਵਿਅਕਤੀਆਂ ਦੇ ਸ਼ਾਨਦਾਰ ਫਾਰਮ, ਹੋਟਲ ਤੇ ਰੀਜ਼ੋਰਟ ਵੇਖਣ ਨੂੰ ਮਿਲਦੇ ਹਨ, ਜਿੱਥੇ ਅਮੀਰ ਪਰਿਵਾਰ ਸੈਰ-ਸਪਾਟਾ ਤੇ ਮਨੋਰੰਜਨ ਲਈ ਜਾਂਦੇ ਹਨ। ਮਸੌਲ ਪੁੱਜਣ ਲਈ ਰਸਤੇ ਵਿੱਚ ਪਟਿਆਲੇ ਕੀ ਰਾਓ ਤੇ ਹੋਰ ਚੋਅ ਆਉਂਦੇ ਹਨ ਜਿਨ੍ਹਾਂ ਉੱਤੇ ਪੁਲ-ਉਸਾਰੀਆਂ ਦਾ ਕੰਮ ਚੱਲ ਰਿਹਾ ਹੈ।

ਮਸੌਲ ਤੋਂ ਅੱਗੇ ਸੋਲਨ ਹਿਮਾਚਲ ਪ੍ਰਦੇਸ਼ ਦੀ ਹੱਦ ਦਿੱਸਣ ਲਗ ਜਾਂਦੀ ਹੈ ਅਤੇ ਕੀਰਤਪੁਰ (ਹਰਿਆਣਾ) ਬੱਦੀ ਤੇ ਨਾਲਾਗੜ੍ਹ ਪ੍ਰਾਂਤ ਦਾ ਖੇਤਰ ਆਉਂਦਾ ਹੈ। ਬਰਸਾਤ ਵਿੱਚ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਦ੍ਰਿਸ਼ ਵੱਖਰੀ ਅਦਭੁੱਤਤਾ ਵਾਲਾ ਹੁੰਦਾ ਹੈ।

ਮੈਂ ਆਪਣੀ ਕਾਰ ਦੇ ਡਰਾਈਵਰ ਦੇ ਉੱਦਮ ਸਦਕਾ 31 ਮਾਰਚ, 2016 ਨੂੰ ਪਿੰਡ ਮਸੌਲ ਕਾਫ਼ੀ ਪੁੱਛ-ਪੁਛਾਈ ਕਰ ਕੇ ਪਹੁੰਚਿਆ। ਸਭ ਤੋਂ ਪਹਿਲਾਂ ਸਰਕਾਰੀ ਪ੍ਰਾਇਮਰੀ ਸਕੂਲ ਮਸੌਲ ਵੇਖਣ ਦਾ ਮੌਕਾ ਮਿਲਿਆ ਸ੍ਰੀ ਨਰੇਸ਼ ਕੁਮਾਰ ਈ.ਟੀ.ਟੀ. (ਅਧਿਆਪਕ) ਅਤੇ ਸ੍ਰੀ ਅਵਤਾਰ ਸਿੰਘ ਵਲੰਟੀਅਰ (ਅਧਿਆਪਨ) ਬੜੀ ਲਗਨ ਨਾਲ ਪੜ੍ਹਾ ਰਹੇ ਸਨ। ਇਸ ਸਕੂਲ ਵਿੱਚ ਮਿਡ-ਡੇ-ਮੀਲ, ਆਂਗਨਵਾੜੀ ਆਦਿ ਦੀਆਂ ਸਹੂਲਤਾਂ ਤਾਂ ਹਨ ਪਰੰਤੂ ਬੱਚਿਆਂ ਦੀ ਗਿਣਤੀ ਅਨੁਸਾਰ ਦੋ ਹੋਰ ਅਧਿਆਪਕਾਂ ਦੀਆਂ ਆਸਾਮੀਆਂ ਭਰਨੀਆਂ ਚਾਹੀਦੀਆਂ ਹਨ। ਦੂਰ-ਦੁਰਾਡੇ ਇਸ ਸਕੂਲ ਵਿੱਚ ਸ੍ਰੀ ਨਰੇਸ਼ ਕੁਮਾਰ ਪਿਛਲੇ ਦਸ ਸਾਲਾਂ ਤੋਂ ਸੇਵਾਵਾਂ ਨਿਭਾ ਰਿਹਾ ਹੈ। ਹੋਰ ਕੋਈ ਅਧਿਆਪਕ ਇੱਥੇ ਆਉਣਾ ਨਹੀਂ ਚਾਹੁੰਦਾ।

ਸਾਬਕਾ ਸਰਪੰਚ ਜਾਗਰ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ, ਇਸ ਪਿੰਡ ਦੀ ਹੋਂਦ ਲਗਪਗ ਚਾਰ ਸੌ ਸਾਲ ਪੁਰਾਣੀ ਮੰਨੀ ਜਾਂਦੀ ਹੈ। ਕੁਝ ਇਸ ਤਰ੍ਹਾਂ ਵੀ ਮੰਨਿਆ ਜਾਂਦਾ ਹੈ ਕਿ ਕੁਦਰਤੀ ਬਦਲਾਓ ਕਾਰਨ ਕਈ ਪਿੰਡ ਬਿਲਕੁਲ ਹੀ ਹੋਂਦ ਗੁਆ ਬੈਠੇ

ਜਿਵੇਂ ਪਿੰਡ ਕੂੜਮਛਾ, ਨੇਪਲੀ ਪਿੰਡ, ਬੁੜੀ ਦਾ ਬਾਗ ਤੇ ਕਈ ਹੋਰ ਜੋ ਮੁਸਲਮਾਨਾਂ ਦੇ ਦੱਸੇ ਜਾਂਦੇ ਸਨ ਜਿਨ੍ਹਾਂ 'ਤੇ 1947 ਦੀ ਵੰਡ ਸਮੇਂ ਅਣਹੋਣੀ ਦਾ ਅਸਰ ਵੀ ਮੰਨਿਆ ਜਾਂਦਾ ਹੈ। ਇਸ ਵੇਲੇ ਇਸ ਪਿੰਡ ਦੀ ਆਬਾਦੀ ਲਗਪਗ 450 ਹੋਵੇਗੀ ਅਤੇ ਸੱਤਰ-ਅੱਸੀ ਘਰ ਹਨ ਜੋ ਸ਼ਿਵਾਲਿਕ ਦੀਆਂ ਪਹਾੜੀਆਂ 'ਤੇ ਖਿੰਡੇ-ਪੁੰਡੇ ਹਨ। ਇਹ ਇਸ ਪਿੰਡ ਦੀ ਨਵੇਕਲੀ ਗੱਲ ਹੈ ਕਿ ਇੱਕੋ ਜਾਤੀ ਦੇ ਸਿੱਖ ਲਬਾਣੇ (ਵਣਜਾਰਾ ਕੌਮ) ਹਨ। ਇਤਿਹਾਸ ਇਹ ਵੀ ਦੱਸਦਾ ਹੈ ਕਿ ਲੂਣ (ਲਵਣ) ਦਾ ਵਪਾਰ ਕਰਨ ਵਾਲੇ ਲਬਾਣੇ ਦੂਰ-ਦੂਰ ਤੱਕ ਵਣਜ ਕਰਦੇ ਸਨ। ਇਨ੍ਹਾਂ ਲੋਕਾਂ ਦਾ ਰੁਜ਼ਗਾਰ ਜੰਗਲ ਦੀ ਲੱਕੜ ਇਕੱਠੀ ਕਰਨਾ, ਬੱਬੜ ਦੀ ਰੱਸੀ ਵੱਟਣਾ, ਬਕਰੀਆਂ ਪਾਲਣਾ, ਊਠ ਰੱਖਣੇ ਤੇ ਥੋੜ੍ਹੀ ਬਹੁਤੀ ਮਾਰੂ ਖੇਤੀ ਕਰਨਾ ਹੈ। ਕਣਕ, ਮੱਕੀ, ਚਰੀ, ਸਰੋਂ ਤੇ ਸੂੰਹ ਦੀਆਂ ਫ਼ਸਲਾਂ ਹੁੰਦੀਆਂ ਹਨ ਪਰੰਤੂ ਜੰਗਲੀ-ਜਾਨਵਰ ਫ਼ਸਲਾਂ ਦਾ ਉਜਾੜਾ ਕਰ ਦਿੰਦੇ ਹਨ। ਜੰਗਲੀ ਜਾਨਵਰ ਬਾਰਾਂਸਿੰਗਾ, ਲੂੰਮੜੀ, ਸੇਹ, ਜੰਗਲੀ ਸੂਰ, ਗਿੱਦੜ, ਬਾਂਦਰ ਤੇ ਤੇਂਦੂਆ ਵੇਖਣ ਨੂੰ ਮਿਲਦੇ ਹਨ। ਪਿੰਡ ਵਿੱਚ ਪੁਰਾਣਾ ਖੂਹ ਹੈ ਜਿਸ ਵਿੱਚ ਪਾਣੀ ਹੁਣ ਪਹਾੜੀ 'ਤੇ ਲੱਗੇ ਟਿਊਬਵੈਲ ਰਾਹੀਂ ਆਉਂਦਾ ਹੈ। ਇਹ ਟਿਊਬਵੈਲ ਸ੍ਰੀ ਰਵੀਇੰਦਰ ਸਿੰਘ (ਸਾਬਕਾ ਸਪੀਕਰ - ਪੰਜਾਬ ਵਿਧਾਨ ਸਭਾ) ਨੇ ਲੋਕਾਂ ਦੇ ਜਲ-ਸੰਕਟ ਨੂੰ ਦੂਰ ਕਰਨ ਲਈ ਆਪਣੇ ਕੋਲੋਂ ਲੁਆਇਆ ਸੀ। ਪਿੰਡ ਵਿੱਚ ਖੇੜੇ ਦਾ ਅਸਥਾਨ ਪੂਰੀ ਪਵਿੱਤਰਤਾ ਨਾਲ ਸਾਂਭਿਆ ਹੋਇਆ ਹੈ ਤੇ ਉਸ ਦੇ ਸਾਹਮਣੇ ਪਹਾੜੀ ਉੱਤੇ ਗੁਰਦੁਆਰਾ ਸਾਹਿਬ ਵੀ ਬਣਿਆ ਹੋਇਆ ਹੈ। ਮਾਈ ਦੇ ਥਾਨ ਹਰ ਘਰ ਵਾਲੇ ਨੇ ਮੱਥਾ ਟੇਕਣ ਲਈ ਬਣਾਏ ਹੋਏ ਹਨ। ਪਿੰਡ ਵਿੱਚ ਪੰਚਾਇਤ ਘਰ ਦੀ ਉਸਾਰੀ ਅਧੂਰੀ ਪਈ ਹੈ। ਹੁਣ ਇਹ ਪਿੰਡ ਨਗਰ ਪੰਚਾਇਤ ਨਵਾਂ ਗਾਓਂ ਅਧੀਨ ਕਰ ਦਿੱਤਾ ਗਿਆ ਹੈ। ਇਸ ਪਿੰਡ ਦੇ ਲੋਕ ਸਾਲ ਵਿੱਚ ਇੱਕ ਵਾਰ ਰਾਜਸਥਾਨ ਗੁੱਗਾ ਪੀਰ ਬਾਗੜ ਆਪਣੀ ਸ਼ਰਧਾ ਭੇਟ ਕਰਨ ਜਾਂਦੇ ਹਨ। ਦੀਵਾਲੀ, ਦੁਸਹਿਰਾ, ਹੋਲੀ, ਲੋਹੜੀ, ਝਕਰੀਆਂ ਤੇ ਸ਼ਿਵਰਾਤਰੀ ਦੇ ਤਿਉਹਾਰ ਰਲ-ਮਿਲ ਕੇ ਮਨਾਉਂਦੇ ਹਨ। ਦਿਆਲ ਸਿੰਘ (ਪੁੱਤਰ ਰੂੜ ਸਿੰਘ) ਅਤੇ ਰਾਣਾ ਨੇ ਦੱਸਿਆ ਕਿ ਪਿੰਡ ਵਿੱਚ ਪਾਣੀ ਦੀ ਕਿੱਲਤ ਬਹੁਤ ਹੈ। ਲੋਹੇ ਦੀਆਂ ਕੁੱਪੀਆਂ ਡੰਡਿਆਂ ਨਾਲ ਬੰਨ੍ਹ ਕੇ ਪਾਣੀ ਲਿਆਉਣ ਲਈ ਬਹੁਤ ਮਸ਼ਕੱਤ ਕਰਨੀ ਪੈਂਦੀ ਹੈ। ਕਈ-ਕਈ ਦਿਨ ਪਾਣੀ ਨਾ ਆਉਣ ਕਾਰਨ, ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਹਤ ਡਿਸਪੈਂਸਰੀ ਨਾ ਹੋਣ ਕਾਰਨ ਰੋਗੀਆਂ ਦਾ ਇਲਾਜ ਕਰਾਉਣਾ ਔਖਾ ਹੋ ਜਾਂਦਾ ਹੈ। ਡਾਕਖਾਨਾ ਨਾ ਹੋਣ ਕਾਰਨ, ਡਾਕ-ਪੱਤਰ ਬਹੁਤ ਪਛੜ ਕੇ ਮਿਲਦੇ ਹਨ। ਬਿਮਾਰ ਪਸ਼ੂਆਂ ਦੇ ਇਲਾਜ ਲਈ ਨੇੜੇ ਕੋਈ ਪਸ਼ੂ-ਹਸਪਤਾਲ ਨਹੀਂ।

ਇਸ ਪਿੰਡ ਦੇ ਪੱਛਮ ਵਿੱਚ ਬਹੁਤ ਪੁਰਾਣਾ ਪਿੰਡ ਸਿਸਵਾਂ ਸਥਿੱਤ ਹੈ, ਜਿਹੜਾ ਬਹੁਤ ਮਸ਼ਹੂਰ ਹੁੰਦਾ ਸੀ। ਅਫ਼ੀਮ ਦੇ ਵਪਾਰ ਦੀ ਸਭ ਤੋਂ ਵੱਡੀ ਮੰਡੀ ਮੰਨੀ ਜਾਂਦੀ ਸੀ।

ਇਸ ਪਿੰਡ ਦੇ ਲੋਕਾਂ ਦਾ ਸਖ਼ਤ ਜੀਵਨ ਵੇਖ ਕੇ ਇੱਕ ਦਿਆਲੂ ਸਰਦਾਰ (ਐਨ.ਆਰ.ਆਈ.) ਨੇ ਦਸ ਕੁ ਸਾਲ ਪਹਿਲਾਂ ਇਨ੍ਹਾਂ ਲੋਕਾਂ ਲਈ ਲਗਪਗ 30 ਕਮਰੇ ਬਣਵਾਏ ਪਰੰਤੂ ਸਮੇਂ ਦੀਆਂ ਸਰਕਾਰਾਂ ਨੇ ਇਸ ਪਿੰਡ ਨੂੰ ਖ਼ੁਸ਼ਹਾਲ ਬਣਾਉਣ ਲਈ ਉਹ ਜਤਨ ਨਹੀਂ ਕੀਤੇ ਜਿਨ੍ਹਾਂ ਦੀ ਲੋੜ ਹੈ। ਲੋਕਾਂ ਦੀ ਪੁਰ-ਜ਼ੋਰ ਮੰਗ ਹੈ ਕਿ ਪ੍ਰਾਇਮਰੀ ਸਕੂਲ ਨੂੰ ਦਸਵੀਂ ਤੀਕ ਜ਼ਰੂਰ ਅਪਗਰੇਡ ਕੀਤਾ ਜਾਵੇ ਤਾਂ ਜੋ ਲੜਕੀਆਂ ਵਿਸ਼ੇਸ਼ ਤੌਰ ’ਤੇ ਅੱਗੇ ਪੜ੍ਹ ਸਕਣ। ਬਿਜਲੀ ਦਾ ਪ੍ਰਬੰਧ ਵੀ ਸੁਧਾਰ ਮੰਗਦਾ ਹੈ। ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਸ਼ਗਨ-ਸਕੀਮ ਲਾਗੂ ਹੋਣੀ ਅਤੀ ਜ਼ਰੂਰੀ ਹੈ। ਕਈ ਪਰਿਵਾਰ ਛੰਨਾਂ ਪਾ ਕੇ ਹੀ ਸਿਰ ਢਕਦੇ ਹਨ। ਅੰਤਾਂ ਦੀਆਂ ਤੰਗੀਆਂ-ਤੁਰਸ਼ੀਆਂ ਹੋਣ ਕਾਰਨ, ਕਈ ਪਰਿਵਾਰ ਇੱਥੋਂ ਚਲੇ ਗਏ ਹਨ ਅਤੇ ਮਕਾਨ ਪਹਾੜੀਆਂ ਉੱਤੇ ਖੰਡਰ ਹੋ ਰਹੇ ਹਨ। ਇਨ੍ਹਾਂ ਪਹਾੜੀਆਂ ’ਤੇ ਖੈਰ, ਕਿੱਕਰ, ਢੱਕ, ਅੰਬ, ਜਾਮਣ ਤੇ ਡੇਕ ਦੇ ਦਰਖਤ ਵੇਖਣ ਨੂੰ ਮਿਲਦੇ ਹਨ। ਚੰਡੀਗੜ੍ਹ ਮੇਲਿਆਂ ਮੌਕੇ ਇਸੇ ਪਿੰਡ ਦੇ ਊਠ ਆਪਣੇ-ਆਪਣੇ ਮਾਲਕ ਲੈ ਕੇ ਆਉਂਦੇ ਹਨ।

ਅਫ਼ਸੋਸ ਦੀ ਗੱਲ ਹੈ ਕਿ ਇਸ ਪਹਾੜੀ ਪਿੰਡ ਨੂੰ ਜਾਂਦੀ ਸੜਕ ਉੱਤੇ ਰਾਹੀਆਂ, ਸੈਲਾਨੀਆਂ ਤੇ ਖੋਜੀਆਂ ਨੂੰ ਦਿਸ਼ਾ-ਦਸਾਊ ਬੋਰਡ ਤੇ ਰੋਡ-ਚਿੰਨ੍ਹ ਨਹੀਂ ਲਾਏ ਹੋਏ। ਹਨੇਰੇ-ਸਵੇਰੇ ਸਫ਼ਰ ਕਰਨਾ ਖ਼ਤਰਨਾਕ ਹੈ। ਧੰਨ ਹਨ ਇਹ ਲੋਕ ਜੋ ਆਪਣੀ ਰੱਖਿਆ ਤੇ ਸੁਰੱਖਿਆ ਆਪ ਹੀ ਕਰਦੇ ਹਨ। ਗਰੀਬੀ ਦੀ ਮਾਰ ਨੇ ਇਨ੍ਹਾਂ ਲੋਕਾਂ ਦੇ ਸੁਪਨੇ ਗ੍ਰਹਿਣ ਕਰ ਦਿੱਤੇ ਹਨ।

ਇਸ ਪਿੰਡ ਦੀ ਦੁਨੀਆਂ ਦੇ ਨਕਸ਼ੇ ’ਤੇ ਇੱਕ ਵੱਖਰੀ ਪਛਾਣ ਇਹ ਬਣ ਰਹੀ ਹੈ ਕਿ ਇੰਡੋ-ਫਰੈਂਚ ਸਾਂਝੀ ਖੋਜ ਟੀਮ ਨੇ 2007 ਤੋਂ 2015 ਤੱਕ ਇਸ ਖੇਤਰ ਦੀਆਂ ਪਹਾੜੀਆਂ ’ਚੋਂ ਜੋ ਨਵੀਆਂ ਲਭਤਾਂ ਕੀਤੀਆਂ ਹਨ, ਉਨ੍ਹਾਂ ਦਾ ਚਰਚਾ ਜਨਵਰੀ, 2016 ਤੋਂ ਜ਼ਿਕਰਯੋਗ ਹੈ। ਹੁਣ ਤੱਕ ਯਥੋਪੀਆ (ਅਫਰੀਕਾ) ਅਤੇ ਚੀਨ ਦੀਆਂ ਪ੍ਰਜਾਤੀ ਅਸਤਿਤੱਵ ਦੇ ਪਥਰਾਟ ਨੂੰ ਸਭ ਤੋਂ ਪੁਰਾਣਾ ਮੰਨਿਆ ਜਾਂਦਾ ਸੀ। ਫਰਾਂਸ ਦੀ ਨੈਸ਼ਨਲ ਮਿਊਜ਼ੀਅਮ ਆਫ਼ ਨੈਚਰਲ ਹਿਸਟਰੀ ਦੇ ਵਿਗਿਆਨੀਆਂ ਅਤੇ The Society of Archaeoligical & Anthrological Research Chandigarh ਦੀਆਂ ਕੀਤੀਆਂ ਖੋਜਾਂ ਦੇ ਸਬੂਤ ਇਹ ਦੱਸਦੇ ਹਨ ਕਿ ਸ਼ਿਵਾਲਿਕ ਪਹਾੜੀਆਂ ਦੇ ਲਗਪਗ 80 ਏਕੜ ਦੇ ਖੇਤਰ ’ਚ ਸਭ ਤੋਂ ਪੁਰਾਣੀ ਮਾਨਵ ਪ੍ਰਜਾਤੀ ਅਸਤਿਤੱਵ ਕਦੇ ਹੋਇਆ ਕਰਦੀ ਸੀ। ਡੂੰਘੇ ਸਮੁੰਦਰ ’ਚ ਰਹਿਣ ਵਾਲੇ ਮਹਾਂ-ਜੀਵ ਹੁੰਦੇ ਸਨ। ਧਰਤ ਖਿਸਕਣ ਨਾਲ ਤੇ ਕੁਦਰਤੀ ਤਬਦੀਲੀ ਆਉਣ ਨਾਲ ਸਿਲਵਟਾਂ ਪੈ ਗਈਆਂ, ਸ਼ਿਵਾਲਿਕ ਦੀਆਂ ਪਹਾੜੀਆਂ ਤੇ ਦੂਰ ਹਿਮਾਲਾ ਕਈ ਸ਼ਾਖਾ ਦਾ ਰੂਪ ਧਾਰ ਗਿਆ। ਕਈ ਪੁਰਾਣੀਆਂ ਜੀਵ-ਜਾਤੀਆਂ ਖ਼ਤਮ ਹੋ ਗਈਆਂ ਤੇ ਕਈ ਪ੍ਰਜਾਤੀਆਂ ਨਵੇਂ ਰੂਪ

ਵਿੱਚ ਹੋਂਦ ਧਾਰ ਗਈਆਂ। ਧਰਤ-ਵਿਗਿਆਨੀਆਂ ਅਤੇ ਪੁਰਾਤੱਤਵ-ਖੋਜੀਆਂ ਦੀਆਂ ਕੀਤੀਆਂ ਨਵੀਆਂ ਖੋਜਾਂ ਬਾਰੇ ਡਾ. ਮੁਕੇਸ਼ ਸਿੰਘ President, Ph.D. National Museum of Natural History Paris ਨੇ ਮਸੌਲ ਪਿੰਡ ਖੇਤਰ ਦੇ ਪਥਰਾਟਾਂ (Fossils) ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 26 ਲੱਖ ਸਾਲ ਪੁਰਾਣੇ ਪਥਰਾਟਾਂ ਤੋਂ ਇਹ ਸਬੂਤ ਮਿਲਦਾ ਹੈ ਕਿ ਇਸ ਖੇਤਰ 'ਚ ਦੈਂਤ ਹਾਥੀ (ਸਟੈਗੋਡਾਨ), ਜ਼ਰਾਫ਼, ਜੰਗਲੀ ਸੂਰ, ਟਰਟਲ (ਕੱਛੂਕੁਮਾ), ਚੀਤਾ (ਤੇਂਦੂਆ), ਜੰਗਲੀ ਮੱਝ, ਮਗਰਮੱਛ, ਦੋ ਤਰ੍ਹਾਂ ਦੇ ਘੋੜੇ ਤੇ ਰਿੱਪੋ ਦੇ ਪਥਰਾਵਾਂ ਦੀ ਨੁਮਾਇਸ਼ ਦਰਸ਼ਕਾਂ ਤੇ ਖੋਜੀਆਂ ਲਈ ਆਰਟ ਮਿਊਜ਼ੀਅਮ ਸੈਕਟਰ-10 ਚੰਡੀਗੜ੍ਹ ਵਿਖੇ ਲਾਈ ਗਈ ਹੈ ਜਿਸ ਦਾ ਵਿਸ਼ੇਸ਼ ਪ੍ਰਬੰਧੀ ਉਦਘਾਟਨ 24 ਜਨਵਰੀ, 2016 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਫ੍ਰਾਂਸਵਾਂ ਔਲਾਂਦ ਨੇ ਕੀਤਾ ਤੇ ਅਖ਼ਬਾਰਾਂ ਵਿੱਚ ਭਰਪੂਰ ਜ਼ਿਕਰ ਹੋਇਆ। ਅਜੇ ਵੀ ਇਸ ਖੇਤਰ 'ਚ ਖੋਜ-ਕਾਰਜ ਚੱਲ ਰਿਹਾ ਹੈ। ਡਾ. ਮੁਕੇਸ਼ ਸਿੰਘ ਨੇ ਇਹ ਵੀ ਦੱਸਿਆ ਕਿ ਕੀਤੀ ਖੁਦਾਈ ਤੋਂ ਬਿਨਾਂ ਇਨ੍ਹਾਂ ਪਹਾੜੀਆਂ 'ਚੋਂ ਪਥਰਾਟ ਬਾਰਸ਼ ਨਾਲ, ਮਿੱਟੀ ਖੁਰਨ ਨਾਲ, ਰੁੱਖਾਂ ਦੇ ਡਿੱਗਣ ਨਾਲ ਤੇ ਧਰਤੀ ਦੀ ਕੁਦਰਤੀ ਹਿਲ-ਜੁਲ ਨਾਲ ਪਟਿਆਲਾ ਕੀ ਰਾਓ (ਨਦੀ) ਵਿੱਚ ਹੜ੍ਹ ਕੇ ਆਉਂਦੇ ਹਨ ਜਿੱਥੋਂ ਸੈਲਾਨੀ ਇਸ ਪਿੰਡ ਦੇ ਲੋਕਾਂ ਕੋਲੋਂ ਖਰੀਦ ਲੈਂਦੇ ਹਨ। ਲੋੜ ਹੈ ਇਸ ਖੇਤਰ ਨੂੰ ਕਾਨੂੰਨ ਅਨੁਸਾਰ ਸੁਰੱਖਿਅਤ ਕੀਤਾ ਜਾਵੇ ਤੇ ਇਸ ਪ੍ਰਾਚੀਨ ਜੀਵ-ਅਸਤਿਤੱਵ ਪ੍ਰਜਾਤੀ ਬਾਰੇ ਨਿਰੰਤਰ ਖੋਜ ਕੀਤੀ ਜਾਵੇ। ਪੁਆਧ ਖੇਤਰ ਅਤੇ ਚੰਡੀਗੜ੍ਹ ਸ਼ਹਿਰ ਦੀ ਮਹੱਤਤਾ ਅੰਤਰ-ਰਾਸ਼ਟਰੀ ਪੱਧਰ 'ਤੇ ਹੋਰ ਵੀ ਜੱਗ ਜ਼ਾਹਰ ਹੋਵੇਗੀ। ਇਨ੍ਹਾਂ ਜੀਵ-ਪਥਰਾਟਾਂ ਤੋਂ ਬਿਨਾਂ ਪੱਥਰ ਦੇ ਸੰਦ (Tools) ਜੋ ਆਦਿ-ਮਾਨਵ ਦੇ ਹਥਿਆਰ ਵੱਜੋਂ ਇਸ ਗੱਲ ਦਾ ਪ੍ਰਮਾਣ ਦੇਂਦੇ ਹਨ ਕਿ ਜੀਵਾਂ ਦੀਆਂ ਗੱਡੀਆਂ 'ਚੋਂ ਖਾਣ ਲਈ ਚਰਬੀ ਕੱਢਣ ਲਈ, ਹੱਡੀ-ਪਥਰਾਟਾਂ 'ਤੇ ਕੱਟ ਦੇ ਨਿਸ਼ਾਨ ਵੀ ਵੇਖਣ ਨੂੰ ਮਿਲੇ ਹਨ। ਇਸ ਅਦੁੱਤੀ ਖੋਜ ਨੇ ਧਰਤੀ ਉੱਤੇ ਸਭ ਤੋਂ ਪ੍ਰਾਚੀਨ Human Activity (ਮਾਨਵ-ਵਿਅਕਤੀਤਵ) ਦੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ ਹੈ।

ਕਿੰਨਾ ਚੰਗਾ ਹੋਵੇ, ਪਿੰਡ ਮਸੌਲ ਦੇ ਲੋਕਾਂ ਦੀ ਹੋਣੀ ਨੂੰ ਉਜਵਲ ਕਰਨ ਲਈ ਕੇਂਦਰੀ-ਸਰਕਾਰ (ਭਾਰਤ) ਦਾ ਸੰਸਦੀ ਮੈਂਬਰ ਹੋਰ ਪਿੰਡਾਂ ਵਾਂਗ ਇਸ ਪਿੰਡ ਨੂੰ ਗੋਦ (Adopt) ਲਵੇ। ਨਹੀਂ ਤੇ ਪੰਜਾਬ ਸਰਕਾਰ ਨੂੰ ਆਦਰਸ਼ਕ-ਪਿੰਡ ਵਾਲੀਆਂ ਸਾਰੀਆਂ ਸਹੂਲਤਾਂ ਦੇਣ ਲਈ ਜਤਨ ਕਰਨਾ ਚਾਹੀਦਾ ਹੈ। ਜਰਾ ਸੋਚੋ, ਅੱਜ ਤੋਂ ਪੰਜ ਸਾਲ ਪਹਿਲਾਂ ਜਦੋਂ ਇਸ ਪਿੰਡ ਨੂੰ ਪੱਕੀ ਸੜਕ ਤੇ ਪੁਲ ਨਹੀਂ ਸਨ ਤਾਂ ਉਦੋਂ ਇਹ ਪਿੰਡ ਬਰਸਾਤਾਂ ਵਿੱਚ ਕਿਹੋ ਜਿਹੇ ਦੁਖੜੇ ਭੋਗਦਾ ਹੋਵੇਗਾ। ਸੁਤੰਤਰ ਭਾਰਤ ਦਾ ਬਦਨਸੀਬ ਪਿੰਡ!!

# 66 ਪਿੰਡ ਲੇਦੀ ਦਾ ਬੋਲਦਾ ਇਤਿਹਾਸ

*ਮਨਮੋਹਨ ਸਿੰਘ ਦਾਊਂ*

*ਮੋਬ: 9815123900*

ਪੁਆਧੀ-ਪੰਜਾਬੀ ਸੱਥ ਮੁਹਾਲੀ ਦੇ ਮੈਂਬਰ ਹਰੀ ਸਿੰਘ ਮੌਜਪੁਰੀ ਨੇ ਮੈਨੂੰ ਫ਼ੋਨ ਕੀਤਾ ਕਿ ਇੱਕ ਬੇਚਰਾਗ ਮੌਜ਼ਾ ਪਿੰਡ ਲੇਦੀ ਸਾਡੇ ਪਿੰਡ ਮੌਜਪੁਰ ਨੇੜੇ ਹੁੰਦਾ ਸੀ। ਉਸ ਬਾਰੇ ਕੁਝ ਲਿਖੋ। ਮੇਰੇ ਪਿੰਡਾਂ ਬਾਰੇ ਲਿਖੇ ਜਾਂਦੇ ਲੇਖਾਂ ਦੇ ਪ੍ਰਸੰਗ ਵਿੱਚ, ਉਸ ਨੇ ਇਹ ਇੱਛਾ ਜ਼ਾਹਰ ਕੀਤੀ। ਮੈਂ ਇਸ ਪਿੰਡ ਬਾਰੇ ਕਦੇ ਪਹਿਲਾਂ ਨਹੀਂ ਸੀ ਸੁਣਿਆ। ਮੈਂ, ਪਹਿਲੀ ਮਈ, 2016 (ਐਤਵਾਰ) ਨੂੰ ਪਿੰਡ ਮੌਜਪੁਰ ਜਾ ਪੁੱਜਿਆ। ਪਿੰਡ ਲੇਦੀ ਦੇ ਬੰਨੇ ਨਾਲ ਸੁਆੜਾ, ਲਾਂਡਰਾਂ, ਬੈਰਮਪੁਰ, ਭਾਗੋ ਮਾਜਰਾ ਤੇ ਮੌਜਪੁਰ ਪਿੰਡਾਂ ਦੀਆਂ ਜ਼ਮੀਨਾਂ ਲਗਦੀਆਂ ਹਨ। ਲਾਂਡਰਾਂ ਦੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਤੇ ਯੂਨੀਵਰਸਿਟੀ ਦੇ ਪੱਛਮ-ਦੱਖਣ ਵਿੱਚ ਟੀ.ਡੀ.ਆਈ. ਸਿਟੀ ਦੀਆਂ ਇਮਾਰਤਾਂ ਲੇਦੀ ਪਿੰਡ ਦੀ ਜ਼ਮੀਨ 'ਤੇ ਉਸਰ ਰਹੀਆਂ ਹਨ ਜਿਸ ਦਾ ਮਾਲ ਮਹਿਕਮੇ ਅਨੁਸਾਰ ਹੱਦਬਸਤ ਨੰਬਰ 41 ਹੈ। ਲਾਂਡਰਾਂ ਤੋਂ ਬਨੂੜ ਵਾਲੀ ਹਾਈ ਵੇ (ਸੜਕ) ਟੀ.ਡੀ.ਆਈ. ਸਿਟੀ (ਸੱਜੇ ਪਾਸੇ) ਕੈਨੌਟ ਪਲੇਸ ਤੋਂ ਸਿੱਧੀ ਸੜਕ ਲੇਦੀ ਪਿੰਡ ਨੂੰ ਜਾਂਦੀ ਹੈ। ਬੇਚਰਾਗ ਲੇਦੀ ਪਿੰਡ ਦੀ ਸੁੱਤੀ ਪਈ ਮਿੱਟੀ ਜੋ ਹੁਣ ਥੇਹ ਬਣੀ ਪਈ ਹੈ, ਉਸ ਨੂੰ ਬੋਲਣ ਲਈ ਮੌਜਪੁਰ ਪਿੰਡ ਦਾ ਪੰਡਿਤ ਰਾਮਚੰਦ ਫੌਜੀ ਯਾਦਾਂ ਸਾਂਝੀਆਂ ਕਰਦਾ ਹੈ ਜਿਸ ਦੀ ਉਮਰ ਅੱਸੀ ਸਾਲ ਹੈ। ਰਾਮਚੰਦ ਦੱਸਦਾ ਹੈ ਕਿ ਉਸਨੇ 16 ਸਾਲ ਫੌਜ 'ਚ (ਪੈਰਾਸੂਟ ਕੰਪਨੀ) ਨੌਕਰੀ ਕੀਤੀ ਤੇ ਫਿਰ 27 ਸਾਲ ਪੰਜਾਬ ਰੋਡਵੇਜ਼ 'ਚ ਸੇਵਾ ਕਰਕੇ ਰੀਟਾਇਰ ਹੋਇਆ। ਲੋਕਾਂ ਤੋਂ ਸੁਣਿਆ ਉਹ ਦਸਦਾ ਹੈ ਕਿ ਬਹੁਤ ਸਦੀਆਂ ਪਹਿਲਾਂ ਲੇਦੀ ਪਿੰਡ ਇੱਕ ਵੱਡਾ ਵਪਾਰਕ ਨਗਰ ਸੀ ਜਿੱਥੇ ਸੌ ਤੋਂ ਵੱਧ ਤੱਕੜੀ ਵਪਾਰੀ ਆਪਣਾ ਕਾਰੋਬਾਰ ਕਰਦੇ ਸਨ। ਕੁਦਰਤੀ ਉਥਲ-ਪੁਥਲ ਹੋਈ ਤੇ ਉੱਚਾ-ਪਿੰਡ ਸੰਘੋਲ ਵਾਂਗ ਇਹ ਨਗਰ ਮਿੱਟੀ ਥੱਲੇ ਦਬ ਗਿਆ। ਜ਼ਿਮੀਦਾਰ ਤੇ ਡੰਗਰ ਚਾਰਨ ਵਾਲੇ ਦੱਸਦੇ ਹਨ ਕਿ ਥੱਲਿਓਂ ਕਈ ਵਾਰ ਪਿੰਜਰ, ਸਿੱਕੇ ਤੇ ਹੋਰ ਵਸਤਾਂ ਵੀ ਖੇਤਾਂ ਦੀ ਵਾਹੀ ਕਰਦੇ ਸਮੇਂ ਮਿਲਦੀਆਂ ਰਹੀਆਂ ਹਨ। ਮੁੜ ਤਿੰਨ ਸੌ ਸਾਲ ਦੇ ਕਰੀਬ ਇਸ ਥੇਹ ਬਣੀ ਥਾਂ 'ਤੇ ਅੱਠ ਮੁਸਲਮਾਨਾਂ ਦੇ ਲਾਣੇ (ਪਰਿਵਾਰ) ਆ ਵੱਸੇ ਤੇ ਮੁੜ ਨਿਰੋਲ ਮੁਸਲਮਾਨ ਆਬਾਦੀ ਦਾ ਪਿੰਡ ਅਖਵਾਉਣ ਲੱਗਿਆ।

ਇਸ ਪਿੰਡ ਲੇਦੀ 'ਤੇ ਪਹਿਲੀ ਵੱਡੀ ਪਲੇਗ (1898) ਪੈਣ ਕਾਰਨ ਮੌਤਾਂ ਹੋਈਆਂ ਅਤੇ ਅੱਧਾ ਕੁ ਕਿਲੋਮੀਟਰ 'ਤੇ ਮੁੜ ਲੋਕ ਰਹਿਣ ਲੱਗੇ। ਦੂਜੀ ਵੱਡੀ ਪਲੇਗ ਨਾਲ ਵੀ ਬਹੁਤ ਮੌਤਾਂ ਹੋਈਆਂ। ਵੱਡੀ ਕਰੋਪੀ ਤੇ ਦੁਖਾਂਤ 1947 ਦੀ ਵੰਡ ਦਾ ਵਾਪਰਿਆ ਜਦੋਂ ਵੱਢ-ਟੁੱਕ ਦੀ ਹਨੇਰੀ ਵੱਗੀ।

ਪਿੰਡ ਮੌਜਪੁਰ ਦੇ ਲੋਕਾਂ ਨੇ ਮੁਸਲਮਾਨ ਭਰਾਵਾਂ ਨੂੰ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਕੁੱਝ ਇੱਕ ਮਾਰੇ ਵੀ ਗਏ ਪਰੰਤੂ ਬਾਕੀ ਦੇ ਮੁਸਲਮਾਨ ਪਾਕਿਸਤਾਨ ਜ਼ਿਲ੍ਹਾ ਮਿੰਟਗੁਮਰੀ ਤਹਿਸੀਲ ਸਮੁੰਦਰੀ 'ਚ ਪੈਂਦੇ ਪਿੰਡ ਜਾ ਵੱਸੇ। ਦੱਸ ਪੰਦਰਾਂ ਸਾਲ ਉਨ੍ਹਾਂ ਦੇ ਖ਼ਤ-ਪੱਤਰ ਬਾਬਾ ਮੀਂਹਾ ਸਿੰਘ ਅਤੇ ਬਚਨ ਸਿੰਘ (ਲੁਹਾਰ) ਨੂੰ ਆਉਂਦੇ ਰਹੇ। ਉਜੜਨ ਦੇ ਕਰੁਣਾਮਈ ਦ੍ਰਿਸ਼ ਬਾਰੇ ਪੰ.ਰਾਮ ਚੰਦ ਦੱਸਦਾ ਹੈ ਕਿ ਉਸ ਦੀ ਉਮਰ ਉਦੋਂ ਬਾਰਾਂ ਸਾਲ ਸੀ। ਲੇਦੀ ਪਿੰਡ ਦੇ ਸਾਰੇ ਘਰ ਕੱਚੇ ਸਨ। ਵੱਸੋਂ 100 ਦੇ ਕਰੀਬ ਸੀ ਅਤੇ ਪਿੰਡ ਦੀ ਜ਼ਮੀਨ ਦਾ ਰਕਬਾ 150 ਬੀਘੇ ਦੇ ਕਰੀਬ ਦੱਸਿਆ ਜਾਂਦਾ ਹੈ। ਇਸ ਦੇ ਨਾਲ ਮਨੌਲੀ ਵਾਲੇ ਸਰਦਾਰ ਦੀ ਜ਼ਮੀਨ (ਜਗੀਰ) ਸੀ ਜਿਸ 'ਤੇ ਅੰਬਾਂ ਦੇ ਬਾਗ ਹੁੰਦੇ ਸਨ। ਸੰਤਾਲੀ ਦੀ ਵੰਡ ਕਾਰਨ ਇਹ ਪਿੰਡ ਮੁੜ ਢਹਿ-ਢੇਰੀ ਹੋ ਕੇ ਥੇਹ ਬਣ ਗਿਆ ਤੇ ਬੇ ਚਰਾਗ ਮੌਜ਼ਾ ਅਖਵਾਉਣ ਲੱਗਿਆ। ਉਸ ਉਜਾੜੇ ਸਮੇਂ ਮੁਸਲਮਾਨਾਂ ਦੇ ਘਰਾਂ ਦਾ ਸਾਮਾਨ ਵੀ ਸਰਕਾਰੀ ਬੋਲੀ ਦੇ ਭੇਟ ਚੜ੍ਹ ਗਿਆ। ਕਈਆਂ ਨੇ ਅਪਣੱਤ ਦੀ ਸਾਂਝ ਵੱਜੋਂ ਹੁਣ ਤੱਕ ਕੁਝ ਵਸਤਾਂ ਨੂੰ ਸਾਂਭ ਰੱਖਿਆ ਹੈ।

ਰਾਮਚੰਦ ਫੌਜੀ ਕੋਲ ਸੈਨ ਖਾਂ ਦਾ ਸਫਾਜੰਗ ਨਿਸ਼ਾਨੀ ਵਜੋਂ ਰੱਖਿਆ ਹੋਇਆ ਹੈ ਜਿਹੜਾ ਉਹ ਕਿਸੇ ਨੂੰ ਦੇਂਦਾ ਨਹੀਂ। ਲੱਕੜ ਦਾ ਇੱਕ ਸੰਦੂਕ ਤੇ ਸੰਦੂਕੜੀ ਸੀਹਾਂ ਸਿੰਘ ਵਲਦ ਭਗਵਾਨ ਸਿੰਘ ਨੇ ਸਾਂਭ ਰੱਖੀਆਂ ਹਨ। ਇੱਕ ਲੱਕੜ ਦੀ ਚੌਕੀ ਹਰੀ ਸਿੰਘ ਮੌਜਪੁਰੀ ਦੇ ਬਜ਼ੁਰਗਾਂ ਨੇ ਸਾਂਭੀ ਹੋਈ ਹੈ ਜਿਸ ਦੀ ਲੱਕੜ ਚੌਕੀ ਦੀ ਉਮਰ ਲਗਪਗ 100 ਸਾਲ ਪੁਰਾਣੀ ਹੋਣ ਦਾ ਸਬੂਤ ਦੇਂਦੀ ਹੈ।

ਰਾਮਚੰਦ ਫੌਜੀ ਨੇ ਦੱਸਿਆ ਅੱਠ ਘਰ ਸਨ ਜ਼ਿਨ੍ਹਾਂ 'ਚੋ ਚਾਰ ਘਰਾਂ ਕੋਲ ਵਾਹੀਯੋਗ ਜ਼ਮੀਨ ਸੀ। ਸੈਨ ਖਾਂ ਉਰਫ਼ ਸੈਨਾ ਦੇ ਦੋ ਲੜਕੇ ਸਨ, ਵੱਡਾ ਬਿਸਮੈਲ ਤੇ ਛੋਟਾਂ ਸਫ਼ੀ। ਇਨ੍ਹਾਂ ਦੀ 60 ਵੀਘੇ ਜ਼ਮੀਨ ਸੀ। ਮਿਹਰਦੀਨ ਉਰਫ਼ ਮੇਹਰਲੀ ਤੇ ਉਸ ਦਾ ਛੋਟਾ ਭਾਈ ਲਦੀਆ ਸੀ ਜੋ ਮੌਜਪੁਰ ਦੇ ਨਰਾਤਾ ਸਿੰਘ ਨਾਲ ਖੇਤੀ ਦੀ ਸਾਂਝ ਕਰਦਾ ਸੀ। ਨਿਆਜ਼ਾ ਭੇਡਾਂ-ਬਕਰੀਆਂ ਰੱਖਦਾ ਹੁੰਦਾ ਸੀ ਜਿਸ ਦਾ ਕੱਦ ਛੇ ਫੁੱਟ ਚਾਰ ਇੰਚ ਸੀ। ਉਸ ਕੋਲ ਦੋ ਕੁੱਤੇ ਸਨ ਤੇ ਭੋਰੂ ਕੁੱਤਾ ਜੰਗਲੀ ਜਾਨਵਰਾਂ ਦਾ ਮੁਕਾਬਲਾ ਕਰ ਲੈਂਦਾ ਸੀ। ਨਵਾਬ ਅਲੀ ਅੰਗਰੇਜ਼ਾਂ ਦੇ ਜ਼ਮਾਨੇ ਫੌਜ 'ਚੋਂ ਰੀਟਾਇਰ ਸੀ ਜੋ ਦੂਜੀ ਸੰਸਾਰ ਜੰਗ ਵਿੱਚ ਲੜਿਆ ਸੀ ਜੋ ਮੌਜਪੁਰ ਵਾਸੀ ਨਿਰੰਜਣ ਸਿੰਘ ਤੇ ਗੁਰਦੇਵ ਸਿੰਘ ਪੁਤਰਾਨ ਨੰਬਰਦਾਰ ਮਿਹਰ ਸਿੰਘ ਨਾਲ ਹਾਂਗਕਾਂਗ ਦੇ ਘੇਰੇ ਵਿੱਚ ਤਿੰਨ ਸਾਲ ਰਿਹਾ। ਰਹਿਮਤ ਖਾਂ ਕੋਲ ਪੰਜ-ਛੇ ਵੀਘੇ ਜ਼ਮੀਨ ਸੀ ਜਿਹੜਾ ਬਰਸਾਤ ਦੇ ਮੀਹਾਂ ਵਿੱਚ ਪਟਿਆਲਾ ਕੀ ਰਾਓ ਵਿੱਚ ਅਚਾਨਕ ਡੁੱਬ ਕੇ ਮਰ ਗਿਆ ਸੀ। ਉਸਦੇ ਦੋ ਪੁੱਤਰ ਹਮੀਦਾ ਤੇ ਮੀਰਾ ਸਨ। ਮੀਰਾ ਲੰਗੜਾ ਸੀ ਜੋ ਮੌਜਪੁਰ ਦੇ ਜ਼ਿਮੀਦਾਰਾਂ ਦਾ ਚੌਣਾ (ਡੰਗਰ) ਚਾਰਦਾ ਹੁੰਦਾ ਸੀ।

ਜੀਸੂ ਖਾਂ ਫੌਜੀ ਪੈਨਸ਼ਨਰ ਸੀ ਜਿਸ ਕੋਲ 10/15 ਵੀਘੇ ਜ਼ਮੀਨ ਸੀ ਤੇ ਖੇਤੀ ਕਰਦਾ ਸੀ। ਨਾਮਦਾਰ ਫੌਜੀ ਵੀ ਵੱਡੀ ਉਮਰ ਦਾ ਸੀ। ਪਹਿਲੀ ਘਰ ਵਾਲੀ ਮਰਨ ਕਾਰਨ ਉਸ ਨੇ ਦੂਜਾ ਵਿਆਹ ਕਰਵਾਇਆ ਤੇ ਛੇ ਬੇਟੇ ਹੋਏ ਜੋ ਹੱਲਿਆਂ 'ਚ ਮਾਰੇ ਗਏ।

ਇਸ ਪਿੰਡ ਵਿੱਚ ਪਾਣੀ ਦੀ ਬੜੀ ਕਿੱਲਤ ਸੀ। ਨਾਮਦਾਰ ਖਾਂ ਨੇ ਇੱਕ ਵੀਘਾ ਜ਼ਮੀਨ ਖੂਹ ਲਈ ਦਾਨ ਕੀਤੀ। ਮੌਜਪੁਰ ਦੇ ਪ੍ਰਮੁੱਖ ਬੰਦਿਆਂ ਨੇ ਰਲ ਕੇ 1945 ਵਿੱਚ ਲੇਦੀ ਵਾਸੀਆਂ ਲਈ ਖੂਹ ਲਗਵਾਇਆ ਜੋ ਹੁਣ ਵੀ ਵੇਖਣ ਨੂੰ ਮਿਲਦਾ ਹੈ। ਇਸ ਗੱਲ ਤੋਂ ਸਪਸ਼ਟ ਹੁੰਦਾ ਹੈ ਕਿ ਲੇਦੀ ਅਤੇ ਮੌਜਪੁਰ ਦੀ ਗੂੜੀ ਸਾਂਝ ਸੀ। ਇੱਕ ਘਟਨਾ ਇਸ ਗੱਲ ਦੀ ਪੁਸ਼ਟੀ ਵੀ ਕਰਦੀ ਹੈ ਇੱਕ ਛੜਾ ਸੈਨਾ ਹੁੰਦਾ ਸੀ ਜਿਹੜਾ ਮੌਜਪੁਰ ਦੇ ਇੰਦਰ ਸਿੰਘ ਤੇ ਤਾਰਾ ਸਿੰਘ ਦੀ ਕੋਠੜੀ ਵਿੱਚ ਰਹਿੰਦਾ ਹੁੰਦਾ ਸੀ। ਜਦੋਂ ਵੱਢ-ਟੁੱਕ ਕਰਨ ਵਾਲਾ ਟੋਲਾ ਉਸ ਨੂੰ ਲੱਭਣ ਆਇਆ ਤਾਂ ਉਸ ਨੂੰ ਬਚਾਉਣ ਲਈ ਰਾਤੋ-ਰਾਤ ਉਸ ਨੂੰ ਪਿੰਡ ਭਬਾਤ ਉਸ ਦੀ ਭੈਣ ਕੋਲ ਛੱਡ ਕੇ, ਮੌਜਪੁਰ ਦੇ ਲੋਕਾਂ ਨੇ ਪਰ-ਉਪਕਾਰ ਦੀ ਮਿਸਾਲ ਪੈਦਾ ਕੀਤੀ। ਬਾਅਦ 'ਚ ਸੈਨਾ ਨਾਲ ਕੀ ਬੀਤੀ, ਉਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਲੇਦੀ ਪਿੰਡ ਦੀ ਖ਼ਾਮੋਸ਼-ਮਿੱਟੀ ਨਾਲ ਗੱਲਾਂ ਕਰਨ ਲਈ ਮੇਰੇ ਨਾਲ ਹਰੀ ਸਿੰਘ ਮੌਜਪੁਰੀ, ਫੌਜੀ ਰਾਮਚੰਦ, ਗੁਰਸੇਵਕ ਸਿੰਘ ਤੇ ਜਸਵੰਤ ਸਿੰਘ ਨੇ ਉਚੇਚੇ ਤੌਰ 'ਤੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਮਦਦ ਕੀਤੀ। ਪਿੰਡ ਦੇ ਇੱਕ ਟੋਭੇ ਨੂੰ ਲੇਦੀ ਵਾਲਾ ਕਿਹਾ ਜਾਂਦਾ ਹੈ। ਇਸ ਵੇਲੇ ਮਨੌਲੀ ਵਾਲੇ ਸਰਦਾਰ ਵੱਲੋਂ ਦਿੱਤੀ ਜ਼ਮੀਨ ਉੱਤੇ ਪੰਜ ਪੀਰਾਂ ਦੀ ਦਰਗਾਹ ਹੈ ਜਿਸ ਦੀ ਪੂਜਾ-ਅਸਥਾਪਨਾ ਪਰਮਜੀਤ ਸਿੰਘ (ਭਾਗੋ ਮਾਜਰਾ) ਵਲਦ ਦਿਆਲ ਸਿੰਘ ਕਰਦਾ ਹੈ। ਇਸ ਦਰਗਾਹ ਦੀ ਬੜੀ ਮਾਣਤਾ ਹੈ ਤੇ ਜੇਠ ਦੇ ਮਹੀਨੇ ਭਾਰੀ ਮੇਲਾ ਲਗਦਾ ਹੈ। ਲੋਕੀਂ ਘਰੋਂ ਰਾਸ਼ਨ ਬਣਾ ਕੇ ਲਿਆਉਂਦੇ ਤੇ ਲੰਗਰ ਲਾਉਂਦੇ ਹਨ। ਇਸ ਦਰਗਾਹ 'ਤੇ ਉਦੋਂ ਤੋਂ ਹੀ ਚਿਰਾਗ ਜਗ ਰਿਹਾ ਹੈ ਤੇ ਧੂਣਾ ਕਾਇਮ ਹੈ। ਮੈਨੂੰ ਉਹ ਖੂਹ ਵੀ ਵਿਖਾਇਆ ਜਿਸ ਨੂੰ ਮਿੱਟੀ 'ਚ ਦਬੇ ਹੋਏ ਨੂੰ ਬਜ਼ੁਰਗਾਂ ਨੇ ਬਕਰੀਆਂ ਦੀ ਸੁੰਘਣ ਸ਼ਕਤੀ ਤੇ ਕੁਦਰਤੀ ਸੁਭਾਅ ਅਨੁਸਾਰ ਢੂੰਡਿਆ। ਬਜ਼ੁਰਗ ਕਹਿੰਦੇ ਨੇ ਬੱਕਰੀ ਉਸ ਥਾਂ ਉੱਪਰ ਨਹੀਂ ਬੈਠਦੀ ਜਿਸ ਮਿੱਟੀ ਥੱਲੇ ਖੁਆਜਾ (ਖੂਹ) ਹੋਵੇ। ਇਸ ਨੀਤੀ-ਢੰਗ ਨਾਲ ਖੂਹ ਦੀ ਥਾਂ ਨੂੰ ਪੁੱਟ ਕੇ, ਖੂਹ ਲੱਭ ਲਿਆ ਗਿਆ। ਨੰਬਰਦਾਰ ਲੱਛਮਣ ਸਿੰਘ ਨੇ ਪੂਰੀ ਸ਼ਰਧਾ ਨਾਲ ਉਸ ਦੀ ਮੁਰੰਮਤ ਕਰਵਾਈ, ਹਲਟ ਲਾ ਕੇ ਉਹ ਜ਼ਮੀਨ ਦੀ ਸਿੰਜਾਈ ਵੀ ਕਰਦਾ ਰਿਹਾ। ਹੁਣ ਇਹ ਜ਼ਮੀਨ ਕੰਪਨੀ ਨੇ ਖਰੀਦ ਲਿੱਤੀ ਹੈ। ਖੂਹ ਦੀ ਮੌਣ ਢੱਠ ਗਈ, ਪਿੱਪਲ ਤੇ ਬੋਹੜ ਉੱਗ ਆਏ ਤੇ ਪਾਣੀ ਸੁੱਕ ਗਿਆ। ਮਿੱਟੀ ਥੱਲੇ ਦਬਿਆ ਸੈਨ ਖਾਂ ਦਾ ਖੂਹ ਵੀ ਹੈ। ਉਹ ਪੁਰਾਣੀ ਨਿੰਮ ਵੀ ਅਜੇ ਖੜੀ ਹੈ ਜਿੱਥੇ ਖੁਰਲੀਆਂ 'ਤੇ ਪਸ਼ੂ ਬੰਨ੍ਹੇ ਜਾਂਦੇ ਸਨ। ਰੌਣਕਾਂ ਲਗਦੀਆਂ ਸਨ ਤੇ ਲੋਕੀਂ ਬੈਠ ਕੇ ਹੁੱਕਾ ਪੀਂਦੇ ਹੁੰਦੇ ਸਨ। ਲਖਨੌਰ ਵਾਲਾ ਗੰਦਾ ਨਾਲਾ ਇਸ ਪਿੰਡ ਦੀ ਜ਼ਮੀਨ ਵਿੱਚੋਂ ਦੀ

ਲੰਘਦਾ ਹੈ ਜੋ ਕਦੇ ਸਾਫ਼-ਸੁਥਰਾ ਹੁੰਦਾ ਸੀ ਤੇ ਲੋਕੀਂ ਪਾਣੀ ਦਾ ਪੂਰਾ ਲਾਭ ਉਠਾਂਦੇ ਸਨ। ਇਸ ਪਿੰਡ ਦੀ ਦੱਖਣ-ਪੱਛਮ ਵਾਲੀ ਜ਼ਮੀਨ ਦੇ ਨੇੜਿਓਂ ਹੁਣ ਚੰਡੀਗੜ੍ਹ-ਲੁਧਿਆਣਾ ਰੇਲਵੇ-ਲਾਈਨ ਲੰਘਦੀ ਹੈ ਤੇ ਆਲੇ-ਦੁਆਲੇ ਨਵੀਂ-ਦੁਨੀਆਂ ਵਸ ਰਹੀ ਹੈ। ਕਦੇ ਇਸ ਜ਼ਮੀਨ ਤੇ ਮਾਰੂ-ਖੇਤੀ ਆਸਰੇ ਕਣਕ, ਛੋਲੇ, ਧਾਨ, ਮੱਕੀ, ਬਾਜਰਾ, ਮਾਂਹ, ਜੌਂ, ਤਾਰਾਮੀਰਾ ਤੇ ਸਰੋਂ ਦੀਆਂ ਫ਼ਸਲਾਂ ਹੁੰਦੀਆਂ ਸਨ। ਲੇਦੀ ਪਿੰਡ ਨਾਲ ਸਾਂਝ ਰੱਖਦੇ ਪਿੰਡਾਂ ਵਾਲਿਆਂ ਦੀ ਇਹ ਇੱਛਾ ਹੈ ਕਿ ਇਸ ਪਿੰਡ ਦੇ ਨਾਂ 'ਤੇ ਕੋਈ ਨਿਸ਼ਾਨੀ ਯਾਦ ਵੱਜੋਂ ਕਾਇਮ ਕੀਤੀ ਜਾਵੇ ਤਾਂ ਜੋ ਇਤਿਹਾਸ ਬੋਲਦਾ ਰਹਿ ਸਕੇ। ਮੈਂ ਆਪਣੇ ਕੈਮਰੇ ਵਿੱਚ ਲੇਦੀ ਦੀਆਂ ਨਿਸ਼ਾਨੀਆਂ ਨੂੰ ਕਲਿੱਕ ਕਰਦਾ ਬੜਾ ਕੁਝ ਸੋਚਦਾ ਰਿਹਾ। ਆਥਣ ਦਾ ਸੂਰਜ ਡੁੱਬ ਰਿਹਾ ਸੀ। ਲੇਦੀ ਦੇ ਆਲੇ-ਦੁਆਲੇ ਦੀਆਂ ਇਮਾਰਤਾਂ 'ਚ ਰੌਸ਼ਨੀ-ਜਗਮਗਾਉਣ ਲੱਗੀ। ਕਾਰਾਂ, ਮੋਟਰ ਸਾਈਕਲ ਤੇ ਗੱਡੀਆਂ ਦੀਆਂ ਅਵਾਜ਼ਾਂ ਸੁਣ ਕੇ ਮੈਨੂੰ ਸ਼ਾਇਰ ਪ੍ਰਮਿੰਦਰਜੀਤ ਦੀ ਅੰਤਿਮ ਦਿਨਾਂ ਤੋਂ ਪਹਿਲਾਂ ਲਿਖੀ ਲੰਮੀ ਕਵਿਤਾ 'ਥੇਹ' ਦੀਆਂ ਕੁਝ ਸਤਰਾਂ ਯਾਦ ਆਈਆਂ:

"ਘੁੱਗ ਵਸਦੇ ਪਿੰਡ ਦੀ
ਆਪਣੀ ਤਾਸੀਰ ਤੇ ਨੁਹਾਰ ਹੁੰਦੀ ਹੈ,
ਥੇਹ ਵੀ ਕਦੇ ਥੇਹ ਨਹੀਂ ਸੀ
ਜਾਗਦੀ ਮਿੱਟੀ ਦਾ ਹੁੰਗਾਰਾ ਸੀ
ਵਸਦੇ ਰਸਦੇ ਕੱਚੇ ਘਰਾਂ ਦੀ ਰੁਣਝੁਣ ਸੀ।
-----------------------
-----------------------

ਚਾਟੀਆਂ, ਮਧਾਣੀਆਂ 'ਚ ਰੁਮਕਦਾ ਸੰਗੀਤ ਹੋਵੇਗਾ,
ਲੋਰੀਆਂ, ਘੋੜੀਆਂ ਸੁਹਾਗ ਗਾਏ ਹੋਣਗੇ।
-----------------------
-----------------------

ਏਥੇ ਵੀ ਚੇਤਰ ਬਣ ਕੇ ਖਿੜੀਆਂ ਹੋਣਗੀਆਂ ਰੁੱਤਾਂ
ਕਿਸੇ ਦਾ ਪੇਕਾ ਤੇ ਕਿਸੇ ਦਾ ਸਹੁਰਾ ਘਰ ਰਿਹਾ ਹੋਵੇਗਾ ਏਥੇ,

ਕਈ ਬਚਪਨ ਹੋਏ ਹੋਣਗੇ ਗੱਭਰੂ
ਗਿਸ਼ਤਿਆਂ ਦਾ ਇੱਕ ਪਿੰਡ ਵਸਦਾ ਹੋਵੇਗਾ ਇੱਥੇ।
ਇੱਕ ਥੇਹ ਨੇ ਕਥਾ ਸੁਣਾਈ ਏ
ਉਹੋ ਕਥਾ ਹੀ ਮੈਂ ਦਹੁਰਾਈ ਏ।"

ਪਰ ਇਹ ਸਭ ਕੁਝ ਤਾਂ ਬੀਤ ਗਿਆ ਏ
ਥੇਹ ਦੀ ਮਿੱਟੀ 'ਚੋਂ ਹੁਣ ਕਿਸੇ ਕੀ ਫੋਲਣਾ।

ਬੰਜਰ ਧਰਤੀ 'ਤੇ ਉੱਗੀਆਂ ਖਜੂਰਾਂ ਮੈਨੂੰ ਇਉਂ ਲੱਗੀਆਂ ਜਿਵੇਂ ਵਿਛੜੀਆਂ ਰੂਹਾਂ ਦਾ ਵਿਰਲਾਪ ਕਰਦੀਆਂ ਹੋਣ। ਮੈਂ ਮੌਜਪੁਰ ਸਾਥੀਆਂ ਦਾ ਧੰਨਵਾਦ ਕਰਦਾ, ਲੇਦੀ ਪਿੰਡ ਦੀ ਸੁੱਤੀ ਜੂਹ 'ਚੋਂ ਅਲਵਿਦਾ ਲਿੱਤੀ।

# 67 ਪਿੰਡ ਘੜੂੰਆਂ ਦਾ ਅਤੀਤ ਅਤੇ ਵਰਤਮਾਨ

*ਕੁਲਦੀਪ ਸਿੰਘ ਗਰੇਵਾਲ*
*ਮੋਬਾ: 7696124496*

ਪਿੰਡ ਘੜੂੰਆਂ ਜ਼ਿਲ੍ਹਾ ਸਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੁਆਧ ਦਾ ਇਕ ਮਸ਼ਹੂਰ ਪਿੰਡ ਹੈ। ਇਹ ਚੰਡੀਗੜ੍ਹ-ਲੁਧਿਆਣਾ ਸੜਕ ਉਪਰ ਚੰਡੀਗੜ੍ਹ ਤੇ ਤਕਰੀਬਨ 25 ਕਿਲੋਮੀਟਰ ਉਪਰ ਵਸਿਆ ਹੋਇਆ ਹੈ। ਪਹਿਲਾਂ ਇਹ ਪਿੰਡ ਰਿਆਸਤ ਪਟਿਆਲਾ, ਫਿਰ ਜ਼ਿਲ੍ਹਾ ਰੋਪੜ ਅਤੇ ਹੁਣ ਜ਼ਿਲ੍ਹਾ ਮੋਹਾਲੀ ਵਿੱਚ ਹੈ।

ਪਿੰਡ ਦਾ ਪਿਛੋਕੜ ਦੁਆਪਰ ਯੁੱਗ ਨਾਲ ਜੋੜਿਆ ਜਾਂਦਾ ਹੈ। ਇਤਿਹਾਸ ਅਨੁਸਾਰ ਲਾਖ ਦੇ ਮਹਿਲ ਵਿੱਚ ਨਿਕਲਣ ਤੋਂ ਬਾਅਦ ਪਾਂਡਵ ਘੁੰਮਦੇ-ਘੁੰਮਦੇ ਇਸ ਇਲਾਕੇ ਵਿੱਚ ਆ ਗਏ। ਇੱਥੇ ਭੀਮ ਦਾ ਮੁਕਾਬਲਾ ਹਿੜੰਬਾ ਨਾਮ ਦੇ ਰਾਖਸ਼ਸ਼ ਨਾਲ ਹੋਇਆ। ਹਿੜੰਬਾ ਦੇ ਮਰਨ ਉਪਰੰਤ ਉਸ ਦੀ ਭੈਣ ਜਿਸ ਦਾ ਨਾਮ ਭੀ ਹਿੜੰਬਾ ਹੀ ਸੀ ਭੀਮ ਨਾਲ ਸ਼ਾਦੀ ਕਰਨ ਲਈ ਜ਼ੋਰ ਪਾਉਣ ਲੱਗੀ ਅਤੇ ਰਾਖਸ਼ਸ਼ ਬੁੱਧੀ ਦਾ ਤਿਆਗ ਕਰਨ ਦਾ ਬਚਨ ਦਿੱਤਾ। ਇਸ ਤੋਂ ਬਾਅਦ ਭੀਮ ਨੇ ਆਪਣੇ ਭਰਾਵਾਂ ਤੇ ਮਾਤਾ ਕੁੰਤੀ ਦੇ ਅਸ਼ੀਰਵਾਦ ਨਾਲ ਹਿੜੰਬਾ ਨਾਲ ਇਕ ਦਿਨ ਲਈ ਸ਼ਾਦੀ ਕੀਤੀ ਜਿਸ ਤੋਂ ਇਕ ਪੁੱਤਰ ਘੱਟਟ-ਕੱਛ ਜਿਸ ਦਾ ਦੂਜਾ ਨਾਮ ਘੜੀ ਦਾ ਘੜੁਕਾ ਵੀ ਸੀ ਪੈਦਾ ਹੋਇਆ। ਇਸ ਦੇ ਨਾਮ ਉਪਰ ਹੀ ਪਿੰਡ ਦਾ ਨਾਮ ਘੜੂੰਆਂ ਰੱਖਿਆ ਗਿਆ।

ਕਿਹਾ ਜਾਂਦਾ ਹੈ ਕਿ ਅਭਮਨਯੂ ਦੀ ਦੂਸਰੀ ਸ਼ਾਦੀ ਜੋ ਖਰੜ ਦੇ ਰਾਜਾ ਖਰਦਮਨ ਦੀ ਪੁੱਤਰੀ ਨਾਲ ਹੋਈ, ਦੀਆਂ ਰਸਮਾਂ ਵੀ ਇਸੇ ਅਸਥਾਨ ਉਪਰ ਕੀਤੀਆਂ ਗਈਆਂ। ਜਿਸ ਵਿੱਚ ਸ੍ਰੀ ਕ੍ਰਿਸ਼ਨ ਜੀ ਸਮੇਤ ਬਹੁਤ ਸਾਰੇ ਰਾਜੇ ਮਹਾਰਾਜੇ ਅਤੇ ਰਿਸ਼ੀ ਮੁਨੀ ਸ਼ਾਮਲ ਹੋਏ। ਘਟੋਤ ਕੱਛ ਨਾਲ ਮਿਲਾਪ ਹੋਇਆ। ਸ਼੍ਰੀ ਕ੍ਰਿਸ਼ਨ ਜੀ ਨੇ ਮੰਦਰ ਸ੍ਰੀ ਮਹਾਂਦੇਵ ਜੀ ਭੋਲੇਨਾਥ (ਝਾੜਖੰਡੀ) ਵਿਖੇ "ਸ਼ਿਵ ਲਿੰਗ" ਦੀ ਸਥਾਪਨਾ ਕੀਤੀ। ਪਾਣੀ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਭੀਮ ਨੇ "ਪਾਂਡਵ ਝੀਲ" ਜੋ ਕਿ ਲਗਭਗ 13 ਏਕੜ ਵਿੱਚ ਫੈਲੀ ਹੈ ਦੀ ਖੁਦਾਈ ਕੀਤੀ ਅਤੇ ਇਸ ਨਦੀ ਦੇ ਪਾਣੀ ਨੂੰ ਮੋੜ ਕੇ ਇਸ ਵਿੱਚ ਪਾਇਆ। ਮੰਦਰ ਸ੍ਰੀ ਮਹਾਂਦੇਵ ਜੀ (ਝਾੜਖੰਡੀ) ਵਿੱਚ ਬਹੁਤ ਕਰਾਮਾਤ ਹੈ। ਜੇ ਪਿੰਡ ਵਿੱਚ ਬਾਰਸ਼ ਨਾ ਹੋਵੇ ਤਾਂ ਇਸ ਅਸਥਾਨ ਉਪਰ ਜਲ-ਅਭੀਸ਼ੇਕ ਕਰਨ ਨਾਲ ਲਾਜ਼ਮੀ ਮੀਂਹ ਪੈ ਜਾਂਦਾ ਹੈ। ਮੁਗਲ ਬਾਦਸ਼ਾਹ ਬਾਬਰ ਨੇ ਵੀ ਆਪਣੀ ਆਤਮ ਕਥਾ ਵਿੱਚ ਇਸ ਝੀਲ ਦਾ ਜ਼ਿਕਰ ਕੀਤਾ ਹੈ।

ਸਮੇਂ ਸਮੇਂ ਅਨੁਸਾਰ ਇਸ ਝੀਲ (ਤਲਾਬ) ਦੇ ਚਾਰੇ ਕਿਨਾਰਿਆਂ ਉਪਰ ਚਾਰ ਮੰਦਰ ਉਤਰ ਵੱਲ ਝਾੜਖੰਡੀ ਮੰਦਰ, ਪੂਰਬ ਵੱਲ ਸੂਰਜ ਦੇਵਤਾ ਦਾ ਮੰਦਰ, ਦੱਖਣ ਵੱਲ

ਸ਼ਿਵ ਜੀ ਦਾ ਮੰਦਰ, ਪੱਛਮ ਵੱਲ ਸ੍ਰੀ ਸਨਾਤਨ ਧਰਮ ਮੰਦਰ (ਬਸੰਤੀ ਦੇਵੀ ਦਾ ਮੰਦਰ) ਉਸਾਰੇ ਗਏ। ਇਹਨਾਂ ਵਿਚੋਂ ਦੋ ਮੰਦਰ ਸਮੇਂ ਨਾਲ ਢਹਿ ਢੇਰੀ ਹੋ ਗਏ ਸਨ। ਇਹਨਾਂ ਦੀਆਂ ਨੀਹਾਂ ਉਪਰ ਹੀ ਪਟਵਾਰੀ ਬਲਦੇਵ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਪੁੱਤਰ ਅਮਰ ਸਿੰਘ (ਜ਼ੈਲਦਾਰ) ਨੇ ਉਪਰਾਲਾ ਕਰਕੇ ਦੁਬਾਰਾ ਉਸਾਰੀ ਕਰਵਾਈ ਅਤੇ ਹੋਰ ਮੰਦਰਾਂ ਦੀ ਸੇਵਾ ਵੀ ਕਰਾਈ।

ਇਹਨਾਂ ਮੰਦਰਾਂ ਤੋਂ ਇਲਾਵਾ ਕਈ ਹੋਰ ਮੰਦਰ ਜਿਵੇਂ ਸੂਵਾਂ ਦਾ ਮੰਦਰ, ਬਹਿ ਰੂਪਣੀ ਦਾ ਮੰਦਰ ਅਤੇ ਖੂਹ, ਬੀਬੀ ਦਾ ਮੰਦਰ, ਖੂਹ ਅਤੇ ਸਰਾਂ, ਸ੍ਰੀ ਭੈਰਵਨਾਥ ਦੇ ਦੋ ਮੰਦਰ, ਸ੍ਰੀ ਗੋਰਖ ਨਾਥ ਜੀ ਦਾ ਮੰਦਰ (ਗੁਗਾ-ਮਾੜੀ) ਆਦਿ ਹੋਰ ਮੰਦਰ ਭੀ ਬਣਦੇ ਗਏ। ਇੰਞ ਇਹ ਅਸਥਾਨ ਹਿੰਦੂ ਧਰਮ ਦਾ ਬਹੁਤ ਵੱਡਾ ਕੇਂਦਰ ਬਣ ਗਿਆ। ਪਰ ਪਤਾ ਨਹੀਂ ਕਿਉਂ ਬਾਰਵੀਂ ਸਦੀ ਵਿੱਚ ਪਿੰਡ ਉਜੜ ਗਿਆ ਅਤੇ ਇੱਥੇ ਸਿਰਫ ਗੋਸਾਂਈ ਸਾਧ ਹੀ ਰਹਿ ਗਏ।

ਪਿੰਡ ਦਾ ਮੌਜੂਦਾ ਇਤਿਹਾਸ ਚੌਦਵੀਂ ਸਦੀ ਵਿੱਚ ਸ਼ੁਰੂ ਹੁੰਦਾ ਹੈ। ਉਸ ਵਕਤ ਬਾਬਾ ਜੋਧ, ਪਿੰਡ ਨਮੋਲਾ ਜ਼ਿਲ੍ਹਾ ਸੰਗਰੂਰ ਤੇ ਪਰਿਵਾਰ ਅਤੇ ਹੋਰ ਬਹੁਤ ਸਾਰੇ ਸੰਗੀਆਂ ਸਾਥੀਆਂ ਨੂੰ ਨਾਲ ਲੈ ਕੇ ਇਸ ਇਲਾਕੇ ਵਿੱਚ ਆਇਆ ਅਤੇ ਇੱਥੇ ਬਹੁਤ ਸਾਰੀਆਂ ਸਹੂਲਤਾਂ ਦੇਖ ਕੇ ਇੱਥੇ ਹੀ ਵਸ ਗਿਆ। ਬਾਬਾ ਜੋਧ ਧਨੋਆ ਗੋਤ ਦਾ ਜੱਟ ਸੀ। ਜਿਵੇਂ ਕਿ ਪੁਰਾਤਨ ਰਿਵਾਜ ਸੀ ਬਾਬਾ ਜੋਧ ਪੂਰਬ ਵੱਲ, ਉਸ ਦੇ ਨਾਲ ਆਏ ਪਰਿਵਾਰ ਪੱਛਮ ਵੱਲ ਅਤੇ ਛੋਟੀਆਂ ਜਾਂਤੀਆਂ ਦੇ ਹਰੀਜਨ ਦੱਖਣ ਵੱਲ ਵਸ ਗਏ। ਦਿਨਾਂ ਵਿੱਚ ਹੀ ਪਿੰਡ ਦੀ ਰੌਣਕ ਵਧਣ ਲੱਗੀ। ਹੋਰ ਜਾਤਾਂ ਜਿਵੇਂ ਬ੍ਰਾਹਮਣ, ਖੱਤਰੀ, ਸੁਨਿਆਰ, ਤਰਖਾਣ, ਲੁਹਾਰ, ਘੁਮਾਰ, ਨੂਨਗਰ, ਬਾਜੀਗਰ, ਆਦਿ ਦੂਰੋਂ-ਦੂਰੋਂ ਆ ਕੇ ਪਿੰਡ ਵਿੱਚ ਵਸ ਗਏ। ਇਸ ਤਰ੍ਹਾਂ ਮੁੜ ਇਹ ਪਿੰਡ ਹਿੰਦੂ ਧਰਮ ਦਾ ਬਹੁਤ ਵੱਡਾ ਕੇਂਦਰ ਬਣ ਗਿਆ। ਲੁਹਾਰਾਂ, ਤਖਾਣਾਂ, ਸੁਨਿਆਰਾਂ ਅਤੇ ਘੁਮਾਰਾਂ ਦਾ ਤਿਆਰ ਕੀਤਾ ਸਾਮਾਨ ਦੂਰ-ਦੂਰ ਤੀਕ ਵਿਕਣ ਲੱਗਾ।

ਸ੍ਰੀ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਸਿਰਫ ਧਰਮ ਦੇ ਪ੍ਰਚਾਰ ਲਈ ਸਥਾਪਤ ਕੀਤੀਆਂ। ਜਿਹਨਾਂ ਵਿਚੋਂ ਇਕ ਮੰਜੀ ਬਾਬਾ ਰੰਗ ਦਾਸ ਜੀ ਭੰਡਾਰੀ ਬਟਾਲੇ ਵਾਲਿਆਂ ਨੂੰ ਬਖਸ਼ਸ਼ ਕੀਤੀ। ਪਿੰਡ ਦੀ ਮਸ਼ਹੂਰੀ ਨੂੰ ਧਿਆਨ ਵਿੱਚ ਰੱਖਦੇ ਹੋਏ "ਬਾਬਾ ਰੰਗ ਦਾਸੀ ਜੀ ਭੰਡਾਰੀ" ਇਸ ਪਿੰਡ ਵਿੱਚ ਆ ਕੇ ਵਸ ਗਏ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨ ਲੱਗੇ। ਉਹਨਾਂ ਦੇ ਬਾਅਦ ਬਾਬਾ ਜੋ ਮਿਨੀ ਭਾਨ ਜੀ ਅਤੇ ਫਿਰ ਅਮਰ ਸ਼ਹੀਦ ਬਾਬਾ ਨੰਦ ਲਾਲ ਜੀ ਮੰਜੀ ਉਪਰ ਬਿਰਾਜਮਾਨ ਹੋਏ। ਆਪ ਬਹੁਤ ਭਜਨੀਕ ਸਨ। ਆਪ ਜੀ ਨੇ ਚਾਰ ਗੁਰੂ ਸਾਹਿਬਾਨ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿ ਕ੍ਰਿਸਨ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਕੀਤੇ।

ਸ੍ਰੀ ਗੁਰੂ ਹਰਿ ਰਾਏ ਸਾਹਿਬ 1658 ਵਿੱਚ ਇਹਨਾਂ ਪਾਸ ਕਈ ਦਿਨ ਠਹਿਰੇ। ਇਸ ਅਸਥਾਨ ਉਪਰ ਗੁਰਦਵਾਰਾ ਸ੍ਰੀ ਦੇਗ ਸਾਹਿਬ ਬਣਿਆ ਹੈ। ਫਿਰ ਬਾਬਾ ਰਾਮ ਮਲਿ ਜੀ ਦਿੱਲੀ ਜਾਂਦੇ ਹੋਏ ਇਹਨਾਂ ਕੋਲ ਮਾਰਚ-ਅ੍ਰਪੈਲ 1661 ਨੂੰ ਠਹਿਰੇ। ਆਪ ਜੀ ਦੀ ਪ੍ਰਸਿੱਧੀ ਨੂੰ ਨਾ ਬਰਦਾਸ਼ਤ ਕਰਦੇ ਹੋਏ ਔਰੰਗਜ਼ੇਬ ਬਾਦਸ਼ਾਹ ਦੇ ਹੁਕਮ ਨਾਲ 1663 ਵਿੱਚ ਮੁਰਿੰਡਾ ਦੇ ਹਾਕਮ ਨੇ ਆਪ ਜੀ ਉਪਰ ਹਮਲਾ ਕਰ ਦਿੱਤਾ। ਆਪ ਸਮੇਂ ਦੀ ਨਜ਼ਾਕਤ ਨੂੰ ਦੇਖ ਕੇ ਪਿੰਡ ਬੱਤਾ ਚਲੇ ਗਏ ਅਤੇ ਇਥੋਂ ਭੇਦਭਰੀ ਹਾਲਤ ਵਿੱਚ ਅਲੋਪ ਹੋ ਗਏ ਜਾਂ ਸਹੀਦ ਹੋ ਗਏ। ਆਪ ਜੀ ਦੀ ਯਾਦ ਵਿੱਚ ਬਹੁਤ ਸੁੰਦਰ ਗੁਰਦਵਾਰਾ ਸਾਹਿਬ ਬਣਿਆ ਹੈ ਜਿਸ ਦੀ ਸੇਵਾ-ਸੰਭਾਲ ਸ. ਰੁਲਦਾ ਸਿੰਘ ਕਰ ਰਹੇ ਹਨ। ਬੱਤਾ ਪਿੰਡ ਵੀ ਆਪ ਦੀ ਯਾਦਗਾਰ ਬਣੀ ਹੋਈ ਹੈ ਅਤੇ ਹੋਲੇ-ਮਹੱਲੇ ਨੂੰ ਬਹੁਤ ਭਾਰੀ ਮੇਲਾ ਲੱਗਦਾ ਹੈ।

ਇਹਨਾਂ ਦਿਨਾਂ ਵਿੱਚ ਹੀ ਭਾਈ ਸੇਵਾ ਦਾਸ ਜੋ ਕਿ ਸ੍ਰੀ ਹਰਗੋਬਿੰਦ ਸਾਹਿਬ ਵੱਲੋਂ ਵਰੋਸਾਏ ਬਾਬਾ ਹਸਤ ਲਾਲ ਜੀ ਦੇ ਚੇਲੇ ਸਨ, ਇਸ ਪਿੰਡ ਵਿੱਚ ਆ ਕੇ ਵਸ ਗਏ। ਭਾਈ ਸੇਵਾ ਦਾਸ ਜੀ ਦਾ ਅਸਥਾਨ ਵੀ ਪਿੰਡ ਵਿੱਚ ਬਣਿਆ ਹੈ ਅਤੇ ਇਹਨਾਂ ਦੀਆਂ ਕਈ ਕਰਾਮਾਤਾਂ ਮਸ਼ਹੂਰ ਹਨ।

ਦੱਸਿਆ ਜਾਂਦਾ ਹੈ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫਰਵਰੀ 1671 ਵਿੱਚ ਇਸ ਪਿੰਡ ਵਿੱਚ ਆਏ। ਜਿੱਥੇ ਹੁਣ ਗੁਰਦਵਾਰਾ ਸ੍ਰੀ ਅਕਾਲਗੜ੍ਹ ਸਾਹਿਬ ਬਣਿਆ ਹੈ, ਦੇ ਅਸਥਾਨ ਉਪਰ ਇਕ ਛੱਪੜੀ ਕੰਢੇ 7 ਦਿਨ ਠਹਿਰੇ ਅਤੇ ਧਰਮ ਦਾ ਪ੍ਰਚਾਰ ਕਰਦੇ ਰਹੇ ਆਪ ਜੀ ਨੇ ਛੱਪੜੀ ਅਤੇ ਆਪਣੇ ਸਰਧਾਲੂਆਂ ਨੂੰ ਬਹੁਤ ਸਾਰੀਆਂ ਬਖਸ਼ਿਸ਼ਾਂ ਕੀਤੀਆਂ ਅਤੇ ਅਸਥਾਨ ਬਣਾਉਣ ਅਤੇ ਲੰਗਰ ਚਲਾਉਣ ਦਾ ਹੁਕਮ ਕੀਤਾ। ਨਵੀਂ ਬਿਲਡਿੰਗ ਪੰਥ ਰਤਨ ਜਥੇਦਾਰ ਬਾਬਾ ਹਰਬੰਸ ਸਿੰਘ ਦੀ ਦੇਖ-ਰੇਖ ਹੇਠ ਬਣਾਈ ਗਈ ਹੈ। 24 ਘੰਟੇ ਲੰਗਰ ਚੱਲਦਾ ਹੈ ਅਤੇ ਅਖੰਡ ਪਾਠਾਂ ਦੀ ਲੜੀ ਚਲ ਰਹੀ ਹੈ। ਇਸ ਅਸਥਾਨ ਦੀ ਸੇ ਵਾ ਬਾਬਾ ਦੀਪ ਸਿੰਘ ਜੀ ਰੋਲੂ ਮਾਜਰੇ ਵਾਲੇ ਸੰਗਤਾਂ ਦੇ ਸਹਿਯੋਗ ਨਾਲ ਕਰ ਰਹੇ ਹਨ।

ਪਿੰਡ ਵਿੱਚ ਤਖਾਣਾਂ-ਲੁਹਾਰਾਂ ਕੰਮ ਪੀੜ੍ਹੀਆਂ ਤੋ ਪੁਰਾਤਨ ਤਰੀਕੇ ਨਾਲ ਹੀ ਚਲਿਆ ਆ ਰਿਹਾ ਹੈ। ਤਰਖਾਣਾਂ ਦੀਆਂ ਬਣਾਈਆਂ ਗੱਡੇ ਦੀਆਂ ਜੋੜੀਆਂ (ਪਹੀਏ) ਪਾਕਿਸਤਾਨ ਦੇ ਇਲਾਕੇ ਬਾਰ ਤੀਕ ਵਿਕਣ ਜਾਂਦੇ ਸਨ। ਸਰਬ ਲੋਹ (ਲੋਹੇ) ਦੇ ਬਾਟੇ, ਤਵੀਆਂ, ਕੜਾਹੇ, ਗੜਵੇ ਆਦਿ ਹੁਣ ਵੀ ਪਿੰਡ ਵਿੱਚ ਰਵਾਇਤੀ ਤਰੀਕੇ ਨਾਲ ਬਣਦੇ ਹਨ ਅਤੇ ਹਜ਼ੂਰ ਸਾਹਿਬ ਸਮੇਤ ਬਹੁਤ ਸਾਰੇ ਗੁਰਦਵਾਰਿਆਂ ਅਤੇ ਨਿਹੰਗ ਜੱਥੇ ਬੰਦੀਆਂ ਵਿੱਚ ਜਾਂਦੇ ਹਨ। ਕਿਹਾ ਜਾਂਦਾ ਹੈ ਜਿਸ "ਖੰਡੇ ਬਾਟੇ" ਨਾਲ ਅੰਮ੍ਰਿਤ ਤਿਆਰ ਕਰਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਉਹ ਵੀ ਇੱਥੇ ਹੀ ਬਣ ਕੇ ਗਿਆ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੁਹਾਰਾਂ ਨੂੰ ਵਰਦਾਨ ਵੀ ਦਿੱਤਾ ਸੀ।

ਨਾਮਵਰ ਹਸਤੀਆਂ ਵਿੱਚ ਬਾਬਾ ਰਣ ਸਿੰਘ, ਬਾਬਾ ਦਲ ਸਿੰਘ ਜੋ ਮਠਾੜੂ ਗੋਤ ਦੇ ਮਿਸਤਰੀ ਸਿੰਘ ਸਨ ਅਤੇ ਆਮ ਤੌਰ ਉਪਰ ਹਥਿਆਰਾਂ ਦੀ ਸੇਵਾ ਕਰਦੇ ਸਨ, ਸ਼ਾਮਲ ਹਨ। ਆਪ ਜੀ ਨੇ 1764 ਵਿੱਚ ਮੋਰਿੰਡਾ ਦੇ ਜ਼ਾਲਮ ਥਾਣੇਦਾਰ ਜਾਨੀ ਖਾਂ ਮਾਨੀ ਖਾਂ ਦੇ ਪਰਿਵਾਰ ਨੂੰ ਸੋਧਣ ਵਿੱਚ ਅਹਿਮ ਭੂਮਿਕਾ ਨਿਭਾਈ। ਬਾਬਾ ਰਣ ਸਿੰਘ, ਬਾਬਾ ਦਲ ਸਿੰਘ, ਬਾਬਾ ਦਯਾ ਸਿੰਘ, ਬਾਬਾ ਕਰੋੜਾ ਸਿੰਘ ਆਦਿ ਬਹੁਤ ਸਾਰੇ ਸਿੰਘ ਚੱਪੜਚਿੜੀ ਦੀ ਜੰਗ ਵਿੱਚ ਭੀ ਸ਼ਾਮਲ ਹੋਏ। ਬਾਬਾ ਉਮਰ ਸ਼ਾਹ ਨੇ ਇਕੱਲੇ ਨੇ ਹੀ ਜਾ ਕੇ ਮੋਰਿੰਡਾ ਦੇ ਮੁਗਲ ਚੌਧਰੀ ਦਾ ਸਿਰ ਵੱਢ ਲਿਆਂਦਾ ਅਤੇ ਇਸ ਪਿੰਡ ਨੂੰ ਹਮੇਸ਼ਾਂ ਲਈ ਮੁਗਲਾਂ ਤੋਂ ਆਜ਼ਾਦ ਕਰਵਾ ਦਿੱਤਾ।

ਬਾਬਾ ਗੁਰੀਆਂ ਜੀ ਘੜੂੰਆਂ ਸਮੇਤ ਆਸ ਪਾਸ ਦੇ 6-7 ਪਿੰਡਾਂ ਦੇ ਆਜ਼ਾਦ ਚੌਧਰੀ ਰਹੇ। ਕੈਪਟਨ ਸੰਤ ਸਿੰਘ ਨੇ ਡਾਕਟਰ ਬਖਤਾਵਰ ਸਿੰਘ ਨਾਲ ਮਿਲਕੇ ਪਿੰਡ ਵਿੱਚ ਨਾਲੀਆਂ ਬਨਾਉਣ, ਸਕੂਲ ਦੀ ਵਧੀਆ ਇਮਾਰਤ ਬਨਾਉਣ ਵਾਸਤੇ ਬਹੁਤ ਸਾਰੇ ਕੰਮ ਕੀਤੇ। ਸ. ਆਤਮਾ ਸਿੰਘ ਨੇ ਮਲਾਇਆ ਵਿਚੋਂ ਬਹੁਤ ਸਾਰਾ ਰੁਪਿਆ ਇਕੱਠਾ ਕਰਕੇ ਪਿੰਡ ਦੀ ਭਲਾਈ ਲਈ ਭੇਜਿਆ ਅਤੇ ਇਸ ਸਦਕਾ ਬਹੁਤ ਸਾਰੇ ਕੰਮ ਹੋਏ। ਸ. ਗੁਰਦਿਆਲ ਸਿੰਘ ਲੈਹਰਾ ਪੈਪਸੂ ਵਿੱਚ ਐਮ.ਐਲ.ਏ. ਰਹੇ। ਸ. ਜਗਤ ਸਿੰਘ 1980-1983 ਵਿੱਚ ਹਲਕਾ ਖਰੜ ਦੇ ਐਮ.ਐਲ.ਏ. ਰਹੇ। ਸ. ਸੁਰੈਣ ਸਿੰਘ ਧਨੋਆ ਜੋ ਕਿ ਕੈਪਟਨ ਸੰਤ ਸਿੰਘ ਜੀ ਦੇ ਪੁੱਤਰ ਸਨ, ਅੱਤਵਾਦ ਦੇ ਬਹੁਤ ਹੀ ਬਿਖੜੇ ਸਮੇਂ ਪੰਜਾਬ ਦੇ ਚੀਫ਼ ਸੈਕਟਰੀ ਰਹੇ। ਇਹਨਾਂ ਦਾ ਲੜਕਾ ਸ. ਬੀਰਿੰਦਰ ਸਿੰਘ ਧਨੋਆ ਅੱਜ ਕੱਲ੍ਹ ਏਅਰ ਵਾਈਸ ਮਾਰਸ਼ਲ ਹਨ। ਸ. ਹਰਨੇਕ ਸਿੰਘ ਘੜੂੰਆਂ ਜੋ ਕਿ ਇਸ ਪਿੰਡ ਦੇ ਦੋਹਤੇ ਹਨ ਪਰ ਇੱਥੇ ਹੀ ਰਹਿੰਦੇ ਰਹੇ 1992-1997 ਤੀਕ ਖਰੜ ਤੋਂ MLA ਰਹੇ ਅਤੇ ਸ. ਹਰਚਰਨ ਸਿੰਘ ਬਰਾੜ ਦੀ ਵਜਾਰਤ ਵਿੱਚ ਮੰਤਰੀ ਵੀ ਰਹੇ।

ਸ. ਹਰਨੇਕ ਸਿੰਘ ਘੜੂੰਆਂ ਸ਼ੁਰੂ ਤੋਂ ਹੀ "ਨਗਰ ਸੁਧਾਰ ਸਭਾ" ਬਣਾ ਕੇ ਨੌਜਵਾਨਾਂ ਨੂੰ ਨਾਲ ਲੈ ਕੇ ਪਿੰਡ ਵਿੱਚ ਗਲੀਆਂ ਨਾਲੀਆਂ ਦੀ ਸਫਾਈ ਸਮੇਤ ਟੂਰਨਾਮੈਂਟ ਕਰਵਾਉਣ ਤੀਕ ਲੋਕ ਭਲਾਈ ਦੇ ਕੰਮਾਂ ਵਿੱਚ ਲੱਗੇ ਰਹੇ। ਲੜਕੀਆਂ ਦਾ ਸਕੂਲ ਅਪਗੇਡ ਕਰਵਾਇਆ, ਪਿੰਡ ਦੇ ਵਿੱਚ ਸਰਕਾਰੀ ਟਿਊਬਵੈੱਲ ਮੰਨਜੂਰ ਕਰਵਾਏ, ਪਾਣੀ ਦੀ ਟੈਂਕੀ, ਪਟਵਾਰਖਾਨਾ (ਕਾਨੂੰਗੋ ਦਫ਼ਤਰ) ਬਣਵਾਇਆ, ਸੜਕਾਂ, ਗਲੀਆਂ, ਨਾਲੀਆਂ ਪੱਕੀਆਂ ਕਰਵਾਈਆਂ ਆਦਿ ਕੰਮ ਕੀਤੇ ਤੇ ਖੇਡ ਸਟੇਡੀਅਮ ਦੀ ਸ਼ਾਨਦਾਰ ਉਸਾਰੀ ਕਰਵਾਈ।

ਸ. ਮੇਖਾ ਸਿੰਘ ਮੈਂਬਰ S.G.P.C. ਰਹੇ। ਸੰਤ ਬਾਬਾ ਦਰਸ਼ਨ ਸਿੰਘ ਮਕਸੂਦੜਾ ਢੱਕੀ ਵਾਲੇ ਵੀ ਇਸੇ ਪਿੰਡ ਦੇ ਹਨ। ਆਪ ਦੇ ਦਾਦਾ ਸ. ਸ਼ਾਮ ਸਿੰਘ ਨੇ ਹੋਰ ਸਾਥੀਆਂ ਸਮੇਤ ਜੈਤੋਂ ਦੇ ਮੋਰਚੇ ਵਿੱਚ ਹਿੱਸਾ ਲਿਆ। ਪਰਜਾ ਮੰਡਲ ਲਹਿਰ ਵਿੱਚ ਸ. ਹਜੂਰਾ

ਸਿੰਘ ਸ਼ਹੀਦ ਸਮੇਤ ਬਹੁਤ ਸਾਰੇ ਬੰਦਿਆਂ ਨੇ ਹਿੱਸਾ ਲਿਆ। ਪਿੰਡ ਵਿੱਚ ਗੋਲੀ ਵੀ ਚੱਲੀ। ਕਈ ਬੰਦੇ ਅੱਤਵਾਦ ਦੀ ਭੇਟਾ ਚੜ੍ਹ ਗਏ। ਆਜ਼ਾਦ ਹਿੰਦ ਫੌਜ ਵਿੱਚ ਵੀ ਬਹੁਤ ਸਾਰੇ ਭਾਈ ਰਾਮ ਸਿੰਘ, ਭਾਈ ਬਚਨ ਸਿੰਘ ਜੋ ਹਿੰਦ ਮੁੱਖ ਹਨ ਨੇ ਕੁਰਬਾਨੀਆਂ ਕੀਤੀਆਂ। ਦੂਰ-ਦੂਰ ਤੀਕ ਮਸ਼ਹੂਰ ਹਸਤੀਆਂ ਵਿੱਚ "ਭਾਈ ਸੀਸੂ" ਵੀ ਹੋਇਆ ਜੋ ਚੈਲੰਜ ਕਰਦਾ ਰਿਹਾ ਕਿ ਕੋਈ ਵੀ ਉਸ ਨਾਲ ਡਾਂਗ ਲੈ ਕੇ ਮੁਕਾਬਲਾ ਕਰ ਲਵੇ। ਉਸ ਦੇ ਨਾਮ ਉਪਰ ਲੋਕ ਬੋਲੀਆਂ ਵੀ ਪਾਉਂਦੇ ਰਹੇ। ਸ. ਸੰਪੂਰਨ ਸਿੰਘ ਨੇ ਕਸ਼ਮੀਰ ਦੀ ਲੜਾਈ ਵਿੱਚ ਦੋ ਵਾਰ ਵੀਰ ਚੱਕਰ ਪ੍ਰਾਪਤ ਕੀਤਾ।

ਸ. ਬਾਵਾ ਸਿੰਘ, ਸ. ਮਾਨ ਸਿੰਘ, ਸ. ਕਿਸ਼ਨ ਸਿੰਘ ਵਿੰਗ ਕਮਾਂਡਰ ਜੋ ਮਾਤਾ ਨੰਦ ਕੌਰ ਅਤੇ ਮਾਤਾ ਗੋਬਿੰਦ ਕੌਰ ਜੋ ਚੋਹਲੀਆ ਖਾਨਦਾਨ ਵਿੱਚੋਂ ਸੀ, ਨੇ ਪਿੰਡ ਵਿੱਚ ਸਭ ਤੋਂ ਪਹਿਲਾਂ ਲੜਕੀਆਂ ਦੀ ਵਿੱਦਿਆ ਪੜ੍ਹਾਉਣ ਦਾ ਉਪਰਾਲਾ ਕੀਤਾ। ਆਪ ਜੀ ਦਾ ਪਰਿਵਾਰ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸੀ। ਪਿੰਡ ਵਿੱਚ ਆਪਸੀ ਸਾਂਝ ਬਹੁਤ ਮਜਬੂਤ ਹੈ। ਸਾਰੇ ਧਾਰਮਿਕ ਪ੍ਰੋਗਰਾਮ ਰਲ ਮਿਲ ਕੇ ਮਨਾਏ ਜਾਂਦੇ ਹਨ। 26 ਜਾਤਾਂ ਪਿੰਡ ਵਿੱਚ ਵਸਦੀਆਂ ਹਨ। ਸਭ ਤੋਂ ਅਹਿਮ ਹਨ ਕਿ 1947 ਦੀ ਵਢ ਟੁਕ ਵੇਲੇ ਇਸ ਪਿੰਡ ਵਿੱਚ ਕੋਈ ਵੀ ਮੁਸਲਮਾਨ ਨਹੀਂ ਮਾਰਿਆ ਗਿਆ ਅਤੇ ਜੇ ਕਿਸੇ ਹੋਰ ਪਿੰਡ ਦੇ ਮੁਸਲਮਾਨ ਨੇ ਵੀ ਪਿੰਡ ਵਿੱਚ ਆ ਕੇ ਸ਼ਰਨ ਲੈ ਲਈ ਤਾਂ ਉਸ ਦੀ ਭੀ ਪੂਰੀ ਰੱਖਿਆ ਕੀਤੀ ਗਈ।

ਪਿੰਡ ਦਾ ਇਤਿਹਾਸ ਬਾਬਾ ਜਗਾ ਜੀ ਦੇ ਜ਼ਿਕਰ ਬਿਨਾਂ ਅਧੂਰਾ ਹੈ। ਆਪ ਬਹੁਤ ਹੀ ਕਰਨੀ ਵਾਲੇ ਸੂਰਦਾਸ ਭਗਤ ਸਨ। ਆਪਦੇ ਡੇਰੇ ਦੀ ਜ਼ਮੀਨ ਵਿੱਚ ਹੀ ਲੜਕੀਆਂ ਦਾ ਸਕੂਲ, ਕਾਨੂੰਗੋ ਦਫ਼ਤਰ (ਜੋ ਥਾਣਾ ਬਣ ਗਿਆ ਹੈ) ਪਾਣੀ ਦੀ ਟੈਂਕੀ, ਡੰਗਰਾਂ ਦਾ ਹਸਪਤਾਲ, ਗੋਬਰ ਗੈਸ ਪਲਾਂਟ, ਕਮਿਊਨਟੀ ਸੈਂਟਰ ਆਦਿ ਬਣੇ ਹੋਏ ਹਨ।

ਪਿੰਡ ਦੀ ਆਬਾਦੀ ਲਗਭਗ 10 ਹਜ਼ਾਰ ਅਤੇ ਵੋਟ 5000 ਦੇ ਕਰੀਬ ਹੈ। ਅੱਜ-ਕੱਲ੍ਹ ਇਹ ਪਿੰਡ ਵਿਦਿਆ ਦਾ ਕੇਂਦਰ ਬਣ ਗਿਆ ਹੈ ਕਿਉਂਕਿ ਚੰਡੀਗੜ੍ਹ ਯੂਨੀਵਰਸਿਟੀ, ਨਰਸਿੰਗ ਕਾਲਜ ਤੇ ਹਸਪਤਾਲ, ਸੇਕਰਡ ਸਕੂਲ ਅਕੈਡਮੀ, ਆਦੇਸ਼ ਗਰੁੱਪ ਆਫ਼ ਕਾਲਜਜ਼, ਸਚਦੇਵਾ ਗਰੁੱਪ ਆਫ਼ ਕਾਲਜਜ਼, ਦੋ ਸਰਕਾਰੀ ਸੈਕੰਡਰੀ ਸਕੂਲ ਹਨ। ਪਿੰਡ ਵਿੱਚ ਸਰਕਾਰੀ ਹਸਪਤਾਲ, ਪੁਲੀਸ ਥਾਣਾ, ਤਿੰਨ ਬੈਂਕ, ਕੋਆਪਰੇਟਿਵ ਸੋਸਾਇਟੀ, ਪੈਟਰੋਲ ਪੰਪ, ਬਿਜਲੀ ਗਰਿਡ ਅਤੇ ਦਫ਼ਤਰ ਆਦਿ ਬਣੇ ਹੋਏ ਹਨ। ਪਿੰਡ ਦੀਆਂ ਮੁੱਖ ਚਾਰ ਪੱਤੀਆਂ ਬਾਬਾ ਗੁਰੀਆ ਪੱਤੀ, ਪੱਤੀ ਉਜਦ, ਪੱਤੀ ਨਾਹਰ, ਪੱਤੀ ਦਗੋ, ਪੱਤੀ ਜਾਗੋ ਹਨ। ਸਭ ਪੱਤੀਆਂ ਦੀਆਂ ਅਲੱਗ-ਅਲੱਗ ਧਰਮਸ਼ਾਲਾਵਾਂ ਹਨ। ਗੁਰੀਆ ਪੱਤੀ, ਨਾਹਰ ਪੱਤੀ ਅਤੇ ਉਜਦ ਪੱਤੀ ਦੇ ਦਰਵਾਜੇ ਵੀ ਬਣੇ ਹੋਏ ਹਨ।

# ਅਧਿਆਇ ਗਿਆਰਵਾਂ

## ਪੁਆਧੀ ਭਾਸ਼ਾ ਦੀਆਂ ਵੰਨਗੀਆਂ – ਵਿਭਿੰਨ ਰੰਗ

ਪੁਆਧ ਇੱਕ ਵਿਸ਼ਾਲ ਖੇਤਰ ਹੈ ਜਿਹੜਾ ਉਡਦੀ ਨਜ਼ਰੇ ਦਰਿਆ ਸਤਲੁਜ ਦੇ ਨਾਲ-ਨਾਲ ਪੂਰਬ ਵੱਲ ਫੈਲਦਾ ਹੋਇਆ ਦਰਿਆ ਘੱਗਰ ਲੰਘਦਾ, ਜ਼ਿਲ੍ਹਾ ਅੰਬਾਲਾ ਭਾਵ ਹਰਿਆਣਾ ਦੀਆਂ ਹੱਦਾਂ ਤੱਕ ਫੈਲ ਜਾਂਦਾ ਹੈ। ਪੁਆਧੀ ਭਾਸ਼ਾ ਦੀਆਂ ਲੋਕ-ਵੰਨਗੀਆਂ ਦਾ ਰੰਗ ਹੇਠ ਲਿਖੀਆਂ ਖੇਤਰੀ ਲੋਕ-ਭਾਸ਼ਾਵਾਂ 'ਚ ਲਿਖੀਆਂ ਪੁਸਤਕਾਂ 'ਚ ਮਾਣਿਆ ਜਾ ਸਕਦਾ ਹੈ:

1. 'ਆਖਰੀ ਪਿੰਡ ਦੀ ਕਥਾ' (ਨਾਵਲ) ਲੇਖਕ: ਜਸਬੀਰ ਮੰਡ ਰੋਪੜ ਜਿਲ੍ਹੇ ਦੇ ਘਾੜ ਇਲਾਕੇ ਦੀ ਪੇਸ਼ਕਾਰੀ।
2. 'ਪੁਆਧ ਕੇ ਘਰਾਟਾਂ ਕਾ ਆਟਾ' ਲੇਖਕ: ਭੂਪਿੰਦਰ ਸਿੰਘ ਮਟੌਰੀਆ
   ਬੈਦਵਾਣੀ ਸੁਹਾਣੇ ਇਲਾਕੇ ਦੀ ਪੇਸ਼ਕਾਰੀ।
3. 'ਕਥਾ ਪੁਰਾਤਨ ਪੁਆਧ ਕੀ' ਲੇਖਕ: ਗਿ. ਧਰਮ ਸਿੰਘ ਭੌਖਰਪੁਰ
   ਘੱਗਰ ਦੀ ਲੋਕ-ਬੋਲੀ ਦੀ ਝਲਕ
4. 'ਬੰਤੋ' (ਨਾਵਲ) ਲੇਖਕ: ਸੋਹਨ ਸਿੰਘ ਹੰਸ
   ਬਨੂੜ ਖੇਤਰ ਦੀ ਪੁਆਧੀ ਝਲਕ

# 68 ਕਾਂਡ ਇੱਕੀਵਾਂ

ਜਿਉਂ ਹੀ ਗਲੀ ਵਿਚਲਾ ਬੁਲਾਰਾ ਘਟਿਆ ਸੁਰਜੀਤ ਚੁੱਲ੍ਹੇ ਉੱਪਰਲਾ ਲਿਓੜ ਤਾਰਦੀ ਬਾਹਰ ਗਲੀ ਵੱਲ ਤੁਰ ਪਈ। ਥੋੜ੍ਹੀ ਦੇਰ ਪਹਿਲਾਂ ਖੁਰਾਂ ਦੀ ਆਵਾਜ਼ ਤੋਂ ਉਹਨੇ ਅੰਦਾਜ਼ਾ ਲਾ ਲਿਆ ਸੀ; ਇਹ ਡੰਗਰ ਗਲੀ ਵਿਚ ਜ਼ਰੂਰ ਫੋਸ ਕਰਕੇ ਜਾਵੇਗਾ। ਦੇਹਲੀ ਦੀ ਬਾਹਰਲੀ 'ਕੋਰ' ਉੱਪਰ ਖੜ੍ਹ ਕੇ; ਉਹਨੇ ਗਲੀ ਦੇ ਹਰ ਅੰਦਰੂਨੀ ਭਾਗ ਵੱਲ ਝਾਕਿਆ। ਠੀਕ ਪਿਆਰੇ ਦੇ ਘਰ ਕੋਲ ਉਹੀ ਪੁਰਾਣਾ ਫੋਸ ਪਿਆ ਸੀ। ਉਹਦੇ ਉੱਪਰ ਫੁੱਲੇ ਦਾਣੇ ਹਾਲੇ ਵੀ ਇੱਧਰ ਵੱਲ ਬਿਟਰ-ਬਿਟਰ ਝਾਕ ਰਹੇ ਸਨ। ਪਰੇ ਮਨਕੂਰ ਕੰਧ ਉੱਪਰ ਪਾਥੀਆਂ ਥੱਪਦੀ ਵਾਰ-ਵਾਰ 'ਬੁੜਬੜਾ' ਰਹੀ ਹੈ। ਇਕ ਵਾਰ ਜੀਅ ਕੀਤਾ ਕਿ ਉਹਦੇ ਕੋਲੋਂ ਹੀ 'ਥੋਬਾ' ਲੈ ਆਵਾਂ। ਪਰ ਸਾਹਮਣੇ ਕੰਧ ਉੱਪਰ ਝੁਲਸਿਆ ਜਿਹਾ ਗੋਹਾ, ਤੇ ਪਰੇ ਬਿਹਾਰਨ ਨੂੰ ਘੇਰੀ ਖੜ੍ਹੀਆਂ ਤੀਵੀਆਂ ਦੇ ਟੋਲੇ ਕੋਲੋਂ ਲੰਘਣਾ ਉਹਨੂੰ ਮੁਸ਼ਕਲ ਜਾਪਿਆ। 'ਏ.... ਹਾਤ...... ਏ......।" ਇਹ ਸ਼ਬਦ ਮੂੰਹੋਂ ਕਹਿ ਉਹ ਤੇਜ਼ ਕਦਮੀ ਚੱਲ ਪਈ। ਸਾਹਮਣੇ ਫੋਸ ਉੱਪਰੋਂ ਇਕ ਕਾਂ ਬਿਨਾਂ ਦਾਣਾ ਚੁੱਕੇ ਉਡ ਗਿਆ।

ਬੁੱਢੀਆਂ ਵਾਲੀ ਪੁਲੀ ਸੁੰਨੀ ਪਈ ਹੈ। ਕਿੰਨੀ ਦੇਰ ਹੋ ਗਈ ਹੈ। ਹੁਣ ਉੱਥੇ ਕੋਈ ਨਹੀਂ ਬੈਠਦਾ। ਤ੍ਰਿਵੈਣੀ ਦੇ ਉਪਰਲੇ ਪਾਸੇ ਵਾਲਾ ਪੱਥਰ ਵੀ ਕਿਸੇ ਚੁੱਕ ਕੇ ਪਰੇ ਸੁੱਟ ਦਿੱਤਾ ਹੈ। (ਇਸ ਤੇ ਖੁਰਪੇ, ਦਾਤੀਆਂ ਤੇ ਕੁਹਾੜੀਆਂ ਲਾਈਆਂ ਜਾਂਦੀਆਂ ਸਨ।) ਪਰ ਤ੍ਰਿਵੈਣੀ ਦੇ ਤਣੇ ਵਿਚ ਕਿਸੇ ਇਕ ਪੀਲਾ ਬੋਰਡ ਗੱਡ ਦਿੱਤਾ ਹੈ। "ਇੱਥੇ ਕੁਨੈਨ ਮੁਖਤ ਮਿਲਦੀ ਹੈ।" ਬਿਹਾਰਨ ਦੁਆਲੇ ਖੜ੍ਹੀਆਂ ਤੀਵੀਆਂ ਹਾਲੇ ਵੀ ਉਹਤੋਂ ਕੱਲ੍ਹ ਹੜਤਾਲ ਵਿਚ ਗ੍ਰਿਫਤਾਰ ਹੋਏ ਉਹਦੇ ਘਰ ਵਾਲੇ ਦੀ ਖਬਰਸਾਰ ਲੈ ਰਹੀਆਂ ਨੇ। ਚੌਕ ਵੱਲੋਂ ਕੋਈ ਸਾਈਕਲ ਤੇ ਲਟਾਪੀਂਘ ਹੁੰਦਾ ਹਰਿਆਈ ਦੀ ਬੋਰੀ ਲੱਦੀ ਆ ਰਿਹੈ। ਟਾਲ ਉੱਪਰ ਟੋਕੇ ਦੀ ਮਸ਼ੀਨ ਦੇ ਇੱਕ ਗੰਡਾਸੇ ਦੀ ਆਵਾਜ਼ ਕੁਝ ਜ਼ਿਆਦਾ ਹੀ ਆ ਰਹੀ ਹੈ। (ਸ਼ਾਇਦ ਧੱਕਾਂ ਜ਼ਿਆਦਾ ਕਸ ਦਿੱਤੀਆਂ ਨੇ) ਕਿਲ੍ਹੇ ਤੋਂ ਥੋੜ੍ਹਾ ਪਰੇ ਰੇੜ੍ਹਿਆਂ ਦੇ ਅੱਗੇ ਤੇ ਖੁਰੀਆਂ ਲਾਉਣ ਵਾਲਾ ਕਿਸੇ ਨਾਲ ਉੱਚੀ-ਉੱਚੀ ਬਹਿਸ ਪਿਆ। ਕਿਸੇ ਦੀ ਥੋੜ੍ਹ ਨੁਮਾ ਕਿਲਕਾਰੀ ਤੋਂ ਕਿਲ੍ਹੇ ਉੱਪਰਲਾ ਕਬੂਤਰਾਂ ਦਾ ਜੋੜਾ ਸਾਹਮਣੇ ਤੇਲੂ ਝਿਊਰ ਦੇ ਬਨੇਰੇ ਉੱਪਰ ਜਾ ਬੈਠਾ।

"ਢਹਿ ਜਾਣੀ-।" ਤੀਜੀ ਵਾਰੀ ਵੀ ਪਾਥੀ ਕੰਧ ਉੱਪਰੋਂ ਥੋੜ੍ਹੀ ਦੇਰ ਚਿਪਕੀ ਰਹਿ ਕੇ ਥੱਲੇ ਡਿੱਗ ਪਈ ਸੀ। ਉਹਨੇ 'ਭੁਰਭਰੇ' ਹੱਥਾਂ ਨੂੰ ਘੁੱਟਿਆ। "ਜਦ ਹਰਿਆਈਓ ਨੀ ਮਿਲਣੀ, ਖੁਸਕੀਓ ਚੜ੍ਹਨੀ.....।" ਉਹਨੇ ਆਵਾਜ਼ ਸੁਣ ਪਿੱਛੇ ਵੱਲ ਨਾ ਵੇਖਿਆ ਸਗੋਂ ਸਾਹਮਣੇ ਆਇਰਨ ਵੱਲ ਵੇਖਣ ਲੱਗ ਪਈ; ਕਾਟੂ ਲੁਹਾਰ ਜਿਥੇ ਕਦੋਂ ਦਾ ਬਹਿਸ ਰਿਹਾ ਸੀ।

"ਕਰ ਲੈ ਮਨ ਆਈਆਂ.... ਹਵਾਲ ਤਾਂ ਗਰਮ ਹੋ ਕੇ ਈ ਚੜ੍ਹਣਾ..... ਘੁੰਮਣਾ ਤਾਂ ਪਈਏ ਉਪਰੇ ਪੈਣਾ।" ਇਸ ਵਾਰ ਬੁੱਢੇ ਦੀ ਕੜਕਵੀਂ ਆਵਾਜ਼ ਅੱਧ ਵਿਚਕਾਰ ਆ ਕੇ ਫਟ ਗਈ ਸੀ। ਉਹਨੇ ਕੰਧ ਉਪਰੋਂ ਇਕ ਹੋਰ ਪਾਥੀ ਹੌਲੀ ਹੌਲੀ ਥੱਲੇ ਵੱਲ ਖਿਸਕਦੀ ਵੇਖੀ। ਹੁਣ ਹੌਲੀ ਜਿਹੇ ਗਰਦਨ ਪਿੱਛੇ ਵੱਲ ਘੁੰਮਾਈ। ਸੁਰਜੀਤੋ ਗਲੀ ਵਿਚਲਾ ਫੋਸ ਹੱਥਾਂ ਵਿਚ ਇਸ ਤਰ੍ਹਾਂ ਫੜੀ ਜਾ ਰਹੀ ਸੀ, ਜਿਵੇਂ ਉਹਦੇ ਵਿਚੋਂ ਕੋਈ ਚੀਜ਼ ਫੜਫੜਾ ਰਹੀ ਹੋਵੇ।

ਬਾਜ਼ਾਰ ਵਾਲੇ ਚੌਕ ਵਿਚ ਕੋਈ ਜਾਣੀ ਪਛਾਣੀ ਸ਼ਕਲ ਕੁੱਛੜ ਨਿਆਣਾ ਤੇ ਝੋਲਾ ਲਟਕਾਈ ਗਲੀ ਵਿੱਚ ਦਾਖਲ ਹੋਈ। ਹਰ ਦੇਹਲੀ ਅੱਗੇ ਆ ਕੇ ਜਾਪਦਾ ਉਹ ਇਸ ਘਰ ਜਾ ਵੜੇਗੀ। ਪਰ ਉਹ ਤੁਰਦੀ ਤੁਰਦੀ ਤ੍ਰਿਵੈਣੀ ਟੱਪ ਸੁੱਚੇ ਵਾਲਾ ਕੂਹਣੀ ਮੋੜ ਵੀ ਮੁੜ ਆਈ। 'ਰਾਮਪਾਲ' ਦੀ ਡੈਰੀ ਕੋਲ ਖੜੇ ਤੀਵੀਂਆਂ ਦੇ 'ਝੁਰਮਟ' ਕੋਲ ਤਾਂ ਉਹ ਬਿਲਕੁਲ ਹੀ ਰੁਕ ਗਈ ਸੀ। ਪਰ ਗਲੀ ਦਾ ਅਗਲਾ ਹਿੱਸਾ ਉਹਨੇ ਬੜੇ ਹੀ ਓਦਰੇ ਢੰਗ ਨਾਲ ਪਾਰ ਕੀਤਾ। ਮਨ ਕੁਰ ਨੇ ਖੁਸ਼ਕ ਹੋਏ ਹੱਥ ਕੱਟੇ ਦੀ ਪਿੱਠ ਨਾਲ ਘਸਾਏ। ਲੀਖਾਂ ਵਾਲੀ ਪਿੱਠ ਦੇ ਖਾਜ ਕਰ ਕੇ ਕੱਟੇ ਨੇ ਗਰਦਨ ਮੋੜ ਉਹਦੀ ਬਾਂਹ ਚੱਟਣੀ ਚਾਹੀ।

"ਮੱਥਾ ਟੇਕਦੀ ਅੰਮਾਂ.....।"

"ਓ ਬੱਲੈ, ਮਿੰਦੀ ਕਦ ਆਈ ਭਾਈ?"

"ਬਹ ਆਉਂਦੀ ਏ.....।"

"ਹੋਰ ਕੁੜੇ.....।" ਉਹਨੇ ਲੰਬੇ ਹਾਉਕੇ ਨਾਲ ਬੁੜੀ ਦਾ ਚੇਹਰਾ ਵੇਖਿਆ; ਜਿਵੇਂ ਲਹਿੰਦੇ ਦੀ ਲਾਲੀ ਰੇਤਲੇ ਟਿੱਬੇ ਉੱਪਰ ਪੈ ਰਹੀ ਹੋਵੇ।

"ਅੰਮਾ ਵੱਢ ਖਾਣੇ ਨੂੰ ਪੈਂਦੀਆਂ ਗਲੀਆਂ ਜਣੀ..... ਪਰ ਜਦ ਤੱਕ ਬੇਬੇ ਬਾਪੂ ਬੈਠੇ ਕਾਹਨੂੰ ਦੱਬਿਆ ਬੰਨਾ ਭੁੱਲਦਾ.... ਅੰਮਾਂ.....।"

"ਲੈ ਕੁੜੇ ਤੂੰ ਖੜੀਓ.... ਲੰਘ ਆ ਜਾ ਬਾੜੇ ਮਾਂ.....।" ਇਸ ਵਾਰੀ ਉਹਨੇ ਬੜੇ ਹੀ ਅਜੀਬ ਢੰਗ ਨਾਲ ਕੁੜੀ ਦੇ ਕਦਮ ਬਾੜੇ ਦੀ ਬਾਕੀ ਬੱਚਦੀ 'ਤਿਕੋਣ' ਵੱਲ ਵੱਧਦੇ ਵੇਖੇ। ਉਹਨੇ ਤੇਜ਼ੀ ਨਾਲ ਮੂੰਹ ਖੋਲਿਆ ਪਰ ਆਪਣੇ 'ਕਹੇ' ਵਿਚੋਂ ਕੋਈ ਸ਼ਬਦ ਵਾਪਸ ਨਾ ਲੈ ਸਕੀ।

ਕੁਝ ਦੇਰ ਤੋਂ ਪੁਲੀ ਦੇ ਉਰਲੇ ਪਾਸੇ ਚਾਰ ਪੰਜ ਨਿਆਣਿਆਂ ਦਾ ਟੋਲਾ ਬੜੀ ਹੀ ਸੁਭਾਵਕ ਅਵਸਥਾ ਵਿਚ ਖੇਲੀਂ ਪਿਆ ਹੋਇਆ ਸੀ। ਕਦੇ ਕਦੇ ਜਦੋਂ ਗਲੀ ਵਿਚ ਭੀੜ

ਵਧ ਜਾਂਦੀ; ਉਹ ਉੱਠ ਕੇ ਖੜ੍ਹੇ ਹੋ ਜਾਂਦੇ; ਪਰ ਥੋੜ੍ਹੀ ਦੇਰ ਬਾਅਦ ਪੁਲੀ ਦੇ ਸੱਜੇ ਪਾਸੇ ਵਾਲੀ ਕੱਚੀ ਥਾਂ 'ਤੇ ਫਿਰ ਖੇਲੀਂ ਪੈ ਜਾਂਦੇ। ਮਨ ਕੁਰ ਨੇ ਦੋ ਵਾਰ ਕੋਸ਼ਿਸ਼ ਕੀਤੀ ਕਿ ਜਾ ਵੇਖਾਂ; ਪਰ ਉਹ ਜਾ ਨ ਸਕੀ। ਹੁਣੇ ਕੁਝ ਦੇਰ ਪਹਿਲਾਂ ਵਿਚੋਂ ਕਿਸੇ ਨੇ ਕਿਹਾ ਸੀ। "ਚਲੋ ਪਿੜਾਂ ਕਿੰਨ੍ਹੀ ਨੂੰ।" ਤਾਂ ਸਾਹਮਣੇ ਆਉਂਦੀ ਇਸਰੋ ਬੁੜੀ ਨੇ ਪੁੱਛਿਆ ਸੀ। "ਆਹ ਬੂਜਾ ਭਾਈ ਕਿਥੇ ਦਾ?"

"ਬੇਬੇ ਨਾਨਕੇ ਆਇਆ ਹੋਇਆ.....।" ਉਹਨੇ ਬੜੀ ਹਲੀਮੀ ਨਾਲ ਉਹਦਾ ਸਿਰ ਪਲੋਸਿਆ ਤੇ ਅੱਗੇ ਲੰਘ ਗਈ।

ਉਹਨੇ ਇਕ ਵਾਰ ਖੁਰਲੀਆਂ ਵੱਲ ਨਜ਼ਰ ਮਾਰੀ। ਕੱਖ ਤਾਂ ਉਹ ਕਦੋਂ ਦੇ ਪਾ ਚੁੱਕੀ ਸੀ। ਫਿਰ ਇਕੱਲੇ ਖੜੇ ਥਮਲੇ ਵੱਲ ਵੇਖਿਆ, ਜਿਸ ਨੂੰ ਪਿਆਰੇ ਨੇ ਢਾਹੁਣ ਨਹੀਂ ਦਿੱਤਾ। (ਥਮਲੇ ਦੇ ਠੀਕ ਚੌਦਮੇ 'ਗੇੜ' ਉੱਪਰ ਇਕ ਇੱਟ ਵਿਚ 'ਡਗੂੰਨ' ਜਿਹਾ ਪਿਆ, ਜਿਸ ਨਾਲ ਅਕਸਰ ਹਲ ਦਾ ਮੁੰਨਾ ਜਾ ਕੇ ਖਹਿੰਦਾ ਸੀ) ਉਹ ਕਿੰਨੀ ਵਾਰੀ ਸੋਚਦੀ ਹੈ ਕਿ ਉਹਨੂੰ ਇਥੇ ਕੰਮ ਕਰਨ ਨਾਲ ਵਾਪਸ ਘਰ ਵੱਲ ਜਾਣਾ ਕਿਉਂ ਥਕਾ ਦੇਂਦਾ ਹੈ। ਉਂਝ ਵੀ ਕਦੇ ਉਹ ਮੌਕੇ ਆਉਂਦਾ ਹੀ ਨਹੀਂ ਕਿ ਇਸ ਬਾਰੇ ਸੋਚਣ ਨੂੰ ਟਾਲ ਸਕੇ ਜਾਂ ਭੁੱਲ ਜਾਵੇ। ਹੱਦ ਨਾਲ ਖਹਿੰਦੀ ਥਰਮਲ ਦੀ ਚਾਰ ਦਿਵਾਰੀ ਵੱਲ ਵੇਖਿਆ; ਜਿਸ ਨੇ ਦੂਰ ਤੱਕ ਵਾੜਿਆਂ ਦੀ ਸ਼ਕਲ ਹੀ ਵਿਗਾੜ ਦਿੱਤੀ ਸੀ। ਕਿਤੇ ਛੋਟੀ ਜਿਹੀ ਇਕਾਈ, ਕੋਈ ਤਿਕੋਣ, ਕੋਈ ਪੰਜ ਕੋਣਾ, ਕਿਤੇ ਕੋਣਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕੀ; ਕਿਤੇ ਸਿਰਫ ਦੋ ਹੀ ਕਦਮ....। (ਪਰ ਕਬਜ਼ਾ ਕਿਸੇ ਨਹੀਂ ਛੱਡਿਆ।) ਸਭ ਤੋਂ ਵੱਧ ਉਹ ਸੁੱਚੇ ਦੇ ਬਾੜੇ ਵੱਲ ਵੇਖਦੀ, ਜਿਸ ਦੇ ਸਿਰੇ ਤੇ ਸਿਰਫ ਬੈਠਣ ਜੋਗੀ ਹੀ ਜਗਾ ਹੈ, ਤੇ ਜਿਸ ਤੇ ਹੁਣ ਇਕ ਮੋਚੀ ਬੈਠਦਾ ਹੈ।

"ਮੱਥਾ ਟੇਕਦੀ ਬੇਬੇ....।" (ਇਸ ਵਾਰ 'ਮੱਥਾ ਟੇਕਣਾ' ਉਹਨੂੰ ਕੁਝ ਏਦਾਂ ਜਾਪਿਆ ਜਿਵੇਂ ਆਉਣ ਵਾਲੇ ਲੰਮੇ ਸਮੇਂ ਤੱਕ ਉਹਨੂੰ ਮੁੜ ਨਹੀਂ ਸੁਣ ਸਕੇਗੀ.... ਜਾਂ ਫਿਰ ਇਹ ਕੋਈ ਅਤੀਤ ਦਾ ਹੀ ਬਕਾਇਆ ਸੀ।)

"ਨੀ ਸੰਤੀ ਤੂੰ ਅੱਜ..... ਗੁਰ ਭਲਾ ਕਰੇ।" ਉਹਨੇ ਆਪਣੇ ਅਗੜੇ-ਦੁਗੜੇ ਵਾਕ ਨੂੰ ਸਿੱਧ ਪੱਧਰਾ ਕਰਨ ਦੀ ਕੋਸ਼ਿਸ਼ ਕੀਤੀ।

"ਆਹ ਨਵੀਂ ਡੈਰੀ ਖੁੱਲੀ... ਘੋਰੂ ਆਲੀ ਜਗ੍ਹਾ ਮਾਂ... ਬੜਾ ਸੋਹਣਾ ਦੁੱਧ ਆ।" ਉਹਨੇ ਡੋਲੇ ਦੇ ਕੰਡੇ ਤੋਂ ਦੋ ਤੁਬਕੇ ਥੱਲੇ ਵੱਲ ਖਿਸਕਦੇ ਵੇਖੇ।

"ਉਹ ਜਾਂਦਾ... ਕਮ ਪਰ...?" ਉਹਨੇ ਪਹਿਲਾਂ ਆਪਣੀ ਸਾਂਝੀ ਬਾਰੇ ਪੁੱਛਿਆ।

"ਕਿਥੈ ਬੀਬੀ ਪੰਜ ਦਿਨ ਹੋਗੇ ਹੜਤਾਲ ਹੋਈ ਨੂੰ...।"

"ਸਾਂਝ ਕਰ ਲੈਂਦਾ ਕੋਹੜੀ...।"

"ਲੈ ਬੀਬੀ... ਕਿਹੜਾ ਛਮਾਹੀ ਤੱਕ ਉਡੀਕਦਾ ਰਵੈ...।"

"ਏ ਸੰਤੀ ਆ ਜਾ...।" ਪਰੇਓਂ ਭਜੀ ਦੀ ਘਰ ਵਾਲੀ ਨੇ ਆਵਾਜ਼ ਮਾਰੀ।

"ਬੱਲ੍ਹੇ ਸਾਰੀ ਚਮੈੜ੍ਹੀ ਟੁੱਟਪੀ... ਐਧਰ ਨੂੰ...।"

"ਉਤਰਾਈਆਂ ਚੜ੍ਹਾਈਆਂ ਤਾਂ ਆਉਂਦੀਆਂ ਈ ਰਹਿੰਦਆਂ ਬੀਬੀ...।"

ਫਿਰ ਉਹਨੇ ਉਹਦੀ ਪਿੱਠ ਵੇਖੀ। ਸਿਰੇ ਤੱਕ ਸਿੱਧੀ ਗਲੀ ਨੂੰ ਕਈ ਵਾਰ ਮੋੜ ਪਾਉਣ ਦੀ ਕੋਸ਼ਿਸ਼ ਕੀਤੀ, ਤਾਂ ਜੋ ਉਹ ਛੇਤੀ ਤੋਂ ਛੇਤੀ ਅੱਖੋਂ ਓਹਲੇ ਹੋ ਜਾਵੇ; ਪਰ ਅੱਜ ਜਿਵੇਂ ਗਲੀ ਦੇ ਮੋੜਾਂ ਦੇ 'ਕਬਜ਼ੇ' ਖੁੱਲ ਰਹੇ ਸਨ।

ਮੈਸ ਦੇ ਮੂੰਹ ਦੀ ਹਵਾੜ ਤੋਂ ਉਹਨੇ 'ਖੁਰਲੀ' ਉੱਪਰੋਂ ਹੱਥ ਚੁੱਕੇ। ਉਹਦੇ ਠੰਡੇ ਹੋਏ ਕੰਨਾਂ ਨੂੰ ਪਲੋਸਿਆ। ਉਹਦਾ ਜੀਅ ਕੀਤਾ ਗਲੀ ਵਿਚ ਟੁਰਕ ਤੁਰੀ ਜਾਂਦੀ ਉੱਪਰਲੇ ਵੇ ਹੜੇ ਵਾਲੀ ਤੇਜੋ ਨੂੰ ਹੀ ਬੁਲਾ ਕੇ ਕੁੱਝ ਪੁੱਛਾਂ। ਪਰ ਸਾਹਮਣੇ ਤੋਂ ਆਉਂਦੇ ਦਬੁਰਜੀ ਵਾਲੇ ਲੁਹਾਰ ਵੱਲ ਵੇਖ ਕੇ ਤੇਜੋ ਦੀਆਂ ਮੁਰਝਾਈਆਂ ਗਿਲਟੀਆਂ ਫੁਲੀਆਂ। ਉਹਨੇ ਸੋਟੀ ਦਾ ਸਹਾਰਾ ਛੱਡ ਪੁੱਛਿਆ।

"ਰਾਜ਼ੀ ਏਂ ਹਾਲੇ ਵੀ...।"

"ਆਹੋ ਰਾਜ਼ੀ ਏ ਤਾਂਈ ਤੇਰੇ ਪਿੰਡ ਨੂੰ ਆ ਗਿਐਂ...।"

ਤੇ ਫਿਰ ਉਹਨਾਂ ਦੀ ਆਵਾਜ਼ ਤੇ ਚੇਹਰੇ ਭੀੜ ਦੇ ਝੁਰਮਟ ਵਿਚ ਗੁੰਮ ਹੋ ਗਏ। ਪਰ ਉਹ ਮੁੜ ਮੁੜ ਉਸ ਜਗ੍ਹਾ ਵੱਲ ਵੇਖਦੀ ਰਹੀ; ਜਿਥੇ ਹਾਲੇ ਤੱਕ ਬੁੱਢਿਆਂ ਨੇ ਛੇੜਖਾਨੀ ਦਾ ਸਮਾਨ ਸਾਂਭ ਕੇ ਰੱਖਿਆ ਹੋਇਆ ਸੀ।

ਪਿਛਲੇ ਕਈ ਦਿਨਾਂ ਤੋਂ ਸੁਰਜੀਤੋ ਨੇ ਅੱਗੇ ਕਦੇ ਵੀ ਐਨੀ ਤੇਜ਼ੀ ਨਾਲ ਥਾਂ ਬਦਲੀ ਨਹੀਂ ਸੀ ਕੀਤੀ। ਦੂਰ ਤੱਕ ਗਲੀ ਹੁਣ ਭੀੜ ਨਾਲ ਤੁੰਨੀ ਪਈ ਸੀ। ਸਿਰੇ ਤੱਕ 'ਅਗੜੀ-ਦੁਗੜੀ' ਗਲੀ ਜਿਹੜੀ ਬੜੇ ਹੀ ਅਦਭੁਤ ਢੰਗ ਨਾਲ 'ਟੇਡੇ ਮੇਡੇ' ਸੇਜੇ ਕੱਢ ਬਜ਼ਾਰ ਦੇ ਰੂਪ ਵਿਚ ਬਦਲ ਰਹੀ ਸੀ। ਮੋੜ ਦੇ ਉਰਲੇ ਪਾਸੇ ਸਵੇਰ ਤੋਂ ਬਾਅਦ ਇਕ ਨਵਾਂ ਸਾਈਨ ਬੋਰਡ ਲੱਗ ਗਿਆ ਸੀ। ਉਹਨੇ ਝਟਕੇ ਨਾਲ ਦੇਹਲੀ ਪਾਰ ਕੀਤੀ। ਪਿੱਛੋਂ ਬਚਨ ਕੁਰ ਦੀ ਆਵਾਜ਼ ਆਈ।

"ਬਹੂ ਆਈ ਨੀ ਹਾਲੇ ਪਿਉਂਕਿਆਂ ਤੇ...।" ਉਹਨੇ ਉੱਤਰ ਦੇਣ ਦੀ ਬਜਾਏ ਉਹਦੇ ਬੰਦ ਦਰਵਾਜ਼ੇ ਦਾ ਜਿੰਦਾ ਵੇਖਿਆ।

"ਮਖਾਂ ਮੈਂ ਵੀ ਆਪਣੇ ਪਿੰਡਾਂ ਦੀ ਖ਼ਬਰ ਸਾਰ ਲੈ ਲੈਂਦੀ...।" ਇਹ ਆਵਾਜ਼ ਉਹਦੇ ਮੁੜਦੇ ਕਦਮਾਂ ਨਾਲ ਸੁਣੀ। ਉਹਨੇ ਚੁੱਪਚਾਪ ਦੋ ਕਦਮ ਅੱਗੇ ਵਧਾਏ, ਜਿੱਥੇ ਲੱਖੇ ਦੀ ਕਿਰਾਏਦਾਰਨੀ ਕੱਪੜੇ ਝਕੱਲ ਰਹੀ ਸੀ। ਕਦੇ ਕਦੇ ਜ਼ੋਰਦਾਰ ਧੱਫੇ ਨਾਲ; ਨਾਲ੍ਹੇ ਨਾਲ ਬੰਨੀ ਚਾਬੀ ਟੁੱਟੇ ਤਾਰੇ ਵਾਂਗ ਚਮਕਦੀ, ਜਿਸ ਨੂੰ ਉਹ ਸਹਿਜੇ ਹੀ ਪਛਾਣ ਸਕਦੀ ਸੀ।

('ਆਖਰੀ ਪਿੰਡ ਦੀ ਕਥਾ' 'ਚੋਂ ਧੰਨਵਾਦ ਸਹਿਤ)

# 69 ਪੁਆਧ ਕੇ ਘਰਾਟਾਂ ਕਾ ਆਟਾ

ਮਸਾਂ ਮਸਾਂ ਐਤਵਾਰ ਕਾ ਦਿਨ ਆਬੈ ਤਾ। ਹਮੈਂ ਬੀ ਪੁੱਠੀਆਂ ਛਾਲਾਂ ਮਾਰੇ ਕਰੈਂ ਤੇ ਬਈ ਅੱਜ ਕਿਹੜੇ ਸਕੂਲ ਜਾਣਾ। ਢਾਈ ਤਿੰਨ ਮੀਲ ਜਾਣੇ ਤੇ ਅਰ ਢਾਈ ਤਿੰਨ ਮੀਲ ਮੁੜਕੈ ਆਣੇ ਤੇ ਖੈਹੜਾ ਛੁਟ ਗਿਆ। ਪਰ ਕਹੇ ਕਰਾਂ 'ਚੋਰ ਗੈਲ ਤੇ ਪੰਡ ਕਾਹਲੀ'। ਘਰ ਕਿਆਂ ਨੂੰ ਤਾਂ ਐਂ ਹੋਐ ਤਾ ਬਈ ਕਦ ਇਨ੍ਹਾਂ ਨੂੰ ਛੁੱਟੀ ਹੋਐ ਅਰ ਕਦ ਇਨ੍ਹਾਂ ਨੂੰ ਕੰਮ ਮਾ ਗੈਲ ਜੋੜ ਲਹੈਂ। 'ਖੇਤੀ ਖਸਮਾਂ ਸੇਤੀ' ਘਰਾਂ ਜਿੰਨੇ ਮਰਜੀ ਬੰਦੇ ਹੋਐਂ ਇਸ ਧੰਦੇ ਮਾ ਘੱਟੇ ਹੋਆਂ। ਮਾਰੀ ਬੀ ਹਾਲਤ ਅਸਮਾਨ ਮਾ ਤੇ ਗਿਰਕੈ ਖਜੂਰ ਮਾ ਅਟਕਣੇ ਆਲੀ ਹੋ ਜਹੈ ਤੀ। ਘਰ ਕੇ ਮਾਨੂੰ ਕਿਸੀ ਨਾ ਕਿਸੀ ਕੰਮ ਮਾ ਫਸਾਕੈ ਰੱਖੈਂ ਤੇ। ਗੈਲ ਕੇ ਆੜੀਆਂ ਨੂੰ ਜਦ ਹਮੈਂ ਖੇਲਦੇ ਦੇਖੈਂ ਤੇ ਬਸ ਅੰਦਰੇ ਅੰਦਰ ਮਨ ਮਾ ਖਿਝੀ ਜਹੈਂ ਤੇ। ਬਾਕੀ ਦਿਨਾਂ ਮਾ ਬੀ ਸੰਝ ਸਵੇਰ ਘਰ ਕੇ ਛੋਟੇ ਮੋਟੇ ਕੰਮਾਂ ਮਾ ਅਲਝਾ ਲਹੈਂ ਤੇ। ਪੜ੍ਹਾਈ ਬੀ ਸੁਆਹ ਹੋਐ ਤੀ। ਸਕੂਲ ਕਾ ਕੰਮ ਘੱਟ ਅਰ ਘਰ ਦਾ ਕੰਮ ਬੱਧ ਹੋਐ ਤਾ। ਉਹ ਦਿਨ ਕਿਹੜਾ ਜਦ ਸਕੂਲ ਮਾ ਡੰਡਾ ਪਰੇਡ ਨੀ ਹੋਐ ਤੀ। ਕਟਾਈ ਖਾ ਖਾ ਕੈ ਚੀੜ੍ਹੇ ਹੋਗੇ। ਹੱਥ ਬੀ ਪੱਥਰ ਹੋਗੇ। ਘਰਾਂ ਆ ਕੈ ਬੀ ਨੀ ਦੱਸੈਂ ਤੇ।

ਬਾਪੂ ਉਨੈ ਤਿੰਨ ਭਾਈ ਤੇ। ਤਿੰਨੇ ਓ, ਅ ਤੇ ਕੋਰੇ ਈ ਤੇ। ਤਾਇਆ ਤਾਂ ਮਾਰ੍ਹਾ ਛੜਾ ਈ ਤਾ। ਹਮੈਂ ਦੋ ਭਾਈ ਅਰ ਇਕ ਭੈਣ ਤਿੰਨ ਜਣੇ ਤੇ। ਚਾਚੇ ਕਾ ਬੀ ਨਮਾ ਨਮਾ ਬਿਆਹ ਹੋਇਆ ਤਾ। ਬਾਪੂ ਅਰ ਤਾਇਆ ਤਾਂ ਸਾਝਰੈ ਈ ਖੇਤਾਂ ਨੂੰ ਚਲੇ ਜਹੈਂ ਤੇ। ਚਾਚਾ ਡੰਗਰਾਂ ਨੂੰ ਸਾਂਭੈ ਤਾ। ਹਮੈਂ ਕਾਹਲੀ ਮਾ ਘਰ ਕੇ ਕੰਮ ਨਬੇੜ ਕੈ ਸਕੂਲ ਨੂੰ ਚਲੇ ਜਹੈਂ ਤੇ। ਛੁੱਟੀ ਆਲੇ ਦਿਨ ਪੈਹਾ ਕੰਮ ਤਾਂ ਖੇਤਾਂ ਮਾ ਬਾਪੂ ਉਨ੍ਹਾਂ ਕੀ ਹਾਜਰੀ ਲੈ ਕੈ ਜਾਣਾ ਹੋਐ ਤਾ। ਬਸ ਫੇਰ ਤਾਂ ਉੱਥੈ ਈ ਫਸ ਜਹੈਂ ਤੇ। ਆਪਣੀ ਗੈਲ ਲਾ ਲਹੈਂ ਤੇ। ਘਰਾਂ ਨੂੰ ਨੀ ਮੁੜਨ ਦਹੈਂ ਤੇ। ਹਮੈਂ ਟਾਲਾ ਲਾਣਾ ਬਈ ਸਕੂਲ ਕਾ ਕੰਮ ਕਰਨਾ। ਤਾਂ ਬੀ ਔਖੇ ਹੋਕੈ ਭੇਜੈਂ ਤੇ ਅਰ ਕਹੈਂ ਤੇ "ਚੰਗਾ ਫੇਰ ਜਾਂਦਾ ਬਾ ਕੱਖਾਂ ਕੀ ਪੰਡ ਲੇਜੀਂ।" ਖੇਤ ਕਿਹੜੇ ਨੇੜੈ ਹੋਐਂ ਤੇ। ਸਿਰ ਪਰ ਪੰਡ, ਗਰੌਂ ਤੱਕ ਆਂਦੇ ਆਂਦੇ ਦੁਪੈਹਰ ਹੋ ਜਹੈ ਤੀ। ਖੇਲਣੇ ਕੀਆਂ ਸਕੀਮਾਂ ਬਣੀਆਂ ਬਣਾਈਆਂ ਰੈਹ ਜਹੈਂ ਤੀਆਂ।

ਕਸੂਰ ਬਾਪੂ ਉਨ੍ਹਾਂ ਕਾ ਬੀ ਨੀ ਤਾ। ਅੱਗੈ ਕਿਹੜੈ ਮਸ਼ੀਨਰੀ ਹੋਐ ਤੀ। ਖੇਤੀ ਬੌਲਦਾਂ ਗੈਲ ਹੋਐ ਤੀ। ਰਸਤੇ ਬੀ ਕੱਚੇ ਹੋਐਂ ਤੇ। ਬੋਝ ਭਾਰ ਕਾ ਕੰਮ ਬੌਹਤਾ ਕਰਕੈ ਸਿਰਾਂ ਪਰੇ ਹੋਐ ਤਾ। ਬਾਰ ਬਾਰ ਗੱਡਾ ਜੋੜ ਕੈ ਖੇਤਾਂ ਨੂੰ ਜਾਣਾ ਸੌਖਾ ਨੀ ਤਾ। ਗੈਲੇ ਹਰੇਕ ਜੱਟ ਪਾ ਗੱਡਾ ਹੋਐ ਬੀ ਨੀ ਤਾ। ਲੋਕ ਇਕ ਦੂਏ ਤੇ ਮੰਗਕੈ ਕੰਮ ਸਾਰ ਲਹੈਂ ਤੇ। ਜਿਸ ਜੱਟ ਪਾ ਗੱਡਾ ਹੋਐ ਤਾ ਉਸਕੀ ਸਰਦਾਰੀ ਸਮਝੈਂ ਤੇ। ਉਨ੍ਹਾਂ ਦਿਨਾਂ ਮਾ ਸੈਕਲ ਬੀ

ਕਿਸੀ ਕਿਸੀ ਪਾ ਹੋਐ ਤਾ। ਛੁੱਟੀ ਆਲੇ ਦਿਨ ਇਕ ਹੋਰ ਡਰ ਹੋਐ ਤਾ ਬਈ ਕਿਤੀ ਘਰ ਕੇ ਆਟਾ ਪਿਹਾਣ ਨਾ ਭੇਜ ਦਹੈਂ। ਗਰੌਂ ਮਾ ਤਾਂ ਚੱਕੀ ਹੋਐ ਨੀ ਤੀ। ਦੋ ਮੀਲ ਪਰ ਗੈਲ ਕੇ ਗਰੋਂ ਮਾ ਜਾਣਾ ਪਬੈ ਤਾ। ਫੇਰ ਚੱਕ ਕੈ ਬੀ ਸਿਰ ਪਰ ਲਜਾਣਾ ਪਬੈ ਤਾ। ਰਾਹ ਬੀ ਕੱਚਾ ਹੋਐ ਤਾ। ਜਿੱਦਣ ਆਟਾ ਪਿਹਾਣੇ ਕੀ ਬਾਰੀ ਲਗ ਜਹੈ ਤੀ ਬੱਸ ਮੌਤ ਪੈ ਜਹੈ ਤੀ। ਜਦ ਮਰਜੀ ਪਿਹਾਣ ਚਲੇ ਜਾਓ ਬਸ ਦਿਨ ਛਿਪੇ ਤੇ ਪੈਹਲਾਂ ਕਦੀ ਨੀ ਮੁੜੈਂ ਤੇ। ਜਾਂਦੇ ਬੇ ਤਾਂ ਚਲੇ ਜਹੈਂ ਤੇ ਪਰ ਆਂਦੇ ਬੇ ਆਟੇ ਕੀ ਗਰਮੈਸ ਗੈਲ ਸਿਰ ਘੁੰਮ ਜਹੈ ਤਾ।

ਚਾਚੇ ਨੂੰ ਬਿਆਹ ਮਾ ਦਾਜ ਮਾ ਸੈਕਲ ਮਿਲਿਆ ਤਾ। ਉਸ ਟੈਮ ਕਾ ਸੈਕਲ ਅੱਜ ਕੀ ਕਾਰ ਕੇ ਬਰੋਬਰ ਤਾ। ਬਸ ਫੇਰ ਮਾਹ੍ਰੀ ਥੋੜੀ ਜੀ ਫਟੀਕ ਘੱਟਗੀ। ਫੇਰ ਚਾਚਾ ਈ ਆਟਾ ਪਿਹਾਕੈ ਲਿਆਬੈ ਤਾ। ਫੇਰਬੀ ਕਦੀ ਕਦੀ ਮਾਹ੍ਰੀ ਬਾਰੀ ਲਗ ਜਹੈ ਤੀ। ਮਾਹ੍ਰੀ ਬੀ ਝਾਕ ਸੈਕਲ ਪਰ ਹੋਐ ਤੀ। ਮਾਨ੍ਹੂੰ ਨਾ ਤਾ ਸੈਕਲ ਚਲਾਣਾ ਆਬੈ ਤਾ, ਨਾ ਹੀ ਮਾਨ੍ਹੂੰ ਕੋਈ ਸੈਕਲ ਦਹੈ ਤਾ। ਬਸ ਰੋੜਨਾ ਈ ਆਬੈ ਤਾ। ਆਟਾ ਪਿਹਾਣੇ ਬਾਸਤੈ ਹਮੈਂ ਜਿੱਦ ਕਰਕੈ ਸੈਕਲ ਲੇ ਜਹੈਂ ਤੇ। ਕਣਕ ਕਾ ਭਰਿਆ ਬਾ ਥੈਲਾ ਸੈਕਲ ਕੇ ਪਿੱਛੈ ਕੈਰੀਅਰ ਪਰ ਰੱਖ ਲੇਣਾ। ਸੈਕਲ ਕੀ ਪਰਾਣੀ ਟੀਪ ਗੈਲ ਬੰਨ ਕੈ ਕੱਚੀ ਸੜਕ ਨੂੰ ਪੈ ਜਹੈਂ ਤੇ। ਕਈ ਗੇਲੀਂ ਉੱਚੇ ਨੀਮੇ ਥੌ ਪਰ ਡੈਹਕਾ ਲਗਗੈ ਮੂਹਰੇ ਤੇ ਚਕਿਆ ਜਹੈ ਤਾ। ਪਿੱਛੈ ਭਾਰ ਹੋਣੇ ਕਰਕੈ ਸੈਕਲ ਉਲਟ ਜਹੈ ਤਾ। ਫੇਰ ਖਾਸਾ ਲਟਾ ਪੀਂਘ ਹੋਣਾ ਪਬੈ ਤਾ। ਕਿਸੀ ਆਂਦੇ ਜਾਂਦੇ ਕੀ ਮਦੈਦ ਗੈਲ ਸਿੱਧਾ ਕਰੈਂ ਤੇ। ਫੇਰ ਸੈਕਲ ਨੂੰ ਸਖਾਲਾ ਰੋੜਣੇ ਬਾਸਤੈ ਥੈਲਾ ਬਿਚਾਲੈ ਰੱਖ ਲਹੈਂ ਤੇ।

ਅੱਗੈ ਕਿਹੜੇ ਚੱਕੀ ਚਲਦੀ ਮਿਲੈ ਤੀ। ਦਪੈਹਰ ਤੇ ਬਾਅਦ ਜਦ ਖਾਸਾ ਪੀਹਣਾ ਕੱਠਾ ਹੋ ਜਹੈ ਤਾ ਫੇਰ ਕਿਤੀ ਜਾਕੈ ਲਾਲਾ ਚੱਕੀ ਚਲਾਬੈ ਤਾ ਜਿਨ੍ਹਾਂ ਪਾ ਟੈਮ ਨੀ ਹੋਐ ਤਾ ਉਹ ਤਾਂ ਰੱਖ ਕੈ ਈ ਮੁੜ ਜਹੈਂ ਤੇ। ਲਾਲਾ ਗੈਲ ਕੀ ਗੈਲ ਕਾਪੀ ਮਾ ਨੌਂ, ਨੰਬਰ ਅਰ ਵਜਨ ਲਿਖ ਲਹੈ ਤਾ। ਨੀਲ ਯਾ ਗੇਰੂ ਰੰਗ ਗੈਲ ਥੈਲੇ ਪਰ ਬੀ ਨੰਬਰ ਲਿਖ ਦਹੈ ਤਾ ਬਈ ਕਿਸੀ ਕਾ ਥੈਲਾ ਔਟੱਲ ਏ ਨਾ ਜਹੈ। ਮਾਨ੍ਹੂੰ ਤਾਂ ਆਟਾ ਪਿਹਾਕੈ ਈ ਮੁੜਨਾ ਪਬੈ ਤਾ। ਚੱਕੀ ਪਰ ਬੀ ਰੌਲਾ ਪੈ ਜਹੈ ਤਾ। ਛੋਲੇ, ਬੇਰੜਾ, ਕਣਕ ਅਰ ਮੱਕੀ ਲੈਹਦੀ ਲੈਹਦੀ ਪੀਹ ਹੋਐਂ ਤੀ। ਖਿਆਲ ਰਖੈਂ ਤੇ ਬੀ ਕਿਤੀ ਛੋਲਿਆਂ ਅਰ ਬੇਰੜੇ ਗੈਲ ਕਣਕ ਨਾ ਲਗ ਜਹੈ। ਜਦ ਛੌਂ ਸਸਤੇ ਅਰ ਕਣਕ ਮਹਿੰਗੀ ਹੋਐ ਤੀ। ਆਪਣੀ ਬਾਰੀ ਗੈਲ ਸਾਰੇ ਈ ਪਿਹਾਕੈ ਮੁੜੈਂ ਤੇ।

ਕਈ ਗੇਲੀਂ ਬਾਪੂ ਉਨ੍ਹਾਂ ਨੈ ਗੱਡਾ ਈ ਜੋੜ ਲੇਣਾ। ਬੌਲਦਾਂ ਬਾਸਤੈ ਛੋਲੇ ਬੀ ਪਿਹਾਕੈ ਲਿਆਣੇ ਹੋਐਂ ਤੇ ਅਰ ਦੈੜ ਬੀ ਕਢਾ ਲਿਆਮੈ ਤੇ। ਗੈਲੇ ਬਾਪੂ ਕਹੈ ਤਾ ਬਈ ਥੋੜੇ ਥੋੜੇ ਪਿਹਾਣੇ ਮਾ ਤਾਂ ਬਰਕਤ ਈ ਨੀ ਪੈਂਦੀ। ਗੱਡੇ ਪਰ ਖਾਸਾ ਪੀਹਣਾ ਰੱਖ ਲਹੈਂ ਤੇ

। ਰਾਹ ਮਾ ਕੋਈ ਜੇ ਮਿਲ ਜਹੈ ਤਾ ਉਸ ਕਾ ਪੀਹਣਾ ਬੀ ਰਖਾ ਲੇਣਾ। ਸਿਆਲੇ ਮਾ ਸਰ੍ਹੋਂ ਕੇ ਸਾਗ ਅਰ ਮੱਕੀ ਕੀ ਰੋਟੀਆਂ ਪਰ ਜ਼ੋਰ ਹੋਐ ਤਾ। ਤਾਏ ਉਨ੍ਹਾਂ ਨੈ ਕੈਹਣਾ "ਇਨ੍ਹਾਂ ਚੱਕੀਆਂ ਪਰ ਮੱਕੀ ਕੇ ਆਟੇ ਕੀ ਪਿਹਾਈ ਉਤਰਾਂ ਕੀ ਨੀ ਹੁੰਦੀ ਜਿਤਰਾਂ ਘਰਾਟਾਂ ਆਲੀਆਂ ਚੱਕੀਆਂ ਪਰ ਹੋਆ। ਘਰਾਟ ਕੇ ਪੀਹੇ ਬੇ ਮੱਕੀ ਕੇ ਆਟੇ ਮਾ ਚੰਗੀ ਲੇਸ ਹੋਆ ਅਰ ਰੋਟੀ ਕਾ ਬੀ ਆਪਣਾ ਈ ਸੁਆਦ ਐ। ਗੈਲੇ ਮਾਨੂੰ ਇਕ ਰੋਟੀ ਕਾ ਈ ਅਮਲ ਐ, ਜੇ ਉਹ ਬੀ ਰੱਜ ਕੈ ਚੱਜ ਗੈਲ ਨਾ ਖਾਈ ਫੇਰ ਕਾਸ ਕਾ ਜੀਉਣਾ।"

ਕਣਕ ਕੀ ਬੀਜਾਈ ਤੇ ਬਾਅਦ ਟੈਮ ਕੱਢਕੇ ਘਰਾਟਾਂ ਨੂੰ ਜਾਣੇ ਕਾ ਜੁਗਾੜ ਬਣਾ ਲਹੈਂਤੇ। ਉਨ੍ਹਾਂ ਦਿਨਾਂ ਮਾ ਰਾਹ ਬੀ ਸੁੱਕ ਜਹੈਂ ਤੇ ਅਰ ਮੀਂਹ ਕਣੀ ਕਾ ਡਰ ਬੀ ਘਟ ਜਹੈ ਤਾ। ਘਰਾਟਾਂ ਨੂੰ ਜਾਣਾ ਕਿਹੜੈ ਸੌਖਾ ਤਾ। ਪੈਹਲ ਤਾਂ ਗੱਡੇ ਨੂੰ ਈ ਦੇਖੈਂ ਤੇ। ਜਿੱਤਰਾਂ ਅੱਜ ਕੱਲ੍ਹ ਲੰਬੇ ਸਫਰ ਪਰ ਜਾਣੇ ਤੇ ਪੈਹਲਾਂ ਮੋਟਰਾਂ, ਕਾਰਾਂ ਕਾ ਤੇਲ, ਪਾਣੀ, ਹਵਾ ਚੈੱਕ ਕਰਾਂ ਉੱਤਰਾਂ ਈ ਗੱਡੇ ਨੂੰ ਦੇਖੈਂ ਤੇ। ਪੈਹਲਾਂ ਤਾਂ ਗੱਡੇ ਕੀ ਮਜ਼ਬੂਤੀ ਦੇਖੈਂ ਤੇ ਕਿਤੀ ਰਾਹ ਮਾ ਈ ਨਾ ਧੋਖਾ ਦੇ ਜਹੈ। ਗੈਲੇ ਗੱਡੇ ਨੂੰ ਜਾਣੇ ਤੇ ਪੈਹਲਾਂ ਜੰਦ ਲਹੈਂ ਤੇ ਅਰ ਨੈੜਨਾ ਬੀ ਚੰਗੀ ਤਰ੍ਹਾਂ ਕਸ ਕੈ ਬੰਨ੍ਹੈ ਤੇ। ਜੰਦਣੇ (ਗਰੀਸ ਕਰਨੇ) ਤੇ ਗੱਡਾ ਰੈਲਾ ਚਲਾ। ਬੌਲਦਾਂ ਕਾ ਜ਼ੋਰ ਬੀ ਘੱਟ ਲਗਾ। ਗੱਡਾ ਬਾੜੇ ਮਾ ਛਤੜੇ ਤਲੈ ਖੜਾਐ ਤੇ। ਮੀਂਹ ਕਣੀ ਤੇ ਸੰਭਾਲ ਰਖੈਂ ਤੇ। ਬਾੜੇ ਮਾ ਖੜਿਆਂ ਨੂੰ ਬਾਪੂ ਨੈ ਕੈਹਣਾ, "ਜਾਹ ਕੋਠੇ ਮਾ ਤੇ ਸੰਧਵਾਈ (ਜੈੱਕ) ਚੱਕ ਕੈ ਲਿਆ। ਫੇਰ ਘਰਾਂ ਤੇ ਗਰੀਸ ਕਾ ਡੱਬਾ ਅਰ ਸਣ ਕੀਆਂ ਲੁੰਡੀਆਂ ਲਿਆਈਂ। ਜੇ ਗਰੀਸ ਨਾ ਹੋਈ ਤਾਂ ਕੌਲੀ ਮਾ ਖਾਸੀ ਸਾਰੀ ਮੱਖਣੀ ਪੁਆ ਲਿਆਈਂ।" ਮੇਰੇ ਘਰ ਤੇ ਮੁੜਦੇ ਨੂੰ ਬਾਪੂ ਨੈ ਗੱਡਾ ਟੇਡਾ ਕਰਕੈ ਸੰਧਵਾਈ ਪਰ ਖੜਾਇਆ ਬਾ ਹੋਣਾ। ਟਕਾਣੀਆਂ ਮਾ ਤੇ ਪਿੰਜਣੀ ਕਢਕੈ ਪਹੀਆ ਬੀ ਬਾਹਰ ਕੱਢ ਲੇਣਾ। ਗੱਡਾ ਜੰਦਣਾ ਬੀ ਹਰੇਕ ਕੇ ਬਸ ਮਾ ਨੀ ਤਾ। ਯੌਹ ਕੰਮ ਬੀ ਜੋਰ ਆਲਾ ਈ ਕਰ ਸਕੈ ਤਾ। ਫੇਰ ਬਾਪੂ ਨੈ ਸਣ ਕੀ ਲੁੰਡੀ ਲੇਣੀ ਅਰ ਮਖਣੀ ਗੈਲ ਚੰਗੀ ਤਰ੍ਹਾਂ ਗਿੱਲੀ ਕਰ ਲੇਣੀ। ਫੇਰ ਉਹ ਚੰਗੀ ਤਰ੍ਹਾਂ ਧੁਰੇ ਗੈਲ ਲਪੇਟ ਦੇਣੀ। ਪਹੀਆ ਚੜਾਣੇ ਬਾਸਤੈ ਸੱਬਲਾਂ ਕਾ ਸਹਾਰਾ ਲਹੈਂ ਤੇ। ਇੱਤਰਾਂ ਜ਼ੋਰ ਘੱਟ ਲਗੈ ਤਾ। ਪਹੀਆ ਚੱਕਣਾ ਕਿਹੜੈ ਸੌਖਾ ਕੰਮ ਤਾ। ਪਹੀਏ ਕੇ ਦੋਏ ਪਾਸੀਂ ਟੁੱਟੀ ਬੀ ਜੁੱਤੀ ਕੇ ਚੰਮ ਕੀਆਂ ਕੱਥਾਂ (ਵਾਸਲਾਂ) ਬਣਾ ਕੈ ਚੜਾ ਦਹੈਂ ਤੇ। ਫੇਰ ਦੂਏ ਪਾਸੇ ਕੇ ਪਹੀਏ ਨੂੰ ਬੀ ਇੱਤਰਾਂ ਈ ਜੰਦ ਦਹੈਂ ਤੇ। ਇੱਤਰਾਂ ਗੱਡਾ ਰੈਲਾ ਹੋ ਜਹੈ ਤਾ। ਪਹੀਏ ਪਰ ਚੜ੍ਹੇ ਬੇ ਲੋਹੇ ਕੇ ਹਾਲਾਂ ਕੀ ਬੀ ਫਾਲਾਂ ਲਾਕੈ ਢਿੱਲ ਚੱਕ ਦਹੈਂ ਤੇ ਬਈ ਕਿਤੀ ਰਾਹ ਮਾ ਈ ਨਾ ਉਤਰ ਜਹੈਂ। ਪੰਜਾਲਾ ਨੈੜਨੇ ਕਾ ਖਾਸ ਧਿਆਨ ਰੱਖੈਂ ਤੇ। ਨੈੜਨੇ ਮਾ ਤਾਇਆ ਈ ਮਾਹਰ ਤਾ। ਕਈ ਗੋਲੀਂ ਤਕੜੇ ਬੌਲਦ ਨੈੜਨਾ ਤੋੜ ਕੈ ਅੱਗੇ ਲੰਘ ਜਹੈਂ ਤੇ ਅਰ ਗੱਡਾ ਉੱਲਲ ਜਹੈ ਤਾ। ਘਰਾਟਾਂ ਨੂੰ ਜਾਂਦੇ ਬੇ ਚੜ੍ਹਾਈ ਹੋਐ ਤੀ। ਉੱਲਲਣੇ ਤੇ ਗੱਡੇ ਕੇ ਪਿੱਛੇ ਅਲਾਲੂ ਬੀ ਸਵਾਰ ਕੈ ਬੰਨ ਲਹੈਂ ਤੇ।

ਭਮਾ ਮੀਂਹ ਕਣੀ ਕਾ ਡਰ ਨੀ ਹੋਐ ਤਾ। ਤਾਂ ਬੀ ਗੱਡੇ ਪਰ ਸਿਰਕੀ ਬੰਨ੍ਹ ਲਹੈਂ ਤੇ। ਅਗਲੀਆਂ ਟਕਾਣੀਆਂ ਕੇ ਜਾਤੂਆਂ ਗੈਲ ਡਾਰਾਂ ਬੰਨ੍ਹ ਕੈ, ਉਨ੍ਹਾਂ ਮਾ ਨੂੰ ਬਾਂਸ ਲੰਘਾ ਕੈ, ਤਿਰਛੀ ਜੀ ਛੱਤ ਪਾ ਲਹੈਂ ਤੇ। ਇੱਤਰਾਂ ਪਰਦਾ ਬੀ ਬਣ ਜਹੈ ਤਾ। ਗੱਡੇ ਮਾ ਸੰਝ ਨੂੰ ਈ ਬੋਰੀਆਂ ਅਰ ਥੈਲਿਆਂ ਮਾ ਦਾਣੇ ਪਾਕੈ ਲੱਦ ਲਹੈਂ ਤੇ। ਬੌਲਦਾਂ ਬਾਸਤੈ ਦਾਣਾ ਫੱਕਾ ਅਰ ਕੱਖ ਕੰਡਾ ਪੱਲੀ ਮਾ ਬੰਨ ਲੇਣਾ। ਕਹੀ, ਕੁਹਾੜੀ, ਡਹੀਆਂ, ਰੱਸਾ, ਪਾਣੀ ਵਾਸਤੈ ਬਾਲਟੀ ਬੀ ਸੰਭਾਲ ਕੈ ਰੱਖ ਲੇਣੀ। ਤਵਾ, ਪਤੀਲੀ ਅਰ ਹੋਰ ਬਰਤਨ ਲੋੜ ਮਤਾਬਕ ਹੇਠਾਂ ਭੰਡਾਰੀ ਮਾ ਰੱਖ ਲੇਣੇ। ਭੰਡਾਰੀ ਨੂੰ ਜਿੰਦੀ ਲਗ ਜਹੈ ਤੀ। ਯੌਹ ਪੂਰੇ ਸਟੋਰ ਕਾ ਕੰਮ ਕਰੈ ਤੀ। ਬੌਹਤਾ ਕਰਕੈ ਤਾਇਆ ਈ ਘਰਾਟਾਂ ਨੂੰ ਜਾਏ ਕਰੈ ਤਾ। ਤਾਇਆ ਸੰਮਾ ਆਲੀ ਡਾਂਗ ਗੈਲ ਰੱਖੈ ਤਾ। ਤਾਏ ਕਾ ਕੈਹਣਾ ਤਾ ਬਈ ਡਾਂਗ ਕਾ ਤਾਂ ਰੱਬ ਵਰਗਾ ਆਸਰਾ ਹੋਆ। ਡਾਂਗ ਗੈਲ ਬੰਦਾ ਆਪਣੇ ਆਪ ਨੂੰ ਕੱਲਾ ਨੀ ਸਮਝਦਾ।

ਘਰਾਟਾਂ ਨੂੰ ਗਰੋਂ ਮਾ ਤੇ ਕੱਲਾ ਗੱਡਾ ਨੀ ਜਹੈ ਤਾ। ਸਗੋਂ ਤਿੰਨ ਚਾਰ ਹੋਰ ਗੱਡੇ ਆਲੇ ਬੀ ਕੱਠੇ ਹੋਕੈ ਜਾਏ ਕਰੈਂ ਤੇ। ਹਰੇਕ ਗੱਡੇ ਆਲਾ ਆਪਣੀ ਗੈਲ ਇਕ ਸਾਥੀ ਨੂੰ ਲੇ ਜਹੈ ਤਾ। ਤਾਇਆ ਆਪਣੇ ਸੀਰੀਂ ਗੈਲ ਰੱਖੈ ਤਾ। ਉਸਕਾ ਬੋਲ ਬੀਰਕ ਜਨਾਨੀਆਂ ਬਰਗਾ ਤਾ ਪਰ ਗ ਬਾਤ ਕਾ ਬੜਾ ਸਿਆਣਾ ਤਾ। ਤਿੰਨ ਚਾਰ ਗੱਡੇ ਆਲਿਆਂ ਨੈ ਇਕ ਬੀਂਡੀ ਬੀ ਗੈਲ ਲੇ ਜਾਣਾ। ਰੱਬ ਨਾ ਕਰੈ ਕੋਈ ਬੌਲਦ ਢਿੱਲਾ ਮੱਠਾ ਹੋ ਜਹੈ। ਆਂਢ ਗੁਆਂਡ ਕੇ ਬੀ ਆਪਣੇ ਆਪਣੇ ਦਾਣੇ ਰੱਖ ਦਹੈਂ ਤੇ। ਐਂ ਬੀ ਸੋਚੈਂ ਤੇ ਬੀ ਅੱਜ ਹਮੈਂ ਇਨ੍ਹਾਂ ਕੇ ਪਿਹਾਕੈ ਲਿਆਊਂਗੇ ਤਾਂ ਕੱਲ੍ਹ ਨੂੰ ਇਹ ਮਾਰ੍ਹੇ ਬੀ ਪਿਹਾ ਕੈ ਲਿਆ ਸਕਾਂ। ਚਾਲ ਬਣ ਜਹਾ। ਇਕ ਦੂਏ ਕੇ ਕੰਮ ਮਾ ਹੱਥ ਬਟਾਮੈ ਤੇ। ਗੈਲੇ ਗੱਲਾਂ ਬਾਤਾਂ ਮਾ ਸਫਰ ਸਖਾਲਾ ਮੁੱਕੈ ਤਾ। ਆਸਰਾ ਤਾਂ ਸਭ ਨੂੰ ਉੱਪਰ ਆਲੇ ਕਾਈ ਐ ਪਰ ਘਰ ਤੇ ਬਾਹਰ ਬੰਦੇ ਨੂੰ ਬੰਦੇ ਕਾ ਈ ਸਹਾਰਾ ਹੋਆ।

ਤੜਕ ਸਾਰ ਰੋਟੀ ਖਾਕੈ ਗੱਡੇ ਛੇੜ ਲਹੈਂ ਤੇ। ਦਪੈਹਰ ਅਰ ਸੰਝ ਕੀ ਰੋਟੀ ਗੈਲ ਬੰਨ ਲਹੈਂ ਤੇ। ਅਗਲੇ ਦਿਨਾਂ ਬਾਸਤੈ ਸੁਰਖ ਆਲੂ, ਗਠੇ, ਅੰਬ ਕਾ ਅਚਾਰ, ਲੂਣ, ਮਿਰਚ, ਚਾਹਪੱਤੀ ਸਾਂਭ ਕੈ ਭੰਡਾਰੀ ਮਾ ਰੱਖ ਲਹੈਂ ਤੇ। ਛੋਲਿਆਂ ਕੇ ਭੁੰਨੇ ਬੇ ਦਾਣੇ ਅਰ ਗੁੜ ਕੀਆਂ ਭੇਲੀਆਂ ਬੀ ਰੱਖ ਲੇਣੀਆਂ। ਗੁੜ ਆਪ ਬੀ ਖਾਣਾ ਅਰ ਬੌਲਦਾਂ ਨੂੰ ਬੀ ਖਲਾਣਾ। ਗੁੜ ਖਾਕੈ ਬੌਲਦ ਬੀ ਕੰਡੇ ਪਰ ਹੋ ਜਹੈਂ ਤੇ। ਦੁੱਧ ਬੀ ਬੋਤਲਾਂ ਮਾ ਪਾ ਲਹੈਂ ਤੇ। ਉਨ੍ਹਾਂ ਦਿਨਾਂ ਮਾ ਰਸਤੇ ਕੱਚੇ ਈ ਤੇ ਬਸ ਇਕੋ ਸੜਕ ਪੱਕੀ ਤੀ। ਉਸੀ ਨੂੰ ਗੈਲ ਕੇ ਗਰੋਆਂ ਆਲੇ ਬੀ ਆਮੈਂ ਤੇ। ਮੋਦੀ ਕੀ ਲਾਲਟਣ ਬੀ ਮੂਹਰੇ ਗੋਡੀਏ ਕੋਲ ਨੂੰ ਲਟਕਾ ਲਹੈਂ ਤੇ। ਨੇੜ੍ਹੇ ਮਾ ਉਸਨੂੰ ਦੇਖਕੈ ਆਣੇ ਜਾਣੇ ਆਲਾ ਖਬਰਦਾਰ ਰਹੈ ਤਾ। ਕਈ ਗੇਲੀਂ ਬਾੜੇ ਮਾ ਡੰਗਰਾ ਪਾ ਰਹਿੰਦਾ ਕੁੱਤਾ ਬੀ ਮਾਲਕ ਕੀ ਗੈਲੇ ਹੋ ਲਹੈ ਤਾ। ਉਹ ਤਾਂ ਬੌਲਦਾਂ ਕੇ ਗੱਭੈ ਗੱਭੈ ਗੈਲ ਗੈਲ ਤੁਰੈ ਤਾ। ਉਹ ਤਾਂ ਐਂ ਸਮਝੈ ਤਾ ਬਈ ਗੱਡੇ ਕਾ ਭਾਰ ਉਹੀ ਖਿੱਚੀ

ਜਾਹਾ। ਕੁੱਤਾ ਆਲੇ ਦੁਆਲੇ ਕੀ ਬਿੜਕ ਬੀ ਰੱਖੈ ਤਾ। ਓਪਰੇ ਨੂੰ ਦੇਖਕੈ ਭੌਂਕੈ ਤਾ। ਕਿਸੀ ਨੂੰ ਗੱਡੇ ਕੇ ਨੇੜੈ ਨੀ ਲਗਣ ਦਹੈ ਤਾ। ਪੱਕੀ ਸੜਕ ਪਰ ਜਾਕੈ ਤਾਂ ਗੈਲ ਕੇ ਗਰੌਆਂ ਆਲੇ ਕਈ ਗੱਡੇ ਗੈਲ ਆ ਰਲੈਂ ਤੇ ਖਾਸੀ ਲਾਰ ਬਣ ਜਹੈ ਤੀ।

ਦਿਨ ਚੜ੍ਹਦੇ ਨੂੰ ਗੱਡੇ ਮਨੀ ਮਾਜਰੈ ਪੌਹਚ ਜਹੈਂ ਤੇ। ਉਥੈ ਖੁੱਲੀ ਜੀ ਥੌੜ ਦੇਖਕੈ ਕਿਸੀ ਖੂਹ ਪਾ ਦੋ ਢਾਈ ਘੰਟੇ ਬਾਸਤੈ ਰੁਕ ਜਹੈਂ ਤੇ। ਬੌਲਦਾਂ ਨੂੰ ਦਮ ਦੁਆਮੈ ਤੇ। ਕੱਖ ਕੰਡਾ ਅਰ ਪਾਣੀ ਬੀ ਦਖਾਣਾ। ਗੈਲੇ ਆਪ ਬੀ ਅਰਾਮ ਕਰ ਲਹੈਂ ਤੇ। ਇੱਟਾਂ ਖੜੀਆਂ ਕਰਕੈ ਚੁੱਲ੍ਹਾ ਬਣਾ ਲੇਣਾ ਅਰ ਢਿੱਖਰੀਆਂ ਕੱਠੀਆਂ ਕਰਕੈ ਅੱਗ ਬਾਲ ਕੈ ਪਤੀਲੀ ਮਾ ਚਾਹ ਧਰ ਦਹੈਂ ਤੇ। ਉਨ੍ਹਾਂ ਦਿਨਾਂ ਮਾ ਅਜੌਂ ਚੰਡੀਗੜ੍ਹ ਸ਼ੈਹਰ ਪੂਰਾ ਨੀ ਬਸਿਆ ਤਾ। ਕਾਲਕਾ ਨੂੰ ਜਾਣੇ ਆਲੀ ਪਰਾਣੀ ਸੜਕ ਬੀ ਕਿਤੀ ਕਿਤੀ ਚਾਲੂ ਤੀ। ਘਰਾਟਾਂ ਨੂੰ ਜਾਂਦੇ ਬੇ ਗੱਡਿਆਂ ਗੈ ਬਿੱਚ ਬਟੇ ਨੂੰ ਈ ਹੋ ਲਹੈਂ ਤੇ। ਘੂੰਮ ਕੈ ਜਾਣੇ ਮਾ ਟੈਮ ਲਗੈ ਤਾ। ਮੋਟਰ, ਕਾਰ ਅਰ ਸਕੂਟਰ ਤਾਂ ਕੋਈ ਕੋਈ ਰੜਕੈ ਤਾ। ਸੜਕਾਂ ਪਰ ਭੀੜ ਬੀ ਨੀ ਹੋਐ ਤੀ। ਬੱਸ, ਟਰੱਕ ਤਾਂ ਦਿਨ ਚੜ੍ਹੇ ਤੇ ਈ ਨਜ਼ਰ ਆਬੈ ਤਾ। ਬੌਲਦਾਂ ਨੂੰ ਥਾਪੀ ਦੇਕੈ ਫੇਰ ਜੋੜ ਲੇਣਾ ਅਰ ਘਰਾਣਾਂ ਕੰਨੀ ਨੂੰ ਚਾਲੇ ਪਾ ਦੇਣੇ। ਘਰਾਟਾਂ ਨੂੰ ਜਾਂਦੇ ਬੇ ਚੜ੍ਹਾਈ ਸ਼ੁਰੂ ਹੋ ਜਹੈ ਤੀ। ਬੌਲਦਾਂ ਕਾ ਬੀ ਜੋਰ ਲਗੈ ਤਾ।

ਉਨ੍ਹਾਂ ਦਿਨਾਂ ਮਾ ਮਾਜਰੀ ਤੇ ਲੈਕੇ ਚੰਡੀ ਮੰਦਰ ਤੱਕ ਖਾਸੇ ਘਰਾਟ ਹੋਐਂ ਤੇ। ਕਿੱਕਰਾਂ ਆਲਾ ਘਰਾਟ, ਸੈਨੀ ਕਾ ਘਰਾਟ, ਨੰਦ ਘਰਾਟ ਅਰ ਪੱਕਾ ਘਰਾਟ ਖਾਸੇ ਮਸ਼ਹੂਰ ਤੇ। ਹਰੇਕ ਘਰਾਟ ਪਰ ਪੰਜ ਪੰਜ ਛੇ ਛੇ ਚੱਕੀਆਂ ਹੋਐਂ ਤੀਆਂ। ਜੇ ਕਦੀ ਪਾਣੀ ਘੱਟ ਹੋਐ ਤਾਂ ਪਾਣੀ ਕਾ ਬਹੌ ਬਦਲ ਦਹੈਂ ਤੇ ਫੇਰ ਇਕ ਦੋ ਚੱਕੀ ਘੱਟ ਚਲਾਮੈ ਤੇ। ਮਾਰੇ ਗਰੌਂ ਕੇ ਗੱਡੇ ਕੱਠੇ ਇਕੋ ਘਰਾਟ ਪਰ ਜਹੈਂ ਤੇ। ਉੱਥੈ ਇਕ ਰਾਤ ਤਾਂ ਜਰੂਰ ਲੱਗ ਜਹੈ ਤੀ। ਕਈ ਗੇਲੀ ਭੀੜ ਹੋਣੇ ਕਰਕੈ ਦੋ ਤਿੰਨ ਰਾਤਾਂ ਬੀ ਠਹਿਰਨਾ ਪਬੈ ਤਾ। ਜੌਗਲ ਦਾਣੇ ਪੀਹ ਨੀ ਹੋਐਂ ਤੇ ਔਗਲ ਘਰਾਂ ਨੂੰ ਨੀ ਮੁੜੈਂ ਤੇ। ਤੀਏ ਚੌਥੇ ਦਿਨ ਬਾਪਸੀ ਹੋਐ ਤੀ। ਲੰਗਰ ਪਾਣੀ ਕਾ ਜਗਾੜ ਥੀ ਕੱਠਾ ਕਰ ਲਹੈਂ ਤੇ। ਪੈਹਲਾ ਦਿਨ ਤਾਂ ਘਰਾਂ ਤੇ ਬੰਨ੍ਹ ਕੈ ਲਿਆਈ ਬੀਆਂ ਰੋਟੀਆਂ ਗੈਲ ਲੰਘ ਜਹੈ ਤਾ। ਫੇਰ ਰਲ ਮਿਲਕੈ ਈ ਕੰਮ ਕਰੈਂ ਤੇ। ਕੋਈ ਰੋਟੀ ਪਾਣੀ ਕੀ ਤਿਆਰੀ ਮਾ ਜੁੱਟ ਜਹੈ ਤਾ, ਕੋਈ ਬਲਦਾਂ ਕਾ ਧਿਆਨ ਰੱਖੈ ਤਾ ਅਰ ਕੋਈ ਪਿਹਾਈ ਦੇਖੈ ਤਾ।

('ਪੁਆਧ ਕੇ ਘਰਾਟਾਂ ਕਾ ਆਟਾ' 'ਚੋਂ ਧੰਨਵਾਦ ਸਹਿਤ)

# 70 ਛੱਜੂ ਪੰਜੋਖਰੇ ਵਾਲਾ

ਯੋ ਭੀ ਕੁਦਰਤੀ ਬਾਤ ਆ, ਦਸ ਗੁਰੂ ਸਾਹਿਬਾਨ ਮਾਂ ਤੇ ਦੋ ਗੁਰੂ ਸਾਹਿਬਾਨ ਸ੍ਰੀ ਗੁਰੂ ਹਰਿ ਰਾਏ ਜੀ ਅਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸੱਤਵੇਂ ਅਰ ਅੱਠਵੇਂ ਗੁਰੂ, ਪਿਤਾ-ਪੁੱਤ ਦੋਇਆਂ ਕਾ ਜਨਮ ਇਸ ਪੁਆਧ ਕੀ ਪਵਿੱਤਰ ਧਰਤੀ ਕੀਰਤਪੁਰ ਕੇ ਬਿੱਚ ਹੋਇਆ।

ਯਾਰੋ, ਅੱਠਾਸੀ ਅੱਠਾਸੀ ਹਜਾਰ ਸਾਲ ਕੀ ਉਮਰ ਕੇ ਮਿਥਿਹਾਸਕ ਗ੍ਰੰਥਾਂ ਮਾ ਰਿਸੀਆਂ ਮੁਨੀਆਂ ਕਾ ਜਿਕਰ ਸੁਣਿਆ ਤਾ, ਪਰ ਪੰਜ ਸਾਲ ਤਿੰਨ ਮਹੀਨੇ ਕੀ ਉਮਰ ਕਾ ਭੀ ਕੋਈ ਗੁਰੂ ਹੋਆ, ਭਲਾ? ਪੰਜ ਪੰਜ ਸਾਲ ਕੇ ਬੱਚੇ ਤੋ ਉਸ ਵਕਤ ਜੀਜੀ ਚੁੰਘਦੇ ਹੋਆਂ ਤੇ। ਕੱਲ੍ਹ ਕੇ ਜੰਮੇ ਵੇ ਛੋਕਰੇ ਨੂੰ ਇਤਨੀ ਅਕਲ ਬੁੱਧੀ ਕਹਾਂ? ਬਈ ਔਹ ਗੁਰੂ ਬਣ ਜਾ। ਅਜੀਂ ਤਉ ਦੁੱਧ ਕੇ ਦੰਦ ਬੀ ਨੀ ਟੁੱਟੇ। ਅਜੀਂ ਚੰਗੀ ਤਰ੍ਹਾਂ ਜੰਮਿਆ ਬੀ ਨੀ, ਐਡਾ ਕ ਬੀ ਕੋਈ ਗੁਰੂ ਹੋਆ-ਨਿਆਣ ਮੱਤ। ਯੋਹ ਸਭ ਕੁਛ ਸੋਚ ਕਾ ਈ ਤਉ ਪੰਡਤ ਲਾਲ ਚੰਦ ਨੇ, ਮੱਥੇ ਮਾਂ ਸੱਤ ਤਿਊੜੀਆਂ ਪਾ ਕਾ, ਕਿਸੀ ਸਿੱਖ ਸਰਧਾਲੂ ਨੂੰ ਕਹਿ ਦੀਆ - "ਚੱਕੀ ਫਿਰਾਂ ਛੋਟੇ ਸੇ ਛੋਕਰੇ ਨੂੰ, ਨਾਂਉ ਰੱਖ ਲੀਆ, ਹਰਿ ਕ੍ਰਿਸਨ। ਜੇ ਯੋਹ ਸੱਚੀਉਂ ਕੋਈ ਆਤਮਕ ਤਾਕਤ ਵਾਲਾ ਤੋ ਕ੍ਰਿਸਨ ਭਗਵਾਨ ਜੀ ਕੀ ਓਚਾਰਨ ਕੀ ਬੀ ਗੀਤਾ ਕੇ ਕਿਸੀ ਸਲੋਕ ਕੇ ਅਰਥ ਤਉ ਕਰ ਕਾ ਦਖਾਵ੍ਹਾ।।"

"ਆਪਣਾ ਨਾਂਉ ਕ੍ਰਿਸਨ ਰੱਖ ਲੇਣਾ ਤਓ ਬਹੁਤ ਸੌਖਾ, ਪਰ ਉਸ ਵਰਗਾ ਬਣਨਾ ਕੋਈ ਸੌਖਾ ਕੰਮ ਆ। ਮੇਂਅ ਮੋਂਹੀ ਤੇ।" ਨੇ ਬੋਲ ਅੰਬਾਲੇ ਕੇ ਲਾਗ ਗਾਂਉ ਪੰਜੋਖਰੇ ਕੇ ਰਹਿਣੇ ਵਾਲੇ ਪੰਡਤ ਲਾਲ ਚੰਦ ਨੇ ਬੜੇ ਹੰਕਾਰ ਗੈਲ ਕਹੇ। ਬਾਤ ਬੀ ਠੀਕ ਤੀ, ਪੂਪਨੇ ਸਾਧ ਤਉ ਬਥੇਰੇ ਫਿਰਾਂ ਤੇ ਟੋਲਿਆਂ ਕੇ ਟੋਲੇ ਪਰ ਸਤਿਗੁਰੂ ਤਉ ਸਤਿਗੁਰੂ ਏ ਹੋਆ, ਗੁਰੂ ਹਰਿਕ੍ਰਿਸ਼ਨ ਜੀ ਨੇ ਪੰਡਤ ਲਾਲ ਚੰਦ ਨੂੰ ਬਹੁਤ ਧੀਰਜ ਗੈਲ ਕਿਹਾ "ਭਾਈ ਜੇ ਤੈਂ ਗੁਰੂ ਨਾਨਕ ਪਾਤਸਾਹ ਕੀ ਬਖਸਿਸ ਕੀ ਬਰਕਤ ਜ਼ਰੂਰੀਓ ਦੇਖਣੀ ਆਂ, ਤਉ ਨਗਰ ਮਾ ਤੇ ਕਿਸੀ ਇਕ ਬੰਦੇ ਨੂੰ ਲੀਆ। ਥਾਰੀ ਤਸੱਲੀ ਗੁਰੂ ਕੀ ਮਿਹਰ ਕੀ ਗੈਲ ਹਮ ਜਰੂਰ ਕਰਾਂਵਾਂਗੇ।"

ਲੇਓ ਜੀ, ਪੰਡਤ ਲਾਲ ਚੰਦ ਗਾਂਓ ਮਾ ਨੂੰ ਗਿਆ। ਇਕ ਝੀਉਰਾਂ ਕੇ ਛੋਕਰੇ ਨੂੰ ਲਿਆ ਕਾ ਮੂਹਰਾ ਖੜ੍ਹਾ ਕਰ ਦੀਆ। ਜਿਸ ਕਾ ਛੱਜੂ ਨਾਂਉ ਤਾ ਅਰ ਬਚਾਰਾ ਕੋਰਾ ਅਨਪੜ੍ਹ 'ਗੁੱਠਾ-ਟੇਕ' ਇੱਲ ਤੇ ਕੁੱਕੜ ਬੀ ਨਾ ਜਾਣਾ, ਦੇਖਣੇ ਨੂੰ ਬੀ ਸਧਾਰਣ ਜਾ।

ਬੱਸ! ਸਤਿਗੁਰੂ ਹਰਿਕ੍ਰਿਸ਼ਨ ਜੀ ਨੇ ਐਸੀ ਮਿਹਰ ਕੀ ਨਜਰ ਕਰੀ ਔਹ ਛੱਜੂ ਝੀਉਰ ਜਿਸ ਨੂੰ ਸਾਰੇ ਗਾਂਓ ਕੇ ਲੋਕ ਊਂਈ ਸਮਝੇ ਕਰਾਂ ਤੇ। ਬੜੇ ਭਾਰੀ ਵਿਦਵਾਨ ਕੀ ਤਰ੍ਹਾਂ

ਗੀਤਾ ਕੇ ਔਖੇ ਔਖੇ ਸਲੋਕਾਂ ਕੇ ਅਰਥ ਸਣਾਣ ਲਗ ਗਿਆ। ਪੰਡਤ ਸਲੋਕ ਉਚਾਰੇ ਕਰਾ ਅਰ ਛੱਜੂ ਗੈਲ ਗੈਲ ਅਰਥ ਕਰ ਕਾ ਸਣਾਵਾ। ਨਾਲੇ ਪੰਡਤ ਨੂੰ ਕਹਿਣ ਲਗਿਆ ਛੱਜੂ। ਪੰਡਤ ਜੀ, ਕਿਆ ਬਾਤ, ਸਲੋਕਾਂ ਕਾ ਸੁੱਧ ਉਚਾਰਨ ਕਿਉਂ ਨੀ ਕਰਦੇ? ਜੇ ਤਉਂ ਉਚਾਰਨੇ ਗਤ ਕਰਾਗਾ, ਮੈ ਅਰਥ ਸੁਆਹ ਕਰੂੰਗਾ। ਜਾਹ ਪਹਿਲਾ ਕਿਸੀ ਅੱਛੇ ਵਿਦਵਾਨ ਪਾ ਤੇ ਸੁੱਧ ਉਚਾਰ ਸਿੱਖ ਕਾ ਆ, ਊਂਈ ਨੀ ਭਿੜੇ ਕਰਦੇ ਜਣੇ ਖਣੇ ਗੈਲ, ਹੰਕਾਰਪਣੇ ਮਾ ਆ ਕਾ।"

ਬੱਸ! ਇਤਨੀਕ ਬਾਤਾਂ ਸੁਣ ਕਾ, ਪੰਡਤ ਕੀ ਤਉ ਸਾਰੀ ਫੂਕ ਨਿਕਲਗੀ। ਉਪਰ ਕਾ ਸਾਂਹ ਉਪਰ ਤਲੇ ਕਾ ਤਲਾ। ਪੈਰਾਂ ਤੇ ਲੇ ਕਾ ਸਿਰ ਕੀ ਬੋਦੀ ਤੱਕ ਤੂੰਤ ਕੀ ਛੱਟੀ ਜਿੱਤਰਾਂ ਕੰਬਿਆ।

ਕੱਦੂ ਕੀ ਡੰਡੀ ਜਿੱਤਰਾਂ ਸਿਰ ਪਰ ਖੜ੍ਹੀ ਬੋਦੀ ਬੀ ਇੱਕ ਬਾਰੀ ਡਾਵਾਂਡੋਲ ਸੀ ਹੋਈ। ਛੱਜੂ ਕੇ ਮੂੰਹ ਕੰਨੀ ਪੰਡਤ ਬਿਟਰ ਬਿਟਰ ਦੇਖ ਦਾ ਈ ਰਹਿ ਗਿਆ। ਦੌੜ ਦੇ ਕੀ, ਗੁਰੂ ਜੀ ਕੇ ਚਰਨਾਂ ਮਾ, ਗਿਰ ਗਿਆ, ਜਾਰੋ-ਜਾਰ ਰੋਣ ਲਗਿਆ। ਮੰਨੂੰ ਬਖਸੋ, ਮੈਂ ਬਾਰੀ ਕਾਲੀ ਗਊ, ਗਲਤੀ ਹੋਗੀ ਮੇਰੇ ਤੇ। ਸਹੀ ਬਾਤ ਆ, ਕਿਸੀ ਕਾ ਅੰਤ ਨੀ ਦੇਖਣਾ ਚਾਹੀਦਾ। ਮੈ ਗੁਨਾਹਗਾਰ ਆਂ। ਬਹੁਤ ਬੜਾ ਪਾਪੀ, ਘਰ ਆਈ ਗੰਗਾ ਮਾਂ ਮੈਂ ਨਾਹ ਨੀ ਸਕਿਆ। ਮ੍ਹਾਰੇ ਗਾਂਉ ਮਾ ਰੱਬ ਆਯਾ ਅਰ ਮੈ ਪਛਾਣ ਨੀ ਸਕਿਆ - ਮਨੂੰ ਬਖਸੋ, ਜੀ। ਇੱਧਰ ਸਤਿਗੁਰ ਸਦਾ ਦਇਆਲ ਹੈ ਭਾਈ, ਪਿਛਲੇ ਅਉਗਣ ਬਖਸਣ ਹਾਰਾ।। ਬਖਸ ਦੀਆ। ਪੰਡਤ ਲਾਲ ਚੰਦ ਫੇਰ ਬਾਅਦ ਮਾ ਕਹਿੰਦਾ ਕਹਾਉਂਦਾ ਸਿੱਖ ਬਣਿਆ ਅਰ ਇਧਰ ਉਸ ਛੱਜੂ ਝੀਵਰ ਨੂੰ ਗੁਰੂ ਜੀ ਨੇ ਅੱਛੇ ਕਪੜੇ ਪੁਆਏ ਬਖਸਸਾਂ ਕਰ ਕਾ ਪ੍ਰਚਾਰ ਕਰਨੇ ਬਾਸਤਾ ਜੰਗਨ ਨਾਥ ਪੁਰੀ ਕੰਨੀ ਭੇਜ ਦੀਆ।

"ਅਸਟਮ ਬਲਬੀਰਾ" ਕਿਤਾਬ ਕੇ ਮੁਤਾਬਕ ਇਸੀ ਛੱਜੂ ਝਿਊਰ ਕੀ ਬੰਸ ਮਾ ਤੇ ਪ੍ਰਸਿੱਧ ਗੁਰੂ ਕੇ ਪੰਜ ਪਿਆਰਿਆਂ ਮਾ ਤੇ ਭਾਈ ਹਿੰਮਤ ਸਿੰਘ ਜੀ ਪਿਆਰੇ ਹੋਏ। ਯੋਹ ਉਸ ਸਮੇ ਕੀ ਸਾਖੀਆ ਜਦ ਗੁਰੂ ਹਰਿ ਕ੍ਰਿਸ਼ਨ ਜੀ ਕੀਰਤਪੁਰ ਤੇ ਦਿੱਲੀ ਰਾਜਾ ਜੈ ਸਿੰਘ ਕੇ ਬੁਲਾਏ ਪਰ ਦਿੱਲੀ ਉਸ ਕੇ ਬੰਗਲੇ ਮਾ ਗਏ। ਰਸਤਾ ਪੁਆਧੀ ਇਲਾਕੇ ਮਾ ਕੀਰਤਪੁਰ, ਰੋਪੜ, ਕੁਰਾਲੀ, ਘੌੜ, ਬਨੂੜ, ਪੰਜੋਖਰਾ, ਪੜਾਓ-ਦਰ-ਪੜਾਓ ਕਰਦੇ ਦਿੱਲੀ ਪਹੁੰਚੇ ਤੇ। ਯੋਹ ਗੁਰੂ ਜੀ ਕੇ ਇਤਿਹਾਸ ਕੀ ਗੈਲ ਕੀ ਸੰਖੇਪਤ ਕਥਾ ਪੁਆਧ ਕੀ ਸੁਣਾਈ ਆ, ਇਸ ਡਰ ਕਰ ਕਾ ਕਹੀ ਬਹੁਤਾ ਬੜਾ ਗ੍ਰੰਥ ਨਾ ਬਣ ਜਾ। ਪਾਠਕਾਂ ਪਾ ਪੜ੍ਹੀਉ ਨਾ ਜਾ ਹਾ। ਚੀਜ ਅਸਲੀ ਅਰ ਵਧੀਆ ਹੋਆ, ਚਾਹਾ ਬੇਸਕ ਥੋੜੀਉ ਹੋਆ।

('ਕਥਾ ਪੁਰਾਤਨ ਪੁਆਧ ਕੀ' 'ਚੋਂ ਧੰਨਵਾਦ ਸਹਿਤ)

# 71 'ਬੰਤੋ' ਨਾਵਲ 'ਚੋਂ

"ਸੁਣਾ ਬਈ ਫੌਜੀਆ ਕਿਤਰਾਂ ਚਲ ਰਿਹਾ ਕੰਮ ਕਾਰ?"

"ਬੱਸ ਜੀ ਥਾਰੇ ਪ੍ਰਤਾਪ ਗੈਲ ਦਿਨ ਕਟੀ ਹੋ ਰਹੀ ਐਂ। ਦੋ-ਦੋ ਕੁੜੀਆਂ ਛਾਤੀ ਪਰ ਬੈਠੀਆਂ।" ਫੌਜੀ ਨੇ ਹੌਕਾ ਲੈ ਕੇ ਟੁੱਟੇ ਹੋਏ ਮਨ ਨਾਲ ਕਿਹਾ।

"ਓ ਭਾਈ, ਰੱਬ ਕੀ ਮਰਜੀ ਐ। ਇਨ ਕੇ ਕਰਮ ਇਨ ਕੀ ਗੈਲ। ਸਭ ਕੁਸ ਬਖਤ ਆਪੇ ਕਰਾ ਦੇਗਾ।"

"ਕੋਈ ਪੁਤ ਹੁੰਦਾ ਤਾਂ ਮਾਰੇ ਬੁਢਾਪੇ ਨੂੰ ਸਾਂਭ ਲੰਦਾ। ਚਲੋ ਜੋ ਰੱਬ ਨੂੰ ਮਨਜ਼ੂਰ ਹੈ। ਕਿਤਰਾਂ ਸੱਦਿਆ ਤਾ?"

"ਬਈ ਘਰ ਕੇ ਖਰਚੇ ਬਹੁਤ ਬਧ ਗਏ ਐਂ। ਉਧਰ ਸਹਿਰ ਮਾਂ ਚੀਜਾਂ ਇਤਨੀਆਂ ਮਹਿੰਗੀਆਂ ਹੋ ਗਈਆਂ ਐਂ ਕਿ ਹਥ ਲਾਉਣ ਨੂੰ ਜੀ ਨੀ ਕਰਦਾ। ਪਰਸੋਂ ਸਹਿਰ ਗਿਆ ਤਾ ਸੋਚਿਆ ਜਾੜੇ ਲਈ ਕੰਬਲ ਹੀ ਲੈ ਆਮਾ। ਸਵਾ ਰੁਪਏ ਕਾ ਦੀਆ? ਇਬ ਲੰਬੜਦਾਰੀ ਮਿਲੀ ਐ ਤੋਂ ਅਪਸਰ ਗੈਲ ਤੋਂ ਉਠਣਾ ਬੈਠਣਾ ਹੋਏਗਾ ਹੀ ਨਾ? ਬਾਹਰ ਕੇ ਬਣੇ ਹੋਏ ਬੂਟ ਪੈਰਾਂ ਮਾ ਪਾਣ ਲਈ ਲਏ ਪੂਰੇ ਦੱਸ ਰੁਪਏ ਕੇ ਆਏ। ਜ਼ੁਲਮ ਸਾਂਈਂ ਕਾ। ਮਖਾਂ ਬੱਚੇ ਕਹੇਂਗੇ ਮਾਰੇ ਖਾਣ ਲਈ ਕੁਸ ਨੀ ਲਿਆਇਆ। ਭਾਈ ਬਾਰਾਂ ਆਨੇ ਕੇ ਇਕ ਸੇਰ ਅੰਗੂਰ, ਅਰ ਬਾਰਾਂ ਆਨੇ ਕੇ ਬਾਰਾਂ ਕੇਲੇ ਲਿਆਉਣੇ ਪਏ" ਸੰਤੋਖ ਨੇ ਰੋਅਬ ਪਾਉਣ ਲਈ ਭੂਮਿਕਾ ਬੰਨ੍ਹੀ।

***

"ਰੋਟੀ ਮਿਲ ਜੇ ਤੀ ਪੁਤ?" ਨਰਾਤੀ ਨੇ ਪੁਛਿਆ।

"ਯੂੰ ਤੇ ਰੋਟੀ ਕਾ ਪ੍ਰਬੰਧ ਥਾ ਪਰ ਕਦੀ ਕਦੀ ਛੋਲਿਆਂ ਅਰ ਬਿਸਕੁਟਾਂ ਪਰ ਹੀ ਗੁਜਾਰਾ ਕਰਨਾ ਪੈ ਜੇ ਤਾ।"

"ਕਹਾਂ ਲੇ ਗਏ ਥੇ ਥਾਨੂੰ?"

"ਬਹੁਤ ਦੂਰ ਇਕ ਮੁਸਲ ਮਾਨੀ ਦੇਸ ਥਾ। ਪਹਿਲਾਂ ਕਰਾਚੀ ਤੋਂ ਸਮੁੰਦਰੀ ਜਹਾਜ ਮਾਂ ਚੜ੍ਹੇ। ਮਾਰੇ ਗੌਂ ਜਿਤਨਾ ਬੜਾ ਜਹਾਜ ਉਪਰ ਤਲੇ ਬਹੁਤ ਸਾਰੇ ਕੋਠੇ। ਕਈ ਹਜ਼ਾਰ ਬੰਦਾ ਆ ਜੈ ਉਸ ਮਾਂ। ਸਮੁੰਦਰ ਇਤਨਾ ਬੜਾ ਕਿ ਜਿਧਰ ਦੇਖੋ ਪਾਣੀ ਹੀ ਪਾਣੀ। ਜਹਾਜ ਚਲਦਾ ਹੋਇਆ ਯੂੰ ਉਪਰ ਤਲੇ ਹੋਏ ਕਰੇ ਕਿ ਕਈ ਦਿਨ ਤਾਂ ਜੀ ਕੱਚਾ ਹੁੰਦਾ ਰਿਹਾ। ਪੂਰੇ ਬੀਸ ਦਿਨ ਜਹਾਜ ਪਾਣੀ ਮਾਂ ਹੀ ਚਲਦਾ ਰਿਹਾ ਫੇਰ ਜਾ ਕੇ ਇਕ ਮੁਲਕ ਮਾਂ

ਕਿਨਾਰੇ ਲੱਗਾ। ਵਹਾਂ ਤੇ ਟਰੱਕਾਂ ਮਾਂ ਲੱਦ ਕੇ ਇਕ ਮੁਸਲਮਾਨੀ ਦੇਸ ਮਾਂ ਪਚਾਯਾ ਗਿਆ।"

"ਜੰਗ ਤੋਂ ਬਹੁਤ ਡਰਾਉਣੀ ਹੁੰਦੀ ਹੋਣੀ ਐ?" ਮਾਂ ਨੇ ਤਰਸ ਨਾਲ ਪੁੱਛਿਆ।

"ਕੁਸ ਨਾ ਪੁਛ ਬੇਬੇ। ਟੈਂਕਾਂ, ਤੋਪਾਂ ਹਵਾਈ ਜਹਾਜ਼ਾਂ ਚੋਂ ਕੰਨ ਪਾੜਵੀਂ ਆਵਾਜ਼ ਨਾਲ ਜਦ ਗੋਲੇ ਫਟਦੇ ਤੋ ਧਰਤੀ ਕੰਬਣ ਲਗ ਜਹੇ ਥੀ। ਮਸੀਨ ਗੱਨਾਂ ਅਰ ਬੰਦੂਕਾਂ ਚੋਂ ਤੜ-ਤੜ ਕਰਕੇ ਜਦ ਗੋਲੀਆਂ ਨਿਕਲਦੀਆਂ ਤਾਂ ਚਾਰੇ ਪਾਸੇ ਧੂੰਆਂ ਪਸਰ ਜਾਂਦਾ। ਝੜੀਆਂ, ਦਰਖਤਾਂ ਕੀ ਓਟ ਮਾਂ ਅਰ ਧਰਤੀ ਪਰ ਰੀਂਗ ਕੇ ਲੜਨਾ ਪੜਤਾ। ਦੁਸਮਨ ਕੇ ਦਬਾ ਕਾਰਨ ਕਈ ਜਖਮੀਆਂ ਨੂੰ ਤਾਂ ਚੁਕਣਾ ਹੀ ਔਖਾ ਹੋ ਜਾਂਦਾ। ਮੁਰਦਾ ਸਪਾਹੀਆਂ ਦੀਆਂ ਲਾਸਾਂ ਮਾਂ ਤੇ ਬਦਬੂ ਮਾਰਦੀ। ਕਈ ਵਾਰਤਾਂ ਉਨ੍ਹਾਂ ਹੀ ਲਾਸਾਂ ਮਾਂ ਰਾਤ ਕੱਟਣੀ ਪੈਂਦੀ ਤੀ।"

ਜੰਗ ਦੀ ਏਨੀ ਭਿਆਨਕਤਾ ਨੂੰ ਸੁਣ ਕੇ ਸਾਰਿਆਂ ਦੀਆਂ ਅੱਖਾਂ ਵਿਚ ਹੰਝੂ ਆ ਗਏ।

(ਬੰਤੋ' ਨਾਵਲ 'ਚੋਂ ਧੰਨਵਾਦ ਸਹਿਤ)

# ਅਧਿਆਇ ਬਾਰ੍ਹਵਾਂ

## ਕਾਵਿ-ਰੰਗ 'ਚ ਪੁਆਧ

ਘੱਗਰ, ਘੱਗਰਾ, ਘਰਾਠ, ਘੁਲਾੜੀ,
ਪੁਆਧ ਦੀ ਨਿਸ਼ਾਨੀ ਮਿੱਤਰੋ।

ਨਦੀ, ਨਾਲਿਆਂ, ਕੁੱਲ੍ਹਾਂ ਦਾ ਪਾਣੀ
ਪੁਆਧ ਤੋਂ ਨਿਰਾਸ਼ ਹੋ ਗਿਆ।

# 72 ਪੁਆਧ ਪਿਆਰਾ

(ਕਾਵਿ-ਚਿੱਤਰ)

*ਮਨਮੋਹਨ ਸਿੰਘ ਦਾਊਂ*

ਮੇਰਾ ਇਹ ਪੁਆਧ ਨਿਆਰਾ,
ਮੈਨੂੰ ਲਗਦਾ ਬੜਾ ਪਿਆਰਾ।
ਇਸ ਦੀ ਮਿੱਟੀ ਮੋਹ ਦਾ ਨੂਰ,
ਯਾਦ ਕਰਾਂ ਚੜ੍ਹ ਜਾਏ ਸਰੂਰ।
ਪੂਰਬ ਪੰਜਾਬ ਦਾ ਅੱਧਾ ਭਾਗ,
ਆਖੇ ਉੱਠ ਪੰਜਾਬ ਤੂੰ ਜਾਗ।
ਪੱਛਮ ਵੱਖੀ ਸਤਲੁਜ ਵਹਿੰਦਾ
ਪੂਰਬ ਪਹਾੜੋਂ ਘੱਗਰ ਲਹਿੰਦਾ।
ਇਸ ਦੇ ਸਿਰ ਸ਼ਿਵਾਲਿਕ ਸੋਂਹਦਾ,
ਵਣ-ਤ੍ਰਿਣ ਇਸ ਦਾ ਮਨ ਨੂੰ ਮੋਂਹਦਾ।

ਝੱਖੜ ਝੁੱਲੇ ਇਸ ਦੇ ਉੱਤੇ,
ਕਰਮ-ਧਰਮ ਦੋਵੇਂ ਜਾਗੇ ਸੁੱਤੇ।
ਇਸ ਦੀ ਗਾਥਾ ਲਿਖਣੀ ਚਾਹਾਂ,
ਇਸ ਦੇ ਸਿਰੜ ਤੋਂ ਸਦਕੇ ਜਾਵਾਂ।
ਦਸਮ ਗੁਰੂ ਇਥੇ ਪੰਥ ਸਜਾਇਆ,
ਜ਼ੁਲਮ ਦੇ ਸਾਹਵੇਂ ਮੱਥਾ ਡਾਹਿਆ।
ਬਦਲ ਦਿੱਤੀ ਪੰਜਾਬ ਦੀ ਕਾਇਆ,
ਸਵਾ ਲੱਖ ਨਾਲ ਇਕ ਲੜਾਇਆ।
ਅਨੰਦਪੁਰ, ਚਮਕੌਰ, ਸਰਹਿੰਦ ਦੇ ਸਾਕੇ,
'ਬੰਦੇ' ਜਿੱਤੀ ਜੰਗ ਚੱਪੜਚਿੜੀ ਆ ਕੇ।

ਇਸ ਦੀ ਬੋਲੀ ਰੰਗ ਨਿਆਰੇ,
ਹਮੈਂ-ਥਮੈਂ ਦੇ ਬੋਲ ਪਿਆਰੇ।
ਮੁਹਾਲੀ, ਖੈੜ, ਕੁਰਾਲੀ, ਬਾਗਾਂਵਾਲਾ,
ਆਸਾ ਰਾਮ ਸੋਹਾਣੇ ਵਾਲਾ।
ਤਬਦੀਲੀ ਦਾ ਹੜ੍ਹ ਹੈ ਆਇਆ,
ਬਦਲ ਗਈ ਹੈ ਜੀਵਨ ਕਾਇਆ।
ਕਿੱਕਰ, ਟਾਹਲੀ, ਅੰਬ, ਜਮੋਏ,
ਪਿੱਪਲ, ਢੱਕ ਤੇ ਬੋਹੜ ਖੋਏ।
ਮਿਟਦੇ ਜਾਣ ਇਹਦੇ ਨਕਸ਼ ਪੁਰਾਣੇ,
ਖਿੰਡ-ਪੁੰਡ ਗਏ ਕਈ ਦੂਰ ਘਰਾਣੇ।
ਜਿੱਥੇ ਵਸਿਆ ਚੰਡੀਗੜ੍ਹ ਸ਼ਹਿਰ,
ਉੱਜੜੇ ਪਿੰਡਾਂ ਝੱਲਿਆ ਕਹਿਰ।
ਨਵਾਂ ਨਗਰ ਮੋਹਾਲੀ ਵਸਿਆ,
ਬਹੁ-ਕੰਪਨੀਆਂ ਨੇ ਘੇਰਾ ਘੱਤਿਆ।
ਨਵੀਂ ਹੀ ਦੁਨੀਆਂ ਵਸ ਗਈ ਇੱਥੇ,
ਪੁਆਧੀ ਲੋਕ ਸੀ ਵਸਦੇ ਜਿੱਥੇ।
ਉਖੜਨ ਜੜ੍ਹਾਂ ਤਾਂ ਹੁੰਦਾ ਦੁੱਖ,
ਮੈਂ ਲੋੜਾਂ ਪੁਆਧ ਦੀ ਸੁੱਖ!!

## 73 ਰੰਗਲਾ ਪੁਆਧ

*ਚਰਨ ਪੁਆਧੀ*
*ਮੋਬਾ: 9996425988*

ਟਿਕਮਾ ਮਾਹੌਲ, ਕੋਈ ਦੰਗਾ ਨਾ ਫ਼ਸਾਦ,
ਸਭਨਾਂ 'ਤੇ ਖ਼ਰਾ ਮਾਰ੍ਹਾ ਰੰਗਲਾ ਪੁਆਧ।
ਰੋਪੜ ਤੇ ਖੈੜ, ਬਸੀ, ਭਾਦਸੋਂ ਮਲੋਹ,
ਢੋਡੇਂ, ਸਮਾਣਾ, ਨਾਭਾ, ਗੂਲ੍ਹਾ ਚੀਕਾ ਯੋਹ,
ਇਸੀ ਮਾ ਹੀ ਆਵ੍ਹਾ ਭੇਵ੍ਹਾ ਪਿਪਲੀ ਆਬਾਦ,
ਸਭਨਾਂ ਤੇ ਖ਼ਰਾ ਮਾਰ੍ਹਾ.......

ਜਗਾਧਰੀ, ਨਰੈਣ, ਰਾਮਗੜ੍ਹ, ਅੰਬਾਲਾ,
ਪੰਜੌਰ, ਬੱਦੀ, ਚੰਡੀਗੜ੍ਹ ਅਰ ਅੰਬਾਲਾ,
ਮਿੱਠੀ ਬੋਲੀ ਬੋਲਣੇ ਮਾ ਆਵ੍ਹਾ ਸੁਆਦ,
ਸਭਨਾਂ ਤੇ ਖ਼ਰਾ ਮਾਰ੍ਹਾ ਰੰਗਲਾ.....

ਇਸੀ ਮਾ ਮਸ਼ੂਰ੍ਹ ਲਾ ਕੇ ਘਾੜ ਅਰ ਚੰਗਰ,
ਢਾਹਾ, ਬੇਟ ਖੱਦਰ ਤੇ ਬਿਚੇ ਆਵੇ ਬਾਂਗਰ,
ਲੋਗ ਸੁਭਾ ਕੇ ਚੰਗੇ ਆਵ੍ਹਾ ਨ ਤਗਾਦ,
ਸਭਨਾਂ ਤੇ ਖ਼ਰਾ ਮਾਰ੍ਹਾ.......

ਮਾਰਕੰਡਾ ਘੱਗਰ ਕਾ ਉਰਾ ਨੂੰ ਲਖਾਓ,
ਬਿਚਮਾ ਨੂੰ ਗਿਰਾਂ ਕੈਂਈ ਹੋਰ ਦਰਿਆਓ,
ਰੌਅ ਆਮਾ ਬੜੇ ਕਰ ਜਾਹਾਂ ਬਰਬਾਦ
ਸਭਨਾਂ ਤੇ ਖ਼ਰਾ ਮਾਰ੍ਹਾ ਰੰਗਲਾ ਪੁਆਧ।

# 74 ਮਾਰ੍ਹੇ ਗਾਓਂ ਕੀ ਫਿਰਨੀ

*ਮਨਦੀਪ ਸਿੰਘ ਬੱਲੋਪੁਰ*

ਝੂਠੇ ਲਾਰੇ ਲਾ ਕੇ ਮਾਨੂੰ,
ਬੋਟਾ ਲੈਗੇ ਚੋਰ।
ਜਿੱਤਕੇ ਹਮ ਬਦਲ ਦੇਂਗੇ,
ਥਾਰੇ ਗਾਓਂ ਕੀ ਤੋਰ।
ਲਾਗਲੇ ਗਾਓਆਂ ਦੀਆਂ ਬਣੀਆਂ,
ਮਾਰ੍ਹਾ ਗਾਓਂ ਤਰੱਕੀਆਂ ਤੇ ਦੂਰ।
ਦੱਸੋ ਭਲਾਂ ਮਾਰ੍ਹੇ ਗਾਓਂ ਕੀ,
ਫਿਰਨੀ ਕਾ ਕਿਆ ਕਸੂਰ।

ਇਸਮਾਂ ਪਏ ਖਾਸ ਟੋਏ,
ਬੋਲੈ ਨਾ ਵ੍ਹਾਹ ਬਚਾਰੇ।
ਮੀਂਹ ਕਾ ਖੜ੍ਹਜਾ ਪਾਣੀ
ਕੱਪੜੇ ਫੇਰ ਭਰਜਾ ਮਾਰੇ।
ਨਾਹਰਾ ਲਾਕੈ ਬਕਾਸ ਦਾ,
ਅੱਖਾਂ ਤੇ ਹੋਜਾ ਦੂਰ।
ਦੱਸੋ ਭਲਾਂ ਮਾਰ੍ਹੇ ਗਾਓਂ ਕੀ,
ਫਿਰਨੀ ਕਾ ਕਿਆ ਕਸੂਰ।

ਗਾਓਂ ਮਾਰ੍ਹੇ ਨੂੰ ਕਰਾਂ ਨਫਰਤ,
ਮਨੂੰ ਲਗਾ ਇਸ ਤਰਾਂ।
ਅਜ਼ਾਦ ਹੋਇਆ ਦੇਸ਼ ਮਾਰ੍ਹੇ ਨੂੰ,
ਸਾਲ 68 ਹੋਏ ਕਿਸ ਤਰ੍ਹਾਂ
ਮਾਨੂੰ ਨੀ ਮਿਲੀ ਅਜ਼ਾਦੀ,

ਸਾਨੂੰ ਗਈ ਵਾਹ ਘੂਰ।
ਦੱਸੋ ਭਲਾਂ ਮਾਰ੍ਹੇ ਗਾਓਂ ਕੀ,
ਫਿਰਨੀ ਕਾ ਕਿਆ ਕਸੂਰ।

ਗਾਓਂ ਮਾਰ੍ਹੇ ਕਾ ਸਰਪੰਚ,
ਕੈਹ ਕੈਹ ਗਿਆਂ ਅੱਕ।
ਗੈਲ ਮੂੰਹ ਕੇ ਲੀਡਰਾਂ ਨੈ,
ਕੱਟਕੈ ਦੇਤੇ ਖਾਸੇ ਚੈਕ।
ਬੱਲੋਪੁਰ ਕਾ ਮਨਦੀਪ ਕਹੇ ਸੱਚ
ਕੰਮ ਕਰਦੇ ਨਾ ਵਾਹ ਪੂਰ
ਦੱਸੋ ਭਲਾਂ ਮਾਰ੍ਹੇ ਗਾਓਂ ਕੀ,
ਫਿਰਨੀ ਕਾ ਕਿਆ ਕਸੂਰ।

## 75 ਘੱਗਰ ਨਦੀ ਦਾ ਗੀਤ

*ਹਰਵਿੰਦਰ*

*ਮੋਬਾ: 9417427095*

ਘੱਗਰ ਨਦੀ ਮੁੱਦਤਾਂ ਤੋਂ ਵਹਿੰਦੀ
ਸੱਪ ਵਾਂਗੂੰ ਵਲ ਖਾਂਦੀ
ਪਾਣੀ ਆਉਂਦਾ ਜਦ ਸ਼ੂਕਰ ਪਾਉਂਦਾ
ਇੰਜ ਲਗਦਾ ਕੰਢਿਆਂ 'ਤੇ ਵਸਦੇ
ਲੋਕਾਂ ਨੂੰ ਗੀਤ ਸੁਣਾਉਂਦਾ
ਨਦੀ ਇਹ ਕਲ-ਕਲ ਕਰਦੀ ਵਹਿੰਦੀ
ਪੰਜ-ਕੂਲ੍ਹਾਂ ਤੋਂ ਆਉਂਦੀ
ਦੇਸ਼ ਪੁਆਧੋਂ ਲੰਘਦੀ
ਬਾਂਗਰ ਦੇ ਵੱਲ ਜਾਂਦੀ
ਜੋਬਨ ਰੁੱਤੇ ਠਾਠਾਂ ਮਾਰੇ
ਢਿੱਗਾਂ ਡੇਗੇ, ਬਾਹੇ ਪਾੜੇ
ਧੂੜ ਭਰਿਆ ਮਟਿਆਲਾ ਪਾਣੀ
ਫ਼ਸਲਾਂ ਪਾਲੇ, ਫ਼ਸਲਾਂ ਗਾਲੇ
ਦੇਸ਼ ਪੁਆਧ ਦੇ ਲੋਕਾਂ ਲਈ
ਖਿਜਰ ਖੁਆਜਾ ਨਾਮ ਸਦਾਵੇ
ਖ਼ਲਕਤ ਤੋਂ ਪੂਜਾ ਕਰਵਾਏ
ਜ਼ੋਰਾਵਰ ਨੂੰ ਮੰਨਦੇ ਸਾਰੇ
ਕੋਈ ਸੁੱਕੇ ਕੱਖਾਂ 'ਤੇ ਰੱਖ
ਆਟੇ ਦਾ ਬਲਦਾ ਦੀਵਾ ਤਾਰੇ
ਕੋਈ ਮਿੱਠੇ ਚੌਲ ਚੜ੍ਹਾਵੇ
ਦੇਸ਼ ਪੁਆਧ ਦੇ ਲੋਕੀਂ
ਸਾਦ-ਮੁਰਾਦੇ, ਸਿੱਧੇ ਸਾਦੇ
ਇਸ ਦੇ ਜੋ ਕੰਢਿਆਂ 'ਤੇ

ਵਸਦੇ ਅਜ਼ਲਾਂ ਤੋਂ
ਪਿਤਰਾਂ ਨੂੰ ਇਹ ਪੂਜਣ ਵਾਲੇ
ਪੀਰ ਫਕੀਰ ਧਿਆਉਣ ਵਾਲੇ
ਦੇਵੀ ਦੀ ਕਰਨ ਕੜ੍ਹਾਹੀ
ਤਕੀਏ ਚੂਰੀ ਚੜ੍ਹਾਉਣ ਵਾਲੇ
ਜੰਡ, ਨੌ ਗਜੇ ਦੀ ਕਰਦੇ ਪੂਜਾ
ਗੁੱਗੇ ਦੀ ਚੌਕੀ ਲਾਉਣ ਵਾਲੇ
ਨਗਰ ਖੇੜੇ ਦੀ ਖ਼ੈਰ ਮੰਗਦੇ
ਚੰਦ ਨੂੰ ਅਰਘ ਇਹ ਲਾਉਣ ਵਾਲੇ
ਇੰਝ ਜਾਪਣ ਜਿਉਂ
ਹਮਜ਼ਾਤੋਵ ਦੇ 'ਦਾਗਸਤਾਨ'
ਜਿਹੇ ਦੇਸ਼ ਕਿਸੇ ਦੇ ਵਾਸੀ
ਕੁਦਰਤ ਦੇ ਨੇੜੇ
ਕੁਦਰਤ ਨਾਲ ਇੱਕਮਿੱਕ
ਹੋ ਕੇ ਜੀਣ ਵਾਲੇ।

ਦੂਰ ਦੇਸ਼ਾਂ ਤੋਂ ਵੀ
ਲੋਕੀਂ ਕੁਝ ਇੱਥੇ ਆ ਵਸੇ
ਦਰਦ ਉਜਾੜੇ ਕੀਤੇ ਜੋ ਬੇਵਸੇ
ਲਾਇਲਪੁਰੀਏ, ਲਾਹੌਰੀਏ,
ਸਿਆਲਕੋਟੀਏ, ਸ਼ੇਖ਼ੂਪੁਰੀਏ
ਲੋਕ ਵਿਲੱਖਣ ਪੱਜ ਦੇ ਇਹ
ਲੋਕ ਵਿਲੱਖਣ ਸੁਹਜ ਦੇ ਇਹ
ਖੇਤੀ ਕਰਦੇ ਬੜੀ ਅਵੱਲੀ
ਜਾਨ ਇਨ੍ਹਾਂ ਲਈ ਬੜੀ ਸਵੱਲੀ
ਦੁੱਧ ਚਿੱਟੇ ਇਹ ਕੱਪੜੇ ਪਾਉਂਦੇ

ਖਾਂਦੇ ਪੀਂਦੇ ਮੌਜ ਉਡਾਉਂਦੇ
ਖੌਰੂ ਪਾਉਂਦੇ ਰੌਲਾ ਪਾਉਂਦੇ
ਠੇਕੇ ਜਾਂਦੇ ਠਾਣੇ ਜਾਂਦੇ
ਉੱਜੜ-ਪੁੱਜੜ ਫਿਰ ਵਸ ਜਾਂਦੇ
ਜੜ੍ਹਾਂ ਆਪਣੀਆਂ ਨਾਲ ਲਿਆਉਂਦੇ
ਜੜ੍ਹਾਂ ਦੇ ਸਿਰ ਤੇ ਫਿਰ ਫੁੱਟ ਪੈਂਦੇ
ਘੱਗਰ ਨਦੀ ਦੇ ਉੱਤੇ ਆਸੇ ਪਾਸੇ
ਨੇੜੇ-ਤੇੜੇ ਦੂਰ ਦੁਰਾਡੇ ਆ ਵਸੇ।
ਇਹ ਘੱਗਰ :
ਜੇਠ ਹਾੜ੍ਹ ਵਿੱਚ
ਤਪਦੀ ਮਹੀਨ ਰੇਤਾ ਦੀ ਨਦੀ
ਚੌਮਾਸੇ ਵਿੱਚ ਵੇਗਮੱਤਾ
ਪਾਣੀ ਠਾਠਾਂ ਮਾਰੇ
ਖੜੀ-ਲਾਠੀ ਜਦ ਪਾਣੀ ਆਵੇ
ਪਲੋ ਪਲੀ ਭਰ ਜਾਏ ਸਾਰੇ
ਪਾਰ ਗਏ ਹਾਲੀ ਤੇ ਪਾਲੀ
ਕੱਪੜਿਆਂ ਦਾ ਮਾਰ ਮੰਡਾਸਾ
ਠਿੱਲ ਪੈਂਦੇ ਨੇ ਕਾਹਲੀ ਕਾਹਲੀ
ਪਿੰਡ ਪਰਤਣ ਲਈ
ਇੱਕ ਦੂਜੇ ਨੂੰ ਵਾਜਾਂ ਮਾਰਨ
ਭੱਜ ਲਵੋ ਸਾਰੇ
ਆ ਜਾਵੋ ਸਾਰੇ
ਗੋਕਾ-ਮਹਿਰੂ ਦੀਆਂ ਪੂਛਾਂ ਫੜਕੇ
ਘੱਗਰ ਵਿੱਚੋਂ ਤਰਦੇ ਆਉਂਦੇ
ਕੈਸਾ ਅਜਬ ਦ੍ਰਿਸ਼ ਇਹ ਲਗਦਾ-
ਸੈਂਕੜੇ ਸਿਰਾਂ ਤੇ ਸਿੰਗ

ਤਰਦੇ ਆ ਰਹੇ ਨੇ
ਪਿੱਛੇ ਬੰਦਿਆਂ ਦੇ ਸਿਰ
ਰੁੜ੍ਹਦੇ ਆ ਰਹੇ ਨੇ
ਰਾਤ ਬਰਾਤੇ ਘੱਗਰ ਵਿੱਚ
ਜਦ ਪਾਣੀ ਆਉਂਦਾ
ਜਦ ਸ਼ੂਕਰ ਪਾਉਂਦਾ
ਇੰਜ ਲਗਦਾ ਜਿਉਂ ਘੱਗਰ
ਪੁਆਧ ਦੇਸ਼ ਦੇ ਲੋਕਾਂ ਨੂੰ
ਗੀਤ ਸੁਣਾਉਂਦਾ
ਬਾਂਗਰ ਵੱਲ ਨੂੰ ਤੁਰਿਆ ਜਾਂਦਾ।

('ਗੁਲਾਬਾਸੀ' 'ਚੋਂ ਧੰਨਵਾਦ ਸਹਿਤ)

# ਅੰਤਿਕਾ

# ਵਡਮੁੱਲੀ ਖੋਜ ਭਰਪੂਰ ਪੁਸਤਕ

# 76 'ਪੁਆਧ ਦਰਪਣ' (ਪਰਾਗਾ ਪਹਿਲਾ)

(ਅਤੀਤ ਦੇ ਝਰੋਖੇ ਥੀਂ)

*ਡਾ. ਕਰਨੈਲ ਸਿੰਘ ਥਿੰਦ*

ਦੋ ਸਾਲ ਪਹਿਲਾਂ (2004) ਡਾ. ਨਿਰਮਲ ਸਿੰਘ, ਪੰਜਾਬੀ ਸੱਥ ਲਾਂਬੜਾ (ਜਲੰਧਰ) ਅਤੇ ਯੂਰਪੀ ਪੰਜਾਬੀ ਸੱਥ, ਯੂ.ਕੇ. ਦੇ ਪ੍ਰਧਾਨ, ਮੋਤਾ ਸਿੰਘ ਐਡਵੋਕੇਟ ਦੀ ਪ੍ਰੇਰਣਾ ਨਾਲ ਮਨਮੋਹਨ ਸਿੰਘ ਦਾਊਂ ਦੀ ਅਗਵਾਈ ਵਿਚ ਮੁਹਾਲੀ ਵਿਖੇ 'ਪੁਆਧੀ ਪੰਜਾਬੀ ਸੱਥ' ਦੀ ਸਥਾਪਨਾ ਕੀਤੀ ਗਈ। ਇਸ ਸਮਾਗਮ ਵਿਚ ਮਨਮੋਹਨ ਸਿੰਘ ਦਾਊਂ ਨੇ ਪੁਆਧ ਦੇ ਲੋਪ ਹੋ ਰਹੇ ਵਿਰਸੇ ਸੰਬੰਧੀ ਇਕ ਖੋਜ ਪੁਸਤਕ ਸੰਪਾਦਿਤ ਕਰਨ ਦਾ ਨਿਰਣਾ ਲਿਆ, ਜਿਸ ਦੇ ਨਤੀਜੇ ਵਜੋਂ 'ਪੁਆਧ ਦਰਪਣ' ਦੇ ਰੂਪ ਵਿੱਚ ਇਹ ਪੁਸਤਕ ਤਿਆਰ ਕੀਤੀ ਗਈ। ਇਸ ਤਰ੍ਹਾਂ ਇਹ ਕੋਈ ਸਾਧਾਰਨ ਪੁਸਤਕ ਨਹੀਂ ਹੈ। ਇਹ ਇੱਕ ਅਜਿਹੀ ਆਰਸੀ ਹੈ, ਜਿਸ ਵਿਚੋਂ ਤੱਕਿਆਂ ਪੰਜਾਬ ਦੇ ਇਕ ਅਣਗੌਲੇ ਖਿੱਤੇ ਪੁਆਧ ਦੀ ਭੂਗੋਲਿਕ ਸਥਿਤੀ ਜਾਂ ਇਸ ਦੇ ਹੱਦਾਂ ਬੰਨੇ, ਪੁਆਧੀ ਬੋਲੀ ਦਾ ਬੋਲੀਂਦਾ ਖੇਤਰ, ਇਸ ਬੋਲੀ ਦੀਆਂ ਵਿਸ਼ੇਸ਼ਤਾਵਾਂ, ਪੁਆਧ ਦਾ ਇਤਿਹਾਸਕ, ਸਮਾਜਕ, ਸਭਿਆਚਾਰਕ ਅਤੇ ਧਾਰਮਿਕ ਮਹੱਤਵ ਪੂਰੀ ਤਰ੍ਹਾਂ ਦਿਸ ਆਉਂਦੇ ਹਨ।

ਮਨਮੋਹਨ ਸਿੰਘ ਦਾਊਂ ਨੇ ਭਾਵੇਂ ਇਸ ਪੁਸਤਕ ਵਿਚ ਸ਼ਾਮਲ ਲੇਖਾਂ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ ਪਰ ਬਰਸਾਤ ਰੁੱਤ ਦੀ ਵਰਖਾ ਪਿੱਛੋਂ ਨੀਲੇ ਆਸਮਾਨ ਉਪਰ ਨਜ਼ਰ ਆਉਂਦੀ ਸਤਰੰਗੀ ਪੀਂਘ ਦੇ ਰੰਗਾਂ ਵਾਂਗ 'ਪੁਆਧ ਦਰਪਣ' ਵਿਚ ਸ਼ਾਮਲ ਸਾਮਗ੍ਰੀ ਇਸ ਤਰ੍ਹਾਂ ਘੁਲੀ ਮਿਲੀ ਹੈ ਕਿ ਇਕ ਨੂੰ ਦੂਜੇ ਰੰਗ ਤੋਂ ਨਖੇੜਨਾ ਕਠਿਨ ਹੈ। ਮੁੱਖ ਰੰਗ ਭੂਗੋਲਿਕ ਹੈ ਜੋ ਇਹ ਦਸਦਾ ਹੈ ਕਿ ਇਸ ਦੀਆਂ ਹੱਦਾਂ ਇੱਕ ਪਾਸੇ ਮਾਲਵੇ ਦੇ ਖਿੱਤੇ ਨਾਲ ਮਿਲਦੀਆਂ ਹਨ ਅਤੇ ਦੂਜੇ ਪਾਸੇ ਹਰਿਆਣਾ ਪ੍ਰਾਂਤ ਦੇ ਅੰਬਾਲਾ ਤੇ ਯਮਨਾਨਗਰ ਦੇ ਕਾਫ਼ੀ ਹਿੱਸੇ ਪੁਆਧ ਦੇ ਘੇਰੇ ਵਿਚ ਆਉਂਦੇ ਹਨ। ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲਾ ਪੁਆਧ ਦੇ ਆਧੁਨਿਕ ਸ਼ਹਿਰ ਹਨ। ਇਸ ਪੁਸਤਕ ਵਿੱਚ ਦਿੱਤੀ ਸੂਚੀ ਤੋਂ ਇਹ ਜਾਣਕਾਰੀ ਵੀ ਮਿਲ ਜਾਂਦੀ ਹੈ ਕਿ ਕਿੰਨਾਂ ਪਿੰਡਾਂ ਦੇ ਲੋਕਾਂ ਨੂੰ ਉਜਾੜ ਕੇ ਪੰਜਾਬ ਵਿੱਚ ਵਸਾਇਆ ਗਿਆ; ਜਾਂ ਉਹ ਪਿੰਡ ਜਿਨ੍ਹਾਂ ਦੇ ਵਾਸੀਆਂ ਨੂੰ ਕੋਈ ਥਾਂ ਨਹੀਂ ਮਿਲੀ ਅਤੇ ਉਹ ਪਿੰਡ ਜਿਨ੍ਹਾਂ ਦੀ ਜ਼ਮੀਨ ਹਥਿਆ ਲਈ ਗਈ ਪਰ ਪਿੰਡ ਲਾਲ ਲਕੀਰ ਦੇ ਅੰਦਰ ਰੱਖੇ ਗਏ।

ਦੂਜਾ ਰੰਗ ਪੁਆਧੀ ਬੋਲੀ ਦਾ ਹੈ ਜਿਸ ਨੂੰ ਪੰਜਾਬੀ ਭਾਸ਼ਾ ਦੀ ਉਪ-ਬੋਲੀ ਮੰਨਿਆ ਜਾਂਦਾ ਹੈ। ਡਾ. ਬਲਬੀਰ ਸਿੰਘ ਸੰਧੂ ਨੇ ਪੁਆਧੀ ਦੀਆਂ ਵਿਲੱਖਣਤਾਵਾਂ ਦੇ ਵੱਖ-ਵੱਖ ਪੱਖਾਂ ਬਾਰੇ ਖੋਜ ਕਰਕੇ ਰੂਸ ਤੋਂ ਡਾਕਟ੍ਰੇਟ ਦੀ ਡਿਗਰੀ ਹਾਸਲ ਕੀਤੀ ਸੀ। ਉਹ ਪੁਆਧ ਤੇ ਪੁਆਧੀ ਬਾਰੇ ਹੋਰ ਵੀ ਬਹੁਤ ਕੁਝ ਕਰਨ ਦੀ ਯੋਜਨਾ ਬਣਾ ਰਹੇ ਸਨ, ਪਰ ਜ਼ਿੰਦਗੀ ਨੇ ਸਾਥ ਨਾ ਦਿੱਤਾ। ਇਸ ਪੁਸਤਕ ਵਿੱਚ ਡਾ. ਨਿਰਮਲ ਸਿੰਘ ਬਾਸੀ ਅਤੇ ਡਾ. ਕਰਨੈਲ ਸਿੰਘ ਸੋਮਲ ਨੇ ਪੁਆਧ ਤੇ ਪੁਆਧੀ ਦਾ ਭਾਸ਼ਾਈ ਵਿਸ਼ਲੇਸ਼ਣ ਕਰਦਿਆਂ ਕੁੱਝ ਨਵੇਂ ਪੱਖ ਸਾਹਮਣੇ ਲਿਆਂਦੇ ਹਨ। ਦਲੀਪ ਸਿੰਘ ਨੇ ਪੁਆਧੀ ਨੂੰ ਉਪ-ਬੋਲੀ ਵਜੋਂ ਵਿਚਾਰਿਆ ਹੈ। ਮਨਦੀਪ ਸਿੰਘ ਨੇ ਪੁਆਧ ਦੀ ਕਿਸਾਨੀ ਨਾਲ ਸੰਬੰਧਿਤ ਸ਼ਬਦਾਵਲੀ ਦੀ ਸੂਚੀ ਬੜੀ ਮਿਹਨਤ ਨਾਲ ਤਿਆਰ ਕੀਤੀ ਹੈ। ਬਹੁਤੇ ਲਫ਼ਜ਼ ਦੁਆਬੇ ਤੇ ਮਾਝੇ ਦੇ ਪਾਠਕਾਂ ਲਈ ਬਿਲਕੁਲ ਨਵੇਂ ਹਨ। ਜਿਸ ਪਾਠਕ ਨੇ ਨਿਰੋਲ ਪੁਆਧੀ ਉਪ-ਬੋਲੀ ਦਾ ਅਨੰਦ ਮਾਨਣਾ ਹੋਵੇ, ਉਸ ਨੂੰ ਡਾ. ਜਸਵਿੰਦਰ ਸਿੰਘ ਧਾਲੀਵਾਲ ਦਾ ਲੇਖ ਜ਼ਰੂਰ ਪੜ੍ਹਨਾ ਚਾਹੀਦਾ ਹੈ।

ਇਕ ਅਹਿਮ ਰੰਗ ਪੁਆਧ ਦੇ ਧਾਰਮਿਕ ਤੇ ਇਤਿਹਾਸਕ ਮਹੱਤਵ ਨੂੰ ਦਰਸਾਉਂਦਾ ਹੈ। ਡਾ. ਜਗਜੀਤ ਸਿੰਘ ਨੇ ਪੁਆਧ ਨੂੰ ਸਿੱਖ ਗੁਰੂ ਸਾਹਿਬਾਨ ਦੀ ਕਰਮ-ਭੂਮੀ ਕਿਹਾ ਹੈ। ਅਨੰਦਪੁਰ ਸਾਹਿਬ ਦਾ ਇਤਿਹਾਸਕ ਪਿਛੋਕੜ (ਸੁਰਿੰਦਰ ਸਿੰਘ ਰਸੂਲਪੁਰ), ਚਮਕੌਰ ਦਾ ਯੁੱਧ (ਕਰਮਜੀਤ ਸਿੰਘ), ਸਾਕਾ ਸਰਹਿੰਦ (ਡਾ. ਹਰਚੰਦ ਸਿੰਘ ਸਰਹਿੰਦੀ) ਅਤੇ ਨਰਿੰਜਨ ਸਿੰਘ ਸਾਥੀ ਦਾ ਲੇਖ 'ਚੱਪੜਚਿੜੀ ਦੀ ਜੰਗ ਦਾ ਅਲੌਕਿਕ ਇਤਿਹਾਸ", ਆਦਿ ਨਿਬੰਧ ਪੁਆਧ ਦੀ ਇਤਿਹਾਸਕ ਤੇ ਧਾਰਮਿਕ ਮਹਾਨਤਾ ਨੂੰ ਦਰਸਾਉਂਦੇ ਹਨ।

ਪੁਆਧ ਦਰਪਣ ਵਿਚੋਂ ਉੱਘੜਵੇਂ ਰੂਪ ਵਿਚ ਜਿਹੜਾ ਰੰਗ ਦਿਸ ਆਉਂਦਾ ਹੈ, ਉਹ ਹੈ ਇਸ ਦੇ ਲੋਕਯਾਨ ਤੇ ਸਭਿਆਚਾਰ ਦਾ ਰੰਗ। ਡਾ. ਕਿਸ਼ਨਪੁਰੀ ਨੇ ਪੁਆਧ ਦੇ ਲੋਕ ਜੀਵਨ ਨੂੰ ਇਸ ਦੀ ਰਹਿਤਲ ਵਜੋਂ ਦਰਸਾਇਆ ਹੈ। ਡਾ. ਗੁਰਮੀਤ ਸਿੰਘ ਬੈਦਵਾਣ ਪੁਆਧ ਦੀਆਂ ਰਸਮਾਂ ਤੇ ਰੀਤਾਂ, ਰਹਿਣ ਸਹਿਣ ਤੇ ਕਾਰ-ਵਿਹਾਰ ਦੀ ਪੇਸ਼ਕਾਰੀ ਕਰਦਾ ਹੈ। ਦਲਜੀਤ ਕੌਰ ਦਾਊਂ ਪੁਆਧੀ ਔਰਤਾਂ ਦੀ ਜੀਵਨ ਸ਼ੈਲੀ ਨੂੰ ਚਿਤਰਦੀ ਹੈ। ਪੁਆਧ ਵਿੱਚ ਅਖਾੜਿਆਂ ਦੀ ਮਾਨ-ਪਰੰਪਰਾ (ਮਨਮੋਹਨ ਕੌਰ), ਬਾਲ ਖੇਡ ਤੇ ਤਿਉਹਾਰ - ਗੜਬੜੇ (ਮਨਮੋਹਨ ਸਿੰਘ ਦਾਊਂ) ਲੋਕ ਗੀਤ (ਕਮਲ ਕੁਮਾਰ), ਬੁਝਾਰਤਾਂ (ਡਾ. ਗੁਰਵਿੰਦਰ), ਆਦਿ ਪੁਆਧ ਦੀ ਅਜਿਹੀ ਲੋਕਯਾਨਿਕ ਸਾਮਗ੍ਰੀ ਹੈ ਜੋ ਲੋਕ ਮਨੋਰੰਜਨ ਤੇ ਦਿਲਪ੍ਰਚਾਵੇ ਨਾਲ ਜੁੜੀ ਹੋਈ ਹੈ। ਪੁਆਧ ਦਰਪਣ ਦੇ ਨਾਲ ਇਹ ਲੋਕ ਦਰਪਣ ਵੀ ਹੈ। ਇਹ ਸਾਰੇ ਪੱਖ ਪੁਆਧ ਦੇ ਸਭਿਆਚਾਰਕ ਵਿਰਸੇ ਨੂੰ ਦਰਸਾਉਂਦੇ ਹਨ।

ਡਾ. ਡੀ.ਪੀ. ਸਿੰਘ, ਡਾ. ਗੁਲਜੀਤ ਸਿੰਘ ਚੱਠਾ ਅਤੇ ਦਿਲਸ਼ੇਰ ਸਿੰਘ ਨਿਰਦੋਸ਼ ਨੇ ਪੁਆਧ ਦੇ ਦਰਿਆਵਾਂ, ਨਦੀ-ਨਾਲਿਆਂ, ਚੋਆਂ, ਪੁਆਧ ਦੀ ਬਨਸਪਤੀ, ਰੁੱਖ, ਬੂਟੇ ਅਤੇ ਫ਼ਸਲਾਂ ਬਾਰੇ ਜਾਣਕਾਰੀ ਦੇਂਦਿਆਂ ਪੁਆਧ ਦੀ ਕੁਦਰਤੀ ਖ਼ੂਬਸੂਰਤੀ ਦਾ ਵਰਣਨ ਕੀਤਾ ਹੈ।

ਡਾ. ਨਿਰਮਲ ਸਿੰਘ ਨੇ ਪੁਆਧ ਦਰਪਣ ਦੇ ਸ਼ੁਰੂ ਵਿੱਚ "ਨਹੀਂ ਰੀਸਾਂ ਦੇਸ ਪੁਆਧ ਦੀਆਂ" ਅਤੇ ਇੱਕ ਹੋਰ ਨਿਬੰਧ "ਬਾਤਾਂ ਦੇਸ ਪੁਆਧ ਦੀਆਂ" ਵਿੱਚ ਜਿੱਥੇ "ਪੁਆਧੀ ਪੰਜਾਬੀ ਸੱਥ" ਦੀਆਂ ਪ੍ਰਾਪਤੀਆਂ ਅਤੇ ਕੋਸ਼ਿਸ਼ਾਂ ਵਿਸ਼ੇਸ਼ ਕਰਕੇ ਪੁਆਧ ਦਰਪਣ ਦੀ ਸ਼ਲਾਘਾ ਕੀਤੀ ਹੈ ਉੱਥੇ ਚੰਡੀਗੜ੍ਹ ਦੀ ਉਸਾਰੀ ਨਾਲ ਪੁਆਧੀਆਂ ਨਾਲ ਵਾਪਰੇ ਭਾਣੇ ਤੇ ਹੋਈਆਂ ਵਧੀਕੀਆਂ ਦਾ ਉਲੇਖ ਵੀ ਕੀਤਾ ਹੈ; ਨਾਲ ਹੀ ਮੁੱਲਵਾਨ ਸੁਝਾਊ ਵੀ ਦਿੱਤੇ ਹਨ।

ਮਨਮੋਹਨ ਸਿੰਘ ਦਾਊਂ ਅਨੁਸਾਰ ਪੁਆਧ ਦਰਪਣ, ਪੁਆਧੀ ਪੰਜਾਬੀ ਸੱਥ ਦਾ ਪਹਿਲਾ ਪਰਾਗਾ ਹੈ। ਪੁਆਧ ਦਰਪਣ ਪੁਸਤਕ ਰਾਹੀਂ ਪੰਜਾਬ ਦੇ ਕਾਫ਼ੀ ਪਛੜੇ ਹੋਏ ਪਰੰਤੂ ਸਭਿਆਚਾਰਕ ਅਤੇ ਇਤਿਹਾਸਕ ਪੱਖ ਤੋਂ ਬਹੁਤ ਹੀ ਅਹਿਮ ਖਿੱਤੇ ਬਾਰੇ ਬਹੁ-ਪੱਖੀ ਜਾਣਕਾਰੀ ਦੇ ਕੇ ਇਕ ਅਜਿਹੇ ਕੀਮਤੀ ਦਸਤਾਵੇਜ਼ ਨੂੰ ਪਾਠਕਾਂ ਦੀ ਝੋਲੀ ਪਾਇਆ ਹੈ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਵੀ ਕਰਦੀ ਹੈ ਅਤੇ ਨਾਲ ਹੀ ਇਹ ਅਹਿਸਾਸ ਵੀ ਕਰਾਉਂਦੀ ਹੈ ਕਿ ਪੰਜਾਬੀਆਂ ਨੂੰ ਆਪਣੇ ਵਿਰਸੇ ਦੀ ਸੰਭਾਲ ਵੱਲ ਧਿਆਨ ਦੇਣ ਦੀ ਲੋੜ ਹੈ।